ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!
ਚੜ੍ਹਦੀਕਲਾ
ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ
ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'
ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Sunday, 3 August, 2025) ਪਟਿਆਲਾ ਐਤਵਾਰ, 3 ਅਗਸਤ, 2025, 19 ਸਾਵਣ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 213 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਅਮਰਨਾਥ ਯਾਤਰਾ ਨਿਰਧਾਰਤ ਸਮੇਂ ਤੋਂ ਹਫ਼ਤਾ ਪਹਿਲਾਂ ਹੋਈ ਸਮਾਪਤ

ਸ੍ਰੀਨਗਰ, 2 ਅਗਸਤ(ਚੜ੍ਹਦੀਕਲਾ ਬਿਊਰੋ) : ਪ੍ਰਸ਼ਾਸਨ ਨੇ ਸਾਲਾਨਾ ਅਮਰਨਾਥ ਯਾਤਰਾ ਇਸਦੇ ਨਿਰਧਾਰਤ ਸਮਾਪਤੀ ਦੇ ਸਮੇਂ ਤੋਂ ਇੱਕ ਹਫ਼ਤਾ ਪਹਿਲਾਂ ਸਮਾਪਤ ਕਰ ਦਿੱਤੀ ਹੈ। ਹਾਲ ਹੀ ਵਿੱਚ ਪਏ ਮੀਂਹ ਕਾਰਨ ਨੁਕਸਾਨੇ ਗਏ ਮਾਰਗਾਂ ਦੀ ਮੁਰੰਮਤ ਦੀ ਲੋੜ ਦੇ ਮੱਦੇਨਜ਼ਰ ਇਹ ਫੈਸਲਾ ਲਿਆ ਗਿਆ ਹੈ। ਅਧਿਕਾਰੀਆਂ ਨੇ ਸ਼ਨਿਚਰਵਾਰ ਨੂੰ ਇਹ ਜਾਣਕਾਰੀ ਦਿੱਤੀ। ਇਸ ਸਾਲ 3 ਜੁਲਾਈ ਨੂੰ ਸ਼ੁਰੂ ਹੋਈ ਅਮਰਨਾਥ ਯਾਤਰਾ 9 ਅਗਸਤ ਨੂੰ ਰੱਖੜੀ ਵਾਲੇ ਦਿਨ ਸਮਾਪਤ ਹੋਣੀ ਸੀ। ਹਾਲਾਂਕਿ, (ਬਾਕੀ ਸਫਾ 2 'ਤੇ)

### ਮੁੱਖ ਮੰਤਰੀ ਪਰਿਵਾਰ ਸਮੇਤ ਗੁ. ਸ੍ਰੀ ਕਤਲਗੜ੍ਹ ਸਾਹਿਬ ਹੋਏ ਨਤਮਸਤਕ

## ਕਿਸੇ ਵੀ ਕਿਸਾਨ ਨਾਲ ਨਹੀਂ ਹੋਵੇਗੀ ਧੱਕੇਸ਼ਾਹੀ, ਸਹਿਮਤੀ ਮਗਰੋਂ ਹੀ ਲਈ ਜਾਵੇਗੀ ਜ਼ਮੀਨ: ਮਾਨ

ਅਵਤਾਰ ਸਿੰਘ ਭੰਗੂ

================



ਚਮਕੌਰ ਸਾਹਿਬ, 2 ਅਗਸਤ: ਲੈਂਡ ਪੂਲਿੰਗ ਨੀਤੀ ਦੇ ਵਿਰੋਧ ਦੇ ਮੱਦੇਨਜ਼ਰ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਿਹਾ ਕਿ ਪੰਜਾਬ ਦੇ ਕਿਸੇ ਵੀ ਕਿਸਾਨ ਨਾਲ ਧੱਕੇਸ਼ਾਹੀ ਨਹੀਂ ਕੀਤੀ ਜਾਵੇਗੀ। ਇਸ ਸਬੰਧੀ ਉਨ੍ਹਾਂ ਨਾਲ ਗੱਲਬਾਤ ਕੀਤੀ ਜਾਵੇਗੀ। ਭਗਵੰਤ ਮਾਨ ਆਪਣੀ ਪਤਨੀ ਡਾ. ਗੁਰਪ੍ਰੀਤ ਕੌਰ ਅਤੇ ਧੀ ਨਾਲ ਇੱਥੋਂ ਦੇ ਇਤਿਹਾਸਿਕ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿੱਚ ਨਤਮਸਤਕ ਹੋਣ ਲਈ ਪੁੱਜੇ ਸਨ।

ਇਸ ਦੌਰਾਨ ਉਨ੍ਹਾਂ ਮੱਥਾ ਟੇਕਿਆ ਤੇ ਗੁਰਬਾਣੀ ਕੀਰਤਨ ਸਰਵਣ ਕੀਤਾ। ਉਨ੍ਹਾਂ ਕਿਹਾ ਕਿ ਉਹ ਇਸ ਇਤਿਹਾਸਿਕ ਅਸਥਾਨ 'ਤੇ ਪੰਜਾਬ ਦੀ ਭਲਾਈ ਅਤੇ ਤਰੱਕੀ ਦੀ ਅਰਦਾਸ ਕਰਨ ਆਏ ਹਨ। ਮੁੱਖ ਮੰਤਰੀ ਸ੍ਰੀ ਮਾਨ ਨੇ ਲੈਂਡ ਪੂਲਿੰਗ ਨੀਤੀ ਦੇ ਹੋ ਰਹੇ ਵਿਰੋਧ ਬਾਰੇ ਪੁੱਛੇ ਸਵਾਲ 'ਤੇ ਕਿਹਾ ਕਿ ਆਮ ਲੋਕਾਂ ਨਾਲ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ ਪੰਜਾਬ ਦੇ ਕਿਸੇ ਵੀ ਕਿਸਾਨ ਨਾਲ ਧੱਕੇਸ਼ਾਹੀ ਨਹੀਂ ਕੀਤੀ ਜਾਵੇਗੀ। ਕਿਸਾਨਾਂ ਦੀ ਸਹਿਮਤੀ ਮਗਰੋਂ ਜ਼ਮੀਨ ਲਈ ਜਾਵੇਗੀ। ਹਾਲ ਹੀ ਵਿੱਚ ਭਾਜਪਾ ਵਿੱਚ ਸ਼ਾਮਲ ਹੋਏ ਖਰੜ ਹਲਕੇ ਤੋਂ ਅਕਾਲੀ ਦਲ ਦੇ ਇੰਚਾਰਜ ਰਣਜੀਤ ਸਿੰਘ ਗਿੱਲ 'ਤੇ ਵਿਜੀਲੈਂਸ ਛਾਪੇ ਬਾਰੇ ਉਨ੍ਹਾਂ ਕਿਹਾ ਕਿ ਇਸ ਵਿੱਚ ਸਰਕਾਰ ਦੀ ਕੋਈ ਦਖਲਅੰਦਾਜ਼ੀ ਨਹੀਂ ਹੈ ਸਗੋਂ ਕਾਨੂੰਨ ਆਪਣਾ ਕੰਮ ਖੁਦ ਕਰੇਗਾ। ਮਾਨ ਨੇ ਦੱਸਿਆ ਕਿ ਚਮਕੌਰ ਸਾਹਿਬ ਦੇ ਸਬ ਡਿਵੀਜ਼ਨਲ ਹਸਪਤਾਲ ਨੂੰ ਵੀ ਜਲਦੀ ਹੀ ਹਲਕੇ ਦੇ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਪੂਰੇ ਇਲਾਕੇ ਵਿੱਚ ਮੁੱਖ ਮੰਤਰੀ ਵੱਲੋਂ ਇੱਥੇ (ਬਾਕੀ ਸਫਾ 2 'ਤੇ)

## ਹੇਮਕੁੰਟ ਸਾਹਿਬ ਦੀ ਯਾਤਰਾ 10 ਅਕਤੂਬਰ ਤੱਕ ਜਾਰੀ ਰਹੇਗੀ

ਗੋਬਿੰਦਘਾਟ, 2 ਅਗਸਤ (ਚੜ੍ਹਦੀਕਲਾ ਬਿਊਰੋ) : ਸ੍ਰੀ ਹੇਮਕੁੰਟ ਸਾਹਿਬ ਦੀ ਚਲ ਰਹੀ ਸਲਾਨਾ ਯਾਤਰਾ ਦੌਰਾਨ ਇਸ ਸਾਲ ਹੁਣ ਤਕ ਲਗਭਗ 2.28 ਲੱਖ ਸ਼ਰਧਾਲੂਆਂ ਨੇ ਦਰਸ਼ਨ ਕੀਤੇ ਹਨ ਅਤੇ ਇਹ ਸਲਾਨਾ ਯਾਤਰਾ 10 ਅਕਤੂਬਰ ਤੱਕ ਜਾਰੀ ਰਹੇਗੀ। ਇਸ ਮਗਰੋਂ ਗੁਰੂ ਘਰ ਦੇ ਕਿਵਾੜ ਅਗਲੀ ਯਾਤਰਾ ਤਕ ਸੰਗਤ ਵਾਸਤੇ ਬੰਦ ਕਰ ਦਿੱਤੇ ਜਾਣਗੇ।

ਸ੍ਰੀ ਹੇਮਕੁੰਟ ਸਾਹਿਬ ਪ੍ਰਬੰਧਕ ਟਰੱਸਟ ਦੇ ਚੇਅਰਮੈਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦਸਿਆ ਕਿ ਸ੍ਰੀ ਹੇਮਕੁੰਟ ਸਾਹਿਬ ਦੀ ਪਵਿੱਤਰ ਯਾਤਰਾ ਪੂਰੇ ਉਤਸ਼ਾਹ ਅਤੇ ਸ਼ਰਧਾ ਨਾਲ ਜਾਰੀ ਹੈ। ਇਸ ਸਾਲ ਹੁਣ ਤੱਕ 2,28,000 ਤੋਂ ਵੱਧ ਸ਼ਰਧਾਲੂ ਗੜ੍ਹਵਾਲ ਹਿਮਾਲਿਆ ਦੀ ਗੋਦ ਵਿੱਚ ਸਥਿਤ ਇਸ ਪਵਿੱਤਰ ਤੀਰਥ ਸਥਾਨ ਦੇ ਦਰਸ਼ਨ ਕਰ ਚੁੱਕੇ ਹਨ। ਸਿੱਖ ਧਰਮ ਦੇ ਅਹਿਮ ਤੀਰਥ ਸਥਾਨਾਂ ਵਿੱਚੋਂ ਇੱਕ ਸ੍ਰੀ ਹੇਮਕੁੰਟ ਸਾਹਿਬ ਆਪਣੀ ਅਧਿਆਤਮਿਕਤਾ ਅਤੇ ਕੁਦਰਤੀ ਸੁੰਦਰਤਾ ਲਈ ਵਿਸ਼ਵ ਪ੍ਰਸਿੱਧ ਹੈ।ਉਨ੍ਹਾਂ ਦਸਿਆ ਕਿ ਇਸ ਸਾਲ ਅਨੁਕੂਲ ਮੌਸਮ ਨੇ ਯਾਤਰਾ ਨੂੰ ਹੋਰ ਵੀ ਆਸਾਨ ਬਣਾ ਦਿੱਤਾ ਹੈ। ਆਮ ਬਾਰਿਸ਼ ਅਤੇ (ਬਾਕੀ ਸਫਾ 2 'ਤੇ)

# ਹੁਣ ਅਸੀਂ ਉਹੀ ਖ਼ਰੀਦਾਂਗੇ, ਜੋ ਭਾਰਤੀਆਂ ਦੀ ਮਿਹਨਤ ਨਾਲ ਬਣਿਆ ਹੋਵੇਗਾ: ਮੋਦੀ

ਚੜ੍ਹਦੀਕਲਾ ਬਿਊਰੋ

================



ਵਾਰਾਨਸੀ, 2 ਅਗਸਤ: ਦੁਨੀਆਂ ਦੀ ਅਸਥਿਰ ਅਰਥਵਿਵਸਥਾ ਬਾਰੇ ਚਿੰਤਾ ਪ੍ਰਗਟ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਵਾਰਾਨਸੀ ਵਿੱਚ ਕਿਹਾ ਕਿ ਸਾਡੇ ਕਿਸਾਨਾਂ ਦੇ ਹਿੱਤ, ਸਾਡੇ ਛੋਟੇ ਉਦਯੋਗ, ਸਾਡੇ ਨੌਜਵਾਨਾਂ ਦਾ ਰੁਜ਼ਗਾਰ, ਸਾਡੇ ਲਈ ਬਹੁਤ ਮਹੱਤਵਪੂਰਨ ਹਨ। ਉਨ੍ਹਾਂ ਅੱਗੇ ਕਿਹਾ ਕਿ 'ਇਸ ਲਈ ਹੁਣ ਅਸੀਂ ਉਹ ਸਾਮਾਨ ਖਰੀਦਾਂਗੇ, ਜੋ ਕਿਸੇ ਭਾਰਤੀਆਂ ਦੀ ਮਿਹਨਤ ਨਾਲ ਬਣੇ ਹਨ।' ਪ੍ਰਧਾਨ ਮੰਤਰੀ ਨੇ ਲਗਭਗ 53 ਮਿੰਟ ਦੇ ਆਪਣੇ ਭਾਸ਼ਣ ਦੇ ਆਖਰੀ ਛੇ ਮਿੰਟਾਂ 'ਚ ਭਾਰਤ ਦੀ ਅਰਥਵਿਵਸਥਾ ਅਤੇ ਸਵਦੇਸ਼ੀ ਦਾ ਜ਼ਿਕਰ ਕੀਤਾ।ਆਪਣੇ ਸੰਸਦੀ ਹਲਕੇ ਵਾਰਾਨਸੀ 'ਚ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਮੋਦੀ ਨੇ ਕਿਹਾ, 'ਅੱਜ ਜਦੋਂ ਅਸੀਂ ਆਰਥਿਕ ਤਰੱਕੀ ਬਾਰੇ ਗੱਲ ਕਰ ਰਹੇ ਹਾਂ, ਤਾਂ ਮੈਂ ਤੁਹਾਡਾ ਧਿਆਨ ਵਿਸ਼ਵ ਸਥਿਤੀ ਵੱਲ ਖਿੱਚਣਾ ਚਾਹੁੰਦਾ ਹਾਂ। ਅੱਜ ਦੁਨੀਆਂ ਦੀ ਅਰਥਵਿਵਸਥਾ ਕਈ ਖਦਸ਼ਿਆਂ ਵਿੱਚੋਂ ਗੁਜ਼ਰ ਰਹੀ ਹੈ। ਅਸਥਿਰਤਾ ਦਾ ਮਾਹੌਲ ਹੈ। ਅਜਿਹੀ ਸਥਿਤੀ 'ਚ ਦੁਨੀਆਂ ਦੇ ਦੇਸ਼ ਆਪਣੇ ਹਿੱਤਾਂ ਵੱਲ ਧਿਆਨ ਦੇ ਰਹੇ ਹਨ।' ਮੋਦੀ ਨੇ ਕਿਹਾ, 'ਭਾਰਤ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਵੀ ਬਣਨ ਜਾ ਰਿਹਾ ਹੈ। ਇਸ ਲਈ ਭਾਰਤ ਨੂੰ ਆਪਣੇ ਆਰਥਿਕ ਹਿੱਤਾਂ ਪ੍ਰਤੀ ਵੀ ਸੁਚੇਤ ਰਹਿਣਾ ਪਵੇਗਾ। ਸਾਡੇ ਕਿਸਾਨ, ਸਾਡੇ ਛੋਟੇ ਉਦਯੋਗ, ਸਾਡੇ ਨੌਜਵਾਨਾਂ ਦਾ ਰੁਜ਼ਗਾਰ, ਉਨ੍ਹਾਂ ਦੇ ਹਿੱਤ ਸਾਡੇ ਲਈ ਬਹੁਤ ਮਹੱਤਵਪੂਰਨ ਹਨ। (ਬਾਕੀ ਸਫਾ 2 'ਤੇ)

## ਪ੍ਰਧਾਨ ਮੰਤਰੀ ਵੱਲੋਂ 1000 ਰੁਪਏ ਦਾ ਸਿੱਕਾ ਜਾਰੀ

ਵਾਰਾਨਸੀ, 2 ਅਗਸਤ (ਚੜ੍ਹਦੀਕਲਾ ਬਿਊਰੋ) : ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੰਗਾਕੋਂਡਾਚੋਲਪੁਰਮ ਵਿੱਚ ਰਾਜਾ ਰਾਜੇਂਦਰ ਚੋਲਾ ਪਹਿਲੇ ਦੀ ਜਲ ਸੈਨਾ ਮੁਹਿੰਮ ਦੀ 1000ਵੀਂ ਵਰ੍ਹੇਗੰਢ ਦੇ ਮੌਕੇ 'ਤੇ 1000 ਰੁਪਏ ਦਾ ਇੱਕ ਵਿਸ਼ੇਸ਼ ਸਿੱਕਾ ਜਾਰੀ ਕੀਤਾ। ਇਹ ਇਤਿਹਾਸਕ ਸਿੱਕਾ ਗੰਗਾਕੋਂਡਾਚੋਲਪੁਰਮ ਵਿਕਾਸ ਪ੍ਰੀਸ਼ਦ ਟਰੱਸਟ ਦੇ ਪ੍ਰਧਾਨ ਆਰ. ਕੋਮਗਨ ਦੀ ਮੰਗ 'ਤੇ ਜਾਰੀ ਕੀਤਾ ਗਿਆ ਸੀ।

ਆਰ. ਕੋਮਗਨ ਨੇ ਇਸ ਸਿੱਕੇ ਦਾ ਡਿਜ਼ਾਈਨ ਵੀ ਤਿਆਰ ਕੀਤਾ ਸੀ ਅਤੇ ਇਸਨੂੰ ਕੇਂਦਰ ਨੂੰ ਭੇਜਿਆ ਸੀ, ਜਿਸਨੂੰ ਪ੍ਰਵਾਨਗੀ ਮਿਲਣ ਤੋਂ ਬਾਅਦ ਜਾਰੀ (ਬਾਕੀ ਸਫਾ 2 'ਤੇ)

## ਮਜੀਠੀਆ ਦੀ ਨਿਆਂਇਕ ਹਿਰਾਸਤ 'ਚ ਮੁੜ ਵਾਧਾ

ਮੋਹਾਲੀ, 2 ਅਗਸਤ (ਚੜ੍ਹਦੀਕਲਾ ਬਿਊਰੋ) : ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਕਥਿਤ ਦੋਸ਼ਾਂ ਅਧੀਨ ਨਾਭਾ ਦੀ ਨਿਊ ਜੇਲ੍ਹ ਵਿੱਚ ਬੰਦ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਮੋਹਾਲੀ ਅਦਾਲਤ ਵਿਖੇ ਅੱਜ ਵੀਡੀਓ ਕਾਨਫਰਸਿੰਗ ਰਾਹੀਂ ਪੇਸ਼ੀ ਹੋਈ। ਅਦਾਲਤ ਨੇ ਮਜੀਠੀਆ ਦੀ ਨਿਆਂਇਕ ਹਿਰਾਸਤ ਵਿਚ 14 ਦਿਨਾਂ ਦਾ ਵਾਧਾ ਕੀਤਾ ਹੈ। ਇਸ ਦੇ ਨਾਲ ਹੀ ਬਿਕਰਮ ਸਿੰਘ ਮਜੀਠੀਆ ਦੀ ਬੈਰਕ ਬਦਲੀ ਅਰਜ਼ੀ ਨੂੰ ਅਦਾਲਤ ਨੇ 5 ਅਗਸਤ ਤੱਕ ਮੁਲਤਵੀ ਕੀਤਾ ਹੈ। ਬਿਕਰਮ ਸਿੰਘ ਮਜੀਠੀਆ ਦੀ ਨਿਆਂਇਕ ਹਿਰਾਸਤ ਪੂਰੀ ਹੋਣ 'ਤੇ ਇਸ ਮਾਮਲੇ ਦੀ ਅਗਲੀ ਸੁਣਵਾਈ 14 ਅਗਸਤ ਨੂੰ ਹੋਵੇਗੀ। ਇਸ ਦੇ ਨਾਲ ਹੀ ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਆਜ਼ਾਦੀ ਦਿਵਸ ਦੇ ਮੱਦੇਨਜ਼ਰ ਮਜੀਠੀਆ ਨੂੰ 14 ਅਗਸਤ ਨੂੰ ਵੀ ਵੀਡੀਓ ਕਾਨਫਰਸਿੰਗ ਰਾਹੀਂ ਹੀ ਪੇਸ਼ ਕੀਤਾ ਜਾਵੇ।

## ਭਾਜਪਾ 'ਚ ਸ਼ਾਮਲ ਹੋਣ ਤੋਂ ਕੁੱਝ ਸਮੇਂ ਬਾਅਦ ਹੀ ਰਣਜੀਤ ਗਿੱਲ ਦੇ ਘਰ ਵਿਜੀਲੈਂਸ ਵੱਲੋਂ ਛਾਪਾ

### ਭਾਜਪਾ ਨੇ 'ਸਿਆਸੀ ਬਦਲਾਖੋਰੀ' ਦਾ ਦੋਸ਼ ਲਗਾਇਆ

ਚੜ੍ਹਦੀਕਲਾ ਬਿਊਰੋ

================



ਮੋਹਾਲੀ, 2 ਅਗਸਤ: ਰੀਅਲ ਅਸਟੇਟ ਕਾਰੋਬਾਰੀ ਤੋਂ ਸਿਆਸਤਦਾਨ ਬਣੇ ਰਣਜੀਤ ਸਿੰਘ ਗਿੱਲ ਦੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਿੱਚ ਸ਼ਾਮਲ ਹੋਣ ਤੋਂ ਕੁਝ ਘੰਟਿਆਂ ਬਾਅਦ, ਪੰਜਾਬ ਵਿਜੀਲੈਂਸ ਬਿਊਰੋ ਦੀ ਇੱਕ ਟੀਮ ਨੇ ਸ਼ਨਿਚਰਵਾਰ ਸਵੇਰੇ ਮੋਹਾਲੀ ਅਤੇ ਖਰੜ ਵਿੱਚ ਉਨ੍ਹਾਂ ਦੇ ਘਰ ਅਤੇ ਦਫ਼ਤਰਾਂ 'ਤੇ ਛਾਪਾ ਮਾਰਿਆ।
ਇਸ ਸਬੰਧੀ ਗਿੱਲ ਟਿੱਪਣੀ ਲਈ ਉਪਲਬਧ ਨਹੀਂ ਸਨ, ਪਰ ਉਨ੍ਹਾਂ ਦੇ ਨਜ਼ਦੀਕੀ ਸਾਥੀਆਂ ਨੇ ਇਸ ਘਟਨਾਕ੍ਰਮ ਦੀ ਪੁਸ਼ਟੀ ਕੀਤੀ ਅਤੇ ਇਸਨੂੰ ਰਾਜਨੀਤਿਕ ਬਦਲਾਖੋਰੀ ਕਰਾਰ ਦਿੱਤਾ ਹੈ। ਭਾਜਪਾ ਦੇ ਇੱਕ ਆਗੂ ਦੇ ਅਨੁਸਾਰ ਗਿੱਲ 'ਤੇ ਆਮ ਆਦਮੀ ਪਾਰਟੀ (ਆਪ) ਵਿੱਚ ਸ਼ਾਮਲ ਹੋਣ ਲਈ ਲਗਾਤਾਰ ਦਬਾਅ ਸੀ, ਜਿਸ ਕਾਰਨ ਕਥਿਤ ਤੌਰ 'ਤੇ ਉਨ੍ਹਾਂ ਨੇ ਸ਼ੁੱਕਰਵਾਰ ਨੂੰ ਦੇਰ ਰਾਤ ਭਾਜਪਾ ਪਾਰਟੀ ਵਿਚ ਸ਼ਮੂਲੀਅਤ ਕੀਤੀ।

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਚੰਡੀਗੜ੍ਹ ਸਥਿਤ ਸਰਕਾਰੀ ਨਿਵਾਸ 'ਤੇ ਗਿੱਲ ਦੇ ਸ਼ਾਮਲ ਹੋਣ ਸਮੇਂ ਮੌਜੂਦ ਨੇਤਾ ਨੇ ਦਾਅਵਾ ਕੀਤਾ, "ਇਸੇ ਕਰਕੇ ਉਹ ਅਚਾਨਕ ਭਾਜਪਾ ਵਿੱਚ ਸ਼ਾਮਲ ਹੋਏ ਅਤੇ ਸਵੇਰ ਤੱਕ, ਵਿਜੀਲੈਂਸ ਬਿਊਰੋ ਉਨ੍ਹਾਂ ਦੇ ਦਰਵਾਜ਼ੇ 'ਤੇ ਸੀ।"ਇਸ ਸਬੰਧੀ ਹੋਰ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਹੈ।

## ਲੋਕ ਸਭਾ ਚੋਣਾਂ 'ਚ ਲਗਭਗ 100 ਸੀਟਾਂ 'ਤੇ ਹੋਈ ਧਾਂਦਲੀ : ਰਾਹੁਲ ਗਾਂਧੀ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 2 ਅਗਸਤ: ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਸ਼ਨੀਵਾਰ ਨੂੰ ਦਾਅਵਾ ਕੀਤਾ ਕਿ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਲਗਭਗ 100 ਸੀਟਾਂ 'ਤੇ ਧਾਂਦਲੀ ਹੋਈ ਸੀ ਅਤੇ ਜੇਕਰ ਇਨ੍ਹਾਂ ਵਿੱਚੋਂ 15 ਸੀਟਾਂ 'ਤੇ ਵੀ ਧਾਂਦਲੀ ਨਾ ਹੁੰਦੀ, ਤਾਂ ਨਰਿੰਦਰ ਮੋਦੀ ਅੱਜ ਦੇਸ਼ ਦੇ ਪ੍ਰਧਾਨ ਮੰਤਰੀ ਨਾ ਹੁੰਦੇ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਕਾਂਗਰਸ ਦੇ ਕਾਨੂੰਨ, ਮਨੁੱਖੀ ਅਧਿਕਾਰ ਅਤੇ ਆਰਟੀਆਈ ਸੈੱਲ ਵੱਲੋਂ ਆਯੋਜਿਤ ਇੱਕ ਰਾਸ਼ਟਰੀ ਕਾਨੂੰਨੀ ਕਾਨਫਰੰਸ ਵਿੱਚ ਇਸ ਗੱਲ ਨੂੰ ਮੁੜ ਤੋਂ ਦੁਹਰਾਇਆ ਕਿ ਕਰਨਾਟਕ ਦੇ ਇੱਕ ਹਲਕੇ ਵਿੱਚ ਵੋਟਰ ਸੂਚੀ ਵਿੱਚ ਹੇਰਾਫੇਰੀ ਦੇ ਜੋ ਸਬੂਤ ਮਿਲ ਹਨ, ਉਹ 'ਐਟਮ ਬੰਬ' ਵਾਂਗ ਹਨ।

ਉਨ੍ਹਾਂ ਕਿਹਾ ਕਿ ਅਗਲੇ ਕੁਝ ਦਿਨਾਂ ਵਿੱਚ ਇਸ ਗੱਲ ਦਾ ਸਬੂਤ ਦਿੱਤਾ ਜਾਵੇਗਾ ਕਿ ਲੋਕ ਸਭਾ ਚੋਣਾਂ ਵਿੱਚ ਕਿਵੇਂ ਧਾਂਦਲੀ ਹੋਈ। ਉਨ੍ਹਾਂ ਦੇ ਨਵੇਂ ਦਾਅਵੇ 'ਤੇ ਚੋਣ ਕਮਿਸ਼ਨ ਵੱਲੋਂ ਕੋਈ ਜਵਾਬ ਨਹੀਂ ਆਇਆ ਹੈ। ਉਹਨਾਂ ਨੇ ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ, 'ਅੱਜ (ਨਰਿੰਦਰ ਮੋਦੀ) ਬਹੁਤ ਹੀ ਸਧਾਰਨ ਬਹੁਮਤ ਨਾਲ ਪ੍ਰਧਾਨ ਮੰਤਰੀ ਹਨ। ਸਾਡਾ ਮੰਨਣਾ ਹੈ ਕਿ 70, 80 ਜਾਂ 100 ਸੀਟਾਂ 'ਤੇ (ਲੋਕ ਸਭਾ ਚੋਣਾਂ ਵਿੱਚ) ਧਾਂਦਲੀ ਹੋਈ ਹੈ। ਜੇਕਰ 15 ਸੀਟਾਂ 'ਤੇ ਵੀ ਧਾਂਦਲੀ ਨਾ ਹੁੰਦੀ, ਤਾਂ ਉਹ (ਮੋਦੀ) ਭਾਰਤ ਦੇ ਪ੍ਰਧਾਨ ਮੰਤਰੀ ਨਾ ਹੁੰਦੇ।' ਉਨ੍ਹਾਂ ਕਿਹਾ, 'ਅਸੀਂ ਅਗਲੇ ਕੁਝ ਦਿਨਾਂ ਵਿੱਚ ਸਾਬਤ ਕਰਨ ਜਾ ਰਹੇ ਹਾਂ ਕਿ ਲੋਕ ਸਭਾ ਚੋਣ ਵਿੱਚ ਕਿਵੇਂ ਧਾਂਦਲੀ ਹੋ ਸਕਦੀ ਹੈ ਅਤੇ ਇਹ ਕਿਵੇਂ ਕੀਤੀ ਗਈ।'

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ 2014 ਤੋਂ ਹੀ ਮੈਨੂੰ ਚੋਣ ਪ੍ਰਣਾਲੀ 'ਤੇ ਸ਼ੱਕ ਹੈ। ਭਾਜਪਾ ਦੀ ਵੱਡੇ ਫ਼ਰਕ ਨਾਲ ਜਿੱਤਣ ਦੀ ਯੋਗਤਾ ਹੈਰਾਨੀਜਨਕ ਹੈ। ਮਹਾਰਾਸ਼ਟਰ ਵਿੱਚ ਜੋ ਹੋਇਆ ਉਸ ਨੇ ਮੈਨੂੰ ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਣ ਲਈ ਮਜਬੂਰ ਕੀਤਾ ਹੈ। ਰਾਹੁਲ ਗਾਂਧੀ ਨੇ ਕਿਹਾ, 'ਮੈਂ ਸਬੂਤਾਂ ਤੋਂ ਬਿਨਾਂ ਕੁਝ ਨਹੀਂ ਕਹਿ ਸਕਦਾ ਸੀ ਪਰ ਹੁਣ ਮੈਂ ਬਿਨਾਂ ਕਿਸੇ ਸ਼ੱਕ ਦੇ ਕਹਿੰਦਾ ਹਾਂ ਕਿ ਸਾਡੇ ਕੋਲ ਸਬੂਤ ਹਨ।' ਉਨ੍ਹਾਂ ਕਿਹਾ ਕਿ ਇਸ ਸਬੂਤ ਦੇ ਆਧਾਰ 'ਤੇ ਦੇਸ਼ ਨੂੰ ਦਿਖਾਇਆ ਜਾਵੇਗਾ ਕਿ ਚੋਣ ਕਮਿਸ਼ਨ ਦੀ ਸੰਸਥਾ ਉਸ ਤਰ੍ਹਾਂ ਕੰਮ ਨਹੀਂ ਕਰਦੀ ਜਿਵੇਂ ਇਸਨੂੰ ਕਰਨਾ ਚਾਹੀਦਾ ਹੈ ਅਤੇ ਇਹ ਸਮਝੌਤੇ ਦਾ (ਬਾਕੀ ਸਫਾ 2 'ਤੇ)

## ਕੈਬਨਿਟ ਮੀਟਿੰਗ 'ਚ ਹਰਿਆਣਾ ਸਿੱਖ ਗੁਰਦੁਆਰਾ (ਪ੍ਰਬੰਧਨ) ਐਕਟ 2014 ਵਿੱਚ ਸੋਧ ਨੂੰ ਪ੍ਰਵਾਨਗੀ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 2 ਅਗਸਤ : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ ਨੇ ਹਰਿਆਣਾ ਸਿੱਖ ਗੁਰਦੁਆਰਾ (ਪ੍ਰਬੰਧਨ) ਐਕਟ, 2014 ਵਿਚ ਹੋਰ ਸੋਧ ਕਰਨ ਦੇ ਪ੍ਰਸਤਾਵ ਨੂੰ ਪ੍ਰਵਾਨਗੀ ਦੇ ਦਿੱਤੀ, ਜਿਸ ਦਾ ਉਦੇਸ਼ ਰਾਜ ਵਿੱਚ ਸਿੱਖ ਗੁਰਦੁਆਰਿਆਂ ਦੇ ਪ੍ਰਬੰਧਨ ਨੂੰ ਨਿਯੰਤਰਤ ਕਰਨ ਵਾਲੇ ਕਾਨੂੰਨੀ ਢਾਂਚੇ ਨੂੰ ਮਜ਼ਬੂਤ ਕਰਨਾ ਹੈ। ਇਨ੍ਹਾਂ ਸੋਧਾਂ ਦਾ ਉਦੇਸ਼ ਪਾਰਦਰਸ਼ਤਾ ਵਧਾਉਣਾ, ਨਿਆਂਇਕ ਨਿਗਰਾਨੀ ਨੂੰ ਯਕੀਨੀ ਬਣਾਉਣਾ ਅਤੇ ਗੁਰਦੁਆਰਾ ਜਾਇਦਾਦਾਂ ਦੀ ਘੋਸ਼ਣਾ ਅਤੇ ਪ੍ਰਸ਼ਾਸਨ ਲਈ ਇਕ ਸਪੱਸ਼ਟ ਢਾਂਚਾ ਪ੍ਰਦਾਨ ਕਰਨਾ ਹੈ। ਪ੍ਰਮੁੱਖ ਤਬਦੀਲੀਆਂ ਵਿਚੋਂ ਇਕ ਐਕਟ ਦੀ ਧਾਰਾ 17(2)(ਸੀ) ਨੂੰ ਹਟਾਉਣਾ ਹੈ, ਜੋ ਪਹਿਲਾਂ ਗੁਰਦੁਆਰਾ ਕਮੇਟੀ ਨੂੰ ਅਪਣੇ ਮੈਂਬਰਾਂ ਨੂੰ ਹਟਾਉਣ ਦਾ ਅਧਿਕਾਰ ਦਿੰਦੀ ਸੀ। ਇਹ ਸ਼ਕਤੀ ਹੁਣ ਧਾਰਾ 46 ਦੇ ਤਹਿਤ ਨਿਆਂਇਕ ਕਮਿਸ਼ਨ ਕੋਲ ਹੋਵੇਗੀ। ਇਸ ਤੋਂ ਇਲਾਵਾ, ਧਾਰਾ 44 ਅਤੇ 45 ਨੂੰ ਬਦਲ ਦਿਤਾ ਗਿਆ ਹੈ ਅਤੇ ਨਵੇਂ ਗਠਿਤ ਨਿਆਂਇਕ ਕਮਿਸ਼ਨ ਨੂੰ ਵੋਟਰ ਯੋਗਤਾ, ਅਯੋਗਤਾ, ਗੁਰਦੁਆਰਾ ਕਰਮਚਾਰੀਆਂ ਦੀ ਸੇਵਾ ਮਾਮਲਿਆਂ ਅਤੇ ਗੁਰਦੁਆਰਾ ਕਮੇਟੀਆਂ ਨਾਲ ਸਬੰਧਤ ਚੋਣ ਜਾਂ ਨਿਯੁਕਤੀ ਨਾਲ ਸਬੰਧਤ ਵਿਵਾਦਾਂ ਨੂੰ ਹੱਲ ਕਰਨ ਦੀ ਵਿਸ਼ੇਸ਼ ਸ਼ਕਤੀ ਦਿਤੀ ਗਈ ਹੈ।

## ਮੋਦੀ ਦੇ ਹੱਥਾਂ ਦੀ ਕਠਪੁਤਲੀ ਹੈ ਚੋਣ ਕਮਿਸ਼ਨ: ਖੜਗੇ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 2 ਅਗਸਤ: ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸ਼ਨੀਵਾਰ ਨੂੰ ਮਹਾਰਾਸ਼ਟਰ 'ਚ ਵੋਟਰ ਸੂਚੀਆਂ 'ਚ ਕਥਿਤ ਹੇਰਾਫੇਰੀ ਨੂੰ ਲੈ ਕੇ ਚੋਣ ਕਮਿਸ਼ਨ 'ਤੇ ਹਮਲਾ ਬੋਲਿਆ ਅਤੇ ਦੋਸ਼ ਲਗਾਇਆ ਕਿ ਇਹ ਸੰਵਿਧਾਨਕ ਸੰਸਥਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥਾਂ ਦੀ ਕਠਪੁਤਲੀ ਹੈ। ਉਨ੍ਹਾਂ ਨੇ ਕਾਂਗਰਸ ਦੇ ਕਾਨੂੰਨ, ਮਨੁੱਖੀ ਅਧਿਕਾਰ ਅਤੇ ਆਰਟੀਆਈ ਵਿਭਾਗ ਦੁਆਰਾ ਆਯੋਜਿਤ ਸਾਲਾਨਾ ਕਾਨੂੰਨੀ ਸੰਮੇਲਨ 'ਚ ਇਹ ਵੀ ਦਾਅਵਾ ਕੀਤਾ ਕਿ ਭਾਰਤੀ ਜਨਤਾ ਪਾਰਟੀ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੇਸ਼ ਦੇ ਸੰਵਿਧਾਨ ਨੂੰ ਬਦਲਣਾ ਚਾਹੁੰਦੇ ਹਨ, ਪਰ ਜਨਤਾ ਅਜਿਹਾ ਨਹੀਂ ਹੋਣ ਦੇਵੇਗੀ। ਖੜਗੇ ਨੇ ਦਾਅਵਾ ਕੀਤਾ, 'ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਅਤੇ ਲੋਕ ਸਭਾ ਚੋਣਾਂ 'ਚ ਵੋਟਰ ਸੂਚੀਆਂ 'ਚ ਨਾਮ ਸ਼ਾਮਲ ਕੀਤੇ ਗਏ ਸਨ। ਮਹਾਰਾਸ਼ਟਰ ਦੇ ਇਕ ਹੋਸਟਲ 'ਚ 9,000 ਵੋਟਰ ਕਿਵੇਂ ਹੋ ਸਕਦੇ ਹਨ?' ਉਨ੍ਹਾਂ ਦੋਸ਼ ਲਗਾਇਆ ਕਿ ਚੋਣ ਕਮਿਸ਼ਨ ਨਰਿੰਦਰ ਮੋਦੀ ਦੀ ਕਠਪੁਤਲੀ ਹੈ।

ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ,'ਭਾਰਤ ਦਾ ਸੰਵਿਧਾਨ ਸਿਰਫ਼ ਇਕ ਕਾਨੂੰਨੀ ਦਸਤਾਵੇਜ਼ ਨਹੀਂ ਹੈ, ਸਗੋਂ ਇਹ ਸਾਡੇ ਲੋਕਤੰਤਰ ਦੀ ਆਤਮਾ ਹੈ। ਇਹ ਹਰ ਭਾਰਤੀ ਨੂੰ ਨਿਆਂ, ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਦਾ ਅਧਿਕਾਰ ਦਿੰਦਾ ਹੈ। ਪਰ ਅੱਜ ਸੰਵਿਧਾਨ ਖ਼ਤਰੇ 'ਚ ਹੈ।' ਉਨ੍ਹਾਂ ਦਾਅਵਾ (ਬਾਕੀ ਸਫਾ 2 'ਤੇ)

## ਜਬਰ-ਜਨਾਹ ਮਾਮਲੇ 'ਚ ਸਾਬਕਾ ਸਾਂਸਦ ਪ੍ਰਜਵਲ ਰੇਵੰਨਾ ਨੂੰ ਉਮਰ ਕੈਦ

ਬੰਗਲੁਰੂ, 2 ਅਗਸਤ (ਚੜ੍ਹਦੀਕਲਾ ਬਿਊਰੋ) : ਕਰਨਾਟਕ ਦੀ ਵਿਸ਼ੇਸ਼ ਅਦਾਲਤ ਨੇ ਸਾਬਕਾ ਸੰਸਦ ਮੈਂਬਰ ਪ੍ਰਜਵਲ ਰੇਵੰਨਾ ਨੂੰ ਜਬਰ-ਜਨਾਹ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਇਹ ਸਜ਼ਾ ਭਾਰਤੀ ਦੰਡ ਸੰਹਿਤਾ (ਆਈ.ਪੀ.ਸੀ.) ਦੀ ਧਾਰਾ 376 (2) (ਕੇ.) ਦੇ ਤਹਿਤ ਦੋਸ਼ੀ ਪਾਏ ਜਾਣ ਤੋਂ ਬਾਅਦ ਸੁਣਾਈ। ਇਸ ਦੇ ਨਾਲ ਹੀ ਪ੍ਰਜਵਲ ਰੇਵੰਨਾ 'ਤੇ 5 ਲੱਖ ਰੁਪਏ ਦਾ ਜੁਰਮਾਨਾ ਵੀ ਲਾਇਆ ਗਿਆ ਹੈ। ਸੰਸਦ ਮੈਂਬਰਾਂ/ਵਿਧਾਇਕਾਂ ਲਈ ਵਿਸ਼ੇਸ਼ ਅਦਾਲਤ ਦੇ ਜੱਜ ਸੰਤੋਸ਼ ਗਜਾਨਨ ਭੱਟ ਨੇ ਸ਼ੁੱਕਰਵਾਰ ਨੂੰ 34 ਸਾਲਾ ਪ੍ਰਜਵਲ ਨੂੰ ਜਿਨਸੀ ਸ਼ੋਸ਼ਣ ਅਤੇ ਜਬਰ-ਜਨਾਹ ਦੇ ਚਾਰ ਮਾਮਲਿਆਂ ਵਿੱਚੋਂ ਇੱਕ ਵਿੱਚ ਦੋਸ਼ੀ ਠਹਿਰਾਇਆ। ਸ਼ਨੀਵਾਰ ਨੂੰ ਸਜ਼ਾ ਸੁਣਾਉਣ ਤੋਂ ਪਹਿਲਾਂ (ਬਾਕੀ ਸਫਾ 2 'ਤੇ)

## ਗੁਰਦਾਸਪੁਰ ਤੋਂ ਸਾਂਸਦ ਰੰਧਾਵਾ ਦੇ ਪੁੱਤਰ ਨੂੰ ਧਮਕੀ ਦੇਣ ਵਾਲਾ ਗ੍ਰਿਫ਼ਤਾਰ



ਡਾ. ਨਰਿੰਦਰ/ਸੁਖਦੇਵ ਸਿੰਘ ਰੰਧਾਵਾ
ਬਲਬੀਰ ਸੋਹਲ

================

ਬਟਾਲਾ, 2 ਅਗਸਤ :ਜ਼ਿਲ੍ਹਾ ਪੁਲਿਸ ਬਟਾਲਾ ਵੱਲੋਂ ਗੁਰਦਾਸਪੁਰ ਤੋਂ ਮਾਣਯੋਗ ਸੰਸਦ ਮੈਂਬਰ ਸ੍ਰੀ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਦੱਸੀ ਗਈ ਘਟਨਾ 'ਤੇ ਤੁਰੰਤ ਕਾਰਵਾਈ ਕੀਤੀ ਗਈ ਹੈ।

ਅੱਜ ਪੁਲਿਸ ਲਾਈਨ ਵਿਖੇ ਮੀਡੀਆ ਨਾਲ ਗੱਲ ਕਰਦਿਆਂ ਐਸਐਸਪੀ ਬਟਾਲਾ ਸੁਹੇਲ ਕਾਸਿਮ ਮੀਰ ਨੇ ਦੱਸਿਆ ਕਿ 31 ਜੁਲਾਈ 2025 ਨੂੰ ਲਗਭਗ ਦੁਪਹਿਰ 3 ਵਜੇ, ਗੁਰਦਾਸਪੁਰ ਦੇ ਸਾਂਸਦ ਦੇ ਪੁੱਤਰ ਵੱਲੋਂ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇੱਕ ਵੀਡੀਓ ਅਪਲੋਡ ਕੀਤਾ ਗਿਆ। ਇਸ ਪੋਸਟ ਦੇ ਜਵਾਬ ਵਿੱਚ 'ਗਗਨ ਰੰਧਾਵਾ' ਨਾਂਅ ਦੇ ਇੱਕ ਉਪਭੋਗੀ ਵੱਲੋਂ ਧਮਕੀ ਭਰੀ ਟਿੱਪਣੀ ਕੀਤੀ ਗਈ। ਹਾਲਾਂਕਿ ਇਹ ਟਿੱਪਣੀ ਬਾਅਦ ਵਿੱਚ ਹਟਾ ਦਿੱਤੀ ਗਈ, ਪਰ ਜ਼ਿਲ੍ਹਾ ਪੁਲਿਸ ਬਟਾਲਾ ਨੇ ਤੁਰੰਤ ਕਾਰਵਾਈ ਕੀਤੀ।

ਉਨ੍ਹਾਂ ਅੱਗੇ ਦੱਸਿਆ ਕਿ ਇੰਸਟਾਗ੍ਰਾਮ ਦੀ ਲਾਅ ਇਨਫੋਰਸਮੈਂਟ ਟੀਮ ਦੀ ਮਦਦ ਨਾਲ ਆਈਪੀ ਐਡਰੈੱਸ ਅਤੇ (ਬਾਕੀ ਸਫਾ 2 'ਤੇ)

## ਭਾਰਤੀ ਤੇਲ ਰਿਫ਼ਾਇਨਰੀਆਂ ਵੱਲੋਂ ਰੂਸ ਤੋਂ ਤੇਲ ਖ਼ਰੀਦਣਾ ਜਾਰੀ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 2 ਅਗਸਤ: ਭਾਰਤੀ ਤੇਲ ਰਿਫਾਇਨਰੀਆਂ ਰੂਸੀ ਸਪਲਾਇਰਾਂ ਤੋਂ ਤੇਲ ਦੀ ਖਰੀਦ ਜਾਰੀ ਰੱਖ ਰਹੀਆਂ ਹਨ। ਸੂਤਰਾਂ ਨੇ ਖ਼ਬਰ ਏਜੰਸੀ ਕੋਲ ਖੁਲਾਸਾ ਕੀਤਾ ਕਿ ਉਨ੍ਹਾਂ ਦੇ ਸਪਲਾਈ ਸਬੰਧੀ ਫੈਸਲੇ ਕੀਮਤ, ਕੱਚੇ ਤੇਲ ਦੀ ਗੁਣਵੱਤਾ, ਭੰਡਾਰ, ਲੌਜਿਸਟਿਕਸ ਅਤੇ ਹੋਰ ਆਰਥਿਕ ਕਾਰਕਾਂ ਦੁਆਰਾ ਨਿਰਦੇਸ਼ਿਤ ਹੁੰਦੇ ਹਨ।ਭਾਰਤ ਦੇ ਰੂਸੀ ਸਪਲਾਇਰਾਂ ਤੋਂ ਤੇਲ ਦੀ ਖਰੀਦ ਜਾਰੀ ਰੱਖਣ ਦੇ ਫੈਸਲੇ ਦਾ ਸੰਦਰਭ ਦਿੰਦਿਆਂ ਸੂਤਰਾਂ ਨੇ ਕਿਹਾ ਕਿ ਰੂਸ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਕੱਚੇ ਤੇਲ ਦਾ ਉਤਪਾਦਕ ਹੈ, ਜਿਸਦਾ ਉਤਪਾਦਨ ਲਗਭਗ 9.5 ਮਿਲੀਅਨ (ਬਾਕੀ ਸਫਾ 2 'ਤੇ)







## ਪੰਜਾਬ ਦੇ ਨੌਜਵਾਨਾਂ 'ਚ ਵਿਦੇਸ਼ ਜਾਣ ਦਾ ਰੁਝਾਨ ਘਟਿਆ

### ਕੈਨੇਡਾ-ਆਸਟ੍ਰੇਲੀਆ 'ਚ ਸਖ਼ਤੀ ਦਾ ਪ੍ਰਭਾਵ, 2025 ਵਿੱਚ ਹੁਣ ਤੱਕ ਸਿਰਫ਼ 3.60 ਲੱਖ ਪਾਸਪੋਰਟ ਬਣੇ

ਚੜ੍ਹਦੀਕਲਾ ਬਿਊਰੋ

================




ਚੰਡੀਗੜ੍ਹ, 2 ਅਗਸਤ :ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਵਿੱਚ ਵਿਦੇਸ਼ ਜਾਣ ਦਾ ਕ੍ਰੇਜ਼ ਬਹੁਤ ਤੇਜ਼ੀ ਨਾਲ ਵਧਿਆ ਸੀ। ਕੈਨੇਡਾ ਚੋਣਾਂ ਵਿੱਚ ਵੀ ਇਸ ਮੁੱਦੇ 'ਤੇ ਬਹੁਤ ਰਾਜਨੀਤੀ ਹੋਈ ਸੀ, ਪਰ ਹੁਣ ਸਥਿਤੀ ਬਦਲ ਰਹੀ ਹੈ। ਕੈਨੇਡਾ, ਆਸਟ੍ਰੇਲੀਆ ਸਮੇਤ ਹੋਰ ਦੇਸ਼ਾਂ ਵਿੱਚ ਸਖ਼ਤ ਨਿਯਮਾਂ ਕਾਰਨ ਪੰਜਾਬ ਤੋਂ ਪਾਸਪੋਰਟ ਲਈ ਅਰਜ਼ੀ ਦੇਣ ਵਾਲਿਆਂ ਦੀ ਗਿਣਤੀ ਵਿੱਚ ਕਾਫ਼ੀ ਕਮੀ ਆਈ ਹੈ।

ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਅਨੁਸਾਰ, 1 ਜਨਵਰੀ ਤੋਂ 30 ਜੂਨ, 2025 ਤੱਕ, ਪੰਜਾਬ ਵਿੱਚ ਰੋਜ਼ਾਨਾ ਔਸਤਨ 1978 ਪਾਸਪੋਰਟ ਅਰਜ਼ੀਆਂ ਪ੍ਰਾਪਤ ਹੋਈਆਂ, ਜੋ ਕਿ ਪਿਛਲੇ ਕਈ ਸਾਲਾਂ ਵਿੱਚ ਸਭ ਤੋਂ ਘੱਟ ਹੈ। ਜਦੋਂ ਕਿ 2024 ਵਿੱਚ ਇਹ ਅੰਕੜਾ ਰੋਜ਼ਾਨਾ 2,906 ਦੇ ਆਸਪਾਸ ਸੀ। ਪੰਜਾਬ ਸਰਕਾਰ ਇਸਨੂੰ ਆਪਣੀ ਸਫਲਤਾ ਦੱਸ ਰਹੀ ਹੈ, ਕਿਉਂਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਉਨ੍ਹਾਂ ਨੇ 'ਵਤਨ ਵਾਪਸੀ' ਦਾ ਨਾਅਰਾ ਦਿੱਤਾ ਸੀ। ਹਾਲਾਂਕਿ, ਅਸਲ ਕਾਰਨ ਇਹ ਵੀ ਹੈ ਕਿ ਕੈਨੇਡਾ, ਆਸਟ੍ਰੇਲੀਆ ਅਤੇ ਅਮਰੀਕਾ ਵਰਗੇ ਦੇਸ਼ਾਂ ਨੇ ਵੀਜ਼ਾ ਅਤੇ ਇਮੀਗ੍ਰੇਸ਼ਨ ਨਿਯਮਾਂ ਨੂੰ ਸਖ਼ਤ ਕਰ ਦਿੱਤਾ ਹੈ, ਜਿਸ ਕਾਰਨ ਵਿਦੇਸ਼ ਜਾਣ ਦਾ ਸੁਪਨਾ ਦੇਖਣ ਵਾਲੇ ਨੌਜਵਾਨਾਂ ਨੂੰ ਹੁਣ ਰੁਕਣਾ ਪੈ ਰਿਹਾ ਹੈ।

**10 ਸਾਲਾਂ ਵਿੱਚ ਸਭ ਤੋਂ ਵੱਡੀ ਗਿਰਾਵਟ:** ਜੇਕਰ ਅਸੀਂ ਇਸ ਸਾਲ ਹੁਣ ਤੱਕ ਬਣੇ ਪਾਸਪੋਰਟਾਂ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਸਥਿਤੀ ਬਹੁਤ ਬਦਲ ਗਈ ਜਾਪਦੀ ਹੈ। ਜਨਵਰੀ ਤੋਂ ਜੂਨ 2025 ਤੱਕ, ਰਾਜ ਵਿੱਚ ਲਗਭਗ 3.60 ਲੱਖ ਪਾਸਪੋਰਟ ਬਣਾਏ ਗਏ ਹਨ। ਜੇਕਰ ਇਹ ਰਫ਼ਤਾਰ ਸਾਲ ਭਰ ਜਾਰੀ ਰਹੀ, ਤਾਂ ਸਾਲ ਦੇ ਅੰਤ ਤੱਕ ਇਹ ਗਿਣਤੀ ਲਗਭਗ 7.50 ਲੱਖ ਤੱਕ ਪਹੁੰਚ ਜਾਵੇਗੀ, ਜੋ ਕਿ ਪਿਛਲੇ ਚਾਰ ਸਾਲਾਂ ਵਿੱਚ ਸਭ ਤੋਂ ਘੱਟ ਹੋਵੇਗੀ।

ਇਸ ਤੋਂ ਪਹਿਲਾਂ, 2021 ਵਿੱਚ ਸਭ ਤੋਂ ਘੱਟ ਪਾਸਪੋਰਟ ਬਣਾਏ ਗਏ ਸਨ, ਜਦੋਂ ਸਿਰਫ 6.44 ਲੱਖ ਪਾਸਪੋਰਟ ਅਰਜ਼ੀਆਂ ਪ੍ਰਾਪਤ ਹੋਈਆਂ ਸਨ। ਹਾਲਾਂਕਿ, 2021 ਵਿੱਚ, ਇਸਦਾ ਕਾਰਨ ਅੰਤਰਰਾਸ਼ਟਰੀ ਯਾਤਰਾ 'ਤੇ ਪਾਬੰਦੀ ਅਤੇ ਤਾਲਾਬੰਦੀ ਕਾਰਨ ਪਾਸਪੋਰਟ ਦਫਤਰਾਂ ਦਾ ਬੰਦ ਹੋਣਾ ਸੀ। (ਬਾਕੀ ਸਫਾ 2 'ਤੇ)

## ਜੰਮੂ-ਕਸ਼ਮੀਰ 'ਚ ਸੜਕ ਹਾਦਸੇ ਦੌਰਾਨ ਰਾਮਨਗਰ ਦੇ ਐਸ.ਡੀ.ਐਮ. ਅਤੇ ਉਸ ਦੇ ਪੁੱਤਰ ਦੀ ਮੌਤ

ਸ੍ਰੀਨਗਰ, 2 ਅਗਸਤ (ਚੜ੍ਹਦੀਕਲਾ ਬਿਊਰੋ) : ਜੰਮੂ-ਕਸ਼ਮੀਰ ਦੇ ਰਿਆਸੀ ਜ਼ਿਲ੍ਹੇ ਵਿੱਚ ਇੱਕ ਦਰਦਨਾਕ ਹਾਦਸੇ ਵਿੱਚ ਰਾਮਨਗਰ ਸਬ-ਡਿਵੀਜ਼ਨਲ ਮੈਜਿਸਟ੍ਰੇਟ (ਐਸਡੀਐਮ) ਰਾਜਿੰਦਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਦੀ ਮੌਤ ਹੋ ਗਈ। ਇਹ ਹਾਦਸਾ ਸਲੂਖ ਇਖਤਾਰ ਨਾਲਾ ਖੇਤਰ ਦੇ ਨੇੜੇ ਵਾਪਰਿਆ, ਜਦੋਂ ਉਨ੍ਹਾਂ ਦੀ ਗੱਡੀ (ਬੋਲੇਰੋ) ਲੈਂਡਸਲਾਈਡ ਦੀ ਲਪੇਟ ਵਿਚ ਆ ਗਈ ਸੀ।

ਰਾਜਿੰਦਰ ਸਿੰਘ ਜੰਮੂ ਅਤੇ ਕਸ਼ਮੀਰ ਪ੍ਰਸ਼ਾਸਨਿਕ ਸੇਵਾ (ਜੇਕੇਏਐਸ) ਦੇ ਅਧਿਕਾਰੀ ਸਨ। ਪੁਲਿਸ ਅਨੁਸਾਰ ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਰਜਿੰਦਰ ਸਿੰਘ ਆਪਣੇ ਪਰਿਵਾਰ ਨਾਲ ਧਰਮਾੜੀ ਤੋਂ ਆਪਣੇ ਜੱਦੀ ਪਿੰਡ ਪੱਟੀਆਂ ਵਾਪਸ ਆ ਰਹੇ ਸਨ। ਇਸ ਦੌਰਾਨ ਅਚਾਨਕ ਜ਼ਮੀਨ ਖਿਸਕਣ ਕਾਰਨ ਉਨ੍ਹਾਂ ਦੀ ਕਾਰ ਮਲਬੇ ਹੇਠ ਦੱਬ ਗਈ। (ਬਾਕੀ ਸਫਾ 2 'ਤੇ)

# ਆਨਲਾਈਨ ਸੱਟੇਬਾਜ਼ੀ 'ਤੇ ਪਾਬੰਦੀ ਲਈ ਸੁਪਰੀਮ ਕੋਰਟ ਵੱਲੋਂ ਸਾਰੇ ਸੂਬਿਆਂ ਨੂੰ ਨੋਟਿਸ ਜਾਰੀ

## ਕੋਰਟ ਨੇ ਗੂਗਲ ਇੰਡੀਆ ਅਤੇ ਐਪਲ ਇੰਡੀਆ ਪ੍ਰਾਈਵੇਟ ਲਿਮਟਿਡ ਤੋਂ ਵੀ ਮੰਗਿਆ ਜਵਾਬ

ਨਵੀਂ ਦਿੱਲੀ, 2 ਅਗਸਤ (ਚ.ਨ.ਸ.) : ਸੁਪਰੀਮ ਕੋਰਟ ਨੇ ਆਨਲਾਈਨ ਸੱਟੇਬਾਜ਼ੀ 'ਤੇ ਪਾਬੰਦੀ ਲਗਾਉਣ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਸਾਰੇ ਰਾਜਾਂ ਨੂੰ ਨੋਟਿਸ ਜਾਰੀ ਕੀਤਾ ਹੈ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਗੂਗਲ ਇੰਡੀਆ ਅਤੇ ਐਪਲ ਇੰਡੀਆ ਪ੍ਰਾਈਵੇਟ ਲਿਮਟਿਡ ਨੂੰ ਵੀ ਨੋਟਿਸ ਭੇਜ ਕੇ ਜਵਾਬ ਮੰਗਿਆ ਹੈ।ਸੁਪਰੀਮ ਕੋਰਟ ਨੇ ਕਿਹਾ ਕਿ ਇਹ ਮਾਮਲਾ ਜਨਤਕ ਹਿੱਤ ਨਾਲ ਜੁੜਿਆ ਹੈ ਅਤੇ ਇਸ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਜ਼ਰੂਰਤ ਹੈ। ਅਦਾਲਤ ਨੇ ਕਿਹਾ ਕਿ ਅਗਲੀ ਸੁਣਵਾਈ ਦੌਰਾਨ ਆਨਲਾਈਨ ਸੱਟੇਬਾਜ਼ੀ ਐਪਸ 'ਤੇ ਅੰਤਿਮ ਪਾਬੰਦੀ ਦੀ ਮੰਗ 'ਤੇ ਫੈਸਲਾ ਲਿਆ ਜਾ ਸਕਦਾ ਹੈ। ਇਸ ਤੋਂ ਪਹਿਲਾਂ ਪਿਛਲੀ ਸੁਣਵਾਈ ਤੋਂ ਬਾਅਦ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ ਅਤੇ ਆਨਲਾਈਨ ਸੱਟੇਬਾਜ਼ੀ ਦੇ ਮੁੱਦੇ 'ਤੇ ਜਵਾਬ ਮੰਗਿਆ



ਸੀ।ਇਸ ਮਾਮਲੇ ਸਬੰਧੀ ਪਟੀਸ਼ਨ ਕੇ. ਏ. ਪਾਲ ਵੱਲੋਂ ਦਾਇਰ ਕੀਤੀ ਗਈ ਸੀ ਅਤੇ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਇਹ ਆਨਲਾਈਨ ਸੱਟੇਬਾਜ਼ੀ ਐਪਸ ਪੂਰੀ ਤਰ੍ਹਾਂ ਆਨਲਾਈਨ ਜੂਏ ਵਾਂਗ ਹਨ। ਇਸ ਦੀ ਭੈੜੀ ਆਦਤ ਕਾਰਨ ਲੱਖਾਂ ਨੌਜਵਾਨ ਬਰਬਾਦ ਹੋ ਰਹੇ ਹਨ ਅਤੇ ਉਨ੍ਹਾਂ ਦੇ ਪਰਿਵਾਰ ਪ੍ਰਭਾਵਿਤ ਹੋ ਰਹੇ ਹਨ। ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਸਿਰਫ਼ ਤੇਲੰਗਾਨਾ ਸੂਬੇ ਵਿੱਚ ਹੀ ਸੱਟੇਬਾਜ਼ੀ ਐਪਸ ਦੀ ਭੈੜੀ ਆਦਤ ਕਾਰਨ 1 ਹਜ਼ਾਰ ਤੋਂ ਵੱਧ ਵਿਅਕਤੀ ਆਤਮ ਹੱਤਿਆ ਕਰ ਚੁੱਕੇ ਹਨ।

ਪਟੀਸ਼ਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਬਾਲੀਵੁੱਡ ਅਤੇ ਟਾਲੀਵੁੱਡ ਨਾਲ ਜੁੜੇ ਲਗਭਗ 25 ਅਦਾਕਾਰਾਂ ਵੱਲੋਂ ਐਪਸ ਸਬੰਧੀ ਪ੍ਰਚਾਰ ਕੀਤਾ ਜਾ ਰਿਹਾ ਹੈ। ਜਦਕਿ ਕਈ ਮਸ਼ਹੂਰ ਖਿਡਾਰੀ ਵੀ ਇਨ੍ਹਾਂ ਸੱਟੇਬਾਜ਼ੀ ਪਲੇਟਫਾਰਮਾਂ ਦਾ ਪ੍ਰਚਾਰ ਕਰ ਰਹੇ ਹਨ, ਜਿਸ ਕਾਰਨ ਨੌਜਵਾਨ ਪੀੜ੍ਹੀ ਗਲਤ ਰਸਤੇ 'ਤੇ ਜਾ ਰਹੀ ਹੈ। ਉੱਧਰ ਈਡੀ ਦਾ ਆਰੋਪ ਹੈ ਕਿ ਗੂਗਲ ਅਤੇ ਮੈਟਾ ਨੇ ਇਸ਼ਤਿਹਾਰਾਂ ਰਾਹੀਂ ਆਪਣੇ ਪਲੇਟਫਾਰਮਾਂ ਰਾਹੀਂ ਗੈਰ-ਕਾਨੂੰਨੀ ਸੱਟੇਬਾਜ਼ੀ ਐਪਸ ਦਾ ਪ੍ਰਚਾਰ ਕੀਤਾ ਅਤੇ ਆਪਣੀ ਪਹੁੰਚ ਨੂੰ ਵਧਾਉਣ ਵਿੱਚ ਮੱਦਦ ਕੀਤੀ। ਜਾਂਚ ਵਿੱਚ ਪਾਇਆ ਗਿਆ ਕਿ ਇਹ ਐਪਸ ਗੇਮਿੰਗ ਦੇ ਨਾਮ 'ਤੇ ਗੈਰ-ਕਾਨੂੰਨੀ ਸੱਟੇਬਾਜ਼ੀ ਨੂੰ ਉਤਸ਼ਾਹਿਤ ਕਰਦੇ ਹਨ।

## ਕੁਲਗਾਮ 'ਚ ਮੁਕਾਬਲੇ ਦੌਰਾਨ ਸੁਰੱਖਿਆ ਬਲਾਂ ਵੱਲੋਂ 2 ਅੱਤਵਾਦੀ ਢੇਰ

ਕੁਲਗਾਮ, 2 ਅਗਸਤ (ਚ.ਨ.ਸ.) : ਜੰਮੂ-ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ਵਿੱਚ ਸ਼ਨੀਵਾਰ ਨੂੰ ਸੁਰੱਖਿਆ ਬਲਾਂ ਨੇ ਮੁਕਾਬਲੇ ਦੌਰਾਨ ਦੋ ਅੱਤਵਾਦੀਆਂ ਨੂੰ ਢੇਰ ਕਰ ਦਿੱਤਾ ਹੈ। ਜਾਣਕਾਰੀ ਦਿੰਦੇ ਹੋਏ ਅਧਿਕਾਰੀਆਂ ਨੇ ਦੱਸਿਆ ਕਿ ਅੱਤਵਾਦੀਆਂ ਦੀ ਮੌਜੂਦਗੀ ਬਾਰੇ ਖੁਫੀਆ ਜਾਣਕਾਰੀ ਮਿਲਣ 'ਤੇ ਬਾਅਦ ਸੁਰੱਖਿਆ ਬਲਾਂ ਨੇ ਦੱਖਣੀ ਕਸ਼ਮੀਰ ਜ਼ਿਲ੍ਹੇ ਦੇ ਅਖਲ ਦੇ ਜੰਗਲੀ ਖੇਤਰ ਨੂੰ ਘੇਰ ਲਿਆ ਅਤੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ, ਜਿਸ ਤੋਂ ਬਾਅਦ ਰਾਤ ਨੂੰ ਦੋਵਾਂ ਵਿਚਕਾਰ ਮੁਕਾਬਲਾ ਸ਼ੁਰੂ ਹੋ ਗਿਆ। ਉਨ੍ਹਾਂ ਕਿਹਾ ਕਿ ਸ਼ੁਰੂ ਵਿੱਚ ਰਾਤ ਨੂੰ ਅੱਤਵਾਦੀਆਂ ਅਤੇ ਸੁਰੱਖਿਆ ਬਲਾਂ ਵਿਚਕਾਰ ਗੋਲੀਬਾਰੀ ਸ਼ੁਰੂ ਹੋਣ ਤੋਂ ਬਾਅਦ ਕਾਰਵਾਈ ਰੋਕ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਘੇਰਾਬੰਦੀ ਨੂੰ ਮਜ਼ਬੂਤ ਕਰ ਦਿੱਤਾ ਗਿਆ ਸੀ ਅਤੇ ਇਲਾਕੇ ਵਿੱਚ ਵਾਧੂ ਬਲ ਵੀ ਤਾਇਨਾਤ ਕੀਤੇ ਗਏ ਸਨ। ਅਧਿਕਾਰੀਆਂ ਨੇ



ਦੱਸਿਆ ਕਿ ਸ਼ਨੀਵਾਰ ਸਵੇਰੇ ਸੁਰੱਖਿਆ ਬਲਾਂ ਅਤੇ ਅੱਤਵਾਦੀਆਂ ਵਿਚਕਾਰ ਫਿਰ ਗੋਲੀਬਾਰੀ ਸ਼ੁਰੂ ਹੋ ਗਈ, ਜਿਸ ਵਿੱਚ ਦੋ ਅੱਤਵਾਦੀ ਮਾਰੇ ਗਏ। ਅਧਿਕਾਰੀਆਂ ਨੇ ਦੱਸਿਆ ਕਿ ਮਾਰੇ ਗਏ ਅੱਤਵਾਦੀਆਂ ਅਤੇ ਉਨ੍ਹਾਂ ਦੇ ਸੰਗਠਨ ਦੀ ਪਛਾਣ ਕੀਤੀ ਜਾ ਰਹੀ ਹੈ ਤੇ ਮੁਕਾਬਲਾ ਅਜੇ ਵੀ ਜਾਰੀ ਹੈ।


### ਰਾਹੁਲ ਗਾਂਧੀ ਦਾ ਵੱਡਾ ਦਾਅਵਾ

# ਅਰੁਣ ਜੇਤਲੀ ਨੂੰ ਮੈਨੂੰ ਧਮਕਾਉਣ ਲਈ ਭੇਜਿਆ ਗਿਆ ਸੀ...!

ਨਵੀਂ ਦਿੱਲੀ, 2 ਅਗਸਤ (ਚ.ਨ.ਸ.) : ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਸ਼ਨੀਵਾਰ ਨੂੰ ਦਾਅਵਾ ਕੀਤਾ ਕਿ ਤਤਕਾਲੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਉਨ੍ਹਾਂ ਨੂੰ ਧਮਕਾਉਣ ਲਈ ਭੇਜਿਆ ਗਿਆ ਸੀ। ਜਦੋਂ ਉਨ੍ਹਾਂ ਨੇ ਭੂਮੀ ਪ੍ਰਾਪਤੀ ਬਿੱਲ ਵਿੱਚ ਸੋਧ ਦੀ ਕੋਸ਼ਿਸ਼ ਦਾ ਵਿਰੋਧ ਕੀਤਾ ਸੀ। ਜੇਤਲੀ ਦੇ ਪੁੱਤਰ ਰੋਹਨ ਜੇਤਲੀ ਨੇ ਕਾਂਗਰਸ ਨੇਤਾ ਦੇ ਦਾਅਵੇ ਨੂੰ ਰੱਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਪਿਤਾ ਇੱਕ ਕੱਟੜ ਲੋਕਤੰਤਰਵਾਦੀ ਸਨ ਅਤੇ ਵਿਰੋਧੀ ਵਿਚਾਰਾਂ ਵਾਲੇ ਕਿਸੇ ਨੂੰ ਵੀ ਧਮਕਾਉਣਾ ਉਨ੍ਹਾਂ ਦਾ ਸੁਭਾਅ ਨਹੀਂ ਸੀ।

ਸਾਬਕਾ ਵਿੱਤ ਮੰਤਰੀ ਜੇਤਲੀ ਦਾ 2019 ਵਿੱਚ ਦੇਹਾਂਤ ਹੋ ਗਿਆ ਸੀ। ਰਾਹੁਲ ਗਾਂਧੀ ਨੇ ਕਾਂਗਰਸ ਦੇ ਕਾਨੂੰਨ, ਮਨੁੱਖੀ ਅਧਿਕਾਰ ਅਤੇ ਆਰਟੀਆਈ ਵਿਭਾਗ ਦੁਆਰਾ ਆਯੋਜਿਤ ਸਾਲਾਨਾ ਕਾਨੂੰਨੀ ਸੰਮੇਲਨ ਵਿੱਚ ਜੇਤਲੀ ਬਾਰੇ ਇਹ ਦਾਅਵਾ ਕੀਤਾ ਸੀ। ਗਾਂਧੀ ਨੇ ਇਹ ਦਾਅਵਾ ਕਰਦੇ ਸਮੇਂ ਖੇਤੀਬਾੜੀ ਕਾਨੂੰਨਾਂ ਦਾ ਵੀ ਹਵਾਲਾ ਦਿੱਤਾ, ਹਾਲਾਂਕਿ ਉਨ੍ਹਾਂ ਦੇ ਦਫ਼ਤਰ ਨਾਲ ਜੁੜੇ ਸੂਤਰਾਂ ਦਾ ਕਹਿਣਾ ਹੈ ਕਿ ਵਿਰੋਧੀ ਧਿਰ ਦੇ ਨੇਤਾ ਮੋਦੀ ਸਰਕਾਰ ਦੇ ਭੂਮੀ ਪ੍ਰਾਪਤੀ ਸੋਧ ਬਿੱਲ ਦਾ ਹਵਾਲਾ ਦੇ ਰਹੇ ਸਨ ਜੋ ਕਿਸਾਨਾਂ 'ਤੇ ਮਾੜਾ ਪ੍ਰਭਾਵ ਪਾ ਸਕਦਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪਹਿਲੇ ਕਾਰਜਕਾਲ ਦੌਰਾਨ, ਉਨ੍ਹਾਂ ਦੀ ਸਰਕਾਰ



ਨੇ ਇਹ ਬਿੱਲ ਲਿਆਂਦਾ ਸੀ, ਪਰ ਵਿਰੋਧ ਤੋਂ ਬਾਅਦ ਇਸ ਨੂੰ ਵਾਪਸ ਲੈ ਲਿਆ। ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਰਾਹੁਲ ਗਾਂਧੀ ਨੇ ਕਿਹਾ, "ਮੈਨੂੰ ਯਾਦ ਹੈ ਜਦੋਂ ਮੈਂ ਖੇਤੀਬਾੜੀ ਕਾਨੂੰਨਾਂ (ਭੂਮੀ ਪ੍ਰਾਪਤੀ ਕਾਨੂੰਨ ਵਿੱਚ ਸੋਧ ਕਰਨ ਵਾਲਾ ਬਿੱਲ) ਦਾ ਵਿਰੋਧ ਕਰ ਰਿਹਾ ਸੀ ਤਾਂ ਅਰੁਣ ਜੇਤਲੀ ਜੀ ਨੂੰ ਮੈਨੂੰ ਧਮਕਾਉਣ ਲਈ ਭੇਜਿਆ ਗਿਆ ਸੀ।' ਕਾਂਗਰਸੀ ਨੇਤਾ ਦੇ ਅਨੁਸਾਰ, ਜੇਤਲੀ ਨੇ ਉਨ੍ਹਾਂ ਨੂੰ ਕਿਹਾ, 'ਜੇ ਤੁਸੀਂ ਇਸੇ ਰਸਤੇ 'ਤੇ ਚੱਲਦੇ ਰਹੇ, ਸਰਕਾਰ ਦਾ ਵਿਰੋਧ ਕਰਦੇ ਰਹੇ ਅਤੇ ਖੇਤੀਬਾੜੀ ਕਾਨੂੰਨਾਂ 'ਤੇ ਸਾਡੇ ਨਾਲ ਲੜਦੇ ਰਹੇ ਤਾਂ ਸਾਨੂੰ ਤੁਹਾਡੇ ਖ਼ਿਲਾਫ਼ ਕਾਰਵਾਈ ਕਰਨੀ ਪਵੇਗੀ।' ਉਨ੍ਹਾਂ ਕਿਹਾ, 'ਮੈਂ ਜਵਾਬ ਦਿੱਤਾ ਕਿ ਅਜਿਹਾ ਲੱਗਦਾ ਹੈ ਕਿ ਤੁਹਾਨੂੰ ਇਹ ਵੀ ਨਹੀਂ ਪਤਾ ਕਿ ਤੁਸੀਂ ਕਿਸ ਨਾਲ ਗੱਲ ਕਰ ਰਹੇ ਹੋ। ਅਸੀਂ ਕਾਂਗਰਸੀ ਹਾਂ ਅਤੇ ਅਸੀਂ ਡਰਪੋਕ ਨਹੀਂ ਹਾਂ। ਅਸੀਂ ਕਦੇ ਝੁਕਦੇ ਨਹੀਂ ਹਾਂ। ਅੰਗਰੇਜ਼ ਵੀ ਸਾਨੂੰ ਨਹੀਂ ਝੁਕਾ ਸਕੇ ਸਨ।' ਜੇਤਲੀ ਦੇ ਪੁੱਤਰ ਰੋਹਨ ਜੇਤਲੀ ਨੇ ਕਾਂਗਰਸ ਨੇਤਾ ਦੇ ਦਾਅਵੇ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਐਕਸ 'ਤੇ ਪੋਸਟ ਕਰ ਕਿਹਾ, 'ਰਾਹੁਲ ਗਾਂਧੀ ਹੁਣ ਦਾਅਵਾ ਕਰ ਰਹੇ ਹਨ ਕਿ ਮੇਰੇ ਸਵਰਗੀ ਪਿਤਾ ਅਰੁਣ ਜੇਤਲੀ ਨੇ ਉਨ੍ਹਾਂ ਨੂੰ ਖੇਤੀਬਾੜੀ ਕਾਨੂੰਨਾਂ 'ਤੇ ਧਮਕੀ ਦਿੱਤੀ ਸੀ। ਮੈਂ ਉਨ੍ਹਾਂ ਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਮੇਰੇ ਪਿਤਾ ਦੀ ਮੌਤ 2019 ਵਿੱਚ ਹੋਈ ਸੀ। ਖੇਤੀ ਕਾਨੂੰਨ 2020 ਵਿੱਚ ਪੇਸ਼ ਕੀਤੇ ਗਏ ਸਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਮੇਰੇ ਪਿਤਾ ਦਾ ਸੁਭਾਅ ਵਿਰੋਧੀ ਵਿਚਾਰਾਂ ਨਾਲ ਕਿਸੇ ਨੂੰ ਡਰਾਉਣ ਨਹੀਂ ਸੀ।' ਉਨ੍ਹਾਂ ਅੱਗੇ ਕਿਹਾ, 'ਉਹ ਇੱਕ ਪੱਕੇ ਲੋਕਤੰਤਰਵਾਦੀ ਸਨ ਅਤੇ ਹਮੇਸ਼ਾ ਸਹਿਮਤੀ ਬਣਾਉਣ ਵਿੱਚ ਵਿਸ਼ਵਾਸ ਰੱਖਦੇ ਸਨ।" ਉਨ੍ਹਾਂ ਇਹ ਵੀ ਕਿਹਾ ਕਿ ਰਾਹੁਲ ਗਾਂਧੀ ਨੂੰ ਉਨ੍ਹਾਂ ਲੋਕਾਂ ਬਾਰੇ ਗੱਲ ਕਰਦੇ ਸਮੇਂ ਸਾਵਧਾਨ ਰਹਿਣਾ ਚਾਹੀਦਾ ਹੈ ਜੋ ਹੁਣ ਇਸ ਦੁਨੀਆ ਵਿੱਚ ਨਹੀਂ ਹਨ।

### ਰਾਹੁਲ ਦੇ ਬਿਆਨ 'ਤੇ ਬੋਲੇ ਰੋਹਨ ਜੇਤਲੀ

## 'ਮੇਰੇ ਪਿਤਾ ਜੀ ਕਦੇ ਵੀ ਧਮਕੀ ਦੇਣ ਦੇ ਪੱਖ 'ਚ ਨਹੀਂ ਸਨ'

ਨਵੀਂ ਦਿੱਲੀ, 2 ਅਗਸਤ (ਚ.ਨ.ਸ.) : ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸ ਦੇ ਸਾਬਕਾ ਰਾਸ਼ਟਰੀ ਪ੍ਰਧਾਨ ਰਾਹੁਲ ਗਾਂਧੀ ਇਨ੍ਹੀਂ ਦਿਨੀਂ ਲਗਾਤਾਰ ਸੁਰਖੀਆਂ ਵਿੱਚ ਹਨ। ਬਿਹਾਰ ਵਿੱਚ ਵੋਟਰ ਸੂਚੀ ਵਿੱਚ ਸੋਧ ਤੋਂ ਲੈ ਕੇ ਪਹਿਲਗਾਮ ਹਮਲੇ ਅਤੇ ਆਪ੍ਰੇਸ਼ਨ ਸਿੰਦੂਰ ਤੱਕ ਦੇ ਮੁੱਦਿਆਂ 'ਤੇ ਰਾਹੁਲ ਗਾਂਧੀ ਦੇ ਬਿਆਨ ਅਖ਼ਬਾਰਾਂ ਵਿੱਚ ਸੁਰਖੀਆਂ ਬਣੇ। ਹੁਣ ਇੱਕ ਵਾਰ ਫਿਰ ਉਨ੍ਹਾਂ ਨੇ ਅਜਿਹਾ ਦਾਅਵਾ ਕੀਤਾ ਹੈ, ਜਿਸ ਨਾਲ ਰਾਜਨੀਤਿਕ ਵਿਵਾਦ ਵਧਣ ਦੀ ਉਮੀਦ ਹੈ।



ਦਰਅਸਲ, ਰਾਹੁਲ ਗਾਂਧੀ ਨੇ ਕਿਹਾ ਕਿ ਜਦੋਂ ਉਹ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਸਨ, ਤਾਂ ਸਾਬਕਾ ਕੇਂਦਰੀ ਮੰਤਰੀ ਅਤੇ ਮਰਹੂਮ ਭਾਜਪਾ ਨੇਤਾ ਅਰੁਣ ਜੇਤਲੀ ਨੂੰ ਉਨ੍ਹਾਂ ਨੂੰ ਧਮਕੀਆਂ ਦੇਣ ਲਈ ਭੇਜਿਆ ਗਿਆ ਸੀ। ਦਿਲਚਸਪ ਗੱਲ ਇਹ ਹੈ ਕਿ ਖੇਤੀਬਾੜੀ ਕਾਨੂੰਨ 2020 ਵਿੱਚ ਲਾਗੂ ਹੋਇਆ ਸੀ, ਜਦੋਂ ਕਿ ਅਰੁਣ ਜੇਤਲੀ ਦੀ ਮੌਤ ਸਾਲ 2019 ਵਿੱਚ ਹੀ ਹੋ ਗਈ ਸੀ। ਰਾਹੁਲ ਗਾਂਧੀ ਦੇ ਇਸ ਦਾਅਵੇ 'ਤੇ ਭਾਜਪਾ ਅਤੇ ਅਰੁਣ ਜੇਤਲੀ ਦੇ ਪੁੱਤਰ ਰੋਹਨ ਜੇਤਲੀ ਨੇ ਸਵਾਲ ਖੜ੍ਹੇ ਕੀਤੇ ਹਨ।

ਅਰੁਣ ਜੇਤਲੀ ਦੇ ਪੁੱਤਰ ਰੋਹਨ ਜੇਤਲੀ ਨੇ ਹੁਣ ਰਾਹੁਲ ਗਾਂਧੀ ਦੇ ਦਾਵਿਆਂ 'ਤੇ ਪ੍ਰਤੀਕਿਰਿਆ ਦਿੱਤੀ ਹੈ। ਰੋਹਨ ਜੇਤਲੀ ਨੇ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਇੱਕ ਪੋਸਟ ਵਿੱਚ ਲਿਖਿਆ ਹੈ ਕਿ ਰਾਹੁਲ ਗਾਂਧੀ ਦਾਅਵਾ ਕਰ ਰਹੇ ਹਨ ਕਿ ਮੇਰੇ ਪਿਤਾ ਨੇ ਉਨ੍ਹਾਂ ਨੂੰ ਖੇਤੀਬਾੜੀ ਕਾਨੂੰਨਾਂ 'ਤੇ ਧਮਕੀ ਦਿੱਤੀ ਸੀ, ਪਰ ਖੇਤੀਬਾੜੀ ਕਾਨੂੰਨ 2020 ਵਿਚ ਲਿਆਂਦੇ ਗਏ ਸਨ ਅਤੇ ਮੇਰੇ ਪਿਤਾ ਦੀ ਮੌਤ 2019 ਵਿਚ ਹੀ ਹੋ ਗਈ ਸੀ।

# ਮਜੀਠੀਆ ਵਿਰੁੱਧ ਜਾਂਚ ਨੂੰ ਅੱਗੇ ਵਧਾਉਂਦਿਆਂ ਵਿਜੀਲੈਂਸ ਵੱਲੋਂ ਗਿਲਕੋ ਡਿਵੈਲਪਰਾਂ ਨਾਲ ਸਬੰਧਤ ਖੇਤਰਾਂ ਦੀ ਤਲਾਸ਼ੀ


ਚੰਡੀਗੜ੍ਹ, 2 ਅਗਸਤ (ਚ.ਨ.ਸ.) : ਬਿਕਰਮ ਸਿੰਘ ਮਜੀਠੀਆ ਵਿਰੁੱਧ ਪੰਜਾਬ ਵਿਜੀਲੈਂਸ ਬਿਊਰੋ ਪੁਲਿਸ ਸਟੇਸ਼ਨ ਫਲਾਇੰਗ ਸਕੁਐਡ, ਐਸਏਐਸ ਨਗਰ ਵਿਖੇ ਦਰਜ ਐਫਆਈਆਰ ਨੰਬਰ 22 ਮਿਤੀ 25-06-2025 ਦੀ ਜਾਂਚ ਨੂੰ ਅੱਗੇ ਵਧਾਉਂਦੇ ਹੋਏ, ਵਿਜੀਲੈਂਸ ਵੱਲੋਂ ਬਿਊਰੋ, ਪੰਜਾਬ ਨੇ ਸ਼ਨੀਵਾਰ, 02-08-2025 ਨੂੰ ਗਿਲਕੋ ਡਿਵੈਲਪਰਾਂ ਨਾਲ ਜੁੜੀਆਂ ਤਿੰਨ ਜਾਇਦਾਦਾਂ 'ਤੇ ਛਾਪੇਮਾਰੀ ਅਤੇ ਤਲਾਸ਼ੀ ਕੀਤੀ ਗਈ।

ਤਲਾਸ਼ੀ ਦੌਰਾਨ, ਵਿਜੀਲੈਂਸ ਬਿਊਰੋ ਨੇ ਗਿਲਕੋ ਡਿਵੈਲਪਰਾਂ ਅਤੇ ਬਿਕਰਮ ਸਿੰਘ ਮਜੀਠੀਆ ਨਾਲ ਜੁੜੀਆਂ ਇਕਾਈਆਂ ਵਿਚਕਾਰ ਕਰੋੜਾਂ ਦੇ ਸ਼ੱਕੀ ਵਿੱਤੀ ਲੈਣ-ਦੇਣ ਦੇ ਵੇਰਵਿਆਂ ਦਾ ਖੁਲਾਸਾ ਕੀਤਾ ਹੈ। ਇਸ ਸਬੰਧ ਵਿੱਚ ਹੋਰ ਜਾਂਚ ਜਾਰੀ ਹੈ।



ਅੱਜ ਇੱਥੇ ਇਹ ਖੁਲਾਸਾ ਕਰਦੇ ਹੋਏ, ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਪੰਜਾਬ ਅਤੇ ਚੰਡੀਗੜ੍ਹ ਵਿੱਚ ਤਲਾਸ਼ੀ ਲਈ ਗਈ। ਉਨ੍ਹਾਂ ਅੱਗੇ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਵਿਰੁੱਧ ਐਫਆਈਆਰ ਦਰਜ ਹੋਣ ਤੋਂ ਬਾਅਦ, ਗਿਲਕੋ ਡਿਵੈਲਪਰਾਂ ਅਤੇ ਕੁਝ ਇਕਾਈਆਂ ਵਿਚਕਾਰ ਕੁਝ ਸ਼ੱਕੀ ਵਿੱਤੀ ਸਬੰਧ ਅਤੇ ਲੈਣ-ਦੇਣ ਸਾਹਮਣੇ ਆਏ ਸਨ। ਇਨ੍ਹਾਂ ਦੀ ਬਾਰੀਕਬੀਨੀ ਨਾਲ ਜਾਂਚ ਕੀਤੀ ਗਈ । ਇਨ੍ਹਾਂ ਲੈਣ-ਦੇਣਾਂ ਦੀ ਹੋਰ ਡੂੰਘਾਈ ਨਾਲ ਜਾਂਚ ਕਰਨ ਅਤੇ ਸੰਬੰਧਿਤ ਸਬੂਤ ਇਕੱਠੇ ਕਰਨ ਲਈ, ਵਿਜੀਲੈਂਸ ਬਿਊਰੋ ਨੇ ਕਾਨੂੰਨ ਦੁਆਰਾ ਸਥਾਪਿਤ ਪ੍ਰਕਿਰਿਆ ਅਨੁਸਾਰ ਇਹ ਤਲਾਸ਼ੀਆਂ ਲਈਆਂ ਹਨ।

ਚੱਲ ਰਹੀਆਂ ਤਲਾਸ਼ੀਆਂ ਵਿੱਚ ਕਈ ਦੋਸ਼ਪੂਰਨ ਦਸਤਾਵੇਜ਼, ਇਲੈਕਟਰਾਨਿਕ ਉਪਕਰਣ ਅਤੇ ਹੋਰ ਸਬੂਤ ਜ਼ਬਤ ਕੀਤੇ ਗਏ ਹਨ। ਬੁਲਾਰੇ ਨੇ ਦੱਸਿਆ ਕਿ ਤਲਾਸ਼ੀ ਕਾਰਵਾਈਆਂ ਕਾਨੂੰਨੀ ਪ੍ਰਕਿਰਿਆਵਾਂ ਦੇ ਅਨੁਸਾਰ ਸਖ਼ਤੀ ਨਾਲ ਕੀਤੀਆਂ ਗਈਆਂ ਸਨ ਅਤੇ ਤਲਾਸ਼ੀ ਅਜੇ ਵੀ ਜਾਰੀ ਹੈ। ਬੁਲਾਰੇ ਨੇ ਕਿਹਾ ਕਿ ਉਪਰੋਕਤ ਤਲਾਸ਼ੀ ਦੌਰਾਨ ਇਲੈਕਟ੍ਰਾਨਿਕ ਯੰਤਰ ਅਤੇ ਸੰਬੰਧਿਤ ਦਸਤਾਵੇਜ਼ ਵੀ ਜ਼ਬਤ ਕੀਤੇ ਗਏ ਹਨ।

ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼

ਡਰਾਅ ਸਮਾਂ : ਰਾਤ 08:00 ਵਜੇ ਤੋਂ — ਪੰਜਾਬ ਸਟੇਟ ਡੀਅਰ 200 ਮਹੀਨਾਵਾਰ ਲਾਟਰੀ ਦਾ ਨਤੀਜਾ — ਡਰਾਅ ਮਿਤੀ : 02.08.2025

ਮੁੱਲ ਰੁਪਏ 200/- ਪ੍ਰਤੀ ਟਿਕਟ

ਪਹਿਲੇ ਇਨਾਮ ਦੀ ਰਾਸ਼ੀ (1) ਰੁ. 1.50 ਕਰੋੜ (6 ਅੰਕਾਂ 'ਤੇ)

823883

ਦੂਜੇ ਇਨਾਮ ਦੀ ਰਾਸ਼ੀ (1) ਰੁਪਏ 10 ਲੱਖ (6 ਅੰਕਾਂ 'ਤੇ)

563549

ਤੀਜੇ ਇਨਾਮ ਦੀ ਰਾਸ਼ੀ (1) ਰੁਪਏ 5 ਲੱਖ (6 ਅੰਕਾਂ 'ਤੇ)

725321

ਚੌਥੇ ਇਨਾਮ ਦੀ ਰਾਸ਼ੀ (500) ਰੁਪਏ 5,000/- (ਆਖ਼ਰੀ 4 ਅੰਕਾਂ 'ਤੇ)

| | | | | | | | | | |
|---|---|---|---|---|---|---|---|---|---|
| 1526 | 2046 | 2153 | 5182 | 7427 | 7708 | 7755 | 7965 | 8911 | 9206 |

ਪੰਜਵੇਂ ਇਨਾਮ ਦੀ ਰਾਸ਼ੀ (500) ਰੁਪਏ 2,000/- (ਆਖ਼ਰੀ 4 ਅੰਕਾਂ 'ਤੇ)

| | | | | | | | | | |
|---|---|---|---|---|---|---|---|---|---|
| 1052 | 1467 | 3345 | 3704 | 3974 | 6075 | 6245 | 6701 | 6796 | 7393 |

ਛੇਵੇਂ ਇਨਾਮ ਦੀ ਰਾਸ਼ੀ (500) ਰੁਪਏ 1000/- (ਆਖ਼ਰੀ 4 ਅੰਕਾਂ 'ਤੇ)

| | | | | | | | | | |
|---|---|---|---|---|---|---|---|---|---|
| 1787 | 4003 | 4376 | 4600 | 7349 | 7681 | 7851 | 9112 | 9804 | 9943 |

ਸੱਤਵੇਂ ਇਨਾਮ ਦੀ ਰਾਸ਼ੀ (20000) ਰੁਪਏ 500/- (ਆਖ਼ਰੀ 4 ਅੰਕਾਂ 'ਤੇ)

| | | | | | | | | | |
|---|---|---|---|---|---|---|---|---|---|
| 0003 | 0008 | 0016 | 0044 | 0062 | 0081 | 0096 | 0133 | 0163 | 0170 |
| 0198 | 0208 | 0216 | 0387 | 0396 | 0487 | 0540 | 0549 | 0573 | 0614 |
| 0617 | 0651 | 0689 | 0705 | 0708 | 0732 | 0741 | 0745 | 0756 | 0770 |
| 0811 | 0827 | 0828 | 0856 | 0869 | 0880 | 0898 | 0911 | 0965 | 1001 |
| 1032 | 1077 | 1150 | 1152 | 1153 | 1210 | 1227 | 1253 | 1266 | 1308 |
| 1372 | 1373 | 1385 | 1393 | 1438 | 1447 | 1459 | 1469 | 1535 | 1549 |
| 1559 | 1561 | 1614 | 1616 | 1655 | 1726 | 1750 | 1753 | 1854 | 1872 |
| 1896 | 1909 | 1918 | 1963 | 1964 | 1987 | 2037 | 2051 | 2068 | 2107 |
| 2114 | 2124 | 2139 | 2159 | 2171 | 2181 | 2189 | 2196 | 2248 | 2250 |
| 2341 | 2352 | 2355 | 2367 | 2375 | 2400 | 2407 | 2419 | 2448 | 2584 |
| 2589 | 2591 | 2656 | 2658 | 2732 | 2733 | 2779 | 2828 | 2881 | 2922 |
| 2929 | 2977 | 3003 | 3007 | 3010 | 3061 | 3063 | 3090 | 3091 | 3120 |
| 3217 | 3218 | 3223 | 3232 | 3248 | 3302 | 3318 | 3319 | 3356 | 3361 |
| 3381 | 3539 | 3566 | 3593 | 3594 | 3628 | 3671 | 3743 | 3758 | 3760 |
| 3792 | 3831 | 3832 | 3852 | 3854 | 3890 | 3910 | 3923 | 3959 | 3997 |
| 4002 | 4006 | 4021 | 4080 | 4083 | 4103 | 4131 | 4148 | 4166 | 4167 |
| 4171 | 4192 | 4214 | 4218 | 4230 | 4240 | 4254 | 4277 | 4313 | 4315 |
| 4324 | 4357 | 4358 | 4490 | 4495 | 4506 | 4512 | 4559 | 4572 | 4583 |
| 4620 | 4621 | 4657 | 4684 | 4689 | 4705 | 4707 | 4758 | 4779 | 4824 |
| 4902 | 4916 | 4936 | 4949 | 4957 | 4973 | 4993 | 5029 | 5042 | 5064 |
| 5068 | 5080 | 5086 | 5088 | 5150 | 5181 | 5184 | 5194 | 5234 | 5272 |
| 5276 | 5282 | 5285 | 5298 | 5371 | 5395 | 5396 | 5444 | 5517 | 5520 |
| 5529 | 5559 | 5564 | 5576 | 5591 | 5602 | 5607 | 5615 | 5629 | 5650 |
| 5655 | 5666 | 5741 | 5746 | 5759 | 5827 | 5834 | 5932 | 5956 | 5969 |
| 5974 | 5976 | 5978 | 5992 | 6010 | 6093 | 6114 | 6154 | 6178 | 6180 |
| 6183 | 6202 | 6327 | 6332 | 6351 | 6393 | 6458 | 6473 | 6480 | 6491 |
| 6522 | 6549 | 6612 | 6642 | 6646 | 6650 | 6670 | 6709 | 6716 | 6734 |
| 6749 | 6759 | 6763 | 6845 | 6857 | 6869 | 6916 | 6920 | 6924 | 6931 |
| 6932 | 6971 | 6981 | 6983 | 6990 | 7007 | 7026 | 7034 | 7045 | 7066 |
| 7103 | 7110 | 7120 | 7131 | 7137 | 7138 | 7166 | 7167 | 7184 | 7199 |
| 7207 | 7215 | 7217 | 7267 | 7331 | 7348 | 7386 | 7394 | 7400 | 7420 |
| 7491 | 7556 | 7606 | 7621 | 7631 | 7632 | 7701 | 7722 | 7724 | 7799 |
| 7812 | 7824 | 7825 | 7858 | 7908 | 7956 | 7969 | 7975 | 7991 | 8022 |
| 8121 | 8137 | 8155 | 8170 | 8181 | 8198 | 8228 | 8266 | 8276 | 8300 |
| 8316 | 8331 | 8341 | 8386 | 8441 | 8496 | 8514 | 8569 | 8575 | 8579 |
| 8627 | 8702 | 8805 | 8829 | 8886 | 8903 | 8980 | 8984 | 9021 | 9033 |
| 9045 | 9049 | [illegible] | [illegible] | [illegible] | [illegible] | [illegible] | [illegible] | 9334 | 9335 |
| 9368 | 9374 | 9376 | 9391 | 9428 | 9432 | 9460 | 9473 | 9478 | 9479 |
| 9504 | 9521 | 9532 | 9552 | 9566 | 9567 | 9581 | 9591 | 9638 | 9660 |
| 9701 | 9729 | 9736 | 9828 | 9872 | 9894 | 9905 | 9929 | 9961 | 9990 |

ਜਾਰੀ ਕਰਤਾ ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼

RO. No. PR-Advt. No. 1118/11/2025-26/1761/Dated CHD 2.8.2025


## ਅਮਰਨਾਥ ਯਾਤਰਾ ਨਿਰਧਾਰਤ ਸਮੇਂ

ਅਧਿਕਾਰੀਆਂ ਨੇ ਭਾਰੀ ਮੀਂਹ ਦੇ ਮੱਦੇਨਜ਼ਰ 'ਮਹੱਤਵਪੂਰਨ ਮੁਰੰਮਤ ਅਤੇ ਰੱਖ-ਰਖਾਅ ਦੇ ਕੰਮਾਂ' ਦਾ ਹਵਾਲਾ ਦਿੰਦਿਆਂ ਇਸਦੀ ਮਿਆਦ ਇੱਕ ਹਫ਼ਤੇ ਘਟਾਉਣ ਦਾ ਫ਼ੈਸਲਾ ਕੀਤਾ।

ਕਸ਼ਮੀਰ ਦੇ ਡਿਵੀਜ਼ਨਲ ਕਮਿਸ਼ਨਰ ਵਿਜੈ ਕੁਮਾਰ ਬਿਧੂੜੀ ਨੇ ਇੱਥੇ ਕਿਹਾ, "ਹਾਲ ਹੀ ਵਿੱਚ ਭਾਰੀ ਮੀਂਹ ਅਤੇ ਸ੍ਰੀ ਅਮਰਨਾਥ ਜੀ ਯਾਤਰਾ ਰੂਟ ਦੇ ਬਾਲਟਾਲ ਅਤੇ ਪਹਿਲਗਾਮ ਦੋਵਾਂ ਰਸਤਿਆਂ 'ਤੇ ਰੂਟ ਦੇ ਰੱਖ-ਰਖਾਅ ਦੀ ਜ਼ਰੂਰਤ ਕਾਰਨ ਦੋਵਾਂ ਰੂਟਾਂ 'ਤੇ ਯਾਤਰਾ ਬੰਦ ਕਰ ਦਿੱਤੀ ਗਈ ਹੈ।" ਉਨ੍ਹਾਂ ਕਿਹਾ, "ਇਹ ਦੇਖਿਆ ਗਿਆ ਕਿ ਮਾਰਗ 'ਤੇ ਵਰਕਰਾਂ ਅਤੇ ਮਸ਼ੀਨਰੀ ਦੀ ਲਗਾਤਾਰ ਤਾਇਨਾਤੀ ਕਾਰਨ ਅਸੀਂ ਕੱਲ੍ਹ ਤੋਂ ਯਾਤਰਾ ਮੁੜ ਸ਼ੁਰੂ ਨਹੀਂ ਕਰ ਸਕਾਂਗੇ। ਇਸ ਲਈ 3 ਅਗਸਤ ਤੋਂ ਯਾਤਰਾ ਦੋਵਾਂ ਮਾਰਗਾਂ ਤੋਂ ਮੁਅੱਤਲ ਰਹੇਗੀ।"

## ਹੁਣ ਅਸੀਂ ਉਹੀ ਖ਼ਰੀਦਾਂਗੇ

ਸਰਕਾਰ ਇਸ ਦਿਸ਼ਾ 'ਚ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਪਰ ਦੇਸ਼ ਦੇ ਨਾਗਰਿਕ ਹੋਣ ਦੇ ਨਾਤੇ, ਸਾਡੀਆਂ ਵੀ ਕੁਝ ਜ਼ਿੰਮੇਵਾਰੀਆਂ ਹਨ।

ਸਿਰਫ਼ ਮੋਦੀ ਹੀ ਨਹੀਂ, ਭਾਰਤ ਦੇ ਹਰ ਵਿਅਕਤੀ ਨੂੰ ਦਿਨ ਦੇ ਹਰ ਪਲ ਇਹ ਕਹਿੰਦੇ ਰਹਿਣਾ ਚਾਹੀਦਾ ਹੈ।' ਉਨ੍ਹਾਂ ਕਿਹਾ, 'ਕੋਈ ਵੀ ਰਾਜਨੀਤਿਕ ਪਾਰਟੀ, ਕੋਈ ਵੀ ਰਾਜਨੇਤਾ, ਉਸਨੂੰ ਆਪਣੀ ਝਿਜਕ ਛੱਡ ਕੇ ਦੇਸ਼ ਦੇ ਹਿੱਤ 'ਚ ਦੇਸ਼ ਵਾਸੀਆਂ 'ਚ ਸਵਦੇਸ਼ੀ ਲਈ ਦ੍ਰਿੜਤਾ ਦੀ ਭਾਵਨਾ ਜਗਾਉਣੀ ਪਵੇਗੀ।' ਪ੍ਰਧਾਨ ਮੰਤਰੀ ਨੇ ਕਿਹਾ, 'ਅਸੀਂ ਉਹ ਸਾਮਾਨ ਖਰੀਦਾਂਗੇ, ਜੋ ਕਿਸੇ ਭਾਰਤੀ ਦੇ ਪਸੀਨੇ ਨਾਲ ਬਣਾਇਆ ਗਿਆ ਹੈ। ਉਹ ਉਤਪਾਦ ਭਾਰਤ ਦੇ ਲੋਕਾਂ ਦੁਆਰਾ ਬਣਾਇਆ ਗਿਆ ਹੈ, ਭਾਰਤ ਦੇ ਲੋਕਾਂ ਦੇ ਹੁਨਰ ਨਾਲ ਬਣਾਇਆ ਗਿਆ ਹੈ। ਭਾਰਤ ਦੇ ਲੋਕਾਂ ਦੇ ਪਸੀਨੇ ਨਾਲ ਬਣਾਇਆ ਗਿਆ ਹੈ। ਸਾਨੂੰ 'ਵੋਕਲ ਫਾਰ ਲੋਕਲ' ਦਾ ਮੰਤਰ ਅਪਣਾਉਣਾ ਹੋਵੇਗਾ।' ਮੋਦੀ ਨੇ ਕਿਹਾ, 'ਸਾਡੇ ਘਰ 'ਚ ਜੋ ਵੀ ਨਵਾਂ ਸਾਮਾਨ ਆਵੇਗਾ, ਉਹ ਸਵਦੇਸ਼ੀ ਹੀ ਹੋਵੇਗਾ।' ਹਰ ਦੇਸ਼ ਵਾਸੀ ਨੂੰ ਇਹ ਜ਼ਿੰਮੇਵਾਰੀ ਲੈਣੀ ਪਵੇਗੀ।' ਉਨ੍ਹਾਂ ਵਪਾਰੀਆਂ ਨੂੰ ਸਿਰਫ਼ ਸਵਦੇਸ਼ੀ ਸਾਮਾਨ ਵੇਚਣ ਦੀ ਬੇਨਤੀ ਕੀਤੀ। ਉਨ੍ਹਾਂ ਕਿਹਾ, 'ਸਵਦੇਸ਼ੀ ਸਾਮਾਨ ਵੇਚਣ ਦਾ ਸੰਕਲਪ ਵੀ ਦੇਸ਼ ਦੀ ਸੱਚੀ ਸੇਵਾ ਹੈ। ਤਿਉਹਾਰਾਂ ਦੇ ਮਹੀਨੇ ਆਉਣ ਵਾਲੇ ਹਨ। ਉਸ ਤੋਂ ਬਾਅਦ ਵਿਆਹ ਦਾ ਸੀਜ਼ਨ ਹੈ। ਇਸ ਸਮੇਂ ਦੌਰਾਨ ਸਿਰਫ਼ ਸਵਦੇਸ਼ੀ ਉਤਪਾਦ ਹੀ ਖਰੀਦਣੇ ਚਾਹੀਦੇ ਹਨ।


ਚੜ੍ਹਦੀਕਲਾ

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972


# ਪਹਿਲੇ ਸਫ਼ੇ ਦੀ ਬਾਕੀ

## ਪ੍ਰਧਾਨ ਮੰਤਰੀ ਵੱਲੋਂ 1000 ਰੁਪਏ ਦਾ

ਕੀਤਾ ਗਿਆ ਸੀ। ਇਸ ਵਿਸ਼ੇਸ਼ ਸਿੱਕੇ ਵਿੱਚ ਰਾਜਾ ਰਾਜੇਂਦਰ ਚੋਲ ਪਹਿਲੇ ਦੀ ਘੋੜਸਵਾਰੀ ਦੀ ਤਸਵੀਰ ਅਤੇ ਪਿਛਲੇ ਪਾਸੇ ਇੱਕ ਕਿਸ਼ਤੀ ਦੀ ਤਸਵੀਰ ਹੈ, ਜੋ ਉਨ੍ਹਾਂ ਦੀ ਜਲ ਸੈਨਾ ਸ਼ਕਤੀ ਦਾ ਪ੍ਰਤੀਕ ਹੈ।

ਇਹ ਮਹੱਤਵਪੂਰਨ ਸਿੱਕਾ ਪ੍ਰਾਪਤ ਕਰਨ ਵਾਲਿਆਂ ਵਿੱਚ ਟਰਾਂਸਪੋਰਟ ਮੰਤਰੀ ਐਸ.ਐਸ. ਸ਼ਿਵਸ਼ੰਕਰ, ਤਾਮਿਲਨਾਡੂ ਦੇ ਵਿੱਤ ਮੰਤਰੀ ਥੰਗਮ ਥੇਨਾਰਾਸੂ ਅਤੇ ਵੀ.ਸੀ.ਕੇ. ਨੇਤਾ ਥੋਲ. ਤਿਰੂਮਾਵਲਾਵਨ ਵੀ ਸ਼ਾਮਲ ਸਨ।

## ਕਿਸੇ ਵੀ ਕਿਸਾਨ ਨਾਲ ਨਹੀਂ ਹੋਵੇਗੀ

ਬਣੇ 50 ਬੈੱਡਾਂ ਦੇ ਸਬ-ਡਿਵੀਜ਼ਨਲ ਪੱਧਰ ਤੇ ਹਸਪਤਾਲ ਦੇ ਉਦਘਾਟਨ ਕਰਨ ਦੀਆਂ ਕਿਆਸ ਅਰਾਈਆਂ ਸਨ ਪਰ ਉਨ੍ਹਾਂ ਨੇ ਆਪਣਾ ਦੌਰਾ ਸਿਰਫ਼ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਤੱਕ ਹੀ ਸੀਮਤ ਰੱਖਿਆ ਗਿਆ। ਇਸ ਮੌਕੇ ਪਿੰਡ ਧੌਲਰਾਂ ਵਿੱਚ ਲੱਗ ਰਹੀ ਪੇਪਰ ਮਿੱਲ ਦਾ ਵਿਰੋਧ ਕਰਨ ਵਾਲੇ ਚਮਕੌਰ ਸਾਹਿਬ ਮੋਰਚੇ ਦੇ ਆਗੂਆਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਮੰਗ ਪੱਤਰ ਸੌਂਪਿਆ ਅਤੇ ਇਸ ਮਿੱਲ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ।

ਪੁਲੀਸ 'ਤੇ ਕਿਸਾਨਾਂ ਨਾਲ ਧੱਕੇ ਮਾਰਨ ਦਾ ਦੋਸ਼: ਕੁੱਝ ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਉਨ੍ਹਾਂ ਨੇ ਮੁੱਖ ਮੰਤਰੀ ਨੂੰ ਲੈਂਡ ਪੂਲਿੰਗ ਨੀਤੀ ਬਾਰੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨੇ ਧੱਕੇ ਮਾਰੇ। ਕਿਸਾਨ ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਖਿਲਾਫ਼ ਰੋਸ ਜ਼ਾਹਿਰ ਕੀਤਾ। ਮੁੱਖ ਮੰਤਰੀ ਦੀ ਇਸ ਫੇਰੀ ਨੂੰ ਲੈਕੇ ਗੁਰਦੁਆਰਾ ਸਾਹਿਬ ਦੇ ਨਾਲ ਲੱਗਦੇ ਖਾਲਸਾ ਸਕੂਲ ਵਿੱਚ ਤਾਂ ਸਵੇਰੇ ਛੁੱਟੀ ਕਰ ਦਿੱਤੀ ਗਈ ਅਤੇ ਕੇਵਲ ਤੀਜ ਮਨਾ ਰਹੀਆਂ ਲੜਕੀਆਂ ਤੇ ਅਧਿਆਪਕ ਹੀ ਸਕੂਲ ਵਿਚ ਹਾਜ਼ਰ ਸਨ। ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਆਪੋ-ਆਪਣੀਆਂ ਮੰਗਾਂ ਸਬੰਧੀ ਪੁੱਜੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੂੰ ਮੁੱਖ ਮੰਤਰੀ ਦੇ ਨੇੜੇ ਫਟਕਣ ਨਹੀਂ ਦਿੱਤਾ, ਜਿਸ ਕਾਰਨ ਬਹੁਤ ਸਾਰੇ ਆਗੂ ਪੁਲਿਸ ਅਧਿਕਾਰੀਆਂ ਨਾਲ ਬਹਿਸ ਕਰਦੇ ਰਹੇ। ਇਸੇ ਦੌਰਾਨ ਬਿਜਲੀ ਬੋਰਡ ਦੇ ਆਊਟਸੋਰਸ ਕਾਮਿਆਂ ਨੇ ਮੁੱਖ ਮੰਤਰੀ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

## ਹੇਮਕੁੰਟ ਸਾਹਿਬ ਦੀ ਯਾਤਰਾ 10 ਅਕਤੂਬਰ

ਸੁਚੱਜੇ ਢੰਗ ਨਾਲ ਪ੍ਰਬੰਧ ਕੀਤੇ ਰੂਟ ਪ੍ਰਬੰਧਨ ਦੇ ਕਾਰਨ ਰਿਸ਼ੀਕੇਸ਼ ਤੋਂ ਗੋਬਿੰਦ ਘਾਟ ਤੱਕ ਪਹਾੜੀ ਰਸਤਾ ਸੁਰੱਖਿਅਤ ਅਤੇ ਨਿਰਵਿਘਨ ਜਾਰੀ ਰਿਹਾ ਹੈ। ਪਹਾੜੀ ਖੇਤਰਾਂ ਵਿੱਚ ਹੋਣ ਵਾਲੇ ਛੋਟੇ-ਮੋਟੇ ਜ਼ਮੀਨ ਖਿਸਕਣ ਦੇ ਮਾਮਿਆ ਵਿਚ ਡਿਗੇ ਅਜਿਹੇ ਮਲਬੇ ਨੂੰ ਤੁਰੰਤ ਹਟਾ ਦਿੱਤਾ ਗਿਆ, ਜਿਸ ਨਾਲ ਯਾਤਰੀਆਂ ਦੀ ਸੁਰੱਖਿਆ ਅਤੇ ਸਹੂਲਤ ਯਕੀਨੀ ਬਣਾਈ ਗਈ।

ਪ੍ਰਬੰਧਕੀ ਟਰੱਸਟ ਦੇ ਚੇਅਰਮੈਨ ਬਿੰਦਰਾ ਨੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਹੈ ਕਿ ਇਸ ਅਨੁਕੂਲ ਮੌਸਮ ਦਾ ਲਾਭ ਉਠਾਉਂਦੇ ਹੋਏ ਸ਼ਰਧਾਲੂ ਜਲਦੀ ਤੋਂ ਜਲਦੀ ਆਪਣੀ ਯਾਤਰਾ ਦੀ ਯੋਜਨਾ ਬਣਾਉਣ। ਇਹ ਸ੍ਰੀ ਹੇਮਕੁੰਟ ਸਾਹਿਬ ਦੀ ਪਵਿੱਤਰਤਾ ਅਤੇ ਹਿਮਾਲਿਆ ਦੀ ਸ਼ਾਂਤੀ ਦਾ ਅਨੁਭਵ ਕਰਨ ਦਾ ਇੱਕ ਸੁਨਹਿਰੀ ਮੌਕਾ ਹੈ। ਉਨ੍ਹਾਂ ਕਿਹਾ ਕਿ ਇਹ ਯਾਤਰਾ 10 ਅਕਤੂਬਰ ਨੂੰ ਸਮਾਪਤ ਹੋਵੇਗੀ।

## ਲੋਕ ਸਭਾ ਚੋਣਾਂ 'ਚ ਲਗਭਗ

ਸ਼ਿਕਾਰ ਹੋ ਚੁੱਕੀ ਹੈ। ਕਾਂਗਰਸ ਦੇ ਚੋਟੀ ਦੇ ਨੇਤਾ ਨੇ ਸ਼ੁੱਕਰਵਾਰ ਨੂੰ ਦਾਅਵਾ ਕੀਤਾ ਸੀ ਕਿ ਚੋਣ ਕਮਿਸ਼ਨ 'ਵੋਟ ਚੋਰੀ' ਵਿੱਚ ਸ਼ਾਮਲ ਹੈ ਅਤੇ ਉਨ੍ਹਾਂ ਕੋਲ ਇਸ ਬਾਰੇ ਇੰਨੇ ਪੱਕੇ ਸਬੂਤ ਹਨ, ਜੋ ਕਿ 'ਐਟਮ ਬੰਬ' ਵਾਂਗ ਹਨ, ਜੋ ਫਟਣ 'ਤੇ ਕਮਿਸ਼ਨ ਕੋਲ ਲੁਕਣ ਲਈ ਕੋਈ ਜਗ੍ਹਾ ਨਹੀਂ ਬਚੇਗੀ। ਚੋਣ ਕਮਿਸ਼ਨ ਨੇ ਉਨ੍ਹਾਂ ਦੇ ਦੋਸ਼ਾਂ ਨੂੰ ਬੇਬੁਨਿਆਦ ਅਤੇ ਨਿੰਦਣਯੋਗ ਕਰਾਰ ਦਿੱਤਾ ਅਤੇ ਕਿਹਾ ਕਿ ਹੁਣ ਸਾਬਕਾ ਕਾਂਗਰਸ ਪ੍ਰਧਾਨ ਨੇ ਵੀ ਕਮਿਸ਼ਨ ਅਤੇ ਇਸਦੇ ਕਰਮਚਾਰੀਆਂ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ। ਰਾਹੁਲ ਗਾਂਧੀ ਨੇ ਇਸ ਸਮਾਗਮ ਵਿੱਚ ਇਹ ਵੀ ਕਿਹਾ, 'ਕੱਲ੍ਹ (ਸ਼ੁੱਕਰਵਾਰ) ਮੇਰੀ ਭੈਣ ਨੇ ਮੈਨੂੰ ਕਿਹਾ ਸੀ ਕਿ ਮੈਂ ਅੱਗ ਨਾਲ ਖੇਡ ਰਹੀ ਹਾਂ, ਅਤੇ ਮੈਂ ਕਿਹਾ ਸੀ ਕਿ ਮੈਨੂੰ ਪਤਾ ਹੈ ਕਿ ਮੈਂ ਅੱਗ ਨਾਲ ਖੇਡ ਰਹੀ ਹਾਂ ਅਤੇ ਮੈਂ ਅੱਗ ਨਾਲ ਖੇਡਦੀ ਰਹਾਂਗੀ।'

ਉਸਨੇ ਕਿਹਾ, 'ਆਖਰਕਾਰ, ਤੁਹਾਡੇ ਵਿੱਚੋਂ ਬਹੁਤਿਆਂ ਵਾਂਗ, ਮੈਂ ਵੀ ਅੱਗ ਵਿੱਚ ਮਰ ਜਾਵਾਂਗਾ। ਮੇਰੇ ਪਰਿਵਾਰ ਨੇ ਮੈਨੂੰ ਕਾਇਰਾਂ ਤੋਂ ਨਾ ਡਰਨਾ ਸਿਖਾਇਆ। ਸਭ ਤੋਂ ਕਾਇਰਤਾ ਵਾਲੀ ਗੱਲ ਜੋ ਤੁਸੀਂ ਕਰ ਸਕਦੇ ਹੋ ਉਹ ਹੈ ਕਾਇਰਤਾ ਤੋਂ ਡਰਨਾ।' ਉਨ੍ਹਾਂ ਦਾਅਵਾ ਕੀਤਾ ਕਿ ਸੱਤਾਧਾਰੀ ਪਾਰਟੀ ਦੀ ਵਿਚਾਰਧਾਰਾ ਜ਼ਿਆਦਾਤਰ ਕਾਇਰਤਾ 'ਤੇ ਅਧਾਰਤ ਹੈ। ਰਾਹੁਲ ਗਾਂਧੀ ਨੇ ਕਿਹਾ, 'ਜਦੋਂ ਤੁਸੀਂ ਆਜ਼ਾਦੀ ਅੰਦੋਲਨ ਦੌਰਾਨ ਕਾਂਗਰਸ ਪਾਰਟੀ ਵੱਲ ਦੇਖਦੇ ਹੋ, ਤਾਂ ਤੁਸੀਂ ਦੇਖਦੇ ਹੋ ਕਿ ਉਸ ਸਮੇਂ ਬਹੁਤ ਸਾਰੇ ਵਕੀਲ ਸਭ ਤੋਂ ਅੱਗੇ ਸਨ। ਵਕੀਲ ਕਾਂਗਰਸ ਪਾਰਟੀ ਦੀ ਰੀੜ੍ਹ ਦੀ ਹੱਡੀ ਹਨ ਅਤੇ ਤੁਸੀਂ ਉਹ ਲੋਕ ਹੋ ਜਿਨ੍ਹਾਂ ਨੇ ਸੰਵਿਧਾਨ ਦੀ ਕਲਪਨਾ ਕੀਤੀ ਅਤੇ ਰਚਨਾ ਕੀਤੀ।'

## ਭਾਰਤੀ ਤੇਲ ਰਿਫ਼ਾਇਨਰੀਆਂ ਵੱਲੋਂ

ਬੈਰਲ ਪ੍ਰਤੀ ਦਿਨ (ਲਗਭਗ 10% ਵਿਸ਼ਵ ਮੰਗ) ਹੈ। ਇਹ ਦੂਜਾ ਸਭ ਤੋਂ ਵੱਡਾ ਨਿਰਯਾਤਕ ਵੀ ਹੈ ਜੋ ਲਗਭਗ 4.5 ਮਿਲੀਅਨ ਬੈਰਲ ਪ੍ਰਤੀ ਦਿਨ ਕੱਚਾ ਤੇਲ ਅਤੇ 2.3 ਮਿਲੀਅਨ ਬੈਰਲ ਪ੍ਰਤੀ ਦਿਨ ਰਿਫਾਇੰਡ ਉਤਪਾਦ ਭੇਜਦਾ ਹੈ।

ਰੂਸੀ ਤੇਲ ਦੇ ਬਾਜ਼ਾਰ ਤੋਂ ਬਾਹਰ ਹੋਣ ਦੇ ਡਰ ਅਤੇ ਰਵਾਇਤੀ ਵਪਾਰਕ ਪ੍ਰਵਾਹਾਂ ਦੇ ਵਿਘਨ ਨੇ ਮਾਰਚ 2022 ਵਿੱਚ ਬ੍ਰੈਂਟ ਕਰੂਡ ਦੀਆਂ ਕੀਮਤਾਂ 137 ਅਮਰੀਕੀ ਡਾਲਰ ਪ੍ਰਤੀ ਬੈਰਲ ਤੱਕ ਪਹੁੰਚਾ ਦਿੱਤੀਆਂ ਸਨ।

ਸੂਤਰਾਂ ਨੇ ਅੱਗੇ ਕਿਹਾ, "ਇਸ ਚੁਣੌਤੀਪੂਰਨ ਮਾਹੌਲ ਵਿੱਚ ਭਾਰਤ ਨੇ ਦੁਨੀਆ ਦੇ ਤੀਜੇ ਸਭ ਤੋਂ ਵੱਡੇ ਊਰਜਾ ਖਪਤਕਾਰ ਅਤੇ 85% ਕੱਚੇ ਤੇਲ ਦੀ ਦਰਾਮਦ 'ਤੇ ਨਿਰਭਰ ਹੋਣ ਦੇ ਨਾਤੇ ਕੌਮਾਂਤਰੀ ਨਿਯਮਾਂ ਦੀ ਪੂਰੀ ਤਰਾਂ ਪਾਲਣਾ ਕਰਦੇ ਹੋਏ ਸਸਤੀ ਊਰਜਾ ਨੂੰ ਸੁਰੱਖਿਅਤ ਕਰਨ ਲਈ ਆਪਣੀ ਖਰੀਦਦਾਰੀ ਨੂੰ ਰਣਨੀਤਕ ਤੌਰ 'ਤੇ ਢਾਲਿਆ।"

ਇਸ ਤੋਂ ਪਹਿਲਾਂ ਸ਼ੁੱਕਰਵਾਰ (ਸਥਾਨਕ ਸਮੇਂ) ਨੂੰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦਾਅਵਾ ਕੀਤਾ ਸੀ ਕਿ ਭਾਰਤ ਰੂਸੀ ਤੇਲ ਖਰੀਦਣਾ ਬੰਦ ਕਰ ਸਕਦਾ ਹੈ ਅਤੇ ਜੇ ਇਸਦੀ ਪੁਸ਼ਟੀ ਹੁੰਦੀ ਹੈ ਤਾਂ ਇਸਨੂੰ ਇੱਕ ਚੰਗਾ ਕਦਮ ਦੱਸਿਆ, ਜਦੋਂ ਕਿ ਭਾਰਤ ਨੇ ਕੌਮੀ ਹਿੱਤਾਂ ਦੇ ਅਧਾਰ 'ਤੇ ਊਰਜਾ ਨੀਤੀ ਬਣਾਉਣ ਦੇ ਆਪਣੇ ਪ੍ਰਭੂਸੱਤਾ ਸੰਪੰਨ ਅਧਿਕਾਰ ਦਾ ਬਚਾਅ ਕੀਤਾ ਹੈ।

ਇਸ ਸਬੰਧੀ 31 ਜੁਲਾਈ ਨੂੰ ਰਾਇਟਰਜ਼ ਨੇ ਆਪਣੇ ਸੂਤਰਾਂ ਦਾ ਹਵਾਲਾ ਦਿੰਦੇ ਹੋਏ ਰਿਪੋਰਟ ਦਿੱਤੀ ਸੀ ਕਿ ਭਾਰਤੀ ਸਰਕਾਰੀ ਰਿਫਾਇਨਰੀਆਂ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਟੈਰਿਫ ਦੀਆਂ ਧਮਕੀਆਂ ਅਤੇ ਕੀਮਤਾਂ ਵਿੱਚ ਛੋਟ ਘਟਣ ਕਾਰਨ ਪਿਛਲੇ ਹਫ਼ਤੇ ਰੂਸੀ ਤੇਲ ਦੀ ਖਰੀਦ ਨੂੰ ਮੁਅੱਤਲ ਕਰ ਦਿੱਤਾ ਸੀ। ਸੂਤਰਾਂ ਨੇ ਏਐਨਆਈ ਨੂੰ ਦੱਸਿਆ ਕਿ ਰੂਸੀ ਤੇਲ 'ਤੇ ਕਦੇ ਵੀ ਪਾਬੰਦੀ ਨਹੀਂ ਲਗਾਈ ਗਈ, ਇਸ ਦੀ ਬਜਾਏ, ਇਸਨੂੰ 77/5" ਕੀਮਤ-ਕੈਪ ਪ੍ਰਣਾਲੀ ਦੇ ਅਧੀਨ ਰੱਖਿਆ ਗਿਆ ਸੀ ਜੋ ਮਾਲੀਆ ਸੀਮਤ ਕਰਨ ਅਤੇ ਗਲੋਬਲ ਸਪਲਾਈ ਨੂੰ ਜਾਰੀ ਰੱਖਣ ਲਈ ਬਣਾਈ ਗਈ ਸੀ।

## ਗੁਰਦਾਸਪੁਰ ਤੋਂ ਸਾਂਸਦ ਰੰਧਾਵਾ ਦੇ

ਲਾਗਇਨ ਵੇਰਵੇ ਪ੍ਰਾਪਤ ਕੀਤੇ ਗਏ। ਤਕਨੀਕੀ ਨਿਗਰਾਨੀ ਅਤੇ ਡਿਜੀਟਲ ਵਿਸ਼ਲੇਸ਼ਣ ਦੇ ਆਧਾਰ 'ਤੇ ਦੋਸ਼ੀ ਦੀ ਪਛਾਣ ਹੋਈ ਅਤੇ 1 ਅਗਸਤ 2025 ਦੀ ਸਵੇਰ ਨੂੰ ਗ੍ਰਿਫ਼ਤਾਰੀ ਕੀਤੀ ਗਈ।

ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਵਿਅਕਤੀ ਦੀ ਪਛਾਣ ਗਗਨਦੀਪ ਸਿੰਘ, ਪੁੱਤਰ ਦਿਲਬਾਗ ਸਿੰਘ, ਨਿਵਾਸੀ ਪਿੰਡ ਘਣੀਏ ਕੇ ਬਾਂਗਰ (ਮੌਜੂਦਾ ਨਿਵਾਸ ਗੁਲਮਰਗ ਐਵੇਨਿਊ, ਅੰਮ੍ਰਿਤਸਰ) ਵਜੋਂ ਹੋਈ ਹੈ। ਉਸਦੇ ਮੋਬਾਈਲ ਫੋਨ ਦੀ ਜਾਂਚ ਦੌਰਾਨ 'ਗਗਨ ਰੰਧਾਵਾ' ਨਾਂਅ ਦਾ ਇੰਸਟਾਗ੍ਰਾਮ ਅਕਾਊਂਟ ਐਕਟਿਵ ਅਤੇ ਲਾਗਇਨ ਮਿਲਿਆ।

ਉਨ੍ਹਾਂ ਦੱਸਿਆ ਕਿ ਸ਼ੁਰੂਆਤੀ ਪੁੱਛਗਿੱਛ ਦੌਰਾਨ ਦੋਸ਼ੀ ਨੇ ਕਿਹਾ ਕਿ ਉਸਨੇ ਇਹ ਟਿੱਪਣੀ ਮਜ਼ਾਕ ਵਿਚ ਕੀਤੀ ਸੀ। ਇਸ ਪੜਾਅ 'ਤੇ ਗੈਂਗਸਟਰ ਜੱਗੂ ਭਗਵਾਨਪੁਰੀਆ ਨਾਲ ਕੋਈ ਸਿੱਧਾ ਸੰਬੰਧ ਸਾਬਤ ਨਹੀਂ ਹੋਇਆ, ਪਰ ਬਟਾਲਾ ਪੁਲਿਸ ਪੂਰੀ ਤਰੀਕੇ ਨਾਲ ਪੇਸ਼ੇਵਰ ਢੰਗ ਨਾਲ ਜਾਂਚ ਜਾਰੀ ਰੱਖੇ ਹੋਈ ਹੈ, ਤਾਂ ਜੋ ਕਿਸੇ ਵੀ ਡੂੰਘੇ ਸੰਬੰਧ ਦਾ ਪਤਾ ਲੱਗ ਸਕੇ। ਇਸ ਸਬੰਧ ਵਿੱਚ ਐਫ.ਆਈ.ਆਰ. ਨੰਬਰ 98/2025 ਮਿਤੀ 2-08-2025 ਜੁਰਮ ਬੀ.ਐਨ.ਐਸ. ਅਤੇ ਆਈ.ਟੀ. ਐਕਟ ਦੀਆਂ ਉਚਿਤ ਧਾਰਾਵਾਂ ਅਧੀਨ ਥਾਣਾ ਕੋਟਲੀ ਸੂਰਤ ਮੱਲੀਆਂ ਵਿੱਚ ਦਰਜ ਕੀਤੀ ਗਈ।

ਇਹ ਦੱਸਣਯੋਗ ਹੈ ਕਿ ਜ਼ਿਲ੍ਹਾ ਪੁਲਿਸ ਵੱਲੋਂ ਜੇਲ੍ਹ ਵਿੱਚ ਬੰਦ ਗੈਂਗਸਟਰ ਜੱਗੂ ਭਗਵਾਨਪੁਰੀਆ ਨੂੰ ਲੈ ਕੇ ਪਹਿਲਾਂ ਹੀ ਕਈ ਰੋਕਥਾਮੀ ਕਦਮ ਚੁੱਕੇ ਜਾ ਚੁੱਕੇ ਹਨ। ਸਿਲਚਰ, ਅਸਾਮ ਦੀ ਜੇਲ੍ਹ ਪ੍ਰਸ਼ਾਸਨ (ਜਿੱਥੇ ਉਹ ਕੈਦ ਹੈ) ਨੂੰ ਅਤੇ ਨਾਰਕੋਟਿਕਸ ਕੰਟਰੋਲ ਬਿਊਰੋ ਨੂੰ ਕਈ ਵਾਰ ਲਿਖਤੀ ਰੂਪ ਵਿੱਚ ਸਖ਼ਤ ਨਿਗਰਾਨੀ ਅਤੇ ਕਾਰਵਾਈ ਲਈ ਮੰਗ ਕੀਤੀ ਗਈ ਹੈ, ਤਾਂ ਜੋ ਜੇਲ੍ਹ ਅੰਦਰੋਂ ਕਿਸੇ ਵੀ ਤਰ੍ਹਾਂ ਦੀ ਗੈਰਕਾਨੂੰਨੀ ਸੰਚਾਰ ਜਾਂ ਹਦਾਇਤਾਂ ਜਾਰੀ ਨਾ ਕੀਤੀਆਂ ਜਾ ਸਕਣ।

ਉਨ੍ਹਾਂ ਕਿਹਾ ਕ ਜ਼ਿਲ੍ਹਾ ਪੁਲਿਸ ਬਟਾਲਾ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੀ ਹੈ ਕਿ ਕਾਨੂੰਨ ਦਾ ਰਾਜ ਕਾਇਮ ਰੱਖ ਅਤੇ ਸ਼ਾਂਤੀ ਤੇ ਲੋਕਾਂ ਦੇ ਭਰੋਸੇ ਨੂੰ ਬਣਾਈ ਰੱਖਣ ਲਈ ਪੂਰੀ ਤਰ੍ਹਾਂ ਸਚੇਤ ਅਤੇ ਸਰਗਰਮ ਰਹੇਗੀ।

## ਮੋਦੀ ਦੇ ਹੱਥਾਂ ਦੀ ਕਠਪੁਤਲੀ

ਕੀਤਾ,'ਸੱਤਾਧਾਰੀ ਨੇਤਾ ਸੰਵਿਧਾਨ ਨੂੰ ਬਦਲਣ ਦੀ ਗੱਲ ਕਰ ਰਹੇ ਹਨ। ਭਾਜਪਾ-ਆਰਐੱਸਐੱਸ ਦੇ ਵੱਡੇ ਨੇਤਾ ਸੰਵਿਧਾਨ ਦੀ ਪ੍ਰਸਤਾਵਨਾ 'ਚੋਂ ਸਮਾਜਵਾਦ ਅਤੇ ਧਰਮ ਨਿਰਪੱਖਤਾ ਸ਼ਬਦਾਂ ਨੂੰ ਹਟਾਉਣ ਦਾ ਇਰਾਦਾ ਰੱਖਦੇ ਹਨ। ਜੇਕਰ ਭਾਜਪਾ ਨੂੰ 2024 ਦੀਆਂ ਚੋਣਾਂ 'ਚ 400 ਸੀਟਾਂ ਮਿਲੀਆਂ ਹੁੰਦੀਆਂ, ਤਾਂ ਉਹ ਸੰਵਿਧਾਨ ਨੂੰ ਬਦਲ ਦਿੰਦੇ। ਪਰ ਇਹ ਦੇਸ਼ ਦੇ ਲੋਕਾਂ ਦੀ ਤਾਕਤ ਹੈ, ਉਨ੍ਹਾਂ ਨੇ 400 ਪਾਰ ਕਹਿਣ ਵਾਲਿਆਂ ਦੇ ਮੂੰਹ 'ਤੇ ਥੱਪੜ ਮਾਰਿਆ।"

## ਜਬਰ-ਜਨਾਹ ਮਾਮਲੇ 'ਚ ਸਾਬਕਾ ਸਾਂਸਦ ਪ੍ਰਜਵਲ

ਸੁਣਵਾਈ ਦੌਰਾਨ ਸਰਕਾਰੀ ਵਕੀਲਾਂ ਨੇ ਪ੍ਰਜਵਲ ਰੇਵੰਨਾ ਲਈ ਉਮਰ ਕੈਦ ਦੀ ਬੇਨਤੀ ਕੀਤੀ ਸੀ। ਇਹ ਮਾਮਲਾ ਹਸਨ ਜ਼ਿਲ੍ਹੇ ਦੇ ਹੋਲੇਨਾਰਸੀਪੁਰਾ ਵਿੱਚ ਰੇਵੰਨਾ ਪਰਿਵਾਰ ਦੇ ਫਾਰਮ ਹਾਊਸ ਵਿੱਚ ਸਹਾਇਕ ਵਜੋਂ ਕੰਮ ਕਰਨ ਵਾਲੀ 48 ਸਾਲਾ ਔਰਤ ਨਾਲ ਸਬੰਧਤ ਹੈ। ਔਰਤ ਨਾਲ 2021 ਵਿੱਚ ਫਾਰਮ ਹਾਊਸ ਅਤੇ ਬੰਗਲੁਰੂ ਵਿੱਚ ਰੇਵੰਨਾ ਦੇ ਘਰ ਵਿੱਚ ਕਥਿਤ ਤੌਰ 'ਤੇ ਦੋ ਵਾਰ ਜਬਰ-ਜ਼ਨਾਹ ਕੀਤਾ ਗਿਆ ਸੀ। ਦੋਸ਼ੀ ਨੇ ਆਪਣੇ ਮੋਬਾਈਲ ਫੋਨ 'ਤੇ ਇਸ ਘਟਨਾ ਨੂੰ ਰਿਕਾਰਡ ਕੀਤਾ।

## ਜੰਮੂ-ਕਸ਼ਮੀਰ 'ਚ ਸੜਕ ਹਾਦਸੇ ਦੌਰਾਨ


ਇਸ ਹਾਦਸੇ ਵਿੱਚ ਐਸਡੀਐਮ ਦੀ ਪਤਨੀ ਅਤੇ ਦੋ ਰਿਸ਼ਤੇਦਾਰ ਜ਼ਖ਼ਮੀ ਹੋ ਗਏ। ਸਥਾਨਕ ਲੋਕਾਂ ਅਤੇ ਪੁਲਿਸ ਦੀ ਮਦਦ ਨਾਲ ਤੁਰੰਤ ਬਚਾਅ ਕਾਰਜ ਸ਼ੁਰੂ ਕੀਤਾ ਗਿਆ, ਜਿਸ ਤੋਂ ਬਾਅਦ ਸਾਰੇ ਜ਼ਖ਼ਮੀਆਂ ਨੂੰ ਨੇੜਲੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਸ਼ੁਰੂਆਤੀ ਇਲਾਜ ਤੋਂ ਬਾਅਦ, ਗੰਭੀਰ ਜ਼ਖ਼ਮੀਆਂ ਨੂੰ ਰਿਆਸੀ ਜ਼ਿਲ੍ਹਾ ਹਸਪਤਾਲ ਰੈਫ਼ਰ ਕਰ ਦਿੱਤਾ ਗਿਆ।

## ਪੰਜਾਬ ਦੇ ਨੌਜਵਾਨਾਂ 'ਚ ਵਿਦੇਸ਼

ਪਰ ਜੇਕਰ ਅਸੀਂ 2021 ਨੂੰ ਛੱਡ ਦੇਈਏ, ਤਾਂ ਇਸਨੂੰ ਪਿਛਲੇ 10 ਸਾਲਾਂ ਵਿੱਚ ਸਭ ਤੋਂ ਵੱਡੀ ਗਿਰਾਵਟ ਮੰਨਿਆ ਜਾਂਦਾ ਹੈ।

ਹਰ ਤੀਜਾ ਵਿਅਕਤੀ ਪਾਸਪੋਰਟ ਧਾਰਕ ਹੈ 2014 ਤੋਂ ਹੁਣ ਤੱਕ ਪੰਜਾਬ ਵਿੱਚ ਕੁੱਲ 95.41 ਲੱਖ ਪਾਸਪੋਰਟ ਬਣਾਏ ਗਏ ਹਨ, ਜਦੋਂ ਕਿ ਸੂਬੇ ਵਿੱਚ ਲਗਭਗ 65 ਲੱਖ ਘਰ ਹਨ ਅਤੇ ਲਗਭਗ 3 ਕਰੋੜ ਦੀ ਆਬਾਦੀ ਹੈ। ਇਸਦਾ ਮਤਲਬ ਹੈ ਕਿ ਪੰਜਾਬ ਵਿੱਚ ਹਰ ਤੀਜਾ ਵਿਅਕਤੀ ਪਾਸਪੋਰਟ ਧਾਰਕ ਹੈ, ਜੋ ਦਰਸਾਉਂਦਾ ਹੈ ਕਿ ਇੱਥੇ ਵਿਦੇਸ਼ ਜਾਣ ਦੀ ਇੱਛਾ ਕਿੰਨੀ ਹੈ।

ਕੈਨੇਡਾ ਵਿੱਚ ਤਣਾਅ ਵਧਿਆ, ਨੌਕਰੀਆਂ ਘਟੀਆਂ ਹੁਣ ਨਾ ਸਿਰਫ਼ ਪਾਸਪੋਰਟਾਂ ਦੀ ਗਿਣਤੀ ਘਟੀ ਹੈ, ਸਗੋਂ ਕੈਨੇਡਾ ਤੋਂ ਵਾਪਸ ਆਉਣ ਵਾਲੇ ਨੌਜਵਾਨਾਂ ਦੀ ਗਿਣਤੀ ਵੀ ਵੱਧ ਰਹੀ ਹੈ। ਵਾਪਸ ਆਏ ਨੌਜਵਾਨਾਂ ਦਾ ਕਹਿਣਾ ਹੈ ਕਿ ਉੱਥੇ ਬਹੁਤ ਤਣਾਅ ਹੈ ਅਤੇ ਲਗਾਤਾਰ ਤਣਾਅ ਕਾਰਨ ਬਹੁਤ ਸਾਰੇ ਲੋਕ ਡਿਪਰੈਸ਼ਨ ਵਿੱਚ ਜਾ ਰਹੇ ਹਨ। ਕਈ ਮਹੀਨਿਆਂ ਤੱਕ ਨੌਕਰੀਆਂ ਨਹੀਂ ਮਿਲਦੀਆਂ, ਅਤੇ ਜਦੋਂ ਤੱਕ ਨੌਕਰੀ ਮਿਲਦੀ ਹੈ, ਖਰਚਿਆਂ ਦਾ ਪ੍ਰਬੰਧਨ ਕਰਨਾ ਮੁਸ਼ਕਲ ਹੋ ਜਾਂਦਾ ਹੈ।ਕੈਨੇਡਾ ਵਿੱਚ ਨੌਕਰੀਆਂ ਵੀ ਪਹਿਲਾਂ ਵਰਗੀਆਂ ਨਹੀਂ ਹਨ। ਜ਼ਿਆਦਾਤਰ ਥਾਵਾਂ 'ਤੇ, ਸਿਰਫ ਸਿਖਲਾਈ ਪ੍ਰਾਪਤ ਸਟਾਫ ਦੀ ਮੰਗ ਹੈ, ਜਿਸ ਕਾਰਨ ਨਵੇਂ ਜਾਂ ਘੱਟ ਤਜਰਬੇਕਾਰ ਨੌਜਵਾਨਾਂ ਲਈ ਨੌਕਰੀ ਪ੍ਰਾਪਤ ਕਰਨਾ ਹੋਰ ਵੀ ਮੁਸ਼ਕਲ ਹੋ ਗਿਆ ਹੈ।

ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼

ਡਰਾਅ ਸਮਾਂ : ਸ਼ਾਮ 06:00 ਵਜੇ ਤੋਂ — ਪੰਜਾਬ ਸਟੇਟ ਡੀਅਰ 50 ਜੈਕਲ ਸ਼ਨੀਵਾਰ ਹਫ਼ਤਾਵਾਰੀ ਲਾਟਰੀ ਦਾ ਨਤੀਜਾ — ਡਰਾਅ ਮਿਤੀ : 02.08.2025

ਮੁੱਲ ਰੁਪਏ 50/- ਪ੍ਰਤੀ ਟਿਕਟ

ਪਹਿਲੇ ਇਨਾਮ ਦੀ ਰਾਸ਼ੀ (1) ਰੁ. 25 ਲੱਖ (ਲੜੀਆਂ ਨਾਲ 5 ਅੰਕਾਂ 'ਤੇ)

D 84277

ਦੂਜੇ ਇਨਾਮ ਦੀ ਰਾਸ਼ੀ (50) ਰੁਪਏ 9,000/- (5 ਅੰਕਾਂ 'ਤੇ)

| | | | | | | | | | |
|---|---|---|---|---|---|---|---|---|---|
| 10304 | 17006 | 29302 | 36542 | 40759 | 61212 | 66403 | 83588 | 87249 | 95337 |

ਤੀਜੇ ਇਨਾਮ ਦੀ ਰਾਸ਼ੀ (250) ਰੁਪਏ 5,000/- (ਆਖ਼ਰੀ 4 ਅੰਕਾਂ 'ਤੇ)

| | | | | |
|---|---|---|---|---|
| 0952 | 1690 | 1780 | 6263 | 8576 |

ਚੌਥੇ ਇਨਾਮ ਦੀ ਰਾਸ਼ੀ (500) ਰੁਪਏ 2,000/- (ਆਖ਼ਰੀ 4 ਅੰਕਾਂ 'ਤੇ)

| | | | | | | | | | |
|---|---|---|---|---|---|---|---|---|---|
| 1313 | 1986 | 2051 | 2520 | 4442 | 5378 | 6011 | 7123 | 9698 | 9901 |

ਪੰਜਵੇਂ ਇਨਾਮ ਦੀ ਰਾਸ਼ੀ (500) ਰੁਪਏ 1000/- (ਆਖ਼ਰੀ 4 ਅੰਕਾਂ 'ਤੇ)

| | | | | | | | | | |
|---|---|---|---|---|---|---|---|---|---|
| 0539 | 0847 | 1624 | 2896 | 4724 | 7107 | 8288 | 9530 | 9820 | 9997 |

ਛੇਵੇਂ ਇਨਾਮ ਦੀ ਰਾਸ਼ੀ (500) ਰੁਪਏ 500/- (ਆਖ਼ਰੀ 4 ਅੰਕਾਂ 'ਤੇ)

| | | | | | | | | | |
|---|---|---|---|---|---|---|---|---|---|
| 0304 | 0768 | 0937 | 2836 | 4137 | 4265 | 5651 | 5661 | 6811 | 7007 |

ਸੱਤਵੇਂ ਇਨਾਮ ਦੀ ਰਾਸ਼ੀ (40,000) ਰੁਪਏ 100/- (ਆਖ਼ਰੀ 4 ਅੰਕਾਂ 'ਤੇ)

| | | | | | | | | | |
|---|---|---|---|---|---|---|---|---|---|
| 0014 | 0034 | 0049 | 0058 | 0087 | 0096 | 0110 | 0112 | 0123 | 0134 |
| 0160 | 0183 | 0211 | 0212 | 0213 | 0241 | 0288 | 0290 | 0310 | 0361 |
| 0385 | 0399 | 0407 | 0412 | 0445 | 0449 | 0453 | 0454 | 0460 | 0475 |
| 0502 | 0517 | 0536 | 0540 | 0543 | 0546 | 0561 | 0562 | 0566 | 0570 |
| 0571 | 0573 | 0577 | 0579 | 0594 | 0598 | 0609 | 0620 | 0626 | 0631 |
| 0693 | 0700 | 0702 | 0715 | 0727 | 0752 | 0755 | 0759 | 0761 | 0801 |
| 0809 | 0827 | 0850 | 0851 | 0863 | 0873 | 0892 | 0905 | 0906 | 0926 |
| 0928 | 0955 | 0967 | 0978 | 1004 | 1008 | 1050 | 1052 | 1057 | 1061 |
| 1064 | 1074 | 1075 | 1081 | 1088 | 1094 | 1098 | 1117 | 1123 | 1135 |
| 1140 | 1146 | 1151 | 1174 | 1176 | 1189 | 1194 | 1198 | 1202 | 1208 |
| 1219 | 1231 | 1239 | 1247 | 1248 | 1250 | 1273 | 1292 | 1293 | 1329 |
| 1340 | 1369 | 1388 | 1389 | 1391 | 1393 | 1396 | 1409 | 1412 | 1419 |
| 1421 | 1439 | 1452 | 1469 | 1495 | 1516 | 1520 | 1521 | 1526 | 1545 |
| 1550 | 1553 | 1577 | 1583 | 1596 | 1605 | 1617 | 1638 | 1652 | 1698 |
| 1714 | 1720 | 1732 | 1743 | 1745 | 1773 | 1792 | 1825 | 1844 | 1855 |
| 1868 | 1871 | 1881 | 1892 | 1893 | 1904 | 1928 | 1951 | 1981 | 1998 |
| 2018 | 2019 | 2024 | 2042 | 2056 | 2058 | 2064 | 2082 | 2093 | 2094 |
| 2099 | 2101 | 2102 | 2104 | 2155 | 2156 | 2161 | 2172 | 2205 | 2209 |
| 2221 | 2233 | 2264 | 2279 | 2286 | 2305 | 2311 | 2316 | 2317 | 2318 |
| 2328 | 2329 | 2332 | 2336 | 2359 | 2360 | 2361 | 2392 | 2404 | 2411 |
| 2417 | 2419 | 2423 | 2424 | 2436 | 2447 | 2450 | 2453 | 2472 | 2480 |
| 2511 | 2531 | 2541 | 2558 | 2563 | 2585 | 2608 | 2609 | 2619 | 2621 |
| 2632 | 2645 | 2649 | 2653 | 2668 | 2693 | 2696 | 2704 | 2708 | 2711 |
| 2713 | 2738 | 2777 | 2808 | 2809 | 2810 | 2813 | 2817 | 2820 | 2823 |
| 2837 | 2847 | 2879 | 2910 | 2920 | 2938 | 2939 | 2962 | 2969 | 2977 |
| 2980 | 2984 | 3000 | 3033 | 3065 | 3076 | 3078 | 3095 | 3103 | 3109 |
| 3120 | 3132 | 3138 | 3142 | 3144 | 3175 | 3189 | 3199 | 3202 | 3210 |
| 3233 | 3240 | 3261 | 3265 | 3269 | 3281 | 3285 | 3299 | 3304 | 3312 |
| 3315 | 3354 | 3366 | 3374 | 3383 | 3409 | 3413 | 3424 | 3425 | 3426 |
| 3432 | 3437 | 3457 | 3461 | 3471 | 3485 | 3491 | 3506 | 3532 | 3540 |
| 3553 | 3582 | 3592 | 3614 | 3628 | 3631 | 3640 | 3647 | 3658 | 3660 |
| 3668 | 3673 | 3691 | 3703 | 3705 | 3733 | 3745 | 3752 | 3774 | 3775 |
| 3797 | 3801 | 3803 | 3811 | 3828 | 3836 | 3837 | 3840 | 3843 | 3852 |
| 3876 | 3889 | 3899 | 3918 | 3933 | 3939 | 3940 | 3963 | 3991 | 4003 |
| 4020 | 4023 | 4047 | 4071 | 4091 | 4097 | 4121 | 4135 | 4158 | 4164 |
| 4179 | 4243 | 4251 | 4252 | 4278 | 4298 | 4329 | 4356 | 4357 | 4371 |
| 4418 | 4438 | 4443 | 4488 | 4508 | 4510 | 4518 | 4524 | 4528 | 4532 |
| 4543 | 4547 | 4553 | 4594 | 4608 | 4655 | 4659 | 4665 | 4692 | 4731 |
| 4756 | 4759 | 4763 | 4768 | 4809 | 4831 | 4833 | 4840 | 4857 | 4864 |
| 4874 | 4890 | 4894 | 4921 | 4949 | 4962 | 4964 | 4969 | 5017 | 5019 |
| 5030 | 5035 | 5038 | 5039 | 5057 | 5061 | 5067 | 5082 | 5091 | 5096 |
| 5112 | 5114 | 5137 | 5146 | 5151 | 5161 | 5190 | 5205 | 5206 | 5209 |
| 5219 | 5248 | 5285 | 5299 | 5329 | 5355 | 5371 | 5375 | 5377 | 5390 |
| 5445 | 5448 | 5461 | 5466 | 5486 | 5495 | 5525 | 5527 | 5554 | 5558 |
| 5559 | 5569 | 5583 | 5587 | 5617 | 5632 | 5642 | 5644 | 5648 | 5652 |
| 5657 | 5659 | 5663 | 5664 | 5671 | 5699 | 5716 | 5719 | 5720 | 5723 |
| 5728 | 5733 | 5740 | 5744 | 5773 | 5783 | 5786 | 5829 | 5842 | 5848 |
| 5876 | 5881 | 5932 | 5942 | 5945 | 5969 | 5970 | 5983 | 5991 | 6026 |
| 6029 | 6037 | 6043 | 6045 | 6058 | 6068 | 6087 | 6100 | 6114 | 6141 |
| 6156 | 6159 | 6201 | 6211 | 6213 | 6241 | 6252 | 6279 | 6307 | 6331 |
| 6337 | 6341 | 6374 | 6388 | 6390 | 6411 | 6416 | 6427 | 6442 | 6448 |
| 6451 | 6462 | 6478 | 6488 | 6495 | 6529 | 6540 | 6563 | 6565 | 6585 |
| 6587 | 6591 | 6601 | 6607 | 6608 | 6621 | 6622 | 6627 | 6631 | 6639 |
| 6653 | 6656 | 6665 | 6678 | 6687 | 6718 | 6738 | 6773 | 6782 | 6784 |
| 6812 | 6815 | 6817 | 6828 | 6835 | 6839 | 6842 | 6863 | 6867 | 6918 |
| 6928 | 6961 | 6964 | 6981 | 7012 | 7020 | 7040 | 7049 | 7056 | 7070 |
| 7072 | 7084 | 7091 | 7095 | 7103 | 7111 | 7122 | 7129 | 7134 | 7137 |
| 7178 | 7183 | 7184 | 7191 | 7193 | 7195 | 7236 | 7240 | 7252 | 7268 |
| 7309 | 7331 | 7332 | 7356 | 7357 | 7361 | 7382 | 7390 | 7410 | 7411 |
| 7427 | 7441 | 7473 | 7493 | 7496 | 7522 | 7524 | 7530 | 7553 | 7585 |
| 7591 | 7611 | 7612 | 7615 | 7638 | 7661 | 7683 | 7700 | 7705 | 7715 |
| 7725 | 7726 | 7737 | 7743 | 7764 | 7765 | 7766 | 7809 | 7822 | 7866 |
| 7892 | 7938 | 7964 | 7967 | 7970 | 7994 | 7995 | 8020 | 8024 | 8030 |
| 8034 | 8053 | 8057 | 8084 | 8091 | 8092 | 8110 | 8113 | 8116 | 8123 |
| 8127 | 8137 | 8138 | 8151 | 8178 | 8186 | 8188 | 8191 | 8195 | 8199 |
| 8208 | 8211 | 8224 | 8226 | 8263 | 8275 | 8279 | 8284 | 8299 | 8312 |
| 8319 | 8327 | 8331 | 8353 | 8373 | 8376 | 8390 | 8400 | 8407 | 8408 |
| 8429 | 8430 | 8431 | 8457 | 8471 | 8479 | 8493 | 8501 | 8516 | 8519 |
| 8523 | 8524 | 8554 | 8591 | 8602 | 8605 | 8607 | 8609 | 8610 | 8624 |
| 8629 | 8637 | 8667 | 8680 | 8697 | 8704 | 8707 | 8723 | 8730 | 8749 |
| 8765 | 8784 | 8811 | 8814 | 8821 | 8822 | 8842 | 8857 | 8868 | 8871 |
| 8874 | 8878 | 8901 | 8904 | 8907 | 8911 | 8915 | 8922 | 8941 | 8963 |
| 8972 | 9001 | 9007 | 9044 | 9056 | 9059 | 9060 | 9062 | 9064 | 9074 |
| 9097 | 9175 | 9217 | 9218 | 9227 | 9236 | 9239 | 9245 | 9253 | 9263 |
| 9270 | 9287 | 9302 | 9307 | 9327 | 9355 | 9358 | 9359 | 9371 | 9398 |
| 9402 | 9405 | 9411 | 9418 | 9429 | 9444 | 9457 | 9460 | 9467 | 9472 |
| 9499 | 9518 | 9525 | 9529 | 9544 | 9559 | 9568 | 9574 | 9579 | 9593 |
| 9612 | 9621 | 9626 | 9641 | 9683 | 9684 | 9690 | 9691 | 9697 | 9700 |
| 9707 | 9708 | 9726 | 9727 | 9733 | 9741 | 9759 | 9811 | 9842 | 9845 |
| 9863 | 9908 | 9914 | 9937 | 9942 | 9951 | 9954 | 9956 | 9959 | 9971 |

ਜਾਰੀ ਕਰਤਾ ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼

RO. No. PR-Advt. No. 1118/11/2025-26/1418/Dated CHD 28.7.2025

# ਐੱਨ.ਪੀ.ਐੱਸ. ਕਰਮਚਾਰੀਆਂ ਲਈ ਪਰਿਵਾਰਕ ਜਾਂ ਦਿਵਿਆਂਗਤਾ ਪੈਨਸ਼ਨ ਲੈਣ ਸਬੰਧੀ ਵਿੱਤ ਵਿਭਾਗ ਨੇ ਵਿਕਲਪ ਚੁਣਨ ਦੀ ਸ਼ਰਤ ਲਈ ਵਾਪਸ : ਹਰਪਾਲ ਸਿੰਘ ਚੀਮਾ

## ਸਾਰੇ ਐੱਨਪੀਐੱਸ ਕਰਮਚਾਰੀ ਹੁਣ ਬਿਨਾਂ ਵਿਕਲਪ ਚੁਣੇ ਵਾਧੂ ਰਾਹਤ ਦੇ ਯੋਗ

ਚੰਡੀਗੜ੍ਹ, 2 ਅਗਸਤ (ਚ.ਨ.ਸ): ਸੂਬਾ ਸਰਕਾਰ ਦੇ ਕਰਮਚਾਰੀਆਂ ਦੇ ਪਰਿਵਾਰਾਂ ਦੀ ਮੱਦਦ ਲਈ ਇੱਕ ਅਹਿਮ ਫ਼ੈਸਲੇ ਤਹਿਤ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਐਲਾਨ ਕੀਤਾ, ਕਿ ਵਿੱਤ ਵਿਭਾਗ (ਐੱਫਡੀ) ਨੇ ਨਵੀਂ ਪੈਨਸ਼ਨ ਸਕੀਮ (ਐੱਨਪੀਐੱਸ) ਦੇ ਕਰਮਚਾਰੀਆਂ ਲਈ ਪਰਿਵਾਰਕ ਜਾਂ ਦਿਵਿਆਂਗਤਾ (ਇਨਵੈਲਿਡ) ਪੈਨਸ਼ਨ ਲੈਣ ਸਬੰਧੀ ਇੱਕ ਮੁੱਖ ਵਿਕਲਪ ਸ਼ਰਤ ਵਾਪਸ ਲੈ ਲਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਇਸ ਫ਼ੈਸਲੇ ਨੂੰ ਉਨ੍ਹਾਂ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਹੋਣ ਵਾਲੀ ਬੇਲੋੜੀ ਪ੍ਰੇਸ਼ਾਨੀ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਹੈ, ਜਿਨ੍ਹਾਂ ਦੀ ਸੇਵਾ ਦੌਰਾਨ ਮੌਤ ਹੋ ਜਾਵੇ, ਕਿਉਂਕਿ ਜ਼ਿਆਦਾਤਰ ਨੇ ਰਸਮੀ ਤੌਰ 'ਤੇ ਇਸ ਵਿਕਲਪ ਦੀ ਵਰਤੋਂ ਨਹੀਂ ਕੀਤੀ ਹੁੰਦੀ।

ਇੱਥੇ ਜਾਰੀ ਇੱਕ ਪ੍ਰੈੱਸ ਬਿਆਨ ਵਿੱਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਰਕਾਰ ਨੇ ਪਹਿਲਾਂ 8 ਅਕਤੂਬਰ 2021 ਦੇ ਵਿੱਤ ਵਿਭਾਗ ਦੇ ਨਿਰਦੇਸ਼ਾਂ ਰਾਹੀਂ ਐੱਨਪੀਐੱਸ ਕਰਮਚਾਰੀਆਂ ਨੂੰ, ਜੋ ਸੇਵਾ ਦੌਰਾਨ ਦਿਵਿਆਂਗ ਹੋ ਜਾਣ ਜਾਂ ਜਿਨ੍ਹਾਂ ਦੀ ਮੌਤ ਹੋ ਜਾਵੇ, ਪਰਿਵਾਰਕ ਜਾਂ ਦਿਵਿਆਂਗਤਾ (ਇਨਵੈਲਿਡ) ਪੈਨਸ਼ਨ ਦੇ ਰੂਪ ਵਿੱਚ ਵਾਧੂ ਰਾਹਤ



ਦਿੱਤੀ ਸੀ। ਹਾਲਾਂਕਿ, ਇਨ੍ਹਾਂ ਨਿਰਦੇਸ਼ਾਂ ਦੀ ਸ਼ਰਤ 6 ਅਨੁਸਾਰ ਮੌਜੂਦਾ ਅਤੇ ਨਵੇਂ ਭਰਤੀ ਹੋਏ ਦੋਵਾਂ ਤਰ੍ਹਾਂ ਦੇ ਕਰਮਚਾਰੀਆਂ ਨੂੰ ਇੱਕ ਨਿਰਧਾਰਤ ਸਮੇਂ ਅੰਦਰ ਇਹ ਚੁਣਨਾ ਜ਼ਰੂਰੀ ਸੀ, ਕਿ ਉਹ ਪਰਿਵਾਰਕ ਜਾਂ ਦਿਵਿਆਂਗਤਾ (ਇਨਵੈਲਿਡ) ਪੈਨਸ਼ਨ ਲੈਣਾ ਚਾਹੁੰਦੇ ਹਨ ਜਾਂ ਐੱਨਪੀਐੱਸ ਸਕੀਮ ਦੇ ਲਾਭ। ਉਨ੍ਹਾਂ ਕਿਹਾ ਕਿ ਇਸ ਸ਼ਰਤ ਨੇ ਉਨ੍ਹਾਂ ਪਰਿਵਾਰਾਂ ਲਈ ਬਹੁਤ ਮੁਸ਼ਕਿਲਾਂ ਪੈਦਾ ਕਰ ਦਿੱਤੀਆਂ ਸਨ, ਜੋ ਇਸ ਲੋੜ ਬਾਰੇ ਅਣਜਾਣ ਸਨ ਜਾਂ ਇਸ ਪ੍ਰਕਿਰਿਆ ਨੂੰ ਪੂਰਾ ਨਹੀਂ ਕਰ ਪਾਏ ਸਨ।

ਵਿੱਤ ਮੰਤਰੀ ਨੇ ਕਿਹਾ ਕਿ ਇਸ ਸਮੱਸਿਆ ਨੂੰ ਠੀਕ ਕਰਨ ਲਈ ਵਿੱਤ ਵਿਭਾਗ ਨੇ 27 ਜੂਨ 2025 ਨੂੰ ਅਧਿਕਾਰਤ ਤੌਰ 'ਤੇ ਨਿਰਦੇਸ਼ਾਂ ਦੀ ਸ਼ਰਤ 6 ਨੂੰ ਹਟਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ, ਜੋ ਸ਼ੁਰੂ ਵਿੱਚ ਪੰਜਾਬ ਸਰਕਾਰ ਦੇ ਐੱਨਪੀਐੱਸ ਕਰਮਚਾਰੀਆਂ ਲਈ ਲਾਗੂ ਕੀਤਾ ਗਿਆ ਸੀ, ਹੁਣ ਬੋਰਡਾਂ, ਕਾਰਪੋਰੇਸ਼ਨਾਂ, ਜਨਤਕ ਖੇਤਰ ਦੇ ਅਦਾਰਿਆਂ (ਪੀਐੱਸਯੂ) ਅਤੇ ਸੂਬਾ ਖ਼ੁਦਮੁਖਤਿਆਰ ਸੰਸਥਾਵਾਂ (ਐੱਸਏਬੀ) ਦੇ ਐੱਨਪੀਐੱਸ ਕਰਮਚਾਰੀਆਂ ਨੂੰ ਵੀ ਸ਼ਾਮਲ ਕਰਨ ਲਈ ਵਧਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਇਹ ਯਕੀਨੀ ਬਣਾਇਆ ਗਿਆ ਹੈ ਕਿ ਐੱਨਪੀਐੱਸ ਅਧੀਨ ਸਾਰੇ ਕਰਮਚਾਰੀ ਹੁਣ ਰਸਮੀ ਤੌਰ 'ਤੇ ਵਿਕਲਪ ਦੀ ਵਰਤੋਂ ਕੀਤੇ ਬਿਨਾਂ ਇਸ ਵਾਧੂ ਰਾਹਤ ਦੇ ਯੋਗ ਹੋ ਸਕਣ।

ਜ਼ਿਕਰਯੋਗ ਹੈ ਕਿ 8 ਅਕਤੂਬਰ 2021 ਦੇ ਨਿਰਦੇਸ਼ਾਂ ਨੂੰ 23 ਜਨਵਰੀ 2024 ਦੇ ਡਾਇਰੈਕਟੋਰੇਟ ਆਫ਼ ਪਬਲਿਕ ਐਂਟਰਪ੍ਰਾਈਜ਼ਿਜ਼ ਐਂਡ ਡਿਸਇਨਵੈਸਟਮੈਂਟ (ਡੀਪੀਈਡੀ) ਦੇ ਪੱਤਰ ਰਾਹੀਂ ਪੰਜਾਬ ਸਰਕਾਰ ਦੇ ਅਧੀਨ ਬੋਰਡਾਂ, ਕਾਰਪੋਰੇਸ਼ਨਾਂ, ਪੀਐੱਸਯੂ ਅਤੇ ਐੱਸਏਬੀ ਲਈ ਵੀ ਲਾਗੂ ਕੀਤਾ ਗਿਆ ਸੀ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਇਸ ਸ਼ਰਤ ਨੂੰ ਹਟਾ ਕੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਨਿਰਵਿਘਨ ਲਾਭ ਪ੍ਰਦਾਨ ਕਰਨਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਉਨ੍ਹਾਂ ਨੂੰ ਮੁਸ਼ਕਲ ਸਮਿਆਂ ਵਿੱਚ ਲੋੜੀਂਦੀ ਵਿੱਤੀ ਸਹਾਇਤਾ ਮਿਲੇ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਆਪਣੇ ਕਰਮਚਾਰੀਆਂ ਦੀ ਭਲਾਈ ਅਤੇ ਇੱਕ ਸਹਿਯੋਗੀ ਕੰਮਕਾਜੀ ਮਾਹੌਲ ਨੂੰ ਬਣਾਏ ਰੱਖਣ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਪੰਜਾਬੀ ਪੱਤਰਕਾਰ ਸਦਨ ਵੱਲੋਂ ਕੰਵਰ ਸਿੰਘ ਬੇਦੀ ਸਨਮਾਨਤ

ਅੰਮ੍ਰਿਤਸਰ, 2 ਅਗਸਤ (ਚ.ਨ.ਸ.): ਪੰਜਾਬੀ ਪੱਤਰਕਾਰ ਸਦਨ ਵੱਲੋਂ ਆਪਣੇ ਪਰੰਪਰਾਗਤ ਰਵਾਇਤ ਅਨੁਸਾਰ ਪੰਜਾਬੀ ਦੇ ਪੱਤਰਕਾਰ ਕੰਵਰਪ੍ਰੀਤ ਸਿੰਘ ਬੇਦੀ ਸੰਪਾਦਕ ਮਧੂਸਾਰ ਪਟਿਆਲਾ ਨੂੰ ਉਨ੍ਹਾਂ ਦੀਆਂ ਪੰਜਾਬੀ ਪੱਤਰਕਾਰਤਾ ਦੇ ਖੇਤਰ ਵਿਚ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੇ ਸਤਿਕਾਰ ਵਜੋਂ ਸਨਮਾਨਿਤ ਕੀਤਾ ਗਿਆ। ਸਨਮਾਨ ਵਿੱਚ ਉਨ੍ਹਾਂ ਨੂੰ ਯਾਗਦਾਰੀ ਚਿੰਨ੍ਹ ਮੋਮੈਂਟੋ, ਦੋਸ਼ਾਲਾ ਤੇ ਸਿਰਪਾਓ ਨਾਲ ਨਿਵਾਜਿਆ ਗਿਆ। ਸਦਨ ਦੇ ਸੂਪ੍ਰਸਤ ਦਿਲਜੀਤ ਸਿੰਘ ਬੇਦੀ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਸਦਨ ਦੀ ਇਹ ਪੁਰਾਤਨ ਪਰੰਪਰਾ ਰਹੀ ਹੈ, ਕਿ ਪੱਤਰਕਾਰਤਾ ਅਤੇ ਸਾਹਿਤਕ ਖੇਤਰ ਵਿਚ ਨਿਵੇਕਲਾ ਤੇ ਸ਼ਾਨਦਾਰ ਯੋਗਦਾਨ ਪਾਉਣ ਵਾਲੇ ਪੱਤਰਕਾਰਾਂ ਨੂੰ ਸਮੇਂ ਸਮੇਂ ਸਨਮਾਨਿਤ ਕੀਤਾ ਜਾਂਦਾ ਹੈ। ਇਸ ਤੋਂ ਪਹਿਲਾਂ ਪੱਤਰਕਾਰ ਤੇ ਉੱਘੇ ਲੇਖਕ ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ ਯੂ.ਕੇ ਨੂੰ ਸਨਮਾਨਤ ਕੀਤਾ ਜਾ ਚੁੱਕਿਆ ਹੈ।



ਸਦਨ ਦੇ ਚੇਅਰਮੇਨ ਜੋਗਿੰਦਰਪਾਲ ਸਿੰਘ ਕੁੰਦਰਾ ਨੇ ਕਿਹਾ ਕਿ ਸਦਨ ਵੱਲੋਂ ਪੱਤਰਕਾਰਾਂ ਦੀਆਂ ਮੰਗਾਂ ਸੈਂਟਰ ਸਰਕਾਰ ਤੀਕ ਪੁੱਜਦੀਆਂ ਕੀਤੀਆਂ ਹਨ। ਰਾਬਤਾ ਕਾਇਮ ਹੈ ਆਉਣ ਵਾਲੇ ਸਮੇਂ ਵਿੱਚ ਪੱਤਰਕਾਰਾਂ ਦੀਆਂ ਮੰਗਾ ਪ੍ਰਤੀ ਜੇ ਲੋੜ ਪਈ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਸਨਮਾਨਤ ਸਖ਼ਸ਼ੀਅਤ ਕੰਵਰਪ੍ਰੀਤ ਸਿੰਘ ਬੇਦੀ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਸਵ: ਪਿਤਾ ਪੱਤਰਕਾਰ ਬਲਬੀਰ ਸਿੰਘ ਬੇਦੀ ਦੀਆਂ ਸੇਵਾਵਾਂ ਨੂੰ ਵੀ ਯਾਦ ਕੀਤਾ। ਜਤਿੰਦਰ ਸਿੰਘ ਥਿੰਦ ਪ੍ਰਧਾਨ ਨੇ ਕਿਹਾ ਕਿ ਸਥਾਨਕ ਪੱਤਰਕਾਰ ਭਾਈਚਾਰਾ ਆਪਣੀਆਂ ਸੇਵਾਵਾਂ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਅ ਰਿਹਾ ਹੈ। ਅਗਲੇਰੇ ਸਮਾਗਮਾਂ ਵਿੱਚ ਸਰਕਾਰੀ ਪ੍ਰਸ਼ਾਸਨ ਨੂੰ ਵੀ ਸ਼ਾਮਲ ਕੀਤਾ ਜਾਵੇਗਾ। ਉਨ੍ਹਾਂ ਵੀ ਕੰਵਰਪ੍ਰੀਤ ਸਿੰਘ ਨੂੰ ਵਧਾਈ ਪੇਸ਼ ਕੀਤੀ। ਅੱਜ ਦੇ ਇਸ ਸਮਾਗਮ ਵਿੱਚ ਅਮਰੀਕ ਵੱਲਾ, ਕੁਲਬੀਰ ਸਿੰਘ, ਨਰਿੰਦਰ ਸਿੰਘ, ਤਰੁਣ ਮਹਿਰਾ, ਰਜੇਸ਼ ਸ਼ਰਮਾ, ਸੰਦੀਪ ਸਿੰਘ, ਹਰਜਿੰਦਰ ਸਿੰਘ, ਸੰਦੀਪ ਸਿੰਘ, ਪਰਮਜੀਤ ਸਿੰਘ ਬਾਜਵਾ, ਲੱਕੀ ਮਹਿਰਾ, ਲਖਵਿੰਦਰ ਸ਼ਰਮਾ, ਡਾ ਹਰਵਿੰਦਰ ਸਿੰਘ, ਡਾ ਗੁਰਜਿੰਦਰ ਸਿੰਘ ਆਦਿ ਹਾਜ਼ਰ ਸਨ।

# ਆਜ਼ਾਦੀ ਦਿਵਸ ਦੇ ਮੱਦੇਨਜ਼ਰ ਸੂਬੇ ਦੀ ਸੁਰੱਖਿਆ 'ਚ ਵਾਧਾ

## ਪੰਜਾਬ ਪੁਲਿਸ ਵੱਲੋਂ ਸਮਾਜ ਵਿਰੋਧੀ ਅਨਸਰਾਂ 'ਤੇ ਨਜ਼ਰ ਰੱਖਣ ਲਈ ਪੰਦਰਵਾੜਾ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ

ਚੰਡੀਗੜ੍ਹ, 2 ਅਗਸਤ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਆਗਾਮੀ ਆਜ਼ਾਦੀ ਦਿਵਸ-2025 ਦੇ ਸ਼ਾਂਤੀਪੂਰਨ ਜਸ਼ਨਾਂ ਨੂੰ ਯਕੀਨੀ ਬਣਾਉਣ ਲਈ ਪੰਜਾਬ ਪੁਲਿਸ ਨੇ ਸੂਬੇ ਭਰ ਵਿੱਚ ਸੁਰੱਖਿਆ ਵਧਾ ਦਿੱਤੀ ਹੈ ਅਤੇ ਅਪਰਾਧਿਕ ਤੇ ਸਮਾਜ ਵਿਰੋਧੀ ਅਨਸਰਾਂ 'ਤੇ ਨਜ਼ਰ ਰੱਖਣ ਲਈ ਵਿਸ਼ੇਸ਼ ਪੰਦਰਵਾੜਾ ਮੁਹਿੰਮ ਸ਼ੁਰੂ ਕੀਤੀ ਹੈ।

ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ਅਨੁਸਾਰ ਸਾਰੇ ਸੀਪੀਜ਼/ਐਸਐਸਪੀਜ਼ ਨੂੰ ਆਪੋ-ਆਪਣੇ ਜ਼ਿਲ੍ਹਿਆਂ ਵਿੱਚ ਸੁਰੱਖਿਆ ਉਪਾਵਾਂ ਵਿੱਚ ਵਾਧਾ ਕਰਨ, ਗਸ਼ਤ ਵਧਾਉਣ ਅਤੇ ਰਾਤ ਦੇ ਅਭਿਆਨ ਨੂੰ ਹੋਰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਇਸ ਸਬੰਧੀ ਵੇਰਵੇ ਦਿੰਦਿਆਂ ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਕਿਹਾ ਕਿ ਇਨ੍ਹਾਂ ਦੋ ਹਫ਼ਤਿਆਂ ਵਿੱਚ ਸੀਪੀਜ਼/ਐਸਐਸਪੀਜ਼ ਨਿਯਮਤ ਤੌਰ 'ਤੇ ਵੱਖ-ਵੱਖ ਕਾਰਵਾਈਆਂ ਕਰਨਗੇ ਜਿਸ ਵਿੱਚ ਅੱਤਵਾਦ /ਗੈਂਗਸਟਰ ਵਿਰੋਧੀ ਕਾਰਵਾਈਆਂ, ਜੇਲ੍ਹਾਂ ਦੀ ਜਾਂਚ, ਰਣਨੀਤਕ ਸਥਾਨਾਂ 'ਤੇ ਨਾਕੇ ਲਗਾਉਣਾ, ਤਲਾਸ਼ੀ ਅਭਿਆਨ ਆਦਿ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਸੀਪੀਜ਼/ਐਸਐਸਪੀਜ਼ ਨੂੰ ਸ਼ੱਕੀ ਗਤੀਵਿਧੀਆਂ ਤੇ ਵਿਅਕਤੀਆਂ 'ਤੇ ਨੇੜਿਓਂ ਨਜ਼ਰ ਰੱਖਣ ਅਤੇ ਕਿਸੇ ਵੱਲੋਂ ਵੀ ਸੁਰੱਖਿਆ ਉਲੰਘਣਾ ਦੀ ਸਥਿਤੀ ਵਿੱਚ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ ਹਨ।

ਵਿਸ਼ੇਸ਼ ਡੀਜੀਪੀ ਨੇ ਸੀਪੀਜ਼/ਐਸਐਸਪੀਜ਼ ਨੂੰ ਜਨਤਕ ਸਥਾਨਾਂ 'ਤੇ ਪੁਲਿਸ ਦੀ ਮੌਜੂਦਗੀ ਵਧਾਉਣ ਅਤੇ ਆਪੋ-ਆਪਣੇ ਅਧਿਕਾਰ ਖੇਤਰਾਂ ਵਿੱਚ ਮਹੱਤਵਪੂਰਨ ਖੇਤਰਾਂ ਵਿੱਚ ਨਿਗਰਾਨੀ ਅਤੇ ਗਸ਼ਤ ਤੇਜ਼ ਕਰਨ ਦੇ ਨਿਰਦੇਸ਼ ਵੀ ਜਾਰੀ ਕੀਤੇ ਹਨ। ਉਹਨਾਂ ਅੱਗੇ ਦੱਸਿਆ ਕਿ ਸੀਪੀਜ਼/ਐਸਐਸਪੀਜ਼ ਨੂੰ ਆਪੋ-ਆਪਣੇ ਅਧਿਕਾਰ ਖੇਤਰਾਂ ਵਿੱਚ ਪੁਲਿਸ ਚੌਕੀਆਂ ਦੀ ਗਿਣਤੀ ਵਧਾਉਣ ਅਤੇ ਹਰੇਕ ਨਾਕੇ 'ਤੇ ਵੱਧ ਤੋਂ ਵੱਧ ਵਾਹਨਾਂ ਦੀ ਜਾਂਚ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ ਗਏ ਹਨ, ਜਿਸ ਨਾਲ ਅੱਤਵਾਦੀ ਅਤੇ ਅਪਰਾਧਿਕ ਗਤੀਵਿਧੀਆਂ ਨੂੰ ਘਟਾਉਣ ਵਿੱਚ ਮੱਦਦ ਮਿਲੇਗੀ।

ਦੱਸਣਯੋਗ ਹੈ ਕਿ ਪੁਲਿਸ ਟੀਮਾਂ ਨੇ 154ਵੇਂ ਦਿਨ ਨਸ਼ਿਆਂ ਵਿਰੁੱਧ ਆਪਣੀ ਘੇਰਾਬੰਦੀ ਅਤੇ ਖੋਜ ਮੁਹਿੰਮ (ਕਾਸੋ) ਜਾਰੀ ਰੱਖਦਿਆਂ ਅੱਜ 481 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਨਾਲ ਸੂਬੇ ਭਰ ਵਿੱਚ 80 ਐਫਆਈਆਰਜ਼ ਦਰਜ ਕਰਨ ਤੋਂ ਬਾਅਦ 107 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 154 ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 24,325 ਹੋ ਗਈ ਹੈ।

ਵਿਸ਼ੇਸ਼ ਡੀਜੀਪੀ ਨੇ ਕਿਹਾ ਕਿ ਇਸ ਛਾਪੇਮਾਰੀ ਦੇ ਨਤੀਜੇ ਵਜੋਂ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 13.9 ਕਿਲੋ ਹੈਰੋਇਨ, 500 ਗ੍ਰਾਮ ਅਫੀਮ ਅਤੇ 34,820 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ 87 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1300 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 180 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ ਛਾਪੇਮਾਰੀ ਕੀਤੀ ਅਤੇ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ 511 ਸ਼ੱਕੀ ਵਿਅਕਤੀਆਂ ਦੀ ਜਾਂਚ ਕੀਤੀ।

ਵਿਸ਼ੇਸ਼ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ 68 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

### ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਹਰਜਿੰਦਰ ਸਿੰਘ ਧਾਮੀ ਨੂੰ ਅਪੀਲ

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਡੇ ਭਰਾ ਦੀ ਭੂਮਿਕਾ ਨਿਭਾਵੇ : ਕਾਲਕਾ, ਕਾਹਲੋਂ

ਨਵੀਂ ਦਿੱਲੀ, 2 ਅਗਸਤ (ਅਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਉਸਨੂੰ ਵੱਡੇ ਭਰਾ ਦੀ ਭੂਮਿਕਾ ਅਦਾ ਕਰਨੀ ਚਾਹੀਦੀ ਹੈ। ਗੁਰੂ ਸਾਹਿਬ ਤੇ ਉਹਨਾਂ ਦੇ ਨਾਲ ਤਿੰਨ ਸਿੰਘਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੇ ਸ਼ਹੀਦੀ ਦਿਹਾੜੇ ਨੂੰ ਦਿੱਲੀ ਵਿਖੇ ਮਨਾਉਣ ਲਈ ਛੋਟੇ ਭਰਾ ਦਿੱਲੀ ਗੁਰਦੁਆਰਾ ਕਮੇਟੀ ਨੂੰ ਭਰਪੂਰ ਸਹਿਯੋਗ ਦੇਣਾ ਚਾਹੀਦਾ ਹੈ। ਇਹ ਪ੍ਰਗਟਾਵਾ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕੀਤਾ ਹੈ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਲਿਖੇ ਪੱਤਰ ਵਿਚ ਹਰਮੀਤ ਸਿੰਘ ਕਾਲਕਾ ਤੇ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਤਿੰਨ ਸ਼ਹੀਦਾਂ ਦੀ ਸ਼ਹਾਦਤ ਦਿੱਲੀ ਵਿਚ ਹੋਈ ਤੇ ਅੰਤਿਮ ਸਸਕਾਰ ਵੀ ਦਿੱਲੀ ਵਿਚ ਹੋਇਆ। ਇਸ ਵਾਸਤੇ ਇਹ ਪ੍ਰੋਗਰਾਮ ਦਿੱਲੀ ਵਿਚ ਮਨਾਉਣ ਦੀ ਜ਼ਿੰਮੇਵਾਰੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਣਦੀ ਹੈ।

ਕਾਲਕਾ ਤੇ ਕਾਹਲੋਂ ਨੇ ਪ੍ਰਧਾਨ ਧਾਮੀ ਨੂੰ ਚੇਤੇ ਕਰਵਾਇਆ, ਕਿ ਸਾਲ 1999 ਵਿਚ ਖਾਲਸਾ ਪੰਥ ਦੇ ਤਿੰਨ ਸੌ ਸਾਲਾ ਸਾਜਨਾ ਦਿਵਸ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ, ਗੁਰੂ ਅੰਗਦ ਦੇਵ ਜੀ ਦਾ 400 ਪ੍ਰਕਾਸ਼ ਪੁਰਬ ਖਡੂਰ ਸਾਹਿਬ ਵਿਖੇ, ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਸੁਲਤਾਨਪੁਰ ਲੋਧੀ ਵਿਖੇ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ 350 ਸਾਲਾ ਪ੍ਰਕਾਸ਼ ਪੁਰਬ ਪਟਨਾ ਸਾਹਿਬ ਵਿਖੇ ਅਤੇ 2008 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾਗੱਦੀ 300 ਸਾਲਾ ਸਮਾਗਮ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਮਨਾਇਆ ਗਿਆ। ਉਹਨਾਂ ਕਿਹਾ ਕਿ ਇਹਨਾਂ ਸਾਰੇ ਸਮਾਗਮਾਂ ਵਿਚ ਪੰਥ ਦੀਆਂ ਸਾਰੀਆਂ ਜਥੇਬੰਦੀਆਂ ਦੇ ਵੱਧ ਚੜ੍ਹ ਕੇ ਸਹਿਯੋਗ ਦਿੱਤਾ।

ਉਹਨਾਂ ਕਿਹਾ ਕਿ ਇਹ ਰਵਾਇਤ ਪਹਿਲਾਂ ਤੋਂ ਚੱਲਦੀ ਆ ਰਹੀ ਹੈ ਕਿ ਸ਼ਤਾਬਦੀ ਜਾਂ ਅਰਧ ਸ਼ਤਾਬਦੀ ਸਮਾਗਮਾਂ ਨੂੰ ਸਮੁੱਚੀ ਕੌਮ ਅਤੇ ਪੰਥਕ ਜਥੇਬੰਦੀਆਂ ਮਿਲ ਕੇ ਸਬੰਧਤ ਅਸਥਾਨ 'ਤੇ ਮਨਾਉਂਦੀਆਂ ਆ ਰਹੀਆਂ ਹਨ। ਉਹਨਾਂ ਕਿਹਾ ਕਿ ਇਸ ਵਾਰ ਵੱਖ-ਵੱਖ ਪ੍ਰੋਗਰਾਮਾਂ ਦੀ ਨਵੀਂ ਪਿਰਤ ਨਾ ਪਾਈ ਜਾਵੇ।

ਉਹਨਾਂ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਇਹ ਵੀ ਚੇਤੇ ਕਰਵਾਇਆ ਕਿ 2 ਅਪ੍ਰੈਲ ਨੂੰ ਇਕ ਅਹਿਮ ਇਕੱਤਰਤਾ ਕਾਨਫਰੰਸ ਹਾਲ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਹੋਈ ਸੀ, ਜਿਸ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਭਾਈ ਗੁਰਚਰਨ ਸਿੰਘ ਗਰੇਵਾਲ, ਹਰਿਆਣਾ ਕਮੇਟੀ ਤੋਂ ਭੁਪਿੰਦਰ ਸਿੰਘ ਅਸੰਧ, ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਭਾਈ ਸਰਬਜੀਤ ਸਿੰਘ ਅਤੇ ਭਾਰਤ ਦੀਆਂ ਪ੍ਰਮੁੱਖ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਲ ਹੋਏ ਸਨ, ਜਿਸ ਵਿਚ ਫੈਸਲਾ ਲਿਆ ਗਿਆ ਸੀ ਕਿ ਦਿੱਲੀ ਵਿਖੇ ਇਕਜੁੱਟ ਹੋ ਕੇ ਸਮਾਗਮ ਕੀਤੇ ਜਾਣ।

ਉਹਨਾਂ ਨੇ ਐਡਵੋਕੇਟ ਧਾਮੀ ਨੂੰ ਅਪੀਲ ਕੀਤੀ ਕਿ ਸ਼੍ਰੋਮਣੀ ਕਮੇਟੀ ਵੱਡੇ ਭਰਾ ਦੀ ਭੂਮਿਕਾ ਨਿਭਾਉਂਦੇ ਹੋਏ ਇਹ ਸਮਾਗਮ ਦਿੱਲੀ ਵਿਚ ਕਰਨ ਦੇ ਮਾਮਲੇ ਵਿਚ ਪਹਿਲ ਕਰੇ ਅਤੇ ਦਿੱਲੀ ਗੁਰਦੁਆਰਾ ਕਮੇਟੀ ਛੋਟੇ ਭਰਾ ਦੀ ਭੂਮਿਕਾ ਨਿਭਾਉਂਦੇ ਹੋਏ ਪ੍ਰੋਗਰਾਮਾਂ ਵਾਸਤੇ ਪੂਰਨ ਸਹਿਯੋਗ ਦਿੱਤਾ ਜਾਵੇਗਾ।

# ਭਾਈ ਅੰਮ੍ਰਿਤਪਾਲ ਸਿੰਘ ਦੇ ਸਾਥੀ ਬੰਦੀ ਸਿੰਘਾਂ ਦੀ ਪੇਸ਼ੀ ਮੌਕੇ ਪਰਿਵਾਰਾਂ ਨਾਲ ਦੁਰ-ਵਿਵਹਾਰ ਕਰਨ ਵਾਲੇ ਐਸ.ਪੀ. ਨੂੰ ਕੀਤਾ ਜਾਵੇ ਸਸਪੈਂਡ : ਅਕਾਲੀ ਦਲ

ਅੰਮ੍ਰਿਤਸਰ, 2 ਅਗਸਤ (ਬਬਲੂ ਮਹਾਜਨ): ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਅਤੇ ਸਰਗਰਮ ਆਗੂਆਂ ਵੱਲੋਂ ਅੰਮ੍ਰਿਤਸਰ ਪ੍ਰੈੱਸ ਕਲੱਬ ਵਿਖੇ ਇਕ ਅਹਿਮ ਪ੍ਰੈੱਸ ਕਾਨਫਰੰਸ ਕੀਤੀ ਗਈ। ਜਿਸ ਵਿੱਚ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਦੇ ਪਿਤਾ ਬਾਪੂ ਤਰਸੇਮ ਸਿੰਘ ਜੀ ਅਤੇ ਮਾਤਾ ਬਲਵਿੰਦਰ ਕੌਰ ਜੀ ਤੋਂ ਇਲਾਵਾ ਭਾਈ ਅਮਰਜੀਤ ਸਿੰਘ ਵੰਨਚਿੜੀ, ਭਾਈ ਹਰਭਜਨ ਸਿੰਘ ਤੁੜ, ਭਾਈ ਪਰਮਜੀਤ ਸਿੰਘ ਜੌਹਲ, ਐਡਵੋਕੇਟ ਕਰਮਵੀਰ ਸਿੰਘ ਪੰਨੂੰ, ਐਡਵੋਕੇਟ ਸ਼ੁਕਰਗੁਜ਼ਾਰ ਸਿੰਘ,ਚਾਚਾ ਸੁਖਚੈਨ ਸਿੰਘ, ਚਾਚਾ ਪ੍ਰਗਟ ਸਿੰਘ, ਭਾਈ ਦਇਆ ਸਿੰਘ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਪਰਮਜੀਤ ਸਿੰਘ ਜੱਲੂਪੁਰ, ਭਾਈ ਜੋਗਿੰਦਰਪਾਲ ਸਿੰਘ ਵਡਾਲਾ, ਅਡਵੋਕੇਟ ਅਜੇਪਾਲ ਸਿੰਘ ਢਿੱਲੋਂ, ਅਤੇ ਹੋਰ ਵੀ ਆਗੂ ਸ਼ਾਮਲ ਸਨ। ਇਸ ਪ੍ਰੈਸ ਕਾਨਫਰੰਸ ਵਿੱਚ ਬਾਪੂ ਤਰਸੇਮ ਸਿੰਘ ਜੀ ਵੱਲੋਂ ਪੰਜਾਬ ਪੁਲਿਸ ਦੇ ਉੱਚ ਅਧਿਕਾਰੀ ਐਸ ਪੀ ਹਰਪਾਲ ਸਿੰਘ 'ਤੇ



ਵੱਡੇ ਇਲਜ਼ਾਮ ਲਗਾਏ ਗਏ। ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਉਹਨਾਂ ਦੱਸਿਆ ਕਿ ਬੀਤੇ ਰੋਜ਼ ਭਾਈ ਅੰਮ੍ਰਿਤਪਾਲ ਸਿੰਘ ਜੀ ਸਾਥੀ ਸਿੰਘਾਂ ਦੀ ਅੰਮ੍ਰਿਤਸਰ ਕੋਰਟ ਵਿੱਚ ਪੇਸ਼ੀ ਦੌਰਾਨ ਉਹਨਾਂ ਦੇ ਪਰਿਵਾਰ ਉਹਨਾਂ ਸਿੰਘਾਂ ਨੂੰ ਮਿਲਣ ਵਾਸਤੇ ਆਏ ਸਨ, ਜਿਨ੍ਹਾਂ ਨਾਲ ਉਹ ਆਪ ਖੁਦ ਅਤੇ ਉਹਨਾਂ ਦੀ ਧਰਮ ਪਤਨੀ ਮਾਤਾ ਬਲਵਿੰਦਰ ਕੌਰ ਜੀ ਵੀ ਮੌਜੂਦ ਸਨ। ਜਿੱਥੇ ਕਿ ਸਕਿਉਰਟੀ ਲਈ ਤਾਇਨਾਤ ਐਸ ਪੀ ਹਰਪਾਲ ਸਿੰਘ ਆਪਣੀ ਪੂਰੀ ਪੁਲਿਸ ਫੋਰਸ ਨਾਲ ਮੌਜੂਦ ਸੀ, ਤੇ ਜਦੋਂ ਉਹਨਾਂ ਬੰਦੀ ਸਿੰਘਾਂ ਨੂੰ ਮਿਲਣ ਦੀ ਇੱਛਾ ਪ੍ਰਗਟਾਈ ਤਾਂ ਐਸ ਪੀ ਹਰਪਾਲ ਸਿੰਘ ਬੜੇ ਗੁੱਸੇ ਵਿੱਚ ਪੁਲਿਸ ਬਲ ਦਾ ਇਸਤੇਮਾਲ ਕਰਦਿਆਂ ਹੋਇਆਂ ਘਟੀਆ ਰਵੱਈਏ 'ਤੇ ਉੱਤਰ ਆਇਆ। ਜਿਸ ਦੌਰਾਨ ਉਸਨੇ ਮੌਜੂਦਾ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਦੀ ਮਾਤਾ ਜੀ ਨਾਲ ਬਹੁਤ ਬਦਸਲੂਕੀ ਕੀਤੀ ਅਤੇ ਅਸੱਭਿਅਕ ਸ਼ਬਦਾਵਲੀ ਦੀ ਵਰਤੋਂ ਕਰਦਿਆਂ ਇਤਰਾਜਯੋਗ ਸ਼ਬਦ ਬੋਲੇ ਅਤੇ ਕਿਹਾ ਕਿ ਤੇਰੇ ਮੁੰਡੇ ਨੇ ਪੰਜਾਬ ਨੂੰ ਅੱਗ ਲਾਈ ਹੈ ਅਤੇ ਤੁਸੀਂ ਬਹੁਤ ਪੈਸਾ ਇਕੱਠਾ ਕਰ ਲਿਆ ਹੈ, ਹੁਣ ਬੱਸ ਕਰੋ 'ਤੇ ਅੰਮ੍ਰਿਤਸਰ ਕਚਿਹਰੀ ਕੰਪਲੈਕਸ ਵਿੱਚ ਸ਼ਰੇਆਮ ਬੇਇੱਜਤ ਕੀਤਾ। ਇੱਥੇ ਹੀ ਬੱਸ ਨਹੀਂ ਬਾਕੀ ਸਿੰਘਾਂ ਦੇ ਪਰਿਵਾਰਾਂ ਦੀਆਂ ਔਰਤਾਂ ਨਾਲ ਧੱਕਾ ਮੁੱਕੀ, ਖਿੱਚ ਧੂਹ ਵੀ ਕੀਤੀ ਗਈ ਅਤੇ ਸਿੱਖ ਔਰਤਾਂ ਦੀਆਂ ਚੁੰਨੀਆਂ ਉਤਾਰੀਆਂ ਗਈਆਂ ਜਿਸ ਦੌਰਾਨ ਕਈਆਂ ਨੂੰ ਸੱਟਾਂ ਵੀ ਲੱਗੀਆਂ ਜੋ ਕਿ ਪੰਜਾਬ ਦੇ ਇਕ ਉੱਚ ਅਧਿਕਾਰੀ ਤੇ ਦੂਸਰਾ ਸਿੱਖ ਅਫ਼ਸਰ ਹੋਣ ਨਾਤੇ ਅਜੇ ਅਦਾਲਤ ਵਿੱਚ ਕੇਸ ਵਿਚਾਰ ਅਧੀਨ ਹੁੰਦਿਆ ਅਜਿਹੇ ਇਲਜ਼ਾਮ ਲਗਾਉਣੇ ਤੇ ਔਰਤਾਂ ਨਾਲ ਬਦਸਲੂਕੀ ਕਰਨੀ ਬਿਲਕੁਲ ਹੀ ਗੈਰ-ਸਮਾਜਿਕ ਤੇ ਗੈਰ-ਸੰਵਿਧਾਨਿਕ ਹੈ। ਉਹਨਾਂ ਕਿਹਾ ਕਿ ਅਕਾਲੀ ਦਲ ( ਵਾਰਿਸ ਪੰਜਾਬ ਦੇ ) ਪੰਜਾਬ ਪੁਲਿਸ ਦੇ ਇਸ ਐਸ ਪੀ ਹਰਪਾਲ ਸਿੰਘ ਵੱਲੋਂ ਕੀਤੇ ਗਏ ਸ਼ਰਮਨਾਕ ਵਿਵਹਾਰ ਦੀ ਸਖ਼ਤ ਸ਼ਬਦਾ ਵਿੱਚ ਨਿਖੇਧੀ ਕਰਦਾ ਹੈ ਅਤੇ ਮੰਗ ਕਰਦਾ ਹੈ ਕਿ ਇਕ ਮੌਜੂਦਾ ਮੈਂਬਰ ਪਾਰਲੀਮੈਂਟ ਜੋ ਕਿ ਪੰਜਾਬ ਵਿੱਚ ਸਭ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕਰ ਚੁੱਕਿਆ ਹੋਵੇ ਉਸਦੀ ਦੀ ਮਾਤਾ ਅਤੇ ਖ਼ਾਸ ਕਰਕੇ ਸਿੱਖ ਔਰਤ ਨਾਲ ਅਜਿਹਾ ਵਰਤਾਓ ਕਰਨ ਵਾਲੇ ਅਸੱਭਿਅਕ ਬੋਲਬਾਣੀ ਵਾਲੇ ਅਫ਼ਸਰ ਨੂੰ ਤੁਰੰਤ ਸਸਪੈਂਡ ਕੀਤਾ ਜਾਵੇ ਅਤੇ ਇਸ ਉੱਪਰ ਵਿਭਾਗੀ ਕਾਰਵਾਈ ਕਰਦੇ ਹੋਏ ਇਸਦੀ ਬਦਲੀ ਕਿਤੇ ਹੋਰ ਕੀਤੀ ਜਾਵੇ ਤਾਂ ਕਿ ਅਜਿਹੇ ਗਲਤ ਆਚਰਣ ਵਾਲੇ ਅਫ਼ਸਰ ਨੂੰ ਸਬਕ ਮਿਲ ਸਕੇ। ਉਹਨਾਂ ਕਿਹਾ ਕਿ ਅਜਿਹੇ ਅਫ਼ਸਰ ਸਿਰਫ਼ ਪੁਲਿਸ ਡਿਪਾਰਟਮੈਂਟ ਨੂੰ ਹੀ ਬਦਨਾਮ ਨਹੀਂ ਕਰਦੇ ਸਗੋਂ ਇਕ ਸਿੱਖ ਹੋਣ ਨਾਤੇ ਸਿੱਖੀ ਦੇ ਨਾਮ ਤੇ ਵੀ ਬਦਨੁਮਾਂ ਦਾਗ ਹਨ। ਇਸ ਤੋਂ ਇਲਾਵਾ ਬਾਪੂ ਤਰਸੇਮ ਸਿੰਘ ਜੀ ਨੇ ਹੋਰ ਖੁਲਾਸਾ ਕਰਦਿਆਂ ਇਹ ਵੀ ਇਲਜ਼ਾਮ ਲਗਾਏ ਕਿ ਇੱਥੇ ਹੀ ਬੱਸ ਨਹੀਂ ਪੰਜਾਬ ਪੁਲਿਸ ਵੱਲੋਂ ਪਿਛਲੇ ਕੁਝ ਦਿਨਾਂ ਤੋਂ ਝੂਠੇ ਬਿਆਨਾਂ ਦੇ ਅਧਾਰ 'ਤੇ ਭਾਈ ਅੰਮ੍ਰਿਤਪਾਲ ਸਿੰਘ ਦੇ ਨਸ਼ਾ ਕਰਨ ਦੀਆਂ ਖਬਰਾਂ ਫੈਲਾਈਆਂ ਜਾ ਰਹੀਆ ਹਨ ਜੋ ਬਿਲਕੁਲ ਬੇਬੁਨਿਆਦ ਤੇ ਨਿਰਾਧਾਰ ਹਨ, ਅਸੀਂ ਉਸਦਾ ਵੀ ਸਖ਼ਤ ਰੂਪ ਨਾਲ ਖੰਡਨ ਕਰਦੇ ਹਾਂ ਅਤੇ ਜਿਸਦਾ ਜਵਾਬ ਦੇਕੇ ਪੇਸ਼ੀ ਭੁਗਤਣ ਆਏ ਪ੍ਰਧਾਨ ਮੰਤਰੀ ਬਾਜੇਕੇ ਨੇ ਵੀ ਸਪੱਸ਼ਟ ਕਰ ਦਿੱਤਾ ਹੈ।

# ਪੰਜਾਬ ਸਰਕਾਰ ਵੱਲੋਂ ਆਮ ਬਦਲੀਆਂ/ ਤੈਨਾਤੀ ਲਈ ਤੈਅ ਸਮਾਂ ਸੀਮਾ ਵਿਚ ਵਾਧਾ

ਚੰਡੀਗੜ੍ਹ, 2 ਅਗਸਤ (ਚ.ਨ.ਸ.): ਪੰਜਾਬ ਸਰਕਾਰ ਦੇ ਪ੍ਰਸੋਨਲ ਵਿਭਾਗ ਵੱਲੋਂ ਪੱਤਰ ਜਾਰੀ ਕਰ ਕੇ ਸੂਬੇ ਦੇ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੀਆਂ ਆਮ ਬਦਲੀਆਂ/ਤੈਨਾਤੀਆਂ ਕਰਨ ਸਬੰਧੀ ਹਦਾਇਤਾਂ 'ਤੇ ਸਮਾਂ-ਸੀਮਾ ਸਬੰਧੀ ਵਾਧਾ ਕਰਨ ਬਾਰੇ ਇਕ ਪੱਤਰ ਜਾਰੀ ਕੀਤਾ ਗਿਆ ਹੈ। ਜਾਰੀ ਕੀਤੇ ਗਏ ਪੱਤਰ ਅਨੁਸਾਰ ਪ੍ਰਸੋਨਲ ਵਿਭਾਗ ਵੱਲੋਂ ਪਹਿਲਾਂ ਜਾਰੀ ਪੱਤਰ ਨੰ. 07/01/2014-1ਪੀ.ਪੀ.2 (3ਪੀ.ਪੀ2)/382-385 ਮਿਤੀ 05.06.2025 ਦੀ ਲਗਾਤਾਰਤਾ ਵਿਚ ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਦੇ ਸਮੂਹ ਵਿਭਾਗਾਂ/ਅਦਾਰਿਆਂ ਵਿੱਚ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੀਆਂ ਆਮ ਬਦਲੀਆਂ ਤੇ ਤੈਨਾਤੀਆਂ ਕਰਨ ਦਾ ਸਮਾਂ ਜੋ ਕਿ 23 ਜੂਨ ਤੋਂ 1 ਅਗਸਤ ਨਿਰਧਾਰਤ ਕੀਤਾ ਗਿਆ ਸੀ। ਪ੍ਰੰਤੂ ਹੁਣ ਇਹ ਪੱਤਰ ਜਾਰੀ ਕਰਕੇ ਆਮ ਬਦਲੀਆਂ/ਤੈਨਾਤੀਆਂ ਦੇ ਸਮੇਂ ਵਿੱਚ 20.08.2025 ਤੱਕ ਦਾ ਵਾਧਾ ਕੀਤਾ ਗਿਆ ਹੈ। ਬੁਲਾਰੇ ਨੇ ਦੱਸਿਆ ਕਿ 20.08.2025 ਤੋਂ ਬਾਅਦ ਆਮ ਬਦਲੀਆਂ 'ਤੇ ਸੰਪੂਰਨ ਰੋਕ ਹੋਵੇਗੀ। ਇਸ ਉਪਰੰਤ ਬਦਲੀ/ਤੈਨਾਤੀ ਪ੍ਰਸੋਨਲ ਵਿਭਾਗ ਵੱਲੋਂ ਜਾਰੀ ਟਰਾਂਸਫਰ ਪਾਲਿਸੀ 23.04.2018 ਵਿੱਚ ਕੀਤੇ ਗਏ ਉਪਬੰਧਾਂ ਅਨੁਸਾਰ ਹੀ ਕੀਤੀ ਜਾ ਸਕੇਗੀ। ਇਹ ਪੱਤਰ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ, ਡਵੀਜਨਾਂ ਦੇ ਕਮਿਸ਼ਨਰਜ਼, ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼ ਅਤੇ ਸਬ ਡਵੀਜ਼ਨ ਮੈਜਿਸਟਰੇਟ, ਰਾਜ ਦੇ ਸਮੂਹ ਬੋਰਡ/ਕਾਰਪੋਰੇਸ਼ਨਾਂ ਦੇ ਚੈਅਰਮੇਨ/ਮੈਨੇਜਿੰਗ ਡਾਇਰੈਕਟਰ ਨੂੰ ਮੁਖ਼ਾਤਿਬ ਕੀਤਾ ਗਿਆ ਹੈ।

# ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਮੀਂਹ ਦੇ ਆਸਾਰ

ਚੰਡੀਗੜ੍ਹ, 2 ਅਗਸਤ (ਚ.ਨ.ਸ.): ਪੰਜਾਬ 'ਚ ਲਗਾਤਾਰ ਕੁਝ ਦਿਨਾਂ ਤੋਂ ਮੀਂਹ ਪੈ ਰਿਹਾ ਹੈ। ਜਿੱਥੇ ਮੀਂਹ ਨੇ ਲੋਕਾਂ ਨੂੰ ਗਰਮੀ ਤੋਂ ਰਾਹਤ ਦਿੱਤੀ, ਪਰ ਉੱਥੇ ਹੀ ਲੋਕਾਂ ਲਈ ਮੁਸੀਬਤ ਵੀ ਖੜ੍ਹੀ ਕੀਤੀ ਹੈ। ਬਰਸਾਤ ਦੇ ਮੌਸਮ ਵਿਚ ਕੰਮਕਾਜ 'ਤੇ ਜਾਣਾ ਅਤੇ ਬੱਚਿਆਂ ਨੂੰ ਸਕੂਲ ਜਾਣ 'ਚ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੌਰਾਨ ਭਾਰਤੀ ਮੌਸਮ ਵਿਭਾਗ, ਚੰਡੀਗੜ੍ਹ ਵੱਲੋਂ 2 ਅਗਸਤ, 2025 ਨੂੰ ਜਾਰੀ ਕੀਤੀ ਤਾਜ਼ਾ ਭਵਿੱਖਬਾਣੀ ਅਨੁਸਾਰ, ਆਉਣ ਵਾਲੇ ਦਿਨਾਂ ਦੌਰਾਨ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਮੀਂਹ ਦੇ ਆਸਾਰ ਬਣੇ ਹੋਏ ਹਨ। 3 ਤੋਂ 6 ਅਗਸਤ ਤੱਕ ਕਈ ਜ਼ਿਲ੍ਹਿਆਂ ਵਿੱਚ ਹਲਕਾ ਤੋਂ ਦਰਮਿਆਨੀ ਮੀਂਹ ਪੈਣ ਦੀ ਸੰਭਾਵਨਾ ਜਤਾਈ ਗਈ ਹੈ, ਜਦਕਿ ਕੁਝ ਇਲਾਕਿਆਂ 'ਚ ਅਸਮਾਨੀ ਬਿਜਲੀ ਅਤੇ ਤੇਜ਼ ਹਵਾਵਾਂ ਦੀ ਵੀ ਚੇਤਾਵਨੀ ਦਿੱਤੀ ਗਈ ਹੈ। ਉੱਥੇ ਹੀ 3 ਅਗਸਤ ਨੂੰ ਕਈ ਜ਼ਿਲ੍ਹਿਆਂ 'ਚ ਹਲਕਾ ਮੀਂਹ ਜਾਰੀ ਰਹੇਗਾ। 4, 5 ਅਤੇ 6 ਅਗਸਤ ਨੂੰ ਵੀ ਕਈ ਜ਼ਿਲ੍ਹਿਆਂ 'ਚ ਹਲਕਾ ਜਾਂ ਦਰਮਿਆਨੀ ਮੀਂਹ ਹੋ ਸਕਦਾ ਹੈ। ਮੌਸਮ ਵਿਭਾਗ ਵੱਲੋਂ ਲੋਕਾਂ ਨੂੰ ਸਾਵਧਾਨ ਰਹਿਣ ਦੀ ਅਪੀਲ ਕੀਤੀ ਗਈ ਹੈ, ਖ਼ਾਸ ਕਰਕੇ ਉਹਨਾਂ ਇਲਾਕਿਆਂ 'ਚ ਜਿੱਥੇ ਅਸਮਾਨੀ ਬਿਜਲੀ ਜਾਂ ਤੇਜ਼ ਹਵਾਵਾਂ ਆਉਣ ਦੀ ਸੰਭਾਵਨਾ ਹੈ।

# ਸਟਰੈਚਰ ਦੀ ਬਜਾਏ ਇੱਟਾਂ ਢੋਣ ਵਾਲੀ ਰੇੜ੍ਹੀ 'ਤੇ ਡਾਕਟਰ ਦੇ ਕਮਰੇ 'ਚੋਂ ਬਾਹਰ ਆਇਆ ਮਰੀਜ਼

ਸ੍ਰੀ ਮੁਕਤਸਰ ਸਾਹਿਬ, 2 ਅਗਸਤ (ਚ.ਨ.ਸ.): ਸ੍ਰੀ ਮੁਕਤਸਰ ਸਾਹਿਬ ਦੇ ਸਰਕਾਰੀ ਹਸਪਤਾਲ ਦੀ ਵੀਡੀਓ ਸ਼ੋਸ਼ਲ ਮੀਡੀਆ 'ਤੇ ਵਾਇਰਲ ਹੋਈ। ਜਿਸ ਵਿਚ ਇਕ ਮਰੀਜ਼ ਆਪਣਾ ਚੈੱਕਅਪ ਕਰਵਾ ਕੇ ਸਟਰੈਚਰ ਦੀ ਬਜਾਏ ਇੱਟਾਂ ਢੋਣ ਵਾਲੀ ਰੇੜ੍ਹੀ 'ਤੇ ਡਾਕਟਰ ਦੇ ਕਮਰੇ ਵਿੱਚੋਂ ਬਾਹਰ ਆ ਰਿਹਾ ਹੈ। ਜਦਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਹਸਪਤਾਲਾਂ ਨੂੰ ਲੈ ਕੇ ਵੱਡੇ-ਵੱਡੇ



ਦਾਅਵੇ ਕੀਤੇ ਜਾਂਦੇ ਹਨ ਕਿ ਸਰਕਾਰੀ ਹਸਪਤਾਲਾਂ ਵਿਚ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਹੈ।

ਇਸ ਸਬੰਧੀ ਜਦੋਂ ਸਰਕਾਰੀ ਹਸਪਤਾਲ ਦੇ ਐੱਸਐੱਮਓ ਡਾ. ਅਰਪਣ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮੰਗਲਵਾਰ ਅਤੇ ਸ਼ੁੱਕਰਵਾਰ ਨੂੰ ਉਹ ਅਪ੍ਰੇਸ਼ਨਾਂ 'ਤੇ ਹੁੰਦੇ ਹਨ। ਮੈਨੂੰ ਨਹੀਂ ਪਤਾ ਕਿ ਇਹ ਵੀਡੀਓ ਕਿਵੇਂ ਬਣੀ ਅਤੇ ਵਾਇਰਲ ਹੋਈ, ਹਾਲਾਂਕਿ ਇਸ ਮਰੀਜ਼ ਨੇ ਤਾਂ ਮੇਰੇ ਕੋਲੋਂ ਚੈੱਕਅਪ ਵੀ ਨਹੀਂ ਕਰਵਾਇਆ। ਡਾ. ਅਰਪਣ ਨੇ ਕਿਹਾ ਕਿ ਹਸਪਤਾਲ ਵਿਚ 10 ਸਟਰੈਚਰ ਮੌਜੂਦ ਹਨ ਅਤੇ ਇਨ੍ਹਾਂ ਦੀ ਕੋਈ ਵੀ ਵਿਅਕਤੀ ਵਰਤੋਂ ਕਰ ਸਕਦਾ ਹੈ।

# ਸ਼ਿਬੂ ਸੋਰੇਨ ਦੀ ਹਾਲਤ ਗੰਭੀਰ

ਨਵੀਂ ਦਿੱਲੀ, 2 ਅਗਸਤ (ਚ.ਨ.ਸ.): ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ ਦੀ ਹਾਲਤ ਗੰਭੀਰ ਹੈ ਅਤੇ ਉਹ ਇਸ ਸਮੇਂ ਵੈਂਟੀਲੇਟਰ 'ਤੇ ਹਨ। ਸੂਤਰਾਂ ਅਨੁਸਾਰ ਉਹ ਮਹੀਨੇ ਤੋਂ ਵੱਧ ਸਮੇਂ ਤੋਂ ਨਵੀਂ ਦਿੱਲੀ ਦੇ ਸਰ ਗੰਗਾ ਰਾਮ ਹਸਪਤਾਲ ਵਿੱਚ ਦਾਖ਼ਲ ਹਨ।



ਸ਼ਿਬੂ ਸੋਰੇਨ (81) ਨੂੰ ਗੁਰਦੇ ਨਾਲ ਸਬੰਧਤ ਸਮੱਸਿਆਵਾਂ ਕਾਰਨ ਜੂਨ ਦੇ ਆਖ਼ਰੀ ਹਫ਼ਤੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ। ਸੂਤਰਾਂ ਨੇ ਦੱਸਿਆ ਕਿ ਝਾਰਖੰਡ ਦੇ ਸਿੱਖਿਆ ਮੰਤਰੀ ਰਾਮਦਾਸ ਸੋਰੇਨ ਨੂੰ ਵੀ ਬਰੇਨ ਸਟ੍ਰੋਕ ਹੋਣ ਮਗਰੋਂ ਜਹਾਜ਼ ਰਾਹੀਂ ਦਿੱਲੀ ਦੇ ਅਪੋਲੋ ਹਸਪਤਾਲ ਲਿਆਂਦਾ ਗਿਆ ਹੈ। ਸ਼ਿਬੂ ਦਾ ਹਸਪਤਾਲ ਵਿੱਚ ਲੰਬੇ ਸਮੇਂ ਤੋਂ ਲਗਾਤਾਰ ਇਲਾਜ ਚੱਲ ਰਿਹਾ ਹੈ। ਜਦੋਂ ਉਨ੍ਹਾਂ ਨੂੰ 24 ਜੂਨ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ ਤਾਂ ਉਨ੍ਹਾਂ ਦੇ ਪੁੱਤਰ ਅਤੇ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੇ ਕਿਹਾ ਸੀ, 'ਉਨ੍ਹਾਂ ਨੂੰ ਹਾਲ ਹੀ ਵਿੱਚ ਇੱਥੇ ਦਾਖਲ ਕਰਵਾਇਆ ਗਿਆ ਹੈ, ਇਸ ਲਈ ਅਸੀਂ ਉਨ੍ਹਾਂ ਨੂੰ ਮਿਲਣ ਆਏ ਹਾਂ। ਉਨ੍ਹਾਂ ਦੀਆਂ ਸਿਹਤ ਸਮੱਸਿਆਵਾਂ ਦੀ ਜਾਂਚ ਕੀਤੀ ਜਾ ਰਹੀ ਹੈ।'

# ਐਸ.ਸੀ. ਕਮਿਸ਼ਨ ਵੱਲੋਂ ਐਸ.ਐਸ.ਪੀ. ਸਾਹਿਬਜਾਦਾ ਅਜੀਤ ਸਿੰਘ ਨਗਰ ਤਲਬ

ਚੰਡੀਗੜ੍ਹ, 2 ਅਗਸਤ (ਚ.ਨ.ਸ.): ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਇਕ ਮਾਮਲੇ ਵਿਚ ਸੀਨੀਅਰ ਸੁਪਰੀਟੈਂਡਟ ਆਫ਼ ਪੁਲਿਸ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਕੇਸ ਦੀ ਸੁਣਵਾਈ ਮੌਕੇ ਨਿੱਜੀ ਤੌਰ 'ਤੇ ਪੇਸ਼ ਹੋ ਕੇ ਰਿਪੋਰਟ ਪੇਸ਼ ਕਰਨ ਦਾ ਹੁਕਮ ਦਿੱਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਬੁਲਾਰੇ ਨੇ ਦੱਸਿਆ ਕਿ ਡਾਕਟਰ ਸੰਦੀਪ ਕੌਰ, ਸਹਾਇਕ ਡਾਇਰੈਕਟਰ ਭੌਤਿਕ/ਆਡੀਓ ਫੋਰੈਂਸਿਕ ਸਾਇੰਸ ਲੈਬਾਰਟਰੀ, ਪੰਜਾਬ ਫੇਜ-4 ਮੁਹਾਲੀ ਜ਼ਿਲ੍ਹਾ ਐਸ.ਏ.ਐਸ.ਨਗਰ ਨੇ 20 ਜਨਵਰੀ 2025 ਨੂੰ ਲਿਖਤੀ ਸ਼ਿਕਾਇਤ ਕੀਤੀ ਸੀ ਕਿ ਉਨ੍ਹਾਂ ਦੇ ਦਫਤਰ ਦੇ ਮੁਖੀ ਅਸ਼ਵਨੀ ਕਾਲੀਆ ਵੱਲੋਂ ਉਨ੍ਹਾਂ ਨੂੰ ਜਾਤੀ ਸੂਚਕ ਸ਼ਬਦ ਬੋਲੇ ਗਏ । ਜਿਸ ਸਬੰਧੀ ਡਿਸਟ੍ਰਿਕਟ ਅਟਾਰਨੀ ਵੱਲੋਂ ਵੀ ਮਾਮਲਾ ਦਰਜ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਪ੍ਰੰਤੂ ਇਸ ਸਬੰਧੀ ਪੁਲਿਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ।। ਬੁਲਾਰੇ ਨੇ ਦੱਸਿਆ ਕਿ ਇਸ ਮਾਮਲੇ ਵਿਚ ਅਗਲੀ ਸੁਣਵਾਈ 4 ਅਗਸਤ ਨੂੰ ਰੱਖੀ ਗਈ ਹੈ ਅਤੇ 'ਤੱਥਾਂ 'ਤੇ ਆਧਾਰਤ ਮੁਕੰਮਲ ਰਿਪੋਰਟ ਐਸ.ਐਸ.ਪੀ. ਸਾਹਿਬਜਾਦਾ ਅਜੀਤ ਸਿੰਘ ਨਗਰ ਹਰਮਨਦੀਪ ਸਿੰਘ ਹੰਸ ਨੂੰ ਨਿੱਜੀ ਪੱਧਰ 'ਤੇ ਹਾਜ਼ਰ ਹੋਣ ਦਾ ਹੁਕਮ ਦਿੱਤਾ ਗਿਆ ਹੈ।

# ਐਸ.ਸੀ. ਕਮਿਸ਼ਨ ਵੱਲੋਂ ਕਮਿਸ਼ਨਰ ਆਫ਼ ਪੁਲਿਸ ਅੰਮ੍ਰਿਤਸਰ ਤਲਬ

ਚੰਡੀਗੜ੍ਹ, 2 ਅਗਸਤ (ਚ.ਨ.ਸ.): ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਇੱਕ ਮਾਮਲੇ ਵਿੱਚ ਕਮਿਸ਼ਨਰ ਆਫ਼ ਪੁਲਿਸ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੂੰ ਕੇਸ ਦੀ ਸੁਣਵਾਈ ਮੌਕੇ ਨਿੱਜੀ ਤੌਰ ਉੱਤੇ ਪੇਸ਼ ਹੋ ਕੇ ਰਿਪੋਰਟ ਕਰਨ ਦਾ ਹੁਕਮ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਬੁਲਾਰ ਨੇ ਦੱਸਿਆ ਕਿ ਪਰਮਿੰਦਰ ਕੌਰ ਪਤਨੀ ਭੂਸ਼ਨ ਕੁਮਾਰ, ਵਾਸੀ ਮਕਾਨ ਨੰ. 610 ਗਲੀ ਨੰ. ਚਾਰ ਸ਼ਹੀਦ ਊਧਮ ਸਿੰਘ ਕਲੋਨੀ ਸ਼ਾਹਰਵਾਰ ਗੇਟ, ਜ਼ਿਲ੍ਹਾ ਅੰਮ੍ਰਿਤਸਰ ਨੇ ਕਮਿਸ਼ਨ ਨੂੰ 17.03.2025 ਨੂੰ ਲਿਖਤੀ ਸ਼ਿਕਾਇਤ ਕੀਤੀ ਸੀ, ਕਿ ਇੱਕ ਵਿਅਕਤੀ ਵੱਲੋਂ ਉਨ੍ਹਾਂ ਨੂੰ ਜਾਤੀ ਸੂਚਕ ਗਾਲ੍ਹਾਂ ਕੱਢਣ, ਘਰ ਦੇ ਬਾਹਰ ਕੰਮ ਜਾਣ ਸਮੇਂ ਅਸ਼ਲੀਲ ਗੱਲਾਂ ਬੋਲਣ ਤੇ ਨਜਾਇਜ਼ ਵੀਡਿਓ ਬਣਾਕੇ ਤੰਗ ਪ੍ਰਸ਼ਾਨ ਕੀਤਾ ਜਾ ਰਿਹਾ ਹੈ।

ਬੁਲਾਰੇ ਨੇ ਦੱਸਿਆ ਕਿ ਇਸ ਮਾਮਲੇ ਸਬੰਧੀ ਮੁਕੰਮਲ ਰਿਪੋਰਟ ਲੈ ਕੇ 04.08.2025 ਨੂੰ ਕਮਿਸ਼ਨਰ ਪੁਲਿਸ, ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੂੰ ਨਿੱਜੀ ਪੱਧਰ 'ਤੇ ਹਾਜ਼ਰ ਹੋਣ ਲਈ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚਅਰਮੈਨ ਵੱਲੋਂ ਹੁਕਮ ਦਿੱਤਾ ਗਿਆ ਹੈ।

# ਲਗਾਤਾਰ ਮੀਂਹ ਕਾਰਨ ਖ਼ਤਰੇ ਦੇ ਨਿਸ਼ਾਨ 'ਤੇ ਪੁੱਜਾ ਪੌਂਗ ਡੈਮ

ਹੁਸ਼ਿਆਰਪੁਰ, 2 ਅਗਸਤ (ਚ.ਨ.ਸ.) : ਜ਼ਿਲ੍ਹੇ ਦੇ ਤਲਵਾੜਾ ਵਿਚ ਹਿਮਾਚਲ ਸਰਹੱਦ 'ਤੇ ਬਣੇ ਪੌਂਗ ਡੈਮ



ਦਾ ਪਾਣੀ ਦਾ ਪੱਧਰ ਲਗਾਤਾਰ ਵੱਧ ਰਿਹਾ ਹੈ। ਹਿਮਾਚਲ ਤੇ ਪੰਜਾਬ ਵਿਚ ਬੀਤੇ ਦਿਨੀਂ ਪਏ ਤੇਜ਼ ਮੀਂਹ ਕਾਰਨ ਪੌਂਗ ਡੈਮ ਦਾ ਪਾਣੀ ਦਾ ਪੱਧਰ 10 ਫੁੱਟ ਹੋਰ ਵੱਧ ਗਿਆ ਹੈ ਤੇ ਮੌਜੂਦਾ ਸਥਿਤੀ ਵਿਚ ਪੌਂਗ ਡੈਮ ਦਾ ਪਾਣੀ ਦਾ ਪੱਧਰ 1361.07 ਫੁੱਟ ਮਾਪਿਆ ਗਿਆ ਹੈ। ਪੌਂਗ ਡੈਮ ਦੀ ਕੁੱਲ ਸਮਰੱਥਾ 1380 ਤੋਂ 1390 ਫੁੱਟ ਤੱਕ ਹੈ। ਇਸ ਹਿਸਾਬ ਨਾਲ ਅਜੇ ਖਤਰੇ ਦੇ ਨਿਸ਼ਾਨ ਤੋਂ ਸਿਰਫ 19 ਫੁੱਟ ਦੀ ਦੂਰੀ ਬਾਕੀ ਹੈ। ਪੌਂਗ ਡੈਮ ਦੀ ਮਹਾਰਾਣਾ ਪ੍ਰਤਾਪ ਝੀਲ ਵਿਚ ਪਾਣੀ ਦੀ ਆਮਦ 118311 ਕਿਊਸਿਕ ਹੈ। ਦੂਜੇ ਪਾਸੇ ਪੌਂਗ ਡੈਮ ਨਾਲ ਟਰਬਾਈਨਾਂ ਦੇ ਰਸਤੇ ਤੋਂ ਤਲਵਾੜਾ ਸਥਿਤ ਸ਼ਾਹ ਨਹਿਰ ਬਰਾਜ ਵਿਚ 12563 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਪੌਂਗ ਡੈਮ ਵਿਚ ਕੁੱਲ 6 ਟਰਬਾਈਨ ਨਾਲ ਬਿਜਲੀ ਦਾ ਉਤਪਾਦਨ ਹੁੰਦਾ ਹੈ। ਇਕ ਟਰਬਾਈਨ 210 ਮੈਗਾਵਾਟ ਬਿਜਲੀ ਦਾ ਉਤਪਾਦਨ ਕਰਦੀ ਹੈ। ਹਿਮਾਚਲ ਵਿਚ ਅੱਗੇ ਵੀ ਤੇਜ਼ ਮੀਂਹ ਦੀ ਸੰਭਾਵਨਾ ਹੈ। ਇਸ ਨਾਲ ਪੌਂਗ ਡੈਮ ਵਿਚ ਪਾਣੀ ਦਾ ਪੱਧਰ ਹੋਰ ਵਧ ਸਕਦਾ ਹੈ। ਜ਼ਿਕਰਯੋਗ ਹੈ ਕਿ ਪੌਂਗ ਡੈਮ ਵਿਚ ਪਾਣੀ ਭਰਨ ਦੀ ਸਮਰੱਥਾ 1410 ਫੁੱਟ ਹੈ। ਹਾਲਾਂਕਿ 1380 ਫੁੱਟ ਤੱਕ ਪਾਣੀ ਦਾ ਲੈਵਲ ਪਹੁੰਚਦੇ ਹੀ ਡੈਮ ਦੇ ਫਲੱਡ ਗੇਟ ਖੋਲ੍ਹ ਕੇ ਪਾਣੀ ਛੱਡਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ।

### ਮਾਲੇਗਾਓਂ ਧਮਾਕਾ ਮਾਮਲਾ

# ਵਿਸ਼ੇਸ਼ ਅਦਾਲਤ ਵੱਲੋਂ ਮੋਹਨ ਭਾਗਵਤ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਬਾਰੇ ਸਾਬਕਾ ਏ.ਟੀ.ਐੱਸ. ਅਧਿਕਾਰੀ ਦੇ ਦਾਅਵੇ ਖਾਰਜ

ਮੁੰਬਈ, 2 ਅਗਸਤ (ਚ.ਨ.ਸ.): ਇੱਥੋਂ ਦੀ ਇੱਕ ਵਿਸ਼ੇਸ਼ ਅਦਾਲਤ ਨੇ ਸਤੰਬਰ 2008 ਦੇ ਮਾਲੇਗਾਓਂ ਧਮਾਕਾ ਮਾਮਲੇ ਵਿੱਚ ਸੱਤ ਵਿਅਕਤੀਆਂ ਨੂੰ ਬਰੀ ਕਰਦੇ ਹੋਏ ਆਪਣੇ ਫੈਸਲੇ ਵਿੱਚ ਮਹਾਰਾਸ਼ਟਰ ਅਤਿਵਾਦ ਵਿਰੋਧੀ ਦਸਤੇ (ਏ.ਟੀ.ਐੱਸ.) ਦੇ ਇੱਕ ਸਾਬਕਾ ਅਧਿਕਾਰੀ ਦੇ ਉਨ੍ਹਾਂ ਦਾਅਵਿਆਂ ਨੂੰ ਖਾਰਜ ਕਰ ਦਿੱਤਾ ਹੈ, ਜਿਸ ਵਿੱਚ ਉਸ ਨੇ ਕਿਹਾ ਸੀ ਕਿ ਉਸ ਨੂੰ ਇਸ ਮਾਮਲੇ ਵਿੱਚ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ ਗਿਆ ਸੀ। ਵਿਸ਼ੇਸ਼ ਐੱਨ.ਆਈ.ਏ. ਜੱਜ ਏ.ਕੇ. ਲਾਹੋਟੀ ਨੇ ਆਪਣੇ 1000 ਤੋਂ ਵੱਧ ਪੰਨਿਆਂ ਦੇ ਫੈਸਲੇ ਵਿੱਚ ਕਿਹਾ ਕਿ ਉਨ੍ਹਾਂ ਨੂੰ ਦੋਸ਼ੀ ਸੁਧਾਕਰ ਦਿਵੇਦੀ ਦੇ ਵਕੀਲ ਵੱਲੋਂ ਪੇਸ਼ ਦਲੀਲਾਂ ਵਿੱਚ ਕੋਈ ਦਮ ਨਜ਼ਰ ਨਹੀਂ ਆਇਆ।



ਇਹ ਟਿੱਪਣੀਆਂ ਮੁਜਾਵਰ ਲਈ ਇੱਕ ਵੱਡਾ ਝਟਕਾ ਹਨ, ਕਿਉਂਕਿ ਉਨ੍ਹਾਂ ਵੀਰਵਾਰ ਨੂੰ ਦੁਹਰਾਇਆ ਸੀ ਕਿ ਉਸ ਨੂੰ ਭਾਗਵਤ ਨੂੰ ਫੜਨ ਲਈ ਕਿਹਾ ਗਿਆ ਸੀ ਅਤੇ ਇਸ ਪਿੱਛੇ ਮਕਸਦ ਭਗਵਾ ਅੱਤਵਾਦ ਨੂੰ ਸਥਾਪਤ ਕਰਨਾ ਸੀ। ਮੁਜਾਵਰ ਨੇ ਉਸ ਸਮੇਂ ਇਹ ਵੀ ਦਾਅਵਾ ਕੀਤਾ ਸੀ ਕਿ ਏ.ਟੀ.ਐੱਸ. ਦੇ ਸੀਨੀਅਰ ਅਧਿਕਾਰੀਆਂ ਨੇ ਉਸ ਨੂੰ ਭਾਗਵਤ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ ਸੀ, ਪਰ ਉਸ ਨੇ ਅਜਿਹੇ ਗੈਰ-ਕਾਨੂੰਨੀ ਹੁਕਮਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ, ਕਿਉਂਕਿ ਉਸ ਨੂੰ ਇਸ ਕਥਿਤ ਅਪਰਾਧ ਵਿੱਚ ਭਾਗਵਤ ਦੀ ਕੋਈ ਭੂਮਿਕਾ ਨਹੀਂ ਮਿਲੀ ਸੀ। ਅਦਾਲਤ ਨੇ ਆਪਣੇ ਹੁਕਮ ਵਿੱਚ ਤਤਕਾਲੀ ਮੁੱਖ ਜਾਂਚ ਅਧਿਕਾਰੀ ਏ.ਸੀ.ਪੀ. ਮੋਹਨ ਕੁਲਕਰਨੀ ਦੇ ਬਿਆਨ ਦੇ ਆਧਾਰ 'ਤੇ ਬਚਾਅ ਪੱਖ ਦੇ ਵਕੀਲ ਦੀ ਦਲੀਲ ਨੂੰ ਖਾਰਜ ਕਰ ਦਿੱਤਾ। ਕੁਲਕਰਨੀ ਨੇ ਕਿਹਾ ਸੀ ਕਿ ਮੁਜਾਵਰ ਨੂੰ ਕਦੇ ਵੀ ਆਰ.ਐੱਸ.ਐੱਸ. ਦੇ ਕਿਸੇ ਮੈਂਬਰ ਨੂੰ ਗ੍ਰਿਫ਼ਤਾਰ ਕਰਨ ਲਈ ਨਹੀਂ ਕਿਹਾ ਗਿਆ ਅਤੇ ਉਸਨੂੰ ਸਿਰਫ ਦੋ ਭਗੌੜੇ ਦੋਸ਼ੀਆਂ ਰਾਮਜੀ ਕਲਸਾਂਗਰਾ ਅਤੇ ਸੰਦੀਪ ਡਾਂਗੇ ਦਾ ਪਤਾ ਲਗਾਉਣ ਲਈ ਭੇਜਿਆ ਗਿਆ ਸੀ।


## ਸੰਪਾਦਕੀ

# ਅਸਲੀ ਦੋਸ਼ੀ ਕੌਣ ?

ਇਹ ਇੱਕ ਅਜੀਬ ਵਿਡੰਬਨਾ ਹੈ ਕਿ ਅੱਤਵਾਦ ਵਰਗੇ ਗੁੰਝਲਦਾਰ ਮੁੱਦਿਆਂ 'ਤੇ ਵੀ, ਕਿਸੇ ਖਾਸ ਘਟਨਾ ਦੀ ਜਾਂਚ, ਇਸਦੀ ਪੂਰੀ ਪ੍ਰਕਿਰਿਆ ਅਤੇ ਇਸਦੇ ਸਿੱਟੇ ਅਦਾਲਤ ਦੇ ਕਟਹਿਰੇ ਵਿੱਚ ਡਿੱਗ ਜਾਂਦੇ ਹਨ ਅਤੇ ਉਹ ਲੋਕ ਜੋ ਸਾਲਾਂ ਤੋਂ ਜੇਲ੍ਹ ਵਿੱਚ ਹਨ ਜਾਂ ਅੱਤਵਾਦ ਦੇ ਦੋਸ਼ਾਂ ਵਿੱਚ ਮੁਕੱਦਮੇ ਦਾ ਸਾਹਮਣਾ ਕਰ ਰਹੇ ਹਨ, ਬਰੀ ਹੋ ਜਾਂਦੇ ਹਨ। ਇਹ ਇੱਕ ਕੁਦਰਤੀ ਪ੍ਰਕਿਰਿਆ ਹੈ ਕਿ ਕਿਸੇ ਵੀ ਮਾਮਲੇ ਵਿੱਚ ਕਾਰਵਾਈ ਦੌਰਾਨ ਕੁਝ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਅਤੇ ਸਬੂਤਾਂ ਦੇ ਆਧਾਰ 'ਤੇ ਅਦਾਲਤ ਵਿੱਚ ਉਨ੍ਹਾਂ ਵਿਰੁੱਧ ਕੇਸ ਦਾਇਰ ਕੀਤਾ ਜਾਂਦਾ ਹੈ। ਪਰ ਜੇਕਰ ਪੂਰੇ ਮਾਮਲੇ ਦੀ ਸੁਣਵਾਈ ਤੋਂ ਬਾਅਦ ਸਾਰੇ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਜਾਂਦਾ ਹੈ ਅਤੇ ਦੋਸ਼ਾਂ ਨੂੰ ਸਾਬਤ ਕਰਨ ਲਈ ਪੇਸ਼ ਕੀਤੇ ਗਏ ਸਬੂਤਾਂ 'ਤੇ ਸਵਾਲ ਉਠਾਏ ਜਾਂਦੇ ਹਨ ਤਾਂ ਇਹ ਕਿਸ ਤਰ੍ਹਾਂ ਦੀ ਪ੍ਰਣਾਲੀ ਹੈ? ਧਿਆਨ ਦੇਣ ਯੋਗ ਹੈ ਕਿ ਵੀਰਵਾਰ ਨੂੰ ਮੁੰਬਈ ਦੀ ਵਿਸ਼ੇਸ਼ ਐਨਆਈਏ ਅਦਾਲਤ ਨੇ ਪਿਛਲੇ ਸਤਾਰਾਂ ਸਾਲਾਂ ਤੋਂ ਸੁਰਖੀਆਂ ਵਿੱਚ ਰਹੇ ਮਾਲੇਗਾਓਂ ਬੰਬ ਧਮਾਕੇ ਦੇ ਮਾਮਲੇ ਵਿੱਚ ਆਪਣਾ ਫੈਸਲਾ ਸੁਣਾਇਆ ਅਤੇ ਭਾਜਪਾ ਦੀ ਸਾਬਕਾ ਸੰਸਦ ਮੈਂਬਰ ਸਾਧਵੀ ਪ੍ਰਗਿਆ ਸਿੰਘ ਠਾਕੁਰ ਸਮੇਤ ਸੱਤ ਲੋਕਾਂ ਨੂੰ ਬਰੀ ਕਰ ਦਿੱਤਾ। 2008 ਵਿੱਚ ਵਾਪਰੀ ਉਸ ਘਟਨਾ ਦੇ ਸੰਦਰਭ ਵਿੱਚ ਅਦਾਲਤ ਨੇ ਕਿਹਾ ਕਿ ਸਿਰਫ਼ ਸ਼ੱਕ ਦੇ ਆਧਾਰ 'ਤੇ ਦੋਸ਼ ਸਾਬਤ ਨਹੀਂ ਕੀਤੇ ਜਾ ਸਕਦੇ। ਅਦਾਲਤ ਦੇ ਇਸ ਫੈਸਲੇ ਨੇ ਇੱਕ ਵਾਰ ਫਿਰ ਕਈ ਸਵਾਲ ਖੜ੍ਹੇ ਕੀਤੇ ਹਨ। ਇੱਕ ਏਜੰਸੀ ਅੱਤਵਾਦੀ ਘਟਨਾ ਵਰਗੇ ਸਭ ਤੋਂ ਸੰਵੇਦਨਸ਼ੀਲ ਮਾਮਲੇ ਦੀ ਜਾਂਚ ਕਰਦੇ ਸਮੇਂ ਇੰਨੀ ਲਾਪਰਵਾਹ ਕਿਵੇਂ ਹੋ ਸਕਦੀ ਹੈ ਕਿ ਦੋਸ਼ਾਂ ਅਤੇ ਦੋਸ਼ੀਆਂ ਸਬੰਧੀ ਉਸਦੇ ਮੁੱਖ ਆਧਾਰ ਨੂੰ ਰੱਦ ਕਰ ਦਿੱਤਾ ਜਾਵੇ। ਮਾਲੇਗਾਓਂ ਬੰਬ ਧਮਾਕੇ ਨਾਲ ਸਬੰਧਤ ਮਾਮਲੇ ਵਿੱਚ ਵਿਸ਼ੇਸ਼ ਅਦਾਲਤ ਦੇ ਜੱਜ ਨੇ ਸਾਰੇ ਦੋਸ਼ੀਆਂ ਨੂੰ ਨਿਰਦੋਸ਼ ਐਲਾਨਦਿਆਂ ਕਿਹਾ ਕਿ ਇਹ ਇੱਕ ਬਹੁਤ ਹੀ ਗੰਭੀਰ ਮਾਮਲਾ ਹੈ, ਜਿਸ ਵਿੱਚ ਆਮ ਨਾਗਰਿਕ ਮਾਰੇ ਗਏ ਸਨ, ਪਰ ਇਸਤਗਾਸਾ ਪੱਖ ਦੋਸ਼ਾਂ ਨੂੰ ਸਾਬਤ ਕਰਨ ਲਈ ਨਿਰਣਾਇਕ ਸਬੂਤ ਪੇਸ਼ ਨਹੀਂ ਕਰ ਸਕਿਆ। ਹੈਰਾਨੀ ਦੀ ਗੱਲ ਹੈ ਕਿ ਇੱਕ ਪਾਸੇ ਜਿਨ੍ਹਾਂ ਸਬੂਤਾਂ ਦੇ ਆਧਾਰ 'ਤੇ ਇਹ ਮਾਮਲਾ ਸਤਾਰਾਂ ਸਾਲਾਂ ਤੱਕ ਚੱਲਿਆ, ਉਹ ਇੰਨੇ ਬੇਬੁਨਿਆਦ ਸਨ ਕਿ ਸਾਰੇ ਦੋਸ਼ੀਆਂ ਨੂੰ ਨਿਰਦੋਸ਼ ਕਰਾਰ ਦੇ ਦਿੱਤਾ ਗਿਆ, ਦੂਜੇ ਪਾਸੇ ਉਨ੍ਹਾਂ ਸਬੂਤਾਂ ਨੂੰ ਗਲਤ ਸਾਬਤ ਹੋਣ ਵਿੱਚ ਇੰਨੇ ਸਾਲ ਲੱਗ ਗਏ! ਇਸੇ ਤਰ੍ਹਾਂ, 2006 ਵਿੱਚ ਮੁੰਬਈ ਵਿੱਚ ਹੋਏ ਲੜੀਵਾਰ ਧਮਾਕਿਆਂ ਦੇ ਉੱਨੀ ਸਾਲ ਬਾਅਦ ਹਾਈਕੋਰਟ ਨੇ ਸਾਰੇ ਬਾਰਾਂ ਦੋਸ਼ੀਆਂ ਨੂੰ ਬਰੀ ਕਰ ਦਿੱਤਾ। ਉਸ ਮਾਮਲੇ ਵਿੱਚ ਵੀ ਅਦਾਲਤ ਨੇ ਇਹੀ ਕਿਹਾ ਕਿ ਇਸਤਗਾਸਾ ਪੱਖ ਦੋਸ਼ ਸਾਬਤ ਕਰਨ ਵਿੱਚ ਅਸਫਲ ਰਿਹਾ। ਮੁੰਬਈ ਵਿੱਚ ਰੇਲ ਗੱਡੀਆਂ ਵਿੱਚ ਹੋਏ ਲੜੀਵਾਰ ਬੰਬ ਧਮਾਕਿਆਂ ਦੀ ਘਟਨਾ ਵਿੱਚ ਇੱਕ ਸੌ ਨੱਬੇ ਯਾਤਰੀਆਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ ਅਤੇ ਅੱਠ ਸੌ ਚੌਵੀ ਲੋਕ ਜ਼ਖ਼ਮੀ ਹੋਏ। ਸਵਾਲ ਇਹ ਹੈ ਕਿ ਜੇਕਰ ਦੇਸ਼ ਦੀਆਂ ਚੋਟੀ ਦੀਆਂ ਜਾਂਚ ਏਜੰਸੀਆਂ ਦੀ ਕਾਰਜਸ਼ੈਲੀ ਅਤੇ ਜਾਂਚ ਦਾ ਪੱਧਰ ਅਜਿਹਾ ਹੈ ਕਿ ਅਦਾਲਤ ਗ੍ਰਿਫ਼ਤਾਰ ਮੁਲਜ਼ਮਾਂ ਨੂੰ ਬਰੀ ਕਰ ਦਿੰਦੀ ਹੈ ਤਾਂ ਇੰਨੀ ਵੱਡੀ ਅੱਤਵਾਦੀ ਘਟਨਾ ਦਾ ਦੋਸ਼ੀ ਕੌਣ ਸਨ ਅਤੇ ਉਨ੍ਹਾਂ ਨੂੰ ਫੜਨ ਵਿੱਚ ਅਸਮਰੱਥ ਹੋਣ ਲਈ ਕਿਸ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਇਹ ਕਿਵੇਂ ਸੰਭਵ ਹੈ ਕਿ ਜੋ ਜਾਂਚ ਏਜੰਸੀਆਂ ਅੱਤਵਾਦ ਵਰਗੇ ਸੰਵੇਦਨਸ਼ੀਲ ਮਾਮਲਿਆਂ ਵਿੱਚ ਪੂਰੀ ਜਾਂਚ ਤੋਂ ਬਾਅਦ ਦੋਸ਼ੀਆਂ ਨੂੰ ਕਟਹਿਰੇ ਵਿੱਚ ਲਿਆਉਂਦੀਆਂ ਹਨ, ਉਨ੍ਹਾਂ ਦੀ ਜਾਂਚ ਅਦਾਲਤ ਵਿੱਚ ਖਾਮੀਆਂ ਨਾਲ ਭਰੀ ਪਾਈ ਜਾਂਦੀ ਹੈ, ਗਵਾਹਾਂ ਦੇ ਬਿਆਨਾਂ ਵਿੱਚ ਵਿਰੋਧਾਭਾਸ ਹੁੰਦੇ ਹਨ, ਕਈ ਵਿਰੋਧੀ ਹੋ ਜਾਂਦੇ ਹਨ ਅਤੇ ਅੰਤ ਵਿੱਚ ਦੋਸ਼ੀ ਬਰੀ ਹੋ ਜਾਂਦੇ ਹਨ। ਇਸ ਤੋਂ ਇਲਾਵਾ ਜੇਕਰ ਉਸੇ ਮਾਮਲੇ ਦੀ ਜਾਂਚ ਕਰਦੇ ਸਮੇਂ ਰਾਸ਼ਟਰੀ ਜਾਂਚ ਏਜੰਸੀ ਅਤੇ ਅੱਤਵਾਦ ਵਿਰੋਧੀ ਦਸਤੇ ਦੀਆਂ ਚਾਰਜਸ਼ੀਟਾਂ ਵਿੱਚ ਵਿਰੋਧਾਭਾਸ ਹੁੰਦੇ ਹਨ ਤਾਂ ਇਹ ਕਿਸ ਤਰ੍ਹਾਂ ਦੀ ਕਾਰਜਸ਼ੈਲੀ ਅਤੇ ਤਾਲਮੇਲ ਨੂੰ ਦਰਸਾਉਂਦਾ ਹੈ? ਇਹ ਮੰਦਭਾਗਾ ਹੈ ਕਿ ਕਿਸੇ ਅੱਤਵਾਦੀ ਘਟਨਾ ਵਿੱਚ ਸਾਲਾਂ ਤੱਕ ਜਾਂਚ ਅਤੇ ਮੁਕੱਦਮੇ ਦੇ ਬਾਵਜੂਦ ਦੋਸ਼ੀ ਬਰੀ ਹੋ ਜਾਂਦੇ ਹਨ, ਪਰ ਇਸ ਨਾਲ ਜੁੜੀ ਹਕੀਕਤ ਇਹ ਵੀ ਹੈ ਕਿ ਉਸ ਘਟਨਾ ਦੇ ਅਸਲ ਦੋਸ਼ੀ ਕੌਣ ਸਨ ਅਤੇ ਉਨ੍ਹਾਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਕੌਣ ਲਿਆਏਗਾ?

-ਜਗਜੀਤ ਸਿੰਘ ਦਰਦੀ

# ਪੰਜਾਬ ਦੇ ਭਵਿੱਖ ਦੀਆਂ ਲਕੀਰਾਂ : ਨਵੀਂ ਪੀੜ੍ਹੀ, ਸੋਚ ਪੁਰਾਣੀ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪੰਜਾਬੀ ਸਮਾਜ ਅੱਜ ਉਸ ਥਾਂ 'ਤੇ ਖੜ੍ਹਾ ਹੈ ਜਿੱਥੇ ਇਕ ਪਾਸੇ ਨਵੀਂ ਦੁਨੀਆ ਹੈ। ਗਲੋਬਲ ਦਿਸਹੱਦੇ ਹਨ। ਨਵੀਂ ਸੋਚ ਹੈ। ਸਾਇੰਸ ਟੈਕਨਾਲੋਜੀ ਦੀ ਦੁਨੀਆ ਹੈ ਤੇ ਦੂਜੇ ਪਾਸੇ ਮੂਲ ਪੰਜਾਬ ਦੀ ਧਰਤੀ ਵਿੱਚ ਪ੍ਰਵਾਸੀਆਂ ਦਾ ਬਸੇਰਾ ਹੈ। ਅੱਜ ਵਹਿਮ ਭਰਮ ਸਾਈਆਂ ਦੇ ਡੇਰੇ ਲੜਾਈ ਝਗੜੇ ਗੁੱਸਾ ਤੇ ਨਵੀਂ ਪੀੜ੍ਹੀ ਬਾਬਿਆਂ ਦੇ ਚੱਕਰ ਵਿੱਚ ਉਲਝੀ ਹੋਈ ਜਿਸ ਤਰ੍ਹਾਂ ਆਪਣਾ ਸਮਾਂ ਨਸ਼ਟ ਕਰ ਰਹੀ ਹੈ, ਉਸ ਤੋਂ ਪੰਜਾਬ ਦੇ ਆਉਣ ਵਾਲੇ ਸਾਲਾਂ ਦੇ ਭਵਿੱਖ ਬਾਰੇ ਕਈ ਪ੍ਰਸ਼ਨ ਖੜ੍ਹੇ ਹੋ ਰਹੇ ਹਨ। ਅੱਜ ਇਹਨਾਂ ਸਾਰੇ ਪ੍ਰਸ਼ਨਾਂ 'ਤੇ ਨਜ਼ਰ ਮਾਰੀਏ ਤਾਂ ਅਸੀਂ ਦੇਖ ਸਕਦੇ ਹਾਂ ਕਿ ਆਉਣ ਵਾਲੇ ਦਿਨਾਂ ਦੇ ਵਿੱਚ ਪੰਜਾਬ ਦੀ ਤਸਵੀਰ ਕੋਈ ਜ਼ਿਆਦਾ ਚੰਗੀ ਨਹੀਂ ਹੈ। ਜਿੱਥੇ ਦੁਨੀਆ ਚੰਦ 'ਤੇ ਪਹੁੰਚ ਗਈ, ਉੱਥੇ ਅਸੀਂ ਅਜੇ ਵੀ ਸਾਈਆਂ ਦੇ ਡੇਰਿਆਂ 'ਚ ਫਸੇ ਹੋਏ ਹਾਂ। ਇਹ ਅਸਲ ਮੁੱਦਾ ਹੈ — ਸਾਡੀ ਨਵੀਂ ਪੀੜ੍ਹੀ ਦੀ ਹਕੀਕਤ ਹੈ! ਅੱਜ ਸਮਾਜਿਕ ਦ੍ਰਿਸ਼ਟੀਕੋਣ ਤੋਂ ਪੰਜਾਬ ਵਿੱਚ ਨਵੀਂ ਪੀੜ੍ਹੀ ਅਜੇ ਵੀ ਵਹਿਮ-ਭਰਮ, ਅੰਧਵਿਸ਼ਵਾਸ, ਡੇਰਿਆਂ ਦੀ ਗਿਰਫ਼ ਅਤੇ ਪੁਰਾਣੀਆਂ ਰੀਤਾਂ ਵਿੱਚ ਘਿਰੀ ਹੋਈ ਹੈ। ਸਾਈਂ, ਅਣਖ, ਜਾਤ-ਪਾਤ ਅਤੇ ਔਰਤਾਂ ਉੱਤੇ ਰੋਕਾਂ ਨੇ ਨੌਜਵਾਨ ਮਨਾਂ 'ਚ ਡਰ ਤੇ ਦਬਾਅ ਪੈਦਾ ਕੀਤਾ ਹੈ। ਆਤਮ-ਗਵਾਨ ਦੀ ਆਜ਼ਾਦੀ ਘੱਟ ਰਹੀ ਹੈ। ਅੱਜ ਪੰਜਾਬ ਦੀ ਨਵੀਂ ਪੀੜ੍ਹੀ ਵਿਗਿਆਨ, ਵਹਿਮ-ਭਰਮ ਅਤੇ ਭਵਿੱਖ ਦੀ ਤਲਾਸ਼ ਵਿੱਚ ਉਲਝੀ ਹੋਈ ਹੈ। ਪੰਜਾਬ, ਜੋ ਇਤਿਹਾਸਕ ਤੌਰ 'ਤੇ ਸੱਭਿਆਚਾਰਕ ਅਤੇ ਖੇਤੀਬਾੜੀ ਦੀ ਰੀੜ੍ਹ ਦੀ ਹੱਡੀ ਰਿਹਾ ਹੈ, ਅੱਜ ਵਿਗਿਆਨਕ ਤਰੱਕੀ ਅਤੇ ਪੁਰਾਣੇ ਗੀਤੀ-ਰਿਵਾਜ਼ਾਂ ਦੇ ਵਿਚਕਾਰ ਇੱਕ ਅਜੀਬ ਜਿਹੇ ਦੌਰ ਵਿੱਚੋਂ ਲੰਘ ਰਿਹਾ ਹੈ। ਇੱਕ ਪਾਸੇ ਅਸੀਂ ਵਿਗਿਆਨ ਅਤੇ ਤਕਨੀਕ ਦੇ ਯੁੱਗ ਵਿੱਚ ਜੀ ਰਹੇ ਹਾਂ, ਜਿੱਥੇ ਸਮਾਰਟਫੋਨ, ਇੰਟਰਨੈੱਟ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਨੇ ਜੀਵਨ ਨੂੰ ਬਦਲ ਦਿੱਤਾ ਹੈ ਪਰ ਦੂਜੇ ਪਾਸੇ, ਪੰਜਾਬ ਦੇ ਸਮਾਜ ਵਿੱਚ ਵਹਿਮ-ਭਰਮ, ਸਾਈਆਂ ਦੇ ਡੇਰੇ, ਅਣਖ ਦੀ ਖਾਤਰ ਕਤਲ ਅਤੇ ਪੁਰਾਣੇ ਗੀਤੀ-ਰਿਵਾਜ਼ਾਂ ਦਾ ਦਬਦਬਾ ਅਜੇ ਵੀ ਕਾਇਮ ਹੈ। ਇਹ ਵਿਰੋਧਾਭਾਸ ਨਵੀਂ ਪੀੜ੍ਹੀ ਦੇ ਸਾਹਮਣੇ ਖੜ੍ਹੀਆਂ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਚੁਣੌਤੀਆਂ ਨੂੰ ਹੋਰ ਗੁੰਝਲਦਾਰ ਬਣਾਉਂਦਾ ਹੈ। ਇਸ ਲਈ ਇਨ੍ਹਾਂ ਮੁੱਦਿਆਂ ਦੀ ਪੜਚੋਲ ਕਰਦਿਆਂ ਪੰਜਾਬੀ ਨੌਜਵਾਨਾਂ ਦੇ ਭਵਿੱਖ ਅਤੇ ਸਮਾਜ ਦੀ ਸਥਿਤੀ 'ਤੇ ਵਿਚਾਰ ਕਰਦਿਆਂ ਅਸੀਂ ਵਿਗਿਆਨ ਅਤੇ ਵਹਿਮ-ਭਰਮ ਤੇ ਵਿਰੋਧਾਭਾਸ ਵਿੱਚ ਹੈ। ਪੰਜਾਬ ਦੀ ਆਰਥਿਕਤਾ ਮੁੱਖ ਤੌਰ 'ਤੇ ਖੇਤੀਬਾੜੀ 'ਤੇ ਨਿਰਭਰ ਹੈ ਅਤੇ ਇਸ ਸੂਬੇ ਨੂੰ ਭਾਰਤ ਦਾ ਅੰਨ ਭੰਡਾਰ ਬਣਾਇਆ ਹੈ। ਵਿਗਿਆਨਕ ਤਕਨੀਕਾਂ ਜਿਵੇਂ ਕਿ ਉੱਨਤ ਬੀਜ, ਖਾਦਾਂ ਅਤੇ ਸਿੰਚਾਈ ਪ੍ਰਣਾਲੀਆਂ ਨੇ ਖੇਤੀ ਉਤਪਾਦਨ ਵਿੱਚ ਵਾਧਾ ਕੀਤਾ ਹੈ। ਪਰ, ਇਸ ਵਿਗਿਆਨਕ ਤਰੱਕੀ ਦੇ ਬਾਵਜੂਦ, ਸਮਾਜ ਦਾ ਇੱਕ ਵੱਡਾ ਹਿੱਸਾ ਵਹਿਮ-ਭਰਮ ਅਤੇ ਅੰਧਵਿਸ਼ਵਾਸਾਂ ਦੇ ਚੁੰਗਲ ਵਿੱਚ ਫਸਿਆ ਹੋਇਆ ਹੈ। ਸਾਈਆਂ ਦੇ ਡੇਰੇ, ਜਿੱਥੇ ਲੋਕ ਬਿਮਾਰੀਆਂ, ਮਾਨਸਿਕ ਸਮੱਸਿਆਵਾਂ ਜਾਂ ਆਰਥਿਕ ਮੁਸੀਬਤਾਂ ਦੇ ਹੱਲ ਲਈ ਜਾਂਦੇ ਹਨ, ਅਜੇ ਵੀ ਸਮਾਜ ਵਿੱਚ ਪ੍ਰਚੱਲਤ ਹਨ। ਇਹ ਡੇਰੇ, ਜੋ ਕਈ ਵਾਰ ਧਾਰਮਿਕ ਭਾਵਨਾਵਾਂ ਨੂੰ ਭੜਕਾਉਂਦੇ ਹਨ, ਸਮਾਜਿਕ ਏਕਤਾ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ।

ਸਾਡੇ ਇਥੇ ਇਸ ਦੇ ਨਾਲ ਹੀ, ਅਣਖ ਦੀ ਖਾਤਰ ਕਤਲ ਵਰਗੀਆਂ ਘਟਨਾਵਾਂ, ਜਿਵੇਂ ਕਿ ਪਰਿਵਾਰਕ ਵਿਵਾਦਾਂ ਜਾਂ ਜਾਤੀਗਤ ਮਾਨਸਿਕਤਾ ਨਾਲ ਜੁੜੇ ਮਾਮਲੇ, ਸਮਾਜ ਵਿੱਚ ਡਰ ਅਤੇ ਅਸੁਰੱਖਿਆ ਦਾ ਮਾਹੌਲ ਪੈਦਾ ਕਰਦੇ ਹਨ। ਅਜਿਹੀਆਂ ਘਟਨਾਵਾਂ ਨੌਜਵਾਨਾਂ ਦੇ ਮਨਾਂ ਵਿੱਚ ਗੁੱਸੇ ਅਤੇ ਨਿਰਾਸ਼ਾ ਨੂੰ ਜਨਮ ਦਿੰਦੀਆਂ ਹਨ, ਜੋ ਉਨ੍ਹਾਂ ਨੂੰ ਸਮਾਜਿਕ ਅਤੇ ਰਾਜਨੀਤਿਕ ਪ੍ਰਣਾਲੀਆਂ ਤੋਂ ਦੂਰ ਕਰਦੀਆਂ ਹਨ।

ਪੁਰਾਣੇ ਗੀਤੀ-ਰਿਵਾਜ਼ ਅਤੇ ਨਵੀਂ ਪੀੜ੍ਹੀ ਲਈ ਪੰਜਾਬੀ ਸੱਭਿਆਚਾਰ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ ਅਤੇ ਇਸ ਵਿੱਚ ਮੇਲੇ, ਲੋਕ ਗੀਤ, ਅਤੇ ਪਰੰਪਰਾਗਤ ਮਨੋਰੰਜਨ ਦੇ ਸਾਧਨ ਜਿਵੇਂ ਕਿ ਅਖਾੜੇ ਅਤੇ ਜਲਸੇ ਸ਼ਾਮਲ ਹਨ ਪਰ, ਸਮੇਂ ਦੇ ਨਾਲ-ਨਾਲ, ਇਹ ਪਰੰਪਰਾਵਾਂ ਅਲੋਪ ਹੁੰਦੀਆਂ ਜਾ ਰਹੀਆਂ ਹਨ, ਅਤੇ ਨਵੀਂ ਪੀੜ੍ਹੀ ਇੰਟਰਨੈੱਟ ਅਤੇ ਆਧੁਨਿਕ ਮਨੋਰੰਜਨ ਦੇ ਸਾਧਨਾਂ ਵੱਲ ਝੁਕ ਰਹੀ ਹੈ। ਪੁਰਾਣੇ ਗੀਤੀ-ਰਿਵਾਜ਼, ਜਿਵੇਂ ਕਿ ਲੋਹੜੀ, ਵਿਆਹ ਦੀਆਂ ਰਸਮਾਂ ਅਤੇ ਸਮਾਜਿਕ ਸਮਾਗਮ ਅੱਜ ਵੀ ਜਾਰੀ ਹਨ, ਪਰ ਇਨ੍ਹਾਂ ਦੀ ਸਾਰਥਕਤਾ ਘੱਟਦੀ ਜਾ ਰਹੀ ਹੈ।

ਨਵੀਂ ਪੀੜ੍ਹੀ ਇਨ੍ਹਾਂ ਪਰੰਪਰਾਵਾਂ ਨੂੰ ਸਮਝਣ ਜਾਂ ਅਪਣਾਉਣ ਵਿੱਚ ਘੱਟ ਦਿਲਚਸਪੀ ਦਿਖਾਉਂਦੀ ਹੈ। ਇਸ ਦਾ ਇੱਕ ਵੱਡਾ ਕਾਰਨ ਸ਼ਹਿਰੀਕਰਨ ਅਤੇ ਪੱਛਮੀ ਸੱਭਿਆਚਾਰ ਦਾ ਪ੍ਰਭਾਵ ਹੈ। ਨੌਜਵਾਨ ਪੀੜ੍ਹੀ ਨੂੰ ਆਪਣੇ ਸੱਭਿਆਚਾਰਕ ਵਿਰਸੇ ਨਾਲ ਜੋੜਨ ਦੀ ਜ਼ਰੂਰਤ ਹੈ ਪਰ ਸਮਾਜ ਅਤੇ ਸਰਕਾਰੀ ਨੀਤੀਆਂ ਇਸ ਵਿੱਚ ਅਸਫਲ ਰਹੀਆਂ ਹਨ।

ਹੁਣ ਨਤੀਜੇ ਵਜੋਂ ਨੌਜਵਾਨ ਆਪਣੀ ਪਛਾਣ ਅਤੇ ਸੱਭਿਆਚਾਰਕ ਜੜ੍ਹਾਂ ਨਾਲੋਂ ਕੱਟੇ ਜਾ ਰਹੇ ਹਨ, ਜੋ ਉਨ੍ਹਾਂ ਦੇ ਮਾਨਸਿਕ ਸਿਹਤ ਅਤੇ ਸਮਾਜਿਕ ਸਬੰਧਾਂ 'ਤੇ ਅਸਰ ਪਾਉਂਦਾ ਹੈ। ਅੱਜ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਮਸਲਿਆਂ ਨਾਲ ਸਮਾਜਿਕ ਮਸਲੇ ਵੀ ਜਿਵੇਂ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ, ਜਾਤੀਵਾਦ ਅਤੇ ਸਮਾਜਿਕ ਅਸਮਾਨਤਾਵਾਂ ਨੇ ਨਵੀਂ ਪੀੜ੍ਹੀ ਦੀਆਂ ਸੰਭਾਵਨਾਵਾਂ ਨੂੰ ਸੀਮਤ ਕਰ ਦਿੱਤਾ ਹੈ। ਨਸ਼ਿਆਂ ਦੇ ਪ੍ਰਕੋਪ ਨੇ ਪੰਜਾਬ ਦੇ ਘਰਾਂ ਨੂੰ ਤਬਾਹ ਕਰ ਦਿੱਤਾ ਹੈ ਅਤੇ ਨੌਜਵਾਨ ਪੀੜ੍ਹੀ ਨੂੰ ਇਸ ਦਾ ਸਭ ਤੋਂ ਵੱਡਾ ਨੁਕਸਾਨ ਝੱਲਣਾ ਪੈ ਰਿਹਾ ਹੈ। ਹੁਣ ਇਸ ਦੇ ਨਾਲ ਹੀ, ਸਮਾਜਿਕ ਰੂੜ੍ਹੀਆਂ ਜਿਵੇਂ ਕਿ ਜਾਤੀਗਤ ਵਿਤਕਰਾ ਅਤੇ ਔਰਤਾਂ ਨੂੰ ਘੱਟ ਮੌਕੇ ਮਿਲਣਾ, ਨਵੀਂ ਪੀੜ੍ਹੀ ਦੀ ਤਰੱਕੀ ਵਿੱਚ ਰੁਕਾਵਟ ਬਣ ਰਹੀਆਂ ਹਨ ਅਤੇ ਰਾਜਨੀਤਿਕ ਮਸਲਿਆਂ ਨਾਲ ਪੰਜਾਬ ਦੀ ਰਾਜਨੀਤੀ ਵਿੱਚ ਅਸਥਿਰਤਾ ਅਤੇ ਭ੍ਰਿਸ਼ਟਾਚਾਰ ਨੇ ਨੌਜਵਾਨਾਂ ਦਾ ਸਿਆਸੀ ਪ੍ਰਣਾਲੀ ਵਿੱਚ ਵਿਸ਼ਵਾਸ ਘਟਾਇਆ ਹੈ। ਕਿਸਾਨ ਅੰਦੋਲਨ ਵਰਗੇ ਮਸਲਿਆਂ ਨੇ ਨੌਜਵਾਨਾਂ ਨੂੰ ਸੰਘਰਸ਼ ਦੀ ਰਾਹ 'ਤੇ ਲਿਆਂਦਾ ਹੈ ਪਰ ਸਰਕਾਰੀ ਨੀਤੀਆਂ ਦੀ ਅਣਹੋਂਦ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਅਣਸੁਣਿਆ ਕਰ ਦਿੱਤਾ ਹੈ।

ਅੱਜ ਨੌਜਵਾਨਾਂ ਦੀ ਸਿਆਸੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਦੀ ਬਜਾਏ, ਰਾਜਨੀਤਿਕ ਪਾਰਟੀਆਂ ਨੇ ਉਨ੍ਹਾਂ ਨੂੰ ਸਿਰਫ਼ ਵੋਟ ਬੈਂਕ ਵਜੋਂ ਵਰਤਿਆ ਹੈ।ਆਰਥਿਕ ਮਸਲਿਆਂ ਬਾਰੇ ਪੰਜਾਬ ਦੀ ਆਰਥਿਕਤਾ ਵਿੱਚ ਖੇਤੀਬਾੜੀ ਦਾ ਮੁੱਖ ਯੋਗਦਾਨ ਹੈ ਪਰ ਇਸ ਦੇ ਨਾਲ ਹੀ ਧਰਤੀ ਹੇਠਲੇ ਪਾਣੀ ਦੀ ਬਰਬਾਦੀ, ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਕਮੀ ਅਤੇ ਯੂਰੇਨੀਅਮ ਵਰਗੇ ਰਸਾਇਣਕ ਪਦਾਰਥਾਂ ਦੀ ਮੌਜੂਦਗੀ ਨੇ ਸਿਹਤ ਅਤੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਇਆ ਹੈ। ਇਸ ਦੇ ਨਾਲ ਹੀ, ਸਨਅਤੀ ਵਿਕਾਸ ਦੀ ਘਾਟ, ਬੇਰੁਜ਼ਗਾਰੀ ਅਤੇ ਮਹਿੰਗੀਆਂ ਜ਼ਮੀਨਾਂ ਨੇ ਨੌਜਵਾਨਾਂ ਦੇ ਆਰਥਿਕ ਮੌਕਿਆਂ ਨੂੰ ਸੀਮਤ ਕਰ ਦਿੱਤਾ ਹੈ।

ਅੱਜ ਨਵੀਂ ਪੀੜ੍ਹੀ ਦਾ ਸਥਾਨ ਅਤੇ ਭਵਿੱਖ ਧੁੰਦਲਾ ਜਿਹਾ ਹੈ।

ਪੰਜਾਬ ਦੀ ਨਵੀਂ ਪੀੜ੍ਹੀ ਅੱਜ ਇੱਕ ਅਜਿਹੇ ਦੌਰ ਵਿੱਚ ਖੜ੍ਹੀ ਹੈ, ਜਿੱਥੇ ਉਸ ਦੇ ਸਾਹਮਣੇ ਵਿਗਿਆਨਕ ਅਤੇ ਤਕਨੀਕੀ ਮੌਕੇ ਹਨ ਪਰ ਸਮਾਜਿਕ ਅਤੇ ਸੱਭਿਆਚਾਰਕ ਰੁਕਾਵਟਾਂ ਉਸ ਦੀ ਤਰੱਕੀ ਵਿੱਚ ਅੜਿੱਕਾ ਬਣ ਰਹੀਆਂ ਹਨ। ਭਾਵੇਂ ਨੌਜਵਾਨ ਪੀੜ੍ਹੀ ਵਿੱਚ ਸਿੱਖਿਆ ਦਾ ਪੱਧਰ ਵਧਿਆ ਹੈ ਅਤੇ ਉਹ ਆਧੁਨਿਕ ਵਿਚਾਰਾਂ ਨੂੰ ਅਪਣਾਉਣ ਲਈ ਤਿਆਰ ਹੈ। ਪਰ ਸਮਾਜ ਵਿੱਚ ਵਹਿਮ-ਭਰਮ, ਜਾਤੀਵਾਦ ਅਤੇ ਰਾਜਨੀਤਿਕ ਅਸਥਿਰਤਾ ਨੇ ਉਨ੍ਹਾਂ ਦੇ ਹੱਕਾਂ ਨੂੰ ਸੀਮਤ ਕਰ ਦਿੱਤਾ ਹੈ।

ਹੁਣ ਭਵਿੱਖ ਦੀ ਤਲਾਸ਼ ਵਿੱਚ, ਪੰਜਾਬ ਦੀ ਨਵੀਂ ਪੀੜ੍ਹੀ ਨੂੰ ਆਪਣੇ ਸੱਭਿਆਚਾਰਕ ਵਿਰਸੇ ਨਾਲ ਜੁੜੇ ਰਹਿਣ ਦੀ ਜ਼ਰੂਰਤ ਹੈ ਪਰ ਇਸ ਨੂੰ ਆਧੁਨਿਕ ਸਿੱਖਿਆ ਅਤੇ ਵਿਗਿਆਨਕ ਸੋਚ ਨਾਲ ਜੋੜਨ ਦੀ ਵੀ ਲੋੜ ਹੈ। ਸਰਕਾਰ ਅਤੇ ਸਮਾਜ ਨੂੰ ਨੌਜਵਾਨਾਂ ਨੂੰ ਰੁਜ਼ਗਾਰ, ਸਿਹਤ ਅਤੇ ਸਿੱਖਿਆ ਦੇ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ। ਨਸ਼ਿਆਂ ਦੀ ਸਮੱਸਿਆ ਨੂੰ ਜੜ੍ਹੋਂ ਖਤਮ ਕਰਨ ਲਈ ਸਖ਼ਤ ਕਦਮ ਚੁੱਕੇ ਜਾਣ ਦੀ ਲੋੜ ਹੈ। ਹੁਣ ਇੱਕ ਨਵਾਂ ਏਜੰਡਾ ਪੰਜਾਬ ਦੇ ਭਵਿੱਖ ਲਈ ਇੱਕ ਨਵਾਂ ਪੰਜਾਬ ਤਿਆਰ ਕਰਨ ਦੀ ਜ਼ਰੂਰਤ ਹੈ, ਜਿਸ ਵਿੱਚ ਸਿੱਖਿਆ ਅਤੇ ਜਾਗਰੂਕਤਾ ਨਾਲ ਨੌਜਵਾਨਾਂ ਨੂੰ ਵਿਗਿਆਨਕ ਸੋਚ ਅਤੇ ਸੱਭਿਆਚਾਰਕ ਵਿਰਸੇ ਦੀ ਸਮਝ ਦੇਣ ਵਾਲੀ ਸਿੱਖਿਆ ਪ੍ਰਣਾਲੀ ਦੀ ਸਥਾਪਨਾ ਅਤੇ ਰੁਜ਼ਗਾਰ ਦੇ ਮੌਕੇ ਸਨਅਤੀ ਵਿਕਾਸ ਅਤੇ ਸਟਾਰਟਅੱਪ ਸਭਿਆਚਾਰ ਨੂੰ ਉਤਸ਼ਾਹਿਤ ਕਰਕੇ ਨੌਜਵਾਨਾਂ ਲਈ ਨਵੇਂ ਮੌਕੇ ਪੈਦਾ ਕਰਨੇ ਹਨ। ਉਧਰ ਸਮਾਜਿਕ ਸੁਧਾਰ ਲਈ ਜਾਤੀਵਾਦ, ਵਹਿਮ-ਭਰਮ ਅਤੇ ਔਰਤਾਂ ਵਿਰੁੱਧ ਵਿਤਕਰੇ ਨੂੰ ਖਤਮ ਕਰਨ ਲਈ ਜਾਗਰੂਕਤਾ ਮੁਹਿੰਮਾਂ ਤੇ ਵਾਤਾਵਰਣ ਸੁਰੱਖਿਆ ਅਤੇ ਧਰਤੀ ਹੇਠਲੇ ਪਾਣੀ ਦੀ ਸੰਭਾਲ ਅਤੇ ਖੇਤੀਬਾੜੀ ਵਿੱਚ ਟਿਕਾਊ ਢੰਗ ਅਪਣਾਉਣੇ ਪੈਣਗੇ।


ਅੱਜ ਪੰਜਾਬ ਦੀ ਨਵੀਂ ਪੀੜ੍ਹੀ ਦਾ ਭਵਿੱਖ ਉਸ ਦੀ ਸਮਰੱਥਾ ਅਤੇ ਸਮਾਜ ਦੀ ਸਹਿਯੋਗੀ ਸੋਚ 'ਤੇ ਨਿਰਭਰ ਕਰਦਾ ਹੈ। ਜੇਕਰ ਅਸੀਂ ਵਹਿਮ-ਭਰਮ, ਪੁਰਾਣੀਆਂ ਰੂੜ੍ਹੀਆਂ, ਅਤੇ ਸਮਾਜਿਕ-ਰਾਜਨੀਤਿਕ ਅਸਥਿਰਤਾ ਨੂੰ ਪਿੱਛੇ ਛੱਡ ਕੇ ਵਿਗਿਆਨਕ ਅਤੇ ਆਧੁਨਿਕ ਸੋਚ ਨੂੰ ਅਪਣਾਉਂਦੇ ਹਾਂ, ਤਾਂ ਪੰਜਾਬ ਦੀ ਨਵੀਂ ਪੀੜ੍ਹੀ ਨਾ ਸਿਰਫ਼ ਆਪਣੇ ਸੂਬੇ ਦੀ, ਸਗੋਂ ਪੂਰੀ ਦੁਨੀਆ ਦੀ ਤਰੱਕੀ ਵਿੱਚ ਅਹਿਮ ਯੋਗਦਾਨ ਪਾ ਸਕਦੀ ਹੈ। ਸਮਾਜ, ਸਰਕਾਰ ਅਤੇ ਨੌਜਵਾਨਾਂ ਨੂੰ ਇਕੱਠੇ ਮਿਲ ਕੇ ਇੱਕ ਅਜਿਹਾ ਪੰਜਾਬ ਬਣਾਉਣ ਦੀ ਲੋੜ ਹੈ, ਜੋ ਸੱਭਿਆਚਾਰਕ ਵਿਰਸੇ ਨੂੰ ਸੰਭਾਲਦਾ ਹੋਵੇ ਅਤੇ ਨਵੀਂ ਪੀੜ੍ਹੀ ਦੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲੇ ਅਤੇ ਆਰਥਿਕ ਅਤੇ ਨੌਕਰੀ ਸੰਕਟ ਵਿਚ ਨੌਜਵਾਨ ਨਸ਼ਿਆਂ ਦੀ ਲਪੇਟ 'ਚ ਖਾਲੀ ਰੋਜ਼ਗਾਰ ਅਤੇ ਪਰਦੇਸੀ ਖ਼ੁਆਬਾਂ 'ਚ ਉਲਝੇ ਹੋਏ ਹਨ। ਪੰਜਾਬ ਦੀ ਆਰਥਿਕਤਾ ਦੀ ਨਵੀਂ ਨੀਂਹ ਨਹੀਂ ਰੱਖੀ ਗਈ। ਨਤੀਜਾ— ਦਿਮਾਗਾਂ ਦੀ ਬੇਰੁਖੀ ਤੇ ਪੈਰਾਂ ਦੀ ਉਜੜ ਪ੍ਰਵਾਸ।

ਇੱਥੇ ਹੁਣ ਮੀਡੀਆ 'ਤੇ ਸੱਭਿਆਚਾਰ ਲਈ ਦੋ ਸ਼ਬਦ ਯੂਟਿਊਬ 'ਤੇ ਗੀਤਾਂ ਰਾਹੀਂ ਮਿਲਦੇ ਹਨ ਉਹ ਗੈਂਗਸਟਰ ਸੋਚ, ਝੂਠੀ ਸ਼ਾਨ ਅਤੇ ਔਰਤਾਂ ਵਿਰੋਧੀ ਭਾਸ਼ਾ ਹੈ। ਅੱਜ ਨੌਜਵਾਨ ਆਪਣੀ ਪਛਾਣ ਨੂੰ ਉਮਰ ਜਾਂ ਪੋਸਟਾਂ ਦੇ ਫਾਲੋਅਰਾਂ ਨਾਲ ਜੋੜ ਬੈਠੇ ਹਨ। ਗੈਰਜ਼ਿੰਮੇਦਾਰ ਮੀਡੀਆ ਨੇ ਸੋਚ ਨੂੰ ਗੁੰਮਰਾਹ ਕੀਤਾ ਹੈ।

ਸਾਡੀ ਸਿੱਖਿਆ ਤੇ ਰਾਜਨੀਤਿਕ ਹਾਲਤਾਂ ਵਿੱਚ ਸਿੱਖਿਆ ਅਜੇ ਵੀ ਰੱਟੇ ਪੱਤਰ ਦੀ ਪੈਦਾਵਾਰ ਕਰ ਰਹੀ ਹੈ। ਨੌਜਵਾਨ ਰਾਜਨੀਤਿਕ ਪੱਧਰ 'ਤੇ ਬਿਨਾ ਅਵਾਜ਼ ਰਹਿ ਗਏ ਹਨ। ਉਮੀਦ ਦੀ ਥਾਂ, ਨਿਰਾਸ਼ਾ ਨੇ ਜਗ੍ਹਾ ਲੈ ਲਈ। ਇਸ ਨੂੰ ਬਚਾਉਣ ਲਈ ਵਿਗਿਆਨਕ ਤੇ ਤਰਕਸ਼ੀਲ ਸੋਚ ਦੀ ਸਿੱਖਿਆ, ਨੌਜਵਾਨਾਂ ਲਈ ਕੈਰੀਅਰ ਕੌਂਸਲਿੰਗ ਅਤੇ ਮਾਰਗਦਰਸ਼ਨ ਅਤੇ ਮੀਡੀਆ ਵਿੱਚ ਜ਼ਿੰਮੇਵਾਰੀ ਅਤੇ ਰੋਲ ਮਾਡਲ ਪ੍ਰਸਤੁਤੀ, ਰਾਜਨੀਤਕ ਨੀਤੀਆਂ ਵਿੱਚ ਨੌਜਵਾਨ ਭਾਗੀਦਾਰੀ ਅਤੇ ਸਥਾਨਕ ਰੋਜ਼ਗਾਰ ਤੇ ਨਵੀਨ ਉਦਯੋਗਾਂ ਦੀ ਵਿਕਾਸ ਯੋਜਨਾ ਜ਼ਰੂਰੀ ਹੈ।ਅੱਜ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਅਸੀਂ ਨਵੀਂ ਪੀੜ੍ਹੀ ਤੋਂ ਉਹ ਹੱਕ ਖੋਹ ਲਏ ਹਨ ਜੋ ਉਨ੍ਹਾਂ ਦਾ ਮੂਲ ਅਧਿਕਾਰ ਸਨ? ਆਓ ਅਜੇ ਵੀ ਸਮਾਂ ਹੈ-ਉਨ੍ਹਾਂ ਨੂੰ ਕਦੇ ਚੰਗੇ ਨਾਗਰਿਕ ਤੇ ਰਚਨਾਤਮਕ, ਆਤਮਨਿਰਭਰ ਤੇ ਤਰਕਸ਼ੀਲ ਬਣਾਉਣ ਲਈ ਅੱਗੇ ਆਈਏ, ਨਹੀਂ ਤਾਂ ਅਸੀਂ ਆਪਣਾ ਰੰਗਲਾ ਪੰਜਾਬ ਭਵਿੱਖ ਖੋਹ ਬੈਠਾਂਗੇ।

# ਪੰਜਾਬ ਨਾਲ ਹਰਿਆਣਾ ਦੇ ਮੁੱਖ ਮੰਤਰੀ ਸੈਣੀ ਦਾ ਨਾਤਾ

ਕਮਲਜੀਤ ਸਿੰਘ ਬਨਵੈਤ
98147 34035



ਹਰਿਆਣਾ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਵੇਲੇ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਲੜੀਆਂ ਚੋਣਾਂ ਵਿੱਚ ਭਾਜਪਾ ਨੇ ਤਕੜੀ ਪਲਟੀ ਮਾਰੀ। ਭਾਜਪਾ ਨੇ ਰਿਕਾਰਡ ਸੀਟਾਂ ਹੀ ਨਹੀਂ ਜਿੱਤੀਆਂ ਸਗੋਂ ਕਾਂਗਰਸ ਨੂੰ ਵੀ ਚਿੱਤ ਕਰਕੇ ਰੱਖ ਦਿੱਤਾ ਸੀ। ਨਾਇਬ ਸਿੰਘ ਸੈਣੀ ਹਰਿਆਣੇ ਦੀਆਂ ਦੇ ਹੀ ਚਹੇਤੇ ਨਹੀਂ ਬਣੇ ਹਨ ਸਗੋਂ ਉਹਨਾਂ ਦੀ ਪੰਜਾਬ ਵਿੱਚ ਵੀ ਪੈਂਠ ਬਣਨ ਲੱਗੀ ਹੈ। ਉਹ ਪੰਜਾਬ ਵਿੱਚ ਪਾਰਟੀ ਦਾ ਸੰਗਠਨ ਮਜ਼ਬੂਤ ਕਰਨ ਲੱਗੇ ਹਨ। ਸਾਰੀਆਂ ਸਿਆਸੀ ਪਾਰਟੀਆਂ ਦੀ ਅੱਖ ਪੰਜਾਬ ਦੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਉੱਤੇ ਹੈ। ਭਾਜਪਾ ਵੀ ਪੰਜਾਬ ਵੱਲ ਨੂੰ ਤੇਜ਼ੀ ਨਾਲ ਵੱਧ ਰਹੀ ਹੈ। ਆਮ ਆਦਮੀ ਪਾਰਟੀ ਨੂੰ ਇੰਝ ਲੱਗਦਾ ਹੈ ਕਿ ਉਹ ਹੁਣ ਕਿਸੇ ਨੂੰ ਸਤਾ ਦੇ ਨੇੜੇ ਨਹੀਂ ਫਟਕਣ ਦੇਣ ਲੱਗੇ। ਕਾਂਗਰਸ ਆਪਣੀ ਜਿੱਤ ਪੱਕੀ ਮੰਨੀ ਬੈਠੀ ਹੈ, ਉਹਨਾਂ ਵਿੱਚ ਸਿਰਫ਼ ਮੁੱਖ ਮੰਤਰੀ ਦੀ ਕੁਰਸੀ ਦੀ ਆਪਸੀ ਲੜਾਈ ਚੱਲ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਜਿਸ ਨੂੰ ਲੋਕ ਇੱਕ ਦਹਾਕੇ ਤੋਂ ਲਗਾਤਾਰ ਸਿਆਸੀ ਹਾਸ਼ੀਏ ਤੋਂ ਬਾਹਰ ਧੱਕਦੇ ਆਏ ਹਨ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਿਨ ਵੇਲੇ ਹੀ ਮੁੱਖ ਮੰਤਰੀ ਦੀ ਕੁਰਸੀ ਨੂੰ ਹੱਥ ਪਾਉਣ ਦੇ ਸੁਪਨੇ ਦੇਖ ਰਹੇ ਹਨ। ਭਾਰਤੀ ਜਨਤਾ ਪਾਰਟੀ ਪੰਜਾਬ ਦੀ ਸੱਤਾ ਹਥਿਆਉਣ ਲਈ ਅੰਦਰੋਂ ਅੰਦਰੀ ਵਿਉਂਤਾਂ ਗੁੰਦ ਰਹੀ ਹੈ। ਭਾਰਤੀ ਜਨਤਾ ਪਾਰਟੀ ਦੇ ਸੈਣੀ ਭਾਈਚਾਰੇ ਦੀ ਵੋਟ ਉੱਤੇ ਅੱਖ ਟਿਕਦੀ ਲੱਗਦੀ ਹੈ। ਪੰਜਾਬ ਵਿਧਾਨ ਸਭਾ ਦੀਆਂ 18 ਸੀਟਾਂ ਅਜਿਹੀਆਂ ਹਨ ਜਿੱਥੇ ਸੈਣੀ ਭਾਈਚਾਰੇ ਦੀ ਵੋਟ ਫੈਸਲਾ ਕਰਨ ਦੇ ਸਮਰੱਥ ਹੈ।

ਭਾਰਤੀ ਜਨਤਾ ਪਾਰਟੀ ਜਿਸ ਨੇ ਹਰਿਆਣਾ ਵਿੱਚ ਲਗਾਤਾਰ ਤੀਜੀ ਵਾਰ ਸਰਕਾਰ ਬਣਾਈ ਹੈ, ਉੱਥੋਂ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਤੇ ਕਾਫ਼ੀ ਵੱਡੀ ਟੇਕ ਰੱਖ ਰਹੀ ਹੈ। ਇੱਕ ਸੱਚ ਇਹ ਵੀ ਹੈ ਕਿ ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਲਈ ਕੋਈ ਅਜਿਹਾ ਲੀਡਰ ਨਹੀਂ ਲੱਭ ਰਿਹਾ ਹੈ ਜਿਹੜਾ ਬੇੜੀ ਪਾਰ ਲਾ ਦੇਵੇ ਹਾਲਾਂਕਿ ਪਿਛਲੇ ਸਮੇਂ ਤੋਂ ਪੰਜਾਬ ਇਕਾਈ ਦੇ ਪ੍ਰਧਾਨ ਸੁਨੀਲ ਜਾਖੜ ਮੁੜ ਤੋਂ ਸਰਗਰਮ ਹੋਣ ਲੱਗੇ ਹਨ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਮੁੱਖ ਮੰਤਰੀ ਬਣਨ ਤੋਂ ਬਾਅਦ ਪੰਜਾਬ ਵਿੱਚ ਕਈ ਗੇੜੇ ਲਾ ਚੁੱਕੇ ਹਨ। ਉਹ ਪੰਜਾਬ ਭਾਜਪਾ ਦੇ ਲੀਡਰਾਂ ਨਾਲ ਮੀਟਿੰਗਾਂ ਤਾਂ ਕਰ ਹੀ ਰਹੇ ਹਨ ਸਗੋਂ ਪਿੱਛੇ ਜਿਹੇ ਉਹਨਾਂ ਨੇ ਘਰੇ ਬੁਲਾ ਕੇ ਪੰਜਾਬ ਦੇ ਕਈ ਸਰਪੰਚਾਂ ਅਤੇ ਨਿਗਮਾਂ ਦੇ ਕੌਂਸਲਰਾਂ ਦੀ ਵੀ ਚੰਗੀ ਆਉ ਭਗਤ ਕੀਤੀ ਸੀ। ਭਾਰਤੀ ਜਨਤਾ ਪਾਰਟੀ ਨਾਲ ਜੁੜੇ ਹੋਏ ਸੂਤਰ ਤਾਂ ਇਹ ਵੀ ਦਾਅਵਾ ਕਰਦੇ ਹਨ ਹਨ ਕਿ ਉਨ੍ਹਾਂ ਦਾ ਹਰਿਆਣਾ ਨਾਲ ਲੱਗਦੇ ਜ਼ਿਲ੍ਹਿਆਂ ਮੁਹਾਲੀ ਤੇ ਰੋਪੜ ਵਿੱਚ ਕਾਫ਼ੀ ਅਸਰ ਰਸੂਖ ਵਧਣ ਲੱਗਾ ਹੈ। ਸੂਤਰਾਂ ਦਾ ਤਾਂ ਇਹ ਵੀ ਦਾਅਵਾ ਹੈ ਕਿ ਅਗਲੇ ਮਹੀਨੇ ਤੋਂ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਕਈ ਸਾਰੇ ਲੀਡਰ ਦੂਜੀਆਂ ਪਾਰਟੀਆਂ ਛੱਡ ਕੇ ਭਾਜਪਾ ਦੇ ਬੇੜੇ ਵਿੱਚ ਸਵਾਰ ਹੋਣ ਲੱਗ ਪੈਣਗੇ। ਸਭ ਤੋਂ ਪਹਿਲਾਂ ਉਹਨਾਂ ਨੇ ਰੋਪੜ ਨੇੜੇ ਇੱਕ ਰੈਲੀ ਨੂੰ ਸੰਬੋਧਨ ਕੀਤਾ ਸੀ। ਉਸ ਤੋਂ ਬਾਅਦ ਉਹਨਾਂ ਨੇ ਪਟਿਆਲਾ ਨੇੜੇ ਇੱਕ ਕਬੱਡੀ ਮੈਚ ਵਿੱਚ ਸ਼ਾਮਿਲ ਹੋਣ ਦਾ ਵਾਅਦਾ ਕੀਤਾ ਸੀ ਪਰ ਰੁਝੇਵਿਆਂ ਕਾਰਨ ਸਿਰੇ ਨਹੀਂ ਚੜ੍ਹ ਸਕਿਆ। ਡੇਰਾਬੱਸੀ ਹਲਕੇ ਤੋਂ ਉਹਨਾਂ ਦੀ ਅਗਵਾਈ ਵਿੱਚ ਹੀ ਗੁਰਦਰਸ਼ਨ ਸਿੰਘ ਸੈਣੀ ਨੇ ਭਾਜਪਾ ਦਾ ਪੱਲਾ ਫੜਿਆ ਸੀ। ਲੰਘੇ ਕੱਲ ਟਕਸਾਲੀ ਅਕਾਲੀ ਨੇਤਾ ਰਣਜੀਤ ਸਿੰਘ ਗਿੱਲ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਰਿਹਾਇਸ਼ 'ਤੇ ਜਾ ਕੇ ਭਾਜਪਾ ਦਾ ਪੱਲਾ ਫੜਦੇ ਹਨ। ਉਹਨਾਂ ਦੀ ਭਾਜਪਾ ਦੇ ਸੀਨੀਅਰ ਨੇਤਾ ਮਨੋਰੰਜਨ ਕਾਲੀਆ ਦੇ ਘਰ ਉੱਤੇ ਹਮਲਾ ਹੋਣ ਤੋਂ ਬਾਅਦ ਉਥੋਂ ਦੀ ਫੇਰੀ ਅਤੇ ਰਾਜ ਗਾਇਕ ਹੰਸ ਰਾਜ ਹੰਸ ਦੇ ਘਰ ਅਫਸੋਸ ਲਈ ਜਾਣ ਨੂੰ ਘਟਾ ਕੇ ਨਹੀਂ ਦੇਖਿਆ ਜਾਣਾ ਬਣਦਾ ਹੈ। ਕੁਝ ਦਿਨ ਪਹਿਲਾਂ ਉਹ ਜ਼ੀਰਕਪੁਰ ਵੀ ਗੇੜਾ ਮਾਰ ਚੁੱਕੇ ਹਨ। ਵਿਸਾਖੀ ਮੌਕੇ ਉਹਨਾਂ ਦੀ ਤਖ਼ਤ ਕੇਸਗੜ੍ਹ ਸਾਹਿਬ ਦੀ ਫੇਰੀ ਦੇ ਵੱਡੇ ਅਰਥ ਲਏ ਜਾਣੇ ਬਣਦੇ ਹਨ। ਹਾਲੇ ਇੱਕ ਦਿਨ ਪਹਿਲਾਂ ਭਾਵ 20 ਅਪ੍ਰੈਲ ਨੂੰ ਨਾਇਕ ਸਿੰਘ ਸੈਣੀ ਨੇ ਜ਼ੀਰਕਪੁਰ ਵਿੱਚ ਦੂਜੀਆਂ ਪਾਰਟੀਆਂ ਦੇ ਕੌਂਸਲਰ ਭਾਜਪਾ ਦੇ ਬੇੜੇ ਵਿੱਚ ਸਵਾਰ ਕਰਨ ਦੀ ਸ਼ੁਰੂਆਤ ਕਰ ਦਿੱਤੀ ਹੈ। ਅਗਲੇ ਦਿਨ ਹੀ ਉਹ ਡੇਰਾ ਬੱਸੀ ਵਿੱਚ ਵੀ ਸ਼੍ਰੋਮਣੀ ਅਕਾਲੀ ਦਲ ਦੇ ਕਈ ਲੀਡਰਾਂ ਨੂੰ ਭਾਜਪਾ ਵਿੱਚ ਸ਼ਾਮਿਲ ਕਰਵਾ ਸਕਦੇ ਹਨ।


ਭਾਜਪਾ ਦੇ ਬੇੜੇ ਵਿੱਚ ਸਵਾਰ ਹੋਣ ਤੋਂ ਪੰਜ ਘੰਟੇ ਬਾਅਦ ਹੀ ਰਣਜੀਤ ਸਿੰਘ ਗਿੱਲ ਨੂੰ ਵਿਜੀਲੈਂਸ ਨੇ ਆ ਘੇਰਿਆ ਹੈ। ਪੰਜਾਬ ਦੇ ਸਾਬਕਾ ਮੰਤਰੀ ਅਤੇ ਅਕਾਲੀ ਦਲ ਦੇ ਸੀਨੀਅਰ ਨੇਤਾ ਬਿਕਰਮ ਸਿੰਘ ਮਜੀਠੀਆ ਜਿਹੜੇ ਕਿ ਜੇਲ੍ਹ ਵਿੱਚ ਬੰਦ ਹਨ ਉਹਨਾਂ ਦੇ ਨਾਲ ਲੈਣ ਦੇਣ ਨੂੰ ਲੈ ਕੇ ਛਾਪਿਆਂ ਦਾ ਸਬੰਧ ਦੱਸਿਆ ਜਾ ਰਿਹਾ ਹੈ। ਸਵਾਲ ਖੜ੍ਹਾ ਹੁੰਦਾ ਹੈ ਕਿ ਜੇ ਰਣਜੀਤ ਸਿੰਘ ਗਿੱਲ ਹੱਥ ਵਿੱਚ ਝਾੜੂ ਫੜ ਲੈਂਦੇ ਤਾਂ ਕਿ ਈਡੀ ਉਹਨਾਂ ਦੇ ਦਰ 'ਤੇ ਧਮਕਦੀ। ਮੰਤਰੀ ਨਾਇਬ ਸਿੰਘ ਸੈਣੀ ਆਪ ਵੀ ਮੰਨਦੇ ਹਨ ਕਿ ਪੰਜਾਬ ਦੇ ਲੋਕ ਭਾਜਪਾ ਨੂੰ ਸਤਾ ਵਿੱਚ ਦੇਖਣ ਲਈ ਕਾਹਲੇ ਹਨ। ਉਹ ਕਹਿੰਦੇ ਹਨ ਕਿ ਪੰਜਾਬ ਵਿੱਚ ਜਿਸ ਥਾਂ ਵੀ ਗਏ ਹਨ ਉਹ ਪਾਰਟੀ ਦੇ ਦੂਤ ਵਜੋਂ ਗਏ ਹਨ। ਉਹਨਾਂ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਜਿਵੇਂ ਦਿੱਲੀ ਵਿੱਚ ਵੋਟਰਾਂ ਨੇ ਆਪ ਨੂੰ ਜੜੋਂ ਪੁੱਟ ਕੇ ਭਾਜਪਾ ਦੇ ਹੱਥ ਸੱਤਾ ਦਿੱਤੀ ਹੈ ਵਿਧਾਨ ਸਭਾ ਦੀਆਂ ਅਗਲੀਆਂ ਚੋਣਾਂ ਵਿੱਚ ਇਹੋ ਇਤਿਹਾਸ ਪੰਜਾਬ ਵਿੱਚ ਵੀ ਦੁਹਰਾਇਆ ਜਾਵੇਗਾ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਫੇਰੀ ਵੇਲੇ ਉਨ੍ਹਾਂ ਨੇ ਯੁਮਨਾਨਗਰ ਜ਼ਿਲ੍ਹੇ ਦੇ ਲੋਹਗੜ੍ਹ ਪਿੰਡ ਵਿੱਚ ਸਿੱਖ ਅਜਾਇਬ ਘਰ ਬਣਾਉਣ ਦਾ ਐਲਾਨ ਕਰਕੇ ਸੁਲਝੇ ਹੋਏ ਸਿਆਸਤਦਾਨਾਂ ਵਾਲੀ ਖੇਡ ਖੇਡੀ ਹੈ।

ਇਸ 'ਚ ਕੋਈ ਸ਼ੱਕ ਨਹੀਂ ਕਿ ਹਰਿਆਣਾ ਵਿੱਚ ਭਾਜਪਾ ਦੀ ਤੀਜੀ ਲਗਾਤਾਰ ਰਿਕਾਰਡ ਜਿੱਤ ਦਾ ਸਿਹਰਾ ਨਾਇਬ ਸਿੰਘ ਸੈਣੀ ਦੇ ਸਿਰ 'ਤੇ ਬੰਨਿਆ ਜਾਣ ਲੱਗਾ ਹੈ। ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਉਹਨਾਂ ਦੀ ਭੂਮਿਕਾ ਨੂੰ ਵੱਡਾ ਕਰਕੇ ਦੇਖਿਆ ਜਾਣਾ ਬਣਦਾ ਹੈ। ਪਿਛਲੀ ਸਰਕਾਰ ਵੇਲੇ ਜਦੋਂ ਮਨੋਹਰ ਲਾਲ ਖੱਟੜ ਦੀ ਥਾਂ ਨਾਇਬ ਸਿੰਘ ਸੈਣੀ ਨੂੰ ਮੁੱਖ ਮੰਤਰੀ ਬਣਾਇਆ ਗਿਆ ਸੀ ਤਾਂ ਉਹਨਾਂ ਨੇ ਕੁਝ ਮਹੀਨਿਆਂ ਵਿੱਚ ਹੀ ਆਪਣੀ ਸਿਆਸੀ ਸੂਝ-ਬੂਝ ਦਾ ਸਬੂਤ ਦੇ ਦਿੱਤਾ ਸੀ। ਹਾਲਾਂਕਿ ਕਾਂਗਰਸ ਸਮੇਤ ਬਹੁਤ ਸਾਰੇ ਲੋਕ ਨਾਇਬ ਸਿੰਘ ਸੈਣੀ ਦੇ ਕਾਰਜਕਾਲ ਨੂੰ ਪੰਜਾਬ ਦੇ 111 ਦਿਨਾਂ ਲਈ ਬਣੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਮੇਚ ਕੇ ਮਜ਼ਾਕ ਕਰਿਆ ਕਰਦੇ ਸਨ ਪਰ ਭਾਜਪਾ ਦੀ ਜਿੱਤ ਨੇ ਸਭ ਦੇ ਮੂੰਹ ਬੰਦ ਕਰ ਦਿੱਤੇ। ਉਹ ਆਪਣੀ ਸਿਆਸੀ ਪਕੜ ਕਾਰਨ ਦਿਨਾਂ ਮਹੀਨਿਆਂ ਵਿੱਚ ਹੀ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਚਹੇਤੇ ਬਣ ਕੇ ਉਭਰੇ ਹਨ। ਹਰਿਆਣਾ ਦੇ ਮੁਕਾਬਲੇ ਪੰਜਾਬ ਵਿੱਚ ਸੈਣੀ ਭਾਈਚਾਰੇ ਦੀ ਗਿਣਤੀ ਅਤੇ ਪਕੜ ਜ਼ਿਆਦਾ ਹੈ। ਪੰਜਾਬ ਵਿਧਾਨ ਸਭਾ ਦੇ 18 ਹਲਕੇ ਅਜਿਹੇ ਹਨ, ਜਿਨ੍ਹਾਂ ਵਿੱਚ ਜਿੱਤ ਹਾਰ ਸੈਣੀ ਭਾਈਚਾਰੇ ਦੇ ਹੱਥ ਹੁੰਦੀ ਹੈ। ਨਾਇਬ ਸਿੰਘ ਸੈਣੀ ਦਾ ਪੰਜਾਬ ਵੱਸਦੇ ਸਿੱਖ ਭਾਈਚਾਰੇ ਵਿੱਚ ਰਸੂਖ ਵਧਿਆ ਹੈ। ਭਾਰਤੀ ਜਨਤਾ ਪਾਰਟੀ ਨਿਰਸੰਦੇਹ ਇਸ ਦਾ ਫਾਇਦਾ ਚੁੱਕੇਗੀ। ਹਰਿਆਣਾ ਵਿੱਚ ਭਾਜਪਾ ਨੇ ਜਾਟਾਂ ਦੀ ਥਾਂ ਪੱਛੜੀਆਂ ਸ਼੍ਰੇਣੀਆਂ ਵਿੱਚੋਂ ਉਮੀਦਵਾਰ ਛਾਂਟ ਕੇ ਇੱਕ ਗਿਣੀ ਮਿਥੀ ਰਣਨੀਤੀ ਤਹਿਤ ਫਾਇਦਾ ਚੁੱਕਿਆ ਸੀ। ਭਾਜਪਾ ਪੰਜਾਬ ਵਿੱਚ ਇਹ ਪੱਤਾ ਖੇਡ ਸਕਦੀ ਹੈ ਪਰ ਪੰਜਾਬੀਆਂ ਦਾ ਸੁਭਾਅ ਅਤੇ ਤਾਸੀਰ ਵੱਖਰੀ ਹੈ, ਜਿਸ ਦੇ ਚਲਦਿਆਂ ਜ਼ਰੂਰੀ ਨਹੀਂ ਕਿ ਜਾਦੂ ਚੱਲ ਜਾਵੇ। ਭਾਜਪਾ ਵੱਲੋਂ ਹੋਰ ਕਈ ਰਾਜਾਂ ਦੇ ਮੁੱਖ ਮੰਤਰੀ ਦੀ ਡਿਊਟੀ ਪੰਜਾਬ ਵਿੱਚ ਗੇੜੇ ਮਾਰਨ ਦੀ ਲਾਈ ਗਈ ਹੈ। ਇਸ ਤੋਂ ਬਿਨਾਂ ਕੇਂਦਰੀ ਮੰਤਰੀਆਂ ਨੂੰ ਪੰਜਾਬ ਵਿੱਚ ਹਰ ਮਹੀਨੇ ਇੱਕ ਪ੍ਰੈਸ ਕਾਨਫਰੰਸ ਕਰਨ ਲਈ ਕਿਹਾ ਗਿਆ ਹੈ।

ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦੇ ਪਿਛਲੇ ਇਤਿਹਾਸ ਵੱਲ ਝਾਤ ਮਾਰੀਏ ਤਦ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਅਕਾਲੀਆਂ ਨਾਲ ਰਲ ਕੇ ਛੋਟੇ ਭਰਾ ਵਜੋਂ ਵਿਚਰਦੀ ਰਹੀ ਹੈ। ਕਿਸਾਨ ਅੰਦੋਲਨ ਦੌਰਾਨ ਦੋਹਾਂ ਪਾਰਟੀਆਂ ਦੀ ਸਿਆਸੀ ਸਾਂਝ ਟੁੱਟ ਗਈ ਸੀ। ਤਰੇੜਾਂ ਤਾਂ ਉਸ ਤੋਂ ਪਹਿਲਾਂ ਵੀ ਦਿਸਣ ਲੱਗੀਆਂ ਸਨ। ਅਕਾਲੀਆਂ ਨਾਲ ਵੱਖ ਹੋਣ ਤੋਂ ਬਾਅਦ ਦੋਵੇਂ ਧਿਰਾਂ ਸਿਆਸੀ ਘਾਟੇ ਵਿੱਚ ਚੱਲ ਰਹੀਆਂ ਹਨ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਮੂੰਹ ਪਰਨੇ ਡਿੱਗੇ, ਨਾਲ ਹੀ ਭਾਜਪਾ ਦੀ ਡੋਬੂ ਖਾ ਗਈ। ਉਸ ਤੋਂ ਬਾਅਦ 2019 ਦੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਵੀ ਦੋਵੇਂ ਪਾਰਟੀਆਂ ਦੇ ਪੱਲੇ ਨਿਰਾਸ਼ਾ ਪਈ ਸੀ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਐਨ ਐਮ ਐਲ ਏ ਅਤੇ ਭਾਜਪਾ ਦੇ ਦੋ ਐਮਐਲਏ ਆਪੋ ਆਪਣੇ ਦਮ 'ਤੇ ਬਣੇ ਸਨ। ਸੱਚ ਕਹੀਏ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਪੱਲੇ ਇੱਕ ਵਿਧਾਇਕਾ ਹੀ ਰਹੀ ਹੈ, ਜਿਸ ਨੂੰ ਵੀ ਆਮ ਕਰਕੇ ਬਿਕਰਮ ਸਿੰਘ ਮਜੀਠੀਆ ਦੇ ਤੇਵਰਾਂ ਨਾਲ ਜੋੜ ਕੇ ਦੇਖਿਆ ਜਾਣਾ ਬਣਦਾ ਹੈ। ਵਿਧਾਨ ਸਭਾ ਹਲਕਾ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਸ਼੍ਰੋਮਣੀ ਅਕਾਲੀ ਦਲ ਦੇ ਬਰਾਬਰ ਡੱਟ ਕੇ ਖੜ੍ਹ ਗਏ ਹਨ। ਵਿਧਾਨ ਸਭਾ ਹਲਕਾ ਬੰਗਾ ਤੋਂ ਸੁਖਵਿੰਦਰ ਸਿੰਘ ਸੁੱਖੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਆਪ ਦੇ ਬੇੜੇ ਵਿੱਚ ਸਵਾਰ ਹੋ ਚੁੱਕੇ ਹਨ ਅਤੇ ਉਹਨਾਂ ਨੂੰ ਚੇਅਰਮੈਨ ਦਾ ਅਹੁਦਾ ਦੇ ਕੇ ਨਿਵਾਜਿਆ ਗਿਆ ਹੈ। ਭਾਜਪਾ ਤੇ ਅਕਾਲੀ ਦਲ ਦੇ ਵਿਧਾਇਕਾਂ ਦੀ ਰਲ ਕੇ ਗਿਣਤੀ ਕਰ ਲਈ ਜਾਵੇ ਤਦ ਵੀ ਪੰਜ ਬਣਦੀ ਹੈ। ਪਾਰਲੀਮੈਂਟ ਦੀਆਂ ਪਿਛਲੇ ਸਾਲ ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਇੱਕੋ ਇੱਕ ਉਮੀਦਵਾਰ ਹਰਸਿਮਰਤ ਕੌਰ ਬਾਦਲ ਬਠਿੰਡਾ ਤੋਂ ਸੀਟ ਕੱਢ ਗਈ ਸੀ ਜਦ ਕਿ ਭਾਰਤੀ ਜਨਤਾ ਪਾਰਟੀ ਦਾ ਖ਼ਾਤਾ ਵੀ ਨਹੀਂ ਖੁੱਲ ਸਕਿਆ ਸੀ। ਭਾਰਤੀ ਜਨਤਾ ਪਾਰਟੀ ਬੇਗਾਨਿਆਂ ਉੱਤੇ ਟੇਕ ਰੱਖ ਕੇ ਚੱਲ ਰਹੀ ਹੈ, ਜਿਸ ਕਰਕੇ ਟਕਸਾਲੀ ਭਾਜਪਾਈ ਆਪੋ ਆਪਣੇ ਘਰੇ ਜਾ ਬੈਠੇ ਸਨ। ਭਾਰਤੀ ਜਨਤਾ ਪਾਰਟੀ ਦੀ ਦਿੱਲੀ ਲੀਡਰਸ਼ਿਪ ਨੇ ਸੁਨੀਲ ਜਾਖੜ ਦੀ ਪ੍ਰਧਾਨਗੀ ਬਹਾਲ ਰੱਖਦਿਆਂ ਟਕਸਾਲੀ ਨੇਤਾ ਅਸ਼ਵਨੀ ਸ਼ਰਮਾ ਨੂੰ ਪੰਜਾਬ ਵਰਕਿੰਗ ਪ੍ਰਧਾਨ ਲਾ ਦਿੱਤਾ ਹੈ। ਉਨ੍ਹਾਂ ਦੇ ਵਰਕਿੰਗ ਪ੍ਰਧਾਨ ਬਣਨ ਤੋਂ ਬਾਅਦ ਭਾਜਪਾਈ ਜਿਹੜੇ ਆਪਣੇ ਘਰਾਂ ਅੰਦਰ ਜਾ ਬੈਠੇ ਸਨ, ਵੀ ਬਾਹਰ ਨਿਕਲਣ ਲੱਗੇ ਹਨ। ਨਾਇਬ ਸਿੰਘ ਸੈਣੀ ਨੇ ਪਾਰਟੀ ਹਾਈ ਕਮਾਨ ਦੀ ਰਣਨੀਤੀ ਤਹਿਤ ਹਰਿਆਣਾ ਵਿੱਚ ਜਾਟ ਵਿਰੋਧੀ ਦੂਜੇ ਭਾਈਚਾਰਿਆਂ ਨੂੰ ਹੱਥੀ ਚੁੱਕ ਲਿਆ ਸੀ, ਜਿਸ ਦੇ ਹਾਂ ਪੱਖੀ ਨਤੀਜੇ ਨਿਕਲੇ ਹਨ। ਪੰਜਾਬ ਅਤੇ ਹਰਿਆਣਾ ਦੀ ਸਿਆਸਤ ਚਾਹੇ ਇੱਕੋ ਲਿਖੇ ਨਹੀਂ ਚੱਲ ਸਕਦੀ ਹੈ ਪਰ ਫਿਰ ਵੀ ਭਾਜਪਾ ਹਰਿਆਣਾ ਨਾਲ ਮਿਲਦੀ ਜੁਲਦੀ ਰਾਣਨੀਤੀ ਦਾ ਤਜਰਬਾ ਪੰਜਾਬ ਵਿੱਚ ਵੀ ਕਰਨਾ ਚਾਹ ਰਹੀ ਹੈ। ਪੰਜਾਬ ਵਿੱਚ ਦੀ ਸਿਆਸਤ ਉੱਤੇ ਜੱਟ ਭਾਈਚਾਰਾ ਭਾਰੂ ਰਿਹਾ ਹੈ। ਕਾਂਗਰਸ ਨੇ ਹਿੰਦੂ ਭਾਈਚਾਰੇ 'ਚੋਂ ਿ ਡਪਟੀ ਮੁੱਖ ਮੰਤਰੀ ਅਤੇ ਐਸਸੀ ਭਾਈਚਾਰੇ ਵਿੱਚੋਂ ਮੁੱਖ ਮੰਤਰੀ ਬਣਾਇਆ ਸੀ। ਆਮ ਆਦਮੀ ਪਾਰਟੀ ਨੇ ਵੀ ਇਹਨਾਂ ਵਰਗਾਂ ਵਿੱਚੋਂ ਡਿਪਟੀ ਮੁੱਖ ਮੰਤਰੀ ਬਣਾਉਣ ਦਾ ਐਲਾਨ ਤਾਂ ਚੋਣਾਂ ਤੋਂ ਪਹਿਲਾਂ ਕੀਤਾ ਸੀ ਪਰ ਹਾਲੇ ਤੱਕ ਹੱਥ ਨਹੀਂ ਪੈ ਸਕਿਆ ਹੈ। ਭਾਜਪਾ ਪੰਜਾਬ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਅਸਰ ਸੂਖ ਦਾ ਲਾਹਾ ਲੈਣਾ ਚਾਹੇਗੀ। ਬਿਨਾਂ ਸ਼ੱਕ ਕਿਸੇ ਦਾ ਫਾਇਦਾ ਵੀ ਹੋਵੇਗਾ। ਪਰ ਭਾਜਪਾਈ ਕਿਤੇ ਨਾ ਕਿਤੇ ਅੰਦਰੋਂ ਖਾਤੇ ਵਿਰੋਧ ਵਿੱਚ ਵੀ ਹਨ। ਭਾਜਪਾ ਨੇ ਅਸ਼ਵਨੀ ਸ਼ਰਮਾ ਨੂੰ ਵਰਕਿੰਗ ਪ੍ਰਧਾਨ ਬਣਾਉਣ ਤੋਂ ਪਹਿਲਾਂ ਜਾਟ ਭਾਈਚਾਰੇ ਤੋਂ ਬਾਹਰਲੇ ਵਰਗਾਂ ਵਿੱਚੋਂ ਕਈ ਹੋਰ ਨੇਤਾਵਾਂ ਹੱਥ ਕਮਾਨ ਦੇਣ ਦੀ ਸੋਚੀ ਸੀ ਪਰ ਤਸੱਲੀ ਬਖਸ਼ ਕਾਰਗੁਜ਼ਾਰੀ ਦੇਖਣ ਨੂੰ ਨਹੀਂ ਮਿਲੀ ਹੈ। ਅਕਾਲੀ ਦਲ ਅਗਲੇ ਦੋ ਸਾਲਾਂ ਵਿੱਚ ਆਪਣੇ ਪੈਰਾਂ ਸਿਰ ਖੜ੍ਹਾ ਹੋ ਜਾਵੇ ਇਹ ਗੱਲ ਅਸੰਭਵ ਵਰਗੀ ਲੱਗਦੀ ਹੈ। ਕਾਂਗਰਸ ਪਾਰਟੀ ਆਪਣੀ ਅੰਦਰੂਨੀ ਲੜਾਈ ਤੋਂ ਬਾਜ਼ ਆ ਜਾਵੇ ਗੱਲ ਦਿਲ ਨੂੰ ਜੱਚਦੀ ਨਹੀਂ। ਆਮ ਆਦਮੀ ਪਾਰਟੀ ਮੁੜ ਲੋਕਾਂ ਦੇ ਦਿਲਾਂ ਦੇ ਨੇੜੇ ਹੋ ਜਾਵੇ ਹਾਲ ਦੀ ਘੜੀ ਤਾਂ ਸੌਖਾ ਨਹੀਂ ਲੱਗ ਰਿਹਾ ਹੈ। ਭਾਰਤੀ ਜਨਤਾ ਪਾਰਟੀ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਣ ਲਈ ਤੀਂਘੜ ਰਹੀ ਹੈ। ਇੱਕ ਦੋ ਗੱਲਾਂ ਭਾਜਪਾ ਦੇ ਹੱਕ ਵਿੱਚ ਜ਼ਰੂਰ ਜਾਣ ਲੱਗੀਆਂ ਹਨ ਇੱਕ ਤਾਂ ਇਹ ਕਿ ਪੰਜਾਬ ਦੇ ਲੋਕ ਅਕਾਲੀ ਦਲ, ਕਾਂਗਰਸ ਅਤੇ ਆਪ ਨੂੰ ਦੇਖ ਚੁੱਕੇ ਹਨ। ਉਹਨਾਂ ਦੇ ਅੰਦਰੋਂ ਬੇਗਾਨੇਪਣ ਦਾ ਅਹਿਸਾਸ ਜਾ ਨਹੀਂ ਰਿਹਾ ਹੈ। ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿੱਖਾਂ ਨਾਲ ਹੇਜ ਜਗਾਉਣ ਦੇ ਬਾਵਜੂਦ ਕਈ ਵਾਰ ਅਜਿਹੇ ਫੈਸਲੇ ਲੈ ਲੈਂਦੇ ਹਨ, ਜਿਨ੍ਹਾਂ ਨਾਲ ਦੂਰੀਆਂ ਘਟਣ ਦੀ ਥਾਂ ਪਾੜਾ ਹੋਰ ਵੱਧ ਜਾਂਦਾ ਹੈ। ਭਾਜਪਾ ਅਤੇ ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖਾਂ ਤੇ ਕਿਸਾਨਾਂ ਦਾ ਭਰੋਸਾ ਜਿੱਤਣ ਲਈ ਭਾਰਤੀ ਜਨਤਾ ਪਾਰਟੀ ਨੂੰ ਆਪਣਾ ਚੋਲਾ ਬਦਲਣਾ ਪਵੇਗਾ। ਲੋਕਾਂ ਦੇ ਮਨਾਂ ਵਿੱਚ ਇਹ ਵਿਸ਼ਵਾਸ ਪੈਦਾ ਕਰਨਾ ਪਵੇਗਾ ਕਿ ਉਹ ਅੰਦਰੋਂ ਤੇ ਬਾਹਰੋਂ ਇੱਕ ਹਨ। ਲੋਕਾਂ ਦੇ ਮਨਾਂ ਅੰਦਰੋਂ ਇਹ ਡਰ ਵੀ ਕੱਢਣ ਦੀ ਲੋੜ ਹੈ ਕਿ ਭਾਜਪਾ ਆਪਣਾ ਕਥਿਤ ਹਿੰਦੂਤੱਵ ਦਾ ਲੋਂਡਾ ਪੰਜਾਬ ਤੋਂ ਦੂਰ ਰੱਖੇਗੀ। ਪੰਜਾਬ ਹਮੇਸ਼ਾ ਮੁਲਕ ਹੀ ਨਹੀਂ ਸਗੋਂ ਹਿੰਦੂਆਂ ਲਈ ਢਾਲ ਬਣ ਕੇ ਖੜ੍ਹਾ ਹੈ। ਪੰਜਾਬੀ ਦੱਬਣ ਵਾਲੇ ਨਹੀਂ ਸਗੋਂ ਮਾਣ ਸਨਮਾਨ ਨਾਲ ਜਾਨ ਵਾਰਨ ਤੋਂ ਵੀ ਨਹੀਂ ਡਰਦੇ ਹਨ। ਇਹ ਤਾਂ ਮੌਤ ਨੂੰ ਮਖੌਲਾਂ ਕਰਨ ਵਾਲੀ ਕੌਮ ਹੈ। ਭਾਜਪਾ ਨੂੰ ਪੂਰੇ ਮੁਲਕ ਨਾਲੋਂ ਪੰਜਾਬ ਨੂੰ ਵੱਖਰੇ ਰੂਪ ਵਿੱਚ ਦੇਖਣ ਦੀ ਲੋੜ ਹੈ। ਇਹ ਉਹ ਕੌਮ ਹੈ ਜਿਸ ਨੇ ਆਜ਼ਾਦੀ ਲਈ 80 ਫ਼ੀਸਦੀ ਕੁਰਬਾਨੀਆਂ ਕੀਤੀਆਂ ਸਨ। ਵੈਸੇ ਸਿਆਸਤ ਜਾਤ, ਖੇਤਰ ਧਰਮ ਉੱਤੇ ਅਧਾਰਿਤ ਨਹੀਂ ਹੋਣੀ ਚਾਹੀਦੀ ਪਰ ਕੀ ਕਰੀਏ ਮੇਰੇ ਭਾਰਤ ਮਹਾਨ ਵਿੱਚ ਤਾਂ ਟਿਕਟਾਂ ਅਤੇ ਮੰਤਰਾਲੇ ਵੀ ਵੰਡੀਆਂ ਪਾ ਕੇ ਦਿੱਤੇ ਜਾਂਦੇ ਹਨ।

# ਪੀਐੱਮ-ਕਿਸਾਨ: ਕਿਸਾਨਾਂ ਨੂੰ ਸਸ਼ਕਤ ਬਣਾਉਣ ਅਤੇ ਪੇਂਡੂ ਅਰਥਚਾਰਿਆਂ ਦੇ ਬਦਲਾਅ ਲਈ ਭਾਰਤ ਦਾ ਆਲਮੀ ਖਰੜਾ





ਡਾ. ਪ੍ਰਮੋਦ ਮੇਹਰਦਾ, ਵਧੀਕ ਸਕੱਤਰ
ਅਰਿੰਦਮ ਮੋਦਕ, ਸਲਾਹਕਾਰ,
ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ, ਭਾਰਤ ਸਰਕਾਰ

ਸੰਮਲਿਤ ਵਿਕਾਸ ਅਤੇ ਪੇਂਡੂ ਖੁਸ਼ਹਾਲੀ ਦੇ ਸਫ਼ਰ ਵਿੱਚ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ (ਪੀਐੱਮ-ਕਿਸਾਨ) ਭਾਰਤ ਸਰਕਾਰ ਦੀ ਇੱਕ ਮੋਹਰੀ ਪਹਿਲਕਦਮੀ ਵਜੋਂ ਉੱਭਰ ਕੇ ਸਾਹਮਣੇ ਆਈ ਹੈ। ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਵੱਲੋਂ 24 ਫਰਵਰੀ 2019 ਨੂੰ ਆਰੰਭੀ ਇਸ ਯੋਜਨਾ ਨੇ ਲੱਖਾਂ ਛੋਟੇ ਅਤੇ ਮੱਧ ਵਰਗੀ ਕਿਸਾਨਾਂ ਦੇ ਜੀਵਨ 'ਤੇ ਡੂੰਘਾ ਅਸਰ ਪਾਇਆ ਹੈ ਅਤੇ ਇੱਕ ਪੂਰੀ ਤਰ੍ਹਾਂ ਡਿਜੀਟਲ, ਕੁਸ਼ਲ ਅਤੇ ਪਾਰਦਰਸ਼ੀ ਪ੍ਰਣਾਲੀ ਰਾਹੀਂ ਪ੍ਰਤੱਖ ਆਮਦਨ ਸਹਾਇਤਾ ਲਈ ਇੱਕ ਆਲਮੀ ਮਾਡਲ ਵਜੋਂ ਖੁਦ ਨੂੰ ਸਥਾਪਤ ਕੀਤਾ ਹੈ।

ਪ੍ਰਤੱਖ ਸਹਾਇਤਾ ਰਾਹੀਂ ਕਿਸਾਨਾਂ ਨੂੰ ਸਸ਼ਕਤ ਬਣਾਉਣਾ

ਇਸਦੇ ਮੂਲ ਰੂਪ ਵਿੱਚ, ਪੀਐੱਮ-ਕਿਸਾਨ ਯੋਗ ਕਿਸਾਨ ਪਰਿਵਾਰਾਂ ਨੂੰ ਸਾਲਾਨਾ 6,000 ਦੀ ਸਹਾਇਤਾ ਪ੍ਰਦਾਨ ਕਰਦੀ ਹੈ, ਜੋ ਕਿ ਪ੍ਰਤੱਖ ਲਾਭ ਤਬਾਦਲਾ (ਡੀਬੀਟੀ) ਪ੍ਰਣਾਲੀ ਰਾਹੀਂ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਤੌਰ 'ਤੇ 2,000 ਦੀਆਂ ਤਿੰਨ ਬਰਾਬਰ ਕਿਸ਼ਤਾਂ ਵਿੱਚ ਭੇਜਿਆ ਜਾਂਦਾ ਹੈ। ਇਹ ਸੁਚੱਜੀ, ਤਕਨਾਲੋਜੀ-ਅਧਾਰਤ ਪਹੁੰਚ ਵਿਚੋਲਿਆਂ ਦੀ ਭੂਮਿਕਾ, ਦੇਰੀ ਅਤੇ ਚੋਰ-ਮੋਰੀਆਂ ਨੂੰ ਖਤਮ ਕਰਦੀ ਹੈ ਅਤੇ ਇਹ ਹਰ ਰੁਪਏ ਦਾ ਲਾਭਪਾਤਰੀ ਤੱਕ ਪਹੁੰਚਣਾ ਯਕੀਨੀ ਬਣਾਉਂਦੀ ਹੈ।

ਇਸ ਦੀ ਸ਼ੁਰੂਆਤ ਤੋਂ ਲੈ ਕੇ 3.69 ਲੱਖ ਕਰੋੜ ਤੋਂ ਵੱਧ ਟ੍ਰਾਂਸਫਰ ਕੀਤੇ ਚੁੱਕੇ ਹਨ, ਜਿਸ ਨਾਲ ਪੀਐੱਮ-ਕਿਸਾਨ ਦੁਨੀਆ ਦੇ ਸਭ ਤੋਂ ਵੱਡੇ ਡਿਜੀਟਲ ਤੌਰ 'ਤੇ ਲਾਗੂ ਕੀਤੇ ਗਏ ਨਕਦ ਤਬਾਦਲਾ ਪ੍ਰੋਗਰਾਮਾਂ ਵਿੱਚੋਂ ਇੱਕ ਬਣ ਗਿਆ ਹੈ। ਗਿਣਤੀਆਂ ਤੋਂ ਪਰੇ, ਇਹ ਸਬਸਿਡੀਆਂ ਤੋਂ ਸਸ਼ਕਤੀਕਰਨ ਤੱਕ ਇੱਕ ਪ੍ਰਤੀਮਾਨ ਵਿੱਚ ਤਬਦੀਲੀ ਨੂੰ ਦਰਸਾਉਂਦਾ ਹੈ, ਜੋ ਕਿਸਾਨਾਂ ਨੂੰ ਇਹ ਫੈਸਲਾ ਕਰਨ ਦੀ ਖੁਦਮੁਖਤਿਆਰੀ ਦਿੰਦਾ ਹੈ ਕਿ ਬੀਜ, ਸੰਦ, ਸਿੱਖਿਆ ਜਾਂ ਸਿਹਤ ਲਈ ਸਹਾਇਤਾ ਦੀ ਸਰਬ ਉੱਤਮ ਵਰਤੋਂ ਕਿਵੇਂ ਕਰਨੀ ਹੈ।

ਭਾਰਤ ਦੇ ਛੋਟੇ ਕਿਸਾਨਾਂ ਲਈ ਇੱਕ ਬਦਲਾਅ ਪੂਰਨ ਪਹਿਲ ਭਾਰਤ ਦੇ 85% ਤੋਂ ਵੱਧ ਕਿਸਾਨਾਂ ਲਈ ਜਿਨ੍ਹਾਂ ਕੋਲ ਦੋ ਹੈਕਟੇਅਰ ਤੋਂ ਘੱਟ ਜ਼ਮੀਨ ਹੈ ਅਤੇ ਇਹ ਲਾਭ ਬਿਜਾਈ ਜਾਂ ਵਾਢੀ ਦੇ ਮੌਸਮ ਦੌਰਾਨ ਇੱਕ ਮਹੱਤਵਪੂਰਨ ਵਿੱਤੀ ਸਹਾਇਤਾ ਵਜੋਂ ਕੰਮ ਕਰਦਾ ਹੈ। ਇਹ ਥੋੜ੍ਹੇ ਸਮੇਂ ਦੇ ਨਕਦ ਪ੍ਰਵਾਹ ਦੇ ਤਣਾਅ ਨੂੰ ਦੂਰ ਕਰਦੇ ਹਨ, ਗੈਰ-ਰਸਮੀ ਕਰਜ਼ੇ 'ਤੇ ਨਿਰਭਰਤਾ ਘਟਾਉਂਦੇ ਹਨ ਅਤੇ ਮੁਸੀਬਤ ਦੇ ਸਮੇਂ ਵਿੱਚ ਇੱਕ ਸੁਰੱਖਿਆ ਘੇਰਾ ਪ੍ਰਦਾਨ ਕਰਦੇ ਹਨ।

ਵਿੱਤੀ ਸਹਾਇਤਾ ਤੋਂ ਵੱਧ ਕੇ, ਪੀਐੱਮ-ਕਿਸਾਨ ਰਾਸ਼ਟਰ-ਨਿਰਮਾਣ ਵਿੱਚ ਇੱਕ ਭਾਈਵਾਲ ਵਜੋਂ ਸ਼ਮੂਲੀਅਤ, ਮਾਣ ਅਤੇ ਕਿਸਾਨ ਦੀ ਮਾਨਤਾ ਦਾ ਪ੍ਰਤੀਕ ਹੈ।

**ਡਿਜੀਟਲ ਸ਼ਾਸਨ ਦੀ ਇੱਕ ਜਿੱਤ**: ਪੀਐੱਮ-ਕਿਸਾਨ ਦੀ ਸਫਲਤਾ ਦਾ ਸਿਹਰਾ ਭਾਰਤ ਦੇ ਮਜ਼ਬੂਤ ਡਿਜੀਟਲ ਬੁਨਿਆਦੀ ਢਾਂਚੇ ਨੂੰ ਜਾਂਦਾ ਹੈ। ਜੇਏਐੱਮ (JAM) ਤ੍ਰਿਏਕ, ਜਨ ਧਨ ਬੈਂਕ ਖਾਤੇ, ਆਧਾਰ ਬਾਇਓਮੈਟ੍ਰਿਕ ਪਛਾਣ ਅਤੇ ਮੋਬਾਈਲ ਕਨੈਕਟੀਵਿਟੀ ਨੇ ਵੱਡੇ ਪੱਧਰ 'ਤੇ ਸਹਿਜ ਸਪੁਰਦਗੀ ਨੂੰ ਸਮਰੱਥ ਬਣਾਇਆ ਹੈ। ਸਵੈ-ਰਜਿਸਟ੍ਰੇਸ਼ਨ ਤੋਂ ਲੈ ਕੇ ਜ਼ਮੀਨ ਦੀ ਮਲਕੀਅਤ ਤਸਦੀਕ ਅਤੇ ਡੀਬੀਟੀ-ਸਮਰੱਥ ਭੁਗਤਾਨਾਂ ਤੱਕ ਸਮੁੱਚੀ ਯੋਜਨਾ ਦਾ ਜੀਵਨ ਚੱਕਰ ਡਿਜੀਟਲ ਹੈ।

ਸੂਬਾ ਸਰਕਾਰਾਂ ਦੇ ਸਹਿਯੋਗ ਨਾਲ, ਪੀਐੱਮ-ਕਿਸਾਨ ਸ਼ਾਸਨ ਦੇ ਇੱਕ ਡਿਜੀਟਲ ਤੌਰ 'ਤੇ ਏਕੀਕ੍ਰਿਤ, ਅੰਤ-ਤੋਂ-ਅੰਤ ਮਾਡਲ ਵਜੋਂ ਕੰਮ ਕਰ ਰਿਹਾ ਹੈ। ਇਸ ਨੇ ਵੱਖੋ ਵੱਖ ਭੂਗੋਲਿਕ ਖੇਤਰਾਂ ਵਿੱਚ ਭੌਂ ਰਿਕਾਰਡ, ਲਾਭਪਾਤਰੀ ਡੇਟਾਬੇਸ ਅਤੇ ਭੁਗਤਾਨ ਪ੍ਰਣਾਲੀਆਂ ਨੂੰ ਸਫਲਤਾਪੂਰਨ ਤਰੀਕੇ ਨਾਲ ਏਕੀਕ੍ਰਿਤ ਕੀਤਾ ਹੈ, ਜਿਸ ਨਾਲ ਦੁਨੀਆ ਵਿੱਚ ਕਿਸੇ ਹੋਰ ਦੀ ਤੁਲਨਾ ਵਿੱਚ ਇੱਕ ਕਿਸਾਨ-ਕੇਂਦ੍ਰਿਤ ਢਾਂਚਾ ਬਣਾਇਆ ਗਿਆ ਹੈ।

ਪੀਐੱਮ-ਕਿਸਾਨ ਨੇ ਖੇਤੀਬਾੜੀ ਈਕੋਸਿਸਟਮ ਵਿੱਚ ਨਵੀਨਤਾਕਾਰੀ ਪ੍ਰੋਜੈਕਟਾਂ ਨੂੰ ਵੀ ਪ੍ਰੇਰਿਤ ਕੀਤਾ ਹੈ, ਜਿਵੇਂ ਕਿ ਕਿਸਾਨ ਈ-ਮਿੱਤਰਾ ਵੌਇਸ-ਅਧਾਰਤ ਚੈਟਬੋਟ ਅਤੇ ਐਗਰੀ ਸਟੈਕ। ਐਗਰੀਸਟੈਕ ਭਾਰਤੀ ਖੇਤੀ ਨੂੰ ਭਵਿੱਖ ਲਈ ਤਿਆਰ ਕਰਦੇ ਹੋਏ ਵਿਅਕਤੀਗਤ, ਸਮੇਂ ਸਿਰ ਅਤੇ ਪਾਰਦਰਸ਼ੀ ਸੇਵਾਵਾਂ ਪ੍ਰਦਾਨ ਕਰਨ ਲਈ ਤਿਆਰ-ਬਰ-ਤਿਆਰ ਹੈ।

**ਆਲਮੀ ਮਿਆਰ ਤੈਅ ਕਰਨਾ** : ਦੁਨੀਆ ਭਰ ਵਿੱਚ ਪ੍ਰਤੱਖ ਲਾਭ ਪ੍ਰੋਗਰਾਮਾਂ ਨੂੰ ਗਰੀਬੀ ਹਟਾਉਣ ਲਈ ਅਸਰਦਾਰ ਸਾਧਨਾਂ ਵਜੋਂ ਤੇਜ਼ੀ ਨਾਲ ਮਾਨਤਾ ਦਿੱਤੀ ਜਾ ਰਹੀ ਹੈ। ਫਿਰ ਵੀ ਪੀਐੱਮ-ਕਿਸਾਨ ਕੁਝ ਵਿਲੱਖਣ ਪੇਸ਼ਕਸ਼ ਕਰਦਾ ਹੈ- ਇਸਦਾ ਵਿਸ਼ਾਲ ਪੈਮਾਨਾ, ਗਤੀ ਅਤੇ ਡਿਜੀਟਲ ਅਖੰਡਤਾ ਇਸ ਨੂੰ ਖੰਡਿਤ ਖੇਤੀਬਾੜੀ ਸਹਾਇਤਾ ਪ੍ਰਣਾਲੀਆਂ ਨੂੰ ਬਿਹਤਰ ਬਣਾਉਣ ਲਈ ਯਤਨਸ਼ੀਲ ਦੇਸ਼ਾਂ ਲਈ ਇੱਕ ਦੁਹਰਾਉਣ ਯੋਗ ਮਾਡਲ ਬਣਾਉਂਦੀ ਹੈ।

ਆਈਐੱਫਪੀਆਰਆਈ, ਐੱਫਏਓ, ਆਈਸੀਏਆਰ ਅਤੇ ਆਈਸੀਆਰਆਈਐੱਸਏਟੀ-1 ਵਰਗੇ ਕੌਮਾਂਤਰੀ ਅਦਾਰਿਆਂ ਨੇ ਛੋਟੇ ਕਿਸਾਨਾਂ ਦੀ ਆਮਦਨ ਵਧਾਉਣ, ਕਰਜ਼ਾ ਪਹੁੰਚ ਵਿੱਚ ਸੁਧਾਰ ਕਰਨ, ਅਸਮਾਨਤਾ ਘਟਾਉਣ ਅਤੇ ਆਧੁਨਿਕ ਅਭਿਆਸਾਂ ਨੂੰ ਅਪਣਾਉਣ ਵਿੱਚ ਪੀਐੱਮ-ਕਿਸਾਨ ਦੀ ਭੂਮਿਕਾ ਨੂੰ ਉਜਾਗਰ ਕੀਤਾ ਹੈ। ਇਸਦਾ ਵਿਸ਼ਵਾਸ-ਅਧਾਰਤ, ਬਿਨਾਂ ਸ਼ਰਤ ਪਹੁੰਚ ਬਹੁਤ ਸਾਰੇ ਦੇਸ਼ਾਂ ਵਿੱਚ ਸ਼ਰਤੀਆ ਤਬਾਦਲਿਆਂ ਦੇ ਉਲਟ, ਭਾਗੀਦਾਰੀ ਅਤੇ ਸਨਮਾਨ-ਅਧਾਰਤ ਭਲਾਈ ਸਪੁਰਦਗੀ ਵਿੱਚ ਇੱਕ ਵੱਡੀ ਛਾਲ ਨੂੰ ਦਰਸਾਉਂਦਾ ਹੈ।

**ਪੇਂਡੂ ਵਿਕਾਸ ਲਈ ਪ੍ਰੇਰਕ ਭੂਮਿਕਾ**: ਪੀਐੱਮ-ਕਿਸਾਨ ਦਾ ਹਾਂ-ਪੱਖੀ ਪ੍ਰਭਾਅ ਵਿਅਕਤੀਗਤ ਲਾਭਪਾਤਰੀਆਂ ਤੋਂ ਕਿਤੇ ਅੱਗੇ ਤੱਕ ਜਾਂਦਾ ਹੈ। ਅਨੁਮਾਨਤ ਨਕਦੀ ਪ੍ਰਵਾਹ ਨੇ ਪੇਂਡੂ ਮੰਡੀਆਂ ਨੂੰ ਮੁੜ ਸੁਰਜੀਤ ਕੀਤਾ ਹੈ, ਖੇਤੀਬਾੜੀ ਉਤਪਾਦਾਂ ਦੀ ਮੰਗ ਨੂੰ ਵਧਾਇਆ ਹੈ ਅਤੇ ਘਰੇਲੂ ਖਪਤ ਦੇ ਪੈਟਰਨ ਨੂੰ ਮਜ਼ਬੂਤ ਕੀਤਾ ਹੈ। ਇਸਨੇ ਔਰਤਾਂ ਨੂੰ ਸਸ਼ਕਤ ਬਣਾਉਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਖਾਸਕਰ ਜਿੱਥੇ ਬੈਂਕ ਖਾਤੇ ਸਾਂਝੇ ਤੌਰ 'ਤੇ ਰੱਖੇ ਜਾਂਦੇ ਹਨ। ਇਸ ਤੋਂ ਇਲਾਵਾ ਇਹ ਇੱਕ ਸੰਪੂਰਨ ਅਤੇ ਆਪਸ ਵਿੱਚ ਜੁੜੇ ਪੇਂਡੂ ਵਿਕਾਸ ਈਕੋਸਿਸਟਮ ਨੂੰ ਸਿਰਜ ਕੇ ਭੌਂ ਸਿਹਤ ਕਾਰਡ, ਕਿਸਾਨ ਕ੍ਰੈਡਿਟ ਕਾਰਡ, ਪੀਐੱਮ ਫਸਲ ਬੀਮਾ ਯੋਜਨਾ ਅਤੇ ਈ-ਐੱਨਏਐੱਮ ਵਰਗੀਆਂ ਹੋਰ ਪ੍ਰਮੁੱਖ ਯੋਜਨਾਵਾਂ ਦਾ ਪੂਰਕ ਬਣਿਆ ਹੈ। ਕਿਸਾਨਾਂ ਲਈ ਇੱਕ ਪੈਨਸ਼ਨ ਯੋਜਨਾ, ਪੀਐੱਮ-ਕਿਸਾਨ ਮਾਨਧਨ ਯੋਜਨਾ ਨਾਲ ਇਸਦਾ ਏਕੀਕਰਨ, ਭਾਰਤ ਦੀ ਖੇਤੀਬਾੜੀ ਕਿਰਤ ਸ਼ਕਤੀ ਲਈ ਸਮਾਜਿਕ ਸੁਰੱਖਿਆ ਘੇਰਾ ਬਣਾਉਣ ਵੱਲ ਇੱਕ ਹੋਰ ਕਦਮ ਹੈ।

**ਭਵਿੱਖ ਲਈ ਇੱਕ ਦ੍ਰਿਸ਼ਟੀਕੋਣ**: ਅਨੁਕੂਲਤਾ, ਬਰਾਬਰੀ ਅਤੇ ਟਿਕਾਊ ਪੀਐੱਮ-ਕਿਸਾਨ ਇੱਕ ਵਿੱਤੀ ਸਹਾਇਤਾ ਵਿਧੀ ਤੋਂ ਕਿਤੇ ਵੱਧ ਕੇ ਹੈ। ਇਹ ਭਾਰਤ ਸਰਕਾਰ ਦੇ ਕਿਸਾਨ-ਅਗਵਾਈ ਵਾਲੇ ਵਿਕਾਸ ਦਾ ਇੱਕ ਬਦਲਾਅ ਪੂਰਨ ਦ੍ਰਿਸ਼ਟੀਕੋਣ ਹੈ। ਹੱਕਦਾਰੀ ਤੋਂ ਸਸ਼ਕਤੀਕਰਨ ਵੱਲ, ਸਹਾਇਤਾ ਤੋਂ ਖੁਦਮੁਖਤਿਆਰੀ ਵੱਲ ਤਬਦੀਲ ਹੋ ਕੇ, ਇਹ ਸਰਕਾਰ ਅਤੇ ਕਿਸਾਨ ਵਿਚਾਲੇ ਇਕਰਾਰ ਨੂੰ ਮੁੜ ਪਰਿਭਾਸ਼ਿਤ ਕਰਦਾ ਹੈ।

ਭਾਰਤ ਦੇ 5 ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਬਣਨ ਦੇ ਟੀਚੇ ਨੂੰ ਹਾਸਲ ਕਰਨ ਵੱਲ, ਪੀਐੱਮ-ਕਿਸਾਨ ਵਰਗੀਆਂ ਯੋਜਨਾਵਾਂ ਸੰਮਲਿਤ ਵਿਕਾਸ ਦੀ ਮਜ਼ਬੂਤ ਬੁਨਿਆਦ ਰੱਖਦੀਆਂ ਹਨ। ਉੱਨਤ ਤਕਨਾਲੋਜੀਆਂ ਦੇ ਲਗਾਤਾਰ ਏਕੀਕਰਨ ਅਤੇ ਜਲਵਾਯੂ ਅਨੁਕੂਲਤਾ, ਸਥਿਰਤਾ ਅਤੇ ਸਟੀਕ ਖੇਤੀਬਾੜੀ 'ਤੇ ਧਿਆਨ ਕੇਂਦ੍ਰਿਤ ਕਰਨ ਦੇ ਨਾਲ, ਇਹ ਯੋਜਨਾ ਤਬਦੀਲੀ ਲਈ ਇੱਕ ਹੋਰ ਅਸਰਦਾਰ ਤਾਕਤ ਵਿੱਚ ਵਿਕਸਤ ਹੋਣ ਲਈ ਤਿਆਰ ਹੈ।ਪੀਐੱਮ-ਕਿਸਾਨ ਭਰੋਸੇ, ਤਕਨਾਲੋਜੀ ਅਤੇ ਤਬਦੀਲੀ ਦੀ ਇੱਕ ਗਾਥਾ ਹੈ। ਇਹ ਦੁਨੀਆ ਲਈ ਭਾਰਤ ਦਾ ਯੋਗਦਾਨ ਹੈ ਇੱਕ ਜਿਊਂਦੀ-ਜਾਗਦੀ ਉਦਾਹਰਨ ਕਿ ਕਿਵੇਂ ਦੂਰਦਰਸ਼ੀ ਨੀਤੀ, ਡਿਜੀਟਲ ਨਵੀਨਤਾ ਅਤੇ ਸਿਆਸੀ ਇਰਾਦੇ ਦੇ ਸੁਮੇਲ ਨਾਲ ਲੱਖਾਂ ਲੋਕਾਂ ਨੂੰ ਮਜ਼ਬੂਤ ਬਣਾਇਆ ਜਾ ਸਕਦਾ ਹੈ ਅਤੇ 21ਵੀਂ ਸਦੀ ਲਈ ਸ਼ਾਸਨ ਦੇ ਮਿਆਰਾਂ ਨੂੰ ਮੁੜ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ।

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

ਐਤਵਾਰ, 3 ਅਗਸਤ, 2025 Sunday, 3 August, 2025



ਡਾ. ਸ਼ਿਆਮ ਸੁੰਦਰ ਦੀਪਤੀ

# ਪਛਾਣ, ਪ੍ਰਵਾਨਗੀ ਅਤੇ ਪਿਆਰ ਉਡੀਕਦੇ ਨੌਜਵਾਨ

ਪਿਆਰ ਜ਼ਿੰਦਗੀ ਦੀ ਮੁੱਢਲੀ ਜ਼ਰੂਰਤ ਹੈ ਅਤੇ ਉਹ ਵੀ ਜ਼ਿੰਦਗੀ ਦੇ ਹਰ ਪੜਾਅ 'ਤੇ। ਜਨਮ ਤੋਂ ਲੈ ਕੇ ਆਖ਼ਰੀ ਸਾਹ ਤਕ, ਪਿਆਰ ਦੀ ਲੋੜ ਪਹਿਲੇ ਨੰਬਰ 'ਤੇ ਹੀ ਰਹਿੰਦੀ ਹੈ। ਕਾਲਜ ਦੇ ਇਕ ਸਮਾਜ ਵਿਗਿਆਨੀ ਨੇ ਆਪਣੇ ਵਿਦਿਆਰਥੀਆਂ ਨੂੰ ਝੁੱਗੀ ਝੌਂਪੜੀ ਦੇ ਦੋ ਸੌ ਨੌਜਵਾਨਾਂ ਦਾ ਸਰਵੇਖਣ ਕਰਨ ਦਾ ਕੰਮ ਦਿੱਤਾ। ਉਨ੍ਹਾਂ ਨੇ ਇਹ ਵੀ ਪਤਾ ਲਗਾਉਣਾ ਸੀ ਕਿ ਉਹ ਭਵਿੱਖ ਵਿਚ ਕੀ ਬਣ ਸਕਦੇ ਹਨ। ਉਨ੍ਹਾਂ ਨੇ ਸਾਰੇ ਨੌਜਵਾਨਾਂ ਦੇ ਸਰਵੇਖਣ ਦੇ ਅੰਤ 'ਤੇ ਇਕ ਟਿਪਣੀ ਲਿਖੀ ਕਿ ਇਹ ਕੁਝ ਵੀ ਨਹੀਂ ਬਣ ਸਕਦੇ। ਪੱਚੀ ਸਾਲ ਬਾਅਦ, ਇਕ ਹੋਰ ਅਧਿਆਪਕ ਨੇ ਇਸ ਸਰਵੇਖਣ ਵਿਚ ਦਿਲਚਸਪੀ ਦਿਖਾਈ ਤੇ ਦੇਖਣਾ ਚਾਹਿਆ ਕਿ ਇਸ ਸਰਵੇਖਣ ਦੇ ਨਤੀਜੇ ਕਿੰਨੇ ਕੁ ਸਹੀ ਹਨ। ਉਸ ਨੇ ਜਾਣਿਆ ਕਿ ਦੋ ਸੌ ਵਿਚੋਂ, ਤਕਰੀਬਨ ਅੱਸੀ ਫ਼ੀਸਦੀ ਆਪਣੀ ਜ਼ਿੰਦਗੀ ਵਿਚ ਕਾਮਯਾਬੀ ਨਾਲ ਕੰਮ ਕਰ ਰਹੇ ਸਨ। ਅਧਿਆਪਕ ਨੂੰ ਹੈਰਾਨੀ ਹੋਈ ਤੇ ਉਸ ਨੇ ਇਸ ਦੀ ਤਹਿ ਤੱਕ ਜਾਣ ਦੀ ਇੱਛਾ ਮਹਿਸੂਸ ਕੀਤੀ। ਸਭ ਤੋਂ ਉਨ੍ਹਾਂ ਦੀ ਸਫਲਤਾ ਦਾ ਰਾਜ਼ ਪੁੱਛਿਆ ਤਾਂ ਸਭ ਦਾ ਇਕੋ ਹੀ ਜਵਾਬ ਸੀ, ਸਾਡੀ ਟੀਚਰ। ਅਧਿਆਪਕ ਨੇ ਉਸ ਅਧਿਆਪਕ ਨੂੰ ਲੱਭ ਲਿਆ ਤੇ ਪੁੱਛਿਆ ਕਿ ਤੇਰੇ ਕੋਲ ਕਿਹੜਾ ਜਾਦੂਈ ਫਾਰਮੂਲਾ ਹੈ ਤਾਂ ਟੀਚਰ ਦਾ ਜਵਾਬ ਸੀ, 'ਮੇਰੇ ਕੋਲ ਕੋਈ ਜਾਦੂਈ ਫਾਰਮੂਲਾ ਨਹੀਂ, ਮੈਂ ਤਾਂ ਬਸ ਉਨ੍ਹਾਂ ਨਾਲ ਪਿਆਰ ਕਰਦੀ ਸੀ।'

ਨੌਜਵਾਨੀ ਵਿਚ ਪੈਰ ਧਰਨ ਦੀ ਉਮਰ ਹੈ, ਪੰਦਰਾਂ ਤੋਂ ਚੌਵੀ ਸਾਲ। ਬੱਚਾ ਆਪਣੇ ਕਿਸ਼ੋਰ ਅਵਸਥਾ ਦੇ, ਇਕ ਅਤਿ ਸੰਵੇਦਨਸ਼ੀਲ ਪੜਾਅ ਨੂੰ ਪਾਰ ਕਰਕੇ ਨੌਜਵਾਨੀ ਵਿਚ ਦਾਖਲ ਹੁੰਦਾ ਹੈ। ਇਹ ਉਮਰ ਜਿਸ ਨੂੰ ਅਸੀਂ ਹੋਸ਼ ਤੇ ਜੋਸ਼ ਦੇ ਮਿਸ਼ਰਨ ਦੀ ਉਮਰ ਕਹਿੰਦੇ ਹਾਂ, ਪਰ ਉਭਾਰਦੇ ਇਸ ਦਾ ਜੋਸ਼ੀਲਾ ਪੱਖ ਹਾਂ ਅਤੇ ਹੋਸ਼ ਵਿਚ ਕੀਤੇ ਕੰਮ ਦੇ ਵੇਰਵੇ ਜ਼ਿਆਦਾਤਰ ਦੱਬੇ ਹੀ ਰਹਿੰਦੇ ਹਨ।

ਇਨ੍ਹਾਂ ਜੋਸ਼ੀਲੇ ਪੱਖਾਂ ਦੇ ਪਹਿਲੂ ਤੋਂ ਇਹ ਅੰਕੜਿਆਂ ਦਾ ਸੱਚ ਹੈ ਕਿ ਦੇਸ਼ ਵਿਚ ਪੰਦਰਾਂ ਤੋਂ ਚੌਵੀ ਸਾਲ ਦੀ ਉਮਰ ਵਿਚ ਸਭ ਤੋਂ ਵੱਧ ਨਸ਼ੱਈ ਹਨ, ਇਸੇ ਉਮਰ ਵਿਚ ਹੀ ਸਭ ਤੋਂ ਵੱਧ ਖ਼ੁਦਕੁਸ਼ੀਆਂ ਹੁੰਦੀਆਂ ਹਨ, ਭਾਵੇਂ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਨੂੰ ਲੈ ਕੇ ਹਲਚਲ ਹੁੰਦੀ ਹੈ ਤੇ ਰਾਜਨੀਤਕ ਥਾਂ ਵੀ ਮਿਲਦੀ ਹੈ। ਇਸ ਉਮਰ ਵਿਚ ਹੀ ਏਡਜ਼ ਅਤੇ ਜਿਨਸੀ ਸਬੰਧਾਂ ਨਾਲ ਜੁੜੀਆਂ ਹੋਰ ਬਿਮਾਰੀਆਂ ਦੀ ਗਿਣਤੀ ਸਭ ਤੋਂ ਵੱਧ ਹੈ ਤੇ ਸੜਕ 'ਤੇ ਹੋਣ ਵਾਲੇ ਹਾਦਸੇ, ਮੌਤਾਂ ਅਤੇ ਜ਼ਖ਼ਮੀਆਂ ਦੀ ਸੂਚੀ ਵਿਚ ਵੀ ਇਹ ਉਮਰ ਮੋਹਰੀ ਹੈ। ਕੀ ਇਹ ਸਾਰੇ ਵਰਤਾਰੇ ਨਸ਼ੇ, ਖ਼ੁਦਕੁਸ਼ੀਆਂ, ਸੜਕ ਹਾਦਸੇ ਅਤੇ ਏਡਜ਼ ਆਦਿ ਕਿਸੇ ਸਾਂਝੇ ਸੂਤਰ 'ਚ ਬੰਨ੍ਹੇ ਹੋਏ ਹਨ। ਇਕ ਪਾਸੇ ਇਹ ਸਾਰੇ ਹੀ ਉਮਰ ਦੇ ਜੋਸ਼ ਨਾਲ ਜੁੜੇ ਪ੍ਰਗਟਾਵੇ ਹਨ। ਇਸ ਉਮਰ ਦਾ ਜੋਸ਼ੀਲਾ ਵਰਤਾਰਾ ਨੌਜਵਾਨਾਂ ਨੂੰ ਇਨ੍ਹਾਂ ਦਿਸ਼ਾਵਾਂ ਵੱਲ ਲੈ ਜਾਂਦਾ ਹੈ। ਵੱਖ ਵੱਖ ਹੁੰਦਿਆਂ ਵੀ ਇਨ੍ਹਾਂ ਦਾ ਇਕ ਸੂਤਰ ਹੈ ਜੋ ਇਸ ਉਮਰ ਦਾ ਜੋਸ਼ ਪਛਾਣਨ ਦੀ ਮੰਗ ਕਰਦਾ ਹੈ। ਹੁਣ ਇਹ ਨਿਰਭਰ ਕਰਦਾ ਹੈ ਕਿ ਉਸ ਨੂੰ ਦਿਸ਼ਾ ਦਿਖਾਉਣ ਵਾਲਾ ਕੌਣ ਹੈ। ਉਹ ਨੌਜਵਾਨ ਦੀ ਉਂਗਲ ਫੜ ਕੇ ਕਿੱਧਰ ਲੈ ਜਾਣ ਵਾਲਾ ਹੈ।

ਨਸ਼ੇ ਦੀ ਵਰਤੋਂ ਸਬੰਧੀ ਕਈ ਕਾਰਨਾਂ ਵਿਚੋਂ ਅਹਿਮ ਹੈ: ਬੇਚੈਨੀ, ਪਰੇਸ਼ਾਨੀ, ਨਿਰਾਸ਼ਾ ਅਤੇ ਮੁੱਖ ਤੌਰ 'ਤੇ ਇਹੀ ਪੱਖ ਖ਼ੁਦਕੁਸ਼ੀ ਦੇ ਰਾਹ ਪਾਉਂਦੇ ਹਨ। ਫਿਰ ਸਵਾਲ ਉੱਠਦਾ ਹੈ ਕਿ ਜੋਸ਼ੀਲਾ ਵਿਅਕਤੀ, ਕੁਝ ਕਰ ਕੇ ਦਿਖਾਉਣਾ ਚਾਹੁਣ ਵਾਲਾ ਪਰੇਸ਼ਾਨ ਕਿਉਂ ਹੈ? ਉਹ ਨਿਰਾਸ਼-ਉਦਾਸ ਕਿਸ ਗੱਲ ਤੋਂ ਹੈ? ਸਰੀਰ-ਮਨੋਵਿਗਿਆਨ ਦੇ ਮਾਹਿਰ ਦੱਸਦੇ ਹਨ ਕਿ ਇਸ ਉਮਰ ਦੀ ਇਕ ਖਾਸੀਅਤ ਹੈ ਬੌਧਿਕ ਵਿਕਾਸ। ਬੌਧਿਕ ਵਿਕਾਸ ਦਾ ਮੁੱਖ ਲੱਛਣ ਹੈ, ਵਿਅਕਤੀ ਦਾ ਵਿਸ਼ਲੇਸ਼ਣੀ ਹੋਣਾ। ਉਹ ਹਰ ਵਾਪਰਦੇ ਵਰਤਾਰੇ ਦੀ ਤਹਿ ਤਕ ਜਾਣ ਦਾ ਇਛੁੱਕ ਹੁੰਦਾ ਹੈ। ਇਹ ਕਿਉਂ ਹੋਇਆ? ਕੀ ਇਹ ਇਸ ਤਰ੍ਹਾਂ ਨਹੀਂ ਸੀ ਹੋਣਾ ਚਾਹੀਦਾ? ਸਵਾਲ ਖੜ੍ਹੇ ਕਰਨੇ ਤੇ ਉਨ੍ਹਾਂ ਦੇ ਜਵਾਬ ਲੱਭਣੇ। ਚਲਦੇ ਆ ਰਹੇ ਵਰਤਾਰੇ, ਰੀਤ-ਰਿਵਾਜ, ਰਵਾਇਤਾਂ ਤੋਂ ਖਿੱਝ ਆਉਣੀ ਅਤੇ

ਬਾਕੀ ਸਫ਼ਾ 7 'ਤੇ

> ਨਵੀਂ ਸੋਚ ਤਹਿਤ, ਆਪਣੇ ਸੰਵਾਦੀ ਹੁਨਰ ਨਾਲ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੀ ਸੋਚ ਦੀ ਤਾਰੀਫ਼ ਹੋਵੇ, ਉਹ ਸਲਾਹੀ ਜਾਵੇ। ਵੈਸੇ ਤਾਰੀਫ਼ ਇਕ ਹੋਰ ਪਹਿਲੂ ਹੈ ਜੋ ਉਮਰ ਦੇ ਹਰ ਪੜਾਅ 'ਤੇ ਮਨੁੱਖ ਨੂੰ ਗਤੀਸ਼ੀਲ ਰੱਖਦਾ ਹੈ। ਉਹ ਤਾਰੀਫ਼ ਦੇ ਨਾਲ-ਨਾਲ ਹਕੀਕੀ ਤੌਰ 'ਤੇ ਆਪਣੀ ਸੋਚ ਨੂੰ ਤਜਰਬੇ ਵਿਚ ਢਾਲਣ ਦੀ ਪ੍ਰਵਾਨਗੀ ਵੀ ਚਾਹੁੰਦਾ ਹੈ।ਨਵੀਂ ਸੋਚ ਅਤੇ ਤਜਰਬੇ ਕਰਨਾ ਨੌਜਵਾਨਾਂ ਦੇ ਕੁਦਰਤੀ ਵਿਕਾਸ ਦਾ ਹਿੱਸਾ ਹੈ। ਕੀ ਸਮਾਜ ਵਿਚ ਜ਼ਿੰਮੇਵਾਰ ਨਾਗਰਿਕ ਹੋਣ ਨਾਤੇ ਅਸੀਂ ਨੌਜਵਾਨਾਂ ਦੀ ਉਮਰ ਨਾਲ ਜੁੜੇ ਪਹਿਲੂਆਂ ਪ੍ਰਤੀ ਹਿੱਸੇਦਾਰ ਬਣ ਰਹੇ ਹਾਂ?



ਹਰਪ੍ਰੀਤ ਸਿੰਘ ਸਵੈਚ

# ਮਿਜ਼ੋ ਲੋਕਾਂ ਦੀ ਧਰਤੀ ਮਿਜ਼ੋਰਮ

ਆਪਣੇ ਕੁਝ ਅਜ਼ੀਜ਼ ਮਿੱਤਰਾਂ ਨਾਲ ਆਪਣੀ ਮਿੱਟੀ ਤੇ ਵਿਰਾਸਤ ਨਾਲ ਪੰਜਾਬੀਆਂ ਵਾਂਗ ਜੁੜੇ ਮਿਜ਼ੋ ਲੋਕਾਂ ਦੀ ਧਰਤੀ ਮਿਜ਼ੋਰਮ ਦੇ ਸਫ਼ਰ ਦਾ ਸਬੱਬ ਬਣਿਆ। ਇੱਥੋਂ ਦੀ ਸਥਾਨਕ ਭਾਸ਼ਾ ਮਿਜ਼ੋ ਵਿਚ ਮਿਜ਼ੋਰਮ ਦਾ ਅਰਥ ਪਹਾੜਾਂ 'ਤੇ ਰਹਿਣ ਵਾਲੇ ਲੋਕਾਂ ਦੀ ਧਰਤੀ ਹੈ। ਮਿਜ਼ੋ ਭਾਸ਼ਾ ਦੀ ਇਕ ਬੜੀ ਦਿਲਚਸਪ ਗੱਲ ਇਹ ਹੈ ਕਿ ਇਸ ਭਾਸ਼ਾ ਦੀ ਆਪਣੀ ਕੋਈ ਲਿਪੀ ਨਹੀਂ। ਇਸ ਨੂੰ ਲਿਖਣ ਲਈ ਅੰਗਰੇਜ਼ੀ ਭਾਸ਼ਾ ਦੀ ਰੋਮਨ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ ਤੇ ਪੰਜਾਬੀ ਭਾਸ਼ਾ ਵਾਂਗ ਮਿਜ਼ੋ ਭਾਸ਼ਾ ਦੀ ਵਿਰਾਸਤ ਨੂੰ ਲਿਖਤੀ ਰੂਪ ਵਿਚ ਸਾਂਭਣ ਲਈ ਅੰਗਰੇਜ਼ਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਮਿਜ਼ੋ ਲੋਕਾਂ ਦਾ ਇਤਿਹਾਸ ਮੰਗੋਲੀਅਨ ਲੋਕਾਂ ਨਾਲ ਜੁੜਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਚੀਨ ਦੀ ਦੀਵਾਰ ਬਣਾਉਣ ਵਾਲੇ ਕਝ ਮੰਗੋਲ ਗ਼ੁਲਾਮ ਉੱਥੋਂ ਭੱਜ ਕੇ ਇਸ ਖੇਤਰ ਵਿਚ ਆ ਵਸੇ ਜੋ ਬਾਅਦ ਵਿਚ ਮਿਜ਼ੋ ਅਖਵਾਏ।ਇਸ ਖਿੱਤੇ ਵਿਚ ਇਸਾਈ ਮਿਸ਼ਨਰੀਆਂ ਦਾ ਪ੍ਰਭਾਵ ਜ਼ਿਆਦਾ ਹੋਣ ਕਰਕੇ ਬਹੁਤੀ ਆਬਾਦੀ ਇਸਾਈ ਧਰਮ ਨਾਲ ਸਬੰਧਿਤ ਹੈ, ਪਰ ਹਿੰਦੂ ਅਤੇ ਬੁੱਧ ਧਰਮ ਨੂੰ ਮੰਨਣ ਵਾਲੇ ਵੀ ਥੋੜ੍ਹੇ ਬਹੁਤ ਲੋਕ ਇੱਥੇ ਰਹਿੰਦੇ ਹਨ। ਸਿੱਖਾਂ ਦੇ ਵਿਰਲੇ-ਟਾਵੇਂ ਪਰਿਵਾਰ ਹੀ ਇੱਥੇ ਰਹਿੰਦੇ ਹਨ, ਪਰ ਉਨ੍ਹਾਂ ਦਾ ਸਮਾਜ 'ਤੇ ਪੂਰਾ ਦਬਦਬਾ ਹੈ। ਮਿਜ਼ੋਰਮ ਦੀ ਰਾਜਧਾਨੀ ਆਈਜ਼ੌਲ ਵਿਚ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਬੰਧਿਤ ਨੌਜੁਆਨ ਥਾਣੇਦਾਰ ਧਿਆਨ ਸਿੰਘ ਸਮਾਜ ਸੇਵਾ ਨੂੰ ਸਮਰਪਿਤ ਹੈ। ਇਸੇ ਤਰ੍ਹਾਂ ਬਜ਼ੁਰਗ ਕਾਰੋਬਾਰੀ ਤੇਜ ਸਿੰਘ ਦਾ ਇੱਥੋਂ ਦੇ ਸਮਾਜ ਵਿਚ ਵੱਡਾ ਨਾਮ ਹੈ। ਆਈਜ਼ੌਲ ਵਿਚ ਉਨ੍ਹਾਂ ਦੇ ਨਾਮ 'ਤੇ ਚਾਰ ਸਰਕਾਰੀ ਸਕੂਲ ਵੀ ਚੱਲ ਰਹੇ ਹਨ। ਉਹ ਇੱਥੇ ਸਾਰੇ ਧਾਰਮਿਕ ਅਸਥਾਨਾਂ ਦੇ ਵਿਕਾਸ ਕਾਰਜਾਂ ਵਿਚ ਆਪਣਾ ਯੋਗਦਾਨ ਪਾਉਂਦੇ ਰਹਿੰਦੇ ਹਨ।

ਦੇਸ਼ ਦੇ ਦੂਜੇ ਸਭ ਤੋਂ ਵੱਧ ਪੜ੍ਹੇ-ਲਿਖੇ ਰਾਜ ਦਾ ਦਰਜਾ ਪ੍ਰਾਪਤ ਮਿਜ਼ੋਰਮ ਵਿਚ ਵਿਧਾਨ ਸਭਾ ਦੇ ਕੁੱਲ 40 ਮੈਂਬਰ ਹਨ। ਇਸ ਰਾਜ ਨੂੰ ਸੰਸਦ ਦੇ ਦੋਵੇਂ ਸਦਨਾਂ (ਲੋਕ ਸਭਾ ਤੇ ਰਾਜ ਸਭਾ) ਵਿਚ ਇਕ-ਇਕ ਮੈਂਬਰ ਦੀ ਨੁਮਾਇੰਦਗੀ ਹਾਸਲ ਹੈ।

ਪੰਜਾਬ ਵਾਂਗ ਇੱਥੋਂ ਦੀ ਆਰਥਿਕਤਾ ਵੀ ਖੇਤੀਬਾੜੀ 'ਤੇ ਆਧਾਰਿਤ ਹੈ। ਮਿਜ਼ੋ ਲੋਕਾਂ ਦਾ ਖ਼ੂਨ ਇਨਕਲਾਬੀ ਹੈ ਤੇ ਇਨ੍ਹਾਂ ਨੇ ਆਪਣੇ ਵੱਖਰੇ ਰਾਜ ਲਈ ਇਕ ਵੱਡਾ ਸੰਘਰਸ਼ ਲੜਿਆ ਹੈ। ਦੇਸ਼ ਵਿਚ ਪਹਿਲੀ ਵਾਰ ਕਿਸੇ ਅੰਦਰੂਨੀ ਅੰਦੋਲਨ ਨੂੰ ਦਬਾਉਣ ਲਈ ਹਵਾਈ ਫ਼ੌਜ ਦੀ ਵਰਤੋਂ ਕੀਤੇ ਜਾਣ ਦਾ ਇਤਿਹਾਸ ਵੀ ਇਸ ਖਿੱਤੇ ਨਾਲ ਜੁੜਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਐਮਐੱਨਐਫ (ਮਿਜ਼ੋ ਨੈਸ਼ਨਲ ਫਰੰਟ) ਦੇ ਮਿਜ਼ੋ ਨੇਤਾ ਜ਼ੋਰਮਥੰਗਾ ਨੇ ਇਸ ਸੰਘਰਸ਼ ਦੀ ਅਗਵਾਈ ਕੀਤੀ ਸੀ, ਅੱਜ ਉਹੀ ਇਨਕਲਾਬੀ ਨੇਤਾ ਸੂਬੇ ਦਾ ਮੁੱਖ ਮੰਤਰੀ ਹੈ।

ਲਗਭਗ 20 ਲੱਖ ਦੀ ਆਬਾਦੀ ਵਾਲੇ ਤੇ ਕਸ਼ਮੀਰ ਵਾਂਗ ਧਰਤੀ ਦਾ ਸਵਰਗ ਕਹੇ ਜਾਣ ਵਾਲੇ ਇਸ ਰਾਜ ਵਿਚ ਆਉਣ ਲਈ ਸੈਲਾਨੀਆਂ ਨੂੰ ਇਨਰ ਲਾਈਨ ਪਰਮਿਟ ਲੈਣਾ ਜ਼ਰੂਰੀ ਹੁੰਦਾ ਹੈ। ਇਹ ਪਰਮਿਟ ਯਾਤਰਾ ਤੋਂ ਪਹਿਲਾਂ ਔਨਲਾਈਨ ਅਪਲਾਈ ਕਰਕੇ ਲਿਆ ਜਾ ਸਕਦਾ ਹੈ ਜਾਂ ਫਿਰ ਉੱਥੇ ਪਹੁੰਚ ਕੇ ਏਅਰਪੋਰਟ ਤੋਂ ਵੀ ਬਣਦੀ ਕੀਮਤ ਅਦਾ ਕਰਕੇ ਹਾਸਲ ਕੀਤਾ ਜਾ ਸਕਦਾ ਹੈ। ਇਸ ਰਾਜ ਵਿਚ ਪਟਾਕੇ ਤੇ ਆਤਿਸ਼ਬਾਜ਼ੀ ਚਲਾਉਣ 'ਤੇ ਪੂਰਨ ਪਾਬੰਦੀ ਹੈ। ਇਸ ਰਾਜ ਵਿਚ ਸ਼ਰਾਬਬੰਦੀ ਵੀ ਲਾਗੂ ਹੈ ਹਾਲਾਂਕਿ ਸ਼ਰਾਬ ਦੂਸਰੇ ਗੁਆਂਢੀ ਰਾਜਾਂ ਤੋਂ ਇੱਥੇ ਪਹੁੰਚ ਹੀ ਜਾਂਦੀ ਹੈ। ਇਸੇ ਤਰ੍ਹਾਂ ਮਿਆਂਮਾਰ (ਬਰਮਾ) ਨਾਲ ਸਰਹੱਦ ਸਾਂਝੀ ਹੋਣ ਕਰਕੇ ਉੱਥੋਂ ਨਸ਼ਾ ਵੀ ਵੱਡੀ ਮਾਤਰਾ ਵਿਚ ਇੱਥੇ ਗੈਰਕਾਨੂੰਨੀ ਤਰੀਕੇ ਨਾਲ ਸਪਲਾਈ ਕੀਤਾ ਜਾਂਦਾ ਹੈ ਜਿਸ ਕਾਰਨ ਇੱਥੋਂ ਦੇ ਨੌਜਵਾਨਾਂ 'ਚ ਨਸ਼ੇ ਦੀ ਸਮੱਸਿਆ ਵੱਡੇ ਪੱਧਰ 'ਤੇ ਫੈਲ ਰਹੀ ਹੈ। ਇੱਥੋਂ ਦੇ ਜ਼ਿਆਦਾਤਰ ਲੋਕ ਸਿਗਰਟ ਪੀਣ ਦੇ ਆਦੀ ਹਨ। ਸਰਕਾਰੀ ਤੌਰ 'ਤੇ ਸਿਗਰਟ ਪੀਣ ਦੀ ਮਨਾਹੀ ਦੇ ਬਾਵਜੂਦ ਲੋਕ ਜਨਤਕ ਥਾਵਾਂ 'ਤੇ ਸ਼ਰ੍ਹੇਆਮ ਸਿਗਰਟਾਂ ਫੂਕਦੇ ਦੇਖੇ ਜਾ ਸਕਦੇ ਹਨ।

ਇੱਥੇ ਖਾਣਾ ਬਣਾਉਣ ਤੋਂ ਲੈ ਕੇ ਘਰ ਬਣਾਉਣ ਤੱਕ ਲਗਭਗ ਹਰ ਚੀਜ਼ ਵਿਚ ਬਾਂਸ ਦੀ ਵਰਤੋਂ ਕੀਤੀ ਜਾਂਦੀ ਹੈ। ਪੰਜਾਬ ਦੇ ਭੰਗੜੇ ਵਾਂਗ ਬਾਂਸ ਨ੍ਰਿਤ ਇੱਥੋਂ ਦਾ ਪ੍ਰਸਿੱਧ ਲੋਕ ਨਾਚ ਹੈ। ਮਿਜ਼ੋ ਲੋਕ ਫੁਟਬਾਲ ਖੇਡ ਦੇ ਦੀਵਾਨੇ ਹਨ।

ਇੱਥੋਂ ਦੀ ਇਕ ਰੌਚਕ ਗੱਲ ਇਹ ਹੈ ਕਿ ਇੱਥੇ ਸਬਜ਼ੀ ਤੇ ਫਲਾਂ ਦੀਆਂ ਦੁਕਾਨਾਂ ਬਿਨਾਂ ਦੁਕਾਨਦਾਰਾਂ ਤੋਂ ਚੱਲਦੀਆਂ ਹਨ। ਇੱਥੇ ਕੀਮਤ ਦਰਸਾ ਕੇ ਸਬਜ਼ੀਆਂ ਤੇ ਫਲ ਲਿਫ਼ਾਫ਼ਿਆਂ ਵਿਚ ਬੰਨ੍ਹ ਕੇ ਰੱਖ ਦਿੱਤੇ ਜਾਂਦੇ ਹਨ ਤੇ ਲੋਕ ਲਿਫ਼ਾਫ਼ਾ ਚੁੱਕ ਕੇ ਬਣਦੀ ਕੀਮਤ ਕੋਲ ਪਏ ਡੱਬੇ ਵਿਚ ਪਾ ਦਿੰਦੇ ਹਨ। ਅਜੋਕੇ ਸਮੇਂ ਵਿਚ ਅਜਿਹੀ ਇਮਾਨਦਾਰੀ ਸਾਡੇ ਲਈ ਇਕ ਵੱਡੀ ਮਿਸਾਲ ਹੈ।

ਇੱਥੋਂ ਦੀ ਰਾਜਧਾਨੀ ਆਈਜ਼ੌਲ ਵਿਚ ਕੇ.ਵੀ. ਪੈਰਾਡਾਈਜ਼ ਨਾਂ ਦੀ ਇਕ ਬੜੀ ਆਕਰਸ਼ਕ ਇਮਾਰਤ ਹੈ ਜੋ ਇਕ ਮੁਹੱਬਤੀ ਇਨਸਾਨ ਨੇ ਆਪਣੀ ਪਤਨੀ ਦੀ ਯਾਦ 'ਚ ਸਾਲ 2006 ਵਿਚ ਉਸਰਵਾਈ ਸੀ। ਸਾਲ 2001 'ਚ ਇਕ ਸੜਕ ਦੁਰਘਟਨਾ 'ਚ ਫੌਤ ਹੋਈ ਰੋਸੰਗਪੁਈ ਵਰਤੇ ਨਾਂ ਦੀ ਔਰਤ ਦੀ ਯਾਦ ਵਿਚ ਉਸ ਦੇ ਪਤੀ ਖਾਲਹਰਿੰਗ ਵਰਤੇ ਨੇ ਇਸ ਦੀ ਉਸਾਰੀ ਕਰਵਾਈ ਸੀ। ਮਿਜ਼ੋਰਮ ਦਾ ਤਾਜ ਮਹੱਲ ਕਹੀ ਜਾਂਦੀ ਇਸ ਦੋ ਮੰਜ਼ਿਲਾ ਇਮਾਰਤ ਦੀ ਹੇਠਲੀ ਮੰਜ਼ਿਲ ਵਿਚ ਰੋਸੰਗਪੁਈ ਵਰਤੇ ਦੀ ਇਕ ਵੱਡੀ ਤਸਵੀਰ ਲਗਾਈ ਹੋਈ ਹੈ ਅਤੇ ਉਪਰਲੀ ਮੰਜ਼ਿਲ 'ਤੇ ਉਸ ਦੀਆਂ ਨਿੱਜੀ ਵਰਤੋਂ ਦੀਆਂ ਕੁਝ ਚੀਜ਼ਾਂ ਨੂੰ ਸ਼ੀਸ਼ਿਆਂ ਵਿਚ ਸਾਂਭ ਕੇ ਰੱਖਿਆ ਹੋਇਆ ਹੈ। ਅੱਜ ਦੇ ਸਮੇਂ ਵਿਚ ਮੁਹੱਬਤ ਦੀ ਅਜਿਹੀ ਅਨੋਖੀ ਮਿਸਾਲ ਲੱਭਣੀ ਬਹੁਤ ਮੁਸ਼ਕਿਲ ਹੈ।

ਆਈਜ਼ੌਲ ਵਿਖੇ ਇਕਲੌਤਾ ਪੁਸ਼ਪਕ ਗੁਰਦੁਆਰਾ ਸਾਹਿਬ ਵੀ ਸਥਾਪਿਤ ਹੈ ਜਿਸ ਦਾ ਨਿਰਮਾਣ 1972 'ਚ ਸਿੱਖ ਰੈਜੀਮੈਂਟ ਦੇ ਇਕ ਸਿੱਖ ਬ੍ਰਿਗੇਡੀਅਰ ਨੇ ਕਰਵਾਇਆ ਸੀ। ਇਸ ਗੁਰਦੁਆਰਾ ਸਾਹਿਬ ਵਿਚ ਹਰ ਐਤਵਾਰ ਲੰਗਰ ਲਗਾਇਆ ਜਾਂਦਾ ਹੈ ਅਤੇ ਲਗਭਗ 200-300 ਦੇ ਕਰੀਬ ਸੰਗਤ ਇੱਥੇ ਲੰਗਰ ਛਕਦੀ ਹੈ ਜਿਸ ਵਿਚ ਹਰ ਧਰਮ ਦੇ ਲੋਕ ਸ਼ਾਮਲ ਹੁੰਦੇ ਹਨ।ਇੱਥੇ ਸਰਕਾਰ ਦੇ ਬਰਾਬਰ ਚਰਚ ਦੇ ਪਾਦਰੀਆਂ ਅਤੇ ਮਿਜ਼ੋ ਨੌਜਵਾਨਾਂ ਦੀ ਸੰਸਥਾ ਵਾਈ. ਐਮ.ਏ. ਦਾ ਹੁਕਮ ਚੱਲਦਾ ਹੈ। ਇਹ ਦੋਵੇਂ ਸੰਸਥਾਵਾਂ ਚੋਣਾਂ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ। ਸ਼ਰਾਰਤੀ ਅਨਸਰਾਂ ਵਿਚ ਪੁਲੀਸ ਨਾਲੋਂ ਵਾਈ. ਐਮ.ਏ. ਦਾ ਜ਼ਿਆਦਾ ਖ਼ੌਫ਼ ਹੈ।

ਛੋਟੀਆਂ ਸੜਕਾਂ ਤੇ ਭੀੜੀਆਂ ਗਲੀਆਂ ਦੇ ਬਾਵਜੂਦ ਇੱਥੋਂ ਦੇ ਲੋਕ ਬੜੇ ਸਬਰ ਤੇ ਸੰਤੋਖ ਨਾਲ ਗੱਡੀ ਚਲਾਉਂਦੇ ਹਨ। ਇੱਥੇ ਜਾਮ ਦੀ ਸਥਿਤੀ ਵਿਚ ਵੀ ਕੋਈ ਹਾਰਨ ਨਹੀਂ ਮਾਰਦਾ। ਪੰਜਾਬ ਦੇ ਪੁਰਾਣੇ ਪਿੰਡਾਂ ਵਾਂਗ ਇੱਥੇ ਲੋਕ ਸ਼ਾਮ 6-7 ਵਜੇ ਤੱਕ ਬਾਜ਼ਾਰ ਬੰਦ ਕਰਕੇ ਘਰਾਂ 'ਚ ਆਪਣੇ ਬਿਸਤਰਿਆਂ 'ਤੇ ਹੁੰਦੇ ਹਨ। ਇੱਥੋਂ ਦੇ ਲੋਕਾਂ ਦਾ ਜੀਵਨ ਬਹੁਤ ਸਰਲ ਤੇ ਸਾਦਾ ਹੈ। ਇਹ ਲੋਕ ਫੋਕੀ ਫੂੰ ਫਾਂ ਤੋਂ ਕੋਹਾਂ ਦੂਰ ਹਨ। ਪਾਣੀ ਦੀ ਵਰਤੋਂ ਕਰਨਾ ਕੋਈ ਮਿਜ਼ੋ ਲੋਕਾਂ ਤੋਂ ਸਿੱਖੇ। ਇੱਥੇ ਹਫ਼ਤੇ 'ਚ ਦੋ ਜਾਂ ਤਿੰਨ ਵਾਰ ਘੰਟੇ-ਦੋ ਘੰਟੇ ਲਈ ਪਾਣੀ ਆਉਂਦਾ ਹੈ ਜਿਸ ਨੂੰ ਸਟੋਰ ਕਰਕੇ ਇਹ ਲੋਕ ਬੜੇ ਆਰਾਮ ਨਾਲ ਆਪਣਾ ਗੁਜ਼ਾਰਾ ਕਰਦੇ ਹਨ।

ਇਹ ਰਾਜ ਬੜੀ ਸੋਹਣੀ ਆਬੋ ਹਵਾ ਤੇ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਹੈ। ਕੁੱਲਾ ਮਿਲਾ ਕੇ ਜੇਕਰ ਤੁਸੀਂ ਮਿਜ਼ੋਰਮ ਦੇ ਸਫ਼ਰ 'ਤੇ ਜਾਣਾ ਚਾਹੋ ਤਾਂ ਤੁਹਾਡਾ ਸਫ਼ਰ ਵਾਕਈ ਲਾਜਵਾਬ ਤੇ ਸ਼ਾਨਦਾਰ ਰਹੇਗਾ।

ਸੰਪਰਕ: 98782-24000



# ਮੇਰੇ ਪੇਕਿਆਂ ਦੇ ਪਿੰਡ ਤੀਆਂ ਜੋਰ ਲੱਗੀਆਂ



ਪ੍ਰੇਮਲਤਾ
ਪ੍ਰਿੰਸੀਪਲ
98143-41746

ਸਾਉਣ ਮਹੀਨਾ ਵਰਖਾ ਰੁੱਤ ਦੇ ਆਗਮਨ ਦਾ ਸੂਚਕ ਹੈ, ਜੋ ਸਾਰੇ ਦੇਸ਼ ਦੀ ਜਿੰਦ ਜਾਨ ਹੈ। ਜਦੋਂ ਅਸੀਂ ਕਿਸੇ ਮਹੀਨੇ ਨੂੰ ਦੇਸੀ ਨਾਮ ਨਾਲ ਪੁਕਾਰਦੇ ਹਾਂ, ਤਾਂ ਉਸੇ ਵੇਲੇ ਸਾਡੇ ਸਾਹਮਣੇ ਸਮੁੱਚਾ ਵਾਤਾਵਰਣ ਅਤੇ ਉਸ ਨਾਲ਼ ਜੁੜਿਆ ਸੱਭਿਆਚਾਰ ਮਨ ਵਿੱਚ ਗੋਤੇ ਲਾਉਣ ਲੱਗ ਜਾਂਦਾ ਹੈ। ਰੁੱਤਾਂ ਨਾਲ਼ ਜੁੜਿਆ ਸੱਭਿਆਚਾਰ ਕੋਈ ਇੱਕ ਮਨੁੱਖ ਦੀ ਕਾਢ ਨਹੀਂ ਹੈ, ਸਗੋਂ ਇਹ ਤਾਂ ਹਜਾਰਾਂ ਸਾਲਾਂ ਤੋਂ ਪ੍ਰਕ੍ਰਿਤੀ ਨਾਲ਼ ਸਮਾਜ ਦੀ ਸਾਂਝ ਅਤੇ ਮਨੁੱਖੀ ਮਨਾਂ ਅੰਦਰ ਚਾਵਾਂ ਨਾਲ਼ ਤ੍ਰਿਪਤੀ ਅਤੇ ਲੋੜਾਂ ਦੀ ਪੂਰਤੀ ਵਿੱਚੋਂ ਜਨਮਿਆ ਹੁੰਦਾ ਹੈ।

ਕਿਸੇ ਵੀ ਇਲਾਕੇ ਜਾਂ ਦੇਸ਼ ਦੀ ਪਹਿਚਾਣ ਉਸਦਾ ਸੱਭਿਆਚਾਰ ਹੁੰਦਾ ਹੈ। ਸੱਭਿਆਚਾਰ ਹੀ ਉਸ ਸਮਾਜ ਵਿੱਚ ਸਦੈਵੀ ਸਥਿਰਤਾ ਅਤੇ ਸ਼ਾਂਤੀ ਦਾ ਆਧਾਰ ਹੁੰਦਾ ਹੈ। ਜਿਹੜੇ ਸਮਾਜ ਆਪਣਾ ਕੁਦਰਤੀ ਸੱਭਿਆਚਾਰ ਖਤਮ ਕਰ ਲੈਂਦੇ ਹਨ, ਉਹ ਸਮਾਜ ਆਪਣੇ ਦੇਸ਼ਾਂ ਵਿਚਲੀ ਸ਼ਾਂਤੀ ਅਤੇ ਵਿਸ਼ਵ ਸ਼ਾਂਤੀ ਲਈ ਵੀ ਖ਼ਤਰਾ ਬਣ ਜਾਂਦੇ ਹਨ। ਸੱਭਿਆਚਾਰ ਸਦਾ ਸਮਾਜਿਕ ਅਤੇ ਵਿਗਿਆਨਿਕ ਸੋਚ ਨਾਲ਼ ਓਤ-ਪ੍ਰੋਤ ਹੁੰਦਾ ਹੈ। ਇਹ ਸਦਾ ਲੋਕ ਪੱਖੀ ਅਤੇ ਸਮਾਜਿਕ ਏਕਤਾ ਦਾ ਸੂਤਰਧਾਰ ਹੁੰਦਾ ਹੈ।

ਸਾਉਣ ਦਾ ਮਹੀਨਾ, ਉਤਪਾਦਨ ਦੀ ਧਰਾਤਲ ਹੈ, ਧਰਤੀ ਉਪਰਲੀਆਂ ਅਤੇ ਹੇਠਲੀਆਂ ਨਦੀਆਂ, ਸਾਉਣ ਦੇ ਮਹੀਨੇ ਦੀ ਵਰਖਾ ਕਾਰਨ ਹੀ ਵਗਦੀਆਂ ਹਨ। ਦੇ ਸ਼ ਵਿੱਚ ਸਾਰੇ ਸਾਲ ਲਈ, ਸੰਚਾਈ ਅਤੇ ਪੀਣ ਲਈ ਪਾਣੀ ਦੇ ਸੋਮੇ, ਸਾਉਣ ਦੀ ਵਰਖਾ ਤੇ ਹੀ ਨਿਰਭਰ ਹਨ। ਬਿਜਲੀ ਉਤਪਾਦਨ ਦੇ ਸਾਰੇ ਡੈਮ ਵੀ ਸਾਉਣ ਦੀ ਵਰਖਾ ਨਾਲ ਹੀ ਚੱਲਦੇ ਹਨ।

ਪਾਣੀ, ਜੀਵਨ ਲਈ ਇੱਕ ਜਰੂਰੀ ਤੱਤ ਹੈ, ਧਰਤੀ ਦੇ ਸਾਰੇ ਜੀਵ ਅਤੇ ਹਰਿਆਵਲ ਪਾਣੀ ਦੇ ਸਿਰ ਤੇ ਹੀ ਜਿਉਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ:-

ਪਹਿਲਾਂ ਪਾਣੀ ਜੀਉ ਹੈ, ਜਿਤੁ ਹਰਿਆ ਸਭੁ ਕੋਇ।।

ਸਾਉਣ ਤੋਂ ਪਹਿਲਾਂ ਹਾੜ ਦਾ ਮਹੀਨਾ ਪੂਰਾ ਤਪਦਾ ਹੈ। ਜਦੋਂ ਹਾੜ੍ਹ ਦਾ ਮਹੀਨਾ ਅੱਧਾ ਲੰਘ ਜਾਂਦਾ ਹੈ ਤਾਂ ਵਰਖਾ ਆਉਣ ਦੀ ਆਸ ਵੱਝ ਜਾਂਦੀ ਹੈ, ਗਲੀਆਂ ਵਿੱਚ ਇਕੱਠੇ ਹੋਏ ਬੱਚੇ ਅੰਤਰ ਆਤਮਾ ਵਿੱਚੋਂ ਨਿਕਲਿਆ ਗੀਤ ਗਾਉਂਦੇ ਹਨ :-

ਕਾਲੀਆਂ ਇੱਟਾਂ ਕਾਲੇ ਰੋੜ,
ਮੀਂਹ ਵਰਸਾ ਦੇ ਜੋਰੋ-ਜੋਰ,
ਰੱਬਾ-ਰੱਬਾ ਮੀਂਹ ਵਰਸਾ,
ਸਾਡੀ ਕੋਠੀ ਦਾਣੇ ਪਾ।

ਵਣਾਂ ਦਾ ਹੋਣਾ : ਵਰਖਾ ਕਾਰਨ ਹੀ ਧਰਤੀ ਦੇ ਉੱਪਰ ਵਣ ਹੋਏ ਹਨ। ਵਣ ਧਰਤੀ ਮਾਤਾ ਦੇ ਗਹਿਣੇ ਹਨ ਅਤੇ ਇਸਦੀ ਸੁੰਦਰਤਾ ਨੂੰ ਵਧਾਉਂਦੇ ਹਨ, ਜੀਵ ਜੰਤੂਆਂ ਲਈ ਪਨਾਹਗੀਰ ਬਣਦੇ ਹਨ। ਭਾਈ ਗੁਰਦਾਸ ਜੀ ਨੇ ਬਹੁਤ ਹੀ ਸੁੰਦਰ ਲਿਖਿਆ ਹੈ।

ਸਾਵਨ ਵਣ ਹਰਿਆਵਲੇ, ਸੁੱਕੇ ਵੁੱਠੇ ਅੱਕ ਜਵਾਹਾ।

ਸਾਉਣ ਮਹੀਨੇ ਨਾਲ਼ ਮਨੁੱਖ ਦੀ ਸੱਭਿਆਚਾਰਕ ਸਾਂਝ : ਉਂਝ ਤਾਂ ਸਾਰਾ ਭਾਰਤ ਹੀ ਸਾਉਣ ਦੇ ਮਹੀਨੇ ਨਾਲ਼ ਸੱਭਿਆਚਾਰਕ ਤੌਰ ਤੇ ਜੁੜਿਆ ਹੈ, ਪਰ ਇਸ ਮਹੀਨੇ ਨਾਲ਼ ਪੰਜਾਬ ਦੀ ਸਾਂਝ ਕੁਝ ਵੱਖਰੀ ਹੀ ਹੈ।

ਤੀਜ ਦੀਆਂ ਤੀਆਂ : ਦੇਸ਼ ਦੇ ਕੁਝ ਭਾਗਾਂ ਵਿੱਚ ਤੀਆਂ ਨੂੰ ਸ਼ਿਵ ਅਤੇ ਪਾਰਵਤੀ ਦੇ ਮਿਲਣ ਨਾਲ਼ ਜੋੜਿਆ ਜਾਂਦਾ ਹੈ ਅਤੇ ਇਸਨੂੰ "ਹਰਿਆਵਲ ਤੀਆਂ" ਵੀ ਕਹਿੰਦੇ ਹਨ, ਪੰਜਾਬ ਵਿੱਚ ਤੀਜ ਦੀਆਂ ਤੀਆਂ ਪੂਰੀ ਤਰਾਂ ਸੱਭਿਆਚਾਰਕ ਹਨ। ਪੰਜਾਬ ਦੇ ਘਰਾਂ ਵਿੱਚ ਸਾਉਣ ਦਾ ਸਾਰਾ ਮਹੀਨਾ ਹੀ ਉਤਸਵ ਦਾ ਮਹੀਨਾ ਹੁੰਦਾ ਹੈ। ਹਰ ਇੱਕ ਘਰ ਵਿੱਚ ਖੀਰ ਅਤੇ ਪੂੜੇ ਬਣਾਏ ਜਾਂਦੇ ਹਨ। ਪੰਜਾਬ ਵਿੱਚ ਇੱਕ ਬੋਲੀ ਪ੍ਰਚਲਿਤ ਹੈ : ਸਾਵਨ ਖੀਰ ਨਾ ਖਾਧੀਆ ਤਾਂ ਕਿਉਂ ਜੰਮਿਆ ਅਪਰਾਧੀਆ।

ਸਾਉਣ ਮਹੀਨੇ ਦਾ ਦੂਜਾ ਪੰਦਰਵਾੜਾ, ਚਾਨਣੀਆਂ ਰਾਤਾਂ ਵਾਲਾ ਹੁੰਦਾ ਹੈ। ਇਸ ਗੱਲ ਨੂੰ ਦਰਸਾਉਂਦੀ ਇੱਕ ਬੋਲੀ ਹੈ –

ਚੰਦ ਚੜ੍ਹ ਗਿਆ
ਤੀਆਂ ਦੇ ਦਿਨ ਨੇੜੇ,
ਭੇਜੀ ਮਾਏ ਵੱਡੇ ਵੀਰ ਨੂੰ।

ਸਾਉਣ ਦੇ ਇਸ ਚਾਨਣੇ ਪੰਦਰਵਾੜੇ ਦੇ ਤੀਜੇ ਦਿਨ ਤੋਂ ਪੰਜਾਬ ਦੇ ਹਰ ਇੱਕ ਪਿੰਡ ਅਤੇ ਕਸਬੇ ਵਿੱਚ ਤੀਆਂ ਦੇ ਮੇਲੇ ਲੱਗਣੇ ਸ਼ੁਰੂ ਹੋ ਜਾਂਦੇ ਹਨ। ਵਿਆਹੰਦੜ ਭੈਣਾਂ ਲਈ ਉਹਨਾਂ ਦੇ ਵੀਰ ਸੰਧਾਰਾ ਲੈ ਕੇ ਜਾਂਦੇ ਹਨ, ਅਤੇ ਮੁੜਦੇ ਹੋਏ ਭੈਣਾਂ ਆਪਣੇ ਭਰਾਵਾਂ ਨਾਲ਼ ਹੀ ਆਪਣੇ ਆਪਣੇ ਪੇਕੇ ਆ ਜਾਂਦੀਆਂ ਹਨ। ਕਈ ਵਾਰ ਸੱਸ, ਨੂੰਹ ਤੇ ਬੋਲੀ ਮਾਰਦੀ ਹੈ:- ਬਹੁਤੇ ਨੀਂ ਭਰਾਵਾਂ ਵਾਲੀਏ, ਤੈਨੂੰ ਤੀਆਂ ਨੂੰ ਲੈਣ ਨੀ ਆਏ।

ਫੇਰ ਨੂੰਹ ਕਿਹੜਾ ਕਿਸੇ ਤੋਂ ਘੱਟ ਹੁੰਦੀ ਹੈ, ਉਹ ਕਹਿੰਦੀ ਹੈ :-

ਸੱਸੇ ਨੀ ਬੜੇਵੇਂ ਅੱਖੀਏ, ਤੈਥੋਂ ਡਰਦੇ ਲੈਣ ਨਾਂ ਆਏ।

ਕਈ ਵਾਰ ਭੈਣ ਆਪਣੇ ਮਨ ਦੇ ਭਾਵਾਂ ਨੂੰ ਇੰਝ ਵੀ ਪ੍ਰਗਟ ਕਰਦੀ ਹੈ:-

ਕੋਠੇ-ਕੋਠੇ ਆਜਾ ਵੀਰਨਾ, ਸੱਸ ਚੰਦਰੀ ਕੁੰਡਾ ਨਾ ਖੋਲ੍ਹੇ।

ਉਹ ਅੱਗੇ ਕਹਿੰਦੀ ਹੈ:-

ਰੁੱਖੀ ਮਿਸੀ ਖਾਜਾ ਵੀਰਨਾ, ਅੱਡ ਹੋਊਂਗੀ, ਪਾਊਂਗੀ ਘਿਉ ਬੂਰਾ।
ਤੇਰੇ ਬੋਤੇ ਨੂੰ ਗਵਾਰੇ ਦੀਆਂ ਫਲੀਆਂ, ਤੈਨੂੰ ਵੀਰਾ ਦੁੱਧ ਦਾ ਛੰਨਾ।

ਜਦੋਂ ਵਿਆਹੰਦੜਾਂ ਪੇਕੇ ਪਹੁੰਚਦੀਆਂ ਹਨ : ਤਾਂ ਇਕੱਠੀਆਂ ਹੋ ਕੇ ਸ਼ਾਮ ਵੇਲੇ ਤੀਆਂ ਦੇ ਮੇਲੇ ਜਾਂ ਪਿੜ ਵੱਲ ਤੁਰਦੀਆਂ ਬੋਲੀ ਪਾਉਂਦੀਆਂ ਹਨ:-

ਤੀਆਂ ਜੋਰ ਲਗੀਆਂ, ਜੋਰੋ ਜੋਰ ਲੱਗੀਆਂ, ਮੇਰੇ ਪੇਕਿਆਂ ਦੇ ਪਿੰਡ ਤੀਆਂ ਜੋਰ ਲੱਗੀਆਂ।

ਚਿਰਾਂ ਤੋਂ ਵਿਛੜੀਆਂ ਸਹੇਲੀਆਂ ਜਦੋਂ ਸਾਉਣ ਦੇ ਮਹੀਨੇ ਇਕੱਠੀਆਂ ਹੁੰਦੀਆਂ ਹਨ ਤਾਂ ਉਹਨਾਂ ਦਾ ਰੋਮ-ਰੋਮ ਖਿੜ ਉੱਠਦਾ ਹੈ ਅਤੇ ਬੋਲੀ ਪਾਉਂਦੀਆਂ ਹਨ :-

ਬਾਕੀ ਸਫ਼ਾ 7 'ਤੇ



ਕਹਾਣੀ

# ਧਰਮਾਤਮਾ

**ਰਾਮ ਸਰੂਪ ਅਣਖ਼ੀ**



ਗੂੜ੍ਹੇ ਸਿਆਲ ਦੀ ਇਕ ਸਵੇਰ। ਉਹ ਸਾਰਾ ਟੱਬਰ ਚੁਲ੍ਹੇ ਮੂਹਰੇ ਬੈਠਾ ਚਾਹ ਪੀ ਰਿਹਾ ਸੀ। ਮੱਕੀ ਦੇ ਗੁੱਲਾਂ ਦਾ ਰੁੱਗ ਸੁੱਟਦੇ ਤੇ ਜਦੋਂ ਅੱਗ ਦੀ ਲਾਟ ਨਿਕਲਦੀ, ਉਹ ਪੈਰਾਂ ਦੀਆਂ ਅੱਡੀਆਂ ਪਿਛਾਂਹ ਨੂੰ ਖਿਸਕਾਉਂਦੇ। ਲੱਤਾਂ ਤੱਕ ਪਹੁੰਚੇ ਸੇਕ ਨੂੰ ਘੱਟ ਕਰਨ ਲਈ ਸੁਕੜੰਜਾਂ ਪਲੋਸਣ ਲੱਗਦੇ। ਠੱਕ-ਠੱਕ ਦੀ ਮੱਧਮ ਆਵਾਜ਼ ਸੁਣ ਕੇ ਸਭ ਦਾ ਧਿਆਨ ਵਿਹੜੇ ਵੱਲ ਹੋ ਗਿਆ। ਮਾਂ ਨੇ ਮੁੰਡੇ ਨੂੰ ਕਿਹਾ- ‘ਰਾਜੂ, ਦੇਖ ਵੇ ਕੌਣ ਐ?’ ਮੁੰਡਾ ਸਣੇ ਗਲਾਸ ਵਿਹੜੇ ਵਿਚ ਆਇਆ ਤੇ ਫਿਰ ਹੌਲੀ ਦੇ ਕੇ ਬੋਲਿਆ-’ਬੱਗੂ ਬੁੜ੍ਹਾ ਐ।’

ਐਨੇ ਨੂੰ ਉਹ ਦਰਵਾਜ਼ੇ ਦੀ ਦਿਹਲੀਜ਼ ਟੱਪ ਆਇਆ ਸੀ। ਵਿਹੜੇ ਵਿੱਚ ਪੈਰ ਰਖਦੇ ਹੀ ਬੋਲਿਆ- ’ਦੇਵਤਿਆ......’

ਨਰੈਣੇ ਨੇ ਮੂੰਹ ਵਿਚਲੀ ਘੁੱਟ ਸੰਘੋਂ ਥੱਲੇ ਕਰਕੇ ਬਾਕੀ ਬਚਦੀ ਚਾਹ ਦਾ ਗਲਾਸ ਚੁੱਲ੍ਹੇ ਦੇ ਓਟੇ ਕੋਲ ਰੱਖ ਦਿੱਤਾ। ਤੇ ਬੋਲਿਆ, ‘ਆ ਜਾ ਬੱਗਾ ਸਿਆਂ, ਗਾਹਾਂ ਈ ਲੰਘਇਆ। ਆ ਜਾ ਸੇਕ ਲੈ।’

‘ਹਾਂ ਬਈ ਠੰਢ ਤਾਂ ਅੱਜ ਕੜਾਕੇ ਕੱਢੀ ਜਾਂਦੀ ਐ।’ ਬੱਗੂ ਦੀ ਸੋਟੀ- ਵਿਹੜੇ ਦੀ ਪੱਕੀ ਮਿੱਟੀ ਉੱਤੇ ਖੜਕ ਰਹੀ ਸੀ।

ਝਲਾਨੀ ਵਿੱਚੋਂ ਮੁੰਡਾ, ਮੁੰਡੇ ਦੀ ਮਾਂ ਤੇ ਕੁੜੀ ਉੱਠ ਕੇ ਵਰਾਂਡੇ ਵਿਚ ਜਾ ਬੈਠੇ। ਤੇ ਫੇਰ ਮੁੰਡੇ ਨੇ ਖੇਸੀ ਦੀ ਬੁੱਕਲ ਮਾਰੀ ਤੇ ਬਾਹਰ ਨੂੰ ਤੁਰ ਪਿਆ। ਕੁੜੀ ਨੇ ਬਹੁਕਰ ਚੁੱਕ ਲਈ। ਮਾਂ ਰਿੜਕਣੇ ਦੀ ਰੱਸੀ ਖੋਲ੍ਹਣ ਲੱਗੀ।

ਬੱਗੂ ‘ਹਰੇ ਰਾਮ, ਹਰੇ ਰਾਮ’ ਕਰਦਾ ਚੁੱਲ੍ਹੇ ਅੱਗੇ ਪੀੜ੍ਹੀ ਉੱਤੇ ਜਾ ਬੈਠਾ। ਹੱਥ ਸੇਕਣ ਲੱਗਿਆ। ਨਰੈਣੇ ਨੇ ਗੁੱਲਾਂ ਦਾ ਰੁੱਗ ਚੁੱਲ੍ਹੇ ਵਿਚ ਸੁੱਟ ਕੇ ਥੱਲੇ ਪਏ ਪਤੀਲੇ ਦਾ ਢੱਕਣ ਚੁੱਕਿਆ, ਵਿਚ ਚਾਹ ਹੈਗੀ ਸੀ। ਪਤੀਲਾ ਉਹਨੇ ਚੁੱਲ੍ਹੇ ਉੱਤੇ ਧਰ ਦਿੱਤਾ। ਕਹਿੰਦਾ ‘ਚਾਹ ਦਿੰਨਾਂ ਤੈਨੂੰ। ਠਾਰੀ ਤਾਂ ਕੰਜਰ ਦੀ ........।’

‘ਨਾ ਬਈ, ਇਹ ਗੱਲ ਨ੍ਹੀਂ। ਚਾਹ ਜਮਾਂ ਛਕ ਕੇ ਘਰੋਂ ਤੁਰਿਆ ਸੀ ਮੈਂ ਤਾਂ।’

‘ਨਹੀਂ, ਤੱਤੀ ਹੋ ਲੈਣ ਦੇ । ਨਾਲੇ ਮੈਂ ਵੀ ਪੀ ਲੂੰ।’

‘ਤੂੰ ਪੀ ਜੀਅ ਸਦਕੇ। ਮੈਂ ਭਲਾ ਦੇਵਤਿਆ ਥੋਡੇ ਘਰ ਦਾ ਖਾ ਕੇ ਭਾਰ ਚੜ੍ਹੂੰਣੈਂ ਆਵਦੇ ਸਿਰ। ਥੋਨੂੰ ਤਾਂ ਦਿੱਤਾ ਬਣਦੈ। ਰਾਮ ਰਾਮ ! ਤੂੰ ਪੀ।’ ਬੱਗੂ ਮਿੱਠਾ ਬੋਲਦਾ ਸੀ।

ਚਾਹ ਉਬਲੀ ਤੋਂ ਪਤੀਲਾ ਨਰੈਣੇ ਨੇ ਥੱਲੇ ਲਾਹ ਲਿਆ। ਟੋਕਰੇ ਵਿਚੋਂ ਦੋ ਸੁੱਚੇ ਗਲਾਸ ਲੈ ਕੇ ਚਾਹ ਪਾ ਲਈ। ਨਹੀਂ ਨਹੀਂ ਕਰਦੇ ਬੱਗੂ ਨੇ ਗਿਲਾਸ ਫੜ ਲਿਆ ਤੇ ਘੁੱਟ ਭਰ ਕੇ ਕਹਿੰਦਾ -’ਚੰਗਾ ਫੇਰ, ਤੇਰੀ ਸਲਾਹ। ਇਹ ਭਾਰ ਉਤਾਰ ਦਿਆਂਗੇ ਫੇਰ ਕਦੇ।’

ਨਰੈਣਾ ਉਹਦੇ ਕੋਲ ਬੈਠਾ ਚਾਹ ਤਾਂ ਪੀ ਰਿਹਾ ਸੀ, ਪਰ ਨਿਗਾਹ ਉਹਦੀ ਉਹਦੀਆਂ ਗੱਲਾਂ ਵੱਲ ਸੀ। ਇਕ ਗੱਲ ਜਿਹੜੀ ਬੱਗੂ ਹੁਣੇ ਕਹੇਗਾ, ਉਸ ਤੋਂ ਨਰੈਣਾ ਪਹਿਲਾਂ ਹੀ ਜਾਣੀ ਜਾਣ ਸੀ। ਉਹ ਸਹਿਮਿਆ ਬੈਠਾ ਸੀ। ਇਹ ਗੱਲ ਤਾਂ ਉਹਨੂੰ ਉਦੋਂ ਹੀ ਖੁੜਕ ਗਈ ਸੀ, ਜਦੋਂ ਬੱਗੂ ਦੀ ਸੋਟੀ ਵਿਹੜੇ ਵਿਚ ਠੱਕ-ਠੱਕ ਕਰਕੇ ਵਜਦੀ ਆ ਰਹੀ ਸੀ। ਸੋਟੀ ਦੀ ਠੱਕ-ਠੱਕ ਜਿਵੇਂ ਨਰੈਣੇ ਦੇ ਮੱਥੇ ਵਿਚ ਕਿੱਲਾਂ ਵਾਂਗ ਠੁੱਕਦੀ ਜਾ ਰਹੀ ਹੋਵੇ।

ਨਰੈਣੇ ਕੋਲ ਜ਼ਮੀਨ ਥੋੜ੍ਹੀ ਸੀ। ਬਸ ਟੱਬਰ ਮਸਾਂ ਪਲਦਾ । ਵੱਡੀ ਕੁੜੀ ਦੇ ਵਿਆਹ ਵੇਲੇ ਲਿਆ ਵਿਆਜੂ- ਰੁਪਈਆ ਓਵੇਂ ਦਾ ਓਵੇਂ ਸਿਰ ਖੜ੍ਹਾ ਸੀ। ਪੂਰਾ ਵੀਹ ਹਜ਼ਾਰ । ਇਹ ਵੀਹ ਬੱਗੂ ਦੀ ਬਹੀ ਵਿਚ ਲਿਖਿਆ ਹੋਇਆ ਸੀ। ਤਿੰਨ ਸਾਲ ਹੋ ਚੁੱਕੇ ਸਨ। ਇਕ ਕੌਡੀ ਵੀ ਵਾਪਸ ਨਹੀਂ ਹੋ ਸਕੀ ਸੀ। ਬੱਗੂ ਹਰ ਵਰ੍ਹੇ ਨਾਮਾ ਕਰਦਾ। ਵਿਆਜ ਲੱਗ ਕੇ ਨਵੀਂ ਰਕਮ ਖੜ੍ਹੀ ਹੋ ਜਾਂਦੀ । ਵੀਹ ਹਜ਼ਾਰ ਤੋਂ ਵਧ ਕੇ ਹੁਣ ਪਤਾ ਨਹੀਂ ਕਿੰਨੀ ਰਕਮ ਬਣ ਚੁੱਕੀ ਹੋਵੇਗੀ। ਨਰੈਣੇ ਨੂੰ ਕੋਈ ਹਿਸਾਬ ਨਹੀਂ ਸੀ। ਉਹ ਤਾਂ ਬਸ ਬਹੀ ਉੱਤੇ ਗੂਠਾ ਲਾਉਣ ਜਾਣਦਾ ਸੀ।



ਲੈਣ ਵੇਲੇ ਤਾਂ ਸੋਚਿਆ ਸੀ ਕਿ ਉਹ ਕਮਾਈ ਕਰਕੇ ਦੋ ਸਾਲਾਂ ਵਿਚ ਹੀ ਵਿਆਜੂ ਪੈਸਾ ਸਾਰਾ ਉਤਾਰ ਦੇਵੇਗਾ। ਪਰ ਖੇਤੀ ਤਾਂ ਕੁਦਰਤ ਦੇ ਵੱਸ ਹੈ। ਕਦੇ ਗੜੇ ਪੈ ਗਏ, ਕਦੇ ਬਹੁਤ ਮੀਂਹ ਪੈ ਗਿਆ ਜਾਂ ਕਿਸੇ ਸਾਲ ਬਿਲਕੁਲ ਹੀ ਨਾ ਪਿਆ। ਫਸਲ ਨੂੰ ਕੋਈ ਕੀੜਾ ਲੱਗ ਗਿਆ। ਤਿੰਨ ਸਾਲ ਉਹਦੀ ਫਸਲ ਚੰਗੀ ਨਹੀਂ ਹੋਈ ਸੀ।

ਬੱਗੂ ਹਰ ਸਾਲ ਆਖਦਾ, ਹਰ ਸਾਲ, ਕੀ ਹਾੜੀ-ਸੌਣੀ। ਆਖਦਾ- ’ਚੱਲ ਵਿਆਜ ਈ ਮੋੜ। ਫੇਰ ਕੱਠਾ ਭਾਰ ਚੱਕ ਕੇ ਔਖਾ ਹੋਏਂਗਾ। ਦੇਵਤਾ ਤੇਰੀ ਮਰਜ਼ੀ ਐ।’

ਇਸ ਸਾਲ ਤਾਂ ਉਹ ਦੋ ਵਾਰ ਆਖ ਚੁੱਕਿਆ ਸੀ -’ਰਕਮ ਬਹੁਤ ਹੋ ਗੀ ਦੇਵਤਾ! ਐਤਕੀਂ ਕਣਕ ਕੱਢ ਕੇ ਸਾਰਾ ਮੋੜ ਦੇ। ਕਿਵੇਂ ਕਰ, ਤੂੰ ਜਾਣ ਤੂੰ ਜਾਣ।’

ਨਰੈਣਾ ਸੋਚਦਾ ਕਣਕ ਦੀ ਫਸਲ ਸਾਰੀ ਵੇਚ ਕੇ ਬੱਗੂ ਤਾਂ ਨਿਬੜ ਜੂ, ਪਰ ਘਰ ਕਿਵੇਂ ਚੱਲੂ? ਠੂਠਾ ਫੜਨਾ ਪਊ। ਹੋਰ ਗਰਜ਼ਾਂ ਕਿੰਨੀਆਂ ਨੇ। ਫੇਰ ਉਹ ਫਿਕਰ ਕਰਦਾ-’ਕੀ ਪਤਾ ਫਸਲ ਕਿੰਨੀ ਕੁ ਹੋਊਗੀ ਰੱਬ ਦੇ ਘਰ ਦਾ ਕੀ ਵਸਾਹ, ਕਿਹੜੀ ਆਫ਼ਤ ਆ ਡਿੱਗੇ।’

ਸਿਰ ਚੜ੍ਹੇ ਪੈਸਿਆਂ ਦਾ ਖ਼ਿਆਲ ਦਿਮਾਗ ਵਿਚ ਲਿਆ ਕੇ ਉਹਨੂੰ ਹੁਣ ਛੋਟੀ ਕੁੜੀ ਵਿਓਹ ਲੱਗਦੀ। ਉਹ ਝੁਰਦਾ, ‘ਇਹ ਵੀ ਕੌੜੀ ਵੇਲ ਵਾਂਗੂੰ ਵਧੀ ਜਾਂਦੀ ਹੈ। ਨਿਤ ਗਿੱਠ ਵਾਰ ਆਉਂਦੈ। ਕਿੱਥੋਂ ਬਤਾਰੂ ਜੰਮ ਲਿਆ।’

ਚਾਹ ਪੀ ਕੇ ਬੱਗੂ ਆਪਣਾ ਜੂਠਾ ਗਲਾਸ ਆਪ ਮਾਂਜਣ ਲੱਗਿਆ। ਨਰੈਣਾ ਕਹਿ ਰਿਹਾ ਸੀ-’ਬੱਗਾ ਸਿਹਾਂ ਰਹਿਣ ਦੇ, ਆਪੇ ਮਾਂਜ ਲੂ ਗੀ ਤੇਰੀ ਪਰੌਤਣੀ।’

ਉਹ ਕਹਿੰਦਾ-’ਪਾਪ ਚੜੌਣੈਂ। ਮੇਰਾ ਜੂਠਾ ਗਲਾਸ ਪਰੌਤਣੀ ਮਾਂਜੇ, ਐਡਾ ਭਾਰ। ਤੀਰਥ ਐ ਪਰੌਤਣੀ ਤਾਂ- ਹਾਅ।’

ਸੁੱਕ-ਮਾਂਜ ਕੀਤਾ ਗਲਾਸ ਬੱਗੂ ਨੇ ਪਰ੍ਹਾਂ ਰੱਖਿਆ ਤੇ ਨਰੈਣੇ ਤੋਂ ਤੱਤੇ ਪਾਣੀ ਦੀ ਚੂਲੀ ਲੈ ਕੇ ਸੁਆਹ ਨਾਲ ਲਿਬੜੇ ਹੱਥ ਸੇਕਣ ਲੱਗਿਆ। ਨਰੈਣੇ ਨੇ ਗੁੱਲਾਂ ਦਾ ਰੁੱਗ ਹੋਰ ਸੁੱਟ ਦਿੱਤਾ। ਫੇਰ ਬੱਗੂ ਨੇ ਪੈਰ ਸੇਕੇ ਫੇਰ ਅੱਗ ਦੀ ਲਾਟ ਉੱਤੇ ਹੱਥ ਸੇਕ ਉਹ ਆਪਣੇ ਚੇਹਰੇ ਉੱਤੇ ਫੇਰਨ ਲੱਗਿਆ। ਤੇ ਫੇਰ ਨਰੈਣੇ ਵੱਲ ਗੁੱਝੀਆਂ ਅੱਖਾਂ ਨਾਲ ਝਾਕਿਆ। ਪੁੱਛਿਆ, ‘ਫੇਰ ਦੇਵਤਿਆ?’

‘ਫਰਮਾਅ, ‘ਨਰੈਣਾ ਜਿਵੇਂ ਪਹਿਲਾਂ ਹੀ ਜਾਣਦਾ ਹੋਵੇ।

‘ਐਤਕੀਂ ਫੇਰ?’

‘ਬੱਗਾ ਸਿਆਂ, ਸਾਰੇ ਤਾਂ ਮੈਂ ਦੇ ਨ੍ਹੀਂ ਸਕਦਾ।’ਨਰੈਣੇ ਨੇ ਕੋਰਾ ਜਵਾਬ ਦਿੱਤਾ।

‘ਤਿੰਨ ਸਾਲ ਤੋਂ ਉੱਤੇ ਤਾਂ ਕਨੂੰਨ ਵੀ ਨ੍ਹੀਂ ਕਹਿੰਦਾ, ਫੇਰ ਸੌ ਉਲਝਾਅ ਪੈਂਦੇ। ਸਾਰਾ ਮੋੜ।’ ਬਗੂ ਵੀ ਕਿੱਲ ਵਾਂਗ ਠੁੱਕ ਗਿਆ ।

‘ਸਾਰਿਆਂ ਦੀ ਤਾਂ ਬੇਵਾਹ ਐ।’

‘ਫੇਰ ਹੋਰ ਕਰ।’

‘ਹੋਰ ਕਿਕੂੰ?’ ਨਰੈਣੇ ਦੀਆਂ ਅੱਖਾਂ ਵਿਚ ਅਣਮੱਚੇ ਗੁੱਲਾਂ ਦਾ ਧੂੰਆਂ ਪੈਣ ਲੱਗਿਆ। ਉਹ ਫੂਕਣੀ ਚੁੱਕ ਕੇ ਫੂਕਾਂ ਮਾਰਨ ਲੱਗਿਆ। ਅੱਗ ਮੂੰਹ ਤਾਂ ਖੋਲ੍ਹਦੀ ਪਰ ਲਾਟ ਨਾ ਨਿਕਲਦੀ।

‘ਦੋ ਕਿੱਲੇ ਗਹਿਣੇ ਕਰ ਦੇ ਫੇਰ।’ ਬੱਗੂ ਬਹੁਤ ਅਧੀਨ ਜਿਹਾ ਬਣ ਕੇ ਆਖ ਗਿਆ। ਨਰੈਣੇ ਰੱਥੋਂ ਫੂਕਣੀ ਭੁੰਜੇ ਡਿੱਗ ਪਈ। ਬੋਲਿਆ ਨਹੀਂ ਗਿਆ। ਬੱਗੂ ਹੀ ਫੇਰ ਬੋਲਿਆ- ’ਹੋਰ ਫੇਰ, ਦੂਜਾ ਅਲਾਜ ਤਾਂ ਇਹੀ ਐ।’ ਹੁਣ ਨਰੈਣਾ ਨਾ ਤਾਂ ਚੁੱਲ੍ਹੇ ਵਿੱਚ ਗੁੱਲ ਸੁੱਟ ਰਿਹਾ ਸੀ ਤੇ ਨਾ ਹੀ ਸ਼ਾਇਦ ਉਹਨਾਂ ਦੋਵਾਂ ਨੂੰ ਠੰਢ ਲੱਗਦੀ ਸੀ। ਨਰੈਣੇ ਦੇ ਤਾਂ ਅੰਦਰੋਂ ਹੀ ਜਿਵੇਂ ਕੋਈ ਸੇਕ ਉੱਠ ਖੜੋਤਾ ਹੋਵੇ। ਉਹਦੇ ਮੱਥੇ ਉੱਤੇ ਸਿੱਲ੍ਹ ਆ ਗਈ।

‘ਵਚਾਰ ਕਰ ਲੀਂ। ਚੌਥੇ ਪੰਜਵੇਂ ਮੈਂ ਫੇਰ ਆਊ।’ ਉੱਠਣ ਲੱਗਿਆ ਬੱਗੂ ਬੋਲਿਆ।

ਨਰੈਣਾ ਭੁੱਬਲ ਉੱਤੇ ਡੱਕੇ ਨਾਲ ਲਕੀਰਾਂ ਕੱਢ ਰਿਹਾ ਸੀ। ਲਕੀਰਾਂ ‘ਤੇ ਚਾਰ ਖਾਨੇ ਬਨਾਉਂਦਾ, ਫ਼ੇਰ ਢਾਹ ਦਿੰਦਾ। ਸੁਆਹ ਪਧੱਰ ਕਰਕੇ ਫ਼ੇਰ ਲਕੀਰਾਂ ਕੱਢਣ ਲਗੱਦਾ। ਚੁੱਲ੍ਹਾ ਠੰਢਾ ਹੋਇਆ ਪਿਆ ਸੀ।

ਨਰੈਣੇ ਦੀ ਘਰ ਵਾਲੀ ਦੁੱਧ ਰਿੜਕ ਕੇ ਝਲਾਨੀ ਵਿਚ ਆਈ ਤੇ ਉਹਨੂੰ ਇਉਂ ਬੈਠਾ ਵੇਖ ਕੇ ਫ਼ਿਕਰ ਕਰਨ ਲੱਗੀ। ਪੁੱਛਿਆ-’ਕੀ ਬੋਲਦਾ ਸੀ ਬੱਗੂ?’

‘ਕੜੱਕੀ,’ ਉਹਨੇ ਇਕੋ ਸ਼ਬਦ ਵਿਚ ਸਾਰੀ ਗੱਲ ਮੁਕਾਣੀ ਚਾਹੀ।

‘ਫੇਰ ਵੀ?’ ਔਰਤ ਨੇ ਖੋਲ੍ਹ ਕੇ ਦੱਸਣ ਲਈ ਕਿਹਾ।

‘ਜਾ ਤਾਂ ਕਹਿੰਦਾ ਸਾਰਾ ਮੋੜ ਐਤਕੀਂ ਹਾੜੀ ਨੂੰ ਜਾਂ ਫੇਰ ਦੋ ਕਿੱਲੇ ਜ਼ਮੀਨ ਦੇਹ । ਪੈਸਿਆਂ ਦਾ ਅੱਧ-ਪਚੱਧ ਜਮਾਂ ਈ ਨ੍ਹੀਂ ਲੈਣਾ।’

‘ਹਾਏ ਵੇ, ਤੇਰਾ ਤੁਖਮ ਨਾ ਰਹੇ।’ ਔਰਤ ਨੇ ਪੱਟਾਂ ਉੱਤੇ ਹੱਥ ਮਾਰਿਆ।

‘ਦੋ ਕਿਲੇ ਦੇ ਕੇ ਫੇਰ ਆਪਾਂ ਕਿੱਥੋਂ ਖਾਵਾਂਗੇ। ਪੈਸਾ ਮੋੜਿਆ ਤਾਂ ਐਨਾ ਸਾਰੀ ਕਣਕ ਦਾ ਵੱਟਿਆ ਨ੍ਹੀਂ ਜਾਣਾ । ਏਸੇ ਨੂੰ ਤਾਂ ਕਹਿੰਦੇ ਨੇ ‘ਕੜੱਕੀ’ ਚ ਜਾਨ’। ਨਰੈਣਾ ਚੁੱਲ੍ਹੇ ਅਗਿਓਂ ਉੱਠ ਖੜੋਤਾ। ਸਮਝ ਨਹੀਂ ਆ ਰਹੀ ਸੀ, ਅੱਜ ਕਿਹੜੇ ਕੰਮ ਨੂੰ ਹੱਥ ਪਾਇਆ ਜਾਵੇ।

ਉਹ ਵਿਹੜੇ ਵਿਚ ਖੜਕੇ ਬੀਹੀ ਵੱਲ ਝਾਕਣ ਲੱਗਿਆ। ਬੱਗੂ ਦੀ ਪੋਤੀ ਗੜਵੀ ਲਈ ਤੁਰੀ ਆ ਰਹੀ ਸੀ। ਆ ਕੇ ਕਹਿੰਦੀ -’ਅੰਮਾਂ, ਬਾਬੇ ਨੇ ਦੁੱਧ ਭੇਜਿਐ। ਕਹਿੰਦਾ, ਮੈਂ ਚਾਹ ਪੀ ਆਇਆਂ ਉਹਨਾਂ ਦੇ ਘਰ ਦੀ।’

ਖਾਲੀ ਗੜਵੀ ਲੈ ਕੇ ਕੁੜੀ ਮੁੜ ਗਈ। ਬੱਗੂ ਦੇ ਘਰ ਦਾ ਦੁੱਧ ਨਰੈਣੇ ਦੀ ਘਰਵਾਲੀ ਨੇ ਜੂਠ ਵਾਲੇ ਬੱਠਲ ਵਿਚ ਡੋਲ੍ਹ ਦਿੱਤਾ। ਕਹਿੰਦੀ -’ਪੱਟੀ ਮੋੜ੍ਹੀ ਆਲਾ, ਜਾਏ ਖਾਣਾ, ਧਰਮਾਤਮਾ ਬਣਦੈ।’

ਲੜੀ ਨੰਬਰ-6

## ਲੰਬੀ ਬਹਿਰ ਵਿੱਚ ਸੋਹਣੀ ਗ਼ਜ਼ਲ ਕਹਿਣ ਦੀ ਦਾ ਮਾਹਿਰ

## ਅੰਮ੍ਰਿਤਪਾਲ ਸ਼ੈਦਾ



ਪਟਿਆਲਾ ਦੀ ਧਰਤੀ ਤੇ ਹਰ ਵਿਧਾ ਨਾਲ ਸੰਬੰਧਿਤ ਬਹੁਤ ਜ਼ਹੀਨ ਲੇਖਕ ਪੈਦਾ ਹੋਏ ਜਾਂ ਰਹਿੰਦੇ ਰਹੇ ਹਨ। ਨਜ਼ਮ ਦੇ ਸਥਾਪਿਤ ਸ਼ਾਇਰ ਵੀ ਪਟਿਆਲਾ ਵਿਚ ਹਨ ਪਰ ਗ਼ਜ਼ਲ ਦੇ ਸਥਾਪਿਤ ਸ਼ਾਇਰ ਬਹੁਤ ਘੱਟ ਹਨ। ਇਸ ਕਰਕੇ ਪਟਿਆਲ਼ਾ ਵਿਚ ਨਵੇਂ ਗ਼ਜ਼ਲ ਲਿਖਣ ਵਾਲੇ ਨਜ਼ਮ ਲਿਖਣ ਵਾਲਿਆਂ ਤੋਂ ਘੱਟ ਹਨ। ਅੰਮ੍ਰਿਤਪਾਲ ਸਿੰਘ ਸ਼ੈਦਾ ਗ਼ਜ਼ਲ ਦਾ ਸਥਾਪਿਤ ਸ਼ਾਇਰ ਹੈ। ਕਿਤਾਬੀ ਰੂਪ ਵਿਚ ਉਹ ਭਾਵੇਂ ਬਹੁਤ ਬਾਅਦ ਵਿੱਚ ਆਏ ਪਰ ਸਥਾਪਿਤ ਉਹ ਲੰਬਾ ਸਮਾਂ ਪਹਿਲਾਂ ਹੋ ਗਏ ਸੀ। ਪੁਰਾਣੇ ਗ਼ਜ਼ਲਗੋਆਂ ਵਿੱਚੋਂ ਸਵ: ਕੰਵਰ ਚੌਹਾਨ, ਤਰਲੋਕ ਸਿੰਘ ਆਨੰਦ, ਕਵਿੰਦਰ ਚਾਂਦ, ਬਰਜਿੰਦਰ ਚੌਹਾਨ, ਅੰਮ੍ਰਿਤਪਾਲ ਸਿੰਘ ਸ਼ੈਦਾ ਤੇ ਕੁਝ ਹੋਰ ਪੰਜਾਬੀ ਦੇ ਗ਼ਜ਼ਲਗੋ ਪਟਿਆਲਾ ਵਿਚ ਗ਼ਜ਼ਲ ਨੂੰ ਹੋਰ ਉਚਾਈਆਂ ਤੇ ਲੈ ਜਾਣ ਦਾ ਸੋਹਣਾ ਕੰਮ ਕਰਦੇ ਆ ਰਹੇ ਹਨ। ਅੰਮ੍ਰਿਤਪਾਲ ਸ਼ੈਦਾ ਨੂੰ ਲੰਬੀ ਬਹਿਰ ਵਿੱਚ ਸੋਹਣੀ ਗ਼ਜ਼ਲ ਕਹਿਣ ਦੀ ਮੁਹਾਰਤ ਹਾਸਿਲ ਹੈ। ਸ਼ੈਦਾ ਸਾਹਬ ਮੂਲ ਰੂਪ ਵਿਚ ਉਰਦੂ ਤੇ ਪੰਜਾਬੀ ਵਿਚ ਲਿਖਦੇ ਹਨ। ਸ਼ੈਦਾ ਸਾਹਬ ਨੇ ਆਪਣੀ ਸਾਰੀ ਉਮਰ ਕਵਿਤਾ ਦੀ ਸਭ ਤੋਂ ਔਖੀ ਮੰਨੀ ਜਾਂਦੀ ਵਿਧਾ ਗ਼ਜ਼ਲ ਦਾ ਵਿਦਿਆਰਥੀ ਬਣ ਕੇ ਉਸਦੀਆਂ ਬਰੀਕੀਆਂ ਨੂੰ ਸਮਝਣ ਵਿਚ ਲਗਾ ਦਿੱਤੀ। ਉਹ ਜਾਣਦੇ ਹਨ ਕਿ ਗ਼ਜ਼ਲ ਲਿਖਣ ਲਈ ਕਿੰਨੀ ਮਿਹਨਤ, ਦ੍ਰਿੜ੍ਹਤਾ, ਸਬਰ, ਸੰਤੋਖ ਤੇ ਤਪੱਸਿਆ ਦੀ ਜ਼ਰੂਰਤ ਹੈ। ਪਟਿਆਲਾ ਦੀਆਂ ਮਹਿਫ਼ਲਾਂ ਦਾ ਸ਼ਿੰਗਾਰ ਸ਼ੈਦਾ ਸਾਹਬ ਦਿਲ ਵਿਚ ਮਾਨਵਤਾ ਦਾ ਦਰਦ ਰੱਖਦੇ ਹਨ। ਉਹ ਫਿਕਰਮੰਦ ਹੈ ਕਿ ਕਦੋਂ ਅਸੀਂ ਦਿਲਾਂ ਵਿੱਚੋਂ ਨਫ਼ਰਤਾਂ ਕੱਢ ਮੁਹੱਬਤ ਦਾ ਬੀਜ ਬੀਜਾਂਗੇ। ਉਹ ਪਰਿਵਾਰਾਂ ਦੇ ਟੁੱਟਣ ਤੇ ਚਿੰਤਤ ਹੈ। ਉਸ ਅੰਦਰ ਟੀਸ ਹੈ ਕਿ ਵੱਡੇ ਵੱਡੇ ਫ਼ਨਕਾਰ ਗਰੀਬੀ ਕਾਰਣ ਦੱਬ ਕੇ ਰਹਿ ਜਾਂਦੇ ਹਨ। ਉਸ ਨੂੰ ਬਿਰਖਾਂ ਦੀ ਅਣਹੋਂਦ ਕਾਰਣ ਵੀ ਝੋਰਾ ਹੈ। ਸ਼ੈਦਾ ਜੀ ਦਾ ਵਿਸ਼ਵਾਸ ਹੈ ਕਿ ਕੁਦਰਤ ਸਭ ਨੂੰ ਉਸ ਦੇ ਹਿੱਸੇ ਦਾ ਅੰਬਰ ਦਿੰਦਾ ਹੈ। ਸ਼ੈਦਾ ਜੀ ਕੋਲ ਲੋਕਾਂ ਨੂੰ, ਸਮਾਜ ਨੂੰ ਦੇਣ ਲਈ ਬਹੁਤ ਕੁਝ ਪਿਆ। ਸ਼ੈਦਾ ਦੀ ਗ਼ਜ਼ਲ ਵਿੱਚੋਂ ਡੂੰਘੀਆਂ ਰਮਜ਼ਾਂ ਦੀ ਥਾਹ ਪਾਉਣ ਲਈ ਅਜੇ ਉਹਨਾਂ ਨੂੰ ਹੋਰ ਪੜ੍ਹਿਆ ਜਾਣਾ ਚਾਹੀਦਾ ਹੈ।

**ਨਵਦੀਪ ਸਿੰਘ ਮੁੰਡੀ**
98880-90038

### ਅੰਮ੍ਰਿਤਪਾਲ ਸਿੰਘ ਸ਼ੈਦਾ ਦੀਆਂ ਕੁਝ ਗ਼ਜ਼ਲਾਂ

ਵਾਧੂ ਹੀ ਕੁਝ ਰੱਤ ਮੰਗਦੇ ਨੇਂ ਅਕਸਰ
ਸ਼ਿਅਰ ਮਿਰੇ
ਟੰਗ ਦਿੰਦੇ ਨੇਂ ਵਕਤ ਦੀ ਸੂਲੀ ਉੱਪਰ
ਸ਼ਿਅਰ ਮਿਰੇ

ਪਥਰੀਲ਼ੀ ਧਰਤੀ ਵਿੱਚ ਪੈਦਾ ਕਰਨੇ
ਜਿੰਵ ਗੁਲਾਬ
ਇੰਵ ਹੀ ਪੈਦਾ ਕਰਨੇ ਦੂਭਰ, ਬਿਹਤਰ
ਸ਼ਿਅਰ ਮਿਰੇ

ਸੁੰਨੀ ਸੋਚ ਦੀ ਡੂੰਘੀ ਕੰਦਰਾ
ਪਾਤਾਲਾਂ-ਪਾਤਾਲ਼
ਆਕਾਸਾਂ-ਆਕਾਸ ਝਰਨ ਕਿੰਵ ਅੰਦਰ
ਸ਼ਿਅਰ ਮਿਰੇ

ਗੂੜ੍ਹੇ 'ਨ੍ਹੇਰੇ ਦੀ ਕਾਲਖ 'ਚੋਂ ਲੈ ਕੇ
ਤੁਪਕਾ ਤੁਪਕਾ
ਕਾਗ਼ਜ਼ 'ਤੇ ਵਾਹੁੰਦੇ ਚਾਨਣ ਦਾ ਲਸ਼ਕਰ,
ਸ਼ਿਅਰ ਮਿਰੇ

ਪਾਰਖੂਆਂ ਦਾ ਅਪਣਾ ਵੱਖਰਾ-ਵੱਖਰਾ
ਦ੍ਰਿਸ਼ਟੀਕੋਣ
ਜਾਪਣ ਮੋਮ ਕਿਸੇ ਨੂੰ ਜਾਪਣ ਪੱਥਰ
ਸ਼ਿਅਰ ਮਿਰੇ

ਦਿਲ ਦੇ ਅੰਦਰ ਖੋਭ ਕੇ ਉਂਗਲ਼,
ਮੱਥੇ ਸੂਰਜ ਦੇ
ਬੇਡਰ ਹੋ ਕੇ ਕਰ ਦਿੰਦੇ ਹਸਤਾਖਰ
ਸ਼ਿਅਰ ਮਿਰੇ

ਦੁਨੀਆ ਦੇ ਹਰ ਕੋਨੇ ਵਿਚ ਸੰਭਵ ਹੈ
ਅਮਨ-ਅਮਾਨ
'ਸ਼ੈਦਾ' ਜੇਕਰ ਘਰ ਕਰ ਜਾਵਣ ਘਰ-ਘਰ
ਸ਼ਿਅਰ ਮਿਰੇ

---

ਦੱਸਦੇ ਦੱਸਦੇ ਗੱਚ ਭਰ ਆਇਆ ਸਰਾਪੀ ਪੌਣ ਦਾ
ਮੈਥੋਂ ਬੱਸ ਪੁੱਛਿਆ ਗਿਆ ਦੁੱਖੜਾ ਸਰਾਪੀ ਪੌਣ ਦਾ

ਹੰਝੂ ਰੁਕਦੇ ਹੀ ਨਹੀਂ, ਹਿਟਕੋਰੇ ਥੰਮ੍ਹਦੇ ਹੀ ਨਹੀਂ
ਖ਼ਾਬ ਕੀ ਤੱਕਿਆ ਲਹੂ-ਭਿੱਜਾ ਸਰਾਪੀ ਪੌਣ ਦਾ

ਚਿਹਰਿਆਂ 'ਤੇ ਉਂਗਲੀਆਂ ਦੇ ਪੈ ਗਏ ਡੂੰਘੇ ਨਿਸ਼ਾਨ
ਆ ਕੇ ਵੱਜਿਆ ਹੈ ਇਵੇਂ ਬੁੱਲ੍ਹਾ ਸਰਾਪੀ ਪੌਣ ਦਾ

ਕੁੰਡੀ ਖੜਕਣ 'ਤੇ ਜਦੋਂ ਦਰਵਾਜ਼ਾ ਜਾ ਕੇ ਖੋਲ੍ਹਿਆ
ਸੀ ਭਟਕਦਾ ਫਿਰਦਾ ਇਕ ਹੌਕਾ ਸਰਾਪੀ ਪੌਣ ਦਾ

ਮਾਰਿਆ ਮਿਹਣਾ ਜਦੋਂ ਅੰਬਰ ਨੇ ਬੁਜ਼ਦਿਲ ਆਖ ਕੇ
ਲਾਲ਼-ਸੂਹਾ ਹੋ ਗਿਆ ਮੁਖੜਾ ਸਰਾਪੀ ਪੌਣ ਦਾ

ਮੈਂ ਬਲ਼ੀ ਦਿੰਦਾ ਹਾਂ, ਜੇ ਉਤਰੇ ਵਿਚਾਰੀ ਦਾ ਸਰਾਪ
ਹੋਰ ਕੀ 'ਸ਼ੈਦਾ' ਕਰੇ ਚਾਰਾ ਸਰਾਪੀ ਪੌਣ ਦਾ

---

ਮਿਲ਼ੇ ਜੇ ਮੈਨੂੰ ਵੀ ਲੱਪ-ਕੁ ਚਾਨਣ,
ਕਰੂਪ 'ਨੇਰੇ ਸ਼ਿੰਗਾਰ ਦੇਵਾਂ
ਤੇ ਸਦੀਆਂ ਸਦੀਆਂ ਤੋਂ ਕਾਲ਼ੇ ਜੰਗਲ਼
ਦਾ ਪੱਤਾ ਪੱਤਾ ਨਿਖਾਰ ਦੇਵਾਂ

ਮੈਂ ਗ੍ਰਿਹ-ਦਿਸ਼ਾਵਾਂ ਨੂੰ ਤਰਕ-ਸੰਗਤ
ਮਨਾ ਲਵਾਂਗਾ, ਪਰੰਤੂ ਪਹਿਲਾਂ
ਕਿ ਦਕਿਆਨੂਸੀ ਦੀ ਕੂੰਜ ਅਪਣੀ
ਤਾਂ ਦਰਿਆ ਓਹਲੇ ਉਤਾਰ ਦੇਵਾਂ

ਕੋਈ ਰਿਵਾਇਤ ਵੀ ਪੀੜੀਆਂ ਤੋਂ,
ਨ ਨੇੜੇ ਤੇੜੇ, ਨ ਸੋਚਾਂ ਅੰਦਰ
ਕਿ ਦੇਵੇ ਗੁਲਦਸਤਾ ਕੋਈ ਜੇਕਰ,
ਮੈਂ ਉਸਨੂੰ ਕੰਡਿਆਲ਼ਾ ਹਾਰ ਦੇਵਾਂ

ਹਿਆਤੀ ਸਾਰੀ ਮੈਂ ਏਸੇ ਦੁਬਿਧਾ
ਤੋਂ ਖਹਿੜਾ ਅਪਣਾ ਛੁਡਾ ਨ ਪਾਇਆ
ਕਿ ਸੱਚ ਤੋਂ ਪੱਲਾ ਬਚਾ ਕੇ ਰੱਖਾਂ,
ਜਾਂ ਜਾਨ ਸੱਚ ਤੋਂ ਮੈਂ ਵਾਰ ਦੇਵਾਂ

ਹੈ ਮੇਰੇ ਸਾਰੇ ਹੀ ਨਕਦ ਸੌਦੇ,
ਉਹ ਭਾਵੇਂ ਯਾਰੀ ਜਾਂ ਦੁਸ਼ਮਣੀ ਹੈ
ਕਦੀ ਵੀ ਮੈਂ ਨਾ ਉਧਾਰ ਮੰਗਾਂ,
ਨ ਮੈਂ ਕਿਸੇ ਨੂੰ ਉਧਾਰ ਦੇਵਾਂ

ਤੂੰ ਮੇਰੀ ਕੀਤੀ ਹੈ ਬੰਦ-ਖ਼ਲਾਸੀ,
ਮੈਂ ਤੈਥੋਂ ਵਾਰੇ, ਮੈਂ ਤੈਥੋਂ ਸਦਕੇ
ਐ ਮੇਰੇ ਕ਼ਾਤਿਲ ! ਰਤਾ ਹੋ ਨੇੜੇ,
ਆ ਤੇਰੇ ਸਿਰ 'ਤੇ ਮੈਂ ਪਿਆਰ ਦੇਵਾਂ

ਜੇ ਸਬਰ ਮੇਰੇ ਦੀ ਧਰਤ ਵਿੱਚੋਂ,
ਕਦੀ ਵੀ ਜਾਪੇ ਹੈ ਫੁਟਦਾ ਲਾਵਾ
ਵਹਾ ਕੇ ਨੈਣਾਂ 'ਚੋਂ ਭਰਵੇਂ ਅੱਥਰੂ,
ਮੈਂ ਕ੍ਰੋਧ-ਅਗਨੀ ਨੂੰ ਠਾਰ ਦੇਵਾਂ

ਕਮਾਲ ਹੈ ਕਿ ਕਲਮ ਤੇਰਾ,
ਟਸਕਦੇ ਜ਼ਖ਼ਮਾਂ ਦੀ ਬਣਦਾ ਮੱਲ੍ਹਮ
ਨਜ਼ਰ ਉਤਾਰਾਂ ਮੈਂ ਤੇਰੀ 'ਸ਼ੈਦਾ',
ਆ ਤੈਥੋਂ ਮਿਰਚਾਂ ਵੀ ਵਾਰ ਦੇਵਾਂ

ਵਿਅੰਗ

# ਸਭ ਤੋਂ ਵੱਡੀ ਖ਼ਬਰ

**ਕੇ.ਐਲ. ਗਰਗ**

ਅੱਜਕੱਲ੍ਹ ਮੀਡੀਆ ਭਾਵ ਟੀਵੀ ਚੈਨਲਾਂ ਵਾਲੇ ਸਿਰਫ਼ ਵੱਡੀਆਂ ਖ਼ਬਰਾਂ ਹੀ ਪ੍ਰਸਾਰਿਤ ਕਰਦੇ ਹਨ। ਛੋਟੀਆਂ ਖ਼ਬਰਾਂ ਤਾਂ ਉਨ੍ਹਾਂ ਕੋਲ ਹੁਣ ਹੁੰਦੀਆਂ ਹੀ ਨਹੀਂ। ਜਿੰਨੀ ਵੱਡੀ ਤੋਂ ਵੱਡੀ ਖ਼ਬਰ ਉਹ ਲੱਭ ਕੇ ਲਿਆਉਂਦੇ ਹਨ, ਓਨਾ ਹੀ ਉਨ੍ਹਾਂ ਦਾ ਸਟੇਟਸ ਵਧਦਾ ਜਾਂਦਾ ਹੈ।

ਚੈਨਲ 'ਤੇ ਬਹੁਤ ਜ਼ਰੂਰੀ ਵਿਸ਼ੇ 'ਤੇ ਬਹਿਸ ਚੱਲ ਰਹੀ ਸੀ। ਵਿਸ਼ਾ ਸੀ ‘ਬਲਾਤਕਾਰਾਂ ਦੇ ਕਾਰਨ ਤੇ ਹੱਲ’। ਭਾਗ ਲੈਣ ਵਾਲੇ ਮਹੱਤਵਪੂਰਨ ਦਲੀਲਾਂ ਤੇ ਤਰਕ ਦੇ ਰਹੇ ਸਨ। ਇੱਕ ਜਣੇ ਨੇ ਵਾਕ ਹਾਲੇ ਅੱਧਾ ਹੀ ਬੋਲਿਆ ਹੋਵੇਗਾ ਕਿ ਐਂਕਰ ਮੁਸਕਰਾ ਕੇ ਕਹਿਣ ਲੱਗੀ, “ਮੁਆਫ਼ ਕਰਨਾ, ਮੈਂ ਤੁਹਾਡੀ ਗੱਲ ਨੂੰ ਅੱਧ-ਵਿਚਾਲੇ ਹੀ ਟੋਕ ਰਹੀ ਹਾਂ। ਇੱਕ ਵੱਡੀ ਖ਼ਬਰ ਆ ਰਹੀ ਹੈ, ਪਹਿਲਾਂ ਉਹ ਸਰੋਤਿਆਂ ਨੂੰ ਸੁਣਾ ਦੇਈਏ। ਇਸ ਮਹੱਤਵਪੂਰਨ ਵਿਸ਼ੇ 'ਤੇ ਜਲਦੀ ਆ ਕੇ ਗੱਲਬਾਤ ਕਰਦੇ ਹਾਂ।”

ਉਦੋਂ ਹੀ ਟੀਵੀ ਸਕਰੀਨ 'ਤੇ ਖ਼ਬਰ ਪ੍ਰਿੰਟ ਹੋਣੀ ਸ਼ੁਰੂ ਹੋ ਜਾਂਦੀ ਹੈ: “ਉਦਮਪੁਰ 'ਚ ਇੱਕ ਬੱਕਰੀ ਨੇ ਛੇ ਮੇਮਣੇ ਦਿੱਤੇ ਹਨ। ਇਹ ਬੱਕਰੀ ਕੋਈ ਮਾਮੂਲੀ ਬੱਕਰੀ ਨਹੀਂ, ਇਹ ਮਹਾਤਮਾ ਜੀ ਦੀ ਬੱਕਰੀ ਦੇ ਖ਼ਾਨਦਾਨ ਵਿੱਚੋਂ ਇੱਕੀਵੀਂ ਪੀੜ੍ਹੀ 'ਚੋਂ ਹੈ। ਸਾਡੇ ਨਾਲ ਸਾਡੇ ਸੰਵਾਦਦਾਤਾ ਟੈਂ ਟੈਂ ਦਾਸ ਜੁੜ ਗਏ ਹਨ, ਉਨ੍ਹਾਂ ਤੋਂ ਇਸ ਮਹੱਤਵਪੂਰਨ ਬੱਕਰੀ ਬਾਰੇ ਜ਼ਰੂਰੀ ਜਾਣਕਾਰੀ ਲੈਂਦੇ ਹਾਂ।”

“ਟੈਂ ਟੈਂ ਦਾਸ, ਤੁਹਾਨੂੰ ਮੇਰੀ ਆਵਾਜ਼ ਸੁਣ ਰਹੀ ਹੈ?”

“ਹਾਂ, ਹਾਂ, ਮੇਨਕਾ ਜੀ, ਸੁਣ ਰਹੀ ਹੈ।”

“ਇਸ ਬੱਕਰੀ ਦੇ ਪੈਦਾ ਹੋਏ ਮੇਮਣਿਆਂ ਬਾਰੇ ਤੁਹਾਡੇ ਕੋਲ ਕੀ ਜਾਣਕਾਰੀ ਹੈ?”

ਟੈਂ ਟੈਂ ਦਾਸ ਆਪਣੇ ਕੰਨ 'ਚ ਫਸਾਏ ਮਾਈਕ ਠੀਕ ਕਰਦੇ ਹਨ ਤੇ ਬੋਲਦੇ ਹਨ:

“ਮੇਨਕਾ, ਮੈਂ ਉਸ ਬੱਕਰੀ ਦੇ ਪਰਿਵਾਰ ਕੋਲ ਹੀ ਖਲੋਤਾ ਹੋਇਆ ਹਾਂ। ਵਾਕਿਆ ਹੀ ਉਸ ਨੇ ਛੇ ਮੇਮਣੇ ਦਿੱਤੇ ਹਨ। ਮੈਂ ਖ਼ੁਦ ਗਿਣਤੀ ਕੀਤੀ ਹੈ। ਮੇਮਣੇ ਪੂਰੇ ਛੇ ਹੀ ਹਨ।”

“ਉਨ੍ਹਾਂ ਦੀ ਸਿਹਤ ਬਾਰੇ ਸਾਡੇ ਸਰੋਤਿਆਂ ਨੂੰ ਦੱਸੋ!” ਮੇਨਕਾ ਨੇ ਕਿਹਾ।

“ਮੇਮਣੇ ਬਿਲਕੁਲ ਰਿਸ਼ਟ-ਪੁਸ਼ਟ ਹਨ। ਵਿਹੜੇ ਵਿੱਚ ਦੌੜਦੇ ਹੋਏ, ਛਲਾਂਗਾਂ ਮਾਰ ਰਹੇ ਹਨ। ਪਰਿਵਾਰ ਵਿੱਚ ਇੰਨੇ ਮੇਮਣੇ ਆ ਜਾਣ 'ਤੇ ਖ਼ੁਸ਼ੀ ਦਾ ਹੜ੍ਹ ਆਇਆ ਹੋਇਆ ਹੈ। ਪਰਿਵਾਰ ਵਾਲੇ ਵੀ ਮੇਮਣਿਆਂ ਵਾਂਗ ਛਲਾਂਗਾਂ ਮਾਰ ਰਹੇ ਹਨ।”

“ਟੈਂ ਟੈਂ ਦਾਸ, ਮੇਮਣੇ ਕਿਹੜੀ ਨਸਲ ਦੇ ਹਨ?”

“ਮੇਨਕਾ, ਮੇਮਣੇ ਮਹਾਤਮਾ ਜੀ ਦੀ ਬੱਕਰੀ ਦੀ ਨਸਲ 'ਚੋਂ ਹਨ। ਇਹ ਉਸ ਬੱਕਰੀ ਦੀ ਇੱਕੀਵੀਂ ਪੀੜ੍ਹੀ 'ਚੋਂ ਦੱਸੀਦੇ ਹਨ।”

“ਕੀ ਮਹਾਤਮਾ ਦੀ ਬੱਕਰੀ ਹਾਲੇ ਜਿਉਂਦੀ ਹੈ? ਟੈਂ ਟੈਂ ਦਾਸ ਕੀ ਮੇਰੀ ਆਵਾਜ਼ ਤੁਹਾਡੇ ਤਕ ਪਹੁੰਚ ਰਹੀ ਹੈ? ਟੈਂ ਟੈਂ ਦਾਸ... ਲੱਗਦੈ ਟੈਂ ਟੈਂ ਦਾਸ ਨਾਲ ਸਾਡਾ ਸੰਪਰਕ ਟੁੱਟ ਗਿਆ ਹੈ। ਫੇਰ ਕੋਸ਼ਿਸ਼ ਕਰਾਂਗੇ। ਦੋਬਾਰਾ ਸੰਪਰਕ ਹੋਣ 'ਤੇ ਅਸੀਂ ਆਪਣੇ ਦਰਸ਼ਕਾਂ ਨੂੰ ਬੱਕਰੀ ਤੇ ਮੇਮਣਿਆਂ ਬਾਰੇ ਹੋਰ ਅਹਿਮ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰਾਂਗੇ। ਹਾਲ ਦੀ ਘੜੀ ਅਸੀਂ ਮੁੜ ਉਸੇ ਬਹਿਸ ਵੱਲ ਆਉਂਦੇ ਹਾਂ।”

ਬਹਿਸ ਵਾਲਿਆਂ ਦੇ ਚਿਹਰੇ ਫੇਰ ਸਕਰੀਨ 'ਤੇ ਉਜਾਗਰ ਹੋਣ ਲੱਗਦੇ ਹਨ।

“ਹਾਂ, ਤਾਂ ਮੇਨਕਾ ਜੀ, ਮੈਂ ਕਹਿ ਰਿਹਾ ਸੀ, ਕੀ ਕਹਿ ਰਿਹਾ ਸੀ ਮੈਂ? ਯਾਦ ਨਹੀਂ ਆ ਰਿਹਾ। ਮੈਂ ਕਹਿ ਰਿਹਾ ਸੀ, ਕੀ ਕਹਿ ਰਿਹਾ ਸੀ, ਕੀ ਕਹਿ ਰਿਹਾ ਸੀ?” ਬੁਲਾਰਾ ਭੰਬਲਭੂਸੇ 'ਚ ਪੈ ਜਾਂਦਾ ਹੈ।

“ਇਨ੍ਹਾਂ ਨੂੰ ਯਾਦ ਕਰ ਲੈਣ ਦਿਓ, ਆਖੋ ਤਾਂ ਮੈਂ ਆਪਣੀ ਗੱਲ ਕਹਾਂ?” ਦੂਜਾ ਬੁਲਾਰਾ ਇਜਾਜ਼ਤ ਮੰਗਦਾ ਹੈ। ਉਹ ਬੋਲਣ ਦੀ ਹਾਲੇ ਤਿਆਰੀ ਕਰ ਰਿਹਾ ਹੁੰਦਾ ਹੈ ਕਿ ਪਹਿਲਾ ਬੁਲਾਰਾ ਉਸ ਨੂੰ ਵਿੱਚ ਟੋਕ ਕੇ ਕਹਿ ਦਿੰਦਾ ਹੈ, “ਲਓ ਜੀ, ਮੇਰੇ ਨੁਕਤਾ ਯਾਦ ਆ ਗਿਆ, ਬੱਸ ਹੁਣ ਪਹਿਲਾਂ ਮੈਨੂੰ ਬੋਲ ਲੈਣ ਦਿਓ।”




“ਪਹਿਲਾਂ ਮੈਂ, ਪਹਿਲਾਂ ਮੈਂ...” ਦਾ ਸ਼ੋਰ ਟੀਵੀ ਤੋਂ ਸੁਣਨ ਲੱਗਦਾ ਹੈ। ਰੌਲੇ-ਰੱਪੇ 'ਚ ਕੋਈ ਗੱਲ ਦਰਸ਼ਕਾਂ ਦੇ ਪੱਲੇ ਨਹੀਂ ਪੈਂਦੀ। ਉਨ੍ਹਾਂ ਦੇ ਸਬਰ ਦਾ ਬੰਨ੍ਹ ਟੁੱਟ ਜਾਂਦਾ ਹੈ। ਉਹ ਇਸ ਚੈਨਲ ਦੇ ਬਟਨ ਦਾ ਗਲਾ ਨੱਪ ਕੇ ਕੋਈ ਹੋਰ ਚੈਨਲ ਲਾ ਲੈਂਦੇ ਹਨ।

ਉਸ ਚੈਨਲ 'ਤੇ ਹਾਲੇ ਇਸ਼ਤਿਹਾਰ ਚੱਲ ਰਹੇ ਹਨ। ਇੱਕ ਆਦਮੀ ਉੱਚੀ-ਉੱਚੀ ਬੋਲ ਰਿਹਾ ਹੈ, “ਮੈਂ ਫਲਾਣੀ ਬਾਈਕ ਖ਼ਰੀਦਦਾ। ਪਏਂਤਰ ਦੀ ਮਾਈਲੇਜ ਮਿਲਦੀ, ਦਸ ਸਾਲ ਦੀ ਵਾਰੰਟੀ ਮਿਲਦੀ, ਵਿਦੇਸ਼ੀ ਟੂਰ ਮਿਲਦਾ। ਫ਼ਿਲਮੀ ਸਿਤਾਰੇ ਨੂੰ ਮਿਲਣ ਦਾ ਮੌਕਾ ਮਿਲਦਾ। ਹਾਏ ਮੈਂ ਕੀ ਖ਼ਰੀਦ ਬੈਠਾ, ਹਾਏ ਮੈਂ ਹੁਣ ਕੀ ਕਰਾਂ?” ਉਹ ਘਬਰਾਹਟ 'ਚ ਆਪਣਾ ਮੱਥਾ ਪਿੱਟਦਾ ਹੈ, ਆਪਣੇ ਵਾਲ ਪੁੱਟਣ ਤਕ ਜਾਂਦਾ ਹੈ। ਕੋਲ ਖਲੋਤੇ ਨਿਆਣੇ ਉਸ ਨੂੰ ਮਜ਼ਾਕ ਕਰ ਕੇ ਭੱਜ ਜਾਂਦੇ ਹਨ। ਤਦੇ ਹੀ ਇੱਕ ਸੋਹਣਾ ਜਿਹਾ ਮੋਟਰਸਾਈਕਲ ਦਿਖਾਈ ਦਿੰਦਾ ਹੈ ਤੇ ਉਹ ਹੱਸ ਕੇ ਉਸ ਦੀ ਗੱਦੀ 'ਤੇ ਹੱਥ ਫੇਰਨ ਲੱਗ ਪੈਂਦਾ ਹੈ।

ਉਸ ਤੋਂ ਬਾਅਦ ਉੱਥੇ ਹੋਰ ਵੀ ਕਈ ਤਰ੍ਹਾਂ ਦੇ ਇਸ਼ਤਿਹਾਰ ਆਉਂਦੇ ਹਨ। ਤੇਲ, ਸਾਬਣ, ਸਿੱਕਰੀ ਦੂਰ ਕਰਨ ਵਾਲਾ ਸ਼ੈਂਪੂ ਵਗੈਰਾ-ਵਗੈਰਾ। ਦਰਸ਼ਕ ਦੇ ਸਬਰ ਦਾ ਬੰਨ੍ਹ ਟੁੱਟਦਾ ਹੈ ਤਾਂ ਉਹ ਉਸ ਚੈਨਲ ਦੇ ਬਟਨ ਦਾ ਗਲ ਵੀ ਨੱਪ ਕੇ, ਕਿਸੇ ਹੋਰ ਚੈਨਲ ਵੱਲ ਵਧਦੇ ਹਨ। ਉਸ ਚੈਨਲ 'ਤੇ ਵੀ ਬਹਿਸ ਚੱਲ ਰਹੀ ਸੀ। ‘ਰਾਜਨੀਤੀ ਵਿੱਚ ਅਪਰਾਧੀਕਰਨ’ ਵਿਸ਼ਾ ਸੀ। ਬੁਲਾਰੇ ਇੱਕ-ਦੂਜੇ ਨੂੰ ਚੋਭਾਂ ਲਾਉਂਦੇ ਹੋਏ ਆਪਣੀ-ਆਪਣੀ ਪਾਰਟੀ ਦੀ ਪ੍ਰਸ਼ੰਸਾ ਕਰਨ ਵਿੱਚ ਜੁਟੇ ਹੋਏ ਸਨ। ਇੱਕ-ਦੂਜੇ ਦੀ ਬੇਇੱਜ਼ਤੀ ਕਰਨ ਲਈ ਪੂਰਾ ਟਿੱਲ ਲਾ ਰਹੇ ਸਨ। ਤਦੇ ਐਂਕਰ ਆਖਦਾ ਹੈ: “ਇੱਕ ਬਹੁਤ ਵੱਡੀ ਖ਼ਬਰ ਆ ਰਹੀ ਹੈ। ਪਹਿਲਾਂ ਉਹ ਸੁਣ ਲਈਏ। ਬਹਿਸ 'ਤੇ ਫਿਰ ਵਾਪਸ ਆਉਂਦੇ ਹਾਂ। ਦੋ ਮਿੰਟ 'ਚ ਹੀ।”

ਵੱਡੀ ਖ਼ਬਰ ਮੋਟੇ ਅੱਖਰਾਂ 'ਚ ਸਕਰੀਨ 'ਤੇ ਪ੍ਰਿੰਟ ਹੋਣ ਲੱਗਦੀ ਹੈ:

“ਪ੍ਰਸਿੱਧ ਆਗੂ ਨੂੰ ਵਿਰੋਧੀ ਧਿਰ ਦੇ ਨੇਤਾ ਨੇ ਖੰਘ ਦੀ ਦਵਾਈ ਦੀ ਇੱਕ ਸ਼ੀਸ਼ੀ ਕੋਰੀਅਰ ਕਰ ਕੇ ਭੇਜੀ।”

ਖ਼ਬਰ ਛਪਣ ਤੋਂ ਬਾਅਦ ਚੈਨਲ ਵਾਲੀ ਬੀਬੀ ਬੋਲਣ ਲੱਗਦੀ ਹੈ, “ਵਿਰੋਧੀ ਧਿਰ ਦੇ ਨੇਤਾ ਵੱਲੋਂ ਨੇਤਾ ... ਜੀ ਨੂੰ ਖੰਘ ਦੀ ਦਵਾਈ ਦੀ ਇੱਕ ਸ਼ੀਸ਼ੀ ਕੋਰੀਅਰ ਕਰ ਕੇ ਭੇਜਣ ਦਾ ਪਤਾ ਲੱਗਿਆ ਹੈ। ਅਸੀਂ ਆਪਣੇ ਸੰਵਾਦਦਾਤਾ ਅੰਧਰਾਤਾ ਮੱਲ ਤੋਂ ਇਸ ਖ਼ਬਰ ਬਾਰੇ ਪੂਰੀ ਜਾਣਕਾਰੀ ਲੈ ਕੇ ਦਰਸ਼ਕਾਂ ਨੂੰ ਦੱਸਦੇ ਹਾਂ।”

“ਅੰਧਰਾਤਾ ਮੱਲ ਮੇਰੀ ਆਵਾਜ਼ ਤੁਹਾਨੂੰ ਸੁਣ ਰਹੀ ਹੈ?”

“ਸੁਣ ਰਹੀ ਹੈ ਮਿਸ ਪਟਾਕਾ, ਸੁਣ ਰਹੀ ਹੈ।”

“ਇਹ ਖੰਘ ਦੀ ਦਵਾਈ ਦੀ ਸ਼ੀਸ਼ੀ ਵਾਲੀ ਕੀ ਗੱਲ ਹੈ? ਤੁਹਾਡੇ ਕੋਲ ਇਸ ਬਾਰੇ ਕੀ ਜਾਣਕਾਰੀ ਹੈ?”

“ਦਵਾਈ ਦੀ ਸ਼ੀਸ਼ੀ ਵਾਲੀ ਗੱਲ ਸੋਲ੍ਹਾਂ ਆਨੇ ਸਹੀ ਹੈ। ਵਿਰੋਧੀ ਧਿਰ ਦੇ ਨੇਤਾ ਨੇ ਸੱਚਮੁੱਚ ਹੀ ਸਾਡੇ ਪਿਆਰੇ ਆਗੂ ਨੂੰ ਦਵਾਈ ਭੇਜੀ ਹੈ। ਮੈਂ ਉਨ੍ਹਾਂ ਕੋਲ ਹੀ ਖਲੋਤਾ ਹਾਂ, ਸੁਣੋ ਉਹ ਇਸ ਬਾਰੇ ਕੀ ਕਹਿੰਦੇ ਹਨ...”

“ਤੁਸੀਂ ਇਹ ਕੋਰੈਕਸ ਦੀ ਸ਼ੀਸ਼ੀ ਉਨ੍ਹਾਂ ਨੂੰ ਕਿਉਂ ਭੇਜੀ?”

“ਜਦੋਂ ਦੇਖੋ ਉਹ ਖੰਘਦੇ ਹੀ ਰਹਿੰਦੇ ਹਨ, ਖੰਘਦੇ ਹੀ ਰਹਿੰਦੇ ਹਨ। ਜਿਹੜਾ ਬੰਦਾ ਆਪਣੀ ਖੰਘ ਦਾ ਇਲਾਜ ਟਾਈਮ 'ਤੇ ਨਹੀਂ ਕਰਵਾ ਸਕਦਾ ਉਹ ਦੇਸ਼ ਦੀਆਂ ਬੀਮਾਰੀਆਂ ਦਾ ਇਲਾਜ ਕਿਵੇਂ ਕਰ ਸਕਦਾ ਹੈ? ਇਸੇ ਲਈ ਅਸੀਂ ਆਪਣੇ ਭਾਈਚਾਰੇ ਦਾ ਖ਼ਿਆਲ ਕਰਦਿਆਂ ਇਹ ਸ਼ੀਸ਼ੀ ਭੇਜੀ ਹੈ ਤਾਂ ਕਿ ਉਹ ਦੇਸ਼ ਨੂੰ ਕੰਟਰੋਲ ਕਰਨ ਤੋਂ ਪਹਿਲਾਂ ਆਪਣੀ ਖੰਘ ਕੰਟਰੋਲ ਕਰਨ।”

“ਇਹ ਸ਼ੀਸ਼ੀ ਭੇਜ ਕੇ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ?”

“ਦੇਖੋ ਜੀ, ਮੁਸੀਬਤ ਵੇਲੇ ਭਰਾ ਹੀ ਭਰਾ ਦੇ ਕੰਮ ਆਉਂਦਾ ਹੈ। ਬਾਹਰੋਂ ਭਾਵੇਂ ਅਸੀਂ ਲੜਦੇ ਹੀ ਕਿਉਂ ਨਾ ਰਹੀਏ ਪਰ ਅੰਦਰੋਂ ਅਸੀਂ ਨੇਤਾ ਲੋਕ ਇੱਕ ਹੀ ਹੁੰਦੇ ਹਾਂ।” ਵਿਰੋਧੀ ਧਿਰ ਦਾ ਨੇਤਾ ਮੀਸਣੀ ਹਾਸੀ ਹੱਸਦਾ ਹੋਇਆ ਲੋਪ ਹੋ ਜਾਂਦਾ ਹੈ।

“ਅੰਧਰਾਤਾ ਮੱਲ ਜੀ, ਅੰਧਰਾਤਾ ਮੱਲ ਜੀ,” ਐਂਕਰ ਚੀਕਦੀ ਹੈ।

“ਸ਼ਾਇਦ ਅੰਧਰਾਤਾ ਮੱਲ ਨਾਲ ਸਾਡਾ ਸੰਪਰਕ ਟੁੱਟ ਗਿਆ ਹੈ। ਸੰਪਰਕ ਹੁੰਦਿਆਂ ਹੀ ਅਸੀਂ ਇਸ ਵੱਡੀ ਖ਼ਬਰ 'ਤੇ ਹੋਰ ਚਾਨਣਾ ਪਾਉਣ ਦੀ ਕੋਸ਼ਿਸ਼ ਕਰਾਂਗੇ।”

ਸਾਡੇ ਮੁਲਕ 'ਚ ਹੁਣ ਵੱਡੀਆਂ ਖ਼ਬਰਾਂ ਹੀ ਪੜ੍ਹੀਆਂ-ਸੁਣੀਆਂ ਜਾਂਦੀਆਂ ਹਨ। ਛੋਟੀਆਂ-ਮੋਟੀਆਂ ਖ਼ਬਰਾਂ ਲਈ ਸਾਡੇ ਚੈਨਲਾਂ ਕੋਲ ਟਾਈਮ ਹੀ ਨਹੀਂ ਹੁੰਦਾ। ‘ਸਟੇਟਸ ਡਾਊਨ’ ਕਰਵਾਉਣਾ ਕਿਸੇ ਚੈਨਲ ਦੇ ਹਿੱਤ 'ਚ ਨਹੀਂ ਹੈ।

# ਗੁਰਮੇਲ ਮਡਾਹੜ ਦੀਆਂ ਮਿੰਨੀ ਕਹਾਣੀਆਂ



## ਬਦਲਾ

ਸਵਾਰੀਆਂ ਦਾ ਭਰਿਆ ਹੋਇਆ ਤਾਂਗਾ ਚੜ੍ਹਾਈ ਚੜ੍ਹ ਰਿਹਾ ਸੀ। ਘੋੜਾ ਪੂਰਾ ਜ਼ੋਰ ਲਾ ਕੇ ਤਾਂਗਾ ਖਿੱਚ ਰਿਹਾ ਸੀ। ਤਾਂਗੇ ਦੇ ਬੰਬ ਤੋਂ ਕੋਚਵਾਨ ਹੇਠਾਂ ਉੱਤਰ ਆਇਆ ਹੈ। ਉਸ ਨੇ ਸਵਾਰੀਆਂ ਨੂੰ ਭਾਰ ਅੱਗੇ ਕਰਕੇ ਬੈਠਣ ਦਾ ਇਸ਼ਾਰਾ ਕੀਤਾ ਹੈ। ਤੇ ਘੋੜੇ ਦੇ ਛਮਕ ਮਾਰਕੇ ਬੋਲਿਆ ਹੈ, “ਸ਼ਾਬਾਸ਼! ਮੇਰੇ ਸ਼ੇਰ ਦੇ ਸ਼ਾਬਾਸ਼...” ਛਮਕ ਦੀ ਮਾਰ ਤੇ ਮਾਲਕ ਦੀ ਹੱਲਾਸ਼ੇਰੀ ਕਰਕੇ ਘੋੜਾ ਨੇ ਆਪਣਾ ਰਹਿੰਦਾ ਜ਼ੋਰ ਵੀ ਤਾਂਗਾ ਖਿੱਚਣ ਤੇ ਲਾ ਦਿੱਤਾ ਹੈ। ਕੋਚਵਾਨ ਤਾਂਗੇ ਦੇ ਨਾਲ ਨਾਲ ਤੁਰਨ ਲੱਗਦਾ ਹੈ।



“ਘੋੜੇ ਦੀ ਟੰਗ ਖਰਾਬ ਹੈ?” ਇੱਕ ਸਵਾਰੀ ਨੇ ਅੱਗੇ ਨੂੰ ਝੁਕਦਿਆਂ ਘੋੜੇ ਨੂੰ ਲੰਗੜਾਉਂਦੇ ਹੋਏ ਦੇਖ ਕੇ ਪੁੱਛਿਆ।

“ਹਾਂ।”

“ਫੇਰ ਅਰਾਮ ਕਰਵਾਉਣਾ ਸੀ, ਇਸ ਨੂੰ...”

“ਡੇਢ ਮਹੀਨੇ ਮਗਰੋਂ ਅੱਜ ਹੀ ਜੋੜਿਐ...”

“ਸਵਾਰੀਆਂ ਘੱਟ ਬਠਾ ਲਿਆ ਕਰ...”

“ਕਿਵੇਂ ਬਠਾ ਲਿਆ ਕਰਾਂ, ਅੱਠ ਰੁਪੈ ਕਿਲੋ ਦੇ ਹਿਸਾਬ ਨਾਲ ਦੋ ਕਿੱਲੋ ਛੋਲੇ...ਚਾਰ ਰੁਪਈਆਂ ਦਾ ਦਸ ਕਿਲੋ ਚਾਰਾ। ਚਾਰ ਰੁਪੈ ਦੀ ਦਸ ਕਿਲੋ ਤੂੜੀ...ਪੰਜ ਰੁਪੈ ਦਾ ਮਸਾਲਾ। ਉਨੱਤੀ-ਤੀਹ ਰੁਪਏ ਘੋੜੇ ਨੂੰ ਚਾਰ ਕੇ, ਦਸ ਰੁਪਈਏ ਮੈਨੂੰ ਵੀ ਘਰ ਦਾ ਖਰਚ ਚਲਾਉਣ ਲਈ ਚਾਹੀਦੇ ਨੇ...”

ਉਹ ਤਾਂ ਠੀਕ ਹੈ, ਪਰ ਸ਼ਾਸਤਰਾਂ ਵਿਚ ਲਿਖਿਆ ਹੈ ਕਿ ਜੋ ਆਦਮੀ ਕਿਸੇ ਨੂੰ ਇਸ ਜਨਮ ਵਿਚ ਤੰਗ ਕਰਦਾ ਹੈ, ਉਸ ਦਾ ਬਦਲਾ ਉਸ ਨੂੰ ਅਗਲੇ ਜਨਮ ਵਿਚ ਦੇਣਾ ਪੈਂਦਾ ਹੈ” ਇਕ ਸਵਾਰੀ ਬੋਲੀ।

“ਪਹਿਲਾਂ ਇਸ ਜਨਮ ਦੇ ਬਾਰੇ ਸੋਚ ਲਈਏ...ਦੂਸਰੇ ਜਨਮ ਬਾਰੇ ਦੂਸਰੇ ਜਨਮ ਵਿਚ ਦੇਖੀ ਜਾਊਗੀ...” ਕਹਿਕੇ ਕੋਚਵਾਨ ਨੇ ਘੋੜੇ ਨੂੰ ਚਾਬੁਕ ਮਾਰ ਦਿੱਤੀ।

## ਰਾਜ

ਇਕ ਕੱਛੂ ਵਾਹੋਦਾਹੀ ਭੱਜਿਆ ਜਾ ਰਿਹਾ ਸੀ। ਸਾਹ ਚੜ੍ਹ ਚੁੱਕਿਆ ਸੀ। ਲੱਤਾਂ ਥਕ ਕੇ ਕੇ ਜਵਾਬ ਦੇ ਗਈਆਂ ਸਨ। ਉਹਨੂੰ ਆਪਣੀ ਹਾਰ ਅੱਖਾਂ ਸਾਹਮਣੇ ਭੂਤਨੀ ਵਾਂਗ ਨੱਚਦੀ ਵਿਖਾਈ ਦੇ ਰਹੀ ਸੀ। ਅਚਾਨਕ ਉਸਨੂੰ ਆਪਣੇ ਉੱਪਰ ਦੀ ਇਕ ਘੁੱਗੀ ਲੰਘੀ ਜਾਂਦੀ ਦਿਖਾਈ ਦਿੱਤੀ। ਉਸਨੇ ਘੁੱਗੀ ਨੂੰ ਅਵਾਜ਼ ਮਾਰ ਦਿੱਤੀ। ਕੱਛੂ ਦੀ ਅਵਾਜ਼ ਸੁਣ ਕੇ ਘੁੱਗੀ ਝਟ ਹੇਠਾਂ ਉੱਤਰ ਆਈ। “ਕੀ ਘੁੱਗੀਏ, ਤੂੰ ਅਮਨ ਦੀ ਦੇਵੀ ਹੈਂ ਨਾ, ਦੇਖ ਖਰਗੋਸ਼ ਨੇ ਮੇਰੀ ਕਮਜੋਰੀ ਨੂੰ, ਮੇਰੀ ਧੀਮੀ ਚਾਲ ਨੂੰ ਵੰਗਾਰਿਆ ਹੈ। ਤੇ ਮੈਂ ਉਸਦੀ ਚੁਨੌਤੀ ਮਨਜੂਰ ਕਰ ਲਈ ਹੈ। ਇਸ ਲਈ ਮਿਹਰਬਾਨੀ ਕਰਕੇ ਮੇਰੀ ਮਦਦ ਕਰ। ਮੈਂ ਤੇਰਾ ਰਿਣੀ ਹੋਵਾਂਗਾ।”

“ਮੈਂ ਤੇਰੀ ਕੀ ਮਦਦ ਕਰ ਸਕਦੀ ਹਾਂ?” ਘੁੱਗੀ ਨੇ ਕੱਛੂ ਦੀਆਂ ਕੀਤੀਆਂ ਮਿੰਨਤਾਂ ਤੇ ਪਸੀਜਦਿਆਂ ਕਿਹਾ।



“ਤੂੰ ਮੈਨੂੰ ਆਪਣੀ ਪਿੱਠ ਤੇ ਬੈਠਾ ਕੇ ਖਰਗੋਸ ਤੋਂ ਅੱਗੇ ਲੈ ਚੱਲ।”

ਘੁੱਗੀ ਨੇ ਉਸਨੂੰ ਆਪਣੀ ਪਿੱਠ ਤੇ ਬੈਠਾ ਕੇ ਉੱਡਣਾ ਸ਼ੁਰੂ ਕਰ ਦਿੱਤਾ। ਕੱਛੂ ਦੇ ਭਾਰ ਨਾਲ ਤੇ ਖਰਗੋਸ਼ ਤੋਂ ਅੱਗੇ ਲੰਘਣ ਦੀ ਕੋਸ਼ਿਸ਼ ਕਰਕੇ ਘੁੱਗੀ ਦੇ ਪਰ ਥਕ ਗਏ ਸੀ। ਸਾਹ ਚੜ੍ਹ ਗਿਆ ਸੀ। ਪਰ ਉਹ ਹਵਾ ਨੂੰ ਚੀਰਦੀ ਹੋਈ ਤੇਜ਼ ਹੋਰ ਤੇਜ਼ ਉੱਡ ਰਹੀ ਸੀ। ਤੇ ਇਕ ਥਾਂ ਤੇ ਜਾ ਕੇ ਉਹ ਖਰਗੋਸ਼ ਨੂੰ ਪਿੱਛੇ ਛੱਡ ਗਈ। ਖਰਗੋਸ਼ ਦੇ ਪਿੱਛੇ ਰਹਿ ਜਾਣ ਤੇ ਕੱਛੂ ਨੂੰ ਸੁੱਖ ਦਾ ਸਾਹ ਆਇਆ। ਘੁੱਗੀ ਵੀ ਖੁਸ਼ ਸੀ ਕਿ ਉਹ ਕਿਸੇ ਕਮਜ਼ੋਰ ਜੀਵ ਦੀ ਮਦਦ ਕਰ ਰਹੀ ਹੈ।

ਪਹੁੰਚ ਸਥਾਨ ਤੇ ਪਹੁੰਚ ਕੇ ਕੱਛੂ ਨੇ ਘੁੱਗੀ ਨੂੰ ਰੁਕਣ ਲਈ ਕਿਹਾ। ਘੁੱਗੀ ਰੁਕ ਗਈ। ਪਰ ਅਚਾਨਕ ਕੱਛੂ ਨੂੰ ਕਿਸੇ ਗੱਲ ਦਾ ਖਿਆਲ ਆਇਆ ਤਾਂ ਉਸਦੀ ਖੁਸ਼ੀ ਕਫੂਰ ਬਣ ਕੇ ਉੱਡ ਗਈ। ਪਰ ਜਦ ਘੁੱਗੀ ਉਸਨੂੰ ਆਪਣੀ ਪਿੱਠ ਤੋਂ ਲਾਹ ਕੇ ਉੱਡਣ ਹੀ ਲੱਗੀ ਸੀ ਤਾਂ ਕੱਛੂ ਨੇ ਪਿੱਛੋਂ ਦਾਤੀ ਕੱਢ ਕੇ ਉਸਦੀ ਗਰਦਨ ਤੇ ਚਲਾ ਦਿੱਤੀ। ਘੁੱਗੀ ਤੜਫ਼ ਕੇ ਰਹਿ ਗਈ। ਕੋਲ ਖੜੇ ਕੱਛੂ ਨੇ ਪੂਰੇ ਜ਼ੋਰ ਦੀ ਠਹਾਕਾ ਮਾਰ ਕੇ ਕਿਹਾ– “ਹੁਣ ਮੇਰੀ ਜਿੱਤ ਦਾ ਰਾਜ਼ ਦੱਸਣ ਵਾਲਾ ਕੋਈ ਨਹੀਂ।”

## ਅਹਿਸਾਸ

ਵਿਆਹ ਤੋਂ ਪਹਿਲਾਂ ਉਹ ਜਦ ਵੀ ਇਕ ਦੂਜੇ ਨੂੰ ਮਿਲਦੇ ਤਾਂ ਜਸਜੀਤ ਵੀਨਾ ਦੇ ਜੂੜੇ ਵਿਚ ਬੜੇ ਪਿਆਰ ਨਾਲ ਫੁੱਲ ਟੰਗਦਾ। ਜਿਸ ਨੂੰ ਉਹ ਕਿੰਨਾ-ਕਿੰਨਾ ਚਿਰ ਪਿਆਰ ਨਾਲ ਪਲੋਸਦੀ ਰਹਿੰਦੀ ਤੇ ਕਹਿੰਦੀ, “ਜਸਜੀਤ. ਮੈਨੂੰ ਇਕ ਪੁੱਤਰ ਦੇ ਦੇ, ਬਿਲਕੁਲ ਤੇਰੇ ਵਰਗੀ ਸ਼ਕਲ ਹੋਵੇ, ਤੇਰੇ ਵਰਗੀ ਅਕਲ।”

“ਫਿਕਰ ਨਾ ਕਰ, ਤੇਰੀ ਇਹ ਖਾਹਸ਼ ਵੀ ਜਲਦੀ ਹੀ ਪੂਰੀ ਹੋ ਜਾਵੇਗੀ।” ਜਸਜੀਤ ਉੱਤਰ ਦਿੰਦਾ।

ਫਿਰ ਉਹਨਾਂ ਦਾ ਵਿਆਹ ਹੋ ਗਿਆ। ਵਿਆਹ ਤੋਂ ਬਾਦ ਉਸ ਨੂੰ ਕਈ ਵਾਰ ਮਾਂ ਬਣਨ ਦੀ ਆਸ ਹੋਈ, ਪਰ ਕੁਝ ਸਮਾਂ ਪਾ ਕੇ ਬਿਮਾਰ ਹੋ ਜਾਂਦੀ ਰਹੀ। ਇਸ ਦੌਰਾਨ ਜਸਜੀਤ ਫੁੱਲ-ਵੁੱਲ ਟੰਗਣੇ ਸਭ ਭੁੱਲ ਗਿਆ। ਬੱਸ ਹਰ ਵਕਤ ਉਹਨੂੰ ਵੀਨਾ ਦੀ ਚਿੰਤਾ ਖਾਈ ਜਾਂਦੀ। ਬੜੀ ਨੱਠ-ਭੱਜ ਤੇ ਇਲਾਜ ਲਈ ਕਈ ਡਾਕਟਰ ਬਦਲਣ ਤੋਂ ਬਾਦ ਕਿਤੇ ਜਾ ਕੇ ਉਹ ਸਫਲ ਹੋਏ। ਉਸ ਦੇ ਘਰ ਲੜਕੇ ਨੇ ਜਨਮ ਲਿਆ। ਜਸਜੀਤ ਮਾਰੇ ਖੁਸ਼ੀ ਦੇ ਫੁੱਲਿਆ ਨਹੀਂ ਸੀ ਸਮਾਉਂਦਾ। ਉਸ ਨੇ ਬੱਚੇ ਨੂੰ ਚੁੱਕ ਕੇ ਰੱਜ ਕੇ ਪਿਆਰ ਕੀਤਾ ਤੇ ਫੇਰ ਵੀਨਾ ਨੂੰ ਮੁਬਾਰਕਬਾਦ ਦੇਣ ਤੋਂ ਬਾਦ ਉਸ ਦੇ ਬੈੱਡ ਤੇ ਪਈ ਦੇ ਹੀ ਜੂੜੇ ਵਿਚ ਜਦ ਫੁੱਲ ਟੰਗਣ ਲੱਗਾ ਤਾਂ ਉਹ ਬੋਲੀ, “ਜਸਜੀਤ ਹੁਣ ਮੇਰੇ ਇਹ ਫੁੱਲ ਨਾ ਟੰਗਿਆ ਕਰ।”

“ਕਿਉਂ ? ਹੁਣ ਮੇਰਾ ਫੁੱਲ ਟੰਗਣਾ ਤੈਨੂੰ ਚੰਗਾ ਨਹੀਂ ਲਗਦਾ?”

“ਨਹੀਂ, ਇਹ ਗੱਲ ਨਹੀਂ।”

“ਫੇਰ?”

“ਫੁੱਲ ਤੋੜਨ ਲਈ ਨਹੀਂ, ਦੇਖਣ ਤੇ ਪਿਆਰ ਕਰਨ ਲਈ ਹੁੰਦੇ ਨੇ...।”

“ਅੱਛਾ...!” ਜਸਜੀਤ ਨੇ ਹੈਰਾਨੀ ਪ੍ਰਗਟ ਕੀਤੀ।

“ਹਾਂ...ਕੋਈ ਫੁੱਲ ਕਿੰਨਾ ਔਖਾ ਖਿੜਦੈ, ਇਹ ਇਕ ਮਾਂ ਹੀ ਜਾਣ ਸਕਦੀ ਐ...ਕੋਈ ਹੋਰ ਨਹੀਂ...” ਕਹਿ ਕੇ ਵੀਨਾ ਨੇ ਬੇਟੇ ਨੂੰ ਘੁੱਟ ਕੇ ਹਿੱਕ ਨਾਲ ਲਾ ਲਿਆ।

# ਮੇਰੇ ਪੇਕਿਆਂ ਦੇ ਪਿੰਡ ਤੀਆਂ ਜੋਰ ਲੱਗੀਆਂ

ਸਫ਼ਾ 5 ਦੀ ਬਾਕੀ

ਸਾਉਣ ਮਹੀਨਾ ਦਿਨ ਤੀਆਂ ਦੇ,
ਪਿੱਪਲੀ ਪੀਂਘਾ ਪਾਈਆਂ,
ਭਿੱਜ ਗਈ ਰੂਹ ਮਿੱਤਰਾ, ਸਾਉਣ ਘਟਾਂ ਚੜ੍ਹ ਆਈਆਂ।

ਪੇਕਿਆਂ ਦਾ ਚਾਅ, ਵਿਛੜੀਆਂ ਸਹੇਲੀਆਂ ਦਾ ਸੰਗ, ਨਾਲ ਹੀ ਸਾਉਣ ਦੀ ਚੜ੍ਹੀ ਮਸਤੀ ਵਿੱਚ ਕੁੜੀਆਂ ਗਾਉਂਦੀਆਂ ਹਨ:-

ਆਇਆ ਸਾਉਣ ਮਹੀਨਾ, ਕੁੜੀਓ, ਲੈ ਕੇ ਠੰਡੀਆਂ ਹਵਾਵਾਂ,
ਪੇਕੇ ਘਰੋਂ ਮੈਨੂੰ ਆਈਆਂ ਝਾਂਜਰਾਂ, ਮਾਰ ਅੱਡੀ ਛਣਕਾਵਾਂ,
ਖੱਟਾ ਡੋਰੀਆ ਉੱਡ-ਉੱਡ ਜਾਂਦਾ, ਜਦ ਮੈਂ ਪੀਂਘ ਚੜ੍ਹਾਵਾਂ,
ਸਾਉਣ ਦੇ ਬੱਦਲਾ ਵੇ, ਜਸ ਤੇਰਾ ਮੈਂ ਗਾਵਾਂ।

ਤੀਆਂ ਦਾ ਮੇਲਾ ਔਰਤ ਜਾਤੀ ਦੇ ਮਾਨ-ਸਨਮਾਨ ਅਤੇ ਆਜਾਦੀ ਦੇ ਪ੍ਰਗਟਾਵੇ ਦਾ ਇੱਕ ਸੱਭਿਆਚਾਰਕ ਪਿੜ ਹੁੰਦਾ ਹੈ। ਤੀਆਂ ਦੇ ਦਿਨਾਂ ਵਿੱਚ ਪਿੰਡ ਦੀ ਹਰ ਇੱਕ ਕੁੜੀ ਅਤੇ ਵਿਆਂਹਦੜ ਦਾ ਤਨ-ਮਨ ਗਿੱਧੇ ਨਾਲ ਜੁੜਿਆ ਹੁੰਦਾ ਹੈ। ਇਹ ਭਾਵਨਾ ਇੱਕ ਬੋਲੀ ਰਾਹੀਂ ਪ੍ਰਗਟ ਹੁੰਦੀ ਹੈ:-

ਆਇਆ ਸਾਵਣ ਮਨ ਪ੍ਰਚਾਵਣ,
ਰੱਜੀਆਂ ਮੱਝੀ ਗਾਈਂ,
ਗਿੱਧਿਆ ਪਿੰਡ ਵੜ ਵੇ, ਲਾਮ੍ਹ-ਲਾਮ੍ਹ ਨਾ ਜਾਈਂ।

ਧਨੀ ਰਾਮ ਚਾਤ੍ਰਿਕ ਨੇ ਆਪਣੀ ਕਵਿਤਾ ਦੇ ਇੱਕ ਟੱਪੇ ਰਾਹੀਂ ਸਾਉਣ ਦੇ ਮਹੀਨੇ ਨਾਲ ਮੁਟਿਆਰ ਦੇ ਮੋਹ ਨੂੰ ਇੰਝ ਪ੍ਰਗਟ ਕੀਤਾ ਹੈ:-

ਬਾਲਮਾ ! ਵਾਰ ਨੇ ਤਿਹਾਰੇ, ਦੇ ਜਾ ਸਾਉਣ ਦੇ ਦਿਨ ਉਧਾਰੇ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਸਰੂਪ ਵਿੱਚ ਆ ਕੇ, ਸਾਉਣ ਬਾਰੇ ਇੱਕ ਔਰਤ ਦੀ ਭਾਵਨਾ ਨੂੰ ਇੰਝ ਪ੍ਰਗਟ ਕੀਤਾ ਹੈ:-

ਮੇਰੀ ਰੁਣ ਝੁਣ ਲਾਇਆ ਭੈਣੇ ਸਾਵਣ ਆਇਆ।

ਸਾਉਣ ਵਿੱਚ ਸ਼ਿੰਗਾਰ ਰਸ ਦੀ ਪ੍ਰਧਾਨਤਾ : ਸਾਉਣ ਦੇ ਮਹੀਨੇ ਪੂਰੀ ਪ੍ਰਕ੍ਰਿਤੀ ਹੀ ਹਰਿਆਵਲ ਰੂਪੀ ਸ਼ਿੰਗਾਰ ਰਸ ਨਾਲ ਨੱਕੋ-ਨੱਕ ਭਰੀ ਹੁੰਦੀ ਹੈ। ਤੀਆਂ ਦੇ ਮੇਲੇ ਵਿੱਚ ਸ਼ਾਮਿਲ ਕੁੜੀਆਂ ਦੇ ਸ਼ਿੰਗਾਰ ਦੀਆਂ ਤਾਂ ਸਾਰੀਆਂ ਹੱਦਾਂ ਹੀ ਪਾਰ ਹੁੰਦੀਆਂ ਹਨ। ਤੀਜ ਦੀਆਂ ਤੀਆਂ ਦੇ ਮੇਲੇ ਚ ਮੁਟਿਆਰਾਂ ਸਜ ਧਜ ਕੇ ਜਾਂਦੀਆਂ ਹਨ: ਹੱਥ ਮਹਿੰਦੀ ਨਾਲ ਰੰਗੇ ਹੁੰਦੇ ਹਨ। ਕੁਆਰੀਆਂ ਦੀਆਂ ਬਾਹਾਂ ਵਿੱਚ ਚੂੜੀਆਂ ਅਤੇ ਵਿਆਹਦੰੜਾਂ ਦੀਆਂ ਬਾਹਾਂ ਵਿੱਚ ਚੂੜੇ ਛਣਕਦੇ ਹਨ। ਮੁਟਿਆਰਾਂ ਨਵੇਂ ਸੂਟ ਜਾਂ ਘੱਗਰੇ ਪਾਉਂਦੀਆਂ ਹਨ। ਵਿਆਹਦੰੜਾਂ ਤਾਂ ਸੋਨੇ ਨਾਲ ਵੀ ਲੱਦੀਆਂ ਹੁੰਦੀਆਂ ਹਨ। ਤੀਆਂ ਵਿੱਚ ਮੁਟਿਆਰਾਂ ਦੇ ਸਜ ਧਜ ਕੇ ਆਉਣ ਨੂੰ ਪ੍ਰਗਟ ਕਰਦੀ ਇੱਕ ਬੋਲੀ ਇੰਝ ਹੈ :-

ਨੱਚਾਂ-ਨੱਚਾਂ-ਨੱਚਾਂ, ਨੀ ਮੈਂ ਅੱਗ ਵਾਂਗੂ ਮੱਚਾਂ,
ਮੇਰੀ ਨੱਚਦੀ ਦੀ ਝਾਂਜਰ ਛਣਕੇ ਨੀ,
ਨੀ ਮੈਂ ਨੱਚਣਾ ਪਟੋਲਾ ਬਣਕੇ ਨੀ।

ਮਹਿੰਦੀ ਅਤੇ ਤੀਆਂ ਦਾ ਰਿਸ਼ਤਾ:- ਤੀਆਂ ਬਿਨਾਂ ਸਾਉਣ ਅਧੂਰਾ ਅਤੇ ਮਹਿੰਦੀ ਬਿਨ ਤੀਆਂ। ਔਰਤਾਂ ਲਈ ਗਹਿਣੀਆਂ ਦੇ ਨਾਲ ਮਹਿੰਦੀ ਦਾ ਸ਼ਿੰਗਾਰ ਉੱਤਮ ਮੰਨਿਆ ਗਿਆ ਹੈ। ਸਾਉਣ ਦੀਆਂ ਤੀਆਂ ਦੇ ਮੇਲਿਆ ਵੇਲੇ ਹਰ ਇੱਕ ਘਰ ਵਿੱਚ ਕੁਆਰੀਆਂ ਅਤੇ ਵਿਆਹਦੰੜਾਂ, ਮਹਿੰਦੀ ਦਾ ਸ਼ਿੰਗਾਰ ਕਰਦੀਆਂ ਹਨ। ਮੁਟਿਆਰਾਂ ਮਹਿੰਦੀ ਦੇ ਲਾਲ ਸੂਹੇ ਰੰਗਾਂ ਵਿੱਚ ਰੰਗੀਆਂ, ਸਿਰ ਫੁਲਕਾਰੀਆਂ ਲੈ ਕੇ ਗਿੱਧੇ ਦੇ ਪਿੜ ਵਿੱਚ ਚੀਚ ਵਹੁਟੀਆਂ ਬਣ-ਬਣ ਨਿੱਤਰਦੀਆਂ ਹਨ, ਜਿਵੇਂ :-

ਬਾਗੀ ਫੇਰਾ ਪਾ ਗਈ ਨੀਂ,
ਗੋਰੀ ਤਿੱਤਲੀ ਬਣਕੇ,
ਹੱਥੀਂ ਤਾਂ ਮਹਿੰਦੀ ਰੰਗਲੀ ਨੀਂ,
ਬਾਹੀਂ ਚੂੜਾ ਛਣਕੇ।

ਤੀਆਂ ਦੇ ਗਿੱਧੇ ਵਿੱਚ ਸ਼ਾਮਿਲ ਪੰਜਾਬ ਦੀਆਂ ਮੁਟਿਆਰਾਂ ਇੰਦਰ ਲੋਕ ਦੀਆਂ ਪਰੀਆਂ ਲੱਗਦੀਆਂ ਹਨ। ਸ਼ਿੰਗਾਰ ਰਸ ਨੂੰ ਸਮਰਪਿਤ ਇੱਕ ਹੋਰ ਬੋਲੀ ਇੰਝ ਹੈ:-

ਨੱਚਣ ਦੀਆਂ ਤੂੰ ਕਰੇਂ ਦਲੀਲਾਂ ਲਹਿੰਗਾ ਜਾਮਣੀ ਪਾਇਆ,
ਨੀ ਅੱਖ ਚੁਫੇਰੇ ਘੁੰਮਦੀ ਤੇਰੀ, ਮੱਥੇ ਚੌਂਕ ਸਜਾਇਆ,
ਨੱਚ ਮਲਕੀਤ ਕੁਰੇ, ਪਿੰਡ ਦੇਖਣ ਨੂੰ ਆਇਆ।

ਗਿੱਧੇ ਦੀ ਇੱਕ ਹੋਰ ਲੋਕ ਬੋਲੀ ਰਾਹੀਂ ਵਿਆਹਦੰੜਾਂ ਦਾ ਸ਼ਿੰਗਾਰ ਚੋ-ਚੋ ਪੈਂਦਾ ਹੈ:-

ਸਾਂਵੀ ਚੁੰਨੀ ਵਾਲੀਏ ਕੁੜੀਏ, ਆਈਐਂ ਗਿੱਧੇ ਵਿੱਚ ਬਣਕੇ,
ਨੀ ਕੰਨੀ ਤੇਰੇ ਝੁਮਕੇ ਸੋਂਹਦੇ, ਗਲ ਕੈਂਠੀ ਦੇ ਮਣਕੇ,
ਨੀ ਤੀਲ੍ਹੀ ਤੇਰੀ ਨੇ ਮੁਲਕ ਮੋਹਲਿਆ, ਬਾਹੀਂ ਚੂੜਾ ਛਣਕੇ,
ਫੇਰ ਕਦ ਨੱਚੇਗੀਂ, ਨੱਚ ਲੈ ਪਟੋਲਾ ਬਣਕੇ।

ਜਦੋਂ ਤੀਆਂ ਦਾ ਗਿੱਧਾ ਪੈਂਦਾ ਹੈ, ਤਾਂ ਮੁਟਿਆਰਾਂ ਪੂਰੇ ਲੋਰ ਚ ਆਕੇ ਨੱਚਦੀਆਂ ਹਨ, ਉਹਨਾਂ ਦੇ ਗਿੱਧੇ ਦੀ ਧਮਕ ਸਾਰੇ ਪਿੰਡ ਵਿੱਚ ਸੁਣਾਈ ਦਿੰਦੀ ਹੈ:-

ਸੁੱਥਣ ਸੂਫ ਦੀ ਸ਼ੀਸ਼ਿਆਂ ਵਾਲੀ, ਨਾਲ ਹਵਾ ਦੇ ਖਹਿੰਦੀ,
ਬਈ ਜਦ ਧਰਤੀ ਤੇ ਅੱਡੀ ਮਾਰਾਂ, ਧਮਕ ਜਲੰਧਰ ਪੈਂਦੀ,
ਨੀ ਗੁੱਤ ਨਾਗਨੀ ਸਭ ਨੂੰ ਡੰਗੇ, ਆਪ ਡੰਗੀ ਨਾ ਜਾਵੇ,
ਨੱਚਦੀ ਮੇਲਣ ਦਾ, ਲੌਂਗ ਬੋਲੀਆਂ ਪਾਵੇ।

ਗਿੱਧੇ ਵਿੱਚ ਜੇਕਰ ਕੋਈ ਮੁਟਿਆਰ, ਨੱਚਣ ਵਿੱਚ ਨਖਰਾ ਕਰਦੀ ਹੋਵੇ, ਤਾਂ ਦੂਜੀ ਮੁਟਿਆਰ ਬੋਲੀ ਪਾਉਂਦੀ ਹੈ:-

ਜੇ ਨਖਰੋ ਤੂੰ ਨੱਚਣਾ ਜਾਣਦੀ, ਦੇਦੇ ਸ਼ੌਂਕ ਦਾ ਗੇੜਾ,
ਰੂਪ ਤੇਰੇ ਦੀ ਗਿੱਠ-ਗਿੱਠ ਲਾਲੀ, ਤੈਥੋਂ ਸੋਹਣਾ ਕਿਹੜਾ,
ਨੀ ਦੀਵਾ ਕੀ ਕਰਨਾ, ਚਾਨਣ ਹੋਜੂ ਤੇਰਾ।

ਪੰਜਾਬੀ ਲੋਕ ਨਾਚ ਗਿੱਧੇ ਦੀਆਂ ਅਜਿਹੀਆਂ ਹਜਾਰਾਂ ਬੋਲੀਆਂ ਹਨ, ਜਿਨ੍ਹਾਂ ਵਿੱਚ ਸ਼ਿੰਗਾਰ ਰਸ ਦੇ ਨਾਲ ਜੋਸ਼ ਵੀ ਡੁੱਲ-ਡੁੱਲ ਪੈਂਦਾ ਹੈ। ਜਵਾਨੀ ਦੇ ਜੋਸ਼ ਨੂੰ ਪ੍ਰਗਟ ਕਰਦੀ ਇੱਕ ਬੋਲੀ ਦੇਖੋ:-

ਨੀ ਤੂੰ ਨੱਚ ਅੜੀਏ, ਬੋਲੀ ਚੱਕ ਅੜੀਏ,
ਨੀ ਤੂੰ ਅੱਗ ਦੇ ਭਮੂਕੇ ਵਾਂਗੂ ਮੱਚ ਅੜੀਏ।

ਇਹਨਾਂ ਬੋਲੀਆਂ ਦਾ ਰਚਨਹਾਰਾ ਕੋਈ ਇੱਕ ਕਵੀ ਨਹੀਂ ਹੈ, ਸਗੋਂ ਇਹ ਤਾਂ ਲੋਕ ਮਨਾਂ ਦੇ ਬਲਬਲਿਆਂ ਵਿੱਚੋਂ ਆਪ ਮੁਹਾਰੇ ਉਮੰਡੀਆਂ ਹਨ ਅਤੇ ਹੈਰਾਨੀ ਦੀ ਗੱਲ ਇਹ ਹੈ ਕਿ ਹਰ ਇੱਕ ਬੋਲੀ ਸੁਰ ਤਾਲ ਤੇ ਖਰੀ ਉਤਰਦੀ ਹੈ। ਗਿੱਧੇ ਵਿੱਚ ਪੰਜਾਬੀ ਮੁਟਿਆਰ ਆਪਣੀ ਕਲਾ ਅਤੇ ਹੁਸਨ ਦਾ ਪ੍ਰਗਟਾਵਾ ਇੰਝ ਕਰਦੀ ਹੈ :-

ਗਿੱਧਿਆ ਦੇ ਵਿੱਚ ਆਵਾਂ ਨੀ ਮੈਂ, ਪਾਵਾਂ ਨੱਚ ਧਮਾਲਾਂ,
ਪਾਉਣ ਨੀਵੀਆਂ ਮੋਰ ਸ਼ਰਮ ਨਾਲ ਦੇਖ ਮੇਰੀਆਂ ਚਾਲਾਂ,
ਇੱਕ ਜੀ ਕਰਦਾ ਵਿੱਚ ਅੰਬਰਾਂ ਦੇ, ਉੱਡ ਜਾਂ ਕਬੂਤਰ ਬਣਕੇ,
ਛਣਕਾਟਾ ਪੈਂਦਾ ਗਲੀ-ਗਲੀ, ਨੀ ਮੇਰੀ ਐਸੀ ਝਾਂਜਰ ਛਣਕੇ।

ਜਦੋਂ ਪ੍ਰਕ੍ਰਿਤੀ ਪੰਜਾਬੀ ਸੱਭਿਆਚਾਰ ਦੀ ਧਰਾਤਲ ਹੈ, ਤਾਂ ਪੰਛੀਆਂ ਨਾਲ ਇਸ ਦੀ ਸਾਂਝ ਹੋਣੀ ਇੱਕ ਬੁਨਿਆਦੀ ਗੁਣ ਹੈ। ਸਾਉਣ ਦੇ ਮਹੀਨੇ ਵਿੱਚ ਜਿੱਥੇ ਹਰਿਆਵਲ ਆਪਣੇ ਹੁਸਨ ਦੇ ਸ਼ਿਖਰ ਤੇ ਹੁੰਦੀ ਹੈ, ਉੱਥੇ ਹੀ ਪੰਛੀ ਵੀ ਸਾਉਣ ਦੇ ਮਹੀਨੇ ਦਾ ਜਸ਼ਨ ਆਪਣੀਆਂ ਵਿਲੱਖਣ ਸੁਰਾਂ ਨਾਲ ਮਨਾਉਂਦੇ ਹਨ, ਪੰਜਾਬੀ ਮੁਟਿਆਰ ਕੋਇਲ ਨੂੰ ਸੰਬੋਧਿਤ ਹੁੰਦੀ ਕਹਿੰਦੀ ਹੈ:-

ਪ੍ਰੀਤਾਂ ਦੀ ਮੈਨੂੰ ਸਾਂਝ ਬਥੇਰੀ, ਲਾਕੇ ਤੋੜ ਨਿਭਾਵਾਂ,
ਨੀ ਕੋਇਲੇ ਸਾਉਣ ਦੀਏ, ਤੈਨੂੰ ਹੱਥ ਤੇ ਚੋਗ ਚੁਗਾਵਾਂ।

ਮੋਰ ਤਾਂ, ਸਾਉਣ ਦੀ ਪ੍ਰਕ੍ਰਿਤੀ ਦੇਵੀ ਦਾ ਗਹਿਣਾ ਹੈ, ਪੰਜਾਬੀ ਮੁਟਿਆਰ ਕਹਿੰਦੀ ਹੈ:-

ਸਾਉਣ ਦਾ ਮਹੀਨਾ ਬਾਗਾਂ ਵਿੱਚ ਬੋਲਣ ਮੋਰ ਵੇ,
ਜਾਹ ਮੈਂ ਨੀ ਸੌਹਰੇ ਜਾਣਾ, ਗੱਡੀ ਨੂੰ ਖਾਲੀ ਮੋੜ ਵੇ।

ਪੰਜਾਬੀ ਦੇ ਸਿਰਮੋਰ ਕਵੀ ਧਨੀ ਰਾਮ ਚਾਤ੍ਰਿਕ ਨੇ ਸਾਉਣ ਮਹੀਨੇ ਦੀ ਪ੍ਰਕ੍ਰਿਤੀ ਨੂੰ ਇੱਕ ਟੱਪੇ ਰਾਹੀਂ ਇੰਝ ਪ੍ਰਕਟ ਕੀਤਾ ਹੈ :-

ਬਾਗਾਂ ਵਿੱਚ ਕੂਕ ਛਿੜ ਪਈ ਏ, ਮੋਰਾਂ ਦੀ ਜਿੰਦ ਖਿੱਚੜ ਪਈ ਏ।

ਜਿੱਥੇ ਗਿੱਧਾ, ਤੀਆਂ ਦੇ ਮੇਲੇ ਦਾ ਦਿਲ ਹੈ, ਉੱਥੇ ਪਿੱਪਲ ਤੇ ਪਾਈ ਹੋਈ ਪੀਂਘ ਮੇਲੇ ਦੀ ਆਤਮਾ ਹੈ। ਤੀਆਂ ਦੇ ਮੇਲੇ ਵਿੱਚ ਪਾਈ ਪੀਂਘ ਨੂੰ ਸਮਰਪਿਤ ਇੱਕ ਖੂਬਸੂਰਤ ਬੋਲੀ ਇੰਝ ਹੈ:-

ਸੌਣ ਮਹੀਨਾ ਵਰ੍ਹੇ ਮੇਘਲਾ, ਲਿਸ਼ਕੇ ਜੋਰੋ ਜੋਰ
ਇਹ ਦਿਨ ਤੀਆਂ ਦੇ ਆਏ, ਪੀਂਘਾਂ ਲੈਣ ਹੁਲਾਰੇ ਜੋਰ।

ਜਦੋਂ ਮੁਟਿਆਰਾਂ ਪੀਂਘਾ ਤੇ ਹੀਂਘਾ ਚੜਾਉਂਦੀਆਂ ਹਨ, ਤਾਂ ਉਹਨਾਂ ਵਿੱਚ ਇਹ ਮੁਕਾਬਲਾ ਹੁੰਦਾ ਹੈ ਕਿ ਕੌਣ ਪਿੱਪਲੀ ਦਾ ਸਿਖਰਲਾ ਪੱਤਾ ਤੋੜ ਕੇ ਲਿਆਉਂਦੀ ਹੈ।

ਵੱਲ੍ਹੋ :- ਸਾਉਣ ਦੀ ਪੂਰਨਮਾਸ਼ੀ ਵਾਲੇ ਦਿਨ ਤੀਆਂ ਦਾ ਆਖਰੀ ਦਿਨ ਹੁੰਦਾ ਹੈ। ਜਿਸਨੂੰ ਵੱਲ੍ਹੋ ਪਾਉਣਾ ਕਹਿੰਦੇ ਹਨ। ਇਸ ਦਿਨ ਜਿੱਥੇ ਮੁਟਿਆਰਾਂ ਵਿੱਚ ਗਿੱਧੇ ਦਾ ਜੋਸ਼ ਸ਼ਿਖਰ ਤੇ ਹੁੰਦਾ ਹੈ, ਉੱਥੇ ਹੀ ਉਹਨਾਂ ਵਿੱਚ ਤੀਆਂ ਦੀ ਵਿਦਾਈ ਦੀ ਮਾਯੂਸੀ ਵੀ ਹੁੰਦੀ ਹੈ। ਗਿੱਧੇ ਦੇ ਆਖਰੀ ਪੜਾ ਉੱਪਰ ਮੁਟਿਆਰਾਂ, ਕੁਝ ਖਾਸ ਬੋਲੀਆਂ ਪਾਉਂਦੀਆਂ ਹਨ:-

ਸਾਉਣ ਵੀਰ ਕੱਠੀਆਂ ਕਰੇ, ਭਾਦੋਂ ਚੰਦਰੀ ਵਿਛੋੜੇ ਪਾਵੇ।

ਮੁਟਿਆਰਾਂ ਮਨੋਵਿਗਿਆਨਿਕ ਤੌਰ ਤੇ ਆਸਾਂ ਭਰੀਆਂ ਕਿਰਨਾ ਵਿਖੇਰਦੇ ਹੋਏ ਕਹਿੰਦੀਆਂ ਹਨ:

ਤੀਆਂ ਤੀਜ਼ ਦੀਆਂ, ਵਰ੍ਹੇ ਦਿਨਾਂ ਨੂੰ ਫੇਰ,
ਤੀਆਂ ਤੀਜ਼ ਦੀਆਂ...... . ..........

ਪੇਕੇ ਆਈਆਂ ਮੁਟਿਆਰਾਂ ਆਪਣੇ-ਆਪਣੇ ਮਾਹੀਂ ਨੂੰ ਯਾਦ ਕਰਦੀਆਂ ਕਾਂ ਦੇ ਰਾਹੀਂ ਕਹਿੰਦੀਆਂ ਹਨ : -


ਚੁੰਝ ਤਾਂ ਤੇਰੀ ਕਾਲਿਆਂ ਕਾਵਾਂ, ਸੋਨੇ ਨਾਲ ਮੜ੍ਹਾਵਾਂ,
ਜਾਂ ਆਖੀਂ ਮੇਰੇ ਢੋਲੇ ਨੂੰ ਨਿੱਤ ਔਸੀਆਂ ਪਾਵਾਂ।

## ਨਜ਼ਮ ਦੀ ਤਲਾਸ਼



ਦਰਸ਼ਨ ਬੁੱਟਰ
98728-23110

ਸਦੀਵੀ ਨਹੀਂ ਹੁੰਦੀ
ਕਿਸੇ ਵੀ ਯੁਗ ਦੀ ਕੋਈ ਵੀ ਕਵਿਤਾ
ਅਸੀਂ ਜੋ ਇਸ ਪਲ ਵਿਚ ਹਾਂ
ਹੋਰ ਹੋਵਾਂਗੇ ਅਗਲੇ ਪਲ ਵਿਚ
ਹਰਫ਼ਾਂ ਦੇ ਹੁਣ ਦੇ ਅਰਥ
ਬਦਲ ਜਾਣਗੇ ਅਗਲੇ ਹੀ ਪਲ
ਜਿੰਨੇ ਕਣ ਕਾਇਨਾਤ ਦੇ
ਓਨੀਆਂ ਦਿਸ਼ਾਵਾਂ ਮਨ ਦੀਆਂ
ਓਨੇ ਹੀ ਅਰਥ ਨਜ਼ਮਾਂ ਦੇ
ਕਿਸੇ ਇਕ ਪਲ ਨੂੰ ਘੁੱਟ ਕੇ ਨਾ ਫੜ
ਕਿਸੇ ਇਕ ਪੈੜ ਦੀ ਅਰਾਧਨਾ ਨਾ ਕਰ
ਕਿਸੇ ਇਕ ਨਜ਼ਮ ਨਾਲ ਮੋਹ ਨਾ ਪਾਲ
ਸਫਰ ਦਾ ਧਰਮ ਹੈ ਚੱਲਣਾ
ਆਵਾਜ਼ ਦਾ ਕਰਮ ਹਰਕਤ ਦੇਣੀ
ਹਰਫ਼ਾਂ ਦਾ ਧਰਮ ਰਾਹ ਖੋਲ੍ਹਣਾ
ਨਜ਼ਮਾਂ ਤਾਂ ਮਹਿਜ਼ ਪੈੜਾਂ ਹੁੰਦੀਆਂ
ਹਰ ਹਰਫ਼ ਦੀ ਵੱਖਰੀ ਤਾਸੀਰ
ਹਰ ਪੈੜ ਦਾ ਆਪਣਾ ਰੰਗ
ਤੂੰ ਸਿਰਫ ਰੰਗਾਂ ਦੀ ਤਾਸੀਰ ਪਛਾਣ
ਹਾਣ ਦੀ ਨਜ਼ਮ
ਤਲਾਸ਼ ਲਵੇਗੀ ਤੈਨੂੰ ਖੁਦ ਹੀ
ਹਰਫ਼ਾਂ ਦੇ ਜੰਗਲ 'ਚ
ਸੰਦਲ ਵੀ ਕਰੀਰ ਵੀ
ਰੂਹ ਦੀ ਅਬਾਬੀਲ
ਟਾਹਣੀਆਂ ਬਦਲਦੀ ਰਹਿੰਦੀ
ਨਜ਼ਮ ਬਦਲਦੀ ਰਹਿੰਦੀ ਜਿਲਦਾਂ ਨੂੰ
ਮੁਸ਼ਕਿਲ ਵੀ ਨਹੀਂ ਕੋਈ ਕਵਿਤਾ
ਬਸ ਤੂੰ
ਆਪਣੇ ਜ਼ਖਮਾਂ ਨੂੰ
ਹਰਾ ਰਹਿਣ ਦੇ





# ਪੰਜਾਬ ਦਾ ਭੁੱਲਿਆ ਵਿਸਰਿਆ ਕਦੀਮੀ ਇਤਿਹਾਸ ਅਤੇ ਇਹਦੇ ਗੁਣ

ਪੰਜਾਬ ਦਾ ਕਦੀਮੀ ਇਤਿਹਾਸ (Ancient History) ਕੀ ਹੈ? ਪੰਜਾਬ ਦੇ ਉਹ ਮੋਢੀ ਕੌਣ ਸਨ ਜਿਨ੍ਹਾਂ ਨੇ ਨਿਡਰਤਾ ਅਤੇ ਭਾਈਚਾਰਕ ਸਾਂਝ ਦੀ ਨੀਤੀ ਉੱਤੇ ਚਲਦਿਆਂ ਪੰਜਾਬ ਦੀ ਫ਼ਿਜ਼ਾ ਨੂੰ ਮੁਕਤੀ ਬਖ਼ਸ਼ੀ? ਕੀ ਉਨ੍ਹਾਂ ਦਾ ਘੋਲ ਮੁੱਢ-ਕਦੀਮੀ ਸੀ? ਇਹ ਸਵਾਲ ਹਰ ਪੰਜਾਬੀ ਦੇ ਮਨ ਵਿੱਚ ਆਉਂਦਾ ਹੋਵੇਗਾ। ਪੰਜਾਬ ਦੇ ਕਦੀਮੀ ਇਤਿਹਾਸ ਨੂੰ ਜਾਨਣ ਲਈ ਸਾਨੂੰ ਮਿਥਿਹਾਸਕ ਗ੍ਰੰਥਾਂ ਦਾ ਆਸਰਾ ਲੈਣਾ ਪੈਂਦਾ ਹੈ। ਉਨ੍ਹਾਂ ਵਿੱਚ ਪੰਜਾਬ ਬਾਬਤ ਘੱਟ ਜਾਣਕਾਰੀ ਮਿਲਦੀ ਹੈ। ਪੰਜਾਬ ਦੇ ਕਦੀਮੀ ਇਤਿਹਾਸ ਦੇ ਵਸੀਲੇ ਅਤੇ ਸਬੂਤ ਲੱਭਣ ਲਈ ਥੇਹ-ਖੋਜ ਜਾਂ ਪੁਰਾਤਤਵ ਵਿਗਿਆਨ ਵੱਡਾ ਸਹਾਰਾ ਹੈ। ਦੁੱਖ ਦੀ ਗੱਲ ਹੈ ਕਿ ਪੰਜਾਬ ਕੋਲ ਕੋਈ ਪੇਸ਼ੇਵਰ ਥੇਹਖੋਜੀ/ ਪੁਰਾਤਤਵ ਵਿਗਿਆਨੀ ਨਹੀਂ ਹੈ ਜੋ ਥੇਹਾਂ ਤੋਂ ਪੁਖ਼ਤਾ ਸਬੂਤਾਂ ਦੇ ਆਧਾਰ ਉੱਤੇ ਸਹੀ ਇਤਿਹਾਸ ਨੂੰ ਸਾਹਮਣੇ ਲਿਆ ਸਕੇ। ਥੇਹਾਂ ਦੀ ਪੜਤਾਲ ਰਾਹੀਂ ਮੈਂ ਪਿਛਲੇ 15 ਸਾਲਾਂ ਤੋਂ ਪੰਜਾਬ ਦੇ ਇਤਿਹਾਸ ਨੂੰ ਖੋਜਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਪੰਜਾਬ ਦੀਆਂ ਥੇਹਾਂ ਉੱਤੇ ਹੋਈਆਂ ਖੁਦਾਈਆਂ, ਕਦੀਮੀ ਸਿੱਕੇ, ਭਾਂਡੇ, ਪੁਰਾਤਤਵ ਵਿਭਾਗ ਦੀਆਂ ਰਿਪੋਰਟਾਂ ਅਤੇ ਪੰਜਾਬ ਬਾਬਤ ਖੋਜ ਕਰ ਚੁੱਕੇ ਇਤਿਹਾਸਕਾਰਾਂ ਦੇ ਵੱਖਰੇ ਵੱਖਰੇ ਮੱਤਾਂ ਨੂੰ ਬਾਰੀਕੀ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਪੰਜਾਬ ਦੇ ਕਦੀਮੀ ਇਤਿਹਾਸ ਨੂੰ ਸਮਝਣ ਲਈ ਸਾਨੂੰ ਕਦੀਮੀ ਰਾਜਿਆਂ ਅਤੇ ਵੱਡੇ ਸਾਮਰਾਜਾਂ ਵੱਲ ਦੇਖਣਾ ਘੱਟ ਕਰਨਾ ਪਵੇਗਾ ਜਿਵੇਂ ਹੁਣ ਤੱਕ ਦੇ ਖੋਜੀ ਕਰਦੇ ਆਏ ਹਨ। ਪੰਜਾਬ ਦਾ ਕਦੀਮੀ ਇਤਿਹਾਸ ਅਜਿਹੇ ਸਾਮਰਾਜੀ ਲਾਣਿਆਂ ਤੋਂ ਮੁਕਤ ਰਿਹਾ ਹੈ। ਕਦੀਮੀ ਪੰਜਾਬ ਉਨ੍ਹਾਂ ਬਹਾਦਰ ਯੋਧਿਆਂ ਦਾ ਸਿਰਜਿਆ ਹੋਇਆ ਹੈ ਜੋ ਆਵਾਮ ਵੀ ਸਨ ਅਤੇ ਆਗੂ ਵੀ।

ਪੰਜਾਬ ਦੇ ਕਦੀਮੀ ਲੋਕਾਂ ਦੇ ਸਮੂਹਾਂ ਨੂੰ 'ਗਣ' ਦੇ ਨਾਂ ਨਾਲ ਜਾਣਿਆ ਜਾਂਦਾ ਸੀ। 'ਗਣ' ਪਾਲੀ ਬੋਲੀ ਦਾ ਸ਼ਬਦ ਹੈ ਜਿਹਦਾ ਅਰਥ ਸਾਂਝੇ ਖਿੱਤੇ ਅਤੇ ਸਾਂਝੀ ਸੋਚ ਵਾਲੇ ਲੋਕਾਂ ਦੇ ਸਮੂਹ ਤੋਂ ਹੈ ਜੋ ਜਥੇਬੰਦੀ ਦੇ ਰੂਪ ਵਿੱਚ ਵੱਖਰੀ ਪਛਾਣ ਰੱਖਦੇ ਹੋਣ। ਜਦੋਂ ਕੋਈ ਗਣ ਸਿਆਸੀ ਤੌਰ ਉੱਤੇ ਕਿਸੇ ਖਿੱਤੇ ਦੀ ਨੁਮਾਇੰਦਗੀ ਕਰਦਾ ਹੈ, ਉਸ ਖਿੱਤੇ ਨੂੰ ਜਨਪਦ ਕਹਿੰਦੇ ਸਨ। ਕਦੀਮੀ ਭਾਰਤੀ ਇਤਿਹਾਸ ਵਿੱਚ ਜਨਪਦ ਦੋ ਤਰ੍ਹਾਂ ਦੇ ਸਨ। ਸਾਮਰਾਜ ਦੇ ਰੂਪ ਵਿੱਚ ਜਿਵੇਂ ਮਗਧ, ਕਾਸ਼ੀ, ਕੋਸ਼ਲ ਅਤੇ ਹੋਰ ਜਨਪਦ ਜੋ ਗਿਣਤੀ ਵਿੱਚ 16 ਦੱਸੇ ਗਏ ਹਨ। ਦੂਜੀ ਤਰ੍ਹਾਂ ਦੇ ਜਨਪਦ ਜੋ ਸੰਘ (Guilds) ਦੀ ਨੀਤੀ ਉੱਤੇ ਚਲਦੇ ਸਨ। ਸੰਘ ਦਾ ਅਰਥ ਬੁੱਧ ਦੇ ਧੱਮ ਤੋਂ ਨਹੀਂ ਲਿਆ ਜਾ ਸਕਦਾ। ਸੰਘ ਕਦੀਮੀ ਭਾਰਤ ਦਾ ਉਹ ਸਿਆਸੀ ਢਾਂਚਾ ਹੈ ਜਿਹਦਾ ਇਤਿਹਾਸ ਬਹੁਤ ਪੁਰਾਣਾ ਹੈ। ਬੁੱਧ ਤੋਂ ਪਹਿਲਾਂ ਤਕਰੀਬਨ 800 ਤੋਂ 700 ਈਸਾ ਪੂਰਵ ਬਣੇ ਨਵੇਂ ਸਮੂਹਕ ਖਿੱਤੇ, ਸੰਘ ਸਨ। ਮਿਸਾਲ ਵਜੋਂ, ਬੁੱਧ ਦਾ ਜਨਮ ਜਿਸ ਸ਼ੱਕ ਗਣ ਵਿੱਚ ਹੋਇਆ ਉਹ ਅੱਠ ਖਿੱਤਿਆਂ ਦਾ ਸੰਘ ਸੀ। ਬੁੱਧ ਨੇ ਧੱਮ ਦੀ ਸਿੱਖਿਆ ਸੰਘ ਦੀ ਨੀਤੀ ਦੇ ਮੁਤਾਬਿਕ ਦਿੱਤੀ। ਸੰਘ ਵਿੱਚ ਆਮ ਲੋਕਾਂ ਦੀ ਸਾਂਝੀ ਰਾਇ ਅਤੇ ਆਪਸੀ ਸਹਿਮਤੀ ਸਭ ਤੋਂ ਅਹਿਮ ਸੀ। ਮੌਜੂਦਾ ਪੰਚਾਇਤੀ ਰਾਜ ਪ੍ਰਬੰਧ ਇਸੇ ਸੰਘ ਅਤੇ ਗਣ ਦਾ ਰੂਪ ਹੈ।

ਉੱਤਰੀ ਭਾਰਤ ਵਿੱਚ ਸੈਂਕੜੇ ਗਣ ਸਨ ਪਰ ਮਿਲੇ ਸਿੱਕਿਆਂ ਦੇ ਆਧਾਰ ਉੱਤੇ 20 ਕੁ ਗਣਾਂ ਬਾਰੇ ਪਤਾ ਲੱਗ ਸਕਿਆ ਹੈ। ਚੜ੍ਹਦੇ ਪੰਜਾਬ ਵਿੱਚ ਬਿਆਸ ਦਰਿਆ ਤੋਂ ਲੈ ਕੇ ਮਾਲਵੇ ਤੱਕ ਅੱਠ ਗਣਾਂ ਬਾਰੇ ਪਤਾ ਲੱਗਦਾ ਹੈ। ਬਿਸਤ-ਦੋਆਬ ਜਾਂ ਜਲੰਧਰ ਦੋਆਬ ਵਿੱਚ ਰਾਜਨਾ, ਓਦੁਮਬਰਾ, ਤ੍ਰਿਕਟ, ਕੁਨਿੰਦਾ ਅਤੇ ਵਾਮਿਕੀ ਸਨ। ਮਾਲਵੇ ਦੇ ਖਿੱਤੇ ਵਿੱਚ ਵਰਿਸ਼ਨੀ, ਯੋਧੇ ਅਤੇ ਮਾਲਵਾ ਗਣ ਸਨ। ਇਨ੍ਹਾਂ ਗਣਾਂ ਦੀ ਤਫ਼ਸੀਲ ਕਦੀਮੀ ਭਾਰਤੀ ਗਰੰਥਾਂ ਤੋਂ ਵੀ ਮਿਲਦੀ ਹੈ। ਮਿਸਾਲ ਵਜੋਂ ਕੁਨਿੰਦਾ ਗਣ ਦੇ ਹਵਾਲੇ ਰਾਮਾਇਣ, ਮਹਾਮਿਊਰੀ, ਯੂਨਾਨੀ ਲੇਖਕ ਪਟੋਲਮੀ, ਭਗਵਤ ਪੁਰਾਣ ਅਤੇ ਮਾਰਕੰਡੇ ਪੁਰਾਣ ਵਿੱਚ ਮਿਲਦੇ ਹਨ। ਇਸ ਗਣ ਨੂੰ ਪਾਣਿਨੀ ਨੇ ਆਪਣੀ ਲਿਖਤ 'ਅਸ਼ਟਾਧਿਆਇ' ਵਿੱਚ ਅਯੁੱਧਜੀਵੀ ਸੰਘ ਅਤੇ ਬਿਸਤ-ਦੋਆਬ ਦੇ ਸੱਤ ਗਣਾਂ ਵਿੱਚੋ ਇੱਕ ਕਿਹਾ ਸੀ। ਇਸ ਦਾ ਮਤਲਬ ਹੈ ਕਿ ਇਹ ਗਣ ਸੰਘ ਦੇ ਰੂਪ ਵਿੱਚ ਸਭ ਤੋਂ ਤਾਕਤਵਰ ਸੀ। ਇਹਦੇ ਸਿੱਕਿਆਂ ਤੋਂ ਪਤਾ ਲੱਗਦਾ ਹੈ ਕਿ ਇਹਦਾ ਆਗੂ ਅਮੋਘਭੂਤੀ ਸੀ।

ਰਾਜਨਾ ਗਣ ਦਾ ਜ਼ਿਕਰ ਪਤੰਜਲੀ (180 ਈਸਾ ਪੂਰਵ), ਮਹਾਭਾਰਤ ਅਤੇ ਬ੍ਰਿਹਤ ਸੰਹਿਤਾ ਵਿੱਚ ਮਿਲਦਾ ਹੈ। ਓਦੁਮਬਰਾ ਗਣ ਬਿਸਤ-ਦੋਆਬ ਖਿੱਤੇ ਦੀ ਸ਼ੈਵ-ਰਵਾਇਤ ਦਾ ਗਣ ਸੀ। ਇਹ ਗਣ ਬਿਸਤ-ਦੋਆਬ ਦੀਆਂ ਸ਼ਿਵਾਲਕ ਪਹਾੜੀਆਂ ਵਿੱਚ ਹੁਸ਼ਿਆਰਪੁਰ ਤੋਂ ਪਠਾਨਕੋਟ ਤੱਕ ਫੈਲਿਆ ਹੋਇਆ ਸੀ। ਓਦੁਮਬਰਾ ਪ੍ਰਾਕਿਰਤ ਬੋਲੀ ਦਾ ਸ਼ਬਦ ਹੈ ਜਿਹਦਾ ਅਰਥ ਬਰੋਟੇ ਦਾ ਰੁੱਖ ਹੁੰਦਾ ਹੈ। ਇਨ੍ਹਾਂ ਦੇ ਸਿੱਕਿਆਂ ਤੋਂ ਤਿੰਨ ਆਗੂਆਂ ਦੇ ਨਾਂ ਮਿਲਦੇ ਹਨ: ਧਾਰਘੋਸ਼, ਰੁਦਰਦਾਸ ਅਤੇ ਸ਼ਿਵਦਾਸ। ਵਾਮਿਕੀ ਗਣ ਵੀ ਬਿਸਤ-ਦੋਆਬ ਖਿੱਤੇ ਦੀ ਸ਼ੈਵ-ਰਵਾਇਤ ਦਾ ਗਣ ਸੀ। ਵਾਮਿਕੀ ਦਾ ਅਰਥ ਬੁਣਕਰ ਜਾਂ ਜੁਲਾਹਾ ਹੁੰਦਾ ਹੈ। ਇਹਦਾ ਸੰਬੰਧ ਕੱਪੜੇ ਦੀ ਬੁਣਾਈ ਅਤੇ ਵਪਾਰ ਨਾਲ ਰਿਹਾ ਹੋਵੇਗਾ। ਇਸ ਗਣ ਦਾ ਖਿੱਤਾ ਬਿਸਤ-ਦੋਆਬ ਵਿੱਚ ਹੁਸ਼ਿਆਰਪੁਰ ਤੋਂ ਪਠਾਨਕੋਟ ਤੱਕ ਸੀ। ਵਾਮਿਕੀ ਗਣ ਦੀ ਤਫ਼ਸੀਲ ਸਾਨੂੰ ਮਹਾਭਾਰਤ ਅਤੇ ਵਰਹਾਮਿਹੀਰ ਦੇ ਛੇਵੀਂ ਸਦੀ ਦੇ ਗ੍ਰੰਥ ਬ੍ਰਿਹਤ ਸੰਹਿਤਾ ਵਿੱਚ ਮਿਲਦੀ ਹੈ। ਵਾਮਿਕੀ ਗਣ ਦੇ ਸਿੱਕਿਆਂ ਦੇ ਆਧਾਰ ਉੱਤੇ ਇਹਦੇ ਦੋ ਆਗੂਆਂ ਦਾ ਪਤਾ ਲੱਗਿਆ ਹੈ: ਭਾਵਵਰਮਨ ਅਤੇ ਰੁਦਰਵਰਮਨ। ਤ੍ਰਿਕਟ ਜਾਂ ਤ੍ਰਿਗਰਤ ਗਣ ਜਲੰਧਰ ਵਿੱਚ ਸੀ। ਪਾਣਿਨੀ ਮੁਤਾਬਿਕ ਇਹ ਜਨਪਦ ਰੱਥ ਚਲਾਉਣ, ਯੁੱਧ ਕਲਾ ਅਤੇ ਤੀਰ-ਕਮਾਨ ਵਿੱਦਿਆ ਵਿੱਚ ਮਾਹਿਰ ਸੀ।



ਮਾਲਵਾ ਗਣ ਪੰਜਾਬ ਦੇ ਮੌਜੂਦਾ ਮਾਲਵਾ ਖਿੱਤੇ ਦਾ ਗਣ ਸੀ। ਇਹਦਾ ਇੱਕ ਸਮੂਹ ਰਾਜਸਥਾਨ ਤੋਂ ਹੁੰਦਾ ਹੋਇਆ ਮੱਧ ਪ੍ਰਦੇਸ਼ ਵਿੱਚ ਚਲਾ ਗਿਆ। ਉਸ ਖਿੱਤੇ ਦਾ ਨਾਮ ਵੀ ਮਾਲਵਾ ਦੱਸਿਆ ਜਾਂਦਾ ਹੈ। ਵਰਿਸ਼ਨੀ ਗਣ ਮਾਲਵਾ ਖਿੱਤੇ ਦਾ ਹੋਰ ਬਹਾਦਰ ਗਣ ਸੀ ਜਿਹਨੇ ਸਤਲੁਜ ਦੇ ਕੰਢੇ ਲੁਧਿਆਣਾ ਦੇ ਕਸਬੇ ਸੁਨੇਤ (ਕਦੀਮੀ ਨਾਮ ਸੁਨੇਤਰਾ) ਨੂੰ ਰਾਜਧਾਨੀ ਬਣਾਇਆ। ਸਿੱਕਿਆਂ ਉੱਤੇ ਹੁਣ ਤੱਕ ਪੜ੍ਹੇ ਗਏ ਕੁੱਲ 10 ਆਗੂਆਂ ਦਾ ਪਤਾ ਲੱਗਿਆ ਹੈ: ਯਜਨਸੋਮਾ, ਵਿਆਗਰ ਸੈਨਾ, ਵਿਆਗਰ ਸੱਤਰ, ਜਾਇਸਾ, ਵਾਸੁ ਸੈਨਾ, ਜੈਸੋਮਾ, ਯੱਜ ਦੇਵਾ, ਸੱਤਰਗੁਪਤ, ਬਲਵਾਹਨ ਅਤੇ ਵੇਸ਼ਾ।

ਯੋਧੇ ਗਣ ਦੀ ਰਾਜਧਾਨੀ ਹਰਿਆਣਾ ਵਿੱਚ ਰੋਹਤਕ ਜ਼ਿਲ੍ਹੇ ਦੇ ਖੋਖਰਾਕੋਟ ਪਿੰਡ ਵਿੱਚ ਸੀ। ਯੋਧੇ ਪੰਜਾਬ ਦੇ ਮਾਲਵੇ ਦੇ ਖਿੱਤੇ ਦੀ ਵੀ ਰੱਖਿਆ ਕਰਦੇ ਸਨ। ਯੋਧੇ ਗਣ ਅਤੇ ਵਰਿਸ਼ਨੀ ਗਣ ਸੰਘ ਦੇ ਰੂਪ ਵਿੱਚ ਸਨ ਜੋ ਆਪਸੀ ਸਿਆਸੀ ਸਾਂਝ ਦਾ ਸਬੂਤ ਹੈ। ਸੁਨੇਤ ਦੀ ਖੁਦਾਈ ਤੋਂ ਹੋਰ ਅਹਿਮ ਸਬੂਤ ਮਿਲਿਆ ਹੈ ਜਿਹਨੂੰ ਇਤਿਹਾਸਕਾਰਾਂ ਨੇ ਤਵੱਜੋ ਨਹੀਂ ਦਿੱਤੀ। ਸੁਨੇਤ ਉੱਤੇ ਪਹਿਲੀ ਸਦੀ ਵਿੱਚ ਕੁਸ਼ਾਣਾਂ ਨੇ ਹਮਲਾ ਕੀਤਾ ਸੀ। ਸੁਨੇਤ ਦੀ ਖੁਦਾਈ ਵਿੱਚ ਕੁਸ਼ਾਣ ਰਾਜਿਆਂ ਦੇ ਸਿੱਕੇ ਘੱਟ ਗਿਣਤੀ ਵਿੱਚ ਮਿਲੇ ਹਨ ਪਰ ਉਸੇ ਕਾਲ ਵਿੱਚ ਯੋਧੇ ਗਣ ਦੇ 30 ਹਜ਼ਾਰ ਸਿੱਕਿਆਂ ਦੇ ਸਾਂਚੇ ਮਿਲੇ ਹਨ। ਇੱਥੋਂ ਮਿਲੀ ਮੋਹਰ ਉੱਤੇ 'ਯੋਧੇ ਗਨਸਿਆ ਜੈ' ਲਿਖਿਆ ਮਿਲਿਆ ਹੈ। ਇਹਦਾ ਅਰਥ ਹੈ 'ਯੋਧੇ ਗਣ ਦੀ ਹਮੇਸ਼ਾ ਜੈ ਰਹੇ'। ਕੁਸ਼ਾਣ, ਵਰਿਸ਼ਨੀ ਗਣ ਅਤੇ ਯੋਧੇ ਸਮਕਾਲੀ ਸਨ ਪਰ ਅਜਿਹਾ ਕੀ ਹੋਇਆ ਕਿ ਕੁਸ਼ਾਣ ਇੱਥੇ ਟਿਕ ਨਹੀਂ ਸਕੇ? ਅਸਲ ਵਿੱਚ ਯੋਧੇ ਅਤੇ ਪੰਜਾਬ ਦੇ ਹੋਰ ਗਣਾਂ ਨੇ ਕੁਸ਼ਾਣ ਸਾਮਰਾਜ ਵਿਰੁੱਧ ਸਾਂਝੀ ਜੰਗ ਲੜੀ ਸੀ। ਯੋਧਿਆਂ ਨੇ ਕੁਸ਼ਾਣਾਂ ਨੂੰ ਤਿੰਨ ਵਾਰ ਹਰਾਇਆ। ਯੋਧੇ ਗਣ ਦੇ ਵੱਖ ਵੱਖ ਸਿੱਕਿਆਂ ਉੱਤੇ 'ਇੱਕ, ਦੋ ਅਤੇ ਤਿੰਨ' ਅਤੇ 'ਯੋਧੇ ਗਨਸਿਆ ਜੈ' ਲਿਖਿਆ ਮਿਲਦਾ ਹੈ। ਇਹ ਕੁਸ਼ਾਣਾਂ ਉੱਤੇ ਜਿੱਤ ਦਾ ਇਸ਼ਾਰਾ ਅਤੇ ਬਿੰਬ ਹੈ। ਤਿੰਨ ਜੰਗਾਂ ਵਿੱਚੋਂ ਪਹਿਲੀ ਜੰਗ ਸੁਨੇਤ ਵਿੱਚ ਲੜੀ ਗਈ ਸੀ। ਜਿੱਤ ਦੀ ਖ਼ੁਸ਼ੀ ਵਿੱਚ ਯੋਧੇ ਗਣ ਨੇ 10 ਹਜ਼ਾਰ ਸਾਂਚੇ ਬਣਾ ਕੇ ਆਪਣੇ ਸਿੱਕੇ ਜਾਰੀ ਕੀਤੇ।

ਮਥੁਰਾ, ਉਜੈਨ ਅਤੇ ਉੱਤਰ ਪ੍ਰਦੇਸ਼ ਵਿੱਚ ਇਰਾਨੀ ਸੂਬੇਦਾਰਾਂ ਦੇ ਕਬਜ਼ਿਆਂ ਦਾ ਜ਼ਿਕਰ ਮਿਲਦਾ ਹੈ। ਇਨ੍ਹਾਂ ਦੇ ਸਿੱਕਿਆਂ ਤੋਂ ਪਤਾ ਲੱਗਦਾ ਹੈ ਕਿ ਇਹ ਇਰਾਨੀ ਜਾਗੀਰਦਾਰ ਆਪਣੇ ਆਪਣੇ ਖਿੱਤੇ ਦੇ ਮਾਲਿਕ ਸਨ। ਇਹ ਪੰਜਾਬ ਤੋਂ ਹੋ ਕੇ ਅੱਗੇ ਪੂਰਬ ਵੱਲ ਗਏ ਸਨ। ਘੁੜਾਮ, ਸੰਘੋਲ ਅਤੇ ਸੁਨੇਤ ਦੀਆਂ ਖੁਦਾਈਆਂ ਤੋਂ ਇਨ੍ਹਾਂ ਦੇ ਕੁਝ ਸਿੱਕੇ ਮਿਲੇ ਹਨ। ਸਿੱਕਿਆਂ ਦੀ ਗਿਣਤੀ ਨਾਮ-ਨਿਹਾਦ ਹੈ ਜੋ ਤਕਰੀਬਨ 15 ਬਣਦੀ ਹੈ। ਇਹ ਇਰਾਨੀ ਜਾਗੀਰਦਾਰ ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵਿੱਚ ਆਪਣੇ ਰਾਜ ਕਾਇਮ ਕਰਨ ਵਿੱਚ ਤਾਂ ਸਫ਼ਲ ਰਹੇ ਪਰ ਪੰਜਾਬ ਦੇ ਗਣਾਂ ਨੇ ਇਨ੍ਹਾਂ ਨੂੰ ਖਦੇੜ ਦਿੱਤਾ ਸੀ। ਸਿੱਕਿਆਂ ਤੋਂ ਇਨ੍ਹਾਂ ਰਾਜਿਆਂ ਦੇ ਨਾਂ ਅਜਾਮਿੱਤਰ, ਮਾਹੀਮਿੱਤਰ, ਇੰਦਰਮਿੱਤਰ, ਭਾਨੂਮਿੱਤਰ ਵਗੈਰਾ ਮਿਲਦੇ ਹਨ।

ਅਗਰੋਹਾ ਵਾਲਾ ਸ਼ਿਲਾਲੇਖ ਪੰਜਾਬ ਦੇ ਗਣਾਂ ਦੀ ਸਿਆਸੀ ਨੀਤੀ ਬਾਬਤ ਪਹੁੰਚ ਨੂੰ ਬਿਆਨ ਕਰਦਾ ਹੈ। ਇਸ ਮੁਤਾਬਿਕ ਗਣ ਦਾ ਆਗੂ ਜਮਹੂਰੀ ਤਰੀਕੇ ਨਾਲ ਚੁਣਿਆ ਜਾਂਦਾ ਸੀ ਜਿਹਦੇ ਵਿੱਚ ਆਵਾਮ ਦੀ ਪੂਰੀ ਪੁੱਗਤ ਸੀ। ਸ਼ਿਲਾਲੇਖ ਦੱਸਦਾ ਹੈ ਕਿ ਯੋਧੇ ਗਣ ਦਾ ਆਗੂ ਲੋਕਾਂ ਰਾਹੀਂ ਚੁਣਿਆ ਗਿਆ ਹੈ ਜਿਹਨੂੰ ਮਹਾਂਖਤਰਪ ਅਤੇ ਮਹਾਂਸੇਨਾਪਤੀ ਕਿਹਾ ਗਿਆ ਹੈ। ਸ਼ਿਲਾਲੇਖ ਵਿੱਚ ਮਹਾਂਖਤਰਪ ਸ਼ਬਦ ਵਾਚਣ ਯੋਗ ਹੈ। ਮਹਾਂਖਤਰਪ ਸ਼ਬਦ ਇਰਾਨੀ ਮੂਲ ਦਾ ਹੈ ਅਤੇ ਪਾਲੀ ਬੋਲੀ ਵਿੱਚ ਇਹ ਖਤਰਪ ਹੈ। ਸੰਸਕ੍ਰਿਤ ਬੋਲਣ ਵਾਲੇ ਇਰਾਨੀ ਮੂਲ ਦੇ ਲੋਕ ਆਪਣੇ ਸਿੱਕਿਆਂ ਅਤੇ ਲੇਖਾਂ ਵਿੱਚ ਕਸ਼ਤਰਪ ਲਿਖਦੇ ਸਨ। ਕਸ਼ਤਰਪ ਦਾ ਅਰਥ ਕਿਸੇ ਖਿੱਤੇ ਦਾ ਸੂਬੇਦਾਰ (Governor) ਹੁੰਦਾ ਸੀ। ਕਸ਼ਤਰਪ ਢਾਂਚੇ ਵਿੱਚ ਮਹਾਰਾਜਾ ਹਰ ਖਿੱਤੇ ਵਿੱਚ ਆਪਣੇ ਸੂਬੇਦਾਰ ਥਾਪਦਾ ਸੀ ਅਤੇ ਉਹ ਰਾਜੇ ਕਹਾਉਂਦੇ ਸਨ। ਮਹਾਰਾਜਾ ਦੇ ਅਧੀਨ ਰਾਜੇ ਉਸ ਖਿੱਤੇ ਦੇ ਪ੍ਰਸ਼ਾਸਨ ਬਾਬਤ, ਵਿੱਤੀ ਅਤੇ ਕਾਨੂੰਨੀ ਮਸਲਿਆਂ ਨੂੰ ਹੱਲ ਕਰਦੇ ਸਨ। ਇਰਾਨ ਦਾ ਇਹ ਜਗੀਰਦਾਰੀ ਢਾਂਚਾ ਗਣਾਂ ਦੇ ਢਾਂਚੇ ਤੋਂ ਵੱਖਰਾ ਸੀ। ਇਨ੍ਹਾਂ ਇਰਾਨੀ ਸੂਬੇਦਾਰਾਂ ਨੇ ਭਾਰਤ ਵਿੱਚ ਸਭ ਤੋਂ ਪਹਿਲਾਂ ਜਾਗੀਰਦਾਰੀ ਢਾਂਚੇ ਨੂੰ ਕਾਨੂੰਨੀ ਮਾਨਤਾ ਦਿੱਤੀ ਜੋ ਗੁਪਤ ਕਾਲ ਸਮੇਂ ਸਾਮਰਾਜਵਾਦੀ ਨੀਤੀ ਦੀ ਰੀੜ੍ਹ ਦੀ ਹੱਡੀ ਸਾਬਿਤ ਹੋਇਆ। ਪੰਜਾਬ ਅਤੇ ਹਰਿਆਣਾ ਵਿੱਚੋਂ ਇਰਾਨੀ ਸੂਬੇਦਾਰ ਖਦੇੜ ਦਿੱਤੇ ਗਏ ਅਤੇ ਉੱਤਰ ਪ੍ਰਦੇਸ਼ ਵੱਲ ਚਲੇ ਗਏ ਸਨ। ਕਿਹਾ ਜਾ ਸਕਦਾ ਹੈ ਕਿ ਯੋਧਿਆਂ ਨੇ ਖਤਰਪਾਂ ਨੂੰ ਖਦੇੜ ਕੇ ਮਹਾਂਖਤਰਪ ਦੀ ਉਪਾਧੀ ਧਾਰਨ ਕੀਤੀ।

ਪੰਜਾਬ ਦੇ ਗਣਾਂ ਦੀ ਇੱਕਜੁੱਟਤਾ ਉਨ੍ਹਾਂ ਦੀ ਅਸਲੀ ਤਾਕਤ ਸੀ। ਸਿਕੰਦਰ ਧਾੜਵੀ ਨਾਲ ਟੱਕਰ ਲੈਣ ਵਾਲਾ ਪੋਰਸ ਪੁਰੂ ਗਣ ਦਾ ਆਗੂ ਸੀ। ਇਤਿਹਾਸਕਾਰਾਂ ਨੇ ਇਸ ਤੱਥ ਵੱਲ ਕਦੇ ਧਿਆਨ ਨਹੀਂ ਦਿੱਤਾ ਕਿ ਇੰਨੇ ਵੱਡੇ ਸਾਮਰਾਜ ਦੇ ਰਾਜੇ ਸਿਕੰਦਰ ਨੂੰ ਪੰਜਾਬ ਦਾਖ਼ਲ ਹੁੰਦੇ ਸਾਰ ਹਾਰ ਦਾ ਸਾਹਮਣਾ ਕਿਉਂ ਕਰਨਾ ਪਿਆ। ਪੁਰੂ ਗਣ ਦੇ ਨਾਲ ਹੋਰ ਕਈ ਭਾਈਵਾਲ ਗਣ ਸ਼ਾਮਿਲ ਸਨ ਜਿਨ੍ਹਾਂ ਕਰਕੇ ਸਿਕੰਦਰ ਨੂੰ ਭਾਰੀ ਨੁਕਸਾਨ ਹੋਇਆ। ਗਣਾਂ ਦੇ ਸਿਆਸੀ-ਪ੍ਰਬੰਧ ਦਾ ਆਧਾਰ ਛੇ ਦਰਿਆ ਅਤੇ ਉਨ੍ਹਾਂ ਦੀਆਂ ਸਹਾਇਕ ਨਦੀਆਂ ਸਨ ਜਿਨ੍ਹਾਂ ਦੇ ਕੰਢਿਆਂ ਉੱਤੇ ਇਨ੍ਹਾਂ ਦੇ ਵਸੇਬ ਸਨ। ਪੰਜਾਬ ਦੇ ਦਰਿਆਈ ਢਾਂਚੇ ਨੂੰ ਪਾਰ ਕਰ ਕੇ ਗਣਾਂ ਉੱਤੇ ਹਮਲੇ ਕਰਨਾ ਸੌਖਾ ਕੰਮ ਨਹੀਂ ਸੀ। ਇਹੀ ਕਾਰਨ ਹੈ ਕਿ ਪੰਜਾਬ ਵਿੱਚ ਮਿੱਤਰ ਰਾਜੇ, ਕੁਸ਼ਾਣ, ਸਿਥੀਆਈ, ਯੂਨਾਨੀ ਅਤੇ ਪਾਰਥੀ ਰਾਜਿਆਂ ਦੇ ਸਿੱਕੇ ਘੱਟ ਗਿਣਤੀ ਵਿੱਚ ਮਿਲਦੇ ਹਨ। ਸਿਰਫ਼ ਪਾਰਥੀ ਸੂਬੇਦਾਰ ਗੋਂਡੋਫਰਨਿਸ ਦੇ ਸਿੱਕੇ ਮਿਲਦੇ ਹਨ। ਉਹਨੇ ਬਿਆਸ ਦਰਿਆ ਪਾਰ ਕਰਕੇ ਗਣਾਂ ਉੱਤੇ ਹਮਲਾ ਕੀਤਾ ਸੀ ਪਰ ਉਹ ਜ਼ਿਆਦਾ ਦੇਰ ਨਹੀਂ ਟਿਕ ਸਕਿਆ। ਮਾਲਵੇ ਵਿੱਚ ਉਹਨੂੰ ਹਰਾ ਦਿੱਤਾ ਗਿਆ। ਮਾਲਵੇ ਦੀਆਂ ਥੇਹਾਂ ਤੋਂ ਉਹਦੇ ਸਿੱਕੇ ਬਿਸਤ-ਦੋਆਬ ਦੇ ਮੁਕਾਬਲੇ ਘੱਟ ਮਿਲਦੇ ਹਨ। ਗੋਂਡੋਫਰਨਿਸ ਤੋਂ ਬਾਅਦ ਉਹਦੇ ਵਾਰਿਸ ਮਥੁਰਾ ਚਲੇ ਗਏ ਅਤੇ ਉੱਥੇ ਆਪਣਾ ਰਾਜ ਕਾਇਮ ਕੀਤਾ। ਉਹਦੇ ਵਾਰਿਸਾਂ ਰਾਜੂਵੁਲਾ ਅਤੇ ਹਗਮਾਸਾ ਦੇ ਸਿੱਕੇ ਮਥੁਰਾ ਵਿੱਚ ਮਿਲਦੇ ਹਨ।

ਗਣਾਂ ਦੇ ਧਰਮਾਂ ਬਾਬਤ ਇਨ੍ਹਾਂ ਦੇ ਸਿੱਕਿਆਂ ਉੱਤੇ ਉੱਕਰੇ ਨਿਸ਼ਾਨਾਂ ਤੋਂ ਪਤਾ ਲੱਗਦਾ ਹੈ। ਇਹ ਕੁਦਰਤ ਪੂਜਾ, ਮਾਤਰੀ ਪੂਜਾ ਜਾਂ ਧਰਤੀ ਮਾਤਾ, ਆਵਾਮੀ ਦੇਵਤੇ ਸ਼ਿਵ ਅਤੇ ਬੁੱਧ ਧੱਮ ਦੇ ਉਪਾਸ਼ਕ ਸਨ। ਬ੍ਰਾਹਮਣੀ ਗਰੰਥਾਂ ਵਿੱਚ ਇਨ੍ਹਾਂ ਨੂੰ ਕਿਤੇ ਖੱਤਰੀ ਅਤੇ ਕਿਤੇ ਬ੍ਰਾਹਮਣ ਜਾਤੀ ਨਾਲ ਜੋੜ ਕੇ ਇਤਿਹਾਸ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਗਈ ਹੈ। ਮਿਸਾਲ ਵਜੋਂ, ਮਹਾਭਾਰਤ ਵਿੱਚ ਕੁਨਿੰਦਾ ਗਣ ਨੂੰ ਅਰਜੁਨ ਨੇ ਹਰਾਇਆ ਦੱਸਿਆ ਗਿਆ ਹੈ। ਤ੍ਰਿਕਟ ਦੇ ਰਾਜਾ ਸੁਦਾਸ ਨੂੰ ਮਹਾਭਾਰਤ ਦੀ ਲੜਾਈ ਲਈ ਬੁਲਾਇਆ ਗਿਆ ਸੀ। ਵਰਿਸ਼ਨੀ ਗਣ ਨੂੰ ਕ੍ਰਿਸ਼ਨ ਦੇ ਖਾਨਦਾਨ ਵਿੱਚੋਂ ਦੱਸਿਆ ਗਿਆ ਹੈ। ਇਹ ਸਭ ਪੰਜਾਬ ਦੇ ਗਣਾਂ ਅਤੇ ਸੰਘ ਦੇ ਉਦਾਰਵਾਦੀ, ਜਮਹੂਰੀ ਅਤੇ ਬਹਾਦਰੀ ਭਰੇ ਇਤਿਹਾਸ ਨੂੰ ਆਪਣੇ ਨਾਮ ਲਿਖਵਾਉਣ ਦੀ ਮਸ਼ਕ ਦਾ ਹਿੱਸਾ ਰਿਹਾ ਹੈ। ਗਣਾਂ ਦੇ ਸਿੱਕੇ ਮਿਲਣੇ ਬਰਤਾਨਵੀ ਕਾਲ ਤੋਂ ਸ਼ੁਰੂ ਹੋ ਗਏ ਸਨ ਜਿਹਦਾ ਸਿਹਰਾ ਕਨਿੰਘਮ ਨੂੰ ਦਿੱਤਾ ਜਾਂਦਾ ਹੈ। ਦੁੱਖ ਦੀ ਗੱਲ ਹੈ ਕਿ ਬਰਤਾਨਵੀ ਅਤੇ ਹੋਰ ਇਤਿਹਾਸਕਾਰਾਂ ਨੇ ਪੰਜਾਬ ਦੇ ਗਣਾਂ ਨੂੰ ਮਹਿਜ਼ ਕਬੀਲੇ ਕਹਿ ਕੇ ਸਿੱਕਿਆਂ ਤੱਕ ਸਮੇਟ ਦਿੱਤਾ। ਪੰਜਾਬ ਦੇ ਗਣਾਂ ਦੇ ਸਿਆਸੀ, ਸੱਭਿਆਚਾਰਕ, ਵਪਾਰਕ, ਸਮਾਜਿਕ ਅਤੇ ਧਾਰਮਿਕ ਇਤਿਹਾਸ ਨੂੰ ਹੁਣ ਤੱਕ ਦਬਾਈ ਰੱਖਿਆ ਗਿਆ ਹੈ। ਅੱਜ ਲੋੜ ਹੈ ਕਿ ਸਹੀ ਇਤਿਹਾਸ ਖੋਜਣ ਲਈ ਥੇਹਖੋਜ ਲੱਭਤਾਂ ਨੂੰ ਆਧਾਰ ਬਣਾਇਆ ਜਾਵੇ ਅਤੇ ਸੱਚ ਲੱਭਣ ਦੀ ਜਗਿਆਸਾ ਵਿੱਚ ਅਸੀਂ ਜੜ੍ਹਾਂ ਨੂੰ ਮੁੜ ਫਰੋਲ ਸਕੀਏ।

## ਸੰਘੋਲ ਅਤੇ ਗਣ

ਹਿਊਨਸਾਂਗ ਮੁਤਾਬਿਕ ਇਸ ਖਿੱਤੇ ਨੂੰ ਸਤਦਰੂ ਕਿਹਾ ਜਾਂਦਾ ਹੈ। ਲਗਭਗ 400 ਸਾਲ ਈਸਾ ਪੂਰਵ ਵਿੱਚ ਇਹ ਵਰਿਸ਼ਨੀ ਗਣ ਦਾ ਖਿੱਤਾ ਸੀ। ਸੰਘੋਲ ਦੀ ਖੁਦਾਈ ਤੋਂ ਵਰਿਸ਼ਨੀ ਗਣ ਦੇ ਦੋ ਸਿੱਕੇ ਵੀ ਮਿਲੇ ਹਨ। ਵਰਿਸ਼ਨੀ ਗਣ ਦੇ ਸਿੱਕੇ ਉੱਪਰ ਧੱਮ ਚੱਕਰ ਹੈ ਜਿਸ ਤੋਂ ਪਤਾ ਚੱਲਦਾ ਹੈ ਕਿ ਇਹ ਗਣ ਬੋਧੀ ਸੀ। ਇਸ ਲਈ ਸੰਘੋਲ ਦੇ ਸਤੂਪ ਦਾ ਮੁੱਢਲਾ ਕੰਮ ਵਰਿਸ਼ਨੀ ਗਣ ਨੇ ਹੀ ਸ਼ੁਰੂ ਕੀਤਾ ਹੋਵੇਗਾ ਜਿਸਦਾ ਵਿਸਥਾਰ ਪਹਿਲੀ ਈਸਵੀ ਵਿੱਚ ਕੁਸ਼ਾਣ ਰਾਜਾ ਕਨਿਸ਼ਕ ਨੇ ਕੀਤਾ। ਵਰਿਸ਼ਨੀ ਗਣ ਦੀ ਰਾਜਧਾਨੀ ਸੁਨੇਤ ਦੀ 1983 ਵਿੱਚ ਹੋਈ ਖੁਦਾਈ ਤੋਂ ਯੋਧੇ ਗਣ ਦੇ ਸਿੱਕਿਆਂ ਦੇ 30 ਹਜ਼ਾਰ ਸਾਂਚੇ ਮਿਲੇ ਸਨ। ਇਸ ਦਾ ਅਰਥ ਇਹ ਹੋਇਆ ਕਿ ਯੋਧੇ ਗਣ ਵਰਿਸ਼ਨੀ ਗਣ ਦਾ ਸਹਾਈ ਸੀ ਅਤੇ ਇਹ ਮਾਲਵੇ ਦੇ ਖਿੱਤੇ ਦੀ ਅਗਵਾਈ ਕਰ ਰਹੇ ਸਨ। ਯੋਧੇ ਗਣ ਇੱਕ ਵਪਾਰਕ ਗਣ ਸੀ। ਇਸ ਦਾ ਸਬੂਤ ਇਹ ਹੈ ਕਿ ਪੂਰੇ ਉੱਤਰੀ ਭਾਰਤ ਤੇ ਪਾਕਿਸਤਾਨ ਤੱਕ ਖੁਦਾਈਆਂ ਤੋਂ ਉਸ ਦੇ ਸਿੱਕੇ ਸਭ ਤੋਂ ਵੱਡੀ ਤਾਦਾਦ ਵਿੱਚ ਮਿਲੇ ਹਨ। ਇਸ ਲਈ ਯੋਧੇ ਗਣ ਅਤੇ ਵਰਿਸ਼ਨੀ ਗਣ ਦਾ ਵਪਾਰ ਦਾ ਕੇਂਦਰ ਸੰਘੋਲ ਸੀ। ਸੰਘੋਲ ਪੰਜਾਬ ਵਿੱਚ ਰੇਸ਼ਮੀ ਰਾਹ ਦਾ ਅਹਿਮ ਕੇਂਦਰ ਸੀ। ਸੰਘੋਲ ਦੀ ਖੁਦਾਈ ਤੋਂ ਮਿਲੀ ਮੋਹਰ ਉੱਤੇ ਤਕਸ਼ਿਲਾ ਲਿਖਿਆ ਮਿਲਿਆ ਹੈ ਜੋ ਇਸ ਦੀ ਪੁਸ਼ਟੀ ਕਰਦਾ ਹੈ। ਮਥੁਰਾ ਕਲਾ ਦੀਆਂ ਮੂਰਤੀਆਂ ਅਤੇ ਕੁਝ ਮੂਰਤੀਆਂ ਗੰਧਾਰ ਕਲਾ ਦੀਆਂ ਵੀ ਮਿਲਦੀਆਂ ਹਨ ਜੋ ਸੰਘੋਲ ਦੇ ਅਹਿਮ ਵਪਾਰਕ ਕੇਂਦਰ ਹੋਣ ਦਾ ਸਬੂਤ ਦਿੰਦੀਆਂ ਹਨ। ਇਸ ਤਰ੍ਹਾਂ ਸੰਘੋਲ ਤੋਂ ਗੰਗਾ ਦੇ ਮੈਦਾਨਾਂ ਅਤੇ ਤਕਸ਼ਿਲਾ ਤੱਕ ਵਪਾਰ ਹੁੰਦਾ ਸੀ। ਸੰਘੋਲ ਤੋਂ ਕੁਝ ਵਪਾਰੀਆਂ ਦੀਆਂ ਮੋਹਰਾਂ ਮਿਲੀਆਂ ਹਨ। ਦਵਿੰਦਰ ਹਾਂਡਾ ਨੇ ਆਪਣੀ ਕਿਤਾਬ 'ਸਟੱਡੀਜ਼ ਇਨ ਐਨਸ਼ੀਅੰਟ ਕੋਇਨਜ਼' ਵਿੱਚ ਇਨ੍ਹਾਂ ਦੇ ਨਾਮ ਬਾਲਭੱਦਰ, ਦਾਮੀਕੱਸ, ਦੇਵਦਾਸ, ਜੀਵਬੱਲ, ਸ੍ਰੀ ਬੁੱਧੀਵਾਸੁ, ਨੰਦੀਪੁਰਸ਼, ਸ੍ਰੀ ਵਿਸ਼ਨੂਦਾਸ ਅਤੇ ਗੋਕਸ਼ੂਰਕ ਦੱਸੇ ਹਨ।







# ਪਛਾਣ, ਪ੍ਰਵਾਨਗੀ ਅਤੇ

ਸਫ਼ਾ 5 ਦੀ ਬਾਕੀ

ਉਹ ਬਕਵਾਸ ਲੱਗਣੇ। ਇਨ੍ਹਾਂ ਪ੍ਰਤੀ ਸਵਾਲ ਕਰਨ 'ਤੇ ਜਵਾਬ ਨਾ ਮਿਲਣ ਤਾਂ ਪਰੇਸ਼ਾਨੀ ਹੋਰ ਵਧਦੀ ਹੈ। ਦੂਸਰੇ ਪਾਸੇ ਰਵਾਇਤਾਂ ਦੇ ਚਲਦੇ ਆਉਣ, ਸਾਰਿਆਂ ਵੱਲੋਂ ਕਰਦੇ ਆਉਣਾ, ਸਾਡੇ ਬਜ਼ੁਰਗਾਂ-ਪੁਰਖਿਆਂ ਦੀਆਂ ਰਵਾਇਤਾਂ ਹਨ ਆਦਿ ਜਵਾਬ ਵੀ ਤਸੱਲੀ ਨਹੀਂ ਦਿੰਦੇ। ਫਿਰ ਇਸ ਉਮਰ ਦਾ ਜੋਸ਼ ਉਨ੍ਹਾਂ ਨੂੰ ਮੰਨਦਾ ਨਹੀਂ ਤਾਂ ਅਗਲਾ ਕਦਮ ਹੁੰਦਾ ਹੈ ਬਦਲਣ ਦਾ।

ਇਸ ਉਮਰ ਦੇ ਦੋ ਤਿੰਨ ਮੁੱਖ ਕਦਮ ਸਾਫ਼ ਦਿਸਦੇ ਹਨ। ਆਪਣੀ ਮਨਮਰਜ਼ੀ ਦੀ ਪੜ੍ਹਾਈ ਅਤੇ ਉਸ ਵਿਚ ਆਪਣਾ ਭਵਿੱਖ ਦੇਖਣ ਦੀ ਚਾਹ ਜਿਸ ਨੂੰ ਲੈ ਕੇ ਅਕਸਰ ਰੋਸ ਪੈਦਾ ਕਰਦੀ ਹੈ। ਦੂਸਰਾ ਵੱਡਾ ਅੜਿੱਕਾ ਹੁੰਦਾ ਹੈ, ਵਿਆਹ ਤੇ ਉਹ ਵੀ ਜੇਕਰ ਪ੍ਰੇਮ ਵਿਆਹ ਹੋਵੇ ਤੇ ਮਨਮਰਜ਼ੀ ਦੇ ਸਾਥੀ ਨਾਲ ਜੀਵਨ ਬਿਤਾਉਣ ਦੀ ਗੱਲ ਹੋਵੇ। ਇਨ੍ਹਾਂ ਦੋਹਾਂ ਪੱਖਾਂ ਨੂੰ ਲੈ ਕੇ, ਬਹੁਤ ਜ਼ਿਆਦਾ ਵਖਰੇਵੇਂ ਦੇਖਣ ਨੂੰ ਮਿਲਦੇ ਹਨ। ਸਭ ਤੋਂ ਵੱਡੀ ਸਮੱਸਿਆ ਹੈ ਮਾਪਿਆਂ ਦੀ ਦਬਦਬੇ ਵਾਲੀ, ਦਬਕਾ ਮਾਰਨ ਵਾਲੀ ਪਰਵਰਿਸ਼ ਜਿਸ ਵਿਚ ਸੰਵਾਦ ਦੀ ਥਾਂ ਹੀ ਨਹੀਂ ਹੈ। ਮਿਲ ਬੈਠ ਕੇ ਕਿਸੇ ਨਿਰਣੇ 'ਤੇ ਪਹੁੰਚਣ ਦਾ ਮਾਹੌਲ ਹੀ ਨਹੀਂ ਹੈ।

ਜੋ ਵੀ ਸਥਿਤੀ ਹੋਵੇ, ਬਾਗ਼ੀ ਹੋਣਾ ਇਕ ਛੋਟੇ ਜਿਹੇ ਵਰਗ ਦੇ ਹਿੱਸੇ ਆਉਂਦਾ ਹੈ। ਇਹ ਹਿੰਮਤ ਬਹੁਤ ਘੱਟ ਲੋਕਾਂ/ ਨੌਜਵਾਨਾਂ ਵਿਚ ਹੁੰਦੀ ਹੈ, ਭਾਵੇਂ ਚਾਹਤ ਸਭ ਦੀ ਹੋਵੇ। ਕਿਉਂਕਿ ਸਮਾਜ ਵਿਚ ਰਹਿਣ, ਮਨਮਰਜ਼ੀ ਦੀ ਪੜ੍ਹਾਈ ਜਾਂ ਹੋਰ ਕੰਮ ਲਈ ਮਾਪਿਆਂ ਦਾ ਆਰਥਿਕ ਸਹਿਯੋਗ ਵੀ ਅਹਿਮ ਹੈ।

ਨਵੀਂ ਸੋਚ ਨੌਜਵਾਨਾਂ ਦੀ ਖਾਸੀਅਤ ਹੈ। ਪੰਜਾਬੀ ਦੀ ਕਹਾਵਤ ਹੈ, ਖ਼ਾਸਕਰ ਪੰਜਾਬ ਦੇ ਗੱਭਰੂਆਂ ਨੂੰ ਲੈ ਕੇ, 'ਮੁੰਡੇ ਜੰਮਣ ਤਾਂ ਕੰਧਾਂ ਕੰਬਣ', ਭਾਵੇਂ ਇਹ ਘਰ ਵਿਚ ਬਟਵਾਰੇ ਦੀ ਸੂਚਕ ਹੈ, ਪਰ ਇਸ ਨੂੰ ਉਸਾਰੂ ਢੰਗ ਨਾਲ ਵੀ ਲਿਆ ਜਾ ਸਕਦਾ ਹੈ ਕਿ ਨੌਜਵਾਨ ਦੀ ਨਵੀਂ ਸੋਚ, ਘਰ ਦੇ ਨਕਸ਼ੇ ਵਿਚ ਤਬਦੀਲੀ ਕਰਨਾ ਚਾਹੁੰਦੀ ਹੈ। ਉਸ ਨੂੰ ਸਮੇਂ ਦੇ ਹਾਣ ਦਾ, ਅਜੋਕੀ ਤਕਨਾਲੋਜੀ ਦੇ ਮੇਚ ਦਾ ਬਣਾਉਣਾ ਚਾਹੁੰਦੀ ਹੈ। ਚਾਹੁੰਦੀ ਹੈ ਕਿ ਵਿਗਿਆਨਕ ਸਮਝ ਨਾਲ ਤਬਦੀਲੀ ਹੋਵੇ ਤੇ ਘਰ ਹੋਰ ਵਧੀਆ ਤੇ ਸਿਹਤਮੰਦ ਹੋਵੇ।

ਨਵੀਂ ਸੋਚ ਤਹਿਤ, ਆਪਣੇ ਸੰਵਾਦੀ ਹੁਨਰ ਨਾਲ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੀ ਸੋਚ ਦੀ ਤਾਰੀਫ਼ ਹੋਵੇ, ਉਹ ਸਲਾਹੀ ਜਾਵੇ। ਵੈਸੇ ਤਾਰੀਫ਼ ਇਕ ਹੋਰ ਪਹਿਲੂ ਹੈ ਜੋ ਉਮਰ ਦੇ ਹਰ ਪੜਾਅ 'ਤੇ ਮਨੁੱਖ ਨੂੰ ਗਤੀਸ਼ੀਲ ਰੱਖਦਾ ਹੈ। ਉਹ ਤਾਰੀਫ਼ ਦੇ ਨਾਲ-ਨਾਲ ਹਕੀਕੀ ਤੌਰ 'ਤੇ ਆਪਣੀ ਸੋਚ ਨੂੰ ਤਜਰਬੇ ਵਿਚ ਢਾਲਣ ਦੀ ਪ੍ਰਵਾਨਗੀ ਵੀ ਚਾਹੁੰਦਾ ਹੈ।

ਨਵੀਂ ਸੋਚ ਅਤੇ ਤਜਰਬੇ ਕਰਨਾ ਨੌਜਵਾਨਾਂ ਦੇ ਕੁਦਰਤੀ ਵਿਕਾਸ ਦਾ ਹਿੱਸਾ ਹੈ। ਕੀ ਸਮਾਜ ਵਿਚ ਜ਼ਿੰਮੇਵਾਰ ਨਾਗਰਿਕ ਹੋਣ ਨਾਤੇ ਅਸੀਂ ਨੌਜਵਾਨਾਂ ਦੀ ਉਮਰ ਨਾਲ ਜੁੜੇ ਪਹਿਲੂਆਂ ਪ੍ਰਤੀ ਹਿੱਸੇਦਾਰ ਬਣ ਰਹੇ ਹਾਂ? ਪਹਿਲਾ ਸਵਾਲ ਤਾਂ ਇਹ ਹੈ ਕਿ ਕੀ ਸਾਨੂੰ ਇਹ ਇਸ ਉਮਰ ਦੀ ਖਾਸੀਅਤ ਹੋਣ ਬਾਰੇ ਜਾਣਕਾਰੀ ਹੈ। ਇਸ ਜਾਣਕਾਰੀ ਨਾਲ ਹੀ ਅਸੀਂ ਅੱਗੇ ਕਦਮ ਪੁੱਟ ਸਕਾਂਗੇ ਕਿ ਉਨ੍ਹਾਂ ਨੂੰ ਪਛਾਣ ਅਤੇ ਪ੍ਰਵਾਨਗੀ ਦੀ ਲੋੜ ਹੈ। ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਦੀ ਅਹਿਮੀਅਤ, ਖੁਰਾਕ ਜਿੰਨੀ ਹੀ ਮਹੱਤਵਪੂਰਨ ਹੈ ਅਤੇ ਉਨ੍ਹਾਂ ਦੀਆਂ ਹੋਰ ਲੋੜਾਂ ਜਿਵੇਂ ਮੋਟਰ ਸਾਈਕਲ, ਮੋਬਾਈਲ ਜਾਂ ਡਿਜ਼ਾਈਨਰ ਕੱਪੜਿਆਂ ਤੋਂ ਕਿਤੇ ਵੱਧ ਅਹਿਮ ਹੈ। ਇਸ ਦੇ ਸਿੱਟੇ ਕਈ ਪੱਖਾਂ ਤੋਂ ਮਾਅਨੇ ਰੱਖਦੇ ਹਨ।

ਪਛਾਣ ਦਾ ਸੰਕਟ ਇੰਨਾ ਸੂਖ਼ਮ ਹੈ ਕਿ ਘਰੇ ਆਪਣੀ ਗੱਲ ਨਾ ਰੱਖ ਸਕਣ ਵਾਲਾ ਨਿਰਾਸ਼ ਉਦਾਸ ਨੌਜਵਾਨ ਆਪਣੇ ਵਿਚਾਰਾਂ ਨੂੰ ਤਰਜੀਹ ਨਾ ਮਿਲਣ ਦੀ ਸੂਰਤ ਵਿਚ ਬੇਢੰਗੇ ਕੱਪੜਿਆਂ, ਉਲਟੇ-ਪੁਲਟੇ ਵਾਲਾਂ, ਕੰਨਾਂ ਵਿਚ ਮੁਰਕੀਆਂ ਰਾਹੀਂ

ਪਛਾਣ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਕਲਾਸ ਵਿਚ ਫਾਲਤੂ ਦੀਆਂ ਹਰਕਤਾਂ ਕਰਦਾ ਹੈ। ਇਸੇ ਪਹਿਲੂ ਕਾਰਨ ਹੀ ਉਹ ਸਕੂਟਰ-ਮੋਟਰਸਾਈਕਲ 'ਤੇ ਸਟੰਟ ਕਰਕੇ ਜਾਣਿਆ ਜਾਣ ਵਿਚ ਖ਼ੁਸ਼ੀ ਮਹਿਸੂਸ ਕਰਦਾ ਹੈ। ਇਹ ਖ਼ੁਸ਼ੀ, ਇਹ ਪਛਾਣ ਜੇ ਮਾਪੇ ਘਰ ਦੇਣ ਤੇ ਸਕੂਲ ਵਿਚ ਅਧਿਆਪਕਾਂ ਤੋਂ ਮਿਲੇ ਤਾਂ ਨੌਜਵਾਨਾਂ ਨੂੰ ਕਿਤੇ ਵੀ ਹੋਰ ਤਲਾਸ਼ਣ/ਭਟਕਣ ਦੀ ਲੋੜ ਨਾ ਜਾਪੇ।

ਜਿਨਸੀ ਸਬੰਧਾਂ ਨੂੰ ਲੈ ਕੇ ਭਟਕਣ ਅਤੇ ਨਤੀਜੇ ਵਜੋਂ ਏਡਜ਼ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋਣਾ ਵੀ ਇਸੇ ਗਿਆਨ ਦੀ ਘਾਟ ਕਾਰਨ ਵਾਪਰਦਾ ਹੈ ਜੋ ਮਾਪਿਆਂ ਤੋਂ ਆਪਸੀ ਸੰਵਾਦ ਨਾਲ ਹਾਸਲ ਹੋਣਾ ਹੁੰਦਾ ਹੈ। ਸਮੇਂ ਨੇ ਬਹੁਤ ਕੁਝ ਤਬਦੀਲ ਕੀਤਾ ਹੈ। ਨੌਜਵਾਨੀ ਦਾ ਪੜਾਅ ਉਹੀ ਹੈ, ਉਹੀ ਖਾਸੀਅਤਾਂ ਵਾਲਾ। ਉਹੀ ਸੁਪਨੇ ਦੇਖਣ ਵਾਲਾ ਤੇ ਸੁਪਨੇ ਪੂਰੇ ਕਰਨ ਦੇ ਰਾਹ ਪੈਣ ਵਾਲਾ। ਕੋਸ਼ਿਸ਼ ਕਰਨ ਵਾਲਾ, ਮਿਹਨਤ ਕਰਨ ਵਾਲਾ। ਹੁਣ ਦੇਖਣਾ ਇਹ ਹੈ ਕਿ ਅਸੀਂ ਇਨ੍ਹਾਂ ਦੇ ਸੁਪਨਿਆਂ ਵਿਚ ਆਪਣਾ ਕਿੰਨਾ ਕੁ ਹਿੱਸਾ ਪਾਇਆ ਹੈ। ਉਨ੍ਹਾਂ ਦੀ ਮਿਹਨਤ ਕਰਨ ਦੀ ਕੁਦਰਤੀ ਆਦਤ ਨੂੰ ਕਿੰਨਾ ਨੂੰ ਹੁਲਾਰਾ ਦਿੱਤਾ ਹੈ। ਜਾਂ ਆਪਣੀ ਸੁਖਾਲੀ ਆਰਥਿਕ ਹਾਲਤ ਤਹਿਤ ਉਨ੍ਹਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇ ਕੇ ਆਲਸੀ ਬਣਾ ਲਿਆ ਹੈ ਤੇ ਉੱਤੋਂ ਉਨ੍ਹਾਂ ਨੂੰ ਆਲਸੀ ਕਹਿ ਕੇ ਕੋਸਦੇ ਹਾਂ।

ਇਕ ਗੱਲ ਸਮਝਣ ਅਤੇ ਚੇਤੇ ਰੱਖਣ ਵਾਲੀ ਹੈ ਕਿ ਅਸੀਂ ਨੌਜਵਾਨਾਂ ਤੋਂ ਆਸ ਕਰਦੇ ਹਾਂ ਉਹ ਚੰਗੇ ਸ਼ਹਿਰੀ, ਜ਼ਿੰਮੇਵਾਰ ਨਾਗਰਿਕ, ਇਮਾਨਦਾਰ ਅਤੇ ਮਿਹਨਤੀ ਹੋਣ, ਪਰ ਕੀ ਅਸੀਂ ਉਨ੍ਹਾਂ ਨੂੰ ਕਿਸੇ ਵੀ ਪੱਧਰ 'ਤੇ ਇਹ ਸਭ ਸਿਖਾਇਆ-ਸਮਝਾਇਆ ਹੈ ਕਿ ਇਹ ਸਭ ਕਿਵੇਂ ਹੁੰਦਾ ਹੈ। ਉਸ ਤੋਂ ਵੱਧ ਜੇਕਰ ਬਿਠਾ ਕੇ ਨਹੀਂ ਦੱਸਿਆ ਤਾਂ ਕੀ ਇਹ ਸਭ ਸਾਡੇ ਆਪਣੇ ਕਿਰਦਾਰ ਦਾ ਹਿੱਸਾ ਹੈ? ਕੀ ਇਹ ਸਾਡੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਝਲਕਦਾ ਹੈ। ਮੰਨ ਲਿਆ ਕਿ ਤੁਸੀਂ ਜਿਸ ਉਮਰ 'ਚ ਮਿਹਨਤ ਕਰਨੀ ਸੀ ਕਰ ਲਈ, ਹੁਣ ਤੁਹਾਨੂੰ ਲੋੜ ਨਹੀਂ ਹੈ, ਪਰ ਕੀ ਬੈਠ ਕੇ ਇਮਾਨਦਾਰੀ ਨਾਲ ਆਪਣੀ ਮਿਹਨਤ ਅਤੇ ਸੰਘਰਸ਼ ਦੇ ਕਿੱਸੇ ਸੁਣਾਏ ਹਨ ਅਤੇ ਉਨ੍ਹਾਂ ਨੂੰ ਅਹਿਸਾਸ ਕਰਵਾਇਆ ਹੈ ਕਿ ਸੰਘਰਸ਼ ਦੀ ਜ਼ਿੰਦਗੀ ਵਿਚ ਕਿੰਨੀ ਅਹਿਮੀਅਤ ਹੈ। ਇਸ ਤੋਂ ਇਲਾਵਾ, ਪੈੜ-ਪੈੜ 'ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕਰਨਾ, ਉਨ੍ਹਾਂ ਨੂੰ ਸਮਾਂ ਦੇਣਾ ਤੇ ਉਨ੍ਹਾਂ ਦੇ ਮਨ ਵਿਚ ਉੱਠ ਰਹੇ ਉਬਾਲਾਂ-ਖ਼ਿਆਲਾਂ ਨੂੰ ਆਪਣੀ ਜ਼ਿੰਦਗੀ ਵਿਚ ਥਾਂ ਦਿੱਤੀ ਹੈ ਜਾਂ ਇਸ ਦੇ ਉਲਟ ਹਰ ਵੇਲੇ ਝਿੜਕਦੇ, ਭੰਡਦੇ ਅਤੇ ਹੀਣ ਭਾਵਨਾ ਦੇ ਰੂ-ਬ-ਰੂ ਕਰਵਾਉਂਦੇ ਹਾਂ। ਇਸ ਦੀ ਥਾਂ ਉਨ੍ਹਾਂ ਨੂੰ ਪਿਆਰ ਅਤੇ ਇੱਜ਼ਤ ਚਾਹੀਦੀ ਹੈ ਜਿਸ ਦੀ ਅਸੀਂ ਵੀ ਉਨ੍ਹਾਂ ਤੋਂ ਆਸ ਕਰਦੇ ਹਾਂ। ਉਹ ਤਾਂ ਹੀ ਮਿਲੇਗੀ, ਜਦੋਂ ਅਸੀਂ ਖ਼ੁਦ ਅੱਗੇ ਹੋ ਕੇ ਪਹਿਲ ਕਰਾਂਗੇ।

ਸੰਪਰਕ: 98158-08506

## ਰੱਬ ਦਾ ਜੀਅ

ਵੇ ਮਾਰ ਨਾ ਦਿਓ ਜੇ ,ਜਾਏਖਣਿਆ ਦਿਓ ??
ਰੱਬ ਦਾ ਜੀਅ ਐ''
ਦਰਵਾਜ਼ੇ ਵਿੱਚ ਚਿੜੀਆਂ ਦੇ ਪਾਏ ਆਲ੍ਹਣੇ ਵਿੱਚੋਂ ਡਿੱਗੇ ਬੋਟ ਨੂੰ ਬਚਾਉਂਦਿਆਂ
ਚਰਖਾ ਕੱਤਦੀ ਬੇਬੇ ਬੋਟ ਦੇ ਦੁਆਲੇ ਹੋਏ ਜਵਾਕਾਂ ਵੱਲ੍ਹ ਨੂੰ ਭੱਜਦੀ ਬੋਲੀ ...!
''ਵਾਖਰੂ ! ਆਲ੍ਹਣੇ 'ਚੋਂ ਡਿੱਗੇ ਵੀ ਕਦੇ ਬਚੇ ਆ ਭਲਾ ??"
ਚਿੜੀ ਜ਼ੋਰ-ਸ਼ੋਰ ਨਾਲ ਚਿੜ-ਚਿੜ ਕਰ ਰਹੀ ਸੀ ,
ਬੇਵੱਸ , ਕਦੇ ਐਧਰ ਨੂੰ ਉੱਡਦੀ ,ਕਦੇ ਦੂਜੇ ਪਾਸੇ ਨੂੰ ਭੱਜਦੀ ,ਮਾਂ ਦਾ ਮੋਹ ਤੜਫ਼ਾ ਰਿਹਾ ਸੀ , ਬੱਚੇ ਨੂੰ ਬਚਾਉਣ ਲਈ .. !
"ਭਲਾ ! ਐਨਾਂ ਨੇ ਕਿਹੜਾ ਕਮਾਈ ਖਾਣੀ ਐ ਜੁਆਕਾਂ ਦੀ !
ਵਿਚਾਰੀਆਂ ਜਿਉਣ ਜੋਗੀਆਂ ਨੇ , ਉੱਡੀਆਂ ਫਿਰਦੀਆਂ ਸਾਰਾ ਦਿਨ ਚੋਗ ਚੁਗਾਉਂਦੀਆਂ ਬੋਟਾਂ ਨੂੰ ..!
ਕਦੇ ਵਿਚਾਰੀਆਂ ਦੀ ਧੌਣ ਲਹਿ ਜਾਂਦੀ ਐ ਪੱਖੇ ਵਿੱਚ ਵੱਜ ਕੇ, ਕਦੇ ਗਰਮੀ ਨਾਲ ਫੜ੍ਹਕ ਕੇ ਡਿੱਗ ਪੈਂਦੀਆਂ .. ਬਸ
ਰੱਬ ਨੇ ਆਹਰੇ ਲਾਏ ਐ , ਸਭ ਜੀਆ ਜੰਤ !
ਜੇ ਆਹ ਜਵਾਕਾਂ ਦਾ ਮਿੱਠਾ ਮੋਹ ਨਾ ਪਾਉਂਦਾ , ਤਾਂ ਫਿਰ ਧਰਤੀ ਤੇ ਜੀਵ ਪਰਿੰਦਾ ਕਾਹਦਾ ਹੋਣਾ ਸੀ .. ??
ਬੇਬੇ ਬੋਲਦੀ ਗਈ ,ਨਾਲੇ ਡਿੱਗੇ ਬੋਟ ਨੂੰ ਚੁੱਕ ਕੇ ਦਰਵਾਜ਼ੇ ਦੇ ਵਿੱਚ ਬਣੇ ਆਲ੍ਹੇ ਵਿੱਚ ਰੱਖ ਦਿੱਤਾ .. !!
ਭਾਵੇਂ ਉਦੋਂ ਸਮਝਾ ਛੋਟੀਆਂ ਸਨ ..ਪਰ ਮਾਂ ਅਤੇ ਮਾਂ ਦੀ ਮਮਤਾ ਅਤੇ ਰੱਬ ਦੀ ਹੋਂਦ ਦੇ ਅਰਥ ਬੇਬੇ ਦੇ ਬੋਲਾਂ ਨੇ ਚੰਗੀ ਤਰ੍ਹਾਂ ਸਮਝਾ ਦਿੱਤੇ ਸਨ ...!!

ਰਾਜਵਿੰਦਰ ਕੌਰ ਵੜਿੰਗ

# ਬੱਚਿਆਂ ਦੀ ਮਾਨਸਿਕ ਮਜ਼ਬੂਤੀ ਲਈ ਬਚਪਨ ਵਿਚ ਹੀ ਧਿਆਨ ਦੇਣ ਦੀ ਲੋੜ




ਪ੍ਰੋ: ਮਨਦੀਪ ਸਿੰਘ ਜੰਜੂਆਂ



99146-00690


ਅਜੋਕੇ ਸਮੇਂ ਦੇ ਜ਼ਿਆਦਾਤਰ ਬੱਚੇ ਮਾਨਸਿਕ ਬੋਝ, ਚਿੰਤਾਂ ਅਤੇ ਉਦਾਸੀ ਵਿੱਚ ਜ਼ਿੰਦਗੀ ਜਿਉਂਦੇ ਹਨ। ਉਹਨਾਂ ਦਾ ਬਚਪਨ ਧੁੰਆਖਿਆ ਜਿਹਾ ਲੱਗਦਾ ਹੈ। ਪੜ੍ਹਾਈ ਗਿਆਨ ਦਾ ਮਾਰਗ ਨਾ ਹੋਕੇ ਬੋਝ ਬਣਦੀ ਜਾ ਰਹੀ ਹੈ। ਬਹੁਤੇ ਨੰਬਰ ਲੈਣ ਦੀ ਚਾਹਤ ਮਾਪਿਆ ਦਾ ਏ-ਵਨ ਗ੍ਰੇਡ ਪ੍ਰਾਪਤ ਕਰਨ ਦਾ ਪ੍ਰੈਸ਼ਰ ਬੱਚਿਆਂ ਨੂੰ ਇਕੱਲਤਾ ਅਤੇ ਉਦਾਸੀ ਵਿੱਚ ਵੀ ਲੈ ਜਾਂਦਾ ਹੈ। ਲੋਕ-ਖੇਡਾਂ, ਰਿਸ਼ਤੇ ਨਾਤਿਆਂ ਦੇ ਨਿੱਘ ਅਤੇ ਮਾਨਵੀ ਮੁੱਲ ਗੁਆਚ ਗਏ ਪ੍ਰਤੀਤ ਹੁੰਦੇ ਹਨ। ਬਚਪਨ ਵਿੱਚ ਲੋਕ ਖੇਡਾਂ ਬੱਚਿਆਂ ਨੂੰ ਜ਼ਿੰਦਗੀ ਦੇ ਮੁੱਲਵਾਨ ਪਹਿਲੂਆਂ ਪ੍ਰਤਿ ਗਿਆਨ ਦਿੰਦੀਆਂ ਹਨ। ਬੱਚਿਆਂ ਦਾ ਇੱਕਠੇ ਮਿਲਕੇ ਖੇਡਣ ਨਾਲ ਮਾਨਸਿਕ ਵਿਕਾਸ ਹੁੰਦਾ ਹੈ ਅਤੇ ਉਹ ਇੱਕ ਦੂਸਰੇ ਦੀ ਭਾਵਨਾਂ ਨੂੰ ਸਮਝਦੇ ਹਨ ਇਸ ਨਾਲ ਸਰੀਰ ਵੀ ਨਰੋਆ ਬਣਦਾ ਹੈ। ਮਿੱਟੀ ਅਤੇ ਧੁੱਪ ਵਿੱਚ ਖੇਡਣ ਨਾਲ ਬੱਚਿਆਂ ਦੀ ਅੰਦਰੂਨੀ ਸ਼ਕਤੀ ਵੀ ਵੱਧਦੀ ਹੈ ਪਰ ਹੁਣ ਮੋਬਾਇਲ ਹੀ ਬੱਚਿਆਂ ਦਾ ਸੰਗੀ ਸਾਥੀ ਬਣ ਚੁੱਕਿਆ ਹੈ। ਬੇਲੋੜੀ ਮੋਬਾਇਲ ਦੀ ਵਰਤੋਂ ਨਾਲ ਬੱਚਿਆਂ ਦੇ ਮਨ ਉੱਤੇ ਬੁਰਾ ਪ੍ਰਭਾਵ ਪੈਂਦਾ ਹੈ ਤੇ ਉਹ ਆਪਣੀ ਦਿਸ਼ਾ ਤੋਂ ਵੀ ਭਟਕਦੇ ਹਨ। ਮੈਦਾਨ ਵਿੱਚ ਖੇਡਣ ਜਾਣ ਦੀ ਬਜਾਇ ਮੋਬਾਇਲ ਉੱਤੇ ਗੇਮਾਂ ਖੇਡ ਖੇਡ ਕੇ ਬੱਚਿਆਂ ਦਾ ਕਾਫੀ ਨੁਕਸਾਨ ਹੁੰਦਾ ਹੈ। ਕਈ ਬੱਚੇ ਬਚਪਨ ਵਿੱਚ ਹੀ ਅਸ਼ਲੀਲ ਸਾਇਟਾ ਖੋਲ ਕੇ ਦੇਖਣ ਦੇ ਆਦਿ ਬਣ ਚੁੱਕੇ ਹੁੰਦੇ ਹਨ ਜਿਸ ਨਾਲ ਉਨ੍ਹਾਂ ਦਾ ਮਨ ਪ੍ਰਦੂਸ਼ਤ ਹੁੰਦਾ ਹੈ ਉਹ ਜ਼ਿੰਦਗੀ ਦੇ ਅਸਲ ਰਸਤੇ ਤੋਂ ਭਟਕ ਜਾਂਦੇ ਹਨ। ਮੋਬਾਇਲ ਟੀ.ਵੀ. ਅਤੇ ਸੂਚਨਾਂ ਤਕਨੋਲਜੀ ਦੇ ਹੋਰ ਸਾਧਨ ਸੋਮਿਆਂ ਕਾਰਨ ਬੱਚਿਆਂ ਵਿੱਚ ਦਿਖਾਏ ਜਾ ਰਹੇ ਪਦਾਰਥਕ ਅਤੇ ਬਨਾਉਟੀ ਜ਼ਿੰਦਗੀ ਪ੍ਰਤਿ ਖਿੱਚ ਪੈਦਾ ਹੁੰਦੀ ਹੈ। ਜ਼ੋ ਸਾਡੇ ਅਸਲ ਵਿਰਸੇ ਤੋਂ ਕੋਹਾਂ ਦੂਰ ਹੈ। ਬੱਚਿਆਂ ਦਾ ਘਰਾਂ ਵਿੱਚ ਆਪਣੇ ਮਾਪਿਆਂ ਨਾਲ ਕੰਮ ਵਿੱਚ ਹੱਥ ਵਟਾਉਣ ਦਾ ਰੁਝਾਨ ਘਟਿਆ ਹੈ। ਰਿਸ਼ਤੇ ਨਾਤਿਆਂ ਦੀ ਕਦਰ, ਮਿੱਟੀ ਦੇ ਮੋਹ ਅਤੇ ਦੇਸ਼ ਪਿਆਰ ਦੀ ਭਾਵਨਾਂ ਵਿੱਚ ਕਮੀ ਆਈ ਹੈ। ਬਚਪਨ ਵਿੱਚ ਹੀ ਸਿਖਾਇਆ ਜਾ ਰਿਹਾ ਕਿ ਤੁਸੀਂ ਆਈਲੈਟਸ ਕਰਕੇ ਵਿਦੇਸ਼ ਜਾਣਾ ਹੈ।

ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ। ਪਰ ਜਿਸ ਤਰ੍ਹਾਂ ਨੌਜਵਾਨ ਵਰਗ ਵਿਦੇਸ਼ ਜਾ ਰਿਹਾ ਹੈ ਉਸ ਤੋਂ ਲੱਗਦਾ ਹੈ ਕਿ ਨੌਜਵਾਨਾਂ ਦਾ ਖੇਤੀਬਾੜੀ ਬਿਜ਼ਨਸ ਜਾ ਹੋਰ ਕੰਮ ਪ੍ਰਤੀ ਹੁਣ ਕੋਈ ਧਿਆਨ ਨਹੀਂ ਰਿਹਾ ਸ਼ਾਇਦ ਸਮੇਂ ਦੀਆਂ ਸਰਕਾਰਾਂ ਨੇ ਇਸ ਤਰ੍ਹਾਂ ਦਾ ਮਾਹੌਲ ਬਣਾਇਆ ਹੀ ਨਹੀਂ ਕਿ ਸਾਡੇ ਬੱਚੇ ਪੰਜਾਬ ਵਿੱਚ ਹੀ ਰਹਿਣ। ਬੱਚਿਆਂ ਦੇ ਮਨ ਨੂੰ ਸਮੇਂ ਦਾ ਵਾਤਾਵਰਨ, ਮਾਹੌਲ, ਪਰਿਵਾਰ, ਸਕੂਲ ਅਤੇ ਸੰਚਾਰ ਸਾਧਨਾਂ ਨੇ ਪ੍ਰਭਾਵਤ ਕਰਨਾ ਹੁੰਦਾ ਹੈ। ਪੜ੍ਹਾਈ ਅੰਕਾਂ ਦੀ ਖੇਡ ਬਣ ਕੇ ਰਹਿ ਗਈ ਲੱਗਦੀ ਹੈ ਜਿਸ ਵਿੱਚ ਜ਼ਿੰਦਗੀ ਦੇ ਮੁਲਵਾਨ ਗਿਆਨ ਦੀ ਕਮੀ ਆ ਰਹੀ ਹੈ। ਵਿਦਿਆਰਥੀ ਵਿਸ਼ਵੀਕਰਨ ਦੇ ਦੌਰ ਵਿੱਚ ਮਸ਼ੀਨ ਦਾ ਯੰਤਰਿਕ ਪੁਰਜਾ ਬਣਦੇ ਜਾ ਰਹੇ ਹਨ। ਜਿੱਥੇ ਮੋਹ-ਮੁਹਬਤ, ਅਪਣੱਤ ਹਮਦਰਦੀ ਸਹਾਇਤਾ, ਜ਼ਿੰਦਗੀ ਦੇ ਪ੍ਰਮੁੱਖ ਪਹਿਲੂ ਘਟਦੇ ਜਾ ਰਹੇ ਹਨ। ਪਹਿਲੇ ਸਮਿਆਂ ਵਿੱਚ ਬੱਚਿਆਂ ਨੂੰ ਸੁਰੂਆਤ ਵਿੱਚ ਹੀ ਤਕੜਾ ਬਣਾਉਣ ਲਈ ਕਿਰਤ ਕਰਨ ਵੱਲ ਲਗਾਇਆ ਜਾਂਦਾ ਸੀ। ਉਹ ਖੁੱਲ ਕੇ ਬਚਪਨ ਨੂੰ ਮਾਣਦੇ ਸਨ ਦੇਸੀ ਖੁਰਾਕਾਂ, ਖੇਤਾਂ ਵਿੱਚ ਦੌੜਾਂ, ਦਰੱਖਤਾਂ ਤੇ ਚੜ੍ਹਨਾਂ, ਮੱਝਾਂ ਤੇ ਸਵਾਰੀ ਕਰਨੀ ਉਨ੍ਹਾਂ ਦਾ ਆਪਣਾ ਹੀ ਚਾਅ ਹੁੰਦਾ ਸੀ। ਬੱਚਿਆਂ ਵਿੱਚ ਸਾਦਗੀ ਅਤੇ ਸਲੀਕਾ ਭਰਪੂਰ ਮਾਤਰਾ ਵਿੱਚ ਸੀ। ਅੱਜ ਦੇ ਮਾਹੌਲ ਵਿੱਚ ਬੱਚਿਆਂ ਨੂੰ ਵਿਸ਼ੇਸ ਧਿਆਨ ਦੀ ਲੋੜ ਹੈ। ਸਕੂਲ ਵਿੱਚ ਪੜ੍ਹਾਈ ਦੇ ਨਾਲ-ਨਾਲ ਨੈਤਿਕ ਕਦਰਾਂ ਕੀਮਤਾਂ ਦਾ ਪਾਠ ਪੜ੍ਹਾਉਣਾ ਵੀ ਜ਼ਰੂਰੀ ਹੈ। ਹਰ ਇੱਕ ਬੱਚਾ ਪੜ੍ਹਾਈ ਵਿੱਚ ਬਹੁਤ ਚੰਗਾ ਨਹੀਂ ਹੋ ਸਕਦਾ ਪਰ ਉਸ ਵਿੱਚ ਖੇਡ ਅਤੇ ਸੱਭਿਆਚਾਰ ਖੇਤਰ ਸੰਬੰਧਿਤ ਗੁਣ ਜ਼ਰੂਰ ਹੋਣਗੇ ਜਿੱਥੇ ਉਹ ਚੰਗੀਆਂ ਮੱਲਾਂ ਮਾਰ ਸਕਦਾ। ਕਹਿਣ ਤੋਂ ਭਾਵ ਕਿ ਬੱਚਿਆਂ ਦੀ ਯੋਗਤਾ ਅਤੇ ਕਾਬਲੀਅਤ ਮੁਤਾਬਿਕ ਉਨ੍ਹਾਂ ਦੇ ਮਨ ਦੇ ਖੇਤਰ ਵੱਲ ਹੀ ਭੇਜਿਆ ਜਾਵੇ। ਕਈ ਵਾਰੀ ਮਾਪੇ ਆਪਣੇ ਬੱਚਿਆਂ ਨੂੰ ਜਬਰਦਸਤੀ ਡਾਕਟਰ ਜਾਂ ਇੰਜੀਨੀਅਰ ਬਣਾਉਣ ਦਾ ਠੱਪਾ ਲਾਉਂਦੇ ਹਨ ਇਹ ਠੀਕ ਨਹੀਂ ਹੈ ਹਰ ਇੱਕ ਸਕੂਲ ਕਾਲਜ ਵਿੱਚ ਸਾਇਕੋਲਿਜੀ ਦਾ ਆਧਿਆਪਕ ਹੋਣਾ ਜ਼ਰੂਰੀ ਹੈ ਤਾਂ ਜੋ ਉਹ ਬੱਚਿਆਂ ਦੀਆਂ ਮਾਨਸਿਕ ਸਮੱਸਿਆਂ ਨੂੰ ਜਾਣ ਸਕੇ ਕਈ ਵਾਰ ਬੱਚੇ ਡਿਪਰੇਸ਼ਨ ਵਿੱਚ ਜਾਂਦੇ ਹਨ ਤਾਂ ਇਸਨੂੰ ਅੰਧ-ਵਿਸ਼ਵਾਸੀ ਗੱਲਾਂ ਤੋਂ ਦੂਰ ਕਰਕੇ ਇਸ ਨੂੰ ਇੱਕ ਬੀਮਾਰੀ ਵੱਜੋਂ ਦੇਖਦੇ ਹੋਏ ਚੰਗੇ ਡਾਕਟਰ ਕੋਲ ਇਲਾਜ ਕਰਵਾਉਣਾ ਚਾਹੀਦਾ ਹੈ ਇੱਕ ਜਨੈਟਿਕ ਜਾਂ ਕਿਸੀ ਹੋਰ ਕਾਰਨ ਕਰਕੇ ਵੀ ਹੋ ਸਕਦੀ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਆਪਣੇ ਬੱਚਿਆਂ ਨੂੰ ਬਚਪਨ ਵਿੱਚ ਹੀ ਮਜ਼ਬੂਤ ਕਰਨ ਲਈ ਪੋਜਟਿਵ ਸੋਚ ਅਪਣਾਉਣ ਅਤੇ ਹਰ ਸਮੱਸਿਆ ਤੋਂ ਡਰਨ ਦੀ ਬਜਾਏ ਤਕੜੇ ਹੋ ਕੇ ਹੱਲ ਕਰਨ ਦੀ ਪ੍ਰੇਰਨਾ ਦੇਣ ਮਾਪਿਆ ਦਾ ਆਪਣੇ ਬੱਚਿਆਂ ਨਾਲ ਸਮਾਂ ਬਤੀਤ ਕਰਨਾ ਜ਼ਰੂਰੀ ਹੈ ਬੱਚਿਆਂ ਵਿੱਚ ਵੱਧ ਰਹੀ ਫਾਸਟ ਫੂਡ ਦੀ ਆਦਤ ਘਟਾ ਕੇ ਫਲਾਂ ਸਬਜੀਆਂ ਨੂੰ ਭੋਜਨ ਵਿੱਚ ਸ਼ਾਮਿਲ ਕਰਨ ਦੀ ਸਿੱਖਿਆ ਦੇਣੀ ਚਾਹੀਦੀ ਹੈ। 14 ਤੋਂ 18 ਸਾਲ ਦਾ ਸਮਾਂ ਬੱਚਿਆਂ ਵਿੱਚ ਹਾਰਮੋਨ ਤਬਦੀਲੀ ਦਾ ਹੁੰਦਾ ਹੈ ਇਸ ਸਮੇਂ ਖਾਸ ਧਿਆਨ ਰੱਖਣ ਦੀ ਲੋੜ ਹੁੰਦੀ ਹੈ ਲੜ੍ਹਕੇ ਲੜ੍ਹਕੀਆਂ ਇੱਕ ਦੂਸਰੇ ਪ੍ਰਤੀ ਆਕਰਸ਼ਤ ਹੋ ਜਾਂਦੇ ਹਨ ਮੋਬਾਇਲ ਦੇ ਯੁੱਗ ਵਿੱਚ ਆਪਣਾ ਕੀਮਤੀ ਸਮਾਂ ਚੈਟਿੰਗ ਤੇ ਗੱਲਬਾਤ ਵਿੱਚ ਲੰਘਾ ਦਿੰਦੇ ਹਨ। ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਚੰਗੇ ਮਾਰਗ ਵੱਲ ਜਾਣ ਦੀ ਸੋਚ ਪ੍ਰਭਾਵਿਤ ਹੁੰਦੀ ਹੈ ਪੜ੍ਹਨ ਜਾਂ ਹੋਰ ਕੰਮਾਂ ਵਿੱਚ ਮਨ ਨਹੀਂ ਲੱਗਦਾ ਸੁਭਾਅ ਚਿੜਚੜਾ ਹੋ ਜਾਂਦਾ ਹੈ ਤੇ ਉਨ੍ਹਾਂ ਦੀ ਕੋਸ਼ਿਸ਼ ਮੋਬਾਇਲ ਤੇ ਗੱਲਬਾਤ ਜਾਂ ਚੈਟਿੰਗ ਦੀ ਹੀ ਹੁੰਦੀ ਹੈ ਕਈ ਵਾਰ ਤਾਂ ਲਿਮਟ ਕਰੋਸ ਕਰਕੇ ਸਰੀਰਕ ਸੰਬੰਧ ਬਣਾਉਣ ਦੀ ਕੋਸ਼ਿਸ਼ ਵੀ ਕਰਦੇ ਹਨ ਅਜਿਹੀ ਸਥਿਤੀ ਵਿੱਚ ਮਾਪੇ ਅਤੇ ਅਧਿਆਪਕ ਦਾ ਅਹਿਮ ਰੋਲ ਹੁੰਦਾ ਹੈ। ਬੱਚਿਆਂ ਦੀ ਐਨਰਜੀ ਨੂੰ ਸਹੀ ਦਿਸ਼ਾ ਵੱਲ ਲਗਾਉਣਾ ਬਹੁਤ ਜ਼ਰੂਰੀ ਹੈ। ਸਕੂਲ ਵਿੱਚ ਪੜ੍ਹਾਈ ਦੇ ਨਾਲ ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਪ੍ਰਤੀ ਪੂਰਾ ਧਿਆਨ ਦੇਣਾ ਬਣਦਾ ਹੈ। ਬੱਚਿਆਂ ਦੇ ਮਨ ਨੂੰ ਸ਼ਾਂਤ ਰੱਖਣ ਲਈ ਅਧਿਆਤਮਕ ਗਿਆਨ ਜ਼ਰੂਰੀ ਹੈ। ਤਾਂ ਕਿ ਬੱਚੇ ਨੂੰ ਧਰਮ ਦੇ ਅਸਲ ਫਲਸਫ਼ੇ ਦਾ ਪਤਾ ਹੋਵੇ ਹੈ। ਪਾਖੰਡੀ ਅੰਡਬਰੀ ਰੀਤਾਂ ਰਸਮਾਂ ਦੀ ਲੋੜ ਨਹੀਂ ਪੰਜਾਬ ਦੇ ਗੌਰਵ ਮਈ ਵਿਰਸੇ, ਦਿੱਤੀਆਂ ਕੁਰਬਾਨੀਆਂ ਦੇਸ਼ ਪਿਆਰ ਮਿਹਨਤੀ-ਸੁਭਾਅ, ਭਾਈਚਾਰਾ ਰਿਸ਼ਤੇਨਾਤੇ, ਲੋਕ-ਨਾਚ, ਲੋਕ ਖੇਡਾਂ, ਲੋਕ-ਪਹਿਰਾਵਾ, ਜਦੋਂ ਬੱਚਿਆਂ ਦੇ ਮਨ ਵਿੱਚ ਬਿੰਬ ਬਣਕੇ ਉਤਰੇਗਾ ਤਾਂ ਜ਼ਰੂਰ ਚੰਗੇ ਨਤੀਜੇ ਆਉਣਗੇ ਸਾਨੂੰ ਸਾਰਿਆਂ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਲੋੜ ਹੈ।





# ਘੱਟ ਬਜਟ ਵਿੱਚ ਘਰ ਨੂੰ ਸਮਾਰਟ ਲੁੱਕ ਦਿਓ

ਘਰ ਦੀ ਸਜਾਵਟ ਦੇ ਵਿਚਾਰ: ਹਰ ਕੋਈ ਚਾਹੁੰਦਾ ਹੈ ਕਿ ਉਸ ਦਾ ਘਰ ਬਹੁਤ ਸੁੰਦਰ ਲੱਗੇ। ਲੋਕ ਆਪਣੇ ਘਰ ਨੂੰ ਸਜਾਉਣ ਲਈ ਕਿੰਨਾ ਪੈਸਾ ਖਰਚ ਕਰਦੇ ਹਨ, ਜਦੋਂ ਕਿ ਬਹੁਤ ਸਾਰੇ ਲੋਕ ਘੱਟ ਬਜਟ ਕਾਰਨ ਆਪਣੇ ਘਰ ਦਾ ਮੇਕਓਵਰ ਨਹੀਂ ਕਰ ਪਾਉਂਦੇ ਹਨ। ਪਰ ਅੱਜ ਇਹ ਲੇਖ ਤੁਹਾਨੂੰ ਘਰ ਨੂੰ ਸਜਾਉਣ ਲਈ ਬਜਟ ਅਨੁਕੂਲ ਵਿਚਾਰ ਦੱਸੇਗਾ। ਜਿਸ ਨਾਲ ਤੁਸੀਂ ਆਪਣੇ ਘਰ ਨੂੰ ਸਮਾਰਟ ਲੁੱਕ ਦੇ ਸਕਦੇ ਹੋ।

### ਬੈੱਡਰੂਮ ਦੀ ਦਿੱਖ ਬਦਲੋ

ਜੇ ਤੁਸੀਂ ਚਾਹੋ, ਤਾਂ ਤੁਸੀਂ ਬੈੱਡ ਦੇ ਆਲੇ-ਦੁਆਲੇ ਛੱਤ ਪਾ ਸਕਦੇ ਹੋ ਅਤੇ ਇਸ ਨੂੰ ਛੋਟੀਆਂ ਪਰੀ ਲਾਈਟਾਂ ਨਾਲ ਸਜਾ ਸਕਦੇ ਹੋ। ਤੁਸੀਂ ਬੈੱਡਰੂਮ ਦੇ ਪਰਦਿਆਂ ਦਾ ਰੰਗ ਜਾਂ ਫੈਬਰਿਕ ਵੀ ਬਦਲ ਸਕਦੇ ਹੋ। ਅਜਿਹਾ ਕਰਨ ਨਾਲ ਤੁਹਾਡੇ ਬੈੱਡਰੂਮ ਨੂੰ ਨਵਾਂ ਰੂਪ ਮਿਲ ਸਕਦਾ ਹੈ।

### ਕੰਧ ਕਲਾ ਦੀ ਚੋਣ ਕਰੋ

ਅੱਜ ਕੱਲ੍ਹ ਘਰ ਦੀ ਸਜਾਵਟ ਲਈ ਕੰਧ ਕਲਾ ਦਾ ਰੁਝਾਨ ਹੈ। ਜੇਕਰ ਤੁਸੀਂ ਖੁਦ ਪੇਂਟਿੰਗ ਕਰਨਾ ਪਸੰਦ ਕਰਦੇ ਹੋ, ਤਾਂ ਤੁਸੀਂ ਆਪਣੀ ਪੇਂਟਿੰਗ ਨੂੰ ਫਰੇਮ ਕਰਕੇ ਘਰ ਦੀਆਂ ਕੰਧਾਂ 'ਤੇ ਲਗਾ ਸਕਦੇ ਹੋ। ਅੱਜਕੱਲ੍ਹ ਵਾਲ ਆਰਟ ਵੀ ਬਾਜ਼ਾਰ 'ਚ ਸਸਤੇ ਭਾਅ 'ਤੇ ਉਪਲਬਧ ਹੈ, ਤੁਸੀਂ ਇਨ੍ਹਾਂ ਨੂੰ ਘਰ ਦੀ ਸਜਾਵਟ ਲਈ ਵੀ ਖਰੀਦ ਸਕਦੇ ਹੋ।

### ਪੁਰਾਣਾ ਫਰਨੀਚਰ

ਜੇਕਰ ਤੁਹਾਡੇ ਕੋਲ ਨਵਾਂ ਫਰਨੀਚਰ ਖਰੀਦਣ ਦਾ ਬਜਟ ਨਹੀਂ ਹੈ ਤਾਂ ਤੁਸੀਂ ਪੁਰਾਣੇ ਫਰਨੀਚਰ ਨਾਲ ਵੀ ਘਰ ਨੂੰ ਨਵੀਂ ਦਿੱਖ ਦੇ ਸਕਦੇ ਹੋ। ਇਸ ਦੇ ਲਈ ਤੁਸੀਂ ਪੁਰਾਣੇ ਫਰਨੀਚਰ 'ਤੇ ਨਵਾਂ ਪੇਂਟ ਲਗਾ ਸਕਦੇ ਹੋ, ਜਿਸ ਨਾਲ ਉਨ੍ਹਾਂ ਦੀ ਦਿੱਖ ਪੂਰੀ ਤਰ੍ਹਾਂ ਬਦਲ ਜਾਵੇਗੀ ਅਤੇ ਘਰ ਦੀ ਖੂਬਸੂਰਤੀ ਵੀ ਵਧੇਗੀ।

### ਸ਼ੀਸ਼ੇ ਨਾਲ ਘਰ ਨੂੰ ਆਧੁਨਿਕ ਦਿੱਖ ਦਿਓ

ਤੁਸੀਂ ਘਰੇਲੂ ਮੇਕਓਵਰ ਕਰਨ ਲਈ ਸ਼ੀਸ਼ੇ ਦੀ ਚੋਣ ਕਰ ਸਕਦੇ ਹੋ। ਇਸ ਦੇ ਲਈ ਤੁਸੀਂ ਲਿਵਿੰਗ ਏਰੀਆ 'ਚ ਚਮਕਦਾਰ ਜਾਂ ਹਲਕੇ ਰੰਗ ਦਾ ਸਟਾਈਲਿਸ਼ ਸ਼ੀਸ਼ਾ ਲਗਾ ਸਕਦੇ ਹੋ। ਤੁਸੀਂ ਚਾਹੋ ਤਾਂ ਸ਼ੀਸ਼ੇ ਨਾਲ ਵਾਰਡਰੋਬ ਵੀ ਲੈ ਸਕਦੇ ਹੋ। ਤੁਸੀਂ ਇਸ ਵਿਚ ਚੀਜ਼ਾਂ ਰੱਖ ਸਕਦੇ ਹੋ ਅਤੇ ਘਰ ਦੀ ਸਜਾਵਟ ਵਿਚ ਵੀ ਲਾਭਦਾਇਕ ਹੋ ਸਕਦੇ ਹੋ।



### ਸੋਫਾ ਕੁਸ਼ਨ ਬਦਲੋ

ਸਰਦੀਆਂ ਦੇ ਮੌਸਮ ਨੇ ਦਸਤਕ ਦੇ ਦਿੱਤੀ ਹੈ, ਇਸ ਲਈ ਤੁਸੀਂ ਸੋਫੇ ਲਈ ਫਰ ਕੁਸ਼ਨ ਲੈ ਸਕਦੇ ਹੋ। ਇਹ ਤੁਹਾਡੇ ਸੋਫੇ ਨੂੰ ਨਵਾਂ ਰੂਪ ਦੇਵੇਗਾ ਅਤੇ ਘਰ ਦੀ ਸੁੰਦਰਤਾ ਨੂੰ ਵਧਾਏਗਾ।

### ਲਾਈਟਾਂ ਨਾਲ ਘਰ ਨੂੰ ਕੂਲ ਲੁੱਕ ਦਿਓ

ਤੁਸੀਂ ਆਪਣੇ ਘਰ ਦੀਆਂ ਲਾਈਟਾਂ ਨੂੰ ਬਦਲ ਕੇ ਨਵਾਂ ਰੂਪ ਦੇ ਸਕਦੇ ਹੋ। ਇਸਦੇ ਲਈ ਤੁਸੀਂ ਘਰ ਵਿੱਚ ਹੈਂਗਿੰਗ ਲਾਈਟਾਂ ਦੀ ਵਰਤੋਂ ਕਰ ਸਕਦੇ ਹੋ। ਬਜ਼ਾਰ ਵਿੱਚ ਇੱਕ ਤੋਂ ਵੱਧ ਇੱਕ ਲੈਂਪ ਹੈਂਗਿੰਗ ਲਾਈਟਾਂ ਉਪਲਬਧ ਹਨ, ਜੋ ਤੁਹਾਡੇ ਘਰ ਦੀ ਸੁੰਦਰਤਾ ਵਿੱਚ ਵਾਧਾ ਕਰਨਗੀਆਂ।

---

ਕੁਰਸੀ ਤੇ ਬੈਠੇ ਬਜ਼ੁਰਗ ਤੁਰਕੀ ਨਾਗਰਿਕ ਦਾ ਕਹਿਣਾ ਹੈ ਕਿ ਮਕਾਨ ਮਾਲਕ ਨੇ ਕਿਰਾਇਆ ਵਧਾ ਦਿੱਤਾ ਸੀ ਅਤੇ ਮੇਰੇ ਕੋਲ ਇਕਦਮ ਗੁੰਜਾਇਸ਼ ਨਹੀਂ ਸੀ ਇਸ ਲਈ ਮੈਨੂੰ ਤਿੰਨ ਦਿਨ ਪਹਿਲਾਂ ਹੀ ਮਾਲਕ ਜਿਸ ਦੇ 5 ਘਰ ਸਨ ਨੇ ਮੈਨੂੰ ਘਰੋਂ ਕੱਢ ਦਿੱਤਾ ਸੀ , ਪਰ ਉਸ ਰਾਤ ਆਏ ਭੁਚਾਲ ਤੋਂ ਬਾਅਦ ਸਭ ਕੁਝ ਬਦਲ ਗਿਆ ਅਤੇ ਅੱਜ ਮੈਂ ਅਤੇ ਮਕਾਨ ਮਾਲਕ ਦੋਨੋਂ ਇਕੋ ਹੀ ਤੰਬੂ ਵਿੱਚ ਹਾਂ । ਖੇਡ ਕੁੱਝ ਸੈਕਿੰਡ ਦੀ ਹੈ ਵਕਤ ਬਦਲਦਿਆਂ ਦੇਰ ਨਹੀਂ.. ਇਸ ਲਈ ਹੰਕਾਰ ਛੱਡੋ ਅਤੇ ਮਿਲੀਆ ਦਾਤਾ ਲਈ ਵਾਹਿਗੁਰੂ ਦਾ ਹਰ ਸਮੇਂ ਸ਼ੁਕਰਾਨਾ ਕਰੋ




---

# ਪਲਾਸਟਿਕ ਪ੍ਰਦੂਸ਼ਣ 'ਚ ਖਾਮੋਸ਼ ਹੋ ਰਹੀ ਪੰਛੀਆਂ ਦੀ ਚੂਹਕ

ਤੇਜਦੀਪ ਕੌਰ ਕਲੇਰ*



ਕਦੇ ਦੁਨੀਆ ਵਿੱਚ ਸਵੇਰ ਪੰਛੀਆਂ ਦੀ ਚੂਹਕ ਨਾਲ ਗੂੰਜਦੀ ਹੁੰਦੀ ਸੀ। ਕੋਇਲ ਦੀ ਮਿੱਠੀ ਆਵਾਜ਼ ਤੋਂ ਲੈ ਕੇ ਕਾਂਜ ਦੀ ਕਾਕੜੀ ਤੱਕ, ਇਹ ਸਿਰਫ਼ ਸੁਰੀਲੇ ਸੰਗੀਤ ਨਹੀਂ ਸਨ, ਬਲਕਿ ਇਹ ਤੰਦਰੁਸਤ ਈਕੋਤੰਤਰ ਦੇ ਚਿੰਨ੍ਹ ਸਨ। ਅੱਜਕੱਲ੍ਹ ਇਹ ਆਵਾਜ਼ਾਂ ਖਾਮੋਸ਼ ਹੋ ਗਈਆਂ ਹਨ। ਸਮੁੰਦਰੀ ਕਿਨਾਰਿਆਂ 'ਤੇ ਵੀ ਲਹਿਰਾਂ ਤਾਂ ਉੱਠਦੀਆਂ ਹਨ, ਪਰ ਹੁਣ ਉਨ੍ਹਾਂ ਵਿੱਚ ਟਰਨਾਂ ਅਤੇ ਪਲੋਵਰਾਂ ਦੀ ਆਵਾਜ਼ ਨਹੀਂ ਰਹੀ। ਇਸ ਚੁੱਪ ਦਾ ਸਭ ਤੋਂ ਵੱਡਾ ਦੋਸ਼ੀ ਹੈ: ਪਲਾਸਟਿਕ। ਆਮ ਤੌਰ 'ਤੇ ਸਮੁੰਦਰ ਜਾਂ ਕੂੜਾ ਡੰਪ ਕਰਨ ਦੀਆਂ ਥਾਵਾਂ ਦੇ ਪ੍ਰਦੂਸ਼ਣ ਨਾਲ ਜੋੜੀ ਜਾਂਦੀ ਪਲਾਸਟਿਕ ਹੁਣ ਹਵਾ ਵਿੱਚ ਵੀ ਵੱਡੇ ਪੱਧਰ 'ਤੇ ਹੋ ਗਈ ਹੈ। ਵਾਤਾਵਰਨ ਦੀ ਸਿਹਤ ਦੇ ਨਿਗਰਾਨ ਪੰਛੀ ਹੁਣ ਮਨੁੱਖ ਦੀ ਪਲਾਸਟਿਕ 'ਤੇ ਨਿਰਭਰਤਾ ਦੇ ਸ਼ਿਕਾਰ ਬਣ ਰਹੇ ਹਨ।

ਹਰ ਸਾਲ ਦੁਨੀਆ ਭਰ ਵਿੱਚ 400 ਮਿਲੀਅਨ ਟਨ ਤੋਂ ਵੱਧ ਪਲਾਸਟਿਕ ਬਣਾਇਆ ਜਾਂਦਾ ਹੈ, ਜਿਸ ਵਿੱਚੋਂ ਵੱਡਾ ਹਿੱਸਾ ਢੰਗ ਨਾਲ ਨਿਪਟਾਇਆ ਨਹੀਂ ਜਾਂਦਾ ਅਤੇ ਆਲੇ-ਦੁਆਲੇ ਦੇ ਵਾਤਾਵਰਨ ਵਿੱਚ ਫੈਲ ਜਾਂਦਾ ਹੈ। ਭਾਵੇਂ ਉਹ ਭੀੜ-ਭਾੜ ਵਾਲੀਆਂ ਸ਼ਹਿਰੀ ਗਲੀਆਂ ਹੋਣ ਜਾਂ ਬੇਆਬਾਦ ਟਾਪੂ, ਪਲਾਸਟਿਕ ਹੁਣ ਹਰ ਥਾਂ ਮੌਜੂਦ ਹੈ। ਇਸ ਦਾ ਟਿਕਾਊ ਸੁਭਾਅ ਜੋ ਕਦੇ ਇਸ ਦੀ ਖੂਬੀ ਸੀ, ਹੁਣ ਵੱਡਾ ਵਾਤਾਵਰਨ ਖ਼ਤਰਾ ਬਣ ਚੁੱਕਾ ਹੈ। ਇਸ ਦੇ ਜੀਵਤ ਟਿਸ਼ੂ, ਮਿੱਟੀ ਅਤੇ ਪਾਣੀ ਵਿੱਚ ਸਦੀਆਂ ਤੱਕ ਸੁਰੱਖਿਅਤ ਪਏ ਰਹਿੰਦੇ ਹਨ।

ਪੰਛੀਆਂ ਲਈ ਇਹ ਇੱਕ ਬਹੁ-ਪੱਖੀ ਖ਼ਤਰਾ ਹੈ। ਉਹ ਪਲਾਸਟਿਕ ਨਾਲ ਚਾਰ ਤਰੀਕਿਆਂ ਨਾਲ ਟਕਰਾਉਂਦੇ ਹਨ:- ਨਿਗਲਣਾ, ਉਲਝਣਾ, -ਆਲ੍ਹਣਿਆਂ ਵਿੱਚ ਪ੍ਰਦੂਸ਼ਿਤ ਸਮੱਗਰੀ ਦੀ ਵਰਤੋਂ, -ਖੁਰਾਕ ਚੱਕਰ ਵਿੱਚ ਵਿਘਨ।

ਸਮੁੰਦਰੀ ਪੰਛੀ, ਤੱਟਵਰਤੀ ਪੰਛੀ ਅਤੇ ਜੰਗਲੀ ਪ੍ਰਜਾਤੀਆਂ ਪਲਾਸਟਿਕ ਨੂੰ ਖਾਣ ਵਾਲੀ ਚੀਜ਼ ਸਮਝ ਕੇ ਨਿਗਲ ਜਾਂਦੇ ਹਨ ਜਾਂ ਆਪਣੀ ਖੁਰਾਕ ਨਾਲ ਮਿਲੀਆਂ ਹੋਈਆਂ ਛੋਟੀਆਂ ਝਿੱਲੀਆਂ ਨਿਗਲ ਜਾਂਦੇ ਹਨ। ਬੋਤਲਾਂ ਦੇ ਢੱਕਣ ਮੱਛੀ ਦੇ ਅੰਡਿਆਂ ਵਰਗੇ ਲੱਗਦੇ ਹਨ, ਪਲਾਸਟਿਕ ਦੇ ਟੁਕੜੇ ਕੇਕੜਿਆਂ ਜਾਂ ਕੀੜਿਆਂ ਵਰਗੇ ਲੱਗਦੇ ਹਨ। ਅਲਬੈਟ੍ਰਾਸ, ਪੈਟਰਲ ਤੇ ਸ਼ੀਅਰਵਾਟਰ ਵਰਗੇ ਸਮੁੰਦਰੀ ਪੰਛੀ ਖ਼ਾਸ ਤੌਰ 'ਤੇ ਨਾਜ਼ੁਕ ਹੁੰਦੇ ਹਨ। ਅਜਿਹੇ ਪੰਛੀ ਜਦੋਂ ਪਲਾਸਟਿਕ ਨਿਗਲ ਜਾਂਦੇ ਹਨ ਤਾਂ ਇਹ ਉਨ੍ਹਾਂ ਦੀ ਹਜ਼ਮ ਕਰਨ ਵਾਲੀ ਨਲੀ ਨੂੰ ਬੰਦ ਕਰ ਦਿੰਦਾ ਹੈ। ਅੰਦਰਲੇ ਅੰਗਾਂ ਨੂੰ ਛਿੱਲਣ ਤੋਂ ਲੈ ਕੇ ਭੁੱਖ ਦਾ ਅਹਿਸਾਸ ਘਟਣ ਤੱਕ, ਇਹ ਨਤੀਜੇ ਮਹਾਂਵਿਨਾਸ਼ਕ ਹੁੰਦੇ ਹਨ।

ਭਾਰਤ ਵਿੱਚ ਤਾਮਿਲ ਨਾਡੂ, ਅਸਾਮ ਤੇ ਉੱਤਰ ਪ੍ਰਦੇਸ਼ ਦੀਆਂ ਗਿੱਲੀਆਂ ਜ਼ਮੀਨਾਂ 'ਚ ਬਗਲੇ, ਰਾਮਚੀਰੀਆਂ (Kingfishers) ਅਤੇ ਅੱਧਕੱਠ (Herons) ਪੰਛੀਆਂ ਦੀਆਂ ਮੌਤਾਂ ਪਲਾਸਟਿਕ ਕਾਰਨ ਦਰਜ ਕੀਤੀਆਂ ਗਈਆਂ ਹਨ। ਨਾਲਿਆਂ ਜਾਂ ਮਲ-ਨਿਕਾਸੀ ਪ੍ਰਣਾਲੀ ਵਾਲੇ ਖੇਤਰਾਂ 'ਚ ਖੁਰਾਕ ਲੱਭਦੇ ਪੰਛੀਆਂ ਨੂੰ ਸਭ ਤੋਂ ਵੱਧ ਖ਼ਤਰਾ ਹੈ।

ਆਲ੍ਹਣਾ ਬਣਾਉਂਦੇ ਸਮੇਂ ਵੀ ਸ਼ਹਿਰੀ ਪੰਛੀ ਪਲਾਸਟਿਕ ਦੇ ਧਾਗਿਆਂ, ਰੈਪਰਾਂ ਅਤੇ ਰੰਗੀਨ ਟੁਕੜਿਆਂ ਦੀ ਵਰਤੋਂ ਕਰਦੇ ਹਨ ਜੋ ਕਿ ਚੂਜ਼ਿਆਂ ਲਈ ਗਰਮੀ ਅਤੇ ਜ਼ਖ਼ਮ ਦਾ ਕਾਰਨ ਬਣਦੇ ਹਨ। ਇਨ੍ਹਾਂ ਵਿੱਚ ਉਲਝਣ ਕਾਰਨ ਉਨ੍ਹਾਂ ਦੀ ਸਰੀਰਕ ਹਲਚਲ ਰੁਕ ਜਾਂਦੀ ਹੈ, ਉਲਝੇ ਹੋਏ ਪੰਛੀਆਂ ਦੀ ਚੱਲਣ-ਫਿਰਨ ਦੀ ਸਮਰੱਥਾ ਘਟ ਜਾਂਦੀ ਹੈ, ਸਿੱਟੇ ਵਜੋਂ ਉਹ ਭੁੱਖੇ ਮਰ ਜਾਂਦੇ ਹਨ ਜਾਂ ਉਨ੍ਹਾਂ ਦੇ ਸ਼ਿਕਾਰ ਬਣਨ ਦੀ ਸੰਭਾਵਨਾ ਵਧ ਜਾਂਦੀ ਹੈ। ਉੱਥੇ ਹੀ ਮਾਈਕਰੋ ਪਲਾਸਟਿਕ ਅਤੇ ਜ਼ਹਿਰੀਲੇ ਰਸਾਇਣ ਪੰਛੀਆਂ ਦੇ ਹਾਰਮੋਨ, ਪ੍ਰਜਨਨ ਅਤੇ ਰੋਗ ਪ੍ਰਤੀਰੋਧੀ ਤੰਤਰ 'ਤੇ ਭਾਰੀ ਅਸਰ ਕਰਦੇ ਹਨ।

ਪਲਾਸਟਿਕ ਸਿਰਫ਼ ਜ਼ਹਿਰ ਹੀ ਨਹੀਂ, ਸਗੋਂ ਇੱਕ ਭੌਤਿਕ ਜਾਲ ਵੀ ਹੈ ਜੋ ਪੰਛੀਆਂ ਨੂੰ ਆਪਣੇ ਵਿੱਚ ਫਸਾ ਲੈਂਦਾ ਹੈ। ਮੱਛੀ ਫੜਨ ਲਈ ਸੁੱਟੇ ਗਏ ਜਾਲ, ਡੋਰੀਆਂ, ਰੱਸੀਆਂ ਅਤੇ ਪੈਕਿੰਗ ਸਮੱਗਰੀ ਬਹੁਤ ਸਾਰੇ ਪੰਛੀਆਂ ਦੇ ਪੈਰਾਂ ਜਾਂ ਖੰਭਾਂ ਨੂੰ ਫੜ ਲੈਂਦੇ ਹਨ। ਮਗਰਮੱਛ, ਸਟਾਰਕ ਅਤੇ ਕੋਰਮੋਰੈਂਟ ਵਰਗੇ ਪੰਛੀ ਮੱਛੀ ਮਾਰਕੀਟ ਨੇੜੇ ਅਕਸਰ ਫਸੇ ਹੋਏ ਮਿਲਦੇ ਹਨ। ਸ਼ਹਿਰੀ ਪੰਛੀ ਜਿਵੇਂ ਕਿ ਕਬੂਤਰ ਤੇ ਚੀਲਾਂ ਉਲਝੀਆਂ ਹੋਈਆਂ ਡੋਰੀਆਂ ਕਾਰਨ ਅੰਨ੍ਹੀਆਂ ਜਾਂ ਲੂਲੀਆਂ ਹੋ ਜਾਂਦੀਆਂ ਹਨ।

ਆਲ੍ਹਣੇ ਵੀ ਹੁਣ ਸੁਰੱਖਿਅਤ ਨਹੀਂ ਰਹੇ। ਸ਼ਹਿਰੀ ਇਲਾਕਿਆਂ 'ਚ ਪੰਛੀਆਂ ਵੱਲੋਂ ਵਰਤੇ ਗਏ ਪਲਾਸਟਿਕ ਦੇ ਤੰਤੂ ਗਰਮੀ ਅਤੇ ਰਸਾਇਣਕ ਪਦਾਰਥ ਰਿਲੀਜ਼ ਕਰਦੇ ਹਨ ਜੋ ਚੂਚਿਆਂ ਲਈ ਖ਼ਤਰਨਾਕ ਹੁੰਦੇ ਹਨ।

ਮਾਈਕਰੋ ਪਲਾਸਟਿਕ ਜੋ 5 ਮਿਲੀਮੀਟਰ ਤੋਂ ਛੋਟੀ ਹੁੰਦੀ ਹੈ, ਉਹ ਹੋਰ ਵੀ ਘਾਤਕ ਹੁੰਦੀ ਹੈ। ਇਹ ਵੱਡੇ ਪਲਾਸਟਿਕ ਦੇ ਟੁਕੜਿਆਂ ਤੋਂ ਜਾਂ ਕੌਸਮੈਟਿਕ ਉਤਪਾਦਾਂ ਤੋਂ ਬਣਦੇ ਹਨ। ਇਹ ਜੈਵਿਕ ਪ੍ਰਦੂਸ਼ਕ ਜਲਚਰ ਜੀਵਾਂ ਦੇ ਟਿਸ਼ੂਆਂ ਵਿੱਚ ਇਕੱਠੇ ਹੋ ਜਾਂਦੇ ਹਨ ਅਤੇ ਖੁਰਾਕ ਦੀ ਲੜੀ ਵਿੱਚ ਦਾਖਲ ਹੋ ਜਾਂਦੇ ਹਨ। ਉਹ ਪੰਛੀ ਜੋ ਮੱਛੀਆਂ, ਘੋਗੇ ਜਾਂ ਕੀੜੇ ਦੂਸ਼ਿਤ ਪਾਣੀ ਤੋਂ ਖਾਂਦੇ ਹਨ, ਉਹ ਅਣਜਾਣੇ ਵਿੱਚ ਹੀ ਮਾਈਕਰੋ ਪਲਾਸਟਿਕ ਨੂੰ ਨਿਗਲ ਲੈਂਦੇ ਹਨ, ਪਰ ਇਹ ਕਣ ਸਿਰਫ਼ ਪੇਟ ਦੀ ਥਾਂ ਹੀ ਨਹੀਂ ਘੇਰਦੇ, ਬਲਕਿ ਇਹ ਆਪਣੇ ਨਾਲ ਲੰਮੇ ਸਮੇਂ ਤੱਕ ਟਿਕਣ ਵਾਲੇ ਜੈਵਿਕ ਪ੍ਰਦੂਸ਼ਕ (POPs) ਜਿਵੇਂ ਕਿ PCBs ਅਤੇ DDT ਵੀ ਲਿਆਉਂਦੇ ਹਨ। ਇਹ ਜ਼ਹਿਰਲੇ ਪਦਾਰਥ ਪ੍ਰਜਨਨ, ਰੋਗ-ਪ੍ਰਤੀਰੋਧਕ ਤੰਤਰ ਅਤੇ ਵਾਧੇ ਨੂੰ ਨਿਯੰਤਰਿਤ ਕਰਨ ਵਾਲੇ ਹਾਰਮੋਨ ਵਿੱਚ ਦਾਖਲ ਹੋ ਜਾਂਦੇ ਹਨ। 2022 ਵਿੱਚ ਭਾਰਤ ਇੰਸਟੀਚਿਊਟ ਆਫ ਸਾਇੰਸ ਸੰਸਥਾ, ਬੰਗਲੌਰ ਨੇ ਸ਼ਹਿਰੀ ਕਾਂਜਾਂ ਅਤੇ ਪੰਛੀਆਂ ਦੇ ਮਲ 'ਚ ਮਾਈਕਰੋ ਪਲਾਸਟਿਕ ਦੀ ਮੌਜੂਦਗੀ ਦਰਜ ਕੀਤੀ ਜੋ ਕਿ ਗੰਦੇ ਪਾਣੀ ਰਾਹੀਂ ਆਈ ਸੀ।



**ਮਾਈਕਰੋ ਪਲਾਸਟਿਕ ਜੋ 5 ਮਿਲੀਮੀਟਰ ਤੋਂ ਛੋਟੀ ਹੁੰਦੀ ਹੈ, ਉਹ ਹੋਰ ਵੀ ਘਾਤਕ ਹੁੰਦੀ ਹੈ। ਇਹ ਵੱਡੇ ਪਲਾਸਟਿਕ ਦੇ ਟੁਕੜਿਆਂ ਤੋਂ ਜਾਂ ਕੌਸਮੈਟਿਕ ਉਤਪਾਦਾਂ ਤੋਂ ਬਣਦੇ ਹਨ। ਇਹ ਜੈਵਿਕ ਪ੍ਰਦੂਸ਼ਕ ਜਲਚਰ ਜੀਵਾਂ ਦੇ ਟਿਸ਼ੂਆਂ ਵਿੱਚ ਇਕੱਠੇ ਹੋ ਜਾਂਦੇ ਹਨ ਅਤੇ ਖੁਰਾਕ ਦੀ ਲੜੀ ਵਿੱਚ ਦਾਖਲ ਹੋ ਜਾਂਦੇ ਹਨ। ਉਹ ਪੰਛੀ ਜੋ ਮੱਛੀਆਂ, ਘੋਗੇ ਜਾਂ ਕੀੜੇ ਦੂਸ਼ਿਤ ਪਾਣੀ ਤੋਂ ਖਾਂਦੇ ਹਨ, ਉਹ ਅਣਜਾਣੇ ਵਿੱਚ ਹੀ ਮਾਈਕਰੋ ਪਲਾਸਟਿਕ ਨੂੰ ਨਿਗਲ ਲੈਂਦੇ ਹਨ, ਪਰ ਇਹ ਕਣ ਸਿਰਫ਼ ਪੇਟ ਦੀ ਥਾਂ ਹੀ ਨਹੀਂ ਘੇਰਦੇ, ਬਲਕਿ ਇਹ ਆਪਣੇ ਨਾਲ ਲੰਮੇ ਸਮੇਂ ਤੱਕ ਟਿਕਣ ਵਾਲੇ ਜੈਵਿਕ ਪ੍ਰਦੂਸ਼ਕ (POPs) ਜਿਵੇਂ ਕਿ PCBs ਅਤੇ DDT ਵੀ ਲਿਆਉਂਦੇ ਹਨ। ਇਹ ਜ਼ਹਿਰਲੇ ਪਦਾਰਥ ਪ੍ਰਜਨਨ, ਰੋਗ-ਪ੍ਰਤੀਰੋਧਕ ਤੰਤਰ ਅਤੇ ਵਾਧੇ ਨੂੰ ਨਿਯੰਤਰਿਤ ਕਰਨ ਵਾਲੇ ਹਾਰਮੋਨ ਵਿੱਚ ਦਾਖਲ ਹੋ ਜਾਂਦੇ ਹਨ।**



ਪਲਾਸਟਿਕ ਪਦਾਰਥ ਹੌਲੀ-ਹੌਲੀ ਆਲ੍ਹਣੇ ਬਣਾਉਣ ਦੀਆਂ ਥਾਵਾਂ ਨੂੰ ਨਸ਼ਟ ਕਰ ਰਹੇ ਹਨ। ਵਿਸ਼ੇਸ਼ ਤੌਰ 'ਤੇ ਗਿੱਲੀਆਂ ਜ਼ਮੀਨਾਂ ਜੋ ਪੰਛੀਆਂ ਲਈ ਮੁੱਖ ਆਵਾਸ ਹਨ, ਇਹ ਪ੍ਰਦੂਸ਼ਣ ਕਾਰਨ ਪ੍ਰਭਾਵਿਤ ਹੋ ਰਹੀਆਂ ਹਨ। ਉੱਤਰੀ ਕੋਲਕਾਤਾ ਦੀਆਂ 'ਪੂਰਬੀ ਕੋਲਕਾਤਾ ਜਲਗਾਹਾਂ' ਵਿੱਚ ਪਲਾਸਟਿਕ ਨੇ ਮੱਛੀਆਂ ਅਤੇ ਪੰਛੀਆਂ ਦੀ ਵਰਤੋਂ ਵਾਲੀ ਜੈਵਿਕਤਾ ਨੂੰ ਘਟਾ ਦਿੱਤਾ ਹੈ। ਚਿਲਿਕਾ ਝੀਲ 'ਚ ਵੀ ਪਲਾਸਟਿਕ ਮੱਛੀ ਦੀ ਉਤਪਤੀ ਘਟਾ ਰਿਹਾ ਹੈ, ਜਿਸ ਨਾਲ ਖੁੱਲ੍ਹੇ ਚੁੰਜ ਵਾਲੇ ਸਟਾਰਕ, ਟਰਨ ਪੰਛੀ, ਸਮੁੰਦਰੀ ਪੰਛੀ ਅਤੇ ਮੱਛੀ ਫੜਨ ਵਾਲੀਆਂ ਚੀਲਾਂ 'ਤੇ ਅਸਰ ਹੋ ਰਿਹਾ ਹੈ।

ਪਲਾਸਟਿਕ ਤੋਂ ਪੰਛੀ ਇਕੱਲੇ ਪੀੜਤ ਨਹੀਂ ਹਨ, ਸਗੋਂ ਉਹ ਪੂਰੇ ਸਿਸਟਮ ਦਾ ਆਧਾਰ ਹਨ। ਪੰਛੀਆਂ ਦੀ ਘਟਦੀ ਗਿਣਤੀ ਪੂਰੇ ਈਕੋਤੰਤਰ 'ਤੇ ਗੰਭੀਰ ਪ੍ਰਭਾਵ ਛੱਡਦੀ ਹੈ। ਉਹ ਬੂਟਿਆਂ ਦੀ ਪਰਾਗਣ, ਬੀਜ ਫੈਲਾਅ ਅਤੇ ਕੀੜਿਆਂ ਦੇ ਨਿਯੰਤਰਣ ਵਿੱਚ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਦੀ ਘਟਦੀ ਗਿਣਤੀ ਫ਼ਸਲ ਨੂੰ ਨੁਕਸਾਨ, ਜੰਗਲੀ ਜਾਨਵਰਾਂ ਦਾ ਵਾਧਾ ਅਤੇ ਬਿਮਾਰੀਆਂ ਵਧਾ ਸਕਦੀ ਹੈ। ਦਿੱਲੀ ਅਤੇ ਮੁੰਬਈ ਵਰਗੇ ਸ਼ਹਿਰਾਂ 'ਚ ਕੂੜਾ ਭਰਨ ਵਾਲੀਆਂ ਜ਼ਮੀਨਾਂ (ਲੈਂਡਫਿਲ ਸਾਈਟਾਂ) ਨੇ ਕਾਲੀਆਂ ਚੀਲਾਂ ਨੂੰ ਪ੍ਰਭਾਵਿਤ ਕੀਤਾ ਹੈ ਜੋ ਪਹਿਲਾਂ ਮਨੁੱਖੀ ਜੀਵਨਸ਼ੈਲੀ ਨਾਲ ਟਿਕ ਕੇ ਰਹਿ ਰਹੀਆਂ ਸਨ।

ਭਾਰਤ ਨੇ ਪਲਾਸਟਿਕ ਦੇ ਵਧਦੇ ਖ਼ਤਰਿਆਂ ਨੂੰ ਰੋਕਣ ਲਈ ਕਈ ਕਦਮ ਚੁੱਕੇ ਹਨ:

- 2016 ਦੇ ਪਲਾਸਟਿਕ ਵੇਸਟ ਮੈਨੇਜਮੈਂਟ ਨਿਯਮ
- 2022 ਵਿੱਚ ਕੁਝ ਸਿੰਗਲ ਯੂਜ਼ ਆਈਟਮਾਂ 'ਤੇ ਪਾਬੰਦੀ
- ਕਈ ਰਾਜਾਂ (ਹਿਮਾਚਲ, ਸਿੱਕਿਮ, ਮਹਾਰਾਸ਼ਟਰ, ਕੇਰਲ) ਵੱਲੋਂ ਸਥਾਨਕ ਪਾਬੰਦੀਆਂ
- ਪੰਜਾਬ ਨੇ ਵੀ ਪਲਾਸਟਿਕ ਬੈਗ ਅਤੇ ਸਿੰਗਲ ਯੂਜ਼ ਆਈਟਮਾਂ 'ਤੇ 2016 ਅਤੇ 2022 'ਚ ਪਾਬੰਦੀ ਲਗਾਈ।

ਹਾਲਾਂਕਿ ਨੀਤੀਆਂ ਮੌਜੂਦ ਹਨ, ਪਰ ਉਨ੍ਹਾਂ ਨੂੰ ਲਾਗੂ ਕਰਨ ਵਿੱਚ ਉਹ ਗੰਭੀਰਤਾ ਨਹੀਂ ਹੈ। ਪੀ.ਏ.ਯੂ. ਲੁਧਿਆਣਾ ਕੈਂਪਸ ਵਿੱਚ ਐੱਨਐੱਸਐੱਸ ਵਿਦਿਆਰਥੀਆਂ ਅਤੇ ਪੰਜਾਬ ਵਿੱਚ ਕਈ ਗ਼ੈਰ-ਲਾਭਕਾਰੀ ਸੰਸਥਾਵਾਂ ਨੇ ਪਲਾਸਟਿਕ ਸਫ਼ਾਈ ਮੁਹਿੰਮਾਂ ਵਿੱਚ ਭਾਗ ਲਿਆ ਹੈ। ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਵੀ ਗ਼ੈਰ-ਲਾਭਕਾਰੀ ਸੰਸਥਾਵਾਂ ਅਤੇ ਸਥਾਨਕ ਸਮੁਦਾਇਕ ਸੰਸਥਾਵਾਂ ਵੱਲੋਂ ਸੁਲਤਾਨਪੁਰ (ਹਰਿਆਣਾ) ਅਤੇ ਭੀਤਰਕਣਿਕਾ (ਉੜੀਸਾ) ਵਰਗੀਆਂ ਗਿੱਲੀਆਂ ਜ਼ਮੀਨਾਂ ਵਿੱਚ ਪਲਾਸਟਿਕ ਸਫ਼ਾਈ ਮੁਹਿੰਮਾਂ ਚਲਾਈਆਂ ਗਈਆਂ ਹਨ।

ਈਕੋਤੰਤਰ ਨੂੰ ਬਣਾਈ ਰੱਖਣ ਲਈ ਪਲਾਸਟਿਕ ਦੀ ਵਰਤੋਂ ਘਟਾਉਣਾ ਜ਼ਰੂਰੀ ਹੈ। ਇਸ ਲਈ ਵਾਤਾਵਰਨ ਪੱਖੀ ਪੈਕੇਜਿੰਗ ਅਤੇ ਜੈਵਿਕ ਵਿਕਲਪਾਂ ਨੂੰ ਪ੍ਰੋਤਸਾਹਨ ਦੇਣਾ ਬਹੁਤ ਜ਼ਰੂਰੀ ਹੈ। ਇਸ ਦੇ ਨਾਲ ਨਾਲ ਸਕੂਲ ਅਤੇ ਕਾਲਜ ਪੱਧਰ 'ਤੇ ਪਲਾਸਟਿਕ-ਮੁਕਤ ਆਦਤਾਂ ਬਾਰੇ ਵੱਡੇ ਪੱਧਰ 'ਤੇ ਜਾਗਰੂਕਤਾ ਪੈਦਾ ਕਰਨਾ ਸਮੇਂ ਦੀ ਲੋੜ ਹੈ। ਯੂਐੱਨਈਪੀ ਵੱਲੋਂ ਚਲਾਈ ਗਈ #BeatPlastic-Pollution ਮੁਹਿੰਮ ਵਿਅਕਤੀਗਤ ਅਤੇ ਸਮੂਹਿਕ ਕਦਮ ਚੁੱਕਣ ਲਈ ਉਤਸ਼ਾਹਿਤ ਕਰਦੀ ਹੈ। 2022 ਤੋਂ ਚੱਲ ਰਹੀ ਸੰਯੁਕਤ ਰਾਸ਼ਟਰ ਦੀ ਗਲੋਬਲ ਪਲਾਸਟਿਕ ਸੰਧੀ ਵਰਗੀਆਂ ਅੰਤਰਰਾਸ਼ਟਰੀ ਸਹਿਮਤੀਆਂ ਦਾ ਸਮਰਥਨ ਕਰਨਾ ਵੀ ਜ਼ਰੂਰੀ ਹੈ।

ਇਸ ਦੇ ਨਾਲ ਹੀ ਝੀਲਾਂ ਅਤੇ ਪੰਛੀਆਂ ਦੇ ਆਲ੍ਹਣੇ ਬਣਾਉਣ ਵਾਲੀਆਂ ਥਾਵਾਂ ਦੇ ਆਲੇ-ਦੁਆਲੇ ਪਲਾਸਟਿਕ-ਮੁਕਤ ਬਫ਼ਰ ਜ਼ੋਨ ਬਣਾਇਆ ਜਾਵੇ। ਨਾਲਿਆਂ ਦੇ ਆਉਟਲੈਟ 'ਤੇ ਪਲਾਸਟਿਕ ਫਿਲਟਰ/ਟਰੈਪ ਲਗਾਉਣਾ ਤਾਂ ਜੋ ਪੰਛੀਆਂ ਦੇ ਆਵਾਸਾਂ ਵਿੱਚ ਪਲਾਸਟਿਕ ਦੀ ਪਹੁੰਚ ਘਟਾਈ ਜਾ ਸਕੇ। eBird, iNaturalist, ਅਤੇ BirdCount India ਵਰਗੇ ਸਿਟੀਜ਼ਨ ਸਾਇੰਸ ਐਪ ਲੋਕਾਂ ਨੂੰ ਪੰਛੀਆਂ ਦੀ ਗਿਣਤੀ ਦੀ ਨਿਗਰਾਨੀ ਕਰਨ ਅਤੇ ਖ਼ਤਰੇ ਦੀ ਰਿਪੋਰਟ ਕਰਨ ਦਾ ਮੌਕਾ ਦਿੰਦੇ ਹਨ। ਸਥਾਨਕ ਪੱਧਰ 'ਤੇ ਲੋਕਾਂ ਵਿੱਚ ਜਾਗਰੂਕਤਾ ਡੋਰਾਂ ਵਿੱਚ ਉਲਝੇ ਜਾਂ ਜ਼ਖ਼ਮੀ ਪੰਛੀਆਂ ਦੀ ਜਾਣਕਾਰੀ ਵਣ ਜੀਵਨ ਬਚਾਅ ਟੀਮਾਂ ਤੱਕ ਪਹੁੰਚਾਉਣ ਵਿੱਚ ਮਦਦਗਾਰ ਸਾਬਤ ਹੁੰਦੀ ਹੈ।

ਪੰਛੀਆਂ ਦੀ ਰੱਖਿਆ ਕਰਨਾ ਸਾਡੀ ਜ਼ਿੰਮੇਵਾਰੀ ਹੈ। ਉਹ ਈਕੋਤੰਤਰ ਦੀ ਖ਼ਤਰੇ ਦੀ ਪਹਿਲੀ ਚਿਤਾਵਨੀ ਹੁੰਦੇ ਹਨ। ਪਲਾਸਟਿਕ ਪ੍ਰਦੂਸ਼ਣ ਜੋ ਮਨੁੱਖ ਨੇ ਬਣਾਇਆ ਹੈ, ਉਹ ਮਨੁੱਖੀ ਕੋਸ਼ਿਸ਼ਾਂ ਰਾਹੀਂ ਹੀ ਹੱਲ ਹੋ ਸਕਦਾ ਹੈ। ਸਦੀਆਂ ਤੋਂ ਪੰਛੀਆਂ ਨੇ ਸਾਨੂੰ ਪ੍ਰੇਰਿਤ ਕੀਤਾ ਹੈ। ਜੇ ਉਨ੍ਹਾਂ ਦੀ ਚੂਹਕ ਪਲਾਸਟਿਕ ਹੇਠ ਦੱਬ ਗਈ ਤਾਂ ਇਹ ਚੁੱਪੀ ਸਾਡੀ ਹੋਵੇਗੀ।

*ਮੁੱਖ ਪੰਛੀ ਵਿਗਿਆਨੀ ਅਤੇ ਮੁਖੀ, ਜੀਵ ਵਿਗਿਆਨ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।

# ਜਥੇ. ਗੜਗੱਜ ਦੇ ਜੀਜਾ ਜੀ ਗੁਰਵਿੰਦਰ ਸਿੰਘ ਦਾ ਅੰਗੀਠਾ ਕੀਰਤਪੁਰ ਸਾਹਿਬ ਵਿਖੇ ਜਲ ਪ੍ਰਵਾਹ

ਕੀਰਤਪੁਰ ਸਾਹਿਬ, 2 ਅਗਸਤ (ਬੀ ਐਸ ਰਾਣਾ): ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਜੀਜਾ ਗੁਰਵਿੰਦਰ ਸਿੰਘ ਜਿਨ੍ਹਾਂ ਦਾ ਬੀਤੇ ਦਿਨੀ ਦਿਹਾਂਤ ਹੋ ਗਿਆ ਸੀ ਦਾ ਅੰਗੀਠਾ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਰਿਸ਼ਤੇਦਾਰਾਂ ਤੇ ਸਾਕ ਸਬੰਧੀਆਂ ਵੱਲੋਂ ਕੀਰਤਪੁਰ ਸਾਹਿਬ ਦੇ ਇਤਿਹਾਸਿਕ ਗੁਰਦੁਆਰਾ ਸ੍ਰੀ ਪਤਾਲਪੁਰੀ ਸਾਹਿਬ ਲਾਗੇ ਸਤਲੁਜ ਦਰਿਆ ਤੇ ਬਣੇ ਅਸਤਘਾਟ ਵਿਖੇ ਜਲ ਪ੍ਰਵਾਹ ਕਰ ਦਿੱਤਾ ਗਿਆ। ਇਸ ਮੌਕੇ ਪਰਿਵਾਰ ਵੱਲੋਂ ਕੁਝ ਦੇਰ ਕੀਰਤਨ ਸਰਵਣ ਕੀਤਾ ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਧਨੌਲਾ, ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਜੈਕਟਿਵ ਮੈਂਬਰ ਅਤੇ ਹਿਮਾਚਲ ਪ੍ਰਦੇਸ਼ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਪ੍ਰਧਾਨ ਦਲਜੀਤ ਸਿੰਘ ਭਿੰਡਰ ਵੱਲੋਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਇਸ ਦੌਰਾਨ ਬੀਬੀ ਕੁਲਦੀਪ ਕੌਰ ਮਾਤਾ, ਬੀਬੀ ਹਰਜੀਤ ਕੌਰ ਪਤਨੀ, ਗੁਰਜੀਤ ਸਿੰਘ ਬੇਟਾ, ਨਵਦੀਪ ਕੌਰ ਬੇਟੀ, ਜਸ਼ਕਰਨ ਸਿੰਘ ਜਵਾਈ, ਹਰਜਿੰਦਰ ਸਿੰਘ ਭਰਾ, ਜਗਜੀਤ ਸਿੰਘ ਭਤੀਜਾ, ਬਲਵੰਤ ਸਿੰਘ ਭਰਾ, ਪਰਮਜੀਤ ਸਿੰਘ, ਗੁਰਦੀਪ ਸਿੰਘ ਕੰਗ ਮੈਨੇਜਰ ਤਖ਼ਤ ਸ੍ਰੀ ਕੇਸਗੜ੍ਹ ? ਸਾਹਿਬ, ਐਡੀਸ਼ਨਲ ਹੈਡਗ੍ਰੰਥੀ ਹਰਦੀਪ ਸਿੰਘ ਹੈਪੀ ਐਡੀਸ਼ਨਲ ਮੈਨੇਜਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਨੰਬਰਦਾਰ ਸੰਦੀਪ ਸਿੰਘ ਕਲੌਤਾ, ਦਰਬਾਰਾ ਸਿੰਘ ਬਾਲਾ ਜਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਰੂਪਨਗਰ, ਸਤਨਾਮ ਸਿੰਘ ਝੱਜ ,ਬਾਦਲ ਸਿੰਘ ਚਨੌਲੀ, ਅਮਰਜੀਤ ਸਿੰਘ ਜਿੰਦਵੜੀ ਮੈਨੇਜਰ ਗੁਰਦੁਆਰਾ ਪਤਾਲਪੁਰੀ ਸਾਹਿਬ, ਪਰਮਜੀਤ ਸਿੰਘ ਮਜੀਠਾ, ਸੁਰਿੰਦਰ ਸਿੰਘ ਰਾਜਾ, ਅੰਮ੍ਰਿਤਪਾਲ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਰਿਵਾਰਿਕ ਮੈਂਬਰ ਰਿਸ਼ਤੇਦਾਰ ਅਤੇ ਸਾਕ ਸਬੰਧੀ ਹਾਜ਼ਰ ਸਨ

## ਸਿਲੇਖਵਾਰ ਇਸ਼ਤਿਹਾਰ/Classified Advertisements

(U/o 5 Rule 20 CPC)
**In the Court of Ms. Sumukhi, Additional Civil Judge (Senior Division), Malout**
CNR No. PBSMB0-000642-2025
Next Date: 25.08.2025
Rajinder Kaur
Versus
General Public
Notice to: General Public.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 25.08.2025 at 10:00 A.M.
For details logon to https://highcourtchd.gov.in/?mod=district_notice&district=mogacourt.
Dated, this day of 28-07-2025
**Sd/- Addl. Civil Judge (Sr. Divn.), Malout.**

(U/o 5 Rule 20 CPC)
**In the Court of Ms. Muskaan, Civil Judge (Junior Division), Ludhiana.**
CNR No. PBLD02-003449-2024
Next Date: 26.08.2025
State Bank of India
Versus
Baljit Kaur
Notice to: Baljit Kaur W/o Charanjit Singh, R/o H.No. 125, VPO Ghawaddi, Distt. Ldh. 141206.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 26.08.2025 at 10:00 A.M.
For details logon to https://highcourtchd.gov.in/?mod=district_notice&district=mogacourt.
Dated, this day of 23-07-2025
**Sd/- Civil Judge (Jr. Divn.), Ludhiana.**

(U/o 5 Rule 20 CPC)
**In the Court of Ms. Harpreet Kaur Randhawa, District and Sessions Judge, Ludhiana.**
CNR No. PBLD01-026490-2024
Next Date: 26.08.2025
Gurwinder Singh
Vs.
Jaswinder Kaur
Notice to: Jaswinder Kaur W/o Daljit Singh, R/o St. No. 4, Krishna Nagar, Tehsil Khanna, Distt. Ludhiana.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 26.08.2025 at 10:00 A.M.
For details logon to https://highcourtchd.gov.in/?mod=district_notice&district=mogacourt.
Dated, this day of 21-07-2025
**Sd/- District and Sessions Judge, Ludhiana.**

**In the Court of Sh. Mukesh Kumar Singla, Judicial Magistrate First Class, Phillaur.**
CNR No. PBJLB1-002549-2023
Next Date: 23.09.2025
Gurmeet Singh
Versus
Sanjiv Kumar
Notice to: Sanjiv Kumar Father: Bararsi Dass, R/o H.No. 27-A, Tower Enclave, phase-I Wadala Chowk, Jalandhar 144003.
In above titled case the accused could not be served. It is ordered that accused should appear in person or through counsel on 23.09.2025 at 10:00 A.M.
For details logon to: https://highcourtchd.gov.in/?trs=district_notice&district=Jalandhar.
Dated, this day of 28-07-2025
**Sd/- JMIC, Phillaur.**

**In the Court of Sh. Mukesh Kumar Singla, Judicial Magistrate First Class, Phillaur.**
CNR No. PBJLB1-000144-2024
Next Date: 23.09.2025
Gurmeet Singh
Versus
Sanjiv Kumar
Notice to: Sanjiv Kumar Father: Banarsi Dass, R/o H.No. 27-A, Tower Enclave, phase-I Wadala Chowk, Jalandhar 144003.
In above titled case the accused could not be served. It is ordered that accused should appear in person or through counsel on 23.09.2025 at 10:00 A.M.
For details logon to: https://highcourtchd.gov.in/?mod=district_notice&district=Jalandhar.
Dated, this day of 28-07-2025
**Sd/- JMIC, Phillaur.**

(U/o 5 Rule 20 CPC)
**In the Court of Sh. Raman Kumar, Principal Judge, Family Court, Ludhiana.**
CNR No. PBLD01-015161-2024
Next Date: 26.08.2025
Manjeet Singh
Vs.
Sukhjit Kaur
Notice to: Sukhjit Kaur W/o Manjeet Singh D/o Gurbaksh Singh, R/o H.No. 1043, Vishkarma Colony, Jodhewal Basti, Ludhiana.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 26.08.2025 at 10:00 A.M.
For details logon to: https://highcourtchd.gov.in/?mod=district_notice&district=mogacourt.
Dated, this day of 22-07-2025
**Sd/- Principal Judge Family Court, Ludhiana.**

(U/o 5 Rule 20 CPC)
**In the Court of Sh. Tanveer Singh Madhav, Civil Judge (Junior Division), Kharar.**
CNR No. PBSAA0-001832-2024
Next Date: 26.08.2025
Maan Singh
Vs.
Pal Singh
Notice to: 8. Shakuntala Devi Wd/o Pawan Kumar S/o Ram Chand, Khewatdar and R/o Village Daun Majra, Tehsil Kharar, Distt. SAS Nagar, Mohali.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 26.08.2025 at 10:00 A.M.
For details logon to: https://highcourtchd.gov.in/?mod=district_notice&district=mogacourt.
Dated, this day of 29-07-2025
**Sd/- Civil Judge (Jr. Divn.), Kharar.**

(U/o 5 Rule 20 CPC)
**In the Court of Sh. Manpreet Sohi Civil Judge (Junior Division), Dasuya.**
CNR No. PBHOA0-000601-2025
Next Date: 26.08.2025
Shashi Kanta W/o Krishan Chand Gupta, R/o H.No. 53, Ward No. 3, Garhdiwala, Tehsil Dasuya, Distt. Hoshiarpur and Others. ...Plaintiffs
Vs.
General Public ...Defendants
**Suit for declaration.**
Notice to: General Public.
ps Garhdiwala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 26.08.2025 at 10:00 A.M.
For details logon to: https://highcourtchd.gov.in/?mod=district_notice&district=Hoshiarpur.
Dated, this day of 29-07-2025
**Sd/- Civil Judge (Jr. Divn.), Dasuya.**

(U/o 5 Rule 20 CPC)
**In the Court of Ms. Sumukhi Additional Civil Judge (Senior Division), Malout.**
CNR No. PBSMB0-000509-2024
Next Date: 19.08.2025
Lovejeet Kaur
Vs.
Lakhwinder Singh
Notice to: 1. Lakhwinder Singh S/o Joga Singh S/o Hazoor Singh R/o Village Kheowali, Tehsil Malout District Sri Muktsar Sahib, 3. Harpreet Kaur D/o Joga Singh S/o Hazoor Singh R/o Village Kheowali, Tehsil Malout District Sri Muktsar Sahib Now W/o Gogi Singh R/o Village Pandher District Mansa, 5. Manjit Kaur Alias Pallo Wd/o Joga Singh D/o Hakam Singh R/o Village Chhateana, Tehsil Gidderbaha, District Sri Muktsar Sahib
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 19.08.2025 at 10:00 A.M.
For details logon to: https://highcourtchd.gov.in/?mod=district_notice&district=mogacourt.
Dated, this day of 28-07-2025
**Sd/- Addl. Civil Judge (Sr. Divn.), Malout.**

(U/o 5 Rule 20 CPC)
**In the Court of Sh. Raj Pal Rawl, Additional District and Sessions Judge, Hoshiarpur.**
CNR No. PBHO01-010400-2023
Next Date: 22.08.2025
1) Bimla Devi aged 53 years daughter of Sh. Budhu resident of village Bagolpur, Tehsil Dasuya, District Hoshiarpur. 2) Sarwan Singh, 3) Swaran Singh both son of Sundar resident of village Bagolpur, Tehsil Dasuya, District Hoshiarpur, 4) Lachman Dass son of Bhagat Ram resident of village Bagolpur, Tehsil Dasuya, District Hoshiarpur ...Appellants/Defendants
Versus
1) Ranjodh Singh S/o Santokh Singh R/o C/o Darshan Singh Gali no. 1, H.No. 43, New Sabzi Mandi, Guru Gobind Nagar, Rahimpur, Tehsil and District Hoshiarpur, 2) Darshan Singh S/o Santokh Singh R/o Village Bagolpur, Tehsil Dasuya, District Hoshiarpur, 3) Harjeet Singh S/o Santokh Singh R/o H.No. 369, Phase-I, SAS Nagar, Mohali (Chandigarh), 4) Harjinder Kaur D/o Sh. Santokh Singh W/o Jarnail Singh R/o Village Bagolpur, Tehsil Dasuya, District Hoshiarpur at present resident in H.No. 102, Central Town, Ludhiana ...Respondents
Notice to: 3) Harjeet Singh S/o Santokh Singh R/o H.No. 369, Phase-I, SAS Nagar, Mohali (Chandigarh).
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 22.08.2025 at 10:00 A.M.
For details logon to: https://highcourtchd.gov.in/?trs=district_notice&district=Hoshiarpur.
Dated, this day of 23-07-2025
**Sd/- Addl. Distt. & Sessions Judge, Hoshiarpur.**

## Change of Name

I, Gurpreet Kaur W/o Amardeep Singh Village Shafipur, PO: Jalbhe Distt. Jalandhar, Punjab have changed my name from Gurpreet Kaur to Gurmit Kaur. Concerned Note.

## ਵਿਧਾਇਕ ਰਜਨੀਸ਼ ਦਹੀਆ ਦੀ ਗੱਡੀ ਟਕਰਾਈ, ਜਾਨੀ ਨੁਕਸਾਨ ਤੋਂ ਬਚਾਅ

ਜ਼ੀਰਾ 2 ਅਗਸਤ (ਦੀਪਕ ਭਾਰਗਵ): ਹਰ ਇੱਕ ਸ਼ਹਿਰ ਵਿੱਚ ਅਵਾਰਾ ਪਸ਼ੂਆਂ ਵੱਲੋਂ ਆਏ ਦਿਨ ਐਕਸੀਡੈਂਟ ਦੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ ਜਿਸ ਦਾ ਕਾਰਨ ਪਿੰਡ ਵਾਸੀਆਂ ਵੱਲੋਂ ਦੁਧਾਰੂ ਗਾਵਾਂ ਦਾ ਦੁੱਧ ਲੈਣ ਤੋਂ ਬਾਅਦ ਉਹਨਾਂ ਨੂੰ ਸ਼ਹਿਰਾਂ ਵਿੱਚ ਛੱਡ ਦਿੱਤਾ ਜਾਂਦਾ ਹੈ ਜਾਂ ਗਊਸ਼ਾਲਾ ਵਿੱਚ ਇਹਨਾਂ ਦੀ ਸਾਂਭ ਸੰਭਾਲ ਨਹੀਂ ਕੀਤੀ ਜਾਂਦੀ ਜਦਕਿ ਸਰਕਾਰ ਵੱਲੋਂ ਮੋਟੇ ਕਾਊ ਸੈੱਸ ਲਏ ਜਾਂਦੇ ਹਨ ਤਾਂ ਜੋ ਇਹਨਾਂ ਬੇਸਹਾਰਾ ਅਵਾਰਾ ਪਸ਼ੂਆਂ ਦੀ ਦੇਖਭਾਲ ਕੀਤੀ ਜਾ ਸਕੇ ਪਰ ਕਿਸੇ ਪਾਸੇ ਵੀ ਧਿਆਨ ਨਹੀਂ ਦਿੱਤਾ ਜਾਂਦਾ ਇਹ ਗੱਲ ਸੋਚਣ ਵਾਲੀ ਹੈ ਇਸੇ ਤਰ੍ਹਾਂ ਅੱਜ ਜੀਰਾ ਵਿੱਚ ਸਰਕਾਰ ਦੇ ਨੁਮਾਇੰਦੇ ਫਿਰੋਜ਼ਪੁਰ ਤੋਂ ਵਿਧਾਇਕ ਰਜਨੀਸ਼ ਦਹੀਆ ਜੋ ਜੀਰਾ ਤੋਂ ਲੰਘ ਰਹੇ ਸਨ ਜਦੋਂ ਉਹ ਚੁੰਗ ਚੌਕ ਤੋਂ ਫਿਰੋਜ਼ਪੁਰ ਰੋਡ ਤੇ ਗਏ ਤਾਂ ਇੱਕ ਸਾਨ ਦੇ ਨਾਲ ਉਹਨਾਂ ਦੀ ਗੱਡੀ ਟਕਰਾ ਗਈ ਜਿਸ ਕਾਰਨ ਉਹਨਾਂ ਦੀ ਗੱਡੀ ਦਾ ਟਾਇਰ ਫਟ ਗਿਆ ਤੇ ਉਹ ਵੀ ਗੱਡੀ ਐਨਬੈਲੈਂਸ ਹੋ ਕੇ ਕਿਸੇ ਦੁਕਾਨ ਦੇ ਨਾਲ ਜਾ ਵੱਜੀ ਤੇ ਗੱਡੀ ਦਾ ਭਾਰੀ ਨੁਕਸਾਨ ਹੋਇਆ ਪਰ ਇਸ ਮੌਕੇ ਵਿਧਾਇਕ ਰਜਨੀਸ਼ ਦਹੀਆ ਬਾਲ ਬਾਲ ਬੱਚੇ ਤੇ ਕਿਸੇ ਵੀ ਦੁਰਘਟਨਾ ਦਾ ਸ਼ਿਕਾਰ ਨਹੀਂ ਹੋਏ ਉਹਨਾਂ ਦੇ ਡਰਾਈਵਰ ਦੇ ਨੱਕ ਤੇ ਥੋੜੀ ਸੱਟ ਜਰੂਰ ਲੱਗੀ ਇਸ ਮੌਕੇ ਦੁਕਾਨਦਾਰ ਨਾਲ ਜਦ ਗੱਲਬਾਤ ਕੀਤੀ ਤਾਂ ਉਸਨੇ ਦੱਸਿਆ ਕਿ ਆਏ ਦਿਨ ਹੀ ਇਸ ਰੋਡ ਤੇ ਅਵਾਰਾ ਪਸ਼ੂਆਂ ਦੇ ਕਾਰਨ ਐਕਸੀਡੈਂਟ ਦੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਕਿ ਇਹਨਾਂ ਬੇਸਹਾਰਾ ਅਵਾਰਾ ਪਸ਼ੂਆਂ ਨੂੰ ਕਿਸੇ ਜਗ੍ਹਾ ਤੇ ਸਾਂਭ ਸੰਭਾਲ ਜਰੂਰ ਕੀਤੀ ਜਾਣੀ ਚਾਹੀਦੀ।


## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੀ ਪੁਸ਼ਟੀ ਕਰ ਲੈਣ।
-ਇਸ਼ਤਿਹਾਰ ਮੈਨੇਜਰ


## ਬੇਦਖਲੀ ਸੂਚਨਾ

ਮੈਂ, ਗੁਰਮੇਲ ਸਿੰਘ ਪੁੱਤਰ ਸ੍ਰੀ ਜੀਵਨ ਸਿੰਘ ਵਾਸੀ ਮਕਾਨ ਨੰਬਰ 47, ਗੁਰਦੀਪ ਕਲੋਨੀ ਅਬਲੋਵਾਲ, ਤਹਿ ਵਾ ਜ਼ਿਲ੍ਹਾ ਪਟਿਆਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਮੁੱਖ ਸਿੰਘ ਵਾ ਉਸਦੀ ਪਤਨੀ ਗੁਰਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੈਂ ਉਕਤ ਦੋਵਾਂ ਨੂੰ ਆਪਣੀ ਹਰ ਤਰ੍ਹਾਂ ਦੀ ਚੱਲ ਅਤੇ ਅਚੱਲ ਸੰਪੱਤੀ ਤੋਂ ਬੇਦਖਲ ਕਰਦਾ ਹਾਂ। ਅੱਜ ਤੋਂ ਬਾਅਦ ਗੁਰਮੁੱਖ ਸਿੰਘ , ਗੁਰਦੀਪ ਕੌਰ ਨਾਲ ਕਿਸੇ ਕਿਸਮ ਦਾ ਲੈਣ ਦੇਣ ਕਰਨ ਵਾਲਾ ਨਿੱਜੀ ਤੌਰ 'ਤੇ ਜ਼ਿੰਮੇਵਾਰ ਹੋਵੇਗਾ। ਇਸ ਵਿਚ ਮੇਰੀ ਜਾਂ ਮੇਰੇ ਪਰਿਵਾਰ ਦਾ ਕੋਈ ਤਾਲੁਕ ਵਾਸਤਾ ਨਹੀਂ ਹੋਵੇਗਾ।

ਮੈਂ, ਸਰਬਜੀਤ ਪਤਨੀ ਲੇਟ ਸ੍ਰੀ ਜੀਤ ਸਿੰਘ ਵਾਸੀ ਮਕਾਨ ਨੰ. 57 ਮਿਰਚ ਮੰਡੀ ਪਟਿਆਲਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੁਨੀਲ (ਕਾਲਾ) ਅਤੇ ਉਸਦੀ ਪਤਨੀ ਸੋਨੀਆ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਆਪਣੇ ਉਕਤ ਲੜਕੇ, ਉਸਦੀ ਪਤਨੀ ਸੋਨੀਆ ਅਤੇ ਉਸਦੇ ਚਾਰ ਬੱਚਿਆਂ ਨੂੰ ਮੇਰੀ ਹਰ ਕਿਸਮ ਦੀ ਚੱਲ ਅਤੇ ਅਚੱਲ ਸੰਪੱਤੀ ਤੋਂ ਬੇਦਖਲ ਕਰਦੀ ਹਾਂ। ਜੇਕਰ ਕੋਈ ਵਿਅਕਤੀ ਉਕਤ ਮੇਰੇ ਲੜਕੇ ਅਤੇ ਉਸਦੀ ਪਤਨੀ ਨਾਲ ਕੋਈ ਲੈਣ ਦੇਣ ਕਰਦਾ ਹੈ ਤਾਂ ਉਸਦੇ ਜ਼ਿੰਮੇਵਾਰ ਉਹ ਖੁਦ ਹੋਣਗੇ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦੇ ਮੈਂਬਰਾਂ ਦਾ ਕੋਈ ਲੈਣ ਦੇਣ ਨਹੀਂ ਹੋਵੇਗਾ।

ਮੈਂ, ਸੁਖਦੇਵ ਸਿੰਘ ਪੁੱਤਰ ਸ੍ਰ. ਪੂਰਨ ਸਿੰਘ ਵਾਸੀ ਮਕਾਨ ਨੰਬਰ 74 ਤਾਰਾ ਚੰਦ ਕਲੋਨੀ ਵਾਰਡ ਨੰ: 15 ਸਨੌਰ ਪਟਿਆਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਸ਼ਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਨੂੰ ਮੈਂ ਆਪਣੀ ਹਰ ਤਰ੍ਹਾਂ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## OFFICE OF THE DISTRICT & SESSIONS JUDGE, FATEHGARH SAHIB
### Public Notice

Applications on the prescribed proforma are invited by 22.08.2025, for filling up 15 posts of Clerks on adhoc basis, initially for a period of six months or till the regular appointments are made by the Hon'ble High Court, whichever is earlier. The said application must contain complete bio-data, contact number and email address if available, with attested copies of testimonials and one recent passport size photograph affixed at the right side on the top of the application as per the following terms and conditions:

| Sr. No. | Post | No. of Posts | | Consolidated Salary | Qualification | Age |
|---|---|---|---|---|---|---|
| 1. | Clerk(On Adhoc Basis) for a period of six months or till the regular appointments are made by the Hon'ble High Court. | Total | 15 | Consolidated Salary in view of the instructions issued by the Government of Punjab as well as Hon'ble Punjab & Haryana High Court, Chandigarh. | Degree of B.A./B.S.C or. equivalent from recognized University and has passed matriculation examination with Punjabi as one of the subjects. He/ she should have proficiency in operation of computer & to qualify the type test with minimum speed of 30 W.P.M. | Between 18 to 37 years as on 01.08.2025 Relaxation of age will be given to the candidate of reserved category as per rules/ instructions of Hon'ble High Court as well as Govt. of Punjab. |
| | | Category wise number of posts | | | | |
| | | General | 3 | | | |
| | | General Women | 1 | | | |
| | | General EWS/ Women | 1 | | | |
| | | SC | 3 | | | |
| | | SC Women | 2 | | | |
| | | SC Ex-Serviceman | 2 | | | |
| | | Ex-Serviceman | 1 | | | |
| | | Sportsman | 1 | | | |
| | | Handicapped (Deaf and Hard of Hearing) | 1 | | | |

**Note: I) Selection criteria for the Post of Clerk on Adhoc Basis:**
The dates for written and Computer Proficiency Test will be uploaded on the official website https://districts.ecourts.gov.in/fatehgarhsahib of this Sessions Division in due course. The applicants are advised to visit the official website regularly for updates about the same. This office shall not be responsible in any manner in case, candidate could not appear in the exam/any other stage due to non visiting of website, where important information regarding different stages of recruitment process will be uploaded. No separate intimation will be sent.
The candidate shall have to take written examination (objective type) in the following subjects:-

| Sr. No. | Duration | Subject | Maximum Marks | Qualifying Marks |
|---|---|---|---|---|
| 1. | 1 Hour | General Awareness of Graduation Level | 50 | No candidate shall be considered to have qualified the test unless he/she obtains 40% marks. |
| | Total | | 50 | |

i) That, only 45 candidates as per merit (three times) of the posts advertised of the total candidates who qualify the written test shall be called for Computer Proficiency Test (CPT) in order to access the proficiency of candidates in operation of computer in three different batches, which is mandatory but the marks of this Computer Proficiency Test would not be counted towards the final merit as this test will be only of qualifying nature. Computer Proficiency Test shall comprise of two parts. In Part-1. candidates will have to qualify the Spread Sheet Test which is 10 marks and of 10 minutes duration by securing 40% or more i.e. 4 or more marks. In Part-II, candidates will have to qualify Computer Typing Test in English at speed of 30 W.P.M.
ii) The reservation policy will be adopted as per the norms fixed by the Punjab Government.
iii) The post of reserved category will be offered to the candidates of General Category if no suitable candidate from the reserved category is found available.
iv) The incomplete applications are not to be entertained.
v) The number of posts mentioned above may increase or decrease:
vi) No T.A./D.A. will be paid for the abovesaid test/interview.
vii) It should be clearly mentioned in the application by the applicant that no Criminal case/ FIR is pending against him/her.
viii) Any application form which is received after 5.00 pm on 22.08.2025 will not be considered.
Dated: 2/8/2025

**Sd/- (Arun Gupta)**
**District & Sessions Judge,**
**Fatehgarh Sahib.**

## ਜਨਤਕ ਸੂਚਨਾ

ਨੰ: 1158 ਮਿਤੀ 01.08.2025

ਇਸ ਇਸ਼ਤਿਹਾਰ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਿਵਲ ਹਸਪਤਾਲ ਸਮਾਣਾ ਦੇ ਕੰਟੀਨ ਦੇ ਠੇਕੇ ਸਬੰਧੀ ਟੈਂਡਰ ਫਾਰਮ ਅਤੇ ਸ਼ਰਤਾਂ 1000 ਰੁਪਏ ਵਿਚ ਐਸ.ਐਮ.ਓ. ਸਮਾਣਾ ਦੇ ਦਫਤਰ ਤੋਂ ਮਿਤੀ 4.8.2025 ਤੋਂ 14.8.2025 ਦੁਪਹਿਰ 1.00 ਵਜੇ ਤੱਕ ਕਿਸੇ ਵੀ ਕੰਮਕਾਜ ਵਾਲੇ ਦਿਨ ਪ੍ਰਾਪਤ ਕੀਤੇ ਜਾ ਸਕਦੇ ਹਨ ਅਤੇ ਟੈਂਡਰ ਫਾਰਮ ਮਿਤੀ 18.8.2025 ਨੂੰ ਸਵੇਰੇ 10.00 ਵਜੇ ਤੱਕ ਜਮਾਂ ਕਰਵਾਏ ਜਾ ਸਕਦੇ ਹਨ।

**ਸਹੀ/- ਸੀਨੀਅਰ ਮੈਡੀਕਲ ਅਫਸਰ ਇੰਚ.**
**ਸਿਵਲ ਹਸਪਤਾਲ ਸਮਾਣਾ**

## IDBI BANK — ਆਈਡੀਬੀਆਈ ਬੈਂਕ ਲਿਮ.
BANK AISA DOST JAISA
ਜ਼ੋਨਲ ਦਫ਼ਤਰ, ਐਸਸੀਓ 72-73, ਸੈਕਟਰ 17-ਬੀ, ਚੰਡੀਗੜ੍ਹ-160017

### ਕਬਜ਼ਾ ਸੂਚਨਾ

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਆਈਡੀਬੀਆਈ ਬੈਂਕ ਲਿਮ.** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਅਸਾਸਿਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦੀ ਅਧਿਕਾਰਤਾ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਅਧਿਕਾਰਤਾ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ ਨੂੰ ਸੱਦਾ ਦਿੰਦੇ ਹੋਏ ਮਿਤੀ (ਨਿਮਨ ਦਰਸਾਈ ਸਾਰਣੀ ਦੇ ਅਨੁਸਾਰ) ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ/ਗਿਰਵੀਕਾਰ/ਜ਼ਾਮਨ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ/ਗਿਰਵੀਕਾਰ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਇਸ ਮਿਤੀ ਨੂੰ ਦਰਸਾਈ ਨਿਯਮਾਂਵਲੀ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ **13** ਦੀ ਉਪ-ਧਾਰਾ (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ/ਗਿਰਵੀਕਾਰ/ਜ਼ਾਮਨ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਕਰਜ਼ਦਾਰ ਤੋਂ ਬਕਾਇਆ ਕੁੱਲ ਰਕਮ ਅਤੇ ਵਿਆਜ (ਨਿਮਨ ਦਰਸਾਈ ਸਾਰਣੀ ਦੇ ਅਨੁਸਾਰ) ਦੇ ਲਈ ਆਈਡੀਬੀਆਈ ਬੈਂਕ ਲਿਮ. ਦੇ ਚਾਰਜ ਨਾਲ ਸਬੰਧਤ ਹੋਵੇਗੀ।

ਕਰਜ਼ਦਾਰ/ਗਿਰਵੀਕਾਰ/ਜ਼ਾਮਨ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

| ਕਰਜ਼ਦਾਰਾਂ/ਸੰਪੱਤੀ ਦੇ ਮਾਲਕ ਦਾ ਨਾਮ | ਮੰਗ ਸੂਚਨਾ ਦੀ ਮਿਤੀ | ਕਬਜ਼ਾ ਸੂਚਨਾ ਦੀ ਮਿਤੀ | ਮੰਗ ਸੂਚਨਾ ਵਿਚ ਦਾਅਵਾ ਕੀਤੀ ਰਕਮ | ਚੱਲ/ਅਚੱਲ ਸੰਪੱਤੀ ਦੇ ਵੇਰਵੇ (ਸੰਪੱਤੀ ਦੇ ਸ਼ਾਮਲ ਸਾਰੇ ਭਾਗ ਅਤੇ ਹਿੱਸੇ) |
|---|---|---|---|---|
| (1) ਮੈਸ. ਆਰੀਆ ਫੋਰਜਿੰਗਜ਼ (2) ਸ੍ਰੀ ਰਾਹੁਲ ਲੂਥਰ (ਪ੍ਰੋਪ.) (3) ਸ੍ਰੀਮਤੀ ਨੀਸ਼ਾ ਵਰਮਾ | 11.03.2025 | 01.08.2025 (ਸੰਕੇਤਕ) | ਰੁ. 35,87,200.68 (ਰੁਪਏ ਪੈਂਤੀ ਲੱਖ ਸਤਾਸੀ ਹਜ਼ਾਰ ਦੋ ਸੌ ਅੱਠੋ ਅਠਾਹਠ ਪੈਸੇ ਕੇਵਲ) ਅਤੇ 02.11.2024 ਤੋਂ ਪ੍ਰਭਾਵੀ ਅਗਲੇਰੇ ਵਿਆਜ | (ਏ) ਗਿਰਵੀ ਰੱਖੀ ਗਈ ਅਸਾਸੇ:- ਕਰਜ਼ਦਾਰ ਦੀ ਸਮੁੱਚੀ ਚੱਲ ਜਾਇਦਾਦ ਜਿਸ ਵਿੱਚ ਉਸਦਾ ਚੱਲ ਪਲਾਂਟ ਅਤੇ ਮਸ਼ੀਨਰੀ, ਮਸ਼ੀਨਰੀ ਸਪੇਅਰ, ਔਜ਼ਾਰ ਅਤੇ ਸਹਾਇਕ ਉਪਕਰਣ ਅਤੇ ਕੱਚਾ ਮਾਲ, ਸਾਮਾਨ, ਬੁੱਕ ਕਰਜ਼ੇ, ਵਾਹਨ, ਅਤੇ ਹੋਰ ਸਾਰੀਆਂ ਚੱਲ ਚੀਜ਼ਾਂ |

ਸ਼ਾਮਲ ਹਨ ਜਿਨ੍ਹਾਂ ਵਿੱਚ ਪ੍ਰਾਪਤੀਆਂ, ਸਾਮਾਨ ਦੇ ਸਿਰਲੇਖ ਦੇ ਦਸਤਾਵੇਜ਼, ਬਕਾਇਆ ਪੈਸੇ, ਬਿੱਲ, ਇਨਵੌਇਸ, ਦਸਤਾਵੇਜ਼, ਇਕਰਾਰਨਾਮੇ, ਬੀਮਾ ਪਾਲਿਸੀਆਂ, ਗਰੰਟੀ, ਨਿਵੇਸ਼ ਅਤੇ ਅਧਿਕਾਰ, ਮੌਜੂਦਾ ਅਤੇ ਭਵਿੱਖ ਦੋਵੇਂ, ਭਾਵੇਂ ਸਥਾਪਿਤ ਹੋਣ ਜਾਂ ਨਾ ਹੋਣ ਅਤੇ ਭਾਵੇਂ ਢਿੱਲੇ ਪਏ ਹੋਣ ਜਾਂ ਕੇਸਾਂ ਵਿੱਚ ਜਾਂ ਜੋ ਹੁਣ ਪਏ ਹਨ ਜਾਂ ਸਟੋਰ ਕੀਤੇ ਗਏ ਹਨ ਜਾਂ ਇਸ ਤੋਂ ਬਾਅਦ ਸਮੇਂ-ਸਮੇਂ 'ਤੇ ਇਹਨਾਂ ਤੋਹਫ਼ ?ਆਂ ਦੀ ਸੁਰੱਖਿਆ ਦੀ ਨਿਰੰਤਰਤਾ ਦੌਰਾਨ ਸਾਰੇ ਕਰਜ਼ਦਾਰ ਦੇ ਦਫਤਰਾਂ, ਅਹਾਤਿਆਂ, ਫੈਕਟਰੀਆਂ ਅਤੇ ਗੋਦਾਮਾਂ ਵਿੱਚ ਜਾਂ ਕਿਤੇ ਵੀ ਹੋਰ ਲਿਆਂਦੇ ਜਾਣਗੇ ਜਾਂ ਸਟੋਰ ਕੀਤੇ ਜਾਣਗੇ ਜਾਂ ਰੱਖੇ ਜਾਣਗੇ। ਕਰਜ਼ਦਾਰ ਦੇ ਆਦੇਸ਼ ਜਾਂ ਨਿਪਟਾਰੇ ਲਈ ਜਾਂ ਆਵਾਜਾਈ ਦੇ ਦੌਰਾਨ ਜਾਂ ਸਮੁੰਦਰਾਂ 'ਤੇ ਜਾਂ ਆਰਡਰ ਜਾਂ ਡਿਲੀਵਰੀ 'ਤੇ ਕਿਸੇ ਵੀ ਹਿੱਸੇ ਦੁਆਰਾ ਜਾਂ ਕਿਸੇ ਵੀ ਹਿੱਸੇ ਦੁਆਰਾ ਉਧਾਰ ਲੈਣ ਵਾਲੇ ਦੇ ਕਬਜ਼ੇ ਵਿੱਚ ਜਾਂ ਆਵਾਜਾਈ ਦੇ ਦੌਰਾਨ ਜਾਂ ਸਮੁੰਦਰਾਂ 'ਤੇ ਜਾਂ ਆਰਡਰ ਜਾਂ ਡਿਲੀਵਰੀ 'ਤੇ ਅਤੇ ਜੋੜ ਦੇ ਬਦਲ ਵਜੋਂ ਮੁਰਝਾ ਜਾਂਦਾ ਹੈ ਅਤੇ ਹਰ ਕਿਸਮ ਦੀਆਂ ਕਰਿਆਨੇ ਦੀਆਂ ਚੀਜ਼ਾਂ ਆਦਿ ਦੇ ਸਾਰੇ ਮੌਜੂਦਾ ਅਤੇ ਭਵਿੱਖ ਦੇ ਸਟਾਕ। ਕੱਚਾ ਮਾਲ, ਸਾਮਾਨ, ਬੁੱਕ ਕਰਜ਼ੇ, ਵਾਹਨ ਅਤੇ ਕਰਜ਼ਦਾਰ ਦੀਆਂ ਹੋਰ ਸਾਰੀਆਂ ਚੱਲ ਜਾਇਦਾਦਾਂ, ਜਿਨ੍ਹਾਂ ਵਿੱਚ ਪ੍ਰਾਪਤੀਆਂ, ਸਾਮਾਨ ਦੇ ਸਿਰਲੇਖ ਦੇ ਦਸਤਾਵੇਜ਼, ਬਕਾਇਆ ਪੈਸੇ, ਬਿੱਲ, ਇਨਵੌਇਸ, ਦਸਤਾਵੇਜ਼, ਇਕਰਾਰਨਾਮੇ, ਬੀਮਾ ਪਾਲਿਸੀਆਂ, ਗਾਰੰਟੀਆਂ, ਨਿਵੇਸ਼ ਅਤੇ ਅਧਿਕਾਰ ਅਤੇ ਮੌਜੂਦਾ ਮਸ਼ੀਨਰੀ ਅਤੇ ਭਵਿੱਖ ਦੀਆਂ ਸਾਰੀਆਂ ਮਸ਼ੀਨਰੀ ਜੋ ਕਰਜ਼ਦਾਰ ਨਾਲ ਸਬੰਧਤ ਹਨ ਜਾਂ ਉਨ੍ਹਾਂ ਦੇ ਕਬਜ਼ੇ ਵਿੱਚ ਹਨ ਜਾਂ ਉਨ੍ਹਾਂ ਦੇ ਨਿਯੰਤਰਣ ਅਧੀਨ ਹਨ ਜਿੱਥੇ ਵੀ ਲਾਈਨ ਸਟੋਰ ਕੀਤੀ ਗਈ ਹੈ ਅਤੇ ਰੱਖੀ ਗਈ ਹੈ ਅਤੇ ਭਾਵੇਂ ਕਰਜ਼ਦਾਰ ਦੇ ਕਬਜ਼ੇ ਵਿੱਚ ਹੈ ਜਾਂ ਕਿਸੇ ਤੀਜੀ ਧਿਰ ਦੇ ਕਬਜ਼ੇ ਵਿੱਚ ਹੈ, ਭਾਵੇਂ ਭਾਰਤ ਵਿੱਚ ਜਾਂ ਕਿਤੇ ਹੋਰ, ਜਿਸ ਵਿੱਚ ਮਾਲ ਅਤੇ ਜਾਇਦਾਦ ਸ਼ਾਮਲ ਹੈ ਜੋ ਸ਼ਿਪਮੈਂਟ, ਆਵਾਜਾਈ ਜਾਂ ਡਿਲੀਵਰੀ ਦੇ ਦੌਰਾਨ ਹਨ ਅਤੇ ਸਾਰੀਆਂ ਮਸ਼ੀਨਰੀ, ਵਾਹਨ, ਹੋਰ ਚੱਲ ਜਾਇਦਾਦਾਂ ਜੋ ਕਰਜ਼ਦਾਰ ਦੁਆਰਾ ਇਹਨਾਂ ਤੋਹਫਿਆਂ ਦੇ ਅਨੁਸਾਰ ਜਾਂ ਬਾਅਦ ਵਿੱਚ ਪ੍ਰਾਪਤ ਕੀਤੀਆਂ ਗਈਆਂ ਹਨ।

ਗਿਰਵੀ ਰੱਖੀ ਗਈ ਅਸਾਸੇ:- (1) 5 ਮਰਲਾ (1 ਮਰਲਾ = 207 ਵਰਗ ਫੁੱਟ) ਅਚੱਲ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ।
ਖਸਰਾ ਨੰਬਰ 246/2, ਖਾਤਾ ਨੰਬਰ 189/200 ਵੈਕਿਆ ਮੌਜਾ ਬਸਤੀ ਸ਼ੇਖ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ 15 ਮਰਲੇ ਦਾ ਮਾਪ। ਸ਼੍ਰੀਮਤੀ ਨਿਸ਼ਾ ਪਤਨੀ ਸ਼੍ਰੀ ਵਿਨੈ ਕੁਮਾਰ ਪੁੱਤਰ ਸ਼੍ਰੀ ਕਸਤੂਰੀ ਲਾਲ ਦੇ ਨਾਮ 'ਤੇ ਰਜਿਸਟਰਡ 15-03-2018 ਨੂੰ ਟਰਾਂਸਫਰ ਡੀਡ ਨੰਬਰ 9352 ਰਾਹੀਂ ਹੇਠ ਲਿਖੇ ਪਾਸੇ ਅਤੇ ਸੀਮਾਵਾਂ ਰੱਖਦੀਆਂ ਹਨ:- ਉੱਤਰ: ਸੜਕ; ਦੱਖਣ: ਦੂਜਿਆਂ ਦੀ ਜਾਇਦਾਦ; ਪੂਰਬ: ਸ਼੍ਰੀ ਨਰਿੰਦਰ ਕੁਮਾਰ; ਪੱਛਮ: ਬੀਡੀਐਮ ਇੰਡਸਟਰੀਜ਼। ਮੌਜੂਦਾ ਅਤੇ ਭਵਿੱਖ ਦੋਵੇਂ ਤਰ੍ਹਾਂ ਦੀਆਂ ਬਣਤਰਾਂ ਅਤੇ ਉਸਾਰੀਆਂ ਸਮੇਤ। (2) ਖਸਰਾ ਨੰਬਰ 246/2, ਖਾਤਾ ਨੰਬਰ 189/200 ਵਾਕੀਆ ਮੌਜਾ ਬਸਤੀ ਸ਼ੇਖ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ 19 ਮਰਲਾ 135 ਵਰਗ ਫੁੱਟ (1 ਮਰਲਾ = 207 ਵਰਗ ਫੁੱਟ) ਦੀ ਅਚੱਲ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ।, ਸ਼੍ਰੀ ਰਾਹੁਲ ਲੂਥਰ ਪੁੱਤਰ ਸ਼੍ਰੀ ਨਰਿੰਦਰ ਕੁਮਾਰ ਦੇ ਨਾਮ 'ਤੇ ਰਜਿਸਟਰਡ, ਮਿਤੀ 22.03.2018 ਨੂੰ ਟਰਾਂਸਫਰ ਡੀਡ ਨੰਬਰ 9566 ਰਾਹੀਂ ਹੇਠ ਲਿਖੇ ਪਾਸੇ ਅਤੇ ਸੀਮਾਵਾਂ ਰੱਖਦੀਆਂ ਹਨ:- ਉੱਤਰ: ਸੜਕ 41'-8"; ਦੱਖਣ: ਦੂਜਿਆਂ ਦੀ ਜਾਇਦਾਦ 41'-8"; ਪੂਰਬ: ਸ਼੍ਰੀ ਨਰਿੰਦਰ ਕੁਮਾਰ 93'-11.5"; ਪੱਛਮ: ਸ਼੍ਰੀਮਤੀ ਨਿਸ਼ਾ 104'-7.5"; ਸਾਰੇ ਅਤੇ ਇਕਵਚਨ ਢਾਂਚੇ ਅਤੇ ਉਸ ਉੱਤੇ ਉਸਾਰੀ, ਵਰਤਮਾਨ ਅਤੇ ਭਵਿੱਖ ਦੋਵੇਂ, ਦੇ ਨਾਲ।

ਮਿਤੀ : 02.08.2025 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ

## ਸੈਂਟਰਲ ਬੈਂਕ ਆਫ ਇੰਡੀਆ
Central Bank of India "SERVING TO YOU SINCE 1911"
ਖੇਤਰੀ ਦਫਤਰ, ਕੇ.ਪੀ., ਕੰਪਲੈਕਸ, ਨੇੜੇ ਹੋਟਲ ਪਾਰਕ ਪਲਾਜ਼ਾ ਫਿਰੋਜ਼ਪੁਰ ਰੋਡ, ਲੁਧਿਆਣਾ-141001

### (ਬਿਨਾ ਪੱਖਪਾਤ) ਅੰਤਿਕਾ 4 [ਦੇਖੋ ਨਿਯਮ 8 (1)] ਕਬਜ਼ਾ ਸੂਚਨਾ ਸੰਕੇਤਕ ਕਬਜ਼ਾ (ਅਚੱਲ ਸੰਪੱਤੀ/ਆਂ ਦੇ ਲਈ)

ਜਿਥੇ ਕਿ ਨਿਮਨ ਹਸਤਾਖਰੀ ਨੇ **ਸੈਂਟਰਲ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੀ ਧਾਰਾ 13 (12) ਦੇ ਨਿਯਮ 3 ਨਾਲ ਪੜ੍ਹੇ ਜਾਣ ਵਾਲੇ ਐਕਟ ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈਆਂ ਸੂਚਨਾਵਾਂ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਨਿਮਨ ਸੂਚੀ ਵਿਚ ਦਰਸਾਏ **ਕਰਜ਼ਦਾਰ(ਾਂ)/ਜ਼ਾਮਨ(ਾਂ)** ਨੂੰ ਸੱਦਾ ਦਿੰਦੇ ਹੋਏ ਮੰਗ ਸੂਚਨਾ ਜਾਰੀ ਕੀਤੀ ਸੀ।

**ਕਰਜ਼ਦਾਰ(ਾਂ)/ਜ਼ਾਮਨ(ਾਂ)** ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ **ਕਰਜ਼ਦਾਰ(ਾਂ)/ਜ਼ਾਮਨ(ਾਂ)** ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ/ਆਂ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।

**ਕਰਜ਼ਦਾਰ(ਾਂ)/ਜ਼ਾਮਨ(ਾਂ)** ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਸੂਚੀ ਵਿਚ ਦਰਸਾਈ ਰਕਮ ਅਤੇ ਵਿਆਜ ਦੇ ਲਈ **ਸੈਂਟਰਲ ਬੈਂਕ ਆਫ ਇੰਡੀਆ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰ(ਾਂ)/ਜ਼ਾਮਨ(ਾਂ) ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਸ਼ਾਖਾ ਅਤੇ ਕਰਜ਼ਦਾਰ (ਾਂ)/ ਜ਼ਾਮਨ (ਾਂ) ਦਾ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਬੀ/ਓ : ਨਿਜ਼ਾਮ ਰੋਡ, ਕਰਜ਼ਦਾਰ: ਨਵਨੀਤ ਕੌਰ ਪੁੱਤਰੀ ਸ੍ਰੀ ਜਸਬੀਰ ਸਿੰਘ ਅਤੇ ਸ੍ਰੀ ਜਸਬੀਰ ਸਿੰਘ ਪੁੱਤਰ ਗੁਰਮੇਲ ਸਿੰਘ | ਵਿਕਰੀ ਡੀਡ ਵਸੀਕਾ ਨੰਬਰ 3730 ਮਿਤੀ 27.05.2004 ਦੇ ਅਧੀਨ ਮਾਲਕੀ ਸ਼੍ਰੀ ਜਸਵੀਰ ਸਿੰਘ ਪੁੱਤਰ ਗੁਰਮੇਲ ਸਿੰਘ ਦੇ ਨਾਮ 'ਤੇ 26-1/2 ਵਰਗ ਗਜ਼ ਦੀ ਜਾਇਦਾਦ/ਦੁਕਾਨ (ਛੱਤ ਤੋਂ ਬਿਨਾਂ) ਦਾ ਮਾਲਕ ਜਿਸਦੀ ਮਾਪ ਐਮ.ਸੀ. ਨੰਬਰ ਬੀ- XXI-12476/1 ਹੈ, ਜੋ ਕਿ ਖਸਰਾ ਨੰਬਰ 2039/737, 2040/737, ਖੇਵਟ ਨੰਬਰ 222, ਖਤੌਨੀ ਨੰਬਰ 371 ਵਿੱਚ ਸ਼ਾਮਲ ਹੈ, ਜੋ ਕਿ 2009-2010 ਲਈ ਜਮ੍ਹਾਂਬੰਦੀ ਦੇ ਅਨੁਸਾਰ ਹੈ, ਪਿੰਡ ਢੋਲੇਵਾਲ, ਐਚ.ਬੀ. ਨੰਬਰ 174 ਇਲਾਕਾ ਜਿਸਨੂੰ ਵਿਸ਼ਕਰਮਾ ਕਲੋਨੀ ਗਲੀ ਨੰਬਰ 10, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਜੋਂ ਜਾਣਿਆ ਜਾਂਦਾ ਹੈ, ਦੀ ਮਾਲੀਆ ਜਾਇਦਾਦ ਦੇ ਅੰਦਰ ਸਥਿਤ ਹੈ, ਹੱਦਬੰਦੀ: ਪੂਰਬ: ਅਮਰੀਕ ਸਿੰਘ 8'-5', ਉੱਤਰ: ਗੁਰਚਰਨ ਸਿੰਘ 28'-5', ਪੱਛਮ: ਗਲੀ ਨੰ. 12 ਫੁੱਟ ਚੌੜੀ 8'-5', ਦੱਖਣ: ਅਮਾਜੀਤ ਸਿੰਘ 28''-0'। | 12.05.2025 | 01.08.2025 | Rs. 8,07,306.01 (ਰੁ. ਅੱਠ ਲੱਖ ਸੱਤ ਹਜ਼ਾਰ ਤਿੰਨ ਸੌ ਛੇ ਅਤੇ ਇਕ ਪੈਸੇ ਕੇਵਲ) ਸਮੇਤ ਵਿਆਜ ਸੈਂਟ ਵਿਦਿਆਰਥੀ ਵਿਦੇਸ਼ 11.00% ਸਲਾਨਾ ਦਰ ਅਨੁਸਾਰ ਮਾਸਿਕ ਵਿਸ਼ਰਾਮ ਨਾਲ ਮਿਤੀ 20.04.2025 ਤੋਂ ਗਿਣਿਆ ਜਾਵੇ। |
| ਬੀ/ਓ : ਜਮਾਲਪੁਰ ਅਵਾਨਾ, ਕਰਜ਼ਦਾਰ: ਸ੍ਰੀ ਮੁਹੰਮਦ ਅਲੀ ਪੁੱਤਰ ਸ੍ਰੀ ਮੁਹੰਮਦ ਨਸੀਰ | ਜਮਾਬੰਦੀ 2009-10 ਦੇ ਅਨੁਸਾਰ, ਖਸਰਾ ਨੰ. 22//11, 12,20,23//15/1, 15/2,16 ਖਾਤਾ ਨੰ. 119/128 ਵਿੱਚ ਸ਼ਾਮਲ 72 ਵਰਗ ਗਜ਼ ਦੀ ਘਰੇਲੂ ਜਾਇਦਾਦ, ਪਿੰਡ ਜਗੀਰਪੁਰ, ਹੱਦਬਸਤ ਨੰ. 70, ਅਬਾਦੀ ਜਿਸਨੂੰ ਬਾਬਾ ਨਾਮਦੇਵ ਕਲੋਨੀ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਜੋਂ ਜਾਣਿਆ ਜਾਂਦਾ ਹੈ, ਵਿਖੇ ਸਥਿਤ ਹੈ। ਜਾਇਦਾਦ ਦੀ ਹੱਦਬੰਦੀ ਹੇਠ ਲਿਖੇ ਅਨੁਸਾਰ ਹੈ: ਪੂਰਬ: ਗਲੀ 20', ਪੱਛਮ: ਗੁਆਂਢ 20', ਉੱਤਰ: ਗੁਆਂਢ 55', ਦੱਖਣ: ਗੁਆਂਢ 55'। ਵਿਕਰੀ ਡੀਡ ਨੰਬਰ ਵਸੀਕਾ ਨੰ. 6727 ਮਿਤੀ 12.07.2007 ਦੇ ਅਨੁਸਾਰ ਜਾਇਦਾਦ ਦੇ ਮਾਲਕ ਸ੍ਰੀ ਮੁਹੰਮਦ ਅਲੀ, ਸੈਂਟਰਲ ਬੈਂਕ ਆਫ਼ ਇੰਡੀਆ ਕੋਲ ਗਿਰਵੀ ਰੱਖੀ ਗਈ ਜਾਇਦਾਦ, ਮਿਤੀ 19.02.2021 ਨੂੰ ਰਪਟ ਨੰਬਰ 325 ਦੁਆਰਾ। | 14.01.2025 | 01.08.2025 | Rs. 3,84,624/- (ਰੁ. ਤਿੰਨ ਲੱਖ ਚੁਰਾਸੀ ਹਜ਼ਾਰ ਛੇ ਸੌ ਚੌਵੀ ਕੇਵਲ) ਸਮੇਤ ਵਿਆਜ ਓਡੀ-14.20% ਸਲਾਨਾ ਦਰ ਅਨੁਸਾਰ ਮਾਸਿਕ ਵਿਸ਼ਰਾਮ ਨਾਲ ਮਿਤੀ 13.01.2025 ਤੋਂ ਗਿਣਿਆ ਜਾਵੇ। |


ਮਿਤੀ : 02.08.2025 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ

## ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਵਫ਼ਦ ਨੇ ਚੀਫ਼ ਜਸਟਿਸ ਪੰਜਾਬ ਤੇ ਹਰਿਆਣਾ ਹਾਈਕੋਰਟ ਨੂੰ ਸੌਂਪਿਆ ਮੰਗ ਪੱਤਰ

ਫਤਿਹਗੜ੍ਹ ਸਾਹਿਬ, 2 ਅਗਸਤ (ਹਰਪ੍ਰੀਤ ਕੌਰ ਟਿਵਾਣਾ): ਜ਼ਿਲਾ ਬਾਰ ਐਸੋਸੀਏਸ਼ਨ ਫਗਸ ਵੱਲੋਂ ਬਾਰ ਦੇ ਪ੍ਰਧਾਨ ਐਡ. ਗਗਨਦੀਪ ਸਿੰਘ ਵਿਰਕ ਦੀ ਅਗਵਾਈ ਵਿੱਚ ਸਾਬਕਾ ਪ੍ਰਧਾਨ ਐਡ. ਅਮਰਦੀਪ ਸਿੰਘ ਧਾਰਨੀ, ਐਡ. ਰਾਜਵੀਰ ਸਿੰਘ ਗਰੇਵਾਲ, ਐਡ. ਹਰਜੀਤ ਸਿੰਘ ਵਲੋਂ ਚੀਫ਼ ਜਸਟਿਸ ਪੰਜਾਬ ਤੇ ਹਰਿਆਣਾ ਹਾਈਕੋਰਟ ਨੂੰ ਮੰਗ ਪੱਤਰ ਸੌਂਪ ਕੇ ਮੰਗ ਕੀਤੀ ਕਿ ਇਨਸਾਫ ਦੇ ਮੰਦਰ/ਅਦਾਲਤਾਂ ਵਿੱਚ ਸਰਕਾਰ ਤੇ ਪੁਲਿਸ ਦੀ ਬੇਲੋੜੀ ਦਖਲ ਅੰਦਾਜ ਨੂੰ ਨੱਥ ਪਾਈ ਜਾਵੇ, ਕਿਉਂਕਿ ਪਿੱਛੇ ਦੇਖਿਆ ਗਿਐ ਕਿ ਫਤਿਹਗੜ੍ਹ ਸਾਹਿਬ ਵਿੱਚ ਜਦੋਂ ਵੀ ਕੋਈ ਹਾਈ ਪ੍ਰੋਫਾਈਲ ਕੇਸ ਜਾਂ ਜਿਵੇਂ ਮੋਹਾਲੀ ਦੇ ਵਿੱਚ ਬਿਕਰਮ ਸਿੰਘ ਮਜੀਠੀਆ ਦਾ ਕੇਸ ਸਾਹਮਣੇ ਆਇਆ। ਇਸ ਮੌਕੇ ਤੇ ਐਡ. ਧਾਰਨੀ ਨੇ ਕਿਹਾ ਕਿ ਪਿਛਲੇ ਦਿਨੀਂ ਜਦੋਂ ਬਿਕਰਮ ਸਿੰਘ ਮਜੀਠੀਆ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਾਂ ਫਤਿਹਗੜ੍ਹ ਸਾਹਿਬ ਤੇ ਰੋਪੜ ਵਿੱਚ ਬੇਅਦਬੀ ਮੌਕੇ ਵਕੀਲਾਂ, ਗਵਾਹਾਂ ਤੇ ਪ੍ਰੈਸ ਨੂੰ ਅਦਾਲਤਾਂ ਤੋਂ ਦੂਰ ਰੱਖਿਆ ਤੇ ਪੁਲਿਸ ਵੱਲੋਂ ਮਨ ਮਰਜ਼ੀ ਨਾਲ ਅਦਾਲਤਾਂ ਦੇ ਉੱਤੇ ਇੱਕ ਕਬਜੇ ਦੇ ਰੂਪ ਵਿੱਚ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਜੋ ਕਿ ਮਨੁੱਖੀ ਅਧਿਕਾਰ ਤੇ ਇਨਸਾਫ ਦੀ ਉਮੀਦ ਵਿੱਚ ਬੈਠੇ ਲੋਕਾਂ ਲਈ ਬਹੁਤ ਹੀ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨਾਂ ਦੇ ਵਿੱਚ ਹਾਈ ਕੋਰਟ ਵੱਲੋਂ ਇੱਕ ਚਿੱਠੀ ਭੇਜ ਕੇ ਅਦਾਲਤਾਂ ਨੂੰ ਹਦਾਇਤ ਕੀਤੀ ਕਿ ਜਮਾਨਤ ਦੀਆਂ ਦਰਖਾਸਤਾਂ ਦਾ ਫੈਸਲਾ ਇੱਕ ਹਫਤੇ ਵਿੱਚ ਕੀਤਾ ਜਾਵੇ, ਪਰ ਪਿਛਲੇ ਦਿਨਾਂ ਵਿੱਚ ਬਿਕਰਮ ਸਿੰਘ ਮਜੀਠੀਆ ਦੇ ਮਾਮਲੇ ਵਿੱਚ ਕਿਵੇਂ ਸਰਕਾਰੀ ਵਕੀਲ, ਸਪੈਸ਼ਲ ਸਰਕਾਰੀ ਵਕੀਲ, ਤਰੀਕਾਂ ਤੇ ਤਰੀਕਾਂ ਲੈ ਕੇ ਆਨਰੇਬਲ ਹਾਈਕੋਰਟ ਦੀਆਂ ਹਦਾਇਤਾਂ ਦੀਆਂ ਧਜੀਆਂ ਉਡਾ ਰਹੇ।

## ਸਟਰੇਟ ਲਾਈਟ ਵੈਲਫੇਅਰ ਸੋਸਾਇਟੀ ਵੱਲੋਂ ਸ਼ਹੀਦ ਊਧਮ ਸਿੰਘ ਨੂੰ ਸ਼ਹੀਦੀ ਦਿਹਾੜੇ ਮੌਕੇ ਨਮਨ

ਫਿਰੋਜ਼ਪੁਰ, 2 ਅਗਸਤ (ਤਿਵਾੜੀ): ਰਮੇਸ਼ ਬਜਾਜ ਸੀਨੀਅਰ ਵਾਈਸ ਪ੍ਰੈਜੀਡੈਂਟ ਸਟਰੇਟ ਲਾਈਟ ਵੈਲਫੇਅਰ ਸੋਸਾਇਟੀ ਫਿਰੋਜ਼ਪੁਰ ਵੱਲੋਂ ਸ਼ਹੀਦ ਊਧਮ ਸਿੰਘ ਜੀ ਦੇ 86ਵੇਂ ਸ਼ਹੀਦੀ ਦਿਹਾੜੇ ਤੇ ਨਮਨ ਕਰਦੇ ਹੋਏ ਸ਼ਰਧਾਂਜਲੀ ਦਿੱਤੀ। ਜਲਿਆਂਵਾਲਾ ਬਾਗ ਦੇ ਕਤਲੇਆ ਦਾ ਬਦਲਾ ਲੈਣ ਵਾਲੇ ਮਹਾਨ ਕ੍ਰਾਂਤੀਕਾਰੀ ਨੂੰ ਯਾਦ ਕਰਦੇ ਹੋਏ ਸੁਸਾਇਟੀ ਦੇ ਚੇਅਰਮੈਨ ਦੀਵਾਨ ਚੰਦ ਸੁਖੀਜਾ ਤੇ ਸੀਨੀਅਰ ਮੀਤ ਪ੍ਰਧਾਨ ਰਮੇਸ਼ ਬਜਾਜ ਵੱਲੋਂ ਆਜ਼ਾਦੀ ਦੇ ਸੰਗਰਾਮ ਵਿੱਚ ਉਨ੍ਹਾਂ ਵੱਲੋਂ ਦਿੱਤੇ ਕੀਮਤੀ ਯੋਗਦਾਨ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸੋਸਾਇਟੀ ਦੇ ਸਕੱਤਰ ਪ੍ਰਵੀਨਤਾਵਨ ਰਾਮ ਪ੍ਰਕਾਸ਼ ਵਾਧਵਾ ਕੋਆਰਡੀਨੇਟਰ ਤੇ ਸਤਨਾਮ ਸਿੰਘ ਤਲਵਾੜ ਤੇ ਇਲਾਕੇ ਦੇ ਲੋਕ ਹਾਜ਼ਰ ਹੋਈ।



## Union Bank of India — ਯੂਨੀਅਨ ਬੈਂਕ ਆਫ਼ ਇੰਡੀਆ
ਭਾਰਤ ਸਰਕਾਰ ਦੀ ਅਦਾਰਾ — A Government of India Undertaking
ਸ਼ਾਖਾ ਏਆਰਬੀ, ਲੁਧਿਆਣਾ, ਬੀ-15-295/ਬੀ ਅਤੇ ਬੀ-25-295/ਸੀ, ਨੇੜੇ ਓਸਵਾਲ ਸਟ੍ਰੀਟ ਮਿਲਰਗੰਜ, ਜੀਟੀ ਰੋਡ, ਲੁਧਿਆਣਾ-141003

### ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਵਿਕਰੀ ਨਿਯਮ 6(2)/ 8(6) ਬਾਰੇ ਸੂਚਿਤ ਕਰਨ ਵਾਲੇ ਕਰਜ਼ਦਾਰ(ਆਂ) ਨੂੰ 30 ਦਿਨਾਂ ਦਾ ਨੋਟਿਸ

ਯੂਨੀਅਨ ਬੈਂਕ ਆਫ਼ ਇੰਡੀਆ, ਵਿੱਤੀ ਅਸਾਸਿਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਲਾਗੂ ਕਰਨ ਐਕਟ, 2002 ਦੇ ਅਧੀਨ, ਸੁਰੱਖਿਅਤ ਲੈਣਦਾਰ, ਵਿੱਤੀ ਅਸਾਸਿਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਲਾਗੂ ਕਰਨ ਐਕਟ 2002 ਦੀ ਧਾਰਾ 13(2) ਦੇ ਤਹਿਤ ਇੱਕ ਮੰਗ ਨੋਟਿਸ ਜਾਰੀ ਕਰਦਾ ਹੈ, ਜਿਸ ਵਿੱਚ ਕਰਜ਼ਦਾਰ(ਾਂ)/ਗਿਰਵੀਕਾਰ(ਾਂ)/ਜ਼ਾਮਨ (ਾਂ) ਨੂੰ ਨਿਰਧਾਰਤ ਸਮੇਂ ਦੇ ਅੰਦਰ ਬਕਾਇਆ ਭੁਗਤਾਨ ਕਰਨ ਲਈ ਕਿਹਾ ਜਾਂਦਾ ਹੈ। ਕਿਉਂਕਿ ਕਰਜ਼ਦਾਰ(ਾਂ)/ਗਿਰਵੀਕਾਰ(ਾਂ)/ਜ਼ਾਮਨ (ਾਂ) ਸਮੇਂ ਦੇ ਅੰਦਰ ਉਕਤ ਨੋਟਿਸ ਦੀ ਪਾਲਣਾ ਕਰਨ ਵਿੱਚ ਅਸਫਲ ਰਹੇ ਹਨ, ਯੂਨੀਅਨ ਬੈਂਕ ਆਫ਼ ਇੰਡੀਆ ਦੇ ਅਧਿਕਾਰਤ ਅਧਿਕਾਰੀ ਨੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 6/8 ਦੇ ਨਾਲ ਪੜ੍ਹੇ ਗਏ ਐਕਟ ਦੀ ਧਾਰਾ 13(4) ਦੇ ਤਹਿਤ ਸੁਰੱਖਿਅਤ ਸੰਪਤੀਆਂ ਦਾ ਕਬਜ਼ਾ ਲੈ ਲਿਆ ਹੈ। ਸੁਰੱਖਿਅਤ ਸੰਪਤੀਆਂ ਦਾ ਕਬਜ਼ਾ ਲੈਣ ਤੋਂ ਬਾਅਦ ਵੀ ਕਰਜ਼ਦਾਰ(ਾਂ)/ ਗਿਰਵੀਕਾਰ(ਾਂ)/ਜ਼ਾਮਨ (ਾਂ) ਨੇ ਬੈਂਕ ਨੂੰ ਬਕਾਇਆ ਰਕਮ ਦਾ ਭੁਗਤਾਨ ਨਹੀਂ ਕੀਤਾ ਹੈ। ਇਸ ਤਰ੍ਹਾਂ, ਇਸ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ 30 ਦਿਨਾਂ ਬਾਅਦ ਔਨਲਾਈਨ ਮੋਡ ਰਾਹੀਂ ਜਨਤਕ ਈ-ਨਿਲਾਮੀ ਕਰਕੇ ਹੇਠਾਂ ਦੱਸੀ ਗਈ ਜਾਇਦਾਦ ਨੂੰ ਵੇਚਣਾ ਜ਼ਰੂਰੀ ਹੋ ਗਿਆ ਹੈ। ਈ-ਨਿਲਾਮੀ ਦੀ ਮਿਤੀ ਅਤੇ ਸਮਾਂ, ਜਾਇਦਾਦ ਦੀ ਰਿਜ਼ਰਵ ਕੀਮਤ ਅਤੇ ਸੇਵਾ ਪ੍ਰਦਾਤਾ ਦੇ ਵੇਰਵਿਆਂ ਦੇ ਨਾਲ, ਜਿਸ ਵਿੱਚ ਈ-ਨਿਲਾਮੀ ਕੀਤੀ ਜਾਣੀ ਹੈ, ਤੁਹਾਨੂੰ ਵੱਖਰੇ ਤੌਰ 'ਤੇ ਸੂਚਿਤ ਕੀਤਾ ਜਾਵੇਗਾ।

ਇਸ ਲਈ, ਜੇਕਰ ਤੁਸੀਂ ਵਿਕਰੀ ਨੋਟਿਸ ਪ੍ਰਕਾਸ਼ਨ ਦੀ ਮਿਤੀ ਤੋਂ ਪਹਿਲਾਂ ਬੈਂਕ ਨੂੰ ਬਕਾਇਆ ਰਕਮ ਦੇ ਨਾਲ-ਨਾਲ ਵਿਆਜ, ਲਾਗਤਾਂ, ਖਰਚਿਆਂ ਅਤੇ ਬੈਂਕ ਦੁਆਰਾ ਕੀਤੇ ਗਏ ਖਰਚਿਆਂ ਦਾ ਭੁਗਤਾਨ ਕਰਦੇ ਹੋ, ਤਾਂ ਜਾਇਦਾਦ ਦੀ ਵਿਕਰੀ ਲਈ ਕੋਈ ਹੋਰ ਕਾਰਵਾਈ ਨਹੀਂ ਕੀਤੀ ਜਾਵੇਗੀ ਅਤੇ ਤੁਸੀਂ ਐਕਟ ਦੇ ਸੈਕਸ਼ਨ 13 (8) ਵਿੱਚ ਨਿਰਧਾਰਤ ਅਨੁਸਾਰ ਆਪਣੀ ਜਾਇਦਾਦ ਨੂੰ ਛੁਡਾ ਸਕਦੇ ਹੋ।

| ਲ. ਨੰ. | ਕਰਜ਼ਦਾਰ(ਾਂ)/ ਜ਼ਾਮਨ (ਾਂ) ਦੇ ਨਾਮ ਅਤੇ ਵੇਰਵੇ | ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ |
|---|---|---|---|---|
| 01. | (ਕਰਜ਼ਦਾਰ):- (ਸਵਰਗੀ ਸ਼੍ਰੀਮਤੀ ਗੀਤਾ ਸ਼ਰਮਾ ਸੁਪਤਨੀ ਸ੍ਰੀ ਜੱਜ ਕੁਮਾਰ, ਆਪਣੇ ਕਾਨੂੰਨੀ ਵਾਰਸਾਂ ਦੁਆਰਾ, ਸ੍ਰੀ ਜੱਜ ਕੁਮਾਰ ਪੁੱਤਰ ਬਰਕਤ ਰਾਮ (ਪਤੀ), ਸ੍ਰੀ ਗੌਰਵ (ਪੁੱਤਰ) ਅਤੇ ਹੋਰ ਅਣਪਛਾਤੇ ਕਾਨੂੰਨੀ ਵਾਰਸ, ਵਾਰਡ ਨੰ. 17, ਸ਼ਾਂਤੀ ਨਗਰ, ਫਿਰੋਜ਼ਪੁਰ 152002, (ਕਰਜ਼ਦਾਰ) :- ਸ੍ਰੀ ਜੱਜ ਕੁਮਾਰ ਸਪੁੱਤਰ ਬਰਕਤ ਰਾਮ, ਵਾਰਡ ਨੰਬਰ 7, ਸ਼ਾਂਤੀ ਨਗਰ, ਫਿਰੋਜ਼ਪੁਰ- 152002 (ਜ਼ਾਮਨ):- ਸ੍ਰੀ ਸੁਰਿੰਦਰ ਸਿੰਘ, ਪੁੱਤਰ ਦਲੀਪ ਸਿੰਘ, ਸ਼ਾਂਤੀ ਨਗਰ, ਵਾਰਡ ਨੰ. 14, ਫਿਰੋਜ਼ਪੁਰ-152002 | ਰਿਹਾਇਸ਼ੀ ਜਾਇਦਾਦ ਜਿਸਦੀ ਮਾਪ 1305 ਵਰਗ ਫੁੱਟ / 4.79 ਮਰਲੇ ਹੈ, 57 ਕਨਾਲ 14 ਮਰਲੇ ਜ਼ਮੀਨ ਦਾ 43/10386 ਹਿੱਸਾ ਹੈ, ਜਿਸ ਵਿੱਚ ਖਤੌਨੀ ਨੰਬਰ 618, 619 ਖਤੌਨੀ ਨੰਬਰ 832, 833, ਰੈਕਟ ਨੰਬਰ 161, ਕਿਲਾ ਨੰਬਰ 23/1/1 (0-9), ਰੈਕਟ ਨੰਬਰ 178, ਕਿਲਾ ਨੰਬਰ 7(8-0), 13/2(3-16) 14(7-10) 15/1(4-7) 27(0-12) 6/2(5-0) ਰੈਕਟ ਨੰਬਰ 161 ਕਿਲਾ ਨੰਬਰ 24(8-0) 25(6-6) ਰੈਕਟ ਨੰਬਰ 178 ਕਿਲਾ ਨੰਬਰ ਸ਼ਾਮਲ ਹਨ। 4(8-0) 5(5-14) ਸਾਲ 2008-09 ਲਈ ਜਮ੍ਹਾਂਬੰਦੀ ਅਨੁਸਾਰ ਸ਼ਾਂਤੀ ਨਗਰ, ਫਿਰੋਜ਼ਪੁਰ ਸ਼ਹਿਰ ਦੇ ਖੇਤਰ ਵਿੱਚ ਸਥਿਤ, ਸ਼੍ਰੀਮਤੀ ਗੀਤਾ ਸ਼ਰਮਾ ਦੇ ਨਾਮ 'ਤੇ ਵਿਕਰੀ ਡੀਡ ਨੰਬਰ 3238 ਮਿਤੀ 27.02.2019 ਦੁਆਰਾ। ਸੀਮਾਵਾਂ:- ਪੂਰਬ: ਦਰਬਾਰਾ ਸਿੰਘ ਬਹੀ 60', ਪੱਛਮ: ਦਰਬਾਰਾ ਸਿੰਘ ਬਹੀ 60', ਉੱਤਰ: ਗਲੀ 20 ਫੁੱਟ, ਦੱਖਣ: ਬਲਵੰਤ ਸਿੰਘ ਬਹੀ 21'9" | 09-02-2024 | 04-07-2025 |
| 02. | 1. (ਕਰਜ਼ਦਾਰ ਅਤੇ ਗਿਰਵੀਕਾਰ):- ਸ੍ਰੀ ਮੁਕੇਸ਼ ਕੁਮਾਰ ਪੁੱਤਰ ਸ੍ਰੀ ਸਤ ਨਰਾਇਣ ਅਗਰਵਾਲ, ਪਤਾ: ਮਕਾਨ ਨੰ. 16/20, ਗਲੀ ਖਰੜੀਆਂ ਵਾਲੀ, ਫਿਰੋਜ਼ਪੁਰ ਸ਼ਹਿਰ, ਪੰਜਾਬ। ਸ੍ਰੀਮਤੀ ਪੂਨਮ ਰਾਣੀ ਸੁਪਤਨੀ ਸ੍ਰੀ ਮੁਕੇਸ਼ ਕੁਮਾਰ, ਪਤਾ ਮਕਾਨ ਨੰਬਰ 16/ 20, ਗਲੀ ਖਰੜੀਆਂ ਵਾਲੀ, ਫਿਰੋਜ਼ਪੁਰ ਸ਼ਹਿਰ, ਪੰਜਾਬ | ਰਿਹਾਇਸ਼ੀ ਜਾਇਦਾਦ/ਮਕਾਨ ਪਲਾਟ ਨੰਬਰ 5 ਦਾ ਈਐਮਜੀ ਜਿਸਦੀ ਮਾਪ 4.28 ਮਰਲੇ ਹੈ, 32 ਕਨਾਲ 2 ਮਰਲੇ ਜ਼ਮੀਨ ਵਿੱਚੋਂ ਭਾਵ ਜ਼ਮੀਨ 5 ਕਨਾਲ 12 ਮਰਲੇ 112/143 ਹਿੱਸਾ ਹੈ ਜੋ ਕਿ 7 ਕਨਾਲ ਜ਼ਮੀਨ ਦਾ 3 ਮਰਲੇ ਹੈ ਜਿਸ ਵਿੱਚ ਰੈਕਟ ਨੰਬਰ 84 ਕਿਲ੍ਹਾ ਨੰਬਰ 5(7-3) ਸ਼ਾਮਲ ਹੈ ਜਿਸਦੀ ਮਾਪ 15 ਕਨਾਲ ਜ਼ਮੀਨ 300/554 ਹਿੱਸਾ ਹੈ ਜੋ ਕਿ 27 ਕਨਾਲ ਜ਼ਮੀਨ ਹੈ। 14 ਮਰਲੇ ਵਿੱਚ ਰੈਕਟ ਨੰਬਰ 84 ਕਿਲਾ ਨੰਬਰ 26/1(27-14) ਜ਼ਮੀਨ 3 ਕਨਾਲ 17 ਮਰਲੇ 77/106 ਹਿੱਸਾ 5 ਕਨਾਲ 6 ਮਰਲੇ ਵਿੱਚ ਰੈਕਟ ਨੰਬਰ 85 ਕਿਲਾ ਨੰਬਰ 1(8-6) ਜ਼ਮੀਨ 2 ਕਨਾਲ 13 ਮਰਲੇ 53/151 ਹਿੱਸਾ 7 ਕਨਾਲ 11 ਮਰਲੇ ਵਿੱਚ ਰੈਕਟ ਨੰਬਰ 67 ਕਿਲਾ ਨੰਬਰ 13/1(5-11) 13/2(2-0) ਜ਼ਮੀਨ 100/182 ਹਿੱਸਾ 9 ਕਨਾਲ 2 ਮਰਲੇ ਵਿੱਚ ਰੈਕਟ ਨੰਬਰ 67 ਕਿਲਾ ਨੰਬਰ 18/1(2-9) 18/2(6-13) ਸ਼ਾਮਲ ਹੈ। ਪੂਰਬ ਨਾਲ ਘਿਰਿਆ ਹੋਇਆ: ਪਲਾਟ ਨੰਬਰ 4 ਬਹੀ 53'8", ਪੱਛਮ:- ਪਲਾਟ ਨੰਬਰ 6 ਬਹੀ 54'7", ਉੱਤਰ:- ਬਣਾਇਆ ਗਿਆ ਘਰ, ਦੱਖਣ:- ਗਲੀ ਬਹੀ 21'6" ਨਾਨਕਪੁਰਾ ਦੇ ਨੇੜੇ, ਗੋਲਬਾਗ, ਫਿਰੋਜ਼ਪੁਰ ਸ਼ਹਿਰ ਦੇ ਖੇਤਰ ਵਿੱਚ ਸਥਿਤ ਹੈ। | 24-01-2025 | 04-07-2025 |

ਮਿਤੀ : 02.08.2025 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ

## ਇੰਡੀਅਨ ਬੈਂਕ — Indian Bank
ਇਲਾਹਾਬਾਦ ALLAHABAD
ਜ਼ੋਨਲ ਦਫਤਰ : ਐਸ.ਸੀ.ਐਫ਼. 88, ਅਰਬਨ ਅਸਟੇਟ, ਫੇਜ਼ 1, ਦੁੱਗਰੀ, ਲੁਧਿਆਣਾ-144013
PHONE:- 0161-5232103/106
EMAIL: zoludhiana@indianbank.co.in

### ਈ-ਨਿਲਾਮੀ ਵਿਕਰੀ ਸੂਚਨਾ

**ਅੰਤਿਕਾ 4 -ਏ [ਨਿਯਮ 8 (6) ਦੀ ਵਿਵਸਥਾ ਦੇਖੋ] ਅਚੱਲ ਸੰਪੱਤੀਆਂ ਲਈ ਵਿਕਰੀ ਸੂਚਨਾ**

**ਈ-ਨਿਲਾਮੀ ਮਿਤੀ ਅਤੇ ਸਮਾਂ : 20.08.2025 (ਈ-ਨਿਲਾਮੀ ਵਿਧੀ ਰਾਹੀਂ), ਸਵੇਰੇ 10.00 ਵਜੇ ਤੋਂ ਸ਼ਾਮ 05.00 ਵਜੇ ਤੱਕ**
**ਬਿਆਨਾ ਰਕਮ ਦੀ ਆਖਰੀ ਮਿਤੀ :- 19.08.2025**
**ਸੂਚੀਬੱਧ ਸੰਪੱਤੀਆਂ ਅਤੇ ਸਬੰਧਤ ਦਸਤਾਵੇਜ਼ਾਂ/ਨਵੀਨਤਮ ਈਸੀ ਆਦਿ ਦੀ ਜਾਂਚ ਦੀ ਮਿਤੀ ਅਤੇ ਸਮਾਂ : 11.08.2025 ਤੋਂ 19.08.2025 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 4.00 ਵਜੇ ਦੇ ਵਿਚਾਲੇ**

**ਵਿੱਤੀ ਅਸਾਸਿਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ 2002 ਦੇ ਅਧੀਨ ਸੁਰੱਖਿਆ ਵਿਆਜ (ਲਾਗੂਕਰਨ ਨਿਯਮਾਂਵਲੀ), 2002 ਦੇ ਨਿਯਮ 6 (2) ਅਤੇ 8 (6) ਦੇ ਅਧੀਨ ਇਛੁੱਕ ਵਿਕਰੀ ਦੀ ਸੂਚਨਾ**

ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ (ਆਂ), ਜਿਸ ਦਾ ਕਬਜ਼ਾ ਇੰਡੀਅਨ ਬੈਂਕ , ਲੁਧਿਆਣਾ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ **ਈ-ਨਿਲਾਮੀ ਵਿਧੀ ਦੁਆਰਾ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"** 'ਤੇ ਕੀਤੀ ਜਾਵੇਗੀ। ਸਫਲ ਬੋਲੀਕਾਰ ਨੂੰ ਅਗਲੇ ਕੰਮ ਵਾਲੇ ਦਿਨ ਤੱਕ ਬਿਆਨਾ ਰਕਮ (10%) ਜਮ੍ਹਾਂ ਸਮੇਤ ਬੋਲੀ ਰਕਮ ਦਾ 25% (ਪੱਚੀ ਫੀਸਦੀ) ਜਮ੍ਹਾਂ ਕਰਨਾ ਹੋਵੇਗਾ ਅਤੇ ਬਕਾਇਆ ਰਕਮ ਬੈਂਕਰਜ਼ ਚੈੱਕ/ਡਿਮਾਂਡ ਡਰਾਫਟ/ਅਕਾਊਂਟ ਟਰਾਂਸਫਰ ਅਤੇ/ਜਾਂ ਰਕਮ ਤਬਾਦਲੇ ਦੇ ਕਿਸੇ ਵੀ ਹੋਰ ਪ੍ਰਵਾਨਯੋਗ ਢੰਗ ਦੇ ਰੂਪ ਵਿਚ ਨਿਲਾਮੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅਦਾ ਕਰਨੀ ਹੋਵੇਗੀ। ਆਨਲਾਈਨ ਰਕਮ ਤਬਾਦਲੇ ਦੇ ਲਈ ਨੋਡਲ ਬੈਂਕ ਖਾਤਾ ਨੰਬਰ/ਆਈਐਫਐਸਸੀ ਕੋਡ ਆਦਿ ਨਿਮਨ ਅਨੁਸਾਰ :-

**ਦੇਣਦਾਰੀ ਮੁਕਤ ਬੈਂਕ ਖਾਤਾ ਨੰ. ਅਤੇ ਖਾਤੇ ਦਾ ਨਾਮ: 6345584911, ਬਿਆਨਾ ਰਕਮ ਜਮ੍ਹਾਂ ਖਾਤੇ ਦੇ ਨਾਮ 'ਤੇ, ਆਈਐਫਐਸਸੀ ਕੋਡ: ਆਈਡੀਆਈਬੀ000ਡੀ029**

| ਸ਼ਾਖਾ ਅਤੇ ਕਰਜ਼ਦਾਰ (ਾਂ), ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਦਾ ਨਾਮ | ਅਚੱਲ ਗਿਰਵੀ ਸੰਪੱਤੀਆਂ ਦੇ ਵੇਰਵੇ/ਮਾਲਕ ਦਾ ਨਾਮ (ਸੰਪੱਤੀ/ਆਂ ਦੇ ਗਿਰਵੀਕਾਰ) | ਮੌਜੂਦਾ ਬਕਾਇਆ ਰਕਮ | ਰਾਖਵੀਂ ਕੀਮਤ / ਬਿਆਨਾ ਰਕਮ ਰਾਸ਼ੀ | ਬੋਲੀ ਵਾਧਾ ਰਕਮ / ਸੰਪੱਤੀ ਆਈਡੀ |
|---|---|---|---|---|
| ਵਰਧਮਾਨ, Mob No.7347035132 1. (ਕਰਜ਼ਦਾਰ):- ਮੈਸ. ਰੁਦਰਾ ਇੰਟਰਨੈਸ਼ਨਲ (ਇਸ ਦੇ ਭਾਈਵਾਲਾਂ ਰਾਹੀਂ), ਪਤਾ : 3676/23-ਏ, ਨਿਊ ਮਾਧੋਪੁਰੀ, ਲੁਧਿਆਣਾ-141008, (ਭਾਈਵਾਲ ਅਤੇ ਗਿਰਵੀਕਾਰ):- ਸ੍ਰੀ ਅਮਿਤ ਮਹਾਜਨ ਪੁੱਤਰ ਤਰਸੇਮ ਮਹਾਜਨ ਪਤਾ : 4131/3ਏ/1, ਗਲੀ ਨੰ. 4, ਨਿਊ ਮਾਧੋਪੁਰੀ, ਲੁਧਿਆਣਾ-141008 (ਭਾਈਵਾਲ ਅਤੇ ਗਿਰਵੀਕਾਰ) :- ਸ੍ਰੀ ਕਪਿਲ ਮਹਾਜਨ ਪੁੱਤਰ ਤਰਸੇਮ ਮਹਾਜਨ ਪਤਾ : 4131/3ਏ/1, ਗਲੀ ਨੰ. | ਸ਼੍ਰੀ ਅਮਿਤ ਮਹਾਜਨ ਪੁੱਤਰ ਤਰਸੇਮ ਮਹਾਜਨ ਦੇ ਨਾਮ 'ਤੇ ਵਸੀਕਾ/ਦਸਤਾਵੇਜ਼ ਨੰਬਰ 2018-19/106/1/6143 ਮਿਤੀ 29/10/2018 ਦੇ ਮਾਲਕੀ ਡੀਡ ਦੇ ਤਬਾਦਲੇ ਦੇ ਅਨੁਸਾਰ **5643-3/4 ਵਰਗ ਗਜ਼** ਦੇ ਪਲਾਟ ਦੇ ਸਾਰੇ ਭਾਗ ਅਤੇ ਹਿੱਸੇ ਸਾਲ 2014-15, ਲਈ ਜਮ੍ਹਾਂਬੰਦੀ ਦੇ ਅਨੁਸਾਰ ਖਸਰਾ ਨੰਬਰ 25//15/2,25//16/1, 25//25/2, 26//21/1, 31//1/2, 25//14, 25//15/1, 25//16/2, 25//17, 26//10, 26//11, 26//20, 26//21/2, 25//24, 25//25, ਖੇਵਟ ਨੰਬਰ 378/343 ਮਿਨ, 380/343 ਮਿਨ, 381/344, 428/385, ਖਤੌਨੀ ਨੰਬਰ 436,438, 439, 488,489 ਵਿੱਚ ਸ਼ਾਮਲ, ਪਿੰਡ ਮਾਂਗਟ ਵਿਖੇ ਸਥਿਤ, ਹੱਦਬਸਤ ਨੰਬਰ 64, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ: ਸਵਰਨਜੀਤ ਕੌਰ 204'-00", ਪੱਛਮ: ਸੜਕ 30' ਚੌੜੀ 206'-00", ਉੱਤਰ: ਮੁੱਖ ਸਸਰਾਲੀ ਸੜਕ 253'-00", ਦੱਖਣ: ਸੜਕ 30' ਚੌੜੀ 247'-00" **ਭੌਤਿਕ ਕਬਜ਼ਾ।** | Rs. 3,73,78,915/- (ਰੁ. ਤਿੰਨ ਕਰੋੜ ਤਿਹੱਤਰ ਲੱਖ ਅਠੱਤਰ ਹਜ਼ਾਰ ਨੌਂ ਸੌ ਪੰਦਰਾਂ ਕੇਵਲ) 28.07.2025 ਦੇ ਅਨੁਸਾਰ ਲਾਗੂ ਨਾ ਕੀਤੇ ਗਏ ਅਤੇ ਅਗਲੇਰੇ ਵਿਆਜ, ਲਾਗਤਾਂ, ਫੀਸਾਂ ਅਤੇ ਖਰਚਿਆਂ ਸਮੇਤ। | Rs. 1,40,00,000/- / Rs. 14,00,000/- | Rs. 1,00,000/- / IDIBL3043345334301 |

ਈ-ਨਿਲਾਮੀ | ਵੈਬ | ਦਸਤਾਵੇਜ਼ ਤਸਵੀਰ | ਜੀਓਟੈਗ

**ਆਨਲਾਈਨ ਈ-ਨਿਲਾਮੀ ਵਿਕਰੀ ਦੇ ਨਿਯਮ ਅਤੇ ਸ਼ਰਤਾਂ:-**
**ਇਹ ਪ੍ਰਕਾਸ਼ਨ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 6(2) ਅਤੇ 8(6) ਦੇ ਤਹਿਤ ਉਪਰੋਕਤ ਕਰਜ਼ਦਾਰਾਂ ਅਤੇ ਜ਼ਾਮਨਾਂ ਨੂੰ 15 ਦਿਨਾਂ ਦਾ ਸੂਚਨਾ ਵੀ ਹੈ।**

ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਔਨਲਾਈਨ ਬੋਲੀ ਵਿੱਚ ਹਿੱਸਾ ਲੈਣ ਲਈ ਸਾਡੇ ਈ-ਨਿਲਾਮੀ ਸੇਵਾ ਪ੍ਰਦਾਤਾ ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਦੀ ਵੈੱਬਸਾਈਟ (**https: / baanknet.com**) 'ਤੇ ਜਾਣ। ਤਕਨੀਕੀ ਸਹਾਇਤਾ ਲਈ ਕਿਰਪਾ ਕਰਕੇ **ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਹੈਲਪਡੈਸਕ ਨੰਬਰ 8291 220220, ਈਮੇਲ ਆਈਡੀ:- supportbaanknet@psballiance.com** ਅਤੇ ਸੇਵਾ ਪ੍ਰਦਾਤਾ ਹੈਲਪ ਡੈਸਕ ਵਿੱਚ ਉਪਲਬਧ ਹੋਰ ਹੈਲਪ ਲਾਈਨ ਨੰਬਰਾਂ 'ਤੇ ਕਾਲ ਕਰੋ। ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਨਾਲ ਰਜਿਸਟ੍ਰੇਸ਼ਨ ਸਥਿਤੀ ਅਤੇ ਈਐਮਡੀ ਸਥਿਤੀ ਲਈ। ਕਿਰਪਾ ਕਰਕੇ **support.baanknet@psballiance.com** 'ਤੇ ਸੰਪਰਕ ਕਰੋ।
ਜਾਇਦਾਦ ਦੇ ਵੇਰਵਿਆਂ ਅਤੇ ਜਾਇਦਾਦ ਦੀ ਫੋਟੋ ਅਤੇ ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ ਲਈ ਕਿਰਪਾ ਕਰਕੇ **https:/baanknet.com** 'ਤੇ ਜਾਓ ਅਤੇ ਇਸ ਪੋਰਟਲ ਨਾਲ ਸਬੰਧਤ ਸਪਸ਼ਟੀਕਰਨ ਲਈ, ਕਿਰਪਾ ਕਰਕੇ ਹੈਲਪਡੈਸਕ ਨੰਬਰ 8291220220 'ਤੇ ਸੰਪਰਕ ਕਰੋ।
ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ **https://baanknet.com** ਨਾਲ ਵੈੱਬਸਾਈਟ ਵਿੱਚ ਜਾਇਦਾਦ ਦੀ ਖੋਜ ਕਰਦੇ ਸਮੇਂ ਉੱਪਰ ਦੱਸੇ ਗਏ ਜਾਇਦਾਦ ਆਈਡੀ ਨੰਬਰ ਦੀ ਵਰਤੋਂ ਕਰਨ।

ਮਿਤੀ : 02.08.2025 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ

# ਰਾਸ਼ਟਰਪਤੀ ਟਰੰਪ ਵੱਲੋਂ ਪਾਕਿਸਤਾਨ 'ਚ ਤੇਲ ਦੀ ਭਾਲ ਬਾਰੇ ਕੀਤਾ ਦਾਅਵਾ ਇੱਕ ਸ਼ਗੂਫੇ ਤੋਂ ਵੱਧ ਕੁਝ ਨਹੀਂ ਜਾਪਦਾ

ਨਵੀਂ ਦਿੱਲੀ, 2 ਅਗਸਤ (ਚ.ਨ.ਸ.): ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਪਾਕਿਸਤਾਨ ਵਿੱਚ ਤੇਲ ਦੀ ਭਾਲ ਬਾਰੇ ਕੀਤਾ ਗਿਆ ਦਾਅਵਾ ਇੱਕ ਸ਼ਗੂਫੇ ਤੋਂ ਵੱਧ ਕੁਝ ਨਹੀਂ ਜਾਪਦਾ। ਟਰੰਪ ਤੋਂ ਪਹਿਲਾਂ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ, ਉਨ੍ਹਾਂ ਤੋਂ ਪਹਿਲਾਂ ਫ਼ੌਜੀ ਸ਼ਾਸਕ ਪਰਵੇਜ਼ ਮੁਸ਼ੱਰਫ ਤੇ ਫ਼ੌਜੀ ਤਾਨਾਸ਼ਾਹ ਜ਼ੀਆ-ਉਲ-ਹੱਕ ਨੇ ਵੀ ਆਪੋ-ਆਪਣੇ ਕਾਰਜਕਾਲ ਦੌਰਾਨ ਪਾਕਿਸਤਾਨ ਵਿੱਚ ਪੈਟਰੋਲੀਅਮ ਦੇ ਵੱਡੇ ਭੰਡਾਰ ਲੱਭਣ ਦਾ ਦਾਅਵਾ ਕੀਤਾ ਸੀ ਪਰ ਇਹ ਦਾਅਵਾ ਕਦੇ ਵੀ ਹਕੀਕਤ ਨਹੀਂ ਬਣ ਸਕਿਆ। ਹੈਰਾਨੀਜਨਕ ਤੱਥ ਹੈ ਕਿ ਅੰਤਰਰਾਸ਼ਟਰੀ ਊਰਜਾ ਫਰਮ ਬ੍ਰਿਟਿਸ਼ ਪੈਟਰੋਲੀਅਮ, ਓਪੇਕ ਵਰਗੀ ਕਿਸੇ ਵੀ ਏਜੰਸੀ ਦੁਆਰਾ ਅੱਜ ਤੱਕ ਕਿਸੇ ਵੀ ਰਿਪੋਰਟ ਵਿੱਚ ਪਾਕਿਸਤਾਨ ਵਿੱਚ ਕਿਸੇ ਵੀ ਮਹੱਤਵਪੂਰਨ ਪੈਟਰੋਲੀਅਮ ਭੰਡਾਰ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ। ਦੂਜੇ ਪਾਸੇ ਇਨ੍ਹਾਂ ਏਜੰਸੀਆਂ ਦੀਆਂ ਕਈ ਪਿਛਲੀਆਂ ਰਿਪੋਰਟਾਂ ਵਿਚ ਭਾਰਤ ਵਿਚ ਹੁਣ ਤੱਕ ਕੀਤੀਆਂ ਗਈਆਂ ਖੋਜਾਂ ਦੇ ਆਧਾਰ 'ਤੇ ਇੱਥੇ 4.73 ਅਰਬ ਬੈਰਲ ਕੱਚੇ ਤੇਲ ਤੇ 1138.6 ਅਰਬ ਘਣ ਮੀਟਰ ਗੈਸ ਦੀ ਮੌਜੂਦਗੀ ਬਾਰੇ ਪੈਟਰੋਲੀਅਮ ਤੇ ਕੁਦਰਤੀ ਗੈਸ ਮੰਤਰਾਲੇ ਦੇ ਵਿਗਿਆਨਕ ਦਾਅਵੇ ਹਨ। ਸਾਲ 2024 ਵਿੱਚ ਐੱਸਐਂਡਪੀ. ਦੀ ਇੱਕ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਭਾਰਤ ਦੇ ਚਾਰ ਨਵੇਂ ਤੇਲ ਬਲਾਕ ਮਹਾ ਨਦੀ, ਅੰਡੇਮਾਨ, ਬੰਗਾਲ ਤੇ ਕੇਰਲ-ਕੋਂਕਣ ਵਿੱਚ 22 ਅਰਬ ਬੈਰਲ ਕੱਚਾ ਤੇਲ ਹੋਵੇਗਾ। ਵਿਦੇਸ਼ ਮੰਤਰਾਲੇ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸ਼ਾਇਦ ਅਮਰੀਕੀ ਰਾਸ਼ਟਰਪਤੀ ਤੋਂ ਇਲਾਵਾ ਕੋਈ ਹੋਰ ਨਹੀਂ ਹੋਵੇਗਾ ਜੋ ਪੱਕਾ ਵਿਸ਼ਵਾਸ ਕਰੇਗਾ ਕਿ ਪਾਕਿਸਤਾਨ ਕੋਲ ਵੱਡੇ ਤੇਲ ਭੰਡਾਰ ਹਨ। ਘੱਟੋ-ਘੱਟ ਅਮਰੀਕੀ ਤੇਲ ਕੰਪਨੀਆਂ ਨਹੀਂ ਕਰਦੀਆਂ। ਜੇਕਰ ਉਹ ਇਸ ਗੱਲ 'ਤੇ ਵਿਸ਼ਵਾਸ ਕਰਦੀਆਂ ਤਾਂ ਉਹ ਪਾਕਿਸਤਾਨੀ ਬਾਜ਼ਾਰ ਨੂੰ ਨਹੀਂ ਛੱਡਦੀਆਂ। ਦਰਅਸਲ, ਪਾਕਿਸਤਾਨੀ ਮੀਡੀਆ ਵੀ ਇਸ 'ਤੇ ਵਿਸ਼ਵਾਸ ਨਹੀਂ ਕਰਦਾ, ਇਸੇ ਲਈ ਉੱਥੇ ਦੇ ਇੱਕ ਵੱਡੇ ਅਖ਼ਬਾਰ ਨੇ ਸ਼ੁੱਕਰਵਾਰ ਨੂੰ ਲਿਖਿਆ ਕਿ ਪਾਕਿਸਤਾਨ ਵਿਚ ਵੱਡੇ ਤੇਲ ਭੰਡਾਰ ਲੱਭਣਾ ਇੱਕ ਕਲਪਨਾ ਹੈ। ਰਾਸ਼ਟਰਪਤੀ ਟਰੰਪ ਨੇ ਇੱਕ ਦਿਨ ਪਹਿਲਾਂ ਕਿਹਾ ਸੀ ਕਿ ਅਮਰੀਕੀ ਤੇਲ ਕੰਪਨੀਆਂ ਨੇ ਪਾਕਿਸਤਾਨ ਵਿਚ ਵੱਡੇ ਤੇਲ ਭੰਡਾਰ ਲੱਭਣ ਲਈ ਇੱਕ ਸਮਝੌਤੇ 'ਤੇ ਹਸਤਾਖਰ ਕੀਤੇ ਹਨ। ਉਨ੍ਹਾਂ ਨੇ ਪਾਕਿਸਤਾਨ ਬਾਰੇ ਵੀ ਗੱਲ ਕੀਤੀ ਹੈ।




# ਪੰਜਾਬ ਨੂੰ ਨਸ਼ਾ ਮੁਕਤ ਬਣਾ ਕੇ ਰੰਗਲੇ ਪੰਜਾਬ ਦਾ ਸੁਪਨਾ ਜਲਦ ਹੀ ਹਕੀਕਤ ਬਣੇਗਾ: ਅਮਰਪਾਲ ਸਿੰਘ



ਸ੍ਰੀ ਹਰਗੋਬਿੰਦਪੁਰ ਸਾਹਿਬ, 2 ਅਗਸਤ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਹਲਕਾ ਸ੍ਰੀ ਹਰਗੋਬਿੰਦਪੁਰ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਨੇ ਹਲਕਾ ਕੋਆਰਡੀਨੇਟਰ ਕਿਸਾਨ ਵਿੰਗ ਦੇ ਪ੍ਰਧਾਨ ਹਰਜਿੰਦਰ ਸਿੰਘ ਜਾਹਦਪੁਰ ਦੀ ਅਗਵਾਈ ਹੇਠ ਪਿੰਡ ਸਿੱਖਵਾਂ ਵਿਖੇ 'ਨਸ਼ਾ ਮੁਕਤੀ ਯਾਤਰਾ' ਤਹਿਤ ਪਿੰਡ ਵਾਸੀਆਂ ਤੇ ਵਰਕਰਾਂ ਨਾਲ ਮੀਟਿੰਗ ਕੀਤੀ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਵਿਧਾਇਕ ਅਮਰਪਾਲ ਕਿਸ਼ਨਕੋਟ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਮੁਕਤੀ ਮੁਹਿੰਮ ਨੇ ਸੂਬੇ ਭਰ 'ਚ ਨਵੀਂ ਜਾਗਰੂਕਤਾ ਪੈਦਾ ਕੀਤੀ ਹੈ। ਉਨ੍ਹਾਂ ਆਸ ਜਤਾਈ ਕਿ ਮਾਨ ਸਰਕਾਰ ਦੇ ਯਤਨਾਂ ਰਾਹੀਂ ਪੰਜਾਬ ਨੂੰ ਨਸ਼ਾ ਮੁਕਤ ਬਣਾ ਕੇ ਰੰਗਲੇ ਪੰਜਾਬ ਦਾ ਸੁਪਨਾ ਜਲਦ ਹੀ ਹਕੀਕਤ ਬਣੇਗਾ। ਇਸ ਮੌਕੇ ਗੱਲ ਕਰਦਿਆਂ ਪ੍ਰਧਾਨ ਹਰਜਿੰਦਰ ਸਿੰਘ ਜਾਹਦਪੁਰ, ਬਲਾਕ ਪ੍ਰਧਾਨ ਸੰਦਲਪੁਰ ਨੇ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰਾਂ ਨੂੰ ਆਮ ਲੋਕਾਂ ਨੇ ਵੱਡੇ ਪੱਧਰ 'ਤੇ ਸਹਿਯੋਗ ਦਿੱਤਾ ਹੈ, ਜਦ ਕਿ ਨੌਜਵਾਨ ਹੁਣ ਆਪਣੀ ਇੱਛਾ ਨਾਲ ਸਰਕਾਰੀ ਨਸ਼ਾ ਮੁਕਤੀ ਕੇਂਦਰਾਂ 'ਚ ਇਲਾਜ ਲਈ ਆ ਰਹੇ ਹਨ, ਜੋ ਕਿ ਸਰਕਾਰ ਦੀ ਨੀਤੀ ਤੇ ਲੋਕਾਂ ਦੇ ਵਿਸ਼ਵਾਸ ਦਾ ਪ੍ਰਮਾਣ ਹੈ। ਇਸ ਮੌਕੇ ਪ੍ਰੋ. ਸੁਖਦੇਵ ਸਿੰਘ ਰੋਮੀ, ਪੀ.ਏ. ਨਵ ਭਿੰਡਰ, ਜ਼ਿਲ੍ਹਾ ਮੀਡੀਆ ਇੰਚਾਰਜ ਪਰਮਬੀਰ ਸਿੰਘ ਰਾਣਾ ਘੁਮਾਣ, ਜ਼ਿਲ੍ਹਾ ਮੀਡੀਆ ਸਕੱਤਰ ਬਲਜੀਤ ਸਿੰਘ ਜੋਨੀ ਘੁਮਾਣ, ਸਰਪੰਚ ਨਿਸ਼ਾਨ ਸਿੰਘ ਪਾਸ਼, ਸਰਪੰਚ ਗੁਰਮੀਤ ਸਿੰਘ ਪੰਨੂੰ, ਸਾਬਕਾ ਸਰਪੰਚ ਮਨਜੀਤ ਸਿੰਘ ਹਰਦਾਨ, ਸਾਬਕਾ ਸਰਪੰਚ ਸਿਕੰਦਰ ਸਿੰਘ ਕਰਨਾਮਾ, ਸਰਪੰਚ ਕਰਨਜੀਤ ਸਿੰਘ ਪੰਡੋਰੀ, ਸੋਸ਼ਲ ਮੀਡੀਆ ਇੰਚਾਰਜ ਸੁਖਦੇਵ ਸਿੰਘ ਸੱਖੋਵਾਲ ਹਾਜ਼ਰ ਸਨ।

# ਕੈਨੇਡਾ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਦੀ ਪ੍ਰੀਕਿਰਿਆ 'ਚ ਲਿਆਂਦੀ ਤੇਜ਼ੀ

ਵੈਨਕੂਵਰ, 2 ਅਗਸਤ (ਚ.ਨ.ਸ.): ਕੈਨੇਡਾ ਦੇ ਆਵਾਸ ਵਿਭਾਗ ਵੱਲੋਂ ਵੀਜ਼ਾ ਨਿਯਮ ਸਖ਼ਤ ਕੀਤੇ ਜਾਣ ਤੋਂ ਬਾਅਦ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਦੇਸ਼ ਨਿਕਾਲੇ (ਡਿਪੋਰਟੇਸ਼ਨ) ਦੀ ਪ੍ਰੀਕਿਰਿਆ ਵਿੱਚ ਤੇਜ਼ੀ ਲਿਆਂਦੀ ਗਈ ਹੈ। ਸਰਕਾਰ ਨੇ ਕੈਨੇਡੀਅਨ ਸਰਹੱਦੀ ਸੁਰੱਖਿਆ ਏਜੰਸੀ (ਸੀਬੀਐੱਸਏ) ਦੀ ਨਫ਼ਰੀ ਵਿੱਚ 17 ਫੀਸਦ ਵਾਧਾ ਕੀਤਾ ਹੈ ਜੋ ਥਾਂ-ਥਾਂ ਵੱਖ-ਵੱਖ ਕਾਰੋਬਾਰਾਂ 'ਤੇ ਛਾਪੇ ਮਾਰ ਕੇ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਪਛਾਣ ਕਰ ਰਹੀ ਹੈ। ਪਿਛਲੇ ਸਾਲ ਵਿਭਾਗ ਨੇ 18,048 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜਿਆ ਸੀ। ਇਨ੍ਹਾਂ 'ਚੋਂ 14,683 ਉਹ ਸਨ, ਜਿਨ੍ਹਾਂ ਦੀਆਂ ਅਰਜ਼ੀਆਂ ਸ਼ਰਨਾਰਥੀ ਵਜੋਂ ਰੱਦ ਹੋ ਗਈਆਂ ਸਨ। ਵਿਭਾਗ ਦੇ ਅੰਦਾਜ਼ੇ ਮੁਤਾਬਿਕ ਸ਼ਰਨਾਰਥੀ ਅਰਜ਼ੀਆਂ ਦੇਣ ਵਾਲਿਆਂ 'ਚੋਂ ਸਿਰਫ਼ 5 ਤੋਂ 10 ਫੀਸਦ ਹੀ ਅਸਲ ਪੀੜਤ ਹੁੰਦੇ ਹਨ, ਜਦਕਿ ਬਾਕੀ 90-95 ਫੀਸਦ ਲੋਕ ਇਸ ਤਰੀਕੇ ਨੂੰ ਪੱਕੇ ਹੋਣ ਦੇ ਚੋਰ ਰਸਤੇ ਵਜੋਂ ਵਰਤਦੇ ਹਨ। ਵਿਭਾਗ ਹੁਣ ਉਨ੍ਹਾਂ ਲੋਕਾਂ ਦੀ ਭਾਲ ਕਰ ਰਿਹਾ ਹੈ, ਜੋ ਕੈਨੇਡਾ ਆਏ ਤਾਂ ਸੈਲਾਨੀ ਵੀਜ਼ੇ 'ਤੇ ਸਨ ਪਰ ਵੀਜ਼ੇ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਦੇਸ਼ ਵਿੱਚ ਰਹਿ ਰਹੇ ਹਨ। ਅਜਿਹੇ ਲੋਕਾਂ ਦੀ ਗਿਣਤੀ ਲੱਖਾਂ ਵਿੱਚ ਹੈ। ਸੁਰੱਖਿਆ ਏਜੰਸੀ ਨੇ ਇਸ ਸਾਲ 40,000 ਤੋਂ ਵੱਧ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਭੇਜਣ ਦਾ ਟੀਚਾ ਮਿਥਿਆ ਹੈ। ਸੂਤਰਾਂ ਅਨੁਸਾਰ ਕੈਨੇਡਾ ਦੇ ਪੰਜ ਮੁੱਖ ਕੌਮਾਂਤਰੀ ਹਵਾਈ ਅੱਡਿਆਂ ਤੋਂ ਰੋਜ਼ਾਨਾ ਔਸਤਨ 125 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਭੇਜਿਆ ਜਾ ਰਿਹਾ ਹੈ। ਇਸ ਸਖ਼ਤੀ ਦਾ ਅਸਰ ਵਿਦਿਆਰਥੀਆਂ 'ਤੇ ਵੀ ਪਿਆ ਹੈ। ਜਿਹੜੇ ਵਿਦਿਆਰਥੀ ਹਫ਼ਤੇ ਵਿੱਚ 24 ਘੰਟੇ ਕੰਮ ਕਰਨ ਦੀ ਇਜਾਜ਼ਤ ਵਾਲੇ ਵਰਕ ਪਰਮਿਟ 'ਤੇ ਹਨ, ਉਨ੍ਹਾਂ ਦੇ ਪਰਮਿਟ ਨਵਿਆਉਣ ਦੀ ਦਰ ਘਟ ਕੇ 40 ਫੀਸਦ ਰਹਿ ਗਈ ਹੈ। ਇਸ ਤੋਂ ਇਲਾਵਾ ਐਕਸਪ੍ਰੈਸ ਐਂਟਰੀ ਲਈ ਵੀ ਭਾਸ਼ਾ ਦੇ ਟੈਸਟ ਸਖ਼ਤ ਕਰ ਦਿੱਤੇ ਗਏ ਹਨ।




# ਥਾਰ ਰੋਡ ਰੇਜ ਮਾਮਲਾ: ਮੁਲਜ਼ਮ 6 ਦਿਨਾਂ ਦੇ ਪੁਲਿਸ ਰਿਮਾਂਡ 'ਤੇ

ਜੰਮੂ, 2 ਅਗਸਤ (ਚ.ਨ.ਸ): ਜੰਮੂ ਦੀ ਇੱਕ ਸਥਾਨਕ ਅਦਾਲਤ ਨੇ ਥਾਰ ਗੱਡੀ ਨਾਲ ਹੋਏ ਰੋਡ ਰੇਜ ਮਾਮਲੇ ਦੇ ਮੁਲਜ਼ਮ 21 ਸਾਲਾ ਮਨਨ ਆਨੰਦ ਨੂੰ ਛੇ ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਆਨੰਦ 'ਤੇ ਦੋਸ਼ ਹੈ ਕਿ ਉਸਨੇ ਗਾਂਧੀ ਨਗਰ ਇਲਾਕੇ 'ਚ ਆਪਣੀ ਥਾਰ ਗੱਡੀ ਨਾਲ ਇੱਕ ਸਕੂਟਰੀ ਸਵਾਰ 68 ਸਾਲਾ ਬਜ਼ੁਰਗ ਨੂੰ ਜਾਣਬੁੱਝ ਕੇ ਦੋ ਵਾਰ ਟੱਕਰ ਮਾਰੀ। ਇਸ ਟੱਕਰ ਕਾਰਨ ਬਜ਼ੁਰਗ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਤੇ ਉਸਦੇ ਦਿਮਾਗ ਵਿੱਚ ਖ਼ੂਨ ਵਹਿ ਗਿਆ। ਅਦਾਲਤ ਨੇ ਪੁਲਿਸ ਨੂੰ ਮੁਲਜ਼ਮ ਦੀ ਡੂੰਘਾਈ ਨਾਲ ਜਾਂਚ ਕਰਨ ਲਈ ਰਿਮਾਂਡ ਦੀ ਮਨਜ਼ੂਰੀ ਦਿੱਤੀ ਹੈ।

# ਟਰੰਪ ਦੇ ਆਉਣ ਮਗਰੋਂ ਅਮਰੀਕਾ ਤੋਂ ਭਾਰਤੀਆਂ ਦੀ ਦੇਸ਼ ਨਿਕਾਲੀ ਵਧੀ

## ਰੋਜ਼ਾਨਾ 8 ਭੇਜੇ ਜਾ ਰਹੇ ਵਾਪਸ

ਬੈਂਗਲੁਰੂ, 2 ਅਗਸਤ (ਚ.ਨ.ਸ): ਡੋਨਾਲਡ ਟਰੰਪ ਦੇ ਇਸ ਸਾਲ ਜਨਵਰੀ ਵਿੱਚ ਸੱਤਾ 'ਚ ਆਉਣ ਤੋਂ ਬਾਅਦ ਅਮਰੀਕਾ ਤੋਂ ਭਾਰਤੀਆਂ ਦੀ ਦੇਸ਼ ਨਿਕਾਲੀ ਵਿੱਚ ਭਾਰੀ ਵਾਧਾ ਹੋਇਆ ਹੈ। ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਅਨੁਸਾਰ, ਇਸ ਸਾਲ ਔਸਤਨ ਰੋਜ਼ਾਨਾ 8 ਭਾਰਤੀਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ, ਜਦਕਿ ਪਿਛਲੇ ਸਾਲਾਂ ਦੌਰਾਨ ਇਹ ਔਸਤ ਸਿਰਫ਼ 3 ਸੀ। ਇਸ ਸਾਲ ਜੁਲਾਈ ਤੱਕ 1,703 ਭਾਰਤੀਆਂ ਨੂੰ ਵਾਪਸ ਭੇਜਿਆ ਜਾ ਚੁੱਕਾ ਹੈ। ਦੇਸ਼ ਨਿਕਾਲੇ ਦਾ ਸਾਹਮਣਾ ਕਰਨ ਵਾਲਿਆਂ ਵਿੱਚੋਂ 70% ਤੋਂ ਵੱਧ ਲੋਕ ਪੰਜਾਬ ਤੇ ਹਰਿਆਣਾ ਨਾਲ ਸਬੰਧਤ ਹਨ। ਅਮਰੀਕਾ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਭੇਜਣ ਲਈ ਹੁਣ ਵਿਸ਼ੇਸ਼ ਚਾਰਟਰਡ ਤੇ ਫੌਜੀ ਉਡਾਣਾਂ ਦੀ ਵਰਤੋਂ ਵੀ ਕਰ ਰਿਹਾ ਹੈ, ਜੋ ਕਿ ਇੱਕ ਵਧੇਰੇ ਹਮਲਾਵਰ ਨੀਤੀ ਦਾ ਸੰਕੇਤ ਹੈ।



# ਕੰਢੀ ਸੰਘਰਸ਼ ਕਮੇਟੀ ਦਾ ਵਫ਼ਦ ਨਾਜਾਇਜ਼ ਮਾਈਨਿੰਗ ਦੇ ਮੁੱਦੇ 'ਤੇ ਥਾਣਾ ਪੋਜੇਵਾਲ ਦੀ ਮੁਖੀ ਨੂੰ ਮਿਲਿਆ



ਗੜ੍ਹਸ਼ੰਕਰ, 2 ਅਗਸਤ (ਅਜਮੇਰ ਸਿੰਘ ਭਨੋਟ): ਖ਼ਾਲਸਾ ਕਰੈਸ਼ਰ ਵਾਲਿਆਂ ਵੱਲੋਂ ਇਲਾਕੇ ਅੰਦਰ ਬੰਦ ਪਈ ਨਾਜਾਇਜ਼ ਮਾਈਨਿੰਗ ਨੂੰ ਮੁੜ ਸ਼ੁਰੂ ਕਰਨ ਦੇ ਉਪਰਾਲੇ ਕੀਤੇ ਜਾਣ ਤੋਂ ਬਾਅਦ ਕੰਢੀ ਸੰਘਰਸ਼ ਕਮੇਟੀ ਦਾ ਵਫ਼ਦ ਕਾਮਰੇਡ ਮਹਾਂ ਸਿੰਘ ਰੌੜੀ ਤੇ ਕੈਪਟਨ ਤੀਰਥ ਰਾਮ ਦੀ ਅਗਵਾਈ ਹੇਠ ਥਾਣਾ ਪੋਜੇਵਾਲ ਦੀ ਮੁਖੀ ਰਾਜ ਪਰਵਿੰਦਰ ਕੌਰ ਨੂੰ ਮਿਲਿਆ। ਵਫ਼ਦ ਨੇ ਥਾਣਾ ਮੁਖੀ ਨੂੰ ਦੱਸਿਆ ਕਿ ਮਾਈਨਿੰਗ ਮਾਫ਼ੀਏ ਵੱਲੋਂ ਵਾਤਾਵਰਨ, ਕੰਢੀ ਨਹਿਰ ਦੀ ਪੱਟੜੀ ਦੇ ਕੀਤੇ ਜਾ ਰਹੇ ਨੁਕਸਾਨ ਨੂੰ ਰੋਕਣ ਲਈ ਕੰਢੀ ਸੰਘਰਸ਼ ਕਮੇਟੀ ਵੱਲੋਂ 12 ਜੂਨ ਨੂੰ ਕੜਕਦੀ ਧੁੱਪ ਵਿੱਚ ਕੰਢੀ ਨਹਿਰ ਵਿਖੇ ਧਰਨਾ ਦਿੱਤਾ ਗਿਆ ਸੀ। ਉਸ ਧਰਨੇ ਤੋਂ ਬਾਅਦ ਪ੍ਰਸ਼ਾਸਨ ਵੱਲੋਂ ਕੀਤੀ ਗਈ ਕਾਰਵਾਈ ਕਾਰਨ ਇਲਾਕੇ ਅੰਦਰ ਨਾਜਾਇਜ਼ ਮਾਈਨਿੰਗ, ਖ਼ਾਲਸਾ ਕਰੈਸ਼ਰ ਦੀ ਦਿਨ-ਰਾਤ ਦੀ ਖੜ-ਖੜ ਬੰਦ ਹੋਣ ਨਾਲ ਜਿੱਥੇ ਵਾਤਾਵਰਨ ਦੀ ਤਬਾਹੀ ਬੰਦ ਹੋ ਗਈ ਸੀ, ਉੱਥੇ ਹੀ ਪਿੰਡ ਦੇ ਲੋਕ ਅਰਾਮ ਦੀ ਨੀਂਦ ਸੌਣ ਲੱਗ ਪਏ ਸਨ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਬੰਦ ਪਏ ਖ਼ਾਲਸਾ ਕਰੈਸ਼ਰ ਨੂੰ ਮੁੜ ਚਲਾਉਣ ਲਈ ਮਾਈਨਿੰਗ ਮਾਫ਼ੀਏ ਨੇ ਕੋਸ਼ਿਸ਼ ਕਰਦਿਆਂ ਰਾਤ ਦੇ ਹਨੇਰੇ 'ਚ ਛੁੱਟੀ ਵਾਲੇ ਦਿਨ ਨਾਜਾਇਜ਼ ਮਾਈਨਿੰਗ ਕਰਕੇ ਕੱਚਾ ਮਾਲ ਖ਼ਾਲਸਾ ਕਰੈਸ਼ਰ ਉੱਤੇ ਸੁੱਟਣਾ ਸ਼ੁਰੂ ਕਰ ਦਿੱਤਾ ਸੀ। ਕਰੀਮਪੁਰ ਵਾਸੀਆਂ ਨੇ ਪਤਾ ਲੱਗਣ ਉੱਤੇ ਥਾਣਾ ਪੋਜੇਵਾਲ ਦੀ ਪੁਲਿਸ ਨੂੰ ਸੂਚਨਾ ਦੇਣ ਤੋਂ ਬਾਅਦ ਨਾਜਾਇਜ਼ ਮਾਈਨਿੰਗ ਵਾਲੇ ਓਵਰਲੋਡ ਟਰੈਕਟਰ ਟਰਾਲੀਆਂ ਨੂੰ ਰੋਕ ਕੇ ਖ਼ਾਲੀ ਕਰਵਾ ਦਿੱਤਾ ਗਿਆ ਸੀ। ਵਫ਼ਦ ਨੇ ਥਾਣਾ ਮੁਖੀ ਤੋਂ ਵਾਤਾਵਰਨ ਨੂੰ ਤਬਾਹ ਹੋਣ ਤੋਂ ਬਚਾਉਣ ਲਈ ਬੰਦ ਪਿਆ ਕਰੈਸ਼ਰ ਚਾਲੂ ਨਾ ਹੋਣ ਦੇਣ, ਨਾਜਾਇਜ਼ ਮਾਈਨਿੰਗ ਨੂੰ ਪਹਿਲਾਂ ਦੀ ਤਰ੍ਹਾਂ ਰੋਕ ਪਾਈ ਰੱਖਣ ਦੀ ਮੰਗ ਕੀਤੀ। ਵਫ਼ਦ ਨੇ ਦੱਸਿਆ ਕਿ ਥਾਣਾ ਮੁਖੀ ਨੇ ਕੰਢੀ ਸੰਘਰਸ਼ ਕਮੇਟੀ ਨੂੰ ਯਕੀਨ ਦਿਵਾਇਆ ਕਿ ਇਲਾਕੇ ਅੰਦਰ ਕਿਸੀ ਵੀ ਸੂਰਤ 'ਚ ਨਾਜਾਇਜ਼ ਮਾਈਨਿੰਗ ਨਹੀਂ ਹੋਣ ਦਿੱਤੀ ਜਾਵੇਗੀ ਤੇ ਨਾ ਹੀ ਲੋਕਾਂ ਦੀ ਮੰਗ ਅਨੁਸਾਰ ਬੰਦ ਪਿਆ ਕਰੈਸ਼ਰ ਮੁੜ ਚਾਲੂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਵਫ਼ਦ 'ਚ ਕਾਮਰੇਡ ਅੱਛਰ ਸਿੰਘ, ਜਸਵੰਤ ਰਾਏ, ਚਮਨ ਲਾਲ ਪੰਚ, ਅਸ਼ੋਕ ਖੇਪੜ, ਨੀਲੂ ਬਾਠ, ਲਾਲਾ ਪੰਚ ਮੌਜੂਦ ਸਨ।

# ਗੁਰਦਾਸਪੁਰ 'ਚ ਦੋ ਰੋਜ਼ਾ 'ਉਮੀਦ ਬਾਜ਼ਾਰ' ਦਾ ਸ਼ਾਨਦਾਰ ਆਗਾਜ਼

## ☛ਚੇਅਰਮੈਨ ਬਹਿਲ ਵੱਲੋਂ ਉਮੀਦ ਬਾਜ਼ਾਰ ਦਾ ਉਦਘਾਟਨ



ਗੁਰਦਾਸਪੁਰ, 2 ਅਗਸਤ (ਜਗੀਰ ਸਿੰਘ ਮੰਡ): ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇੱਕ ਨਿਵੇਕਲੀ ਪਹਿਲ ਕਰਦਿਆਂ ਗੁਰਦਾਸਪੁਰ ਸ਼ਹਿਰ ਦੇ ਪੁਰਾਣੇ ਬੱਸ ਅੱਡੇ ਵਿੱਚ ਦੋ ਰੋਜ਼ਾ 'ਉਮੀਦ ਬਾਜ਼ਾਰ' ਦਾ ਅੱਜ ਸ਼ਾਨਦਾਰ ਆਗਾਜ਼ ਹੋ ਗਿਆ। ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਇਸ 'ਉਮੀਦ ਬਾਜ਼ਾਰ' ਦਾ ਉਦਘਾਟਨ ਕੀਤਾ। ਇਸ ਮੌਕੇ ਐੱਸ.ਐੱਸ.ਪੀ. ਗੁਰਦਾਸਪੁਰ ਆਦਿੱਤਿਆ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ, ਐੱਸ.ਡੀ.ਐੱਮ. ਦੀਨਾਨਗਰ ਜਸਪਿੰਦਰ ਸਿੰਘ ਭੁੱਲਰ, ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ ਅਦਿੱਤਿਆ ਸ਼ਰਮਾ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ। 'ਉਮੀਦ ਬਾਜ਼ਾਰ' ਦਾ ਉਦਘਾਟਨ ਕਰਨ ਤੋਂ ਬਾਅਦ ਚੇਅਰਮੈਨ ਰਮਨ ਬਹਿਲ ਤੇ ਐੱਸ.ਐੱਸ.ਪੀ. ਆਦਿੱਤਿਆ ਵੱਲੋਂ ਸਵੈ-ਸਹਾਇਤਾ ਸਮੂਹਾਂ ਵੱਲੋਂ ਲਗਾਏ ਗਏ ਸਟਾਲਾਂ ਦਾ ਦੌਰਾ ਕੀਤਾ ਤੇ ਉੱਥੇ ਵੇਚੇ ਜਾ ਰਹੇ ਸਮਾਨ ਬਾਰੇ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਇਹ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਘਰੇਲੂ ਔਰਤਾਂ ਨੂੰ ਰੁਜ਼ਗਾਰ ਨਾਲ ਜੋੜ ਕੇ ਉਨ੍ਹਾਂ ਲਈ ਆਮਦਨ ਦੇ ਨਵੇਂ ਅਵਸਰ ਪੈਦਾ ਕੀਤੇ ਜਾਣ ਤੇ ਇਨ੍ਹਾਂ ਯਤਨਾਂ ਸਦਕਾ ਹੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਵੈ-ਸਹਾਇਤਾ ਸਮੂਹਾਂ ਵੱਲੋਂ ਹੱਥੀਂ ਤਿਆਰ ਕੀਤੇ ਸਮਾਨ ਨੂੰ ਵੇਚਣ ਲਈ ਬਾਜ਼ਾਰ ਮੁਹੱਈਆ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਉਮੀਦ ਬਾਜ਼ਾਰ ਵਿੱਚ ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ ਔਰਤਾਂ ਵੱਲੋਂ ਹੱਥੀਂ ਤਿਆਰ ਕੀਤਾ ਵੱਖ-ਵੱਖ ਕਿਸਮਾਂ ਦਾ ਸਮਾਨ ਜੋ ਕਿ ਕੁਆਲਿਟੀ ਦੇ ਪੱਖ ਤੋਂ ਬਹੁਤ ਵਧੀਆ ਹੈ, ਵੇਚਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬਾਜ਼ਾਰ ਦਾ ਸਥਾਨ ਬਹੁਤ ਢੁੱਕਵੀਂ ਥਾਂ ਉੱਪਰ ਹੈ ਤੇ ਇੱਥੇ ਲੱਗਣ ਵਾਲੇ ਬਾਜ਼ਾਰ ਨੂੰ ਨਿਸ਼ਚੇ ਹੀ ਵੱਡਾ ਹੁੰਗਾਰਾ ਮਿਲੇਗਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਨੇ ਦੱਸਿਆ ਕਿ ਇਸ ਉਮੀਦ ਬਾਜ਼ਾਰ ਵਿੱਚ 60 ਤੋਂ ਵੱਧ ਸਵੈ-ਸਹਾਇਤਾ ਸਮੂਹਾਂ ਤੇ ਕਿਸਾਨ ਸਮੂਹਾਂ ਵੱਲੋਂ ਆਪਣੇ ਉਤਪਾਦਾਂ ਨੂੰ ਵੇਚਣ ਲਈ ਸਟਾਲ ਲਗਾਏ ਹਨ। ਇਸ ਮੌਕੇ ਮਿਸ਼ਨ ਆਜੀਵਿਕਾ ਦੇ ਜ਼ਿਲ੍ਹਾ ਮੈਨੇਜਰ ਅਮਰਪਾਲ ਸਿੰਘ, ਜਗਜੀਤ ਸਿੰਘ ਪਿੰਟਾ, ਹਿਤੇਸ਼ ਮਹਾਜਨ, ਐੱਸ.ਡੀ.ਓ. ਲੋਕ ਨਿਰਮਾਣ ਵਿਭਾਗ (ਇਲੈਕਟ੍ਰੀਕਲ ਵਿੰਗ) ਦਵਿੰਦਰ ਸਿੰਘ, ਪ੍ਰੋ. ਰਾਜ ਕੁਮਾਰ ਸ਼ਰਮਾ, ਅਗਾਂਹਵਧੂ ਕਿਸਾਨ ਦਿਲਬਾਗ ਸਿੰਘ ਚੀਮਾ ਆਦਿ ਹਾਜ਼ਰ ਸਨ।

# ਸੰਗਠਨ ਇੰਚਾਰਜ ਸੋਢੀ ਵੱਲੋਂ ਬਲਾਕ ਪ੍ਰਧਾਨਾਂ ਨਾਲ ਮੀਟਿੰਗ



ਬਟਾਲਾ, 2 ਅਗਸਤ (ਡਾ. ਨਰਿੰਦਰ ਘੁਮਾਣ/ਜਗੀਰ ਸਿੰਘ ਮੰਡ/ਬਲਵਿੰਦਰ ਸਿੰਘ ਪੰਜਗਰਾਈਂ): ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਸੰਗਠਨ ਇੰਚਾਰਜ ਗੁਰਪ੍ਰੀਤ ਸਿੰਘ ਸੋਢੀ ਦੀ ਅਗਵਾਈ ਵਿੱਚ ਕਸਬਾ ਘੁਮਾਣ ਦੇ ਬਾਬਾ ਬੋਹੜ ਦਾਸ ਜੀ ਭਵਨ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਸਮੁੱਚੇ ਬਲਾਕ ਪ੍ਰਧਾਨਾਂ ਨੇ ਹਿੱਸਾ ਲਿਆ। ਹਾਜ਼ਰ ਬਲਾਕ ਪ੍ਰਧਾਨਾਂ ਨੂੰ ਸੰਬੋਧਨ ਕਰਦਿਆਂ ਸ੍ਰ. ਸੋਢੀ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜਨਤਾ ਦੀ ਭਲਾਈ ਲਈ, (ਪਾਰਟੀ ਵੱਲੋਂ ਜਨਤਾ ਨਾਲ ਕੀਤੇ ਵਾਅਦਿਆਂ ਅਨੁਸਾਰ) ਜੋ ਕੰਮ ਕੀਤੇ ਜਾ ਚੁੱਕੇ ਹਨ, ਉਨ੍ਹਾਂ ਨੂੰ ਅਸੀਂ ਦਰ ਕਨਾਰ ਕਰਦੇ ਹੋਏ ਸਰਕਾਰ ਵੱਲੋਂ ਜੋ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਉਨ੍ਹਾਂ ਨੂੰ ਘਰ-ਘਰ ਦੇ ਵਿੱਚ ਪਹੁੰਚਾਉਣਾ ਹੈ ਤੇ ਪਿੰਡਾਂ ਦੇ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਦੀ ਲਿਸਟ ਬਣਾ ਕੇ ਪਾਰਟੀ ਦਫ਼ਤਰ ਵਿੱਚ ਪਹੁੰਚਦੀ ਕਰਨੀ ਹੈ ਤਾਂ ਕਿ ਰਹਿੰਦੇ ਕੰਮਾਂ ਦੀ ਤਰਤੀਬ ਬਣਾ ਕੇ ਉਹ ਕੰਮ ਕਰਵਾਏ ਜਾ ਸਕਣ। ਉਨ੍ਹਾਂ ਕਿਹਾ ਕਿ ਬਲਾਕ ਪ੍ਰਧਾਨਾਂ ਦੇ ਅਧੀਨ ਆਉਂਦੇ ਪਿੰਡਾਂ ਦੇ ਹਰ ਤਰ੍ਹਾਂ ਦੇ ਕੰਮ ਬਲਾਕ ਪ੍ਰਧਾਨ ਹੀ ਕਰਵਾਇਆ ਕਰਨਗੇ। ਉਨ੍ਹਾਂ ਹੋਰ ਕਿਹਾ ਕਿ ਹਲਕੇ ਦੇ ਸਮੁੱਚੇ ਬਲਾਕ ਪ੍ਰਧਾਨਾਂ ਦੀ ਮੀਟਿੰਗ ਹਲਕੇ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਕਰਵਾਈ ਜਾਵੇਗੀ। ਇਸ ਮੌਕੇ ਸਪੋਕਸਪਰਸਨ ਬੀਬੀ ਨੀਲਮ ਘੁਮਾਣ, ਪਰਮਬੀਰ ਸਿੰਘ ਰਾਣਾ, ਹਰਜੀਤ ਸਿੰਘ ਖੋਜੇਵਾਲ, ਇੰਸ. ਦਲਜੀਤ ਸਿੰਘ, ਕੁਲਵਿੰਦਰ ਸਿੰਘ ਬੱਬੀ, ਗੁਰਮੀਤ ਸਿੰਘ ਸੋਨੂੰ, ਠਾਕੁਰ ਸਿੰਘ, ਰਵਿੰਦਰ ਸਿੰਘ ਜੱਜ, ਮੰਗਲ ਸਿੰਘ ਬਲਜੀਤ ਸਿੰਘ ਬੱਲੀ ਔਲਖ, ਸੁਖਵਿੰਦਰ ਸਿੰਘ, ਸਤਿੰਦਰ ਸਿੰਘ, ਸੁਖਦੇਵ ਸਿੰਘ, ਨਰਿੰਦਰ ਸਿੰਘ ਮੜਿਆਲਾ, ਜਸਕਰਨ ਸਿੰਘ, ਗੁਰਨਾਮ ਸਿੰਘ, ਮਨਦੀਪ ਸਿੰਘ, ਗੁਰਜੀਤ ਸਿੰਘ, ਜਸਬੀਰ ਸਿੰਘ, ਯਾਦਵਿੰਦਰ ਸਿੰਘ, ਨਰਿੰਦਰ ਸਿੰਘ ਬੱਬੂ, ਅਮੋਲਕ ਸਿੰਘ ਆਦਿ ਸਾਰੇ ਹੀ ਬਲਾਕ ਪ੍ਰਧਾਨਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਪਾਰਟੀ ਤੇ ਸੰਗਠਨ ਇਨਚਾਰਜ ਗੁਰਪ੍ਰੀਤ ਸਿੰਘ ਸੋਢੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਦਾ ਪ੍ਰਣ ਕੀਤਾ।

# ਸਮਾਜ ਸੇਵਾ ਸੰਸਥਾ ਠੀਕਰੀਵਾਲ ਚਲਾਉਣ ਵਾਲਾ ਵਿਅਕਤੀ ਹਰਪਿੰਦਰ ਸਿੰਘ ਨਸ਼ੇ ਨਾਲ ਗ੍ਰਿਫ਼ਤਾਰ



ਕਾਦੀਆਂ, 2 ਅਗਸਤ (ਸਲਾਮ ਤਾਰੀ/ਸਿਕੰਦਰ ਸੰਧੂ): ਸਮਾਜ ਸੇਵਾ ਸੰਸਥਾ ਠੀਕਰੀਵਾਲ ਚਲਾਉਣ ਵਾਲਾ ਵਿਅਕਤੀ ਕਾਦੀਆਂ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਕਾਦੀਆਂ ਦੇ ਐੱਸ.ਐੱਚ.ਓ. ਇੰਸਪੈਕਟਰ ਗੁਰਮੀਤ ਸਿੰਘ ਨੇ ਦੱਸਿਆ ਕਿ ਏ.ਐੱਸ.ਆਈ. ਗੁਰਨਾਮ ਸਿੰਘ ਪੁਲਿਸ ਪਾਰਟੀ ਸਮੇਤ ਬੱਸ ਸਟੈਂਡ ਕਾਦੀਆਂ ਤੋਂ ਰਾਮਪੁਰ ਰੋਡ ਦਾਣਾ ਮੰਡੀ ਕਾਦੀਆਂ ਵਿਖੇ ਜਾ ਰਹੇ ਸਨ ਤਾਂ ਇਸ ਦੌਰਾਨ ਹਰਪਿੰਦਰ ਸਿੰਘ ਉਰਫ ਭਿੰਡੀ ਪੁੱਤਰ ਲਖਵਿੰਦਰ ਸਿੰਘ ਵਾਸੀ ਪਿੰਡ ਠੀਕਰੀਵਾਲ ਗੁਰਾਇਆਂ ਨੂੰ ਸ਼ੱਕੀ ਹਾਲਤ ਵਿੱਚ ਕਾਬੂ ਕੀਤਾ, ਜਿਸ ਦੇ ਕੋਲੋਂ 2 ਗ੍ਰਾਮ ਹੈਰੋਇਨ ਬ੍ਰਾਮਦ ਹੋਈ। ਪੁਲਿਸ ਅਧਿਕਾਰੀ ਨੇ ਅੱਗੇ ਦੱਸਿਆ ਕਿ ਫੜੇ ਗਏ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਦੇ ਖਿਲਾਫ਼ ਥਾਣਾ ਕਾਦੀਆਂ ਦੇ ਅੰਦਰ ਮੁਕਦਮਾ ਨੰਬਰ 112 ਜੁਰਮ 21-61-85 ਐੱਨ.ਡੀ.ਪੀ.ਐੱਸ. ਐਕਟ ਦੇ ਤਹਿਤ ਮਾਮਲਾ ਦਰਜ ਕਰ ਲਿਆ ਗਿਆ।

# ਸੰਤੋਖ ਸਿੰਘ ਭਲਾਈਪੁਰ ਦੀ ਕੀਤੀ ਜਾ ਰਹੀ ਮਿਹਨਤ ਸਦਕਾ 2027 'ਚ ਕਾਂਗਰਸ ਇਤਿਹਾਸ ਰਚੇਗੀ



ਰਈਆ, 2 ਅਗਸਤ (ਰਾਕੇਸ਼ ਸਲਵਾਨ): ਹਲਕਾ ਬਾਬਾ ਬਕਾਲਾ ਸਾਹਿਬ ਦੇ ਇੰਚਾਰਜ ਸੰਤੋਖ ਸਿੰਘ ਭਲਾਈਪੁਰ ਤੇ ਉਨ੍ਹਾਂ ਦੀ ਟੀਮ ਵੱਲੋਂ ਕੀਤੀ ਜਾ ਰਹੀ ਮਿਹਨਤ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇੱਕ ਨਵਾਂ ਇਤਿਹਾਸ ਰਚੇਗੀ। ਸੰਤੋਖ ਸਿੰਘ ਭਲਾਈਪੁਰ ਤੇ ਉਨ੍ਹਾਂ ਦੀ ਸਾਰੀ ਟੀਮ ਵੱਲੋਂ ਦਿਨ-ਰਾਤ ਇੱਕ ਕਰਕੇ ਬਾਬਾ ਬਕਾਲਾ ਸਾਹਿਬ ਵਿੱਚ ਹੋਣ ਵਾਲੀ ਕਾਨਫਰੰਸ ਨੂੰ ਸਫਲ ਬਣਾਉਣ ਵਾਸਤੇ ਪੁਰਜ਼ੋਰ ਮਿਹਨਤ ਕੀਤੀ ਜਾ ਰਹੀ ਹੈ। ਹਰ ਇੱਕ ਪਿੰਡ ਵਿੱਚ ਜਾ ਕੇ ਪਿੰਡਾਂ ਦੇ ਸਰਪੰਚਾਂ-ਪੰਚਾਂ ਨਾਲ ਪਿੰਡ ਦੀਆਂ ਸੰਗਤਾਂ ਨੂੰ ਰੱਖੜ ਪੁੰਨਿਆ ਦੇ ਮੇਲੇ 'ਤੇ ਕਾਨਫਰੰਸ ਵਿੱਚ ਪਹੁੰਚ ਰਹੀ ਸਮੁੱਚੀ ਲੀਡਰਸ਼ਿਪ ਦੇ ਵਿਚਾਰ ਸੁਣਨ ਵਾਸਤੇ ਸੰਬੋਧਨ ਕੀਤਾ ਜਾ ਰਿਹਾ ਹੈ। ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ। ਅੱਜ ਮੇਲੇ ਦੇ ਸਬੰਧ ਵਿੱਚ ਸੰਤੋਖ ਸਿੰਘ ਭਲਾਈਪੁਰ ਤੇ ਉਨ੍ਹਾਂ ਦੀ ਸਾਰੀ ਟੀਮ ਪਿੰਡ ਚੀਮਾ ਬਾਠ ਵਿੱਚ ਬਚਿੱਤਰ ਸਿੰਘ ਮੌਜੂਦਾ ਮੈਂਬਰ ਪੰਚਾਇਤ ਦੇ ਗ੍ਰਹਿ ਵਿਖੇ ਪਹੁੰਚੀ, ਜਿੱਥੇ ਸੰਤੋਖ ਸਿੰਘ ਭਲਾਈਪੁਰ, ਗੁਰਦਿਆਲ ਸਿੰਘ ਕੰਗ, ਗੁਰਦੀਪ ਸਿੰਘ ਐੱਮ.ਸੀ. ਰਈਆ, ਜੋਗਰਾਜ ਸਿੰਘ ਐੱਮ.ਸੀ. ਰਈਆ, ਚੇਅਰਮੈਨ ਬਲਕਾਰ ਸਿੰਘ ਬੱਲ, ਸਰਪੰਚ ਦਲੇਰ ਸਿੰਘ ਸ਼ਰਲੀ, ਹਰਜਿੰਦਰ ਸਿੰਘ ਸਰਪੰਚ ਬਲਦੇਵ ਸਿੰਘ, ਏਕਲ ਗੱਡਾ ਸਰਪੰਚ, ਅਵਤਾਰ ਸਿੰਘ ਤਖਤੂ ਚੱਕ ਸਰਪੰਚ ਸਤਬੀਰ ਸਿੰਘ ਔਲਖ ਸਰਪੰਚ ਸ਼ਰਬਜੀਤ ਸਿੰਘ ਖੱਖ ਸਰਪੰਚ ਗੁਰਮੁਖ ਸਿੰਘ ਕੋਮਲ ਬੱਲ ਚੈਚਲ ਸਿੰਘ ਮਿਆ ਵਿੰਡ ਆਦਿ ਨੇ ਸੰਗਤਾਂ ਦਾ ਧੰਨਵਾਦ ਕੀਤਾ ਤੇ ਕਾਨਫਰੰਸ ਵਿੱਚ ਪੁਹੰਚਣ ਦੀ ਬੇਨਤੀ ਕੀਤੀ। ਪਿੰਡ ਤੋਂ ਪਹੁੰਚੀਆਂ ਸੰਗਤਾਂ ਬਚਿੱਤਰ ਸਿੰਘ, ਮੰਗਲ ਸਿੰਘ ਨੰਬਰਦਾਰ ਗੁਪਾਲ ਸਿੰਘ ਫੌਜੀ ਲਖਵਿੰਦਰ ਸਿੰਘ, ਕਰਮ ਸਿੰਘ ਸਰਪੰਚ ਰਾਮ ਸਿੰਘ ਮੰਨਾ ਸਿੰਘ ਬਿੱਕਰ ਸਿੰਘ ਜੀਤਾ ਸਿੰਘ ਨਿੰਦਰ ਸਿੰਘ ਕਰਮ ਸਿੰਘ ਗੁਰਤੇਜ ਸਿੰਘ ਤੇਗਾ ਬਿੰਦਾ ਫੌਜੀ ਆਦਿ ਹਾਜ਼ਰ ਸਨ।

# ਗੁਰਦਾਸਪੁਰ ਮੈਡੀਸਿਟੀ ਹਸਪਤਾਲ ਨੇ ਲਗਾਇਆ ਮੁਫ਼ਤ ਮੈਡੀਕਲ ਕੈਂਪ



ਗੁਰਦਾਸਪੁਰ, 2 ਅਗਸਤ (ਜਸਵਿੰਦਰ ਸਿੰਘ): ਗੁਰਦਾਸਪੁਰ ਮੈਡੀਸਿਟੀ ਹਸਪਤਾਲ ਵੱਲੋਂ ਬਲਾਕ ਕਾਹਨੂੰਵਾਨ ਦੇ ਪਿੰਡ ਜਾਗੋਵਾਲ ਬਾਂਗਰ ਵਿਖੇ ਜਗੀਰ ਸਿੰਘ ਮਾਹਲ ਦੀ ਯਾਦ ਵਿੱਚ ਇੱਕ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਹਸਪਤਾਲ ਦੇ ਮਾਹਿਰ ਡਾ. ਮਨਜੀਤ ਸਿੰਘ ਬੱਬਰ, ਡਾ. ਅਵਨੀਕ ਤੇ ਹੋਰ ਮਾਹਿਰ ਡਾਕਟਰਾਂ ਦੀ ਟੀਮ ਨੇ ਪਹੁੰਚ ਕੇ ਵੱਖ-ਵੱਖ ਮਰੀਜ਼ਾਂ ਦਾ ਨਿਰੀਖਣ ਕੀਤਾ। ਇਸ ਪਿੰਡ ਨਾਲ ਸਬੰਧਤ ਜੱਗੀ ਜਾਗੋਵਾਲ ਤੇ ਸਰਬਜੀਤ ਸਿੰਘ ਮਾਹਲ ਸਮੇਤ ਹੋਰ ਪ੍ਰਬੰਧਕਾਂ ਨੇ ਗੁਰਦਾਸਪੁਰ ਮੈਡੀਸਿਟੀ ਦੀ ਸਮੁੱਚੀ ਟੀਮ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਤੇ ਨਾਲ ਹੀ ਇਸ ਪਿੰਡ ਵਿੱਚ ਕੈਂਪ ਲਗਾ ਕੇ ਮਰੀਜ਼ਾਂ ਦਾ ਮੁਫਤ ਇਲਾਜ ਕਰਨ ਲਈ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਡਾ. ਮਨਜੀਤ ਸਿੰਘ ਬੱਬਰ ਨੇ ਦੱਸਿਆ ਕਿ ਗੁਰਦਾਸਪੁਰ ਮੈਡੀਸਿਟੀ ਹਸਪਤਾਲ ਵਿੱਚ ਹਰੇਕ ਬਿਮਾਰੀ ਦਾ ਇਲਾਜ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਹਸਪਤਾਲ ਵਿੱਚ ਆਧੁਨਿਕ ਕਿਸਮ ਦੀਆਂ ਸਿਹਤ ਸਹੂਲਤਾਂ ਉਪਲਬਧ ਹਨ, ਜਿੱਥੇ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਦਾ ਇਲਾਜ ਕਰਨ ਲਈ ਵੀ ਏਮਜ਼ ਤੋਂ ਪਾਸ ਆਊਟ ਡਾਕਟਰ ਵਿਸ਼ੇਸ਼ ਤੌਰ 'ਤੇ ਸੇਵਾਵਾਂ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਦਿਲ-ਦਿਮਾਗ ਤੇ ਹਰੇਕ ਸਮੱਸਿਆ ਦਾ ਤੇ ਹਰੇਕ ਸਰੀਰਕ ਸਮੱਸਿਆ ਦਾ ਇਸ ਹਸਪਤਾਲ ਵਿੱਚ ਇਲਾਜ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਜਿਹੜੇ ਮਰੀਜ਼ਾਂ ਦੀ ਜਾਂਚ ਕੀਤੀ ਗਈ ਹੈ। ਉਨ੍ਹਾਂ ਨੂੰ ਮੁਫਤ ਦਵਾਈਆਂ ਵੀ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਗੁਰਦਾਸਪੁਰ ਮੈਡੀਸਿਟੀ ਹਸਪਤਾਲ ਵਿੱਚ ਮਰੀਜ਼ਾਂ ਦੇ ਕੀਤੇ ਜਾਣ ਵਾਲੇ ਵੱਖ-ਵੱਖ ਮੈਡੀਕਲ ਟੈਸਟਾਂ 'ਤੇ 50 ਫੀਸਦੀ ਛੋਟ ਵੀ ਦਿੱਤੀ ਜਾਂਦੀ ਹੈ।

# ਸ਼ਮਸ਼ਾਨਘਾਟ 'ਚੋਂ 52 ਸਾਲਾ ਔਰਤ ਦੀ ਲਾਸ਼ ਬ੍ਰਾਮਦ

ਡੇਰਾ ਬਾਬਾ ਨਾਨਕ, 2 ਅਗਸਤ (ਹੈਪੀ ਕੋਟਲੀ): ਡੇਰਾ ਬਾਬਾ ਨਾਨਕ ਦੇ ਪਿੰਡ ਧਾਰੋਵਾਲੀ ਦੇ ਸ਼ਮਸ਼ਾਨਘਾਟ 'ਚੋਂ 52 ਸਾਲਾ ਔਰਤ ਦੀ ਲਾਸ਼ ਬ੍ਰਾਮਦ ਨਾਲ ਇਲਾਕੇ 'ਚ ਸਨਸਨੀ ਪਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਧਾਰੋਵਾਲੀ ਦੇ ਸਰਪੰਚ ਹਰਜਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਦੇ ਸ਼ਮਸ਼ਾਨਘਾਟ ਇੱਕ ਔਰਤ ਦੀ ਸ਼ੱਕੀ ਹਾਲਾਤਾਂ 'ਚ ਲਾਸ਼ ਪਈ ਹੋਈ ਸੀ ਜਿਸ ਨੂੰ ਛੋਟੇ ਕੁੱਤੇ ਨੋਚ ਰਹੇ ਸਨ, ਇਸਦੀ ਤੁਰੰਤ ਪੁਲਿਸ ਥਾਣਾ ਕੋਟਲੀ ਸੂਰਤ ਮੱਲੀ ਦੇ ਅਧਿਕਾਰੀਆਂ ਨੂੰ ਸੂਚਨਾ ਦਿੱਤੀ। ਪੁਲਿਸ ਅਧਿਕਾਰੀਆਂ ਵੱਲੋਂ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਲੈ ਲਿਆ ਗਿਆ ਹੈ। ਮ੍ਰਿਤਕ ਔਰਤ ਦੀ ਪਹਿਚਾਣ ਕੁਲਜੀਤ ਕੌਰ ਪਤਨੀ ਲਖਬੀਰ ਸਿੰਘ ਵਾਸੀ ਪਿੰਡ ਭਾਗੋਵਾਲ ਵਜੋਂ ਹੋਈ ਹੈ। ਉਧਰ ਮੌਕੇ 'ਤੇ ਪਹੁੰਚੇ ਮ੍ਰਿਤਕ ਦੇ ਵਾਰਸਾਂ ਨੇ ਦੱਸਿਆ ਕਿ ਉਹ ਬੀਤੇ ਕੱਲ ਘਰੋਂ ਕਹਿ ਕੇ ਗਈ ਸੀ ਕਿ ਮੈਂ ਬਟਾਲੇ ਚਲੀ ਹਾਂ ਪਰ ਉਹ ਘਰ ਵਾਪਸ ਨਹੀਂ ਆਈ ਤੇ ਪੁਲਿਸ ਅਧਿਕਾਰੀਆਂ ਤੋਂ ਮਿਲੀ ਸੂਚਨਾ 'ਤੇ ਉਹ ਧਾਰੋਵਾਲੀ ਦੇ ਸ਼ਮਸ਼ਾਨਘਾਟ 'ਚ ਪਹੁੰਚ ਕੇ ਲਾਸ਼ ਦੀ ਸ਼ਨਾਖਤ ਕੀਤੀ ਗਈ ਹੈ। ਇਸ ਮੌਕੇ ਉਨ੍ਹਾਂ ਪੰਜਾਬ ਪੁਲਿਸ ਤੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਇਸ ਦੀ ਨਿਰਪੱਖ ਜਾਂਚ ਕਰਕੇ ਮੌਤ ਦੇ ਅਸਲੀ ਕਾਰਨਾਂ ਦਾ ਪਤਾ ਲਗਾਇਆ ਜਾਵੇ। ਇਸ ਮਾਮਲੇ ਨੂੰ ਲੈ ਕੇ ਪੁਲਿਸ ਥਾਣਾ ਕੋਟਲੀ ਸੂਰਤ ਮੱਲੀ ਦੇ ਐੱਸ.ਐੱਚ.ਓ. ਲਖਵਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਧਾਰੋਵਾਲੀ ਦੇ ਸ਼ਮਸ਼ਾਨਘਾਟ 'ਚੋਂ 52 ਸਾਲਾ ਔਰਤ ਦੀ ਲਾਸ਼ ਬ੍ਰਾਮਦ ਹੋਈ। ਮ੍ਰਿਤਕ ਔਰਤ ਦੇ ਪਰਿਵਾਰਕ ਮੈਂਬਰਾਂ ਵੱਲੋਂ ਦਿੱਤੇ ਗਏ ਬਿਆਨਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ ਤੇ ਲਾਸ਼ ਦਾ ਸਿਵਲ ਹਸਪਤਾਲ ਬਟਾਲਾ ਤੋਂ ਪੋਸਟਮਾਰਟਮ ਕਰਵਾਇਆ ਜਾ ਰਿਹਾ।

# ਸ਼ਹੀਦ ਬਾਬਾ ਫਿਰਨਾਂ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਧਾਰਮਿਕ ਸਮਾਗਮ ਤੇ ਛਿੰਝ ਅੱਜ



ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 2 ਅਗਸਤ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਹੀਦ ਬਾਬਾ ਫਿਰਨਾਂ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਸਾਲਾਨਾ ਧਾਰਮਿਕ ਸਮਾਗਮ ਤੇ ਛਿੰਝ ਮੇਲਾ ਦਿਨ ਐਤਵਾਰ ਨੂੰ ਅੱਜ ਬਾਬਾ ਫਿਰਨਾਂ ਜੀ ਦੇ ਅਸਥਾਨ 'ਤੇ ਸ਼ਰਧਾ ਭਾਵਨਾ ਤੇ ਧੂਮਧਾਮ ਨਾਲ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸ਼ਹੀਦ ਬਾਬਾ ਫਿਰਨਾਂ ਪ੍ਰਬੰਧਕ ਕਮੇਟੀ, ਸਰਪ੍ਰਸਤ ਰਾਜ ਗੁਰਿੰਦਰ ਸਿੰਘ ਲਾਡੀ ਘੁਮਾਣ, ਪ੍ਰਧਾਨ ਬਲਜੀਤ ਸਿੰਘ ਰੋਹੀ ਵਾਲਾ, ਸਾਬਕਾ ਪ੍ਰਧਾਨ ਡਾ. ਨਰਿੰਦਰ ਸਿੰਘ, ਸਰਪੰਚ ਜੀਵਨ ਸਿੰਘ ਘੁਮਾਣ ਨੇ ਦੱਸਿਆ ਕਿ ਸ਼ਹੀਦ ਬਾਬਾ ਫਿਰਨਾਂ ਜੀ ਦੀ ਮਿੱਠੀ ਯਾਦ ਸਮਰਪਿਤ ਸਾਲਾਨਾ ਧਾਰਮਿਕ ਸਮਾਗਮ ਤੇ ਛਿੰਝ ਮੇਲਾ ਕਸਬਾ ਘੁਮਾਣ ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਫਿਰਨਾਂ ਜੀ ਵਿਖੇ ਨਗਰ ਦੀਆਂ ਸੰਗਤਾਂ, ਐੱਨ.ਆਰ.ਆਈ. ਵੀਰਾਂ ਦੇ ਸਹਿਯੋਗ ਨਾਲ ਗੁਰਦੁਆਰਾ ਸ਼ਹੀਦ ਬਾਬਾ ਫਿਰਨਾਂ ਜੀ ਪ੍ਰਬੰਧਕੀ ਕਮੇਟੀ ਵੱਲੋਂ 3 ਅਗਸਤ ਦਿਨ ਐਤਵਾਰ ਨੂੰ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ 3 ਅਗਸਤ ਨੂੰ ਸਵੇਰੇ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਧਾਰਮਿਕ ਸਮਾਗਮ ਕਰਵਾਇਆ ਜਾਵੇਗਾ, ਜਿਸ ਵਿਚ ਪੰਥ ਪ੍ਰਸਿੱਧ ਰਾਗੀ ਢਾਡੀ ਕਵੀਸ਼ਰ ਆਦਿ ਜਥੇ ਪਹੁੰਚ ਕੇ ਸੰਗਤਾਂ ਨੂੰ ਨਿਹਾਲ ਕਰਨਗੇ ਤੇ ਸ਼ਾਮ ਨੂੰ ਕਬੱਡੀ ਦਾ ਸ਼ੋਅ ਮੈਚ, ਲੜਕਿਆਂ ਦੀ ਕਬੱਡੀ ਦਾ ਮੈਚ ਤੇ ਨਾਮੀ ਪਹਿਲਵਾਨਾਂ ਦੀਆਂ ਕੁਸ਼ਤੀਆਂ ਕਰਵਾਈਆਂ ਜਾਣਗੀਆਂ। ਇਸ ਮੌਕੇ 'ਤੇ ਜਨਰਲ ਸਕੱਤਰ ਜਸਵੰਤ ਸਿੰਘ ਨੰਬਰਦਾਰ, ਕੈਸ਼ੀਅਰ ਦਲਬੀਰ ਸਿੰਘ ਘੁਮਾਣ, ਮੀਤ ਪ੍ਰਧਾਨ ਕੁਲਦੀਪ ਸਿੰਘ ਬਾਊ, ਪ੍ਰਬੰਧਕ ਸਕੱਤਰ ਸੁਲੱਖਣ ਸਿੰਘ ਬਾਠ, ਅਮਰੀਕ ਸਿੰਘ ਰੋਹੀਵਾਲ, ਪ੍ਰਧਾਨ ਗੁਲਜ਼ਾਰ ਸਿੰਘ ਬੱਗਾ, ਹਰਜਿੰਦਰ ਸਿੰਘ, ਹਰਦੇਵ ਸਿੰਘ ਘੁਮਾਣ, ਸੁਰਿੰਦਰ ਸਿੰਘ ਚੌਧਰੀ, ਗਿਆਨ ਸਿੰਘ ਸਲਾਹਕਾਰ, ਪ੍ਰਬੰਧਕ ਜਰਨੈਲ ਸਿੰਘ, ਗਿਆਨ, ਸੂਬੇਦਾਰ ਸੁਖਦੇਵ ਸਿੰਘ, ਜਸਬੀਰ ਸਿੰਘ, ਪਹਿਲਵਾਨ ਦਿਲਬਾਗ ਸਿੰਘ, ਬੱਬੀ ਸੈਕਟਰੀ, ਲਖਵਿੰਦਰ ਸਿੰਘ, ਸ਼ੇਰਾ ਮਿਸਤਰੀ ਸਮੇਤ ਵੱਡੀ ਗਿਣਤੀ ਕਮੇਟੀ ਮੈਂਬਰ ਹਾਜ਼ਰ ਸਨ।

# ਬਾਬਾ ਨਾਮਦੇਵ ਕਾਲਜ ਦਾ ਨਤੀਜਾ ਰਿਹਾ ਸ਼ਾਨਦਾਰ



ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 2 ਅਗਸਤ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਗੁਰੂ ਨਾਨਕ ਦੇਵ ਯੂਨੀਵਰਸਿਟੀ ਦੁਆਰਾ ਐਲਾਨੇ ਗਏ ਬੀ.ਐੱਸ.ਸੀ. ਫੈਸ਼ਨ ਡਿਜ਼ਾਈਨਿੰਗ ਸਮੈਸਟਰ ਚੌਥਾ ਦੇ ਨਤੀਜਿਆਂ ਵਿੱਚ ਬਾਬਾ ਨਾਮਦੇਵ ਕਾਲਜ ਦੀਆਂ ਵਿਦਿਆਰਥਣਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਕਾਲਜ ਪ੍ਰਿੰਸੀਪਲ ਡਾ. ਵੀ.ਕੇ. ਸਿੰਘ ਨੇ ਦੱਸਿਆ ਕਿ ਫੈਸ਼ਨ ਡਿਜ਼ਾਈਨਿੰਗ ਵਿਭਾਗ ਦੇ ਮੁਖੀ ਪ੍ਰੋਫੈਸਰ ਰਾਜਵਿੰਦਰ ਕੌਰ ਦੀ ਮਿਹਨਤ ਸਦਕਾ ਮਨਰੂਪ ਕੌਰ ਨੇ 86%, ਪ੍ਰਭਜੋਤ ਕੌਰ ਨੇ 81%, ਤੇ ਸ਼ਾਰਦਾ ਨੇ 80% ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ ਦੂਜਾ ਤੇ ਤੀਜਾ ਸਥਾਨ ਹਾਸਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਜ਼ਿਕਰਯੋਗ ਹੈ ਕਿ ਇਸ ਵਿਭਾਗ ਦੀਆਂ ਤਿੰਨ ਵਿਦਿਆਰਥਣਾਂ ਹਰਪ੍ਰੀਤ ਕੌਰ, ਕਿਰਨਜੀਤ ਕੌਰ ਤੇ ਆਰਤੀ ਇੰਡਸਟਰੀ ਵਿੱਚ ਰੁਜ਼ਗਾਰ ਪ੍ਰਾਪਤ ਕਰ ਚੁੱਕੀਆਂ ਹਨ। ਇਸ ਤੋਂ ਇਲਾਵਾ ਬਾਕੀ ਦੀਆਂ ਵਿਦਿਆਰਥਣਾਂ ਆਰ.ਆਰ. ਬਾਵਾ ਡੀ.ਏ.ਵੀ. ਕਾਲਜ ਵਿਖੇ ਐੱਮ.ਐੱਸ.ਸੀ. ਫੈਸ਼ਨ ਡਿਜ਼ਾਈਨਿੰਗ ਦੀ ਪੜ੍ਹਾਈ ਕਰ ਰਹੀਆਂ ਹਨ। ਇਸ ਖੁਸ਼ੀ ਦੇ ਮੌਕੇ 'ਤੇ ਪ੍ਰਿੰਸੀਪਲ ਨੇ ਵਿਦਿਆਰਥਣਾਂ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ ਸਮੂਹ ਸਟਾਫ ਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਇਸ ਸਮੇਂ ਪ੍ਰੋਫੈਸਰ ਸੰਦੀਪ ਕੌਰ, ਪ੍ਰੋਫੈਸਰ ਲਖਵਿੰਦਰ ਕੌਰ, ਪ੍ਰੋਫੈਸਰ ਰਵਨੀਤ ਕੌਰ ਤੇ ਪ੍ਰੋਫੈਸਰ ਕਿਰਨਪ੍ਰੀਤ ਕੌਰ ਆਦਿ ਹਾਜ਼ਰ ਰਹੇ।


## ਪੰਜਾਬ ਨੈਸ਼ਨਲ ਬੈਂਕ

ਅਸੈਟ ਰਿਕਵਰੀ ਐਂਡ ਮਾਨੀਟਰਿੰਗ ਬ੍ਰਾਂਚ (ਏਆਰਐਮਬੀ)

ਪਲਾਟ ਨੰ. 10, ਬੀ-ਬਲਾਕ, ਜ਼ਿਲ੍ਹਾ ਸ਼ਾਪਿੰਗ ਕੰਪਲੈਕਸ, ਰਣਜੀਤ ਐਵੇਨਿਊ, ਅੰਮ੍ਰਿਤਸਰ

### ਨਿਯਮ 8 (1) ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਪੰਜਾਬ ਨੈਸ਼ਨਲ ਬੈਂਕ** ਦੇ **"ਅਧਿਕਾਰਤ ਅਧਿਕਾਰੀ"** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ **ਕਾਨੂੰਨ**, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) **ਨਿਯਮਾਂਵਲੀ**, 2002 ਦੇ **ਨਿਯਮ** 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ **ਕਰਜ਼ਦਾਰ** (ਾਂ)/**ਜ਼ਾਮਨ** (ਾਂ) ਨੂੰ ਸੱਦਾ ਦਿੰਦੇ ਹੋਏ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ (ਾਂ)/ਜ਼ਾਮਨ (ਾਂ)/ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ।

**ਕਰਜ਼ਦਾਰ (ਾਂ)/ਜ਼ਾਮਨ (ਾਂ)** ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਸੌਦੇਬਾਜ਼ੀ ਰਕਮਾਂ, ਹੋਰ ਫੀਸਾਂ, ਲਾਗਤਾਂ, ਖਰਚਿਆਂ ਅਤੇ ਵਿਆਜ ਦੇ ਲਈ **ਪੰਜਾਬ ਨੈਸ਼ਨਲ ਬੈਂਕ** ਦੇ ਚਾਰਜ ਨਾਲ ਸਬੰਧਤ ਹੋਵੇਗੀ। **ਕਰਜ਼ਦਾਰਾਂ ਦਾ ਧਿਆਨ ਸੁਰੱਖਿਅਤ ਅਸਾਸਿਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਐਨਪੀਏ ਖਾਤੇ ਦਾ ਨਾਮ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|
| (1) **ਸ੍ਰੀ ਗੁਰਮੀਤ ਸਿੰਘ** ਸਪੁੱਤਰ ਸ੍ਰੀ ਪਾਲ ਸਿੰਘ (**ਕਰਜ਼ਦਾਰ**), ਪਿੰਡ ਤੇ ਡਾਕਖਾਨਾ ਛੰਨਾ ਸਰਜਾ ਮਿਰਜਾ, ਤਹਿਸੀਲ ਪੱਟੀ, ਤਰਨ ਤਾਰਨ 143304 (2) **ਸ੍ਰੀ ਬਲਰਾਜ ਸਿੰਘ** ਸਪੁੱਤਰ ਸ੍ਰੀ ਸੁਖਵਿੰਦਰ ਸਿੰਘ (**ਜ਼ਾਮਨ**), ਪਿੰਡ ਭੈਣੀ ਮੱਸਾ ਸਿੰਘ, ਡਾਕਖਾਨਾ ਅਲਗੋਂ ਕੋਠੀ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ 143419 | 06-05-2025 | 02-08-2025 | ਰ. 36,44,974.85 ਮਿਤੀ 31-03-2025 ਨੂੰ + ਵਿਆਜ, ਖਰਚੇ ਅਤੇ ਵਸੂਲੀ ਘਟਾ ਕੇ, ਜੇਕਰ ਕੋਈ ਹੋਵੇ |

**ਅਚੱਲ ਸੰਪੱਤੀ ਦੇ ਵੇਰਵੇ :** ਸ੍ਰੀ ਗੁਰਮੀਤ ਸਿੰਘ ਸਪੁੱਤਰ ਸ੍ਰੀ ਪਾਲ ਸਿੰਘ ਦੇ ਨਾਮ 'ਤੇ ਦਰਜ ਪਿੰਡ ਅਲਗੋਂ (2) ਵਿਖੇ ਸਥਿਤ ਖੇਵਟ ਨੰ. 817, ਖਤੌਨੀ ਨੰ. 1502 ਤੋਂ 1505 ਅਤੇ ਖਸਰਾ ਨੰ. 269//2/1 (5-15) ਅਧੀਨ 1 ਕਨਾਲ 20 ਮਰਲੇ ਮਾਪ ਵਾਲੀ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸਿਆਂ ਦੀ ਨਿਆਂਸੰਗਤ ਗਿਰਵੀ ਅਤੇ ਸਾਈਟ ਅਨੁਸਾਰ ਹੱਦਬੰਦੀ : ਪੂਰਬ : ਸੜਕ, ਪੱਛਮ : ਸ੍ਰ. ਗੁਰਦਿਆਲ ਸਿੰਘ, ਉਤਰ : ਗਲੀ, ਦੱਖਣ : ਸ੍ਰ. ਕੁਲਦੀਪ ਸਿੰਘ।

ਮਿਤੀ : 02.08.2025 ਸਥਾਨ : ਅਲਗੋਂ ਕੋਠੀ ਸਹੀ/- ਅਧਿਕਾਰਤ ਅਧਿਕਾਰੀ

## ੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
## ਪੰਜਾਬ ਐਂਡ ਸਿੰਧ ਬੈਂਕ

ਪੀ.ਐਸ.ਬੀ

ਭਾਰਤ ਸਰਕਾਰ ਦਾ ਇਕ ਅਦਾਰਾ

ਸ਼ਾਖਾ: ਸੰਦੌੜ

### ਅੰਤਿਕਾ 4, ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਪੰਜਾਬ ਐਂਡ ਸਿੰਧ ਬੈਂਕ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਅਸਾਸਿਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਇਸ ਉਪਰੰਤ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ/ਗਾਰੰਟਰ/ਜ਼ਾਮਨ ਨੂੰ ਸੱਦਾ ਦਿੰਦੇ ਹੋਏ ਉਨ੍ਹਾਂ ਦੇ ਨਾਵਾਂ ਅਧੀਨ ਦਰਸਾਈ ਧਾਰਾ 13 (2) ਅਧੀਨ ਮਿਤੀਆਂ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ/ਜ਼ਾਮਨ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ/ਜ਼ਾਮਨਾਂ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਖਾਤੇ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ ਲਾਗੂਕਰਨ ਨਿਯਮ 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ/ਜ਼ਾਮਨ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਉਨ੍ਹਾਂ ਦੇ ਨਾਵਾਂ ਅਧੀਨ ਦਰਸਾਈ ਰਕਮ ਜਮ੍ਹਾਂ ਪੂਰਤੀ ਹੋਣ ਤੱਕ ਲਾਗੂ ਵਿਆਜ ਅਤੇ ਹੋਰ ਫੀਸਾਂ ਦੇ ਲਈ **ਪੰਜਾਬ ਐਂਡ ਸਿੰਧ ਬੈਂਕ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰ ਦਾ ਧਿਆਨ ਸੁਰੱਖਿਅਤ ਅਸਾਸਿਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰਾਂ ਅਤੇ ਜ਼ਾਮਨਾਂ ਦੇ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਕਰਜ਼ਦਾਰਾਂ** : 1. **ਸ੍ਰੀ ਗੁਰਪ੍ਰੀਤ ਸਿੰਘ ਪੁੱਤਰ ਭਿੰਡਰ ਸਿੰਘ**, ਵਾਸੀ ਪਿੰਡ ਸੰਦੌੜ, ਤਹਿਸੀਲ ਅਹਿਮਦਗੜ੍ਹ, ਜ਼ਿਲ੍ਹਾ ਮਲੇਰਕੋਟਲਾ (**ਕਰਜ਼ਦਾਰ**) 2. **ਸ੍ਰੀਮਤੀ ਚਰਨਜੀਤ ਕੌਰ ਪਤਨੀ ਗੁਰਪ੍ਰੀਤ ਸਿੰਘ** ਵਾਸੀ ਪਿੰਡ ਸੰਦੌੜ, ਤਹਿਸੀਲ ਅਹਿਮਦਗੜ੍ਹ, ਜ਼ਿਲ੍ਹਾ ਮਲੇਰਕੋਟਲਾ (**ਜ਼ਾਮਨ**), 3. **ਮੋਹਿੰਦਰ ਸਿੰਘ ਪੁੱਤਰ ਹਰੀ ਸਿੰਘ** ਵਾਸੀ ਪਿੰਡ ਸੰਦੌਰ, ਤਹਿਸੀਲ ਅਹਿਮਦਗੜ੍ਹ, ਜ਼ਿਲ੍ਹਾ ਮਲੇਰਕੋਟਲਾ(**ਜ਼ਾਮਨ**), | ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ (1) ਮਾਲਕੀ ਡੀਡ ਨੰਬਰ 1385 ਮਿਤੀ 25-02-2016 ਦੇ ਅਧੀਨ 0 ਕਨਾਲ-4 ਮਰਲੇ (120 ਵਰਗ ਗਜ਼) 9 ਕਨਾਲ-14 ਮਰਲੇ ਮਾਪ ਵਾਲੀ ਜ਼ਮੀਨ ਦਾ 4-194 ਹਿੱਸਾ ਹੈ ਜਿਸ ਵਿੱਚ ਖਾਤਾ ਨੰਬਰ 13/13 ਖਸਰਾ ਨੰਬਰ 151/2/0-4, 56//20/2/6-9, 21/1/3-1 ਹੈ, ਜੋ ਕਿ ਪਿੰਡ ਸੰਦੌੜ, ਤਹਿਸੀਲ ਅਹਿਮਦਗੜ੍ਹ, ਜ਼ਿਲ੍ਹਾ ਮਲੇਰਕੋਟਲਾ ਵਿੱਚ ਸਥਿਤ। ਉਕਤ ਜਾਇਦਾਦ ਕ੍ਰਮਵਾਰ ਹੇਠ ਲਿਖੇ ਅਨੁਸਾਰ ਹੈ: - ਪੂਰਬ: ਸੜਕ ਪੱਛਮ: ਮੱਘਰ ਸਿੰਘ, ਉੱਤਰ: ਬਚਨ ਸਿੰਘ, ਦੱਖਣ: ਰਾਮ ਧਨ ਸਿੰਘ | 20.05.2025 | 31.07.2025 | ਰੁ. 3,23,625.48 (ਰੁ. ਤਿੰਨ ਲੱਖ ਤੇਈ ਹਜ਼ਾਰ ਛੇ ਸੌ ਪੱਚੀ ਅਤੇ ਅਠਤਾਲੀ ਪੈਸੇ ਕੇਵਲ) ਸਮੇਤ ਵਿਆਜ 30.04.2025 ਤੱਕ ਜਮ੍ਹਾਂ ਅਗਲੇਰੇ ਵਿਆਜ, ਹੋਰ ਫੀਸਾਂ ਅਤੇ ਬਣਦੇ ਖਰਚੇ। |

ਮਿਤੀ : 31.07.2025 ਸਥਾਨ : ਸੰਦੌੜ ਅਧਿਕਾਰਤ ਅਧਿਕਾਰੀ

# ਉਤਰ-ਪੂਰਬੀ ਭਾਰਤ ਨੂੰ ਸਸ਼ਕਤ ਬਣਾਉਣ ਲਈ ਪਹਿਲਕਦਮੀ ਦੇ ਹਿੱਸੇ ਵਜੋਂ ਐਨ.ਐਫ.ਡੀ.ਸੀ. ਵੱਲੋਂ ਮੁਫ਼ਤ ਰਿਹਾਇਸ਼ੀ ਸਿਖਲਾਈ ਪ੍ਰਦਾਨ

ਨਵੀਂ ਦਿੱਲੀ, 2 ਅਗਸਤ (ਅੰਮ੍ਰਿਤਪਾਲ ਸਿੰਘ) : ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੀ ਅਗਵਾਈ ਹੇਠ ਭਾਰਤੀ ਰਾਸ਼ਟਰੀ ਫਿਲਮ ਵਿਕਾਸ ਨਿਗਮ (NFDC) ਨੇ ਭਾਰਤ ਦੇ ਉੱਤਰ-ਪੂਰਬੀ ਖੇਤਰ ਦੇ ਚਾਹਵਾਨ ਪੇਸ਼ੇਵਰਾਂ ਲਈ ਵਿਸ਼ੇਸ਼ ਤੌਰ ਤੇ 34 ਐਨੀਮੇਸ਼ਨ ਅਤੇ ਵਿਜ਼ੂਅਲ ਇਫੈਕਟਸ ਵਿੱਚ ਇੱਕ ਪੂਰੀ ਤਰ੍ਹਾਂ ਰਿਹਾਇਸ਼ੀ ਸਿਖਲਾਈ ਪ੍ਰੋਗਰਾਮ ਸ਼ੁਰੂ ਕੀਤਾ ਹੈ। ਇਹ ਪ੍ਰੋਗਰਾਮ ਅੱਠ ਉੱਤਰ-ਪੂਰਬੀ ਰਾਜਾਂ ਅਰੁਣਾਚਲ ਪ੍ਰਦੇਸ਼, ਅਸਾਮ, ਮਨੀਪੁਰ, ਮੇਘਾਲਿਆ, ਮਿਜ਼ੋਰਮ, ਨਾਗਾਲੈਂਡ, ਸਿੱਕਮ ਅਤੇ ਤ੍ਰਿਪੁਰਾ ਦੇ ਸਾਰੇ ਵਿਦਿਆਰਥੀਆਂ ਲਈ ਖੁੱਲ੍ਹਾ ਹੈ। ਜੂਨ 2025 ਤੱਕ ਬਿਨੈਕਾਰਾਂ ਦੀ ਉਮਰ ਘੱਟੋ-ਘੱਟ 18 ਸਾਲ ਹੋਣੀ ਚਾਹੀਦੀ ਹੈ। ਪ੍ਰੋਗਰਾਮ ਦੇ ਸਫਲਤਾਪੂਰਵਕ ਪੂਰਾ ਹੋਣ ਤੇ, ਸਾਰੇ ਭਾਗੀਦਾਰਾਂ ਨੂੰ ©643 ਅਤੇ ਰਾਸ਼ਟਰੀ ਕਿੱਤਾਮੁਖੀ ਸਿੱਖਿਆ ਅਤੇ ਸਿਖਲਾਈ ਪ੍ਰੀਸ਼ਦ (NCVET) ਦੁਆਰਾ ਜਾਰੀ ਕੀਤਾ ਗਿਆ ਇੱਕ ਸਾਂਝਾ ਸਰਟੀਫਿਕੇਟ ਦਿੱਤਾ ਜਾਵੇਗਾ।

NFDC ਦੇ ਸਿਖਲਾਈ ਭਾਈਵਾਲ Aptech Limited ਦੇ ਸਹਿਯੋਗ ਨਾਲ ਆਯੋਜਿਤ ਇਸ ਤੀਬਰ 8-ਮਹੀਨੇ ਦੇ ਰਿਹਾਇਸ਼ੀ ਸਿਖਲਾਈ ਪ੍ਰੋਗਰਾਮ ਲਈ ਸਕ੍ਰੀਨਿੰਗ ਅਤੇ ਮੁਲਾਂਕਣ ਪ੍ਰਕਿਰਿਆ ਰਾਹੀਂ ਕੁੱਲ 100 ਉਮੀਦਵਾਰਾਂ ਦੀ ਚੋਣ ਕੀਤੀ ਜਾਵੇਗੀ। ਇਹ ਪ੍ਰੋਗਰਾਮ ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਵਿੱਚ ਪੂਰੀ ਤਰ੍ਹਾਂ ਲੈਸ ਸਿਖਲਾਈ ਕੇਂਦਰ ਵਿੱਚ ਕਰਵਾਇਆ ਜਾਵੇਗਾ ਅਤੇ ਇਸਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾਵੇਗਾ: 34 ਐਨੀਮੇਸ਼ਨ ਅਤੇ VFX ਵਿੱਚ ਛੇ ਮਹੀਨਿਆਂ ਦੀ ਤੀਬਰ ਕਲਾਸਰੂਮ-ਅਧਾਰਤ ਸਿਖਲਾਈ, ਇਸ ਤੋਂ ਬਾਅਦ ਨੌਕਰੀ ਦੌਰਾਨ ਸਿਖਲਾਈ ਰਾਹੀਂ ਦੋ ਮਹੀਨਿਆਂ ਦਾ ਉਦਯੋਗ ਐਕਸਪੋਜ਼ਰ। ਸਿਖਲਾਈ ਵਿੱਚ ਵਿਹਾਰਕ ਸਿਖਲਾਈ ਮਾਡਿਊਲ, ਉਦਯੋਗ-ਸੰਬੰਧਿਤ ਪ੍ਰੋਜੈਕਟ, ਅਤੇ ਫਿਲਮ ਸਟੂਡੀਓ ਅਤੇ ਸਮੱਗਰੀ ਨਿਰਮਾਣ ਕੰਪਨੀਆਂ ਵਿੱਚ ਵਰਤੇ ਜਾਣ ਵਾਲੇ ਅਸਲ-ਸੰਸਾਰ ਦੇ ਖੇਤਰੀ ਅਨੁਭਵ ਸ਼ਾਮਲ ਹੋਣਗੇ।ਪ੍ਰੋਗਰਾਮ ਦੀ ਇੱਕ ਹੋਰ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਰਿਹਾਇਸ਼ ਅਤੇ ਭੋਜਨ ਸਮੇਤ ਪੂਰੀ ਸਿਖਲਾਈ ਪੂਰੀ ਤਰ੍ਹਾਂ ਮੁਫਤ ਹੈ। ਚੁਣੇ ਗਏ ਉਮੀਦਵਾਰਾਂ ਨੂੰ ਮੁਫਤ ਰਿਹਾਇਸ਼ੀ ਰਿਹਾਇਸ਼, ਦਿਨ ਵਿੱਚ ਤਿੰਨ ਵਾਰ ਖਾਣਾ, ਅਤੇ ਸਿਖਲਾਈ ਸਰੋਤਾਂ ਅਤੇ ਸਲਾਹ ਸਹਾਇਤਾ ਤੱਕ ਪਹੁੰਚ ਬਿਨਾਂ ਕਿਸੇ ਵਿੱਤੀ ਬੋਝ ਦੇ ਪ੍ਰਦਾਨ ਕੀਤੀ ਜਾਵੇਗੀ। ਇਸ ਪਹਿਲ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਆਰਥਿਕ ਅਤੇ ਭੂਗੋਲਿਕ ਤੌਰ ਤੇ ਪਛੜੇ ਖੇਤਰਾਂ ਦੇ ਪ੍ਰਤਿਭਾਸ਼ਾਲੀ ਨੌਜਵਾਨ ਭਾਰਤ ਦੀ ਵਧਦੀ ਡਿਜੀਟਲ ਅਰਥਵਿਵਸਥਾ ਵਿੱਚ ਬਰਾਬਰੀ ਤੇ ਹਿੱਸਾ ਲੈ ਸਕਣ।

ਭਾਰਤ ਦੇ ਉੱਤਰ-ਪੂਰਬੀ ਰਾਜਾਂ ਦੀ ਵਿਸ਼ਾਲ ਪਰ ਘੱਟ ਵਰਤੋਂ ਵਾਲੀ ਰਚਨਾਤਮਕ ਸੰਭਾਵਨਾ ਨੂੰ ਪਛਾਣਦੇ ਹੋਏ, NFDC ਨੇ ਪੇਸ਼ੇਵਰ ਸਿਖਲਾਈ ਅਤੇ ਹੁਨਰ ਬੁਨਿਆਦੀ ਢਾਂਚੇ ਤੱਕ ਪਹੁੰਚ ਨਾਲ ਸਬੰਧਤ ਖੇਤਰੀ ਅਸਮਾਨਤਾਵਾਂ ਨੂੰ ਹੱਲ ਕਰਨ ਲਈ ਇਸ ਪਹਿਲਕਦਮੀ ਨੂੰ ਰਣਨੀਤਕ ਤੌਰ ਤੇ ਤਿਆਰ ਕੀਤਾ ਹੈ। ਇਹ ©643 ਦੇ ਰਿਹਾਇਸ਼ੀ ਪ੍ਰੋਗਰਾਮ ਦਾ ਤੀਜਾ ਐਡੀਸ਼ਨ ਹੈ ਜੋ ਉੱਤਰ-ਪੂਰਬ ਦੇ ਨੌਜਵਾਨਾਂ ਨੂੰ ਸਮਰਪਿਤ ਹੈ, ਜਿਸਦਾ ਉਦੇਸ਼ ਖੇਤਰ ਦੇ ਹੁਨਰਮੰਦ ਡਿਜੀਟਲ ਕਲਾਕਾਰਾਂ ਅਤੇ ਐਨੀਮੇਸ਼ਨ ਪੇਸ਼ੇਵਰਾਂ ਦੀ ਇੱਕ ਪਾਈਪਲਾਈਨ ਬਣਾਉਣਾ ਹੈ। ਇਸ ਪ੍ਰੋਗਰਾਮ ਦਾ ਉਦੇਸ਼ ਨਾ ਸਿਰਫ਼ ਭਾਗੀਦਾਰਾਂ ਨੂੰ ਉੱਚ-ਮੰਗ ਵਾਲੇ ਤਕਨੀਕੀ ਹੁਨਰਾਂ ਨਾਲ ਲੈਸ ਕਰਨਾ ਹੈ, ਸਗੋਂ ਰੁਜ਼ਗਾਰਯੋਗਤਾ, ਉੱਦਮਤਾ ਅਤੇ ਲੰਬੇ ਸਮੇਂ ਦੇ ਆਰਥਿਕ ਸਸ਼ਕਤੀਕਰਨ ਲਈ ਇੱਕ ਨੀਂਹ ਪੱਥਰ ਵਜੋਂ ਵੀ ਕੰਮ ਕਰਨਾ ਹੈ।

# ਰੱਖੜ ਪੁੰਨਿਆ ਮੇਲੇ ਦੀ ਕਾਨਫਰੰਸ ਸਬੰਧੀ ਵੱਖ ਵੱਖ-ਵੱਖ ਪਿੰਡਾਂ ਦੇ ਤੂਫ਼ਾਨੀ ਦੌਰੇ

ਰਈਆ, 2 ਅਗਸਤ (ਰਾਕੇਸ਼ ਸਲਵਾਨ) : ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਮੈਂਬਰ ਪਾਰਲੀਮੈਂਟ ਖਡੂਰ ਸਾਹਿਬ ਦੀ ਅਗਵਾਈ ਹੇਠ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਵੱਲੋਂ ਸਾਚਾ ਗੁਰੂ ਲਾਧੋ ਰੇ ਦਿਵਸ ਮੌਕੇ ਬਾਬਾ ਬਕਾਲਾ ਸਾਹਿਬ ਵਿਖੇ 9 ਅਗਸਤ ਨੂੰ ਹੋਣ ਵਾਲੀ ਪੰਥਕ ਕਾਨਫਰੰਸ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਕੀਤੀਆਂ ਜਾ ਰਹੀਆਂ ਹਨ ਇਸੇ ਤਹਿਤ ਬਲਾਕ ਖਡੂਰ ਸਾਹਿਬ ਦੇ ਪਿੰਡ ਅੱਲੋਵਾਲ, ਸਰਾ, ਸ਼ਰਲੀ, ਨਾਗੋਕੇ, ਸੰਘਰ ਕਲਾ, ਏਕਲਗੱਡਾ ਆਦਿ ਵੱਖ-ਵੱਖ ਪਿੰਡਾਂ ਦੇ ਦੌਰੇ ਕੀਤੇ ਗਏ। ਜਿਸ ਵਿੱਚ ਖ਼ਾਸ ਤੌਰ ਤੇ ਪਾਰਟੀ ਦੇ ਮੁੱਖ ਬੁਲਾਰਾ ਸ੍ਰ ਪਰਗਟ ਸਿੰਘ ਮੀਆਵਿੰਡ ਸ੍ਰ ਜੋਧਬੀਰ ਸਿੰਘ ਤੇ ਬਲਦੇਵ ਸਿੰਘ (ਦੋਵੇ ਪਰਿਵਾਰਿਕ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ) ਹੁਣੀ ਪਹੁੰਚੇ ਪਿੰਡ ਵਾਸੀਆਂ ਨੂੰ ਕਾਨਫਰੰਸ ਵਿੱਚ ਪਹੁੰਚਣ ਦੀ ਬੇਨਤੀ ਕੀਤੀ ਅਤੇ ਕਿਹਾ ਇਸ ਵਾਰ ਦੀ ਪੰਥਕ ਕਾਨਫਰੰਸ ਪਿਛਲੇ ਸਾਰੇ ਰਿਕਾਰਡ ਤੋੜਗੀ।


**ਬੈਂਕ ਆਫ ਬੜੌਦਾ** Bank of Baroda

**ਬੈਂਕ ਆਫ ਬੜੌਦਾ**
ਖੇਤਰੀ ਦਫ਼ਤਰ : ਜਲੰਧਰ ਖੇਤਰ 24, ਪਹਿਲੀ ਮੰਜ਼ਿਲ, ਵਿਜੇ ਨਗਰ, ਫੁੱਟਬਾਲ ਚੌਂਕ, ਜਲੰਧਰ ਫੋਨ : 0181-5057857,
E-mail: RECOVERY.PJKR@bankofbaroda.com

**ਈ-ਨਿਲਾਮੀ ਵਿਕਰੀ ਸੂਚਨਾ**

ਵਿਸਥਾਰਤ ਨਿਯਮ ਅਤੇ ਸ਼ਰਤਾਂ ਲਈ ਇਥੇ ਸਕੈਨ ਕਰੋ

**ਚੱਲ ਵਾਹਨ ਦੀ ਵਿਕਰੀ ਲਈ ਵਿਕਰੀ ਸੂਚਨਾ**
**ਅੰਤਿਕਾ IV-ਏ- (ਨਿਯਮ 6 (2) ਅਤੇ 8 (6) ਦੀ ਵਿਵਸਥਾ ਦੇਖੋ)**

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 (2) ਅਤੇ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਚੱਲ ਵਾਹਨ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।
ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (ਾਂ), ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਚਲ ਵਾਹਨ, ਜਿਸ ਦਾ ਕਬਜ਼ਾ **ਬੈਂਕ ਆਫ ਬੜੌਦਾ**, ਸੁਰੱਖਿਅਤ ਕਰਜ਼ਦਾਤਾ ਦੇ **ਅਧਿਕਾਰਤ ਅਧਿਕਾਰੀ** ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਖਾਤੇ/ਖਾਤਿਆਂ ਵਿਚ ਦਰਸਾਏ ਬਕਾਇਆਂ ਦੀ ਵਸੂਲੀ ਦੇ ਲਈ **"ਜਿਵੇਂ ਹੈ ਜਿਥੇ ਹੈ"**, **"ਜਿਵੇਂ ਹੈ, ਜੋ ਹੈ"** ਅਤੇ **"ਜੋ ਵੀ ਉਥੇ ਹੈ"** ਅਤੇ **"ਬਿਨਾਂ ਸਹਾਰਾ ਆਧਾਰ"** 'ਤੇ ਕੀਤੀ ਜਾਵੇਗੀ। ਕਰਜ਼ਦਾਰ (ਾਂ)/ਗਿਰਵੀਕਾਰ (ਾਂ)/ਜ਼ਾਮਨ (ਾਂ)/ਸੁਰੱਖਿਅਤ ਸੰਪੱਤੀ (ਆਂ)/ਬਕਾਏ/ਰਾਖਵੀਂ ਕੀਮਤ/ਈ-ਨਿਲਾਮੀ ਦੀ ਮਿਤੀ ਅਤੇ ਸਮਾਂ, ਬਿਆਨਾ ਰਕਮ ਅਤੇ ਬੋਲੀ ਵਾਧਾ ਰਕਮ ਦੇ ਵੇਰਵੇ ਨਿਮਨ ਦਰਸਾਏ ਹਨ :-

| ਲੜੀ ਨੰ. | ਸ਼ਾਖਾ ਦਾ ਨਾਮ ਅਤੇ ਕਰਜ਼ਦਾਰ (ਾਂ) ਗਿਰਵੀਕਾਰ (ਾਂ) ਦਾ ਪਤਾ | ਚੱਲ ਸੰਪੱਤੀ/ਆਂ ਦੇ ਵੇਰਵੇ | ਕਬਜ਼ੇ ਦੀ ਕਿਸਮ | ਸੰਪੱਤੀ ਦਾ ਸਰੂਪ | ਕੁੱਲ ਬਕਾਏ | ਰਾਖਵੀਂ ਕੀਮਤ | (1) ਸ਼ੁਰੂਆਤੀ ਬੋਲੀ ਕੀਮਤ (2) ਬਿਆਨਾ ਰਕਮ | ਘੱਟੋ ਘੱਟ ਬੋਲੀ ਵਾਧਾ ਰਕਮ | ਈ-ਨਿਲਾਮੀ ਦੀ ਸ਼ੁਰੂਆਤੀ ਮਿਤੀ ਅਤੇ ਸਮਾਂ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ | ਸ਼ਾਖਾ ਪ੍ਰਬੰਧਕ/ ਅਧਿਕਾਰਤ ਅਧਿਕਾਰੀ |
|---|---|---|---|---|---|---|---|---|---|---|---|
| 1. | **ਫਗਵਾੜਾ** **ਸ੍ਰੀ ਬਲਬੀਰ ਚੰਦ ਸਪੁੱਤਰ ਸ੍ਰੀ ਪਾਖਰ ਰਾਮ, ਨੇੜੇ ਰਵੀਦਾਸ ਗੁਰਦੁਆਰਾ, ਪਿੰਡ ਖਲਵਾੜਾ, ਫਗਵਾੜਾ, ਪੰਜਾਬ-144401** | ਸ੍ਰੀ ਬਲਬੀਰ ਚੰਦ ਸਪੁੱਤਰ ਸ੍ਰੀ ਪਾਖਰ ਰਾਮ ਦੇ ਨਾਮ 'ਤੇ ਰਜਿਸਟ੍ਰੇਸ਼ਨ ਨੰਬਰ ਪੀਬੀ36ਜੇ9015 ਦੇ ਅਧੀਨ ਫੋਕਸਵੈਗਨ ਪੋਲੋ 1ਐਲ ਐਮਪੀਆਈ ਟਰੈਂਡ ਲਾਈਨ, ਚਾਸੀ ਨੰਬਰ ਐਮਈਐਕਸਐਚ21607ਐਮਟੀ157031, ਇੰਜਣ ਨੰਬਰ ਸੀਐਚਵਾਈਐਮ87989 | ਭੌਤਿਕ ਕਬਜ਼ਾ | ਵਾਹਨ | Rs. 5,59,814.51 (09.06.2024 ਦੇ ਅਨੁਸਾਰ ਜਮ੍ਹਾਂ ਠੇਕੇ ਦਰ 'ਤੇ ਵਿਆਜ + ਭੁਗਤਾਨ ਦੀ ਮਿਤੀ ਤੱਕ 10.06.2024 ਤੋਂ ਪ੍ਰਭਾਵੀ ਲਾਗਤਾਂ, ਫੀਸਾਂ ਅਤੇ ਕਾਨੂੰਨੀ ਖਰਚੇ।) | Rs. 3,55,300/- | (1) Rs. 3,60,300/- (2) Rs. 35,530/- | Rs. 5,000/- | 09.09.2025 from 02:00 PM to 06:00 PM | ਕੇਵਲ ਪ੍ਰਵਾਨਗੀ 'ਤੇ | ਸ੍ਰੀ ਰਾਜੀਵ M.: 8288097603 |

* ਅੰਤਿਮ ਬੋਲੀ ਰਕਮ ਜੀਐਸਟੀ ਰਕਮ ਸਮੇਤ ਹੋਵੇਗੀ।

ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ **https://www.bankofbaroda.in/e-auction.htm** ਅਤੇ **https://baanknet.com** ਵਿਚ ਵਿਵਸਥਿਤ ਦਾ ਲਿੰਕ ਦਾ ਹਵਾਲਾ ਲਓ। ਇੱਛੁਕ ਬੋਲੀਕਾਰ ਅਧਿਕਾਰਤ ਅਧਿਕਾਰੀ ਨੂੰ ਵੀ ਸੰਪਰਕ ਕਰ ਸਕਦੇ ਹਨ।

- ਬਿਆਨਾ ਰਕਮ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ : 09.09.2025 ਨੂੰ ਸ਼ਾਮ 6.00 ਵਜੇ ਤੱਕ
- ਈ-ਨਿਲਾਮੀ ਦੀ ਸ਼ੁਰੂਆਤੀ ਮਿਤੀ ਅਤੇ ਸਮਾਂ : 09.09.2025 ਨੂੰ ਦੁਪਹਿਰ 02.00 ਵਜੇ ਤੋਂ ਸ਼ਾਮ 06.00 ਵਜੇ ਤੱਕ।

**ਇਸ ਨੂੰ ਸਰਫਾਇਸੀ ਐਕਟ 2002 ਦੇ ਅਧੀਨ 30 ਰੋਜ਼ਾ ਵਿਧਾਨਿਕ ਵਿਕਰੀ ਸੂਚਨਾ ਵਜੋਂ ਸਮਝਿਆ ਜਾਵੇ**

ਮਿਤੀ : 02.08.2025    ਸਥਾਨ : ਫਗਵਾੜਾ    ਅਧਿਕਾਰਤ ਅਧਿਕਾਰੀ


# ਮੇਰਾ ਯੁਵਾ ਭਾਰਤ ਚੰਡੀਗੜ੍ਹ ਵੱਲੋਂ ਇੱਕ ਪੇੜ ਮਾਂ ਕੇ ਨਾਮ ਪ੍ਰੋਗਰਾਮ ਤਹਿਤ ਸਫ਼ਾਈ ਮੁਹਿੰਮ ਦਾ ਆਯੋਜਨ

ਚੰਡੀਗੜ੍ਹ, 2 ਅਗਸਤ (ਅੰਮ੍ਰਿਤਪਾਲ ਸਿੰਘ) : ਅੱਜ ਚੰਡੀਗੜ੍ਹ ਵਿੱਚ ਮਾਈ ਯੁਵਾ ਭਾਰਤ - ਚੰਡੀਗੜ੍ਹ (ਯੁਵਾ ਮਾਮਲੇ ਅਤੇ ਖੇਡ ਮੰਤਰਾਲਾ, ਭਾਰਤ ਸਰਕਾਰ), ਜੀਐਮਐਸਐਸਐਸ ਖੁਦਾ ਅਲੀਸ਼ੇਰ ਦੀ ਐਨਐਸਐਸ ਯੂਨਿਟ, ਕਰੁਣਾ ਈਕੋ ਕੰਪੈਨੀਅਨਜ਼ ਫਾਊਂਡੇਸ਼ਨ, ਗਲੋਬਲ ਯੂਥ ਫੈਡਰੇਸ਼ਨ ਅਤੇ ਜੈ ਮਧੂਸੂਦਨ ਜੈ ਸ਼੍ਰੀ ਕ੍ਰਿਸ਼ਨਾ ਫਾਊਂਡੇਸ਼ਨ ਦੇ ਸਹਿਯੋਗ ਨਾਲ ਇੱਕ ਵਿਸ਼ਾਲ ਸਫਾਈ ਅਤੇ ਵਾਤਾਵਰਣ ਜਾਗਰੂਕਤਾ ਮੁਹਿੰਮ ਦਾ ਆਯੋਜਨ ਕੀਤਾ ਗਿਆ। ਐਨਐਸਐਸ ਅਤੇ ਮਾਈ ਭਾਰਤ ਵਲੰਟੀਅਰਾਂ ਨੇ ਸਕੂਲ ਦੇ ਪ੍ਰੋਗਰਾਮ ਅਫਸਰ ਸ਼੍ਰੀ ਖੁਸ਼ਵੰਤ ਸਿੰਘ ਦੀ ਅਗਵਾਈ ਵਿੱਚ ਚਲਾਈ ਗਈ ਇਸ ਮੁਹਿੰਮ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ।ਵਲੰਟੀਅਰਾਂ ਨੇ ਜੰਗਲੀ ਖੇਤਰ ਦੀਆਂ ਝਾੜੀਆਂ, ਰਸਤੇ ਅਤੇ ਸੀਮਾਵਾਂ ਦੀ ਸਫਾਈ ਕੀਤੀ ਅਤੇ ਸਿੰਗਲ-ਯੂਜ਼ ਪਲਾਸਟਿਕ ਕੂੜਾ ਵੱਖ-ਵੱਖ ਬੈਗਾਂ ਵਿੱਚ ਇਕੱਠਾ ਕੀਤਾ। ਇਹ ਮੁਹਿੰਮ ਲੋਕਾਂ ਵਿੱਚ ਵਾਤਾਵਰਣ ਸੁਰੱਖਿਆ ਅਤੇ ਸਫਾਈ ਦੀ ਮਹੱਤਤਾ ਨੂੰ ਫੈਲਾਉਣ ਲਈ ਇੱਕ ਅਰਥਪੂਰਨ ਪਹਿਲ ਸੀ।ਇਹ ਦੇਖ ਕੇ ਬਹੁਤ ਖੁਸ਼ੀ ਹੁੰਦੀ ਹੈ ਕਿ ਸਾਡੇ ਨੌਜਵਾਨ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਗੰਭੀਰਤਾ ਨਾਲ ਲੈ ਰਹੇ ਹਨ। ਅਜਿਹੇ ਪ੍ਰੋਗਰਾਮ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਵੱਲ ਮਹੱਤਵਪੂਰਨ ਕਦਮ ਹਨ। ਜਦੋਂ ਨੌਜਵਾਨ ਸਮਾਜ ਦੀ ਭਲਾਈ ਲਈ ਕੰਮ ਕਰਦੇ ਹਨ, ਤਾਂ ਜਾਗਰੂਕਤਾ ਅਤੇ ਊਰਜਾ ਪੈਦਾ ਹੁੰਦੀ ਹੈ। ਇਹ ਮੁਹਿੰਮ ਇੱਕ ਪ੍ਰੇਰਨਾ ਵਜੋਂ ਉਭਰੀ ਹੈ।


pnb **ਪੰਜਾਬ ਨੈਸ਼ਨਲ ਬੈਂਕ** ...ਭਰੋਸੇ ਦਾ ਪ੍ਰਤੀਕ!

**ਸਰਕਲ ਦਫਤਰ ਮੋਗਾ**
**ਚੌਥੀ ਮੰਜ਼ਿਲ, ਦਰਸ਼ਨ ਸਿੰਘ ਕੰਪਲੈਕਸ, ਜੀਟੀ ਰੋਡ, ਮੋਗਾ-142001**

**ਸੁਰੱਖਿਅਤ ਸੰਪੱਤੀਆਂ ਦੀ ਈ-ਨਿਲਾਮੀ ਵਿਕਰੀ ਲਈ 29 .08.2025 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਤੱਕ**

**ਈ-ਨਿਲਾਮੀ ਵਿਕਰੀ ਸੂਚਨਾ**

**ਅਚੱਲ ਸੰਪੱਤੀਆਂ ਦੀ ਵਿਕਰੀ ਲਈ ਈ-ਨਿਲਾਮੀ ਬਾਰੇ ਜਨਤਕ ਸੂਚਨਾ**

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।
ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (ਾਂ)/ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਹਾਈਪੋਥੀਕੇਟਿਡ/ਬੰਦੀ ਨਿਮਨ ਦਰਸਾਈ ਚੱਲ/ਅਚੱਲ ਸੰਪੱਤੀ (ਆਂ), ਜਿਸ ਦਾ ਉਸਾਰੂ/ਭੌਤਿਕ/ਸੰਕੇਤਕ (ਜੋ ਵੀ ਲਾਗੂ ਹੋਵੇ) ਕਬਜ਼ਾ ਬੈਂਕ/ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਸੀ, ਦੀ ਵਿਕਰੀ ਸਬੰਧਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਵੱਲ ਇਸ ਦੇ ਬਕਾਇਆ ਦੀ ਵਸੂਲੀ ਦੇ ਲਈ ਨਿਮਨ ਸਾਰਣੀ ਵਿਚ ਦਰਸਾਈ ਮਿਤੀ ਨੂੰ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" 'ਤੇ ਵੇਚੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸਬੰਧਤ ਸੰਪੱਤੀਆਂ ਦੇ ਅਧੀਨ ਨਿਮਨ ਸਾਰਣੀ ਵਿਚ ਦਰਸਾਏ ਅਨੁਸਾਰ ਹੋਵੇਗੀ।

| ਲੜੀ ਨੰ. | ਕਰਜ਼ਦਾਰ ਦਾ ਨਾਮ ਅਤੇ ਬੈਂਕ ਸ਼ਾਖਾ ਦੇ ਵੇਰਵੇ | ਮਾਲਕ (ਾਂ)/ਸੰਪੱਤੀ (ਆਂ) ਦੇ ਗਿਰਵੀਕਾਰਾਂ ਦਾ ਨਾਮ | ਅਚੱਲ ਗਿਰਵੀ ਸੰਪੱਤੀ (ਆਂ) ਦੇ ਵੇਰਵੇ ਅਤੇ ਮਾਲਕ (ਾਂ)/ਗਿਰਵੀਕਾਰਾਂ ਦਾ ਨਾਮ | ੳ) ਸਰਫਾਇਸੀ ਐਕਟ 2002 ਦੀ ਧਾਰਾ 13 (2) ਦੇ ਅਧੀਨ ਮੰਗ ਸੂਚਨਾ ਦੀ ਮਿਤੀ ਅ) ..... ਅਨੁਸਾਰ ਬਕਾਇਆ ਰਕਮ ੲ) ਸਰਫਾਇਸੀ ਐਕਟ 2002 ਦੀ ਧਾਰਾ 13 (4) ਦੇ ਅਧੀਨ ਕਬਜ਼ੇ ਦੀ ਮਿਤੀ ਸ) ਕਬਜ਼ੇ ਦਾ ਸਰੂਪ ਸੰਕੇਤਕ/ਭੌਤਿਕ/ਉਸਾਰੂ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਈ-ਨਿਲਾਮੀ ਦੀ ਮਿਤੀ ਅਤੇ ਸਮਾਂ | ਸੁਰੱਖਿਅਤ ਕਰਜ਼ਦਾਤਿਆਂ ਨੂੰ ਜਾਣੂ ਦੇਣਦਾਰੀਆਂ ਦੇ ਵੇਰਵੇ |
|---|---|---|---|---|---|---|---|
| 1. | ਮੈਸ. ਗੁਰਸ਼ਾਨ ਮੋਬਾਇਲ ਵਰਲਡ ਬੀ/ਓ ਜ਼ੀਰਾ (047600) | 1. ਮੈਸ. ਗੁਰਸ਼ਾਨ ਮੋਬਾਈਲ ਵਰਲਡ ਪ੍ਰੋ. ਸ੍ਰੀ ਹਰਪ੍ਰੀਤ ਸਿੰਘ, ਗੁਰੂ ਕਾਲੋਨੀ ਦੇ ਸਾਹਮਣੇ, ਗੁਰਦੁਆਰਾ ਨਾਨਕ ਨਗਰੀ, ਅੰਮ੍ਰਿਤਸਰ ਰੋਡ ਜ਼ੀਰਾ - 142047 2. ਹਰਪ੍ਰੀਤ ਸਿੰਘ ਪੁੱਤਰ ਮਲਕੀਤ ਸਿੰਘ ਨੰਬਰ 31 ਢੋਲੇਵਾਲਾ ਰੋਡ, ਧਰਮਕੋਟ, ਮੋਗਾ। | ਸ੍ਰੀ ਹਰਪ੍ਰੀਤ ਸਿੰਘ ਦੀ ਮਾਲਕੀ ਹੇਠ ਆਰਟੀਡੀ ਨੰ. 484 ਮਿਤੀ 05.06.2015 ਜਮ੍ਹਾਂਬੰਦੀ ਸਾਲ 2010-11 ਦੇ ਅਨੁਸਾਰ ਖੇਵਟ ਨੰ. 321/1289/1288/1715/1716/2810/3405/3406, ਖਤੌਨੀ ਨੰਬਰ 379/1568/1567/2076/2077/3446/3447/4188/4189, ਦੇ ਅਧੀਨ 57 ਕਨਾਲ 18 ਮਰਲੇ ਮਾਪ ਵਾਲੀ ਜ਼ਮੀਨ ਦੇ 8/10422 ਹਿੱਸੇ ਵਜੋਂ ਅੰਦਾਜ਼ਨ 8 ਸਰਸਾਹੀ ਜਾਂ 225 ਵਰਗ ਫੁੱਟ ਮਾਪ ਵਾਲੀ ਗੁਰੂ ਕਲੋਨੀ, ਸਾਹਮਣੇ ਗੁਰਦੁਆਰਾ ਨਾਨਕ ਨਗਰੀ, ਅੰਮ੍ਰਿਤਸਰ ਰੋਡ, ਜ਼ੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸਥਿਤ ਦੁਕਾਨ ਦੇ ਸਾਰੇ ਭਾਗ ਅਤੇ ਹਿੱਸੇ। ਪੂਰਬ: ਜਸਵਿੰਦਰ ਕੌਰ, ਪੱਛਮ-ਕਾਰਜ ਸਿੰਘ, ਉੱਤਰ-ਬਨਾਰਸੀ ਦਾਸ, ਦੱਖਣ-ਸੜਕ। | ੳ. 28.01.2019, ਅ. ਰੁ. 5,22,995.04, 31.12.2018 ਦੇ ਅਨੁਸਾਰ+ ਅਗਲੇਰਾ ਵਿਆਜ + ਹੋਰ ਫੀਸਾਂ- ਵਸੂਲੀ, ਜੇਕਰ ਕੋਈ ਹੋਵੇ। ੲ. 11.04.2019, ਸ. ਸੰਕੇਤਕ ਕਬਜ਼ਾ। | Rs. 11,10,000/- / Rs. 1,11,000/- / Rs. 11,100/- | 29.08.2025 11.00AM TO 04.00PM | ਜਾਣੂ ਨਹੀਂ |
| 2. | ਲੱਕੀ ਮੰਗੂ ਹਾਈ ਫਾਈ ਡੀਜੇ ਐਂਡ ਲਾਈਟ ਸਿਸਟਮ। ਬੀ/ਓ ਫਿਰੋਜ਼ਪੁਰ ਬਗਦਾਦੀ ਗੇਟ (345200) | 1. ਲੱਕੀ ਮੰਗੂ ਹਾਈ ਫਾਈ ਡੀਜੇ ਐਂਡ ਲਾਈਟ ਸਿਸਟਮ, ਗਾਂਧੀ ਨਗਰ, ਫਿਰੋਜ਼ਪੁਰ, ਪਿੰਨ-152001, 2. ਪਰਵਿੰਦਰ ਸਚਦੇਵਾ ਪੁੱਤਰ ਕ੍ਰਿਸ਼ਨ ਲਾਲ, ਈਐਸ 32-38/65, ਪੁਰੀ ਹਵੇਲੀ, ਗਲੀ ਸੋਢੀਆਂ ਵਾਲੀ, ਗਾਂਧੀ ਨਗਰ, ਫਿਰੋਜ਼ਪੁਰ, ਪਿੰਨ-152001 | ਨਿਮਨ ਅਨੁਸਾਰ 2.55 ਮਰਲੇ (694.40 ਵਰਗ ਫੁੱਟ) ਮਾਪ ਵਾਲਾ ਰਿਹਾਇਸ਼ੀ ਮਕਾਨ ਨੰ. ਈਐਸ 32-38/65 : 1. ਵਿਕਰੀ ਡੀਡ ਨੰ. 1074 ਮਿਤੀ 23.06.2015 ਦੇ ਅਨੁਸਾਰ 1.03 ਮਰਲੇ ਦਾ ਹਿੱਸਾ। 2. ਪਰਵਿੰਦਰ ਸਚਦੇਵਾ ਸਪੁੱਤਰ ਕ੍ਰਿਸ਼ਨ ਲਾਲ ਦੇ ਨਾਮ 'ਤੇ ਪੁਰੀ ਹਵੇਲੀ, ਗਲੀ ਸੋਢੀਆਂ ਵਾਲੀ, ਗਾਂਧੀ ਨਗਰ, ਫਿਰੋਜ਼ਪੁਰ ਦੇ ਖੇਤਰ ਵਿਚ ਸਥਿਤ ਵਿਕਰੀ ਡੀਡ ਨੰ. 1281 ਮਿਤੀ 15.07.2015 ਦੇ ਅਨੁਸਾਰ 1.52 ਮਰਲੇ ਦਾ ਹਿੱਸਾ। **ਹੱਦਬੰਦੀ ਨਿਮਨ ਅਨੁਸਾਰ : ਉਤਰ** : ਅਨੰਤ ਰਾਮ, **ਦੱਖਣ** : ਰਸਤਾ, **ਪੂਰਬ** : ਪੰਜਾਬ ਰੋਡਵੇਜ ਦਫ਼ਤਰ, **ਪੱਛਮ** : ਮਨਜੀਤ ਸਿੰਘ। | ੳ. 18.05.2021, ਅ. ਰੁ. 11,13,301/-, 31.03.2021 ਦੇ ਅਨੁਸਾਰ ਜਮ੍ਹਾਂ ਅਗਲੇਰਾ ਵਿਆਜ ਜਮ੍ਹਾਂ ਬੈਂਕ ਵੱਲੋਂ ਲਾਗੂ ਫੀਸਾਂ, ਮਨਫੀ ਪ੍ਰਾਪਤ ਹੋਈ ਵਸੂਲੀ ਜੇਕਰ ਕੋਈ ਹੋਵੇ। ੲ. 04.10.2021, ਸ. ਭੌਤਿਕ ਕਬਜ਼ਾ। | Rs. 7,15,000/- / Rs. 71,500/- / Rs. 7,150/- | 29.08.2025 11.00AM TO 04.00PM | ਜਾਣੂ ਨਹੀਂ |
| 3. | ਮੋਹਨ ਲਾਲ ਸਪੁੱਤਰ ਖੇਮ ਚੰਦ ਬੀ/ਓ ਫਿਰੋਜ਼ਪੁਰ ਬਗਦਾਦੀ ਗੇਟ (345200) | 1. ਗੁੱਡੀ ਸੁਪਤਨੀ ਮੋਹਨ ਲਾਲ, ਕੁਆਰਟਰ ਨੰ. 23, ਵਾਲਮੀਕੀ ਕਲੋਨੀ, ਫਿਰੋਜ਼ਪੁਰ-152001 | ਰੈਕਟ ਨੰ. 79 ਕਿਲਾ ਨੰ. 13 (2-16), 14 (8-0), 16 (2-1), 17 (8-1), 18 (6-15), ਖਸਰਾ ਨੰ. 260 (8-2), ਖੇਵਟ ਨੰ. 294 ਵਿਚੋਂ 3.22 ਮਰਲੇ (878.75 ਵਰਗ ਫੁੱਟ) ਮਾਪ ਵਾਲੀ ਸੰਪੱਤੀ। ਚੁੰਗੀ ਨੰ. 8, ਫਰੀਦਕੋਟ ਰੋਡ, ਨਵਾਂ ਪੁਰਬਾ, ਭੱਠਾ ਰੋਡ, ਪਿੰਡ ਦਾਖਲੀ ਸਤੀਏਵਾਲਾ, ਫਿਰੋਜ਼ਪੁਰ ਵਿਖੇ ਸਥਿਤ। ਹੱਦਬੰਦੀ : ਉੱਤਰ : ਗਲੀ, ਦੱਖਣ : ਗਲੀ, ਪੂਰਬ : ਗੌਰਵ ਕੁਮਾਰ, ਪੱਛਮ: ਕਾਂਤਾ ਰਾਣੀ | ੳ. 27.12.2021, ਅ. ਰੁ. 11,50,606/- ਜਮ੍ਹਾਂ 01.08.2021 ਤੋਂ ਪ੍ਰਭਾਵੀ ਭਾਵੀ ਵਿਆਜ ਅਤੇ ਬੈਂਕ ਵੱਲੋਂ ਲਾਗੂ ਫੀਸਾਂ, ਮਨਫੀ ਪ੍ਰਾਪਤ ਵਸੂਲੀ, ਜੇਕਰ ਕੋਈ ਹੋਵੇ। ੲ. 03.10.2022, ਸ. ਸੰਕੇਤਕ ਕਬਜ਼ਾ। | Rs. 10,00,000/- / Rs. 1,00,000/- / Rs. 10,000/- | 29.08.2025 11.00AM TO 04.00PM | ਜਾਣੂ ਨਹੀਂ |
| 4. | ਸ੍ਰੀ ਰਾਜਪਾਲ ਸਿੰਘ ਬੀ/ਓ ਨਿਹਾਲ ਸਿੰਘ ਵਾਲਾ (344700) | ਸ੍ਰੀ ਰਾਜਪਾਲ ਸਿੰਘ ਸਪੁੱਤਰ ਸੁਰਿੰਦਰ ਸਿੰਘ, ਪਿੰਡ ਕੁਸਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ 142055 | ਰਿਹਾਇਸ਼ੀ ਪਲਾਟ ਜਿਸ ਵਿੱਚ ਵਾਸਿਕਾ ਨੰਬਰ 1315 ਮਿਤੀ 27-09-2013 ਹੈ, 17 ਮਰਲੇ (510 ਵਰਗ ਗਜ਼) ਦਾ 17/1160 ਹਿੱਸਾ 58 ਕਨਾਲ ਖ਼ੇਤਰ ਨੰ. 1//16(8-0), 17(8-0) 18/(3-19) 23/3(1-4) 24- (8-0) 25(8-0) 2//20/2(2-8) 20/3/1(0-8) 20/3/2 (2-8), 71//25/2(0-13) 79//5(7-0) 6/1(6-0) 6/2(2-0), ਪਿੰਡ ਕੁੱਸਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਵਿਖੇ ਸਥਿਤ ਹੈ। ਪੂਰਬ: ਰਾਮ ਜੀ ਦਾਸ, ਪੱਛਮ: ਗੁਰਦੇਵ ਰਾਮ, ਉੱਤਰ: ਪ੍ਰੀਤਮ ਦਾਸ, ਦੱਖਣ: ਪਾਸਾ। | ੳ. 30.10.2018, ਅ. ਰੁ. 8,25,072.86/- ਜਮ੍ਹਾਂ 01.10.2018 ਤੋਂ ਪ੍ਰਭਾਵੀ ਭਾਵੀ ਵਿਆਜ ਅਤੇ ਬੈਂਕ ਵੱਲੋਂ ਲਾਗੂ ਫੀਸਾਂ, ਮਨਫੀ ਪ੍ਰਾਪਤ ਵਸੂਲੀ, ਜੇਕਰ ਕੋਈ ਹੋਵੇ। ੲ. 11.11.2020, ਸ. ਸੰਕੇਤਕ ਕਬਜ਼ਾ। | Rs. 26,05,000/- / Rs. 2,60,500/- / Rs. 26,050/- | 29.08.2025 11.00AM TO 04.00PM | |
| 5. | ਸੀਮਾ ਸੁਪਤਨੀ ਪ੍ਰੇਮ ਬੀ/ਓ ਫਿਰੋਜ਼ਪੁਰ ਮੋਚੀ ਬਜ਼ਾਰ (029910) | 1. ਸੀਮਾ ਪਤਨੀ ਪ੍ਰੇਮ ਭਾਰਤ ਨਗਰ ਗਲੀ ਮੱਸਾ ਸਿੰਘ ਵਾਲੀ ਫਿਰੋਜ਼ਪੁਰ-152001। 2. ਪ੍ਰੇਮ ਪੁੱਤਰ ਪ੍ਰੇਮ ਭਾਰਤ ਨਗਰ ਗਲੀ ਮੱਸਲ ਸਿੰਘ ਵਾਲੀ ਫਿਰੋਜ਼ਪੁਰ-152001 | ਵਸੀਕਾ ਨੰਬਰ 1937 ਮਿਤੀ 17-09-2020 ਦੇ ਅਧੀਨ ਸੀਮਾ ਪਤਨੀ ਪ੍ਰੇਮ ਦੇ ਨਾਮ 'ਤੇ 5 ਮਰਲੇ (28.5 ⊘ 47.5 ਫੁੱਟ) ਮਾਪਿਆ ਜਾਣ ਵਾਲਾ ਰਿਹਾਇਸ਼ੀ ਘਰ ਰੈਕਟ ਨੰ. 160/ ਕਿਲਾ ਨੰਬਰ 7/1(3-11),7/3/1 (0-9) 14/2/1(0-5 45/765 ਹਿੱਸਾ 4 ਕਨਾਲ 5 ਮਰਲੇ ਭਾਰਤ ਨਗਰ ਫਿਰੋਜ਼ਪੁਰ ਵਿਖੇ ਸਥਿਤ ਸੀਮਾ ਹੇਠ ਲਿਖੇ ਅਨੁਸਾਰ ਹੈ: ਉੱਤਰ: ਬਲਦੇਵ ਸਿੰਘ, ਦੱਖਣ: ਗਲੀ, ਪੂਰਬ: ਜੱਗਾ, ਪੱਛਮ: ਗੁਰਪ੍ਰੀਤ। | ੳ. 26.12.2022, ਅ. ਰੁ. 5,12,528.41/- ਜਮ੍ਹਾਂ 26.12.2022 ਤੋਂ ਪ੍ਰਭਾਵੀ ਭਾਵੀ ਵਿਆਜ ਅਤੇ ਬੈਂਕ ਵੱਲੋਂ ਲਾਗੂ ਫੀਸਾਂ, ਮਨਫੀ ਪ੍ਰਾਪਤ ਹੋਈ ਵਸੂਲੀ, ਜੇਕਰ ਕੋਈ ਹੋਵੇ। ੲ. 23.03.2023, ਸ. ਸੰਕੇਤਕ ਕਬਜ਼ਾ। | Rs. 10,90,000/- / Rs. 1,09,000/- / Rs. 10,900/- | 29.08.2025 11.00AM TO 04.00PM | ਜਾਣੂ ਨਹੀਂ |
| 6. | ਸ੍ਰੀ ਸੁਭਾਸ਼ ਚੰਦਰ ਸ਼ਾਖਾ ਦਫ਼ਤਰ ਬਾਘਾ ਪੁਰਾਣਾ (63710) | ਸ੍ਰੀ ਸੁਭਾਸ਼ ਚੰਦਰ ਪੁੱਤਰ ਸ੍ਰੀ ਰਾਮਜੀ ਲਾਲ, ਗਲੀ ਸਾਹਮਣੇ ਛੱਤਾ ਖੂਹ, ਮੰਡੀਆਂ ਰੋਡ, ਬਾਘਾ ਪੁਰਾਣਾ | ਮਿਉਂਸਪਲ ਕਮੇਟੀ ਨੰ. ਬੀ.3/1860 ਵਾਲੀ 5 ਮਰਲੇ ਦੀ ਜਾਇਦਾਦ ਦਾ ਸਾਰਾ ਹਿੱਸਾ ਅਤੇ ਹੁਣ ਇਹ ਜਾਇਦਾਦ ਮਿਉਂਸਪਲ ਕਮੇਟੀ ਨੰ. ਬੀ.5/3314 (ਨੋਟੀਫਾਈਡ ਏਰੀਆ ਕਮੇਟੀ, ਬਾਘਾ ਪੁਰਾਣਾ) ਨੇੜੇ ਛੱਤ ਖੂਹ, ਮੰਦਰ ਰੋਡ ਵਿਖੇ ਸਥਿਤ ਹੈ।, ਬਾਘਾ ਪੁਰਾਣਾ, ਤਹਿਸੀਲ ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ ਦੇ ਨਾਮ 'ਤੇ ਵਿਕਰੀ ਡੀਡ ਨੰਬਰ 3459 ਮਿਤੀ 17.11.2004 ਅਨੁਸਾਰ। ਸੁਭਾਸ਼ ਚੰਦਰ ਪੁੱਤਰ ਰਾਮਜੀ ਲਾਲ, ਓਰੀਐਂਟਲ ਬੈਂਕ ਆਫ ਕਾਮਰਸ, ਬਾਘਾ ਪੁਰਾਣਾ ਕੋਲ ਗਿਰਵੀ ਰੱਖਿਆ ਹੋਇਆ ਹੈ ਅਤੇ ਹੇਠ ਲਿਖੇ ਅਨੁਸਾਰ ਸੀਮਾ: ਪੂਰਬ: ਸ੍ਰੀ ਹਰੀ ਸਿੰਘ, ਪੱਛਮ: ਸ੍ਰੀ ਗੁਰਨਾਮ ਸਿੰਘ, ਉੱਤਰ: ਗਲੀ, ਦੱਖਣੀ: ਸ੍ਰੀ ਦਲੀਪ ਸਿੰਘ | ੳ. 03.02.2014, ਅ. ਰੁ. 5,70,733/- ਜਮ੍ਹਾਂ 03.02.2014 ਤੋਂ ਪ੍ਰਭਾਵੀ ਭਾਵੀ ਵਿਆਜ + ਹੋਰ ਫੀਸਾਂ - ਵਸੂਲੀ, ਜੇਕਰ ਕੋਈ ਹੈ। ੲ. 25.01.2021, ਸ. ਸੰਕੇਤਕ ਕਬਜ਼ਾ | Rs. 7,52,000/- / Rs. 75,200/- / Rs. 7,520/- | 29.08.2025 11.00AM TO 04.00PM | ਜਾਣੂ ਨਹੀਂ |

**ਈ-ਨਿਲਾਮੀ ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ**

ਵਿਕਰੀ, ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਵਿਚ ਪ੍ਰਸਤਾਵਿਤ ਨਿਯਮ ਅਤੇ ਸ਼ਰਤਾਂ ਅਤੇ ਨਿਮਨਲਿਖਤ ਹੋਰ ਸ਼ਰਤਾਂ ਨਾਲ ਸਬੰਧਤ ਹੋਵੇਗੀ:
1. ਸੰਪੱਤੀਆਂ 'ਜਿਵੇਂ ਹੈ ਜਿਥੇ ਹੈ ਆਧਾਰ', 'ਜਿਵੇਂ ਹੈ ਜੋ ਹੈ ਆਧਾਰ' ਅਤੇ "ਜੋ ਵੀ ਉਥੇ ਹੈ ਆਧਾਰ" 'ਤੇ ਵੇਚੀਆਂ ਜਾ ਰਹੀਆਂ ਹਨ।
2. ਉਕਤ ਦਰਸਾਈ ਸੂਚੀ ਵਿਚ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਲਈ ਦਰਸਾਏ ਗਏ ਹਨ, ਪ੍ਰੰਤੂ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ।
3. ਵਿਕਰੀ ਨਿਮਨ ਹਸਤਾਖ਼ਰੀ ਵੱਲੋਂ ਈ ਨਿਲਾਮੀ ਪਲੇਟਫਾਰਮ ਲਈ ਉਪਲਬਧ ਵੈਬਸਾਈਟ **https://baanknet.com** 'ਤੇ 29.08.2025 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਦੇ ਵਿਚਕਾਰ ਕੀਤੀ ਜਾਵੇਗੀ।
4. ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ **https://baanknet.com** ਅਤੇ **www.pnbindia.in** ਦਾ ਹਵਾਲਾ ਲਓ।

ਮਿਤੀ : 02.08.2025    ਸਥਾਨ : ਮੋਗਾ    ਅਧਿਕਾਰਤ ਅਧਿਕਾਰੀ



ਇੰਡੀਅਨ ਬੈਂਕ Indian Bank ਇਲਾਹਾਬਾਦ ALLAHABAD

ਜ਼ੋਨਲ ਦਫ਼ਤਰ, ਐਸਸੀਓ 49-50, ਦੂਜੀ ਮੰਜ਼ਿਲ, ਬੈਂਕ ਸਕੁਏਅਰ, ਸੈਕਟਰ 17-ਬੀ, ਚੰਡੀਗੜ੍ਹ-160017, ਫੋਨ : 0172-5033791,
E-MAIL: zochandigarh@indianbank.co.in

**ਈ-ਨਿਲਾਮੀ ਵਿਕਰੀ ਸੂਚਨਾ**

**ਅਚੱਲ ਸੰਪੱਤੀ ਦੀ ਵਿਕਰੀ ਲਈ ਵਿਕਰੀ ਸੂਚਨਾ**

**ਈ-ਨਿਲਾਮੀ ਦੀ ਮਿਤੀ : 20.08.2025 (ਬੁੱਧਵਾਰ) ਸਵੇਰੇ 11.00 ਵਜੇ ਤੋਂ ਸ਼ਾਮ 05.00 ਵਜੇ ਤੱਕ**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਬਾਰੇ ਈ-ਨਿਲਾਮੀ ਵਿਕਰੀ ਸੂਚਨਾ।** ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀਆਂ, ਜਿਸ ਦਾ **ਸੰਕੇਤਕ/ਭੌਤਿਕ ਕਬਜ਼ਾ ਇੰਡੀਅਨ ਬੈਂਕ** ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਲਿਖਤ ਕਰਜ਼ਦਾਰ ਤੋਂ ਇੰਡੀਅਨ ਬੈਂਕ, ਸੁਰੱਖਿਅਤ ਕਰਜ਼ਦਾਤਾ ਵੱਲ ਬਕਾਏ ਦੀ ਵਸੂਲੀ ਲਈ 20.08.2025 ਨੂੰ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ ਆਧਾਰ"** ਅਤੇ **"ਜੋ ਵੀ ਉਥੇ ਹੈ ਅਧਾਰ"** 'ਤੇ ਕੀਤੀ ਜਾਵੇਗੀ। **ਰਾਖਵੀਂ ਕੀਮਤ ਅਤੇ ਬਿਆਨਾ ਰਕਮ ਰਾਸ਼ੀ ਨਿਮਨ ਸਬੰਧਤ ਕਾਲਮ ਵਿਚ ਦਰਸਾਈ ਗਈ ਹੈ :-**

| ਕਰਜ਼ਦਾਰ (ਾਂ)/ਜ਼ਾਮਨਾ (ਾਂ) ਦਾ ਨਾਮ | ਅਚੱਲ ਸੰਪਤੀ/ਆਂ ਦਾ ਵੇਰਵਾ | ਸੁਰੱਖਿਅਤ ਕਰਜ਼ੇ ਦੀ ਰਕਮ | ਰਾਖਵੀਂ ਕੀਮਤ | ਬਿਆਨਾ ਰਕਮ / ਸੰਪੱਤੀ ਆਈਡੀ ਨੰ. |
|---|---|---|---|---|
| **ਸ਼ਾਖਾ: ਅਰਬਨ ਅਸਟੇਟ ਪਟਿਆਲਾ- II** ਕਰਜ਼ਦਾਰ(ਾਂ) /ਗਿਰਵੀਕਾਰ (ਾਂ):- (1) ਸ਼੍ਰੀ ਗੋਬਿੰਦ ਸਿੰਘ ਪੁੱਤਰ ਸ਼੍ਰੀ ਸਰਦਾਰਾ ਸਿੰਘ, ਪਤਾ:- ਮਕਾਨ ਨੰਬਰ 328/2, ਨਵੀਂ ਬਸਤੀ ਬਡੂੰਗਰ, ਪਟਿਆਲਾ 147001, ਪਤਾ:- ਪਲਾਟ ਨੰਬਰ 9-ਸੀ, ਜੈ ਜਵਾਨ ਕਲੋਨੀ, ਬਡੂੰਗਰ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਪੰਜਾਬ 147001 'ਤੇ ਸਥਿਤ ਮਕਾਨ। ਜ਼ਾਮਨ:- ਸ਼੍ਰੀਮਤੀ ਸ਼ੀਲਾ ਦੇਵੀ ਪਤਨੀ ਸ਼੍ਰੀ ਸਰਦਾਰਾ ਸਿੰਘ, ਪਤਾ:- ਮਕਾਨ ਨੰਬਰ 328/2, ਨਵੀਂ ਬਸਤੀ ਬਡੂੰਗਰ, ਪਟਿਆਲਾ - 147001 | ਖੇਵਟ ਨੰਬਰ 439, ਖਟੌਨੀ ਨੰਬਰ 1358, ਖਸਰਾ ਨੰਬਰ 414(6-18), 974/417/2(2-3-10), 1011/420(1-12) ਕਿਤੇ 3 ਮਾਪ 10 ਬਿਘੇ 13 ਬਿਸਵੇ 10 ਬਿਸਵਾਸੀਆਂ ਵਿੱਚ ਸ਼ਾਮਲ ਜ਼ਮੀਨ 'ਤੇ ਰਿਹਾਇਸ਼ੀ ਪਲਾਟ ਅਤੇ ਉਸ 'ਤੇ ਉਸਾਰੀ ਦੇ ਸਾਰੇ ਹਿੱਸੇ ਦੀ ਬਰਾਬਰ ਗਿਰਵੀਨਾਮਾ, ਜਿਸ ਵਿੱਚੋਂ 0-3 ਬਿਸਵੇ ਮਾਪ 6/427 ਹਿੱਸਾ ਕੁੱਲ 143 ਵਰਗ ਗਜ਼ ਹੈ, ਸਾਲ 2018-19 ਲਈ ਪ੍ਰਤੀ ਜਮ੍ਹਾਂਬੰਦੀ ਵਿਕਰੀ ਡੀਡ ਨੰਬਰ 6643 ਮਿਤੀ 19.07.2021 ਨੂੰ ਜੈ ਜਵਾਨ ਕਲੋਨੀ, ਬਡੂੰਗਰ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ, ਪੰਜਾਬ ਵਿਖੇ ਰਜਿਸਟਰਡ ਹੈ। ਹੇਠ ਲਿਖੇ ਅਨੁਸਾਰ ਸੀਮਾ:- ਪੂਰਬ: ਸੜਕ 20' ਚੌੜੀ ਬਹੀ 15'; ਪੱਛਮ: ਖੁੱਲ੍ਹਾ ਪਲਾਟ, ਬਹੀ 34'6"; ਉੱਤਰ: ਖੁੱਲ੍ਹਾ ਪਲਾਟ, ਬਹੀ 23'; ਦੱਖਣ: ਆਸਰਾ ਹਰਭਜਨ ਕੌਰ, ਬਹੀ 54'6" - (ਸੰਕੇਤਕ ਕਬਜ਼ਾ) | ਰੁ. 15,98,733/- (ਰੁਪਏ ਪੰਦਰਾਂ ਲੱਖ ਅਠਾਨਵੇਂ ਹਜ਼ਾਰ ਸੱਤ ਸੌ ਤੇਤੀ ਕੇਵਲ) 08.01.2025 ਦੇ ਅਨੁਸਾਰ ਅਗਲੇਰੇ ਵਿਆਜ, ਲਾਗਤਾਂ, ਹੋਰ ਫੀਸਾਂ ਅਤੇ ਖਰਚਿਆਂ ਸਮੇਤ। | ਰੁ. 20,82,000/- (ਰੁਪਏ ਵੀਹ ਲੱਖ ਬਿਆਸੀ ਹਜ਼ਾਰ ਕੇਵਲ) | Rs. 2,08,200/- (ਰੁਪਏ ਦੋ ਲੱਖ ਅੱਠ ਹਜ਼ਾਰ ਦੋ ਸੌ ਕੇਵਲ) / IDIB30405262657 |
| **ਸ਼ਾਖਾ: ਅਰਬਨ ਅਸਟੇਟ ਪਟਿਆਲਾ- II** ਕਰਜ਼ਦਾਰ (ਾਂ) :- ਮਨਪ੍ਰੀਤ ਕੌਰ ਪਤਨੀ ਰਵਿੰਦਰ ਸਿੰਘ, ਪਤਾ:- ਸੰਤ ਹਜ਼ਾਰਾ ਸਿੰਘ ਨਗਰ, ਨੇੜੇ ਨਰਾਇਣ ਪਬਲਿਕ ਸਕੂਲ, ਪਿੰਡ ਸਨੌਰ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ - 147001। ਜ਼ਾਮਨ :- ਸ਼੍ਰੀ ਰਵਿੰਦਰ ਸਿੰਘ ਪੁੱਤਰ ਸ਼੍ਰੀ ਜਸਵੰਤ ਸਿੰਘ, ਪਤਾ:- 362/7, ਜੱਟਾਂ ਵਾਲਾ ਛੰਤਰਾ, ਪਟਿਆਲਾ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ। | ਸੰਤ ਹਜ਼ਾਰਾ ਸਿੰਘ ਨਗਰ, ਰਕਬਾ ਅਤੇ ਪਿੰਡ ਸਨੌਰ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ, ਪੰਜਾਬ ਵਿਖੇ ਜਾਇਦਾਦ ਦੇ ਸਾਰੇ ਹਿੱਸਿਆਂ ਦਾ ਬਰਾਬਰ ਗਿਰਵੀਨਾਮਾ, ਵਿਕਰੀ ਡੀਡ ਨੰਬਰ 5335 ਮਿਤੀ 07.01.2019, ਸਾਲ 2013-14 ਦੀ ਜਮ੍ਹਾਂਬੰਦੀ ਅਨੁਸਾਰ, 1 ਖੇਵਟ ਨੰਬਰ 1763, ਖਤੌਨੀ ਨੰਬਰ 2514, ਖਸਰਾ ਨੰਬਰ 136//5/1 ਮਿਨ (4-0) ਜਿਸਦਾ ਮਾਪ 2 ਮਰਲਾ ਜਾਂ 75.55 ਸੀਨੀਅਰ ਗਜ਼ (1/32) ਹੈ, ਮਨਪ੍ਰੀਤ ਕੌਰ ਪਤਨੀ ਸ਼੍ਰੀ ਰਵਿੰਦਰ ਸਿੰਘ ਦੇ ਨਾਮ 'ਤੇ ਖਸਰਾ ਨੰਬਰ। ਵਿਕਰੀ ਡੀਡ ਅਨੁਸਾਰ ਹੇਠ ਲਿਖੇ ਅਨੁਸਾਰ ਸੀਮਾਬੱਧ:- ਪੂਰਬ: ਖਾਲੀ ਪਲਾਟ ਬਹੀ 42 ਫੁੱਟ 6 ਇੰਚ; ਪੱਛਮ: ਖਾਲੀ ਪਲਾਟ, ਬਹੀ 42 ਫੁੱਟ 6 ਇੰਚ; ਉੱਤਰ: ਸੜਕ 20 ਫੁੱਟ ਚੌੜੀ, ਬਹੀ 16 ਫੁੱਟ; ਦੱਖਣ: ਖਾਲੀ ਪਲਾਟ, 16 ਫੁੱਟ - (ਭੌਤਿਕ ਕਬਜ਼ਾ) | ਰੁ. 16,88,689/- (ਰੁਪਏ ਸੋਲਾਂ ਲੱਖ ਅਠਾਸੀ ਹਜ਼ਾਰ ਛੇ ਸੌ ਉਣਾਨਵੇਂ ਕੇਵਲ) 28.01.2021 ਦੇ ਅਨੁਸਾਰ ਅਗਲੇਰੇ ਵਿਆਜ, ਲਾਗਤਾਂ, ਹੋਰ ਫੀਸਾਂ ਅਤੇ ਖਰਚਿਆਂ ਸਮੇਤ। | Rs. 15,30,000/- (ਰੁਪਏ ਪੰਦਰਾਂ ਲੱਖ ਤੀਹ ਹਜ਼ਾਰ ਕੇਵਲ) | Rs. 1,53,000/- (ਰੁਪਏ ਇੱਕ ਲੱਖ ਤਰਵੰਜਾ ਹਜ਼ਾਰ ਕੇਵਲ) / IDIB30279699799 |

ਬੈਂਕ ਦੀ ਵੈਬਸਾਈਟ | ਈ-ਨਿਲਾਮੀ ਵੈਬਸਾਈਟ | ਦਸਤਾਵੇਜ਼ (ਵਿਕਰੀ ਸੂਚਨਾ) | ਸੰਪੱਤੀ ਦਾ ਸਥਾਨ | ਸੰਪੱਤੀ ਦੀ ਤਸਵੀਰ

**ਈ-ਨਿਲਾਮੀ ਸਰਵਿਸ ਪ੍ਰੋਵਾਇਡਰ ਪਲੇਟਫਾਰਮ ਵਿਖੇ ਈ-ਨਿਲਾਮੀ ਮਿਤੀ ਅਤੇ ਸਮਾਂ https://baanknet.com**
**20.08.2025 (ਬੁੱਧਵਾਰ) ਸਵੇਰੇ 11.00 ਵਜੇ ਤੋਂ ਸ਼ਾਮ 05.00 ਵਜੇ ਤੱਕ (ਵਿਕਰੀ ਦੇ ਮੁਕੰਮਲ ਹੋਣ ਤੱਕ ਹਰ ਵਾਰ 10 ਮਿੰਟਾਂ ਦੇ ਅਸੀਮਿਤ ਵਾਧੇ ਸਮੇਤ)**

**ਦਸਤਾਵੇਜ਼ਾਂ ਦੀ ਜਾਂਚ :- 05.08.2025 ਤੋਂ 19.08.2025 ਤੱਕ ਸਵੇਰੇ 10.00 ਵਜੇ ਤੋਂ ਸ਼ਾਮ 04.00 ਵਜੇ ਦੇ ਵਿਚਾਲੇ**
**ਬਿਆਨਾ ਰਕਮ ਰਾਸ਼ੀ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ : 20.08.2025 (ਭਾਵ ਈ-ਨਿਲਾਮੀ ਦੀ ਮਿਤੀ ਅਤੇ ਈ-ਨਿਲਾਮੀ ਤੋਂ ਪਹਿਲਾਂ ਅਤੇ ਪੋਰਟਲ ਵਿਚ ਸਮਾਪਤੀ ਦੇ ਸਮੇਂ ਤੱਕ)**

ਵਧੇਰੇ ਵੇਰਵਿਆਂ ਅਤੇ ਨਿਯਮ ਅਤੇ ਸ਼ਰਤਾਂ ਦੇ ਲਈ ਸੰਪੱਤੀ/ਆਂ ਲਈ ਸੰਪਰਕ ਕਰੋ :-
ਸ਼ਾਖਾ- ਅਰਬਨ ਅਸਟੇਟ, ਫੇਜ਼-2, ਪਟਿਆਲਾ-ਸੰਪਰਕ ਵਿਅਕਤੀ-ਸ਼੍ਰੀ ਪੰਕਜ ਸ਼ਰਮਾ, ਮੋਬ. : 7837994315

ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਆਨਲਾਈਨ ਬੋਲੀ ਵਿੱਚ ਭਾਗ ਲੈਣ ਲਈ ਸਾਡੇ ਨਿਲਾਮੀ ਸਰਵਿਸ ਪ੍ਰੋਵਾਈਡਰ **ਪੀਐਸਬੀ ਅਲਾਇੰਸ ਪ੍ਰਾ. ਲਿਮ.** ਦੀ ਵੈਬਸਾਈਟ **https://baanknet.com** ਨੂੰ ਦੇਖੋ। ਰਜਿਸਟ੍ਰੇਸ਼ਨ ਸਟੇਟਸ ਲਈ ਅਤੇ ਬਿਆਨਾ ਰਕਮ ਦੇ ਸਟੇਟਸ ਲਈ ਕਿਰਪਾ ਕਰਕੇ **support.baanknet@psballiance.com** 'ਤੇ ਈਮੇਲ ਕਰੋ। ਸੰਪਤੀ ਦਾ ਵੇਰਵਾ ਅਤੇ ਸੰਪਤੀ ਦੇ ਫੋਟੋਗ੍ਰਾਫ ਅਤੇ ਨਿਲਾਮੀ ਦੇ ਨਿਯਮ ਅਤੇ ਸ਼ਰਤਾਂ ਲਈ ਕਿਰਪਾ ਕਰਕੇ **https://www.ebrkary.in** 'ਤੇ ਜਾਓ ਅਤੇ ਇਸ ਪੋਰਟਲ ਨਾਲ ਸੰਬੰਧਤ ਸਪਸ਼ਟੀਕਰਨ ਲਈ ਕਿਰਪਾ ਕਰਕੇ **ਪੀਐਸਬੀ ਅਲਾਇੰਸ ਪ੍ਰਾ. ਲਿਮ., ਸੰਪਰਕ ਨੰਬਰ** 8291220220 'ਤੇ ਸੰਪਰਕ ਕਰੋ। ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਵੈਬਸਾਈਟ **https://baanknet.com** ਵਿਚ ਸੰਪੱਤੀ ਲਈ ਭਾਲ ਕਰਦੇ ਸਮੇਂ ਉਕਤ ਦਰਸਾਏ **ਸੰਪਤੀ ਆਈਡੀ ਨੰਬਰ** ਦੀ ਵਰਤੋਂ ਕਰੋ।

ਮਿਤੀ : 02.08.2025    ਸਥਾਨ : ਚੰਡੀਗੜ੍ਹ    ਅਧਿਕਾਰਤ ਅਧਿਕਾਰੀ



**ਭਾਰਤੀ ਥਲ ਸੈਨਾ**
**JOIN INDIAN ARMY AS AN OFFICER**
**www.joinindianarmy.nic.in**

**ਅਧਿਕਾਰੀ ਇੰਦਰਾਜ**

1. ਹੇਠ ਲਿਖੇ ਕੋਰਸਾਂ ਲਈ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ:-
(ੳ) 123ਵਾਂ ਸ਼ਾਰਟ ਸਰਵਿਸ ਕਮਿਸ਼ਨ ਜੇ.ਏ.ਜੀ. ਕੋਰਸ ਅਪ੍ਰੈਲ 2026 ਪੁਰਸ਼ ਉਮੀਦਵਾਰਾਂ ਲਈ ਜੋ ਕਾਨੂੰਨ ਵਿੱਚ ਗ੍ਰੈਜੂਏਟ ਹਨ।
(ਅ) 123ਵਾਂ ਸ਼ਾਰਟ ਸਰਵਿਸ ਕਮਿਸ਼ਨ ਜੇ.ਏ.ਜੀ. ਕੋਰਸ ਅਪ੍ਰੈਲ 2026 ਮਹਿਲਾ ਉਮੀਦਵਾਰਾਂ ਲਈ ਜੋ ਕਾਨੂੰਨ ਵਿੱਚ ਗ੍ਰੈਜੂਏਟ ਹਨ।
(ੲ) 123ਵਾਂ ਸ਼ਾਰਟ ਸਰਵਿਸ ਕਮਿਸ਼ਨ ਐਨ.ਸੀ.ਸੀ. ਸਪੈਸ਼ਲ ਰਿਕਰੂਟਮੈਂਟ ਕੋਰਸ (ਪੁਰਸ਼) (ਲੜਾਈ ਵਿੱਚ ਹੋਏ ਹਾਦਸੇ ਵਿੱਚ ਸੇਵਾ ਕਰਮਚਾਰੀਆਂ ਦੇ ਆਸ਼ਰਿਤਾਂ ਸਮੇਤ) ਅਪ੍ਰੈਲ 2026 ਲਈ।
(ਸ) 123ਵਾਂ ਸ਼ਾਰਟ ਸਰਵਿਸ ਕਮਿਸ਼ਨ ਐਨ.ਸੀ.ਸੀ. ਅਪ੍ਰੈਲ 2026 ਲਈ ਵਿਸ਼ੇਸ਼ ਭਰਤੀ ਕੋਰਸ (ਔਰਤਾਂ) (ਜੰਗੀ ਸ਼ਹੀਦਾਂ ਦੇ ਆਸ਼ਰਿਤਾਂ ਸਮੇਤ)।

**2. ਆਨਲਾਈਨ ਅਰਜ਼ੀਆਂ ਹੇਠ ਲਿਖੇ ਸਮੇਂ ਤੱਕ ਖੁੱਲ੍ਹੀਆਂ ਰਹਿਣਗੀਆਂ:-**

| | | |
|---|---|---|
| (ੳ) ਜੇ ਏ ਜੀ ਕੋਰਸ | - ਪੁਰਸ਼ | - 04 ਅਗਸਤ ਤੋਂ 03 ਸਤੰਬਰ 2025 |
| (ਅ) ਜੇ ਏ ਜੀ ਕੋਰਸ | - ਮਹਿਲਾ | - 05 ਅਗਸਤ ਤੋਂ 04 ਸਤੰਬਰ 2025 |
| (ੲ) ਐਨਸੀਸੀ ਵਿਸ਼ੇਸ਼ ਭਰਤੀ ਕੋਰਸ | - ਪੁਰਸ਼ | - 11 ਅਗਸਤ ਤੋਂ 10 ਸਤੰਬਰ 2025 |
| (ਸ) ਐਨਸੀਸੀ ਵਿਸ਼ੇਸ਼ ਭਰਤੀ ਕੋਰਸ | - ਮਹਿਲਾ | - 12 ਅਗਸਤ ਤੋਂ 11 ਸਤੰਬਰ 2025 |

**OFFICER ENTRIES**

1. Applications are invited for the following courses:-
(a) 123rd Short Service Commission JAG Entry Scheme Course (Men) Apr 2026 course for Law Graduates.
(b) 123rd Short Service Commision JAG Entry Scheme Course (Women) Apr 2026 course for Law Graduates
(c) 123rd Short Service Commision NCC Special Entry Scheme Course Apr 2026 for Men (including Wards of Battle Casualties of Army personnel)
(d) 123rd Short Service Commision NCC Special Entry Scheme Course Apr 2026 for Women (including Wards of Battle Casualties of Army personnel)

2. Online applications will open as under:-

| | | |
|---|---|---|
| (a) JAG Course | Men | 04 Aug to 03 Sep 2025 |
| (b) JAG Course | Women | 05 Aug to 04 Sep 2025 |
| (c) NCC (Special) Course | Men | 11 Aug to 10 Sep 2025 |
| (d) NCC (Special) Course | Women | 12 Aug to 11 Sep 2025 |

ਨੋਟ :-
1. ਸੈਨਾ ਵਿਚ ਭਰਤੀ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਮੁਫ਼ਤ ਹੈ। ਦਲਾਲਾਂ ਤੋਂ ਸਾਵਧਾਨ ਰਹੋ।
2. ਵਿਸਥਾਰਤ ਨੋਟੀਫਿਕੇਸ਼ਨ ਅਤੇ ਜਾਣਕਾਰੀ ਦੇ ਲਈ, ਕਿਰਪਾ ਕਰਕੇ **www.joinindianarmy.nic.in** 'ਤੇ ਜਾਓ।

Note :-
1. Recruitment in the Army is totally transparent and free. Beware of touts.
2. For detailed Notification, please visit www.joinindianarmy.nic.in.

CBC 10601/11/0045/2526

ਰੋਜ਼ਾਨਾ ਚੜ੍ਹਦੀਕਲਾ

## ਸਿਹਤ ਖ਼ਬਰਨਾਮਾ

# ਆਟਾ ਨਹੀਂ ਸਗੋਂ ਖਾਓ ਪੁੰਗਰੀ ਕਣਕ, ਸਿਹਤ ਦੀ ਹੋ ਜਾਏਗੀ ਕਾਇਆ ਕਲਪ

ਦੁਨੀਆਂ ਦੇ ਜ਼ਿਆਦਾਤਰ ਦੇਸ਼ਾਂ ਵਿੱਚ ਕਣਕ ਦੀ ਵਰਤੋਂ ਰੋਜ਼ਾਨਾ ਖੁਰਾਕ ਵਿੱਚ ਕੀਤੀ ਜਾਂਦੀ ਹੈ। ਕਣਕ ਦੇ ਆਟੇ ਤੋਂ ਕਈ ਤਰ੍ਹਾਂ ਦੇ ਸੁਆਦੀ ਭੋਜਨ ਤਿਆਰ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਕਣਕ 'ਚ ਕੁਝ ਅਜਿਹੇ ਪੋਸ਼ਕ ਤੱਤ ਹੁੰਦੇ ਹਨ, ਜੋ ਸਰੀਰ ਲਈ ਬਹੁਤ ਫਾਇਦੇਮੰਦ ਹੁੰਦੇ ਹਨ ਪਰ ਅਸੀਂ ਤੁਹਾਨੂੰ ਇੱਥੇ ਪੁੰਗਰੀ ਕਣਕ ਦੀ ਵਰਤੋਂ ਬਾਰੇ ਦੱਸ ਰਹੇ ਹਾਂ, ਜਿਸ ਦਾ ਫਾਇਦਾ ਕਣਕ ਦੇ ਆਟੇ ਤੋਂ ਕਿਤੇ ਜ਼ਿਆਦਾ ਹੈ। ਜੇਕਰ ਤੁਸੀਂ ਵੀ ਰੋਜ਼ਾਨਾ ਆਪਣੀ ਡਾਈਟ 'ਚ ਪੁੰਗਰੀ ਹੋਈ ਕਣਕ ਦੀ ਵਰਤੋਂ ਕਰਦੇ ਹੋ ਤਾਂ ਵਜ਼ਨ ਨੂੰ ਕੰਟਰੋਲ ਕਰਨ ਦੇ ਨਾਲ-ਨਾਲ ਕਈ ਬਿਮਾਰੀਆਂ ਤੋਂ ਵੀ ਬਚਿਆ ਜਾ ਸਕਦਾ ਹੈ। ਜਿਨ੍ਹਾਂ ਲੋਕਾਂ ਦਾ ਸਰੀਰ ਦਾ ਭਾਰ ਜ਼ਿਆਦਾ ਹੈ, ਉਨ੍ਹਾਂ ਨੂੰ ਪੁੰਗਰੀ ਹੋਈ ਕਣਕ ਦਾ ਸੇਵਨ ਜ਼ਰੂਰ ਕਰਨਾ ਚਾਹੀਦਾ ਹੈ। ਹਰ ਰੋਜ਼ ਨਾਸ਼ਤੇ ਵਿਚ ਪੁੰਗਰੀ ਕਣਕ ਖਾਣ ਨਾਲ ਦਿਨ ਭਰ ਐਨਰਜੀ ਬਣੀ ਰਹਿੰਦੀ ਹੈ ਅਤੇ ਲੰਬੇ ਸਮੇਂ ਤੱਕ ਭੁੱਖ ਨਾ ਲੱਗਣ ਕਾਰਨ ਭਾਰ ਹੌਲੀ-ਹੌਲੀ ਘੱਟ ਹੋਣ ਲੱਗਦਾ ਹੈ।



**ਭਾਰ ਨੂੰ ਕੰਟਰੋਲ ਕਰੇ** : ਪੁੰਗਰੀ ਹੋਈ ਕਣਕ ਖਾਣ ਨਾਲ ਸਰੀਰ ਦਾ ਮੇਟਾਬੋਲਿਜ਼ਮ ਵਧਦਾ ਹੈ, ਜੋ ਭਾਰ ਘੱਟ ਕਰਨ 'ਚ ਮਦਦ ਕਰਦਾ ਹੈ। ਜਦੋਂ ਤੁਸੀਂ ਨਾਸ਼ਤੇ 'ਚ ਪੁੰਗਰੀ ਕਣਕ ਨੂੰ ਸ਼ਾਮਲ ਕਰਦੇ ਹੋ ਤਾਂ ਤੁਸੀਂ ਲੰਬੇ ਸਮੇਂ ਲਈ ਢਿੱਡ ਭਰਿਆ ਮਹਿਸੂਸ ਕਰਦੇ ਹੋ ਤੇ ਤੁਸੀਂ ਜ਼ਿਆਦਾ ਭੋਜਨ ਖਾਣ ਤੋਂ ਵੀ ਬੱਚ ਸਕਦੇ ਹੋ। ਇਸ ਨਾਲ ਸਰੀਰ ਦਾ ਭਾਰ ਨਹੀਂ ਵਧਦਾ ਤੇ ਸਰੀਰ ਵੀ ਤੰਦਰੁਸਤ ਰਹਿੰਦਾ ਹੈ।

**ਪਾਚਨ ਕਿਰਿਆ 'ਚ ਸੁਧਾਰ** : ਕਮਜ਼ੋਰ ਪਾਚਨ ਕਿਰਿਆ ਵਾਲੇ ਲੋਕਾਂ ਨੂੰ ਆਪਣੀ ਖੁਰਾਕ 'ਚ ਪੁੰਗਰੀ ਕਣਕ ਜ਼ਰੂਰ ਸ਼ਾਮਲ ਕਰਨੀ ਚਾਹੀਦੀ ਹੈ। ਫਾਈਬਰ ਨਾਲ ਭਰਪੂਰ ਹੋਣ ਕਾਰਨ ਪੁੰਗਰੀ ਹੋਈ ਕਣਕ ਪਾਚਨ ਕਿਰਿਆ ਨੂੰ ਠੀਕ ਰੱਖਣ 'ਚ ਮਦਦ ਕਰਦੀ ਹੈ। ਦੂਜੇ ਪਾਸੇ ਜਿਨ੍ਹਾਂ ਲੋਕਾਂ ਨੂੰ ਹਰ ਸਮੇਂ ਪਾਚਨ ਦੀ ਸਮੱਸਿਆ ਰਹਿੰਦੀ ਹੈ, ਉਨ੍ਹਾਂ ਲਈ ਪੁੰਗਰੀ ਕਣਕ ਬਹੁਤ ਵਧੀਆ ਮੰਨੀ ਜਾਂਦੀ ਹੈ।

**ਹੱਡੀਆਂ ਨੂੰ ਬਣਾਏ ਮਜ਼ਬੂਤ**: ਪੁੰਗਰੀ ਹੋਈ ਕਣਕ 'ਚ ਕੈਲਸ਼ੀਅਮ ਭਰਪੂਰ ਮਾਤਰਾ 'ਚ ਹੁੰਦੀ ਹੈ, ਜੋ ਹੱਡੀਆਂ ਨੂੰ ਮਜ਼ਬੂਤ ਬਣਾਉਣ 'ਚ ਮਦਦ ਕਰਦੀ ਹੈ।ਫਾਈਬਰ ਨਾਲ ਭਰਪੂਰ ਹੋਣ ਕਾਰਨ ਪੁੰਗਰੀ ਹੋਈ ਕਣਕ ਪਾਚਨ ਕਿਰਿਆ ਨੂੰ ਠੀਕ ਰੱਖਣ 'ਚ ਮਦਦ ਕਰਦੀ ਹੈ।

**ਫਾਈਬਰ ਜ਼ਿਆਦਾ ਹੋਣ ਕਾਰਨ ਪਾਚਨ ਕਿਰਿਆ 'ਚ ਸੁਧਾਰ ਹੁੰਦਾ** : ਜਿਨ੍ਹਾਂ ਲੋਕਾਂ ਨੂੰ ਪੇਟ ਖਰਾਬ ਹੋਣ ਦੀ ਸ਼ਿਕਾਇਤ ਰਹਿੰਦੀ ਹੈ, ਉਨ੍ਹਾਂ ਨੂੰ ਰੋਜ਼ਾਨਾ ਦੀ ਖੁਰਾਕ 'ਚ ਪੁੰਗਰੀ ਕਣਕ ਜ਼ਰੂਰ ਸ਼ਾਮਲ ਕਰਨੀ ਚਾਹੀਦੀ ਹੈ। ਪੁੰਗਰੀ ਕਣਕ ਫਾਈਬਰ ਨਾਲ ਭਰਪੂਰ ਹੁੰਦੀ ਹੈ, ਜੋ ਕਬਜ਼, ਐਸੀਡਿਟੀ, ਗੈਸ ਅਤੇ ਪਾਚਨ ਨਾਲ ਜੁੜੀਆਂ ਕਈ ਸਮੱਸਿਆਵਾਂ ਨੂੰ ਦੂਰ ਕਰਦੀ ਹੈ।



ਪਟਿਆਲਾ ਵਿਖੇ ਵੈਲਫੇਅਰ ਐਸੋਸੀਏਸ਼ਨ ਪਟਿਆਲਾ ਦਿਹਾਤੀ ਵੱਲੋਂ ਡੀ.ਐਸ.ਪੀ. ਸ੍ਰ. ਜਸਵਿੰਦਰ ਸਿੰਘ ਢੀਂਡਸਾ ਨੂੰ ਜਗਦੇਵ ਸਿੰਘ ਢੀਂਡਸਾ ਪ੍ਰਧਾਨ ਵੈਲਫੇਅਰ ਐਸੋਸੀਏਸ਼ਨ ਅਤੇ ਸਮੂਹ ਅਹੁਦੇਦਾਰਾਂ ਵੱਲੋਂ ਸਨਮਾਨਤ ਕੀਤਾ ਗਿਆ।

# ਨਾਗਲ ਜੂਨੀਅਰ ਫ੍ਰੈਂਚ ਓਪਨ ਚੈਂਪੀਅਨ ਮੈਕਡੋਨਲਡ ਤੋਂ ਹਾਰਿਆ

ਨਵੀਂ ਦਿੱਲੀ, 2 ਅਗਸਤ (ਚ.ਨ.ਸ.) : ਭਾਰਤ ਦੇ ਚੋਟੀ ਦੇ ਸਿੰਗਲ ਖਿਡਾਰੀ ਸੁਮਿਤ ਨਾਗਲ ਜਰਮਨੀ ਵਿੱਚ ਚੱਲ ਰਹੇ ਪਲੈਟਜ਼ਮੈਨ ਓਪਨ ਏਟੀਪੀ 75 ਚੈਲੇਂਜਰ ਟੂਰਨਾਮੈਂਟ ਦੇ ਪ੍ਰੀ-ਕੁਆਰਟਰ ਫਾਈਨਲ ਵਿੱਚ ਜੂਨੀਅਰ ਫ੍ਰੈਂਚ ਓਪਨ ਚੈਂਪੀਅਨ ਅਤੇ ਗੈਰ-ਦਰਜਾ ਪ੍ਰਾਪਤ ਨੀਲਸ ਮੈਕਡੋਨਲਡ ਤੋਂ ਹਾਰ ਗਏ। ਵਿਸ਼ਵ ਰੈਂਕਿੰਗ ਵਿੱਚ 307ਵੇਂ ਸਥਾਨ ਤੇ ਕਾਬਜ਼ ਨਾਗਲ ਨੂੰ ਉਸਦੇ ਦਸ ਸਾਲ ਛੋਟੇ ਵਿਰੋਧੀ ਨੇ ਦੋ ਘੰਟੇ 16 ਮਿੰਟ ਤੱਕ ਚੱਲੇ ਮੈਚ ਵਿੱਚ 6-2, 4-6, 6-4 ਨਾਲ ਹਰਾਇਆ। 17 ਸਾਲਾ ਮੈਕਡੋਨਲਡ ਨੇ ਵਾਈਲਡ ਕਾਰਡ ਰਾਹੀਂ ਖੇਡਦੇ ਹੋਏ ਨੌਂ ਵਿੱਚੋਂ ਛੇ ਬ੍ਰੇਕ ਪੁਆਇੰਟ ਬਚਾਏ ਅਤੇ ਪੰਜ ਵਾਰ ਨਾਗਲ ਦੀ ਸਰਵਿਸ ਤੋੜੀ। ਨਾਗਲ ਨੂੰ ਪ੍ਰੀ-ਕੁਆਰਟਰ ਫਾਈਨਲ ਵਿੱਚ ਪਹੁੰਚਣ ਲਈ 1535 ਯੂਰੋ ਅਤੇ ਛੇ ਰੈਂਕਿੰਗ ਅੰਕ ਮਿਲੇ। ਇਸ ਦੌਰਾਨ, ਅਮਰੀਕਾ ਵਿੱਚ ਲੈਕਸਿੰਗਟਨ ਓਪਨ ਵਿੱਚ, ਭਾਰਤ ਦੇ ਦਕਸ਼ਨੇਸ਼ਵਰ ਸੁਰੇਸ਼ ਨੂੰ ਸਥਾਨਕ ਵਾਈਲਡ ਕਾਰਡ ਧਾਰਕ ਐਲੀਅਟ ਸਪਿਜ਼ੀਰੀ ਨੇ 7-6, 6-4 ਨਾਲ ਹਰਾਇਆ। ਕਜ਼ਾਖਸਤਾਨ ਵਿੱਚ ਹੋਏ ਪ੍ਰੈਜ਼ੀਡੈਂਟ ਕੱਪ ਵਿੱਚ, ਕਰਨ ਸਿੰਘ ਕੁਆਰਟਰ ਫਾਈਨਲ ਵਿੱਚ ਇਟਲੀ ਦੇ ਅਲੈਗਜ਼ੈਂਡਰ ਬਿੰਦਾ ਤੋਂ 4-6, 4-6 ਨਾਲ ਹਾਰ ਗਿਆ।



# ਮਹਾਰਾਸ਼ਟਰ ਦੇ ਮੁੱਖ ਮੰਤਰੀ ਨੇ ਵਿਸ਼ਵ ਸ਼ਤਰੰਜ ਚੈਂਪੀਅਨ ਦਿਵਿਆ ਦੇਸ਼ਮੁਖ ਨੂੰ 3 ਕਰੋੜ ਦਾ ਦਿੱਤਾ ਇਨਾਮ

ਨਾਗਪੁਰ, 2 ਅਗਸਤ (ਚ.ਨ.ਸ.) : ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਸ਼ਨੀਵਾਰ ਨੂੰ ਇੱਥੇ 6945 ਮਹਿਲਾ ਸ਼ਤਰੰਜ ਵਿਸ਼ਵ ਕੱਪ ਚੈਂਪੀਅਨ ਦਿਵਿਆ ਦੇਸ਼ਮੁਖ ਦਾ ਸਨਮਾਨ ਕੀਤਾ ਅਤੇ ਉਸਨੂੰ 3 ਕਰੋੜ ਰੁਪਏ ਦਾ ਨਗਦ ਇਨਾਮ ਦਿੱਤਾ। ਉਨ੍ਹੀ ਸਾਲਾ ਦਿਵਿਆ 28 ਜੁਲਾਈ ਨੂੰ ਮਹਿਲਾ ਵਿਸ਼ਵ ਕੱਪ ਦਾ ਖਿਤਾਬ ਜਿੱਤਣ ਵਾਲੀ ਸਭ ਤੋਂ ਛੋਟੀ ਉਮਰ ਦੀ ਖਿਡਾਰਨ ਬਣੀ। ਉਸਨੇ ਆਖਰੀ ਟਾਈ-ਬ੍ਰੇਕਰ ਵਿੱਚ ਹਮਵਤਨ ਕੋਨੇਰੂ ਹੰਪੀ ਨੂੰ ਹਰਾਇਆ, ਇਸ ਤਰ੍ਹਾਂ ਖਿਤਾਬ ਜਿੱਤਿਆ ਅਤੇ ਗ੍ਰੈਂਡਮਾਸਟਰ ਬਣ ਗਈ।ਦਿਵਿਆ ਨਾਗਪੁਰ ਦੀ ਰਹਿਣ ਵਾਲੀ ਹੈ, ਜਿੱਥੋਂ ਮੁੱਖ ਮੰਤਰੀ ਫੜਨਵੀਸ ਵੀ ਆਉਂਦੇ ਹਨ। ਦਿਵਿਆ ਨੇ ਸ਼ਹਿਰ ਵਿੱਚ ਆਯੋਜਿਤ ਇੱਕ ਸਮਾਗਮ ਦੌਰਾਨ ਮੁੱਖ ਮੰਤਰੀ ਫੜਨਵੀਸ ਅਤੇ ਨਾਗਪੁਰ ਦੇ ਲੋਕਾਂ ਦਾ ਧੰਨਵਾਦ ਕੀਤਾ। ਉਸਨੇ ਕਿਹਾ ਕਿ ਅਜਿਹੇ ਪਲ ਜ਼ਿੰਦਗੀ ਵਿੱਚ ਬਹੁਤ ਘੱਟ ਮਿਲਦੇ ਹਨ। ਉਸਨੇ ਕਿਹਾ, ਇਹ ਮੇਰੇ ਲਈ ਬਹੁਤ ਖਾਸ ਪਲ ਹੈ। ਮੈਂ ਬਹੁਤ ਖੁਸ਼ ਹਾਂ ਕਿ ਮੈਂ ਬੱਚਿਆਂ ਲਈ ਉਤਸ਼ਾਹ ਅਤੇ ਪ੍ਰੇਰਨਾ ਦਾ ਇੱਕ ਛੋਟਾ ਜਿਹਾ ਹਿੱਸਾ ਬਣ ਸਕੀ। ਮੈਂ ਬਹੁਤ ਖੁਸ਼ ਹਾਂ। ਉਸਨੇ ਮਹਾਰਾਸ਼ਟਰ ਸਰਕਾਰ ਅਤੇ ਮਹਾਰਾਸ਼ਟਰ ਸ਼ਤਰੰਜ ਐਸੋਸੀਏਸ਼ਨ ਦਾ ਉਨ੍ਹਾਂ ਦੇ ਸਮਰਥਨ ਲਈ ਧੰਨਵਾਦ ਕੀਤਾ। ਇਸ ਤੋਂ ਬਾਅਦ, ਮੁੱਖ ਮੰਤਰੀ ਫੜਨਵੀਸ ਨੇ ਦਿਵਿਆ ਨੂੰ ਨਕਦ ਇਨਾਮ ਵਜੋਂ 3 ਕਰੋੜ ਰੁਪਏ ਦਾ ਚੈੱਕ ਸੌਂਪਿਆ ਅਤੇ ਉਸਦੇ ਭਵਿੱਖ ਦੇ ਯਤਨਾਂ ਵਿੱਚ ਸਹਾਇਤਾ ਦਾ ਭਰੋਸਾ ਦਿੱਤਾ।



# ਮਨੋਹਰ ਲਾਲ ਅਤੇ ਭੂਪੇਂਦਰ ਯਾਦਵ ਵੱਲੋਂ ਗੁਰੂਗ੍ਰਾਮ 'ਚ 'ਮਾਤਰੀ ਵਣ ਥੀਮ' ਅਧਾਰਤ ਪਹਿਲਕਦਮੀ ਦੀ ਸ਼ੁਰੂਆਤ

ਨਵੀਂ ਦਿੱਲੀ, 2 ਅਗਸਤ (ਅੰਮ੍ਰਿਤਪਾਲ ਸਿੰਘ) : ਕੇਂਦਰੀ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰੀ ਸ਼੍ਰੀ ਭੂਪੇਂਦਰ ਯਾਦਵ ਨੇ ਕੇਂਦਰੀ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ ਸ਼੍ਰੀ ਮਨੋਹਰ ਲਾਲ ਦੇ ਨਾਲ ਭਾਰਤ ਸਰਕਾਰ ਦੇ 'ਏਕ ਪੇਡ' ਮਾਂ ਕੇ ਨਾਮ ਪ੍ਰੋਗਰਾਮ ਦੇ ਤਹਿਤ ਗੁਰੂਗ੍ਰਾਮ ਵਿੱਚ ਮਾਤਰੀ ਵ ਣ ਪਹਿਲਕਦਮੀ ਦੀ ਰਸਮੀ ਸ਼ੁਰੂਆਤ ਦੀ ਪ੍ਰਧਾਨਗੀ ਕੀਤੀ। ਇਹ ਪਹਿਲਕਦਮੀ ਇੱਕ ਹਰੀ ਵਿਰਾਸਤ ਹੈ ਜੋ ਵਾਤਾਵਰਣ ਸੰਭਾਲ ਅਤੇ ਭਾਈਚਾਰਕ ਭਾਗੀਦਾਰੀ ਦਾ ਪ੍ਰਤੀਕ ਹੈ। ਇਹ ਪ੍ਰੋਗਰਾਮ ਅੱਜ ਹਰਿਆਣਾ ਜੰਗਲਾਤ ਵਿਭਾਗ ਵੱਲੋਂ ਗੁਰੂਗ੍ਰਾਮ ਵਿੱਚ ਵਣ ਮਹੋਤਸਵ 2025 ਦੇ ਤਹਿਤ ਆਯੋਜਿਤ ਕੀਤਾ ਗਿਆ। ਇਸ ਮੌਕੇ ਹਰਿਆਣਾ ਦੇ ਉਦਯੋਗ ਅਤੇ ਜੰਗਲਾਤ ਮੰਤਰੀ ਸ਼੍ਰੀ ਰਾਓ ਨਰਬੀਰ ਸਿੰਘ ਸਮੇਤ ਹੋਰ ਪਤਵੰਤੇ ਸੱਜਣਾਂ ਦੇ ਨਾਲ-ਨਾਲ ਰਾਜ ਸਰਕਾਰ ਦੇ ਸੀਨੀਅਰ ਜਨ ਪ੍ਰਤੀਨਿਧੀ ਅਤੇ ਅਧਿਕਾਰੀ ਮੌਜੂਦ ਸਨ।



ਮਾਤਰੀ ਵਣ ਪਹਿਲ - ਇੱਕ ਥੀਮ-ਅਧਾਰਤ ਸ਼ਹਿਰੀ ਜੰਗਲਾਤ ਕਵਰ ਜੋ ਕੁਦਰਤ ਤੋਂ ਪ੍ਰੇਰਿਤ ਹਰੀ ਪਹਿਲਕਦਮੀਆਂ ਰਾਹੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ਼ ਵਾਤਾਵਰਣ ਪ੍ਰਦਾਨ ਕਰਨ ਲਈ ਸਮਰਪਿਤ ਹੈ। ਇਸਨੂੰ ਗੁਰੂਗ੍ਰਾਮ-ਫਰੀਦਾਬਾਦ ਸੜਕ ਦੇ ਨਾਲ ਅਰਾਵਲੀ ਪਹਾੜੀ ਸ਼੍ਰੇਣੀ ਵਿੱਚ 750 ਏਕੜ ਦੇ ਖੇਤਰ ਵਿੱਚ ਵਿਕਸਤ ਕੀਤਾ ਜਾਵੇਗਾ। ਇਸਦੀ ਕਲਪਨਾ ਇੱਕ ਵਿਲੱਖਣ ਵਾਤਾਵਰਣ ਅਤੇ ਸੱਭਿਆਚਾਰਕ ਸਥਾਨ ਵਜੋਂ ਕੀਤੀ ਗਈ ਹੈ ਜੋ ਜੈਵ ਵਿਭਿੰਨਤਾ, ਜਨਤਕ ਭਲਾਈ ਅਤੇ ਸ਼ਹਿਰੀ ਸਥਿਰਤਾ ਵਿੱਚ ਯੋਗਦਾਨ ਪਾਏਗੀ। ਸਮਾਗਮ ਨੂੰ ਸੰਬੋਧਨ ਕਰਦੇ ਹੋਏ, ਸ਼੍ਰੀ ਮਨੋਹਰ ਲਾਲ ਨੇ ਦੱਸਿਆ ਕਿ ਕਿਵੇਂ ਕਾਰਬਨ ਨਿਕਾਸ ਮਨੁੱਖ ਜਾਤੀ ਲਈ ਸਭ ਤੋਂ ਵੱਡੀ ਵਿਸ਼ਵਵਿਆਪੀ ਚੁਣੌਤੀ ਬਣ ਗਿਆ ਹੈ। ਇਸ ਚੁਣੌਤੀ ਨਾਲ ਨਜਿੱਠਣ ਲਈ ਕਾਰਬਨ ਕੈਪਚਰ ਤਕਨਾਲੋਜੀ ਦੀ ਵਰਤੋਂ ਕਰਨ ਤੋਂ ਇਲਾਵਾ, ਉਨ੍ਹਾਂ ਨਾਗਰਿਕਾਂ ਨੂੰ ਜੰਗਲਾਂ ਦੀ ਕਟਾਈ ਰੋਕਣ ਅਤੇ ਹੋਰ ਰੁੱਖ ਲਗਾਉਣ ਲਈ ਉਤਸ਼ਾਹਿਤ ਕੀਤਾ ਤਾਂ ਜੋ ਉਹ ਜੰਗਲ ਦੇ ਦੋਸਤ ਬਣ ਸਕਣ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਿਵੇਂ ਭਾਰਤ ਦਾ ਗੈਰ-ਜੀਵਾਸ਼ਮ ਬਾਲਣ ਅਧਾਰਤ ਬਿਜਲੀ ਉਤਪਾਦਨ ਦਾ ਵਧਦਾ ਹਿੱਸਾ ਕਾਰਬਨ ਨਿਕਾਸ ਨੂੰ ਘਟਾਉਣ ਵਿੱਚ ਮੁੱਖ ਭੂਮਿਕਾ ਨਿਭਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਦੇਸ਼ ਦੇ ਊਰਜਾ ਮਿਸ਼ਰਣ ਵਿੱਚ ਨਵਿਆਉਣਯੋਗ ਊਰਜਾ ਸਰੋਤਾਂ ਦਾ ਹਿੱਸਾ ਪਹਿਲਾਂ ਹੀ 50 ਪ੍ਰਤੀਸ਼ਤ ਨੂੰ ਪਾਰ ਕਰ ਗਿਆ ਹੈ। ਇਸ ਤੋਂ ਇਲਾਵਾ, ਗੁਰੂਗ੍ਰਾਮ ਵਰਗੇ ਮਹਾਂਨਗਰਾਂ ਨੂੰ ਹਰੀਆਂ ਇਮਾਰਤਾਂ, ਜੰਗਲੀ ਜੀਵ ਸਫਾਰੀ ਰਾਹੀਂ ਈਕੋ-ਟੂਰਿਜ਼ਮ, ਥੀਮ-ਅਧਾਰਤ ਜੈਵ ਵਿਭਿੰਨਤਾ ਪਾਰਕਾਂ ਆਦਿ ਵਰਗੀਆਂ ਮੋਹਰੀ ਪਹਿਲਕਦਮੀਆਂ ਵਿੱਚ ਦੂਜਿਆਂ ਲਈ ਇੱਕ ਉਦਾਹਰਣ ਬਣਨਾ ਚਾਹੀਦਾ ਹੈ। ਆਪਣੇ ਸੰਬੋਧਨ ਵਿੱਚ, ਸ਼੍ਰੀ ਭੂਪੇਂਦਰ ਯਾਦਵ ਨੇ ਕਿਹਾ ਕਿ ਮਾਤਰੀ ਵਣ ਦਾ ਹਰਾ ਕਵਰ ਪੂਰੀ ਦਿੱਲੀ-ਐਨਸੀਆਰ ਲਈ ਦਿਲ ਅਤੇ ਫੇਫੜਿਆਂ ਵਜੋਂ ਕੰਮ ਕਰੇਗਾ। ਉਨ੍ਹਾਂ ਨੇ ਅਰਾਵਲੀ ਦੀਆਂ ਸਥਾਨਕ ਬਨਸਪਤੀ ਪ੍ਰਜਾਤੀਆਂ ਦੇ ਰੁੱਖ ਲਗਾ ਕੇ ਇਸ ਜੰਗਲੀ ਜ਼ਮੀਨ ਨੂੰ ਮਾਤਰੀ ਵਨ ਵਜੋਂ ਵਿਕਸਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਣ ਲਈ ਹਰਿਆਣਾ ਸਰਕਾਰ ਦਾ ਧੰਨਵਾਦ ਕੀਤਾ। ਇਹ ਪ੍ਰੋਜੈਕਟ ਨੌਜਵਾਨਾਂ ਅਤੇ ਬਜ਼ੁਰਗ ਨਾਗਰਿਕਾਂ ਸਮੇਤ ਆਮ ਲੋਕਾਂ ਨੂੰ ਸਿਹਤਮੰਦ ਅਤੇ ਤਣਾਅ-ਮੁਕਤ ਜੀਵਨ ਜਿਊਣ ਲਈ ਇੱਕ ਸ਼ਾਂਤ ਵਾਤਾਵਰਣ ਪ੍ਰਦਾਨ ਕਰੇਗਾ।

# ਐਨ.ਐਫ.ਡੀ.ਸੀ. ਵੱਲੋਂ ਨੌਜਵਾਨਾਂ ਲਈ ਮੁਫ਼ਤ ਰਿਹਾਇਸ਼ੀ ਵੀ.ਐਫ.ਐਕਸ ਅਤੇ ਐਨੀਮੇਸ਼ਨ ਸਿਖਲਾਈ ਦੀ ਪੇਸ਼ਕਸ਼

ਚੰਡੀਗੜ੍ਹ, 2 ਅਗਸਤ (ਅੰਮ੍ਰਿਤਪਾਲ ਸਿੰਘ) : ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੀ ਅਗਵਾਈ ਹੇਠ, ਨੈਸ਼ਨਲ ਫਿਲਮ ਡਿਵੈਲਪਮੈਂਟ ਕਾਰਪੋਰੇਸ਼ਨ ਆਫ਼ ਇੰਡੀਆ (ਐਨ.ਐਫ.ਡੀ.ਸੀ.) ਨੇ ਭਾਰਤ ਦੇ ਉੱਤਰ-ਪੂਰਬੀ ਖੇਤਰ ਦੇ ਚਾਹਵਾਨ ਪੇਸ਼ੇਵਰਾਂ ਲਈ ਵਿਸ਼ੇਸ਼ ਤੌਰ ਤੇ 34 ਐਨੀਮੇਸ਼ਨ ਅਤੇ ਵਿਜ਼ੂਅਲ ਇਫੈਕਟਸ ਵਿੱਚ ਇੱਕ ਪੂਰੀ ਤਰ੍ਹਾਂ ਰਿਹਾਇਸ਼ੀ ਸਿਖਲਾਈ ਪ੍ਰੋਗਰਾਮ ਸ਼ੁਰੂ ਕੀਤਾ ਹੈ।ਇਹ ਪ੍ਰੋਗਰਾਮ ਅੱਠ ਉੱਤਰ-ਪੂਰਬੀ ਰਾਜਾਂ ਅਰੁਣਾਚਲ ਪ੍ਰਦੇਸ਼, ਅਸਾਮ, ਮਨੀਪੁਰ, ਮੇਘਾਲਿਆ, ਮਿਜ਼ੋਰਮ, ਨਾਗਾਲੈਂਡ, ਸਿੱਕਮ ਅਤੇ ਤ੍ਰਿਪੁਰਾ ਦੇ ਸਾਰੇ ਵਿਦਿਆਰਥੀਆਂ ਲਈ ਖੁੱਲ੍ਹਾ ਹੈ। ਬਿਨੈਕਾਰਾਂ ਦੀ ਉਮਰ ਜੂਨ 2025 ਤੱਕ ਘੱਟੋ-ਘੱਟ 18 ਸਾਲ ਹੋਣੀ ਚਾਹੀਦੀ ਹੈ। ਪ੍ਰੋਗਰਾਮ ਦੇ ਸਫਲਤਾਪੂਰਵਕ ਪੂਰਾ ਹੋਣ ਤੇ, ਸਾਰੇ ਭਾਗੀਦਾਰਾਂ ਨੂੰ ਐਨ.ਐਫ.ਡੀ.ਸੀ. ਅਤੇ ਨੈਸ਼ਨਲ ਕੌਂਸਲ ਆਫ਼ ਵੋਕੇਸ਼ਨਲ ਐਜੂਕੇਸ਼ਨ ਐਂਡ ਟ੍ਰੇਨਿੰਗ ਦੁਆਰਾ ਜਾਰੀ ਕੀਤਾ ਗਿਆ ਇੱਕ ਸਾਂਝਾ ਸਰਟੀਫਿਕੇਟ ਦਿੱਤਾ ਜਾਵੇਗਾ।ਲੋੜੀਂਦੀ ਘੱਟੋ-ਘੱਟ ਯੋਗਤਾ 10+2 ਪਾਸ ਕੀਤੀ ਹੋਵੇ ਜਾਂ ਸਬੰਧਤ ਉਦਯੋਗ ਵਿੱਚ ਘੱਟੋ-ਘੱਟ ਤਿੰਨ ਸਾਲਾਂ ਦੇ ਤਜਰਬੇ ਦੇ ਨਾਲ 10ਵੀਂ ਜਮਾਤ ਪਾਸ ਕੀਤੀ ਹੋਵੇ।



ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਟੀਮ ਦੇ ਨੁਮਾਇੰਦੇ ਲੇਖਕ ਬਲਬੀਰ ਕੌਰ ਰਾਏਕੋਟੀ ਆਪਣੀ ਟੀਮ ਸਮੇਤ ਅਦਾਰਾ ਚੜ੍ਹਦੀਕਲਾ ਪੁੱਜੇ, ਜਿੱਥੇ ਉਨਾਂ ਨੂੰ 'ਪਦਮਸ੍ਰੀ' ਡਾ. ਜਗਜੀਤ ਸਿੰਘ ਦਰਦੀ ਅਤੇ ਸ. ਹਰਪ੍ਰੀਤ ਸਿੰਘ ਦਰਦੀ ਨੇ ਜੀ ਆਇਆਂ ਕਿਹਾ। (ਫੋਟੋ ਤੇ ਵੇਰਵਾ : ਰੁਪਾਣਾ/ਅਮਰਜੀਤ)

# ਪੰਜਾਬ ਐਂਡ ਸਿੰਧ ਬੈਂਕ ਨੇ ਦੇਹਲਪੁਰ ਵਿੱਖੇ ਵਿੱਤੀ ਸਮਾਵੇਸ਼ ਕੈਂਪ ਲਗਾਇਆ

ਲੁਧਿਆਣਾ/ਚੰਡੀਗੜ੍ਹ, 2 ਅਗਸਤ (ਅੰਮ੍ਰਿਤਪਾਲ ਸਿੰਘ) : ਜਨਤਕ ਖੇਤਰ ਦੇ ਮੋਹਰੀ ਬੈਂਕ ਪੰਜਾਬ ਐਂਡ ਸਿੰਧ ਬੈਂਕ ਨੇ ਦੇਹਲਪੁਰ ਪਿੰਡ ਵਿੱਚ ਇੱਕ ਤਿਮਾਹੀ ਵਿੱਤੀ ਸਮਾਵੇਸ਼ ਕੈਂਪ ਦਾ ਆਯੋਜਨ ਕੀਤਾ। ਜਿਸ ਵਿੱਚ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਵੱਖ-ਵੱਖ ਸਮਾਜਿਕ ਸੁਰੱਖਿਆ ਯੋਜਨਾਵਾਂ ਜਿਵੇਂ ਕਿ ਅਟਲ ਪੈਨਸ਼ਨ ਯੋਜਨਾ, ਪ੍ਰਧਾਨ ਮੰਤਰੀ





ਜੀਵਨ ਜਯੋਤੀ ਬੀਮਾ ਯੋਜਨਾ, ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ, ਦੇ ਨਾਲ-ਨਾਲ ਰੀ-ਕੇਵਾਈਸੀ ਅਤੇ ਡਿਜੀਟਲ ਧੋਖਾਧੜੀ ਵਰਗੇ ਵਿਸ਼ਿਆਂ 'ਤੇ ਚਰਚਾ ਕੀਤੀ ਗਈ।ਦੇਹਲਪੁਰ ਅਤੇ ਨੇੜਲੇ ਪਿੰਡਾਂ ਦੇ ਨਿਵਾਸੀਆਂ ਨੇ ਕੈਂਪ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਇਸ ਮੌਕੇ ਭਾਰਤੀ ਰਿਜ਼ਰਵ ਬੈਂਕ ਦੇ ਖੇਤਰੀ ਨਿਰਦੇਸ਼ਕ ਸ਼੍ਰੀ ਵਿਵੇਕ ਸ਼੍ਰੀਵਾਸਤਵ, ਪੰਜਾਬ ਐਂਡ ਸਿੰਧ ਬੈਂਕ ਦੇ ਕਾਰਜਕਾਰੀ ਨਿਰਦੇਸ਼ਕ ਸ਼੍ਰੀ ਰਵੀ ਮਹਿਰਾ, ਭਾਰਤੀ ਰਿਜ਼ਰਵ ਬੈਂਕ ਦੇ ਜਨਰਲ ਮੈਨੇਜਰ ਸ੍ਰੀ ਪੰਕਜ ਸੇਤੀਆ, ਪੰਜਾਬ ਐਂਡ ਸਿੰਧ ਬੈਂਕ ਦੇ ਫੀਲਡ ਜਨਰਲ ਮੈਨੇਜਰ ਸ੍ਰੀ ਚਮਨ ਲਾਲ, ਪੰਜਾਬ ਐਂਡ ਸਿੰਧ ਬੈਂਕ ਦੇ ਡਿਪਟੀ ਜਨਰਲ ਮੈਨੇਜਰ ਸ. ਕਰਮਜੀਤ ਸਿੰਘ, ਪੰਜਾਬ ਐਂਡ ਸਿੰਧ ਬੈਂਕ ਦੇ ਜ਼ੋਨਲ ਮੈਨੇਜਰ ਸ. ਕੁਲਦੀਪ ਸਿੰਘ ਅਤੇ ਸ਼੍ਰੀ ਐਮ.ਕੇ. ਭਾਰਦਵਾਜ, ਲੀਡ ਜ਼ਿਲ੍ਹਾ ਮੈਨੇਜਰ ਸ਼ਾਮਲ ਸਨ।ਬੁਲਾਰਿਆਂ ਨੇ ਵੱਖ-ਵੱਖ ਸਰਕਾਰੀ ਯੋਜਨਾਵਾਂ ਬਾਰੇ ਵਿਸਥਾਰ ਨਾਲ ਦੱਸਿਆ ਤਾਂ ਜੋ ਵੱਧ ਤੋਂ ਵੱਧ ਲੋਕ ਇਨ੍ਹਾਂ ਦਾ ਲਾਭ ਉਠਾ ਸਕਣ ਅਤੇ ਡਿਜੀਟਲ ਧੋਖਾਧੜੀ ਤੋਂ ਸੁਚੇਤ ਰਹਿਣ ਅਤੇ ਆਪਣੇ ਆਪ ਨੂੰ ਬਚਾਉਣ ਬਾਰੇ ਜਾਣਕਾਰੀ ਸਾਂਝੀ ਕੀਤੀ।ਪੰਜਾਬ ਐਂਡ ਸਿੰਧ ਬੈਂਕ ਨੇ ਪਿੰਡ ਦੇ ਪਤਵੰਤਿਆਂ ਦਾ ਨਿੱਘਾ ਸਵਾਗਤ ਕੀਤਾ ਅਤੇ ਸਨਮਾਨਿਤ ਕੀਤਾ ਜਿਨ੍ਹਾਂ ਵਿੱਚ ਦੇਹਲਪੁਰ ਦੀ ਸਰਪੰਚ ਸਿਮਰਨਪ੍ਰੀਤ ਕੌਰ, ਦੇਹਲਪੁਰ ਦੇ ਪੰਚ ਕੁਲਵੰਤ ਸਿੰਘ ਅਤੇ ਸੁਖਬੀਰ ਕੌਰ, ਪਿੰਡ ਗੁਡਾਣਾ ਦੇ ਸਰਪੰਚ ਗੁਰਜੰਟ ਸਿੰਘ ਅਤੇ ਪਿੰਡ ਬਠਲਾਣਾ ਦੇ ਸਰਪੰਚ ਹਰਪਾਲ ਸਿੰਘ ਸ਼ਾਮਲ ਸਨ।

# ਪਤੰਜਲੀ ਯੂਨੀਵਰਸਿਟੀ ਵਿੱਚ ਮੈਡੀਕਲ ਸਾਇੰਸ ਦੇ ਏਕੀਕਰਨ ਵੱਲ ਸਾਰਥਕ ਵਿਚਾਰ-ਵਟਾਂਦਰਾ ਸ਼ੁਰੂ

## ਪਤੰਜਲੀ ਆਯੁਰਵੇਦ ਹਸਪਤਾਲ ਵਿੱਚ ਆਧੁਨਿਕ ਡਾਕਟਰੀ ਪ੍ਰਣਾਲੀ ਤਹਿਤ ਇਲਾਜ ਦਵਾਈ ਦੇ ਨਾਮ ਤੇ ਸਾਜ਼ਿਸ਼ ਅਤੇ ਲੁੱਟ ਨੂੰ ਖ਼ਤਮ ਕਰੇਗਾ: ਆਚਾਰੀਆ ਬਾਲਕ੍ਰਿਸ਼ਨ

ਹਰਿਦੁਆਰ, 2 ਅਗਸਤ (ਅੰਮ੍ਰਿਤਪਾਲ ਸਿੰਘ) : ਪਤੰਜਲੀ ਯੂਨੀਵਰਸਿਟੀ, ਪਤੰਜਲੀ ਖੋਜ ਸੰਸਥਾਨ ਅਤੇ ਕੇਂਦਰੀ ਸੰਸਕ੍ਰਿਤ ਯੂਨੀਵਰਸਿਟੀ, ਨਵੀਂ ਦਿੱਲੀ ਦੇ ਸਾਂਝੇ ਸਹਿਯੋਗ ਹੇਠ ਇੱਕ ਵਿਸ਼ਾਲ ਦੋ-ਰੋਜ਼ਾ ਅਨਾਮਯਮ ਅੰਤਰਰਾਸ਼ਟਰੀ ਸੰਮੇਲਨ ਦਾ ਆਯੋਜਨ ਕੀਤਾ ਗਿਆ। ਇਹ ਸੰਮੇਲਨ ਆਯੁਰਵੇਦ ਅਤੇ ਆਧੁਨਿਕ ਦਵਾਈ ਦੇ ਏਕੀਕਰਨ ਅਤੇ ਤਾਲਮੇਲ ਦੇ ਉਦੇਸ਼ ਨਾਲ ਇੱਕ ਗਲੋਬਲ ਪਲੇਟਫਾਰਮ ਪ੍ਰਦਾਨ ਕਰਨ ਲਈ ਆਯੋਜਿਤ ਕੀਤਾ ਗਿਆ ਸੀ। 16 ਰਾਜਾਂ ਦੇ ਲਗਭਗ 200 ਵਿਦਿਅਕ ਸੰਸਥਾਵਾਂ ਦੇ 300 ਤੋਂ ਵੱਧ ਭਾਗੀਦਾਰਾਂ ਨੇ ਕਾਨਫਰੰਸ ਵਿੱਚ ਔਨਲਾਈਨ ਅਤੇ ਔਫਲਾਈਨ ਮਾਧਿਅਮ ਰਾਹੀਂ ਹਿੱਸਾ ਲਿਆ।ਇਸ ਮੌਕੇ ਯੂਨੀਵਰਸਿਟੀ ਦੇ ਚਾਂਸਲਰ ਪੂਜਯ ਸਵਾਮੀ ਰਾਮਦੇਵ ਮਹਾਰਾਜ ਨੇ ਇੱਕ ਵੱਡਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਜਲਦੀ ਹੀ ਲੋਕ ਭਲਾਈ ਦੇ ਮੱਦੇਨਜ਼ਰ ਪਤੰਜਲੀ ਆਯੁਰਵੇਦ ਹਸਪਤਾਲ ਵਿੱਚ ਏਮਜ਼, ਟਾਟਾ ਕੈਂਸਰ ਹਸਪਤਾਲ ਅਤੇ ਸਰ ਗੰਗਾ ਰਾਮ ਹਸਪਤਾਲ ਦੇ ਸਹਿਯੋਗ ਨਾਲ ਆਧੁਨਿਕ ਤਰੀਕਿਆਂ ਨਾਲ ਘੱਟ ਕੀਮਤ ਤੇ ਵਿਸ਼ਵ ਪੱਧਰੀ ਇਲਾਜ ਮੁਹੱਈਆ ਕਰਵਾਇਆ ਜਾਵੇਗਾ।ਉਦਘਾਟਨੀ ਸੈਸ਼ਨ ਵਿੱਚ, ਯੋਗ ਰਿਸ਼ੀ ਸਵਾਮੀ ਰਾਮਦੇਵ, ਪਤੰਜਲੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਅਤੇ ਆਯੁਰਵੇਦ ਸ਼ਿਰੋਮਣੀ ਆਚਾਰੀਆ ਬਾਲਕ੍ਰਿਸ਼ਨ ਸਮੇਤ ਮਹਿਮਾਨਾਂ ਨੇ ਤਿੰਨ ਮਹੱਤਵਪੂਰਨ ਕਿਤਾਬਾਂ ਆਯੁਰਵੇਦ ਅਵਤਾਰਨ, ਏਕੀਕ੍ਰਿਤ ਪਾਥੀ ਅਤੇ ਕਾਨਫਰੰਸ ਦੀ ਸੰਖੇਪ ਪੁਸਤਿਕਾ ਵੀ ਜਾਰੀ ਕੀਤੀ।ਇਸ ਦੌਰਾਨ, ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ ਰੋਪੜ ਤੋਂ ਡਾ. ਸ਼੍ਰੇਆ, ਡਾ. ਰਾਧਿਕਾ ਅਤੇ ਡਾ. ਮੁਕੇਸ਼ ਅਤੇ ਪਤੰਜਲੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਆਚਾਰੀਆ ਬਾਲਕ੍ਰਿਸ਼ਨ ਵਿਚਕਾਰ ਸਿੱਖਿਆ ਅਤੇ ਖੋਜ ਨੂੰ ਉਤਸ਼ਾਹਿਤ ਕਰਨ ਲਈ ਇੱਕ ਆਪਸੀ ਸਮਝੌਤਾ ਕੀਤਾ ਗਿਆ।ਕੇਂਦਰੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਸ਼੍ਰੀਨਿਵਾਸ ਬਰਖੇੜੀ, ਡਾ. ਵਿਪਿਨ ਕੁਮਾਰ ਜਨਰਲ ਸਕੱਤਰ ਏਕੀਕ੍ਰਿਤ ਆਯੁਸ਼ ਕੌਂਸਲ, ਡਾ. ਸੁਨੀਲ ਆਹੂਜਾ, ਪਦਮ ਸ਼੍ਰੀ ਡਾ. ਬੀ.ਐਨ. ਗੰਗਾਧਰ ਚੇਅਰਮੈਨ ਨੈਸ਼ਨਲ ਮੈਡੀਕਲ ਕਮਿਸ਼ਨ, ਡਾ. ਵਿਸ਼ਾਲ ਮਾਗੋ ਪ੍ਰੋਫੈਸਰ ਅਤੇ ਬਰਨ ਐਂਡ ਪਲਾਸਟਿਕ ਸਰਜਰੀ ਵਿਭਾਗ ਦੇ ਮੁਖੀ ਏਮਜ਼ ਰਿਸ਼ੀਕੇਸ਼ ਨੇ ਵੀ ਪ੍ਰੋਗਰਾਮ ਨੂੰ ਸੰਬੋਧਨ ਕੀਤਾ।ਉਦਘਾਟਨੀ ਸੈਸ਼ਨ ਵਿੱਚ, ਪਤੰਜਲੀ ਯੂਨੀਵਰਸਿਟੀ ਦੇ ਚਾਂਸਲਰ, ਪਰਮ ਪੂਜਯ ਸਵਾਮੀ ਰਾਮਦੇਵ ਜੀ ਮਹਾਰਾਜ ਅਤੇ ਵਾਈਸ ਚਾਂਸਲਰ, ਪਰਮ ਪੂਜਯ ਆਚਾਰੀਆ ਬਾਲਕ੍ਰਿਸ਼ਨ ਮਹਾਰਾਜ ਨੇ ਮੁੱਖ ਮਹਿਮਾਨਾਂ ਦਾ ਹਾਰ ਪਾ ਕੇ, ਉਨ੍ਹਾਂ ਨੂੰ ਅੰਗਵਸਤਰ ਅਤੇ ਗੰਗਾਜਲੀ ਭੇਟ ਕਰਕੇ ਸਵਾਗਤ ਕੀਤਾ।





## ਨੰਦਨ ਹਰਗੋਬਿੰਦ ਕੇ, ਗਜ ਕੀ ਸੁਨੋ ਪੁਕਾਰ

(ਗੁਰੂ ਤੇਗ ਬਹਾਦੁਰ ਜੀ ਦੇ ਦਰ ਤੇ ਪੰਥ ਦੀ ਪੁਕਾਰ)

ਨੰਦਨ ਹਰਗੋਬਿੰਦ ਕੇ ਅਭਿਨੰਦਨ ਕਰੋਂ ਚਿਤ ਲਾਇ।
ਸਿਖ ਤਿਹਾਰੇ ਆਤੁਰ ਭਏ, 'ਕਿਰਪਾ ਰਾਮ' ਸਮ ਆਏ।
ਧਰਮ ਤਿਹਾਰਾ ਛਿੰਨ੍ਹ ਕਰੋਂ ਜਬ ਭਾਖਿਆ ਤੁਰਕ ਦਿਲੀਸ।
ਦਾਰਦ ਦੇਖ ਦਰਿਦ੍ਰ ਕਾ ਦ੍ਰਵਿਤ ਭਏ 'ਅਵਨੀਸ਼'।
ਸ਼ਿਖਾ ਸੂਤ ਸਭ ਰਾਖ ਲਏ, ਦੇ ਕਰ ਆਪਣਾ ਸੀਸ।
ਸੀਸ ਗੰਜ ਤੇ ਉਤਪਤ ਭਏ ਅਗਣਿਤ ਗੰਜ ਸ਼ਹੀਦ।
ਧਰਮ ਜਿਨ੍ਹਾਂ ਕਾ ਰਾਖਿਆ, ਅਬ ਉਹ ਭਏ ਦਿਲੀਸ।
ਧਰਮ ਨਾ ਚੀਨੇਂ ਸਿਖ ਕਾ, ਇਹ ਕੈਸੋ ਹੈ ਬਿਉਹਾਰ।
ਤਿਲਕ ਜੰਞੂ ਜਿਮ ਰਾਖਿਆ, ਅਬ ਰਾਖੋ ਮੋਰ ਕਕਾਰ।
ਨਿਰਮਲ ਪੰਥ ਪ੍ਰਗਾਸਿਆ ਨਾਨਕ ਸ਼ਾਹ ਸਿਰਦਾਰ।
ਅਬ ਤੁਮਰੇ ਦੁਆਰੇ ਢਹਿ ਪਿਆ ਕਰੇ ਪੰਥ ਪੁਕਾਰ।
ਮੋਹੇ ਅਨਾਥ ਪੇ ਕਿਰਪਾ ਕਰੋ, ਨਾਤਰ ਨਾ ਚਾਹੋਂ ਇਹ ਸੀਸ।
ਪਰ ਪੰਥ ਅਕਾਲੀ ਰਾਖ ਲੇਉ ਕਿਰਪਾ ਕਰ ਜਗਦੀਸ਼।



ਗੁਰਚਰਨਜੀਤ ਸਿੰਘ 'ਲਾਂਬਾ'

# ਕੇਂਦਰੀ ਸਿਹਤ ਮੰਤਰੀ ਵੱਲੋਂ ਹਵਲਦਾਰ ਨਰੇਸ਼ ਦਾ ਪਰਿਵਾਰ ਅੰਗ ਦਾਨ ਕਰਨ ਲਈ ਸਨਮਾਨਤ

ਚੰਡੀਗੜ੍ਹ/ਨਵੀਂ ਦਿੱਲੀ, 2 ਅਗਸਤ (ਅੰਮ੍ਰਿਤਪਾਲ ਸਿੰਘ) : ਕੇਂਦਰੀ ਸਿਹਤ ਮੰਤਰੀ ਸ਼੍ਰੀ ਜੇ.ਪੀ. ਨੱਡਾ ਨੇ ਅੱਜ ਨਵੀਂ ਦਿੱਲੀ ਦੇ ਡਾ. ਅੰਬੇਡਕਰ ਇੰਟਰਨੈਸ਼ਨਲ ਸੈਂਟਰ ਵਿਖੇ 15ਵੇਂ ਭਾਰਤੀ ਅੰਗਦਾਨ ਦਿਵਸ ਮੌਕੇ ਰਾਸ਼ਟਰੀ ਅੰਗ ਅਤੇ ਟਿਸ਼ੂ ਟ੍ਰਾਂਸਪਲਾਂਟ ਸੰਗਠਨ ਦੁਆਰਾ ਆਯੋਜਿਤ ਅੰਗਦਾਨ ਸਮਾਰੋਹ ਵਿੱਚ ਰੋਪੜ ਜ਼ਿਲ੍ਹੇ ਦੇ ਨਿਵਾਸੀ ਹਵਲਦਾਰ ਨਰੇਸ਼ ਕੁਮਾਰ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਨਮਾਨਿਤ ਕੀਤਾ। ਮੰਤਰੀ ਨੇ ਹਵਲਦਾਰ ਨਰੇਸ਼ ਕੁਮਾਰ ਦੀ ਆਪਣੇ 18 ਸਾਲਾ ਪੁੱਤਰ ਅਰਸ਼ਦੀਪ ਦੇ ਅੰਗ ਦਾਨ ਕਰਨ ਦੇ ਨਿਰਸਵਾਰਥ ਫੈਸਲੇ ਲਈ ਸ਼ਲਾਘਾ ਕੀਤੀ, ਜਿਸਦੀ ਹਾਲ ਹੀ ਵਿਚ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ। ਉਸਨੇ ਇਸ ਨੇਕ ਕਾਰਜ ਰਾਹੀਂ ਬਹੁਤ ਸਾਰੀਆਂ ਜਾਨਾਂ ਬਚਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਇਸ ਅੰਗਦਾਨ ਸਮਾਰੋਹ ਦਾ ਉਦੇਸ਼ ਅੰਗ ਅਤੇ ਟਿਸ਼ੂ ਦਾਨ ਦੇ ਜੀਵਨ ਰੱਖਿਅਕ ਪ੍ਰਭਾਵ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਵਰਨਣਯੋਗ ਹੈ ਕਿ ਖਾਸ ਤੌਰ 'ਤੇ, ਅੰਗ ਦਾਨ ਪ੍ਰਕਿਰਿਆ ਨੂੰ ਚੰਡੀਮੰਦਰ ਕਮਾਂਡ ਹਸਪਤਾਲ ਦੀ ਆਰਮੀ ਟ੍ਰਾਂਸਪਲਾਂਟ ਟੀਮ ਦੁਆਰਾ ਸਫਲਤਾਪੂਰਵਕ ਪੂਰਾ ਕੀਤਾ ਗਿਆ ਸੀ, ਜਿਸ ਨੇ ਅਰਸ਼ਦੀਪ ਦੇ ਜਿਗਰ, ਗੁਰਦੇ, ਪੈਨਕ੍ਰੀਅਸ ਅਤੇ ਕੌਰਨੀਆ ਨੂੰ ਨਿਕਾਲਿਆ। ਜਿਗਰ ਅਤੇ ਗੁਰਦੇ ਨੂੰ ਫੌਜੀ ਪੁਲਿਸ ਦੀ ਸਹਾਇਤਾ ਨਾਲ ਇੱਕ ਗਰੀਨ ਕੋਰੀਡੋਰ ਰਾਹੀਂ ਨਵੀਂ ਦਿੱਲੀ ਦੇ ਰਿਸਰਚ ਐਂਡ ਰੈਫਰਲ ਆਰਮੀ ਹਸਪਤਾਲ ਵਿੱਚ ਏਅਰਲਿਫਟ ਕੀਤਾ ਗਿਆ ਸੀ। ਦੂਜਾ ਗੁਰਦਾ ਅਤੇ ਪੈਨਕ੍ਰੀਅਸ ਪੀਜੀਆਈ ਵਿਖੇ ਇੱਕ ਜਾਨਲੇਵਾ ਬਿਮਾਰੀ ਤੋਂ ਪੀੜਤ ਮਰੀਜ਼ ਨੂੰ ਦਾਨ ਕੀਤਾ ਗਿਆ ਸੀ, ਜਦੋਂ ਕਿ ਕੌਰਨੀਆ ਨੂੰ ਲੋੜਵੰਦਾਂ ਦੀ ਨਜ਼ਰ ਬਹਾਲ ਕਰਨ ਲਈ ਕਮਾਂਡ ਹਸਪਤਾਲ ਦੇ ਆਈ ਬੈਂਕ ਵਿੱਚ ਸੁਰੱਖਿਅਤ ਰੱਖਿਆ ਗਿਆ ਸੀ। ਇਹ ਪ੍ਰਾਪਤੀ ਕਮਾਂਡ ਹਸਪਤਾਲ ਦੇ ਮਿਸਾਲੀ ਕੰਮ ਨੂੰ ਵੀ ਉਜਾਗਰ ਕਰਦੀ ਹੈ, ਜੋ ਕਿ ਅੰਗ ਟ੍ਰਾਂਸਪਲਾਂਟੇਸ਼ਨ ਵਿੱਚ ਲਗਾਤਾਰ ਮੋਹਰੀ ਰਿਹਾ ਹੈ ਅਤੇ ਹਾਲ ਹੀ ਵਿੱਚ ਭਾਰਤ ਸਰਕਾਰ ਦੁਆਰਾ ਸਰਵੋਤਮ ਅੰਗ ਪ੍ਰਾਪਤੀ ਕੇਂਦਰ ਵਜੋਂ ਸਨਮਾਨਿਤ ਕੀਤਾ ਗਿਆ ਸੀ।





# ਪੀ.ਐਨ.ਬੀ. ਆਪਣੇ ਗਾਹਕਾਂ ਨੂੰ ਡਿਜੀਟਲ ਬੈਂਕਿੰਗ ਸਹੂਲਤਾਂ ਪ੍ਰਦਾਨ ਕਰ ਰਿਹੈ : ਅਸ਼ੋਕ ਚੰਦਰ

ਚੰਡੀਗੜ੍ਹ, 2 ਅਗਸਤ (ਅੰਮ੍ਰਿਤਪਾਲ ਸਿੰਘ) : ਪੰਜਾਬ ਨੈਸ਼ਨਲ ਬੈਂਕ ਦੇ ਪ੍ਰਬੰਧ ਨਿਰਦੇਸ਼ਕ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਸ਼੍ਰੀ ਅਸ਼ੋਕ ਚੰਦਰ ਨੇ ਚੰਡੀਗੜ੍ਹ ਦਾ ਦੌਰਾ ਕੀਤਾ। ਐਮਡੀ ਅਤੇ ਸੀਈਓ ਨੇ ਦੁਪਹਿਰ ਨੂੰ ਵਿਸ਼ੇਸ਼ ਗਾਹਕਾਂ ਨਾਲ ਇੱਕ ਮੀਟਿੰਗ ਕੀਤੀ ਅਤੇ ਉਨ੍ਹਾਂ ਦੇ ਤਜ਼ਰਬੇ ਸੁਣੇ ਅਤੇ ਸਭ ਤੋਂ ਵਧੀਆ ਬੈਂਕਿੰਗ ਗਾਹਕ ਸੇਵਾ ਪ੍ਰਦਾਨ ਕਰਨ ਦੀ ਵਚਨਬੱਧਤਾ ਪ੍ਰਗਟ ਕੀਤੀ। ਸ਼੍ਰੀ ਚੰਦਰ ਨੇ ਕਿਹਾ ਕਿ ਪੀਐਨਬੀ ਆਪਣੇ ਗਾਹਕਾਂ ਨੂੰ ਵੱਧ ਤੋਂ ਵੱਧ ਡਿਜੀਟਲ ਬੈਂਕਿੰਗ ਸਹੂਲਤਾਂ ਪ੍ਰਦਾਨ ਕਰ ਰਿਹਾ ਹੈ ਅਤੇ ਨਗਦੀ ਰਹਿਤ ਲੈਣ-ਦੇਣ 'ਤੇ ਜ਼ੋਰ ਦੇ ਰਿਹਾ ਹੈ ਤਾਂ ਜੋ ਗਾਹਕਾਂ ਨੂੰ ਹਰ ਛੋਟੀ ਜਿਹੀ ਜ਼ਰੂਰਤ ਲਈ ਬੈਂਕ ਨਾ ਜਾਣਾ ਪਵੇ, ਭਾਵੇਂ ਇਹ ਨਿੱਜੀ ਰਿਹਾਇਸ਼ੀ ਕਰਜ਼ਾ ਸਹੂਲਤ ਹੋਵੇ ਜਾਂ ਕੋਈ ਹੋਰ ਬੈਂਕਿੰਗ ਸਹੂਲਤ, ਅਤੇ ਭੀੜ ਤੋਂ ਵੀ ਬਚ ਸਕਣ ਅਤੇ ਉਹ ਇਸ ਸਹੂਲਤ ਰਾਹੀਂ ਆਪਣੇ ਪੱਧਰ 'ਤੇ ਆਪਣਾ ਕੰਮ ਪੂਰਾ ਕਰ ਸਕਣ।ਬਾਅਦ ਵਿੱਚ ਸ਼ਾਮ ਨੂੰ, ਚੰਡੀਗੜ੍ਹ ਜ਼ੋਨ ਦੇ ਅਧੀਨ ਸਾਰੇ ਸਟਾਫ ਮੈਂਬਰਾਂ ਨਾਲ ਸਰਕਾਰੀ ਗਰਲਜ਼ ਕਾਲਜ, ਸੈਕਟਰ 42, ਚੰਡੀਗੜ੍ਹ ਦੇ ਆਡੀਟੋਰੀਅਮ ਵਿੱਚ ਆਯੋਜਿਤ ਇੱਕ ਟਾਊਨ ਹਾਲ ਮੀਟਿੰਗ ਵਿੱਚ, ਸ਼੍ਰੀ ਚੰਦਰਾ ਨੇ ਬੈਂਕ ਦੇ ਕਾਰੋਬਾਰ ਵਿੱਚ ਹੌਲੀ-ਹੌਲੀ ਵਾਧੇ ਅਤੇ ਬੈਂਕ ਦੀ ਤਿਮਾਹੀ ਆਮਦਨ ਵਿੱਚ ਪ੍ਰਤੀਬਿੰਬਤ ਸੰਪਤੀ ਗੁਣਵੱਤਾ ਵਿੱਚ ਸੁਧਾਰ 'ਤੇ ਚਾਨਣਾ ਪਾਇਆ।ਆਪਣੇ ਸੰਬੋਧਨ ਵਿੱਚ, ਚੰਡੀਗੜ੍ਹ ਦੇ ਜ਼ੋਨ ਮੈਨੇਜਰ ਸ਼੍ਰੀ ਲਲਿਤ ਤਨੇਜਾ ਨੇ ਕਿਹਾ ਕਿ ਆਪਣਾ ਬੈਂਕ ਇਸ ਸਮੇਂ ਡਿਜੀਟਲ ਤਬਦੀਲੀ ਦੇ ਪੜਾਅ ਵਿੱਚੋਂ ਲੰਘ ਰਿਹਾ ਹੈ, ਜਿਸ ਵਿੱਚ ਬਹੁਤ ਸਾਰੀਆਂ ਡਿਜੀਟਲ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ, ਜਿਵੇਂ ਕਿ ਪੀਏਪੀਐਲ, ਪੀਏਬੀਐਲ, ਐਫਡੀਆਰ, ਆਰਡੀ, ਓਡੀ, ਕ੍ਰੈਡਿਟ ਕਾਰਡ, ਡੈਬਿਟ ਕਾਰਡ ਦੇ ਨਾਲ-ਨਾਲ ਇਹ ਬੈਂਕ ਆਨ ਮੋਬਾਈਲ ਬਣ ਗਿਆ ਹੈ।



# ਚੰਡੀਗੜ੍ਹ ਪ੍ਰਸ਼ਾਸਨ 'ਹਰ ਘਰ ਤਿਰੰਗਾ' ਮੁਹਿੰਮ ਦੇ ਸਮਾਗਮ ਦੀਆਂ ਤਿਆਰੀਆਂ 'ਚ ਰੁੱਝਿਆ

ਚੰਡੀਗੜ੍ਹ, 2 ਅਗਸਤ (ਅੰਮ੍ਰਿਤਪਾਲ ਸਿੰਘ) : ਚੰਡੀਗੜ੍ਹ ਪ੍ਰਸ਼ਾਸਨ ਭਾਰਤ ਦੇ 79ਵੇਂ ਆਜ਼ਾਦੀ ਦਿਵਸ ਨੂੰ ਮਨਾਉਣ ਲਈ 2 ਤੋਂ 15 ਅਗਸਤ 2025 ਤੱਕ ਦੇਸ਼ ਭਰ ਵਿੱਚ ਆਯੋਜਿਤ ਹਰ ਘਰ ਤਿਰੰਗਾ ਮੁਹਿੰਮ ਵਿੱਚ ਵੀ ਉਤਸ਼ਾਹ ਨਾਲ ਹਿੱਸਾ ਲਵੇਗਾ। ਇਸ ਮੁਹਿੰਮ ਦਾ ਉਦੇਸ਼ ਹਰ ਨਾਗਰਿਕ ਨੂੰ ਆਪਣੇ ਘਰ 'ਤੇ ਰਾਸ਼ਟਰੀ ਝੰਡਾ ਲਹਿਰਾਉਣ ਲਈ ਪ੍ਰੇਰਿਤ ਕਰਨਾ ਹੈ, ਤਾਂ ਜੋ ਦੇਸ਼ ਭਗਤੀ ਅਤੇ ਏਕਤਾ ਦੀ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।ਇਸ ਸਬੰਧ ਵਿੱਚ, ਚੰਡੀਗੜ੍ਹ ਪ੍ਰਸ਼ਾਸਨ ਦੇ ਮੁੱਖ ਸਕੱਤਰ ਸ਼੍ਰੀ ਰਾਜੀਵ ਵਰਮਾ ਦੀ ਪ੍ਰਧਾਨਗੀ ਹੇਠ ਇੱਕ ਉੱਚ-ਪੱਧਰੀ ਤਾਲਮੇਲ ਮੀਟਿੰਗ ਹੋਈ, ਜਿਸ ਵਿੱਚ ਇਸ ਮੁਹਿੰਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਵਿਸਤ੍ਰਿਤ ਯੋਜਨਾਵਾਂ ਨੂੰ ਅੰਤਿਮ ਰੂਪ ਦਿੱਤਾ ਗਿਆ। ਮੀਟਿੰਗ ਵਿੱਚ ਸਾਰੇ ਸਬੰਧਤ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ ਅਤੇ ਅੰਤਰ-ਵਿਭਾਗੀ ਤਾਲਮੇਲ ਨੂੰ ਯਕੀਨੀ ਬਣਾਇਆ ਗਿਆ।ਇਸ ਮੌਕੇ 'ਤੇ ਬੋਲਦਿਆਂ, ਮੁੱਖ ਸਕੱਤਰ ਸ਼੍ਰੀ ਰਾਜੀਵ ਵਰਮਾ ਨੇ ਕਿਹਾ, ਹਰ ਘਰ ਤਿਰੰਗਾ ਅਭਿਆਨ ਸਾਡੇ ਰਾਸ਼ਟਰੀ ਮਾਣ ਦਾ ਸਮੂਹਿਕ ਪ੍ਰਗਟਾਵਾ ਹੈ। ਪ੍ਰਸ਼ਾਸਨ ਦਾ ਇਹ ਯਤਨ ਹੈ ਕਿ ਚੰਡੀਗੜ੍ਹ ਦਾ ਹਰ ਘਰ ਇਸ ਮੁਹਿੰਮ ਵਿੱਚ ਹਿੱਸਾ ਲਵੇ ਅਤੇ ਅਨੇਕਤਾ ਵਿੱਚ ਏਕਤਾ ਦੀ ਭਾਵਨਾ ਨੂੰ ਜੀਵਤ ਕਰੇ।



## ਜਨਮ ਦਿਨ ਮੁਬਾਰਕ




ਹਰਜਪ ਸਿੰਘ



ਅਕਾਸ਼ਦੀਪ ਸਿੰਘ



ਸਰਗੁਣ ਕੌਰ



# ਮਾਝਾ-ਦੁਆਬਾ

ਆਸ ਪਾਸ



## ਪਿੰਗਲਵਾੜਾ ਸੰਸਥਾ ਦੇ ਬਾਨੀ ਭਗਤ ਪੂਰਨ ਸਿੰਘ ਦੀ 33ਵੀਂ ਬਰਸੀ ਨੂੰ ਸਮਰਪਿਤ ਇਨਾਮ ਵੰਡ ਸਮਾਰੋਹ



ਅੰਮ੍ਰਿਤਸਰ, 2 ਅਗਸਤ (ਚ.ਨ.ਸ.) : ਅੱਜ ਮਿਤੀ 01-08-2025 ਦਿਨ ਸ਼ੁੱਕਰਵਾਰ ਨੂੰ ਭਗਤ ਪੂਰਨ ਸਿੰਘ ਜੀ ਦੀ 33ਵੀਂ ਬਰਸੀ ਨੂੰ ਸਮਰਪਿਤ ਆਰੰਭ ਕੀਤੇ ਗਏ ਸਮਾਗਮਾਂ ਦੀ ਲੜੀ ਤਹਿਤ ਪਿੰਗਲਵਾੜਾ ਸੋਸਾਇਟੀ ਆਫ਼ ਓਂਟਾਰੀਓ ਅਤੇ ਪਿੰਗਲਵਾੜਾ ਅੰਮ੍ਰਿਤਸਰ ਦੇ ਸਾਂਝੇ ਉੱਦਮ ਨਾਲ ਚਲੱਦੇ ਵਿੱਦਿਅਕ ਅਦਾਰਿਆਂ ਦੇ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਅਤੇ ਵੱਖ-ਵੱਖ ਵਾਰਡਾਂ ਦੇ ਵਸਨੀਕਾਂ ਵੱਲੋਂ ਸਾਲਾਨਾ ਇਨਾਮ ਵੰਡ ਸਮਾਰੋਹ ਪਿੰਗਲਵਾੜਾ ਸੰਸਥਾ ਦੇ ਮੁੱਖ ਦਫ਼ਤਰ ਵਿਖੇ ਮਨਾਇਆ ਗਿਆ। ਇਸ ਪ੍ਰੋਗਰਾਮ ਦਾ ਆਰੰਭ ਗੁਰਬਾਣੀ ਦੇ ਰਸ-ਭਿੰਨੇ ਸ਼ਬਦ ਨਾਲ ਹੋਇਆ। ਇਸ ਮੌਕੇ ਡਾ. ਬਲਬੀਰ ਸਿੰਘ, ਮਾਨਯੋਗ ਸਿਹਤ ਮੰਤਰੀ, ਪੰਜਾਬ ਨੇ ਆਪਣੇ ਰੁਝੇਵਿਆਂ ਭਰੇ ਪਲਾਂ ਵਿੱਚੋਂ ਸਮਾਂ ਕੱਢ ਕੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਸਤਿਕਾਰਤ ਮਹਿਮਾਨ ਵਜੋਂ ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਪ੍ਰਬੰਧਕ ਕਮੇਟੀ ਪਹੁੰਚੇ। ਇਸ ਪ੍ਰੋਗਰਾਮ ਵਿੱਚ ਡਾ. ਇੰਦਰਜੀਤ ਕੌਰ ਮੁੱਖ ਸੇਵਾਦਾਰ ਪਿੰਗਲਵਾੜਾ ਨੇ ਆਏ ਹੋਏ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਪਿੰਗਲਵਾੜਾ ਸੰਸਥਾ ਵੱਲੋਂ ਮਰੀਜ਼ਾਂ ਦੀ ਖੁਸ਼ੀ ਲਈ ਵੱਖ-ਵੱਖ ਵਾਰਡਾਂ ਅਤੇ ਬ੍ਰਾਂਚਾਂ ਤੋਂ ਆਏ ਵਸਨੀਕਾਂ ਨੇ ਵੀ ਆਪਣੇ ਹੁਨਰਾਂ ਨੂੰ ਭੰਗੜੇ ਅਤੇ ਗਿੱਧੇ ਨਾਲ ਪੇਸ਼ ਕੀਤਾ। ਇਸ ਤੋਂ ਇਲਾਵਾ ਪਿੰਗਲਵਾੜਾ ਦੇ ਸੇਵਾਦਾਰਾਂ ਅਤੇ ਮਰੀਜ਼ਾਂ ਵੱਲੋਂ ਵੀ ਵਾਤਾਵਰਨ ਵਿੱਚ ਪਾਣੀ ਦੀ ਮਹੱਤਤਾ ਤੇ ਨਾਟਕ ਪੇਸ਼ ਕੀਤਾ ਗਿਆ। ਇਸ ਉਪਰੰਤ ਪਿੰਗਲਵਾੜਾ ਸੰਸਥਾ ਅਤੇ ਪਿੰਗਲਵਾੜਾ ਸੋਸਾਇਟੀ ਆਫ਼ ਓਂਟਾਰੀਓ ਦੇ ਸਾਂਝੇ ਪ੍ਰੋਜੈਕਟ ਅਧੀਨ ਚਲਾਏ ਜਾ ਰਹੇ ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸਕੈਡੰਗੀ ਸਕੂਲ, ਭਗਤ ਪੂਰਨ ਸਿੰਘ ਸਕੂਲ ਫ਼ਾਰ ਡੈੱਫ਼ ਅਤੇ ਭਗਤ ਪੂਰਨ ਸਿੰਘ ਸਪੈਸ਼ਲ ਸਕੂਲ ਦੇ ਪ੍ਰਿੰਸੀਪਲਾਂ ਵੱਲੋਂ ਸਕੂਲਾਂ ਦੀ ਸਾਲਾਨਾ ਰਿਪੋਰਟ ਪੜ੍ਹੀ ਗਈ, ਜਿਸ ਵਿੱਚੋਂ ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸਕੈਡੰਗੀ ਸਕੂਲ ਵਿੱਚ ਪੰਜਵੀਂ ਜਮਾਤ ਅਤੇ ਅੱਠਵੀਂ ਜਮਾਤ ਦੇ ਵਿਦਿਆਰਥਣਾਂ ਨੇ ਵਧੀਆ ਅੰਕ ਪ੍ਰਾਪਤ ਕੀਤੇ। ਮੈਰਿਟ ਆਏ ਬੱਚਿਆਂ ਨੂੰ ਪਿੰਗਲਵਾੜਾ ਸੰਸਥਾ ਵੱਲੋਂ ਸਕੂਲ ਬੈਗ ਅਤੇ ਅੱਠਵੀਂ ਜਮਾਤ ਵਿੱਚੋਂ ਮੈਰਿਟ ਆਏ ਬੱਚਿਆਂ ਨੂੰ ਗੁੱਟ- ਘੜੀਆਂ ਇਨਾਮ ਵਜੋਂ ਦਿੱਤੀਆਂ ਗਈਆਂ। ਭਗਤ ਪੂਰਨ ਸਿੰਘ ਸਕੂਲ ਫ਼ਾਰ ਡੈੱਫ਼ (ਗੂੰਗੇ-ਬੋਲੇ) ਸਕੂਲ ਦੇ ਬੱਚਿਆਂ ਨੂੰ ਜੂਡੋ ਸਟੇਟ ਪੱਧਰ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਹਾਸਲ ਕਰਨ 'ਤੇ ਪਿੰਗਲਵਾੜਾ ਸੰਸਥਾ ਵੱਲੋਂ ਸਪੋਰਟਸ ਦੇ ਬੂਟ ਇਨਾਮ ਵਜੋਂ ਦਿੱਤੇ ਗਏ। ਇਸ ਤੋਂ ਇਲਾਵਾ ਡੈੱਫ਼ ਸਕੂਲ ਦੇ ਅਧਿਆਪਕਾਂ ਨੂੰ ਵਧੀਆ ਕਾਰਗੁਜ਼ਾਰੀ ਕਰਨ 'ਤੇ ਡਿਪਟੀ ਕਮਿਸ਼ਨਰ ਵੱਲੋਂ 1000 ਦਾ ਕੈਸ਼ ਇਨਾਮ ਦਿੱਤਾ ਗਿਆ। ਭਗਤ ਪੂਰਨ ਸਿੰਘ ਸਪੈਸ਼ਲ ਸਕੂਲ ਦੇ ਬੱਚਿਆਂ ਨੇ ਵੱਖ-ਵੱਖ ਖੇਡਾਂ ਜਿਵੇਂ ਕਿ ਪਾਵਰ ਲਿਫ਼ਟਿੰਗ, ਨੈਸ਼ਨਲ ਫੁੱਟਬਾਲ, ਨੈਸ਼ਨਲ ਬਾਸਕਟਬਾਲ, ਨੈਸ਼ਨਲ ਬਾਊਲੰਗ, ਨੈਸ਼ਨਲ ਸਕੇਟਿੰਗ, ਬੈਡਮਿੰਟਨ, ਟੇਬਲ ਟੈਨਿਸ ਅਤੇ ਡਰਾਇੰਗ ਦੇ ਮੁਕਾਬਲਿਆਂ ਵਿੱਚ ਮੱਲਾਂ ਮਾਰ ਕੇ ਪਿੰਗਲਵਾੜਾ ਸੰਸਥਾ ਦਾ ਨਾਮ ਰੋਸ਼ਨ ਕੀਤਾ। ਇਹਨਾਂ ਸਪੈਸ਼ਲ ਬੱਚਿਆਂ ਨੂੰ ਪਿੰਗਲਵਾੜਾ ਸੰਸਥਾ ਵੱਲੋਂ ਸਪੀਕਰ, ਯੂਨੀਫ਼ਾਰਮ ਅਤੇ ਸਾਈਕਲ ਇਨਾਮ ਵਜੋਂ ਦਿੱਤਾ ਗਿਆ।

ਡਾ. ਬਲਬੀਰ ਸਿੰਘ ਜੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਉਹ ਪਿੰਗਲਵਾੜਾ ਪਹੁੰਚ ਕੇ ਆਪਣੇ ਆਪ ਨੂੰ ਵਡਭਾਗਾ ਮਹਿਸੂਸ ਕਰ ਰਹੇ ਹਨ। ਉਹਨਾਂ ਕਿਹਾ ਕਿ ਪਿੰਗਲਵਾੜਾ ਇਕ ਅਜਿਹੀ ਸੰਸਥਾ ਹੈ ਜਿਸ ਤੋਂ ਮਨੁੱਖਤਾ ਪ੍ਰਤੀ ਪਿਆਰ ਸਹੀ ਅਰਥਾਂ ਵਿੱਚ ਸਿੱਖਿਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਮੈਂ ਪੰਜਾਬ ਸਰਕਾਰ ਵੱਲੋਂ ਪਿੰਗਲਵਾੜਾ ਸੰਸਥਾ ਦੀ ਸੇਵਾ ਲਈ ਵੱਚਨਬੱਧ ਹਾਂ ਅਤੇ ਜੋ ਵੀ ਸਮੇਂ-ਸਮੇਂ ਤੇ ਯੋਗ ਸੇਵਾ ਸਰਕਾਰ ਨੂੰ ਸੰਸਥਾ ਵੱਲੋਂ ਬਖ਼ਸ਼ੀ ਜਾਵੇਗੀ, ਅਸੀਂ ਉਸਨੂੰ ਪੂਰਨ ਤੌਰ 'ਤੇ ਨਿਭਾਵਾਂਗੇ। ਬੀਬੀ ਕਿਰਨਜੋਤ ਕੌਰ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਬੱਚਿਆਂ ਦਾ ਅੱਜ ਦਾ ਇਨਾਮ ਵੰਡ ਸਮਾਰੋਹ ਬਹੁਤ ਸਲਾਹੁਣਯੋਗ ਹੈ ਅਤੇ ਉਹਨਾਂ ਪ੍ਰੋਗਰਾਮ ਵਿੱਚ ਸ਼ਾਮਲ ਬੱਚਿਆਂ ਅਤੇ ਵਿੱਦਿਅਕ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ, ਉਹਨਾਂ ਦੇ ਅਧਿਆਪਕਾਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ।

## ਪੰਜਾਬ ਪੁਲਿਸ ਦੀ ਧੱਕੇਸ਼ਾਹੀ ਦੀ ਗਿਆਨੀ ਰਾਮ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਘੋਰ ਨਿੰਦਾ



ਅੰਮ੍ਰਿਤਸਰ, 2 ਅਗਸਤ (ਬਬਲੂ ਮਹਾਜਨ) : ਅਜਨਾਲਾ ਕਾਂਡ ਸਬੰਧੀ ਨਾਮਜ਼ਦ ਸਿੰਘਾਂ ਦੀ ਬੀਤੇ ਕੱਲ੍ਹ ਅੰਮ੍ਰਿਤਸਰ ਜ਼ਿਲ੍ਹਾ ਅਦਾਲਤ ਵਿੱਚ ਪੇਸ਼ੀ ਦੌਰਾਨ ਇਕ ਨਵਾਂ ਵਿਵਾਦ ਸਾਹਮਣੇ ਆਇਆ, ਜਦੋਂ ਉਨ੍ਹਾਂ ਸਿੰਘਾਂ ਨੂੰ ਪਰਿਵਾਰਕ ਮੈਂਬਰਾਂ ਨਾਲ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਦਮਦਮੀ ਟਕਸਾਲ ਦੇ ਮੁਖੀ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਨੇ ਇਸ ਘਟਨਾ 'ਤੇ ਸਖਤ ਪ੍ਰਤੀਕਿਰਿਆ ਦਿੰਦਿਆਂ ਪੰਜਾਬ ਪੁਲਿਸ ਦੀ ਧੱਕੇਸ਼ਾਹੀ ਨੂੰ ਅਨੁਚਿਤ ਕਹਿੰਦਿਆਂ ਘੋਰ ਨਿੰਦਾ ਕੀਤੀ ਹੈ। ਗਿਆਨੀ ਰਾਮ ਸਿੰਘ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਦੀ ਮਾਤਾ ਨੂੰ ਵੀ ਸਾਫ ਸ਼ਬਦਾਂ ਵਿੱਚ ਬਦਸਲੂਕੀ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਉੱਤੇ ਅਪਮਾਨਜਨਕ ਟਿੱਪਣੀ ਕਰਦਿਆਂ ਪੁਲਿਸ ਨੇ ਕਿਹਾ ਕਿ "ਤੇਰੇ ਪੁੱਤਰ ਨੇ ਪੰਜਾਬ ਵਿੱਚ ਅੱਗ ਲਾਈ ਹੈ।" ਗਿਆਨੀ ਰਾਮ ਸਿੰਘ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ "ਭਾਈ ਅੰਮ੍ਰਿਤਪਾਲ ਸਿੰਘ ਨੇ ਅੱਗ ਨਹੀਂ ਲਾਈ, ਬਲਕਿ ਪੰਜਾਬ ਦੀ ਅੱਗ ਨੂੰ ਬੁਝਾਉਣ ਦੀ ਕੋਸ਼ਿਸ਼ ਕੀਤੀ।

ਉਨ੍ਹਾਂ ਸਪੱਸ਼ਟ ਕੀਤਾ ਕਿ ਅਦਾਲਤੀ ਕਾਰਵਾਈ ਦੌਰਾਨ ਪਰਿਵਾਰਕ ਮੈਂਬਰਾਂ ਨੂੰ ਮਿਲਣ ਤੋਂ ਰੋਕਣਾ ਨਾ ਸਿਰਫ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ, ਸਗੋਂ ਇਹ ਪੁਲਿਸ ਵਲੋਂ ਇਕ ਮੰਦਭਾਗਾ ਵਤੀਰਾ ਵੀ ਹੈ। ਉਨ੍ਹਾਂ ਕਿਹਾ ਇਸ ਮਾਮਲੇ ਨੇ ਪੁਲਿਸ ਰਵੱਈਏ 'ਤੇ ਨਵੀਂ ਚਰਚਾ ਛੇੜੀ ਹੈ। ਸਿੱਖਾਂ ਦੇ ਨਾਲ ਇਹੋ ਜਿਹੇ ਧੱਕੇ ਬਰਦਾਸ਼ਤ ਨਹੀਂ ਕੀਤੇ ਜਾਣਗੇ।

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਮੌਕੇ ਬਾਬਾ ਬਕਾਲਾ ਵਿਖੇ ਹੋਵੇਗਾ ਵੱਡਾ ਧਾਰਮਿਕ ਸਮਾਗਮ : ਸੌਂਦ



ਅੰਮ੍ਰਿਤਸਰ, 2 ਅਗਸਤ (ਬਬਲੂ ਮਹਾਜਨ/ਬਲਰਾਜ ਸਿੰਘ ਰਾਜਾ) : ਹਿੰਦ ਦੀ ਚਾਦਰ, ਨੌਵੇਂ ਗੁਰੂ , ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਉਣ ਸਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਜੋ ਡਿਊਟੀ ਮੰਤਰੀ ਸਾਹਿਬਾਨ ਨੂੰ ਦਿੱਤੀ ਗਈ ਹੈ, ਦੇ ਚੱਲਦੇ ਅੱਜ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ, ਕੈਬਨਿਟ ਮੰਤਰੀ ਤਰਨਪ੍ਰੀਤ ਸਿੰਘ ਸੌਂਦ, ਸੈਰ ਸਪਾਟਾ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਤੇ ਡਾਇਰੈਕਟਰ ਸੰਜੀਵ ਤਿਵਾੜੀ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ, ਜ਼ਿਲ੍ਹਾ ਪੁਲਿਸ ਮੁਖੀ ਮਨਿੰਦਰ ਸਿੰਘ ਤੇ ਸਾਰੇ ਵਿਭਾਗਾਂ ਨੂੰ ਨਾਲ ਲੈ ਕੇ ਬਾਬਾ ਬਕਾਲਾ ਸਾਹਿਬ ਦਾ ਦੌਰਾ ਕੀਤਾ। ਉਹਨਾਂ ਨੇ ਕਰਵਾਏ ਜਾਣ ਵਾਲੇ ਯਾਦਗਾਰੀ ਸਮਾਗਮ ਦੇ ਸਥਾਨ ਦੀ ਚੋਣ ਅਤੇ ਮਾਝਾ ਖੇਤਰ ਦੀ ਯਾਤਰਾ ਜੋ ਕਿ ਗੁਰਦਾਸਪੁਰ ਤੋਂ ਅਨੰਦਪੁਰ ਸਾਹਿਬ ਜਾਣੀ ਹੈ, ਦੇ ਸਵਾਗਤ ਲਈ ਬਾਬਾ ਬਕਾਲਾ ਸਾਹਿਬ ਵਿਖੇ ਕੀਤੀਆਂ ਜਾਣ ਵਾਲੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਇਸ ਮੌਕੇ ਸੰਬੋਧਨ ਕਰਦੇ ਸੈਰ ਸਪਾਟਾ ਮੰਤਰੀ ਤਰਨਪ੍ਰੀਤ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਵਿੱਚ ਬਾਬਾ ਬਕਾਲਾ ਸਾਹਿਬ ਵਿਖੇ ਵੱਡੇ ਧਾਰਮਿਕ ਸਮਾਗਮ ਕਰਵਾਏ ਜਾਣਗੇ। ਉਹਨਾਂ ਕਿਹਾ ਕਿ ਇਹਨਾਂ ਸਮਾਗਮਾਂ ਦੀਆਂ ਤਿਆਰੀਆਂ ਦੀ ਸਮੀਖਿਆ ਰੋਜ਼ਾਨਾ ਮੁੱਖ ਮੰਤਰੀ ਪੰਜਾਬ ਕਰਦੇ ਹਨ, ਸੋ 19 ਨਵੰਬਰ ਤੋਂ ਲੈ ਕੇ 25 ਨਵੰਬਰ ਤੱਕ ਕਰਵਾਏ ਜਾਣ ਵਾਲੇ ਸਮਾਗਮਾਂ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਉਹਨਾਂ ਨੇ ਸਾਰੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਇਹ ਕੰਮ ਡਿਊਟੀ ਨਹੀਂ ਸੇਵਾ ਸਮਝ ਕੇ ਕਰਨ। ਇਸ ਮੌਕੇ ਸੰਬੋਧਨ ਕਰਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਸਾਡੇ ਕੋਲ ਕੰਮ ਕਰਨ ਲਈ ਕੇਵਲ 40 ਵਰਕਿੰਗ ਦਿਨ ਹਨ, ਸੋ ਇਹ ਕੰਮ ਅੱਜ ਤੋਂ ਹੀ ਸ਼ੁਰੂ ਕਰ ਦਿੱਤੇ ਗਏ ਹਨ । ਸਾਡੀਆਂ ਟੀਮਾਂ ਵਿਉਂਤਬੰਦੀ ਕਰ ਰਹੀਆਂ ਹਨ , ਜਿਹੜੇ ਵੀ ਰਸਤੇ, ਸੜਕਾਂ ਬਣਨ ਵਾਲੇ ਹਨ, ਉਹਨਾਂ ਦਾ ਕੰਮ ਤਰਜੀਹ ਆਧਾਰ ਉੱਤੇ ਸ਼ੁਰੂ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ 5 ਸਤੰਬਰ ਨੂੰ ਅਨੰਦਪੁਰ ਸਾਹਿਬ ਵਿਖੇ ਭਾਈ ਜੈਤਾ ਜੀ ਦੀ ਯਾਦਗਰ ਦੇ ਉਦਘਾਟਨ ਨਾਲ ਇਹ ਸਮਾਗਮ ਸ਼ੁਰੂ ਹੋ ਜਾਣਗੇ। ਉਹਨਾਂ ਸਾਰੇ ਭਾਈਚਾਰਿਆਂ ਨੂੰ ਮਿਲ ਕੇ ਇਹ ਸਮਾਗਮ ਮਨਾਉਣ ਦਾ ਸੱਦਾ ਦਿੱਤਾ। ਵਿਭਾਗ ਦੇ ਸਲਾਹਕਾਰ ਸ੍ਰੀ ਦੀਪਕ ਬਾਲੀ ਨੇ ਕਿਹਾ ਕਿ ਗੁਰੂ ਸਾਹਿਬ ਦੇ ਫਲਸਫੇ ਨੂੰ ਪ੍ਰਚਾਰਨ ਤੇ ਪ੍ਰਸਾਰਨ ਲਈ ਇਹ ਸਮਾਗਮ ਸਰਕਾਰ ਵੱਲੋਂ ਉਲੀਕੇ ਗਏ ਹਨ, ਸੋ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਸ ਕੰਮ ਲਈ ਨੌਜਵਾਨਾਂ ਨੂੰ ਵੱਧ ਤੋਂ ਵੱਧ ਨਾਲ ਜੋੜੀਏ। ਉਹਨਾਂ ਕਿਹਾ ਕਿ ਵੱਖ-ਵੱਖ ਸਥਾਨਾਂ ਤੋਂ ਆਉਣ ਵਾਲੀਆਂ ਯਾਤਰਾਵਾਂ ਦਾ ਸਵਾਗਤ ਵੱਡੇ ਪੱਧਰ ਉੱਤੇ ਕੀਤਾ ਜਾਵੇ ਅਤੇ ਅਜਿਹੇ ਸ਼ਾਨਦਾਰ ਸਮਾਗਮ ਹੋਣ ਕਿ ਆਉਣ ਵਾਲੀਆਂ ਪੀੜ੍ਹੀਆਂ ਇਹਨਾਂ ਸਮਾਗਮਾਂ ਦੀ ਸ਼ਾਨ ਨੂੰ ਯਾਦ ਰੱਖਣ।

## ਭਾਰਤੀ ਕਿਸਾਨ ਜਥੇਬੰਦੀ ਯੂਨੀਅਨ ਨੇ ਧਾਰਮਿਕ ਡੇਰੇ ਵਿਰੁੱਧ ਟੋਲ ਪਲਾਜ਼ਾ 'ਤੇ ਧਰਨਾ ਦਿੱਤਾ



ਬਾਬਾ ਬਕਾਲਾ ਸਾਹਿਬ, 2 ਅਗਸਤ (ਬਲਰਾਜ ਸਿੰਘ ਰਾਜਾ) : ਭਾਰਤੀ ਕਿਸਾਨ ਯੂਨੀਅਨ ਸਿਰਸਾ ਵੱਲੋਂ ਜਲੰਧਰ- ਅੰਮ੍ਰਿਤਸਰ ਮੁੱਖ ਮਾਰਗ 'ਤੇ ਢਿਲਵਾਂ ਟੋਲ ਪਲਾਜ਼ਾ 'ਤੇ ਧਾਰਮਿਕ ਡੇਰੇ ਵਿਰੁੱਧ ਸੀਵਰੇਜ ਦਾ ਗੰਦਾ ਪਾਣੀ ਬਿਆਸ ਦਰਿਆ ਵਿਚ ਪਾਉਣ ਕਾਰਨ ਧਰਨਾ ਲਾਇਆ ਗਿਆ। ਇਸ ਮੌਕੇ ਯੂਨੀਅਨ ਦੇ ਪ੍ਰਧਾਨ ਬਲਦੇਵ ਸਿੰਘ ਸਿਰਸਾ ਨੇ ਧਾਰਮਿਕ ਡੇਰੇ ਦੇ ਪ੍ਰਬੰਧਕਾ ਵਿਰੁੱਧ ਕਈ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਸਮੇਂ ਦੀਆ ਸਰਕਾਰਾਂ ਨੇ ਇਸ ਦੀ ਖੁੱਲ੍ਹ ਕੇ ਹਮਾਇਤ ਕੀਤੀ ਅਤੇ ਅੱਜ ਉਕਤ ਡੇਰੇ ਵੱਲੋਂ ਸੀਵਰੇਜ ਦਾ ਗੰਦਾ ਪਾਣੀ ਬਿਆਸ ਦਰਿਆ ਵਿਚ ਪਾਇਆ ਜਾ ਰਿਹਾ ਹੈ ਅਤੇ ਇਹ ਪਾਣੀ ਪੰਜਾਬ, ਰਾਜਸਥਾਨ ਦੇ ਲੋਕ ਪੀਣ ਲਈ ਵਰਤਦੇ ਹਨ, ਜਿਸ ਨਾਲ ਭਿਆਨਕ ਬਿਮਾਰੀਆਂ ਫੈਲਣ ਦਾ ਡਰ ਹੈ। ਉਨ੍ਹਾਂ ਅੱਜ ਰੋਸ ਵਜੋਂ ਇੱਥੇ ਧਰਨਾ ਲਾ ਕੇ ਸੁੱਤੀ ਹੋਈ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦੋਸ਼ ਲਾਉਂਦਿਆਂ ਕਿਹਾ ਕਿ ਉਕਤ ਡੇਰੇ ਦੇ ਪ੍ਰਬੰਧਕਾਂ ਵੱਲੋਂ ਪਿੰਡ ਬੁਤਾਲਾ ਅਤੇ ਪ੍ਰਿਥੀਪੁਰ ਦੇ ਗੁਰਦੁਆਰੇ ਦੀ ਛੇ ਏਕੜ ਜ਼ਮੀਨ ਦੇ ਝੂਠੇ ਤਬਾਦਲੇ ਦੇ ਰੂਪ ਵਿਚ ਦੋ ਏਕੜ ਜ਼ਮੀਨ ਦਿੱਤੀ ਹੈ। ਜਿਸ ਦੀ ਜਾਂਚ ਕਰਵਾਈ ਜਾਵੇ। ਉਨ੍ਹਾਂ ਅਖੀਰ ਵਿਚ ਕੇਂਦਰ ਸਰਕਾਰ ਪਾਸੋਂ ਇਨਸਾਫ਼ ਦੀ ਮੰਗ ਕਰਦਿਆਂ ਜਾਚ ਕਰਵਾ ਕੇ ਪਰਚੇ ਦਰਜ ਕਰਨ ਦੀ ਮੰਗ ਕੀਤੀ। ਜੇਕਰ ਸਰਕਾਰ ਨੇ ਕੋਈ ਕਾਰਵਾਈ ਨਾ ਕੀਤੀ ਤਾਂ ਵੱਡਾ ਐਕਸ਼ਨ ਪ੍ਰੋਗਰਾਮ ਉਲੀਕਿਆ ਜਾਵੇਗਾ। ਇਸ ਮੌਕੇ ਤਹਿਸੀਲਦਾਰ ਵੱਲੋਂ ਮੰਗ ਪੱਤਰ ਲੈਣ ਉਪਰੰਤ ਧਰਨਾ ਸਮਾਪਤ ਕੀਤਾ ਗਿਆ। ਇਸ ਮੌਕੇ ਮਨਦੀਪ ਕੌਰ, ਸੁਰਿੰਦਰ ਕੌਰ, ਹਰਪਾਲ ਸਿੰਘ ਧਰਮੀ ਫ਼ੌਜੀ , ਵਕੀਲ ਸਿੰਘ,ਹਰਬੰਸ ਸਿੰਘ ਰਵਾਲ ਵਾਲੇ,ਹਾਕਮ ਸਿੰਘ ,ਮਨਜੀਤ ਸਿੰਘ ਸਮੇਤ ਵੱਡੀ ਗਿਣਤੀ ਵਿਚ ਬੁਲਾਰਿਆਂ ਨੇ ਸੰਬੋਧਨ ਕੀਤਾ ਅਤੇ ਵੱਡੀ ਗਿਣਤੀ ਵਿਚ ਕਿਸਾਨ ਪੁੱਜੇ ਹੋਏ ਸਨ।

## ਸਬ ਇੰਸਪੈਕਟਰ ਮਨਜੀਤ ਸਿੰਘ ਦੀ ਸੇਵਾ ਮੁਕਤੀ ਮੌਕੇ ਆਈ.ਜੀ. ਹੈੱਡ ਕੁਆਰਟਰ ਨੇ ਕੀਤਾ ਸਨਮਾਨਤ



ਅੰਮ੍ਰਿਤਸਰ, 2 ਅਗਸਤ (ਬਬਲੂ ਮਹਾਜਨ) : ਆਈ.ਜੀ ਹੈੱਡ ਕੁਆਰਟਰ ਪਰਮਰਾਜ ਸਿੰਘ ਉਮਰਾਨੰਗਲ ਨਾਲ ਡਿਊਟੀ ਕਰ ਰਹੇ ਸਬ ਇੰਸਪੈਕਟਰ ਮਨਜੀਤ ਸਿੰਘ ਦੀ ਸੇਵਾ ਮੁਕਤੀ ਮੌਕੇ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਆਈ.ਜੀ ਹੈੱਡ ਕੁਆਰਟਰ ਪਰਮਰਾਜ ਸਿੰਘ ਉਮਰਾਨੰਗਲ ਸਾਬਕਾ ਸਬ ਇੰਸਪੈਕਟਰ ਬਲਜਿੰਦਰ ਸਿੰਘ ਨੇ ਸੇਵਾ ਮੁਕਤ ਮਨਜੀਤ ਸਿੰਘ ਨੂੰ ਸਨਮਾਨਿਤ ਕਰਦੇ ਹੋਏ ਕਿਹਾ ਮਿਹਨਤ ਲਗਨ ਅਤੇ ਇਮਾਨਦਾਰੀ ਨਾਲ ਡਿਊਟੀ ਕਰਨ ਵਾਲੇ ਮਨਜੀਤ ਸਿੰਘ ਵੱਲੋਂ ਕੀਤੀਆਂ ਗਈਆਂ ਸੇਵਾਵਾਂ ਸ਼ਲਘਾ ਯੋਗ ਸਨ। ਇਸ ਮੌਕੇ ਏਐਸਆਈ ਹਰਨੇਕ ਸਿੰਘ, ਏਐਸਆਈ ਮਨਜੀਤ ਸਿੰਘ, ਏਐਸਆਈ ਬਲਰਾਜ ਸਿੰਘ, ਹਰਪ੍ਰੀਤ ਸਿੰਘ,ਹਰਵੀਰ ਸਿੰਘ, ਅਮਨਪ੍ਰੀਤ ਸਿੰਘ, ਹਰਜਿੰਦਰ ਸਿੰਘ, ਐਚ ਸੀ ਦਿਲਬਾਗ ਸਿੰਘ,ਐਚ ਸੀ ਦਲਜੀਤ ਸਿੰਘ, ਐਚ ਸੀ ਅਮਰਜੀਤ ਸਿੰਘ ਅਤੇ ਸਾਬਕਾ ਸਬ ਇੰਸਪੈਕਟਰ ਬਲਜਿੰਦਰ ਸਿੰਘ ਨਾਲ ਮਿਲ ਕੇ ਵਿਦਾਇਗੀ ਪਾਰਟੀ ਕੀਤੀ ਗਈ। ਨੇ ਲੰਬੇ ਸਮੇਂ ਤੱਕ ਨਿਸ਼ਠਾ, ਇਮਾਨਦਾਰੀ ਅਤੇ ਤਨਦੇਹੀ ਨਾਲ ਆਪਣੀ ਡਿਊਟੀ ਨਿਭਾਈ। ਮਨਜੀਤ ਸਿੰਘ ਨੇ ਵੀ ਆਪਣੇ ਬੋਧਪੂਰਨ ਭਾਸ਼ਣ ਰਾਹੀਂ ਸਾਰੇ ਸਹਿਕਰਮੀਆਂ ਅਤੇ ਅਧਿਕਾਰੀਆਂ ਦਾ ਧੰਨਵਾਦ ਕੀਤਾ। ਅੰਤ ਵਿੱਚ, ਉਨ੍ਹਾਂ ਦੀ ਭਵਿੱਖੀ ਜ਼ਿੰਦਗੀ ਲਈ ਚੰਗੀਆਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

## ਬਦਮਾਸ਼ਾ ਹੱਥੋਂ ਜ਼ਖ਼ਮੀ ਹੋਏ ਵਕੀਲ ਲਖਵਿੰਦਰ ਸਿੰਘ ਨੇ ਤੋੜਿਆ ਦਮ : ਵਕੀਲ ਭਾਈਚਾਰੇ 'ਚ ਸੋਗ ਦੀ ਲਹਿਰ



ਅੰਮ੍ਰਿਤਸਰ, 2 ਅਗਸਤ (ਬਬਲੂ ਮਹਾਜਨ) : ਬੀਤੇ ਦਿਨ ਜੰਡਿਆਲਾ ਗੁਰੂ ਵਿਖੇ ਮੋਟਰ ਸਾਈਕਲ ਸਵਾਰ ਹਮਲਾਵਰਾਂ ਵੱਲੋਂ ਗੋਲੀਆਂ ਮਾਰਕੇ ਗੰਭੀਰ ਜ਼ਖ਼ਮੀ ਕੀਤੇ ਐਡਵੋਕੇਟ ਲਖਵਿੰਦਰ ਸਿੰਘ ਨੇ ਅੱਜ ਇੱਥੋਂ ਦੇ ਇਕ ਨਿੱਜੀ ਹਸਪਤਾਲ ਵਿੱਚ ਪ੍ਰਾਣ ਤਿਆਗ ਦਿੱਤੇ ਹਨ। ਜ਼ਿਕਰਯੋਗ ਹੈ ਕਿ ਇਕ ਗੋਲੀ ਉਨ੍ਹਾਂ ਦੀ ਰੀੜ੍ਹ ਦੀ ਹੱਡੀ ਵਿਚ ਲੱਗਣ ਕਰਕੇ ਉਨ੍ਹਾਂ ਦੇ ਸਰੀਰ ਦਾ ਹੇਠਲਾ ਹਿੱਸਾ ਕੰਮ ਕਰਨ ਤੋਂ ਹਟ ਗਿਆ ਸੀ, ਜਿਨ੍ਹਾਂ ਦੇ ਦਿਹਾਂਤ ਦੀ ਖ਼ਬਰ ਸੁਣਦਿਆਂ ਹੀ ਵਕੀਲ ਭਾਈਚਾਰੇ ਵਿੱਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਸਵ: ਐਡਵੋਕੇਟ ਲਖਵਿੰਦਰ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਅੰਮ੍ਰਿਤਸਰ ਬਾਰ ਐਸ਼ੋਸੀਏਸ਼ਨ ਅੰਮ੍ਰਿਤਸਰ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਪਨੇਸਰ ਦੀ ਅਗਵਾਈ 'ਚ ਬਾਰ ਦੇ ਅਹੁੇਦਾਦਾਰਾਂ ਤੇ ਹੋਰ ਵਕੀਲ ਭਾਈਚਾਰੇ ਨੇ ਸੋਗ 'ਚ ਅਦਾਲਤੀ ਕੰਮ ਕਾਜ ਬੰਦ ਰੱਖਣ ਦਾ ਐਲਾਨ ਕੀਤਾ। ਤਰਨਤਾਰਨ ਦੇ ਪਿੰਡ ਠੱਠੀਆਂ ਮਹੰਤਾਂ ਵਿਖੇ ਗੋਲੀਆਂ ਮਾਰ ਕੇ ਗੰਭੀਰ ਜ਼ਖ਼ਮੀ ਕੀਤੇ ਗਏ ਗੁਰਪ੍ਰੀਤ ਸਿੰਘ ਨਾਮਕ ਵਿਅਕਤੀ ਨੇ ਦੇਰ ਰਾਤ ਅੰਮ੍ਰਿਤਸਰ ਦੇ ਨਿੱਜੀ ਹਸਪਤਾਲ 'ਚ ਦਮ ਤੋੜ ਦਿੱਤਾ ਹੈ। ਜਿਸ ਕਾਰਨ ਪੁਲਿਸ ਨੇ ਹਮਲਾਵਰਾਂ ਵਿਰੁੱਧ ਦਰਜ ਕੀਤੇ ਜਾਨਲੇਵਾ ਹਮਲਾ ਕਰਨ ਦੇ ਕੇਸ 'ਚ ਕਤਲ ਦੀਆਂ ਧਾਰਾਵਾਂ ਨੂੰ ਵੀ ਜੋੜ ਦਿੱਤਾ ਹੈ। ਜਦਕਿ ਭੱਜਦੇ ਸਮੇਂ ਮੁਕਾਬਲੇ 'ਚ ਗੋਲੀਆਂ ਲੱਗਣ ਕਾਰਨ ਹਲਾਕ ਹੋਏ ਇਕ ਹਮਲਾਵਰ ਦੀ ਲਾਸ਼ ਦਾ ਸਿਵਲ ਹਸਪਤਾਲ ਤਰਨਤਾਰਨ ਤੋਂ ਪੋਸਟਮਾਰਟਮ ਕਰਨ ਉਪਰੰਤ ਵਾਰਸਾਂ ਨੂੰ ਲਾਸ਼ ਸੌਂਪ ਦਿੱਤੀ ਗਈ ਹੈ।

## ਜੇ ਸ਼ਹੀਦਾਂ ਦੇ ਸੁਪਨੇ ਰਵਾਇਤੀ ਪਾਰਟੀਆਂ ਨੇ ਸਾਕਾਰ ਕੀਤੇ ਹੁੰਦੇ ਤਾਂ ਅੱਜ 'ਯੁੱਧ ਨਸ਼ਿਆਂ ਵਿਰੁੱਧ' ਦੀ ਲੋੜ ਨਾ ਪੈਂਦੀ : ਧਾਲੀਵਾਲ



ਅਜਨਾਲਾ, 2 ਅਗਸਤ (ਸੁਖਦੇਵ ਸਿੰਘ ਖਾਲਸਾ) : ਅੱਜ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਅਜਨਾਲਾ ਹਲਕੇ ਦੇ ਪਿੰਡਾਂ ਨਵਾਂ ਪਿੰਡ, ਗੋਲਡਨ ਕਾਲੋਨੀ, ਤਲਵੰਡੀ ਨਾਹਰ, ਬੱਲ ਬਾਵਾ, ਭੁਰੇਗਿਲ ਤੇ ਹਰੜ ਭੁਰੇਗਿਲ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਖ਼ਰਾਬ ਮੌਸਮ ਦੇ ਬਾਵਜੂਦ ਕਰਵਾਈਆਂ ਗਈਆਂ ਪ੍ਰਭਾਵਸ਼ਾਲੀ ਨਸ਼ਾ ਮੁਕਤ ਯਾਤਰਾਵਾਂ 'ਚ ਸ਼ਮੂਲੀਅਤ ਕੀਤੀ ਅਤੇ ਯਾਤਰਾਵਾਂ ਦੌਰਾਨ ਹੋਈਆਂ ਰੈਲੀਆਂ ਦੇ ਆਗਾਜ਼ 'ਚ ਵਿਧਾਇਕ ਧਾਲੀਵਾਲ ਵੱਲੋਂ ਸੈਲਫ ਡਿਫੈਂਸ ਕਮੇਟੀਆਂ, ਪੰਚਾਂ ਸਰਪੰਚਾਂ, ਨੰਬਰਦਾਰਾਂ, ਯੂਥ ਕਲੱਬਾਂ, ਮਹਿਲਾ ਮੰਡਲਾਂ, ਸਮਾਜ ਸੇਵੀਆਂ ਸਮੇਤ ਵੱਡੀ ਗਿਣਤੀ 'ਚ ਮੌਜੂਦ ਪੇਂਡੂ ਲੋਕਾਂ ਕੋਲੋਂ ਨਸ਼ਿਆਂ ਵਿਰੁੱਧ ਇਕਜੁੱਟਤਾ ਦਾ ਭਰੋਸਾ ਲੈਂਦਿਆਂ ਨਸ਼ਾ ਮੁਕਤੀ ਦਾ ਸਮੂਹਿਕ ਹਲਫ ਦਿਵਾਇਆ। ਉਪਰੰਤ ਰੈਲੀਆਂ 'ਚ ਵਿਧਾਇਕ ਤੇ ਸਾਬਕਾ ਮੰਤਰੀ ਧਾਲੀਵਾਲ ਨੇ ਆਪਣੇ ਸੰਬੋਧਨ ਦਾ ਆਗਾਜ਼ 1ਅਗਸਤ 1857 ਨੂੰ ਪਹਿਲੀ ਜੰਗੇ ਅਜ਼ਾਦੀ ਦੌਰਾਨ ਅਜਨਾਲਾ ਵਿਖੇ ਬ੍ਰਿਟਿਸ਼ ਹਾਕਮਾਂ ਹੱਥੋਂ ਸ਼ਹਾਦਤ ਦਾ ਜਾਮ ਪੀਣ ਵਾਲੇ ਕਾਲਿਆਂ ਵਾਲੇ ਖੂਹ ਦੇ 282 ਦੇਸ਼ ਭਗਤਾਂ/ਭਾਰਤੀ ਸੈਨਿਕਾਂ ਅਤੇ ਕੌਮੀ ਸ਼ਹੀਦ ਉੱਧਮ ਸਿੰਘ ਸੁਨਾਮ ਦੀ 86 ਵੀਂ ਸ਼ਹਾਦਤ ਵਰ੍ਹੇਗੰਢ ਨੂੰ ਯਾਦ ਕਰਦਿਆਂ ਰੈਲੀਆਂ 'ਚ ਆਏ ਲੋਕਾਂ ਵੱਲੋਂ ਕਾਲਿਆਂ ਵਾਲੇ ਖੂਹ ਦੇ ਸ਼ਹੀਦਾਂ ਤੇ ਸ਼ਹੀਦ ਉੱਧਮ ਸਿੰਘ ਸੁਨਾਮ ਨੂੰ ਇਹੋ ਸੱਚੀ ਸੁੱਚੀ ਸ਼ਰਧਾਂਜ਼ਲੀ ਹੋਵੇਗੀ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਦੀ ਜੜ੍ਹ ਪੁੱਟਣ ਤੇ ਰੰਗਲੇ ਪੰਜਾਬ ਦੀ ਸਿਰਜਣਾ ਲਈ ਵਿੱਢੇ ਯੁੱਧ ਨਸ਼ਿਆਂ ਵਿਰੁੱਧ ਦਾ ਸਰਗਰਮ ਹਿੱਸਾ ਬਣ ਕੇ ਪੰਜਾਬ ਤੇ ਖਾਸ ਕਰਕੇ ਆਪਣੇ ਪਿੰਡਾਂ, ਘਰਾਂ ਤੇ ਆਲੇ ਦੁਆਲੇ ਨੂੰ ਨਸ਼ਾ ਮੁਕਤ ਬਣਾਉਣ ਲਈ ਧੜੇਬੰਦੀ ਤੋਂ ਉੱਪਰ ਉੱਠ ਕੇ ਪ੍ਰਚੰਡ ਯੋਗਦਾਨ ਪਾਇਆ ਜਾਵੇ।

ਉਨ੍ਹਾਂ ਨੇ ਅਜਾਦੀ ਪਿੱਛੋਂ ਪਿਛਲੇ 75 ਸਾਲਾਂ ਤੋਂ ਦੇਸ਼ ਤੇ ਖਾਸ ਕਰਕੇ ਪੰਜਾਬ ਦੀ ਸੱਤਾ 'ਤੇ ਕਾਬਜ਼ ਰਹੀਆਂ ਕਾਂਗਰਸ ਤੇ ਅਕਾਲੀ -ਭਾਜਪਾ ਗੱਠਜੋੜ ਦੀ ਘੇਰਾਬੰਦੀ ਕਰਦਿਆਂ ਕਿਹਾ ਕਿ ਅੱਜ ਸੂਬਾ ਭਗਵੰਤ ਮਾਨ ਸਰਕਾਰ ਨੂੰ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਦੀ ਲੋੜ ਨਹੀਂ ਸੀ ਪੈਣੀ, ਜੇਕਰ ਇਨ੍ਹਾਂ ਰਵਾਇਤੀ ਰਾਜਸੀ ਪਾਰਟੀਆਂ ਨੇ ਆਪਣੇ ਲੰਮੇ ਰਾਜਕਾਲ ਦੌਰਾਨ ਕਾਲਿਆਂ ਵਾਲੇ ਖੂਹ ਦੇ 282 ਸ਼ਹੀਦਾਂ,ਸ਼ਹੀਦ ਉੱਧਮ ਸਿੰਘ ਸੁਨਾਮ ਸਮੇਤ ਸ਼ਹੀਦੇ ਆਜ਼ਮ ਭਗਤ ਸਿੰਘ , ਰਾਜਗੁਰੂ, ਸੁਖਦੇਵ, ਕਰਤਾਰ ਸਿੰਘ ਸਰਾਭਾ ਅਤੇ ਹੋਰ ਗਦਰੀ ਬਾਬਿਆਂ ਵੱਲੋਂ ਅਜਾਦੀ ਲੈਣ ਲਈ ਆਪਣੇ ਜੀਵਨ ਤੇ ਪ੍ਰਾਣਾਂ ਦੀ ਆਹੂਤੀ ਦੇਣ ਮੌਕੇ ਲਏ ਅਜਾਦੀ ਪਿੱਛੋਂ ਭਾਰਤ ਦੇ ਹਰ ਸੂਬੇ ਦੇ ਲੋਕਾਂ ਨੂੰ ਗਰੀਬੀ ਤੋਂ ਛੁਟਕਾਰਾ ਦਿਵਾਇਆ ਹੁੰਦਾ ਅਤੇ ਮਿਆਰੀ ਤੇ ਮੁਫ਼ਤ ਸਿਹਤ ਸਹੂਲਤਾਂ, ਸਿੱਖਿਆ, ਰੁਜ਼ਗਾਰ, ਤੇ ਹੋਰ ਬੁਨਿਆਦੀ ਮਾਨਵਤਾਵਾਦੀ ਸਹੂਲਤਾਂ 'ਚ ਕੋਈ ਕਮੀ ਨਾ ਰਹਿਣ ਦੇ ਸੁਪਨਿਆਂ ਨੂੰ ਚਕਨਾ ਚੂਰ ਨਾ ਕੀਤਾ ਹੁੰਦਾ। ਅਜ਼ਾਦੀ ਪਰਵਾਨਿਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਬਜਾਏ ਉਲਟਾ ਪੰਜਾਬ ਨੂੰ ਲੁੱਟਣ ਅਤੇ ਬਰਬਾਦ ਕਰਨ ਲਈ ਨਸ਼ਿਆਂ ਤੇ ਭ੍ਰਿਸ਼ਟਾਚਾਰ ਦੀ ਦਲਦਲ 'ਚ ਧਕੇਲਣ 'ਚ ਸਾਬਕਾ ਸਰਕਾਰਾਂ ਨੇ ਕੋਈ ਕਸਰ ਬਾਕੀ ਨਹੀਂ ਛੱਡੀ।

## ਦਿਲਬਾਗ ਮੈਮੋਰੀਅਲ ਸਕੂਲ ਆਫ਼ ਨਰਸਿੰਗ ਵਿਖੇ ਤੀਆਂ ਦਾ ਤਿਉਹਾਰ ਮਨਾਇਆ



ਅਜਨਾਲਾ/ਚੇਤਨਪੁਰਾ, 2 ਅਗਸਤ (ਸੁਖਦੇਵ ਸਿੰਘ ਖਾਲਸਾ) : ਦਿਲਬਾਗ ਮੈਮੋਰੀਅਲ ਸਕੂਲ ਆਫ ਨਰਸਿੰਗ ਸੋਹੀਆਂ ਕਲਾਂ ਵਿਖੇ ਵਿਦਿਆਰਥਣਾਂ ਵੱਲੋਂ ਸਾਉਣ ਦੇ ਮਹੀਨੇ ਦਾ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਰਲ-ਮਿਲ ਕੇ ਗਿੱਧਾ-ਕਿਕਲੀ ਤੇ ਬੋਲੀਆਂ ਪਾ ਕੇ ਖੁਸ਼ੀ ਸਾਂਝੀ ਕੀਤੀ ਅਤੇ ਖੂਬ ਰੌਣਕਾਂ ਲਾਈਆਂ। ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਮੈਡਮ ਦਲਬੀਰ ਕੌਰ ਸੋਹੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਰੇ ਸਾਂਝੇ ਤਿਉਹਾਰਾਂ ਮੌਕੇ ਹੀ ਹਰ ਤਰ੍ਹਾਂ ਦੀ ਖੁਸ਼ੀ ਸਾਂਝੀ ਕਰਕੇ ਰੂਹ ਦੀ ਖੁਰਾਕ ਖਾਣੀ ਚਾਹੀਦੀ ਹੈ। ਸੌਣ ਦੇ ਮਹੀਨੇ ਵਿੱਚ ਤੀਆਂ ਦਾ ਤਿਉਹਾਰ ਕੁੜੀਆਂ ਵਾਸਤੇ ਬਹੁਤ ਹੀ ਮਹਿਤਾ ਰੱਖਦਾ ਹੈ। ਇਸ ਮੌਕੇ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਬਲਦੇਵ ਸਿੰਘ ਸੋਹੀ ਅਤੇ ਸਮੂਹ ਸਟਾਫ ਹਾਜ਼ਰ ਸਨ।

## ਸ਼੍ਰੋਮਣੀ ਕਮੇਟੀ ਦੇ ਸਾਬਕਾ ਮੁਲਾਜ਼ਮਾਂ ਨੇ ਜਥੇਦਾਰ ਗੜਗੱਜ ਦੇ ਜੀਜਾ ਗੁਰਵਿੰਦਰ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਕੀਤਾ ਦੁੱਖ ਦਾ ਪ੍ਰਗਟਾਵਾ



ਅੰਮ੍ਰਿਤਸਰ, 2 ਅਗਸਤ (ਬਬਲੂ ਮਹਾਜਨ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੁਲਾਜ਼ਮਾਂ ਵੱਲੋਂ ਬਣਾਈ ਗਈ ਸੇਵਾਮੁਕਤ ਕਰਮਚਾਰੀ ਵੈਲਫੇਅਰ ਐਸੋਸੀਏਸ਼ਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਜੀਜਾ ਗੁਰਵਿੰਦਰ ਸਿੰਘ ਦਾ ਸੜਕ ਹਾਦਸੇ ਵਿਚ ਦੇਹਾਂਤ ਹੋ ਜਾਣ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਅਕਾਲ ਚਲਾਣਾ ਕਰ ਜਾਣ 'ਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਸੰਸਥਾ ਦੇ ਪ੍ਰਧਾਨ ਬਲਵਿੰਦਰ ਸਿੰਘ ਜੋੜਾਸਿੰਘਾ ਨੇ ਕਿਹਾ ਕਿ ਇਸ ਦੁੱਖ ਦੀ ਘੜੀ ਵਿਚ ਸਿੱਖ ਕੌਮ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਨਾਲ ਸਿੱਖ ਪੰਥ ਦੀ ਦਿਲੋਂ ਹਮਦਰਦੀ ਹੈ। ਗੁਰੂ ਸਾਹਿਬ ਦੇ ਚਰਨਾਂ ਵਿਚ ਅਰਦਾਸ ਹੈ ਕਿ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਇਸ ਦੌਰਾਨ ਉਨ੍ਹਾਂ ਨੇ ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਪ੍ਰੋਫੈਸਰ ਇੰਦਰਜੀਤ ਸਿੰਘ ਗੋਗੋਆਣੀ ਦੇ ਪਿਤਾ ਗੁਰਮੇਜ ਸਿੰਘ ਗੋਗੋਆਣੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ।

## ਮਹਾਰਾਣੀ ਜਿੰਦ ਕੌਰ ਦੀ ਅੰਤਿਮ ਸੰਸਕਾਰ ਅਸਥਾਨ ਨਾਸਿਕ ਵਿਖੇ ਮੁੜ ਨਿਰਮਾਣ ਯਾਦਗਾਰੀ ਸਮਾਧ ਦਾ ਉਦਘਾਟਨ

### ਮਹਾਰਾਣੀ ਜਿੰਦ ਕੌਰ ਦੀ ਯਾਦਗਾਰੀ ਸਮਾਧ ਸਿੱਖੀ ਦੀ ਸ਼ਾਨ ਅਤੇ ਰਾਸ਼ਟਰੀ ਗੌਰਵ ਦੀ ਪ੍ਰਤੀਕ : ਜਸਪਾਲ ਸਿੰਘ ਸਿੱਧੂ



ਨਾਸਿਕ (ਮਹਾਰਾਸ਼ਟਰ)/ ਅੰਮ੍ਰਿਤਸਰ, 2 ਅਗਸਤ (ਚ.ਨ.ਸ.) : ਸ਼ੇਰ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਧਰਮ-ਪਤਨੀ ਅਤੇ ਮਹਾਰਾਜਾ ਦਲੀਪ ਸਿੰਘ ਦੀ ਮਾਤਾ ਮਹਾਰਾਣੀ ਜਿੰਦ ਕੌਰ ਦੀ ਯਾਦ ਵਿੱਚ ਗੋਦਾਵਰੀ ਨਦੀ ਦੇ ਕੰਢੇ ਗੰਗਾ ਘਾਟ, ਪੰਚਵਟੀ, ਨਾਸਿਕ (ਮਹਾਰਾਸ਼ਟਰ) ਵਿਖੇ ਸ਼ਰਧਾਂਜਲੀ ਸਮਾਗਮ ਆਯੋਜਿਤ ਕੀਤਾ ਗਿਆ। ਇਸ ਸਮਾਗਮ ਦੌਰਾਨ ਸਿੱਖ ਆਗੂਆਂ ਅਤੇ ਬੁਲਾਰਿਆਂ ਵੱਲੋਂ ਮਹਾਰਾਣੀ ਜਿੰਦਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਅਰਪਿਤ ਕੀਤੀ ਗਈ। ਸਮਾਗਮ ਦਾ ਵਿਸ਼ੇਸ਼ ਆਕਰਸ਼ਣ ਮਹਾਰਾਣੀ ਜਿੰਦਾਂ ਦੀ ਨਵੀਂ ਉਸਾਰੀ ਕੀਤੀ ਸਮਾਧ ਦਾ ਉਦਘਾਟਨ ਸੀ, ਜੋ 14 ਸਾਲਾਂ ਬਾਅਦ ਸਥਾਨਕ ਪ੍ਰਸ਼ਾਸਨ ਅਤੇ ਮਹਾਰਾਸ਼ਟਰ ਸਿੱਖ ਸਮਾਜ ਦੇ ਯਤਨਾਂ ਨਾਲ ਸੰਭਵ ਹੋਇਆ। ਇਸ ਪਵਿੱਤਰ ਮੌਕੇ 'ਤੇ ਮਹਾਰਾਸ਼ਟਰ ਸਿੱਖ ਸਮਾਜ ਤਾਲਮੇਲ ਕਮੇਟੀ, ਪੰਜਾਬੀ ਸਾਹਿਤ ਅਕੈਡਮੀ ਮਹਾਰਾਸ਼ਟਰ, ਨਾਸਿਕ ਜ਼ਿਲ੍ਹਾ ਯੂਨਾਈਟਿਡ ਗੁਰਦੁਆਰਾ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਵੱਲੋਂ ਸਾਂਝੇ ਤੌਰ 'ਤੇ ਸਮਾਗਮ ਕਰਵਾਇਆ ਗਿਆ।

ਸਮਾਗਮ ਦੌਰਾਨ ਮਹਾਰਾਸ਼ਟਰ ਸਿੱਖ ਸਮਾਜ ਤਾਲਮੇਲ ਕਮੇਟੀ ਦੇ ਚੇਅਰਮੈਨ ਜਸਪਾਲ ਸਿੰਘ ਸਿੱਧੂ ਨੇ ਕਿਹਾ ਕਿ ਮਹਾਰਾਣੀ ਜਿੰਦ ਕੌਰ ਸਿਰਫ ਸਿੱਖ ਰਾਜ ਦੀ ਰਾਣੀ ਹੀ ਨਹੀਂ ਸੀ, ਸਗੋਂ ਉਹ ਦਲੇਰ ਜਾ ਚੁੱਕੇ ਆਪਣੇ ਪੁੱਤਰ ਮਹਾਰਾਜਾ ਦਲੀਪ ਸਿੰਘ ਨੂੰ ਸਿੱਖੀ ਦੇ ਗੌਰਵ ਨੂੰ ਮੁੜ ਅਪਣਾਉਣ ਦੀ ਪ੍ਰੇਰਨਾ ਦੇਣ ਵਾਲੀ ਮਾਂ ਹੀ ਨਹੀਂ, ਸਗੋਂ ਉਹ ਅੰਗਰੇਜ਼ ਹਕੂਮਤ ਦੇ ਸਾਹਮਣੇ ਰਾਸ਼ਟਰੀ ਭਾਵਨਾ ਨਾਲ ਡਟ ਕੇ ਖੜ੍ਹੀ ਹੋਣ ਵਾਲੀ ਇਕ ਦਲੇਰ ਔਰਤ ਸੀ, ਜਿਸ ਤੋਂ ਅੰਗਰੇਜ਼ ਵੀ ਘਬਰਾਉਂਦੇ ਸਨ। ਉਹ 1 ਅਗਸਤ 1863 ਨੂੰ ਕੇਵਲ 48 ਸਾਲ ਦੀ ਉਮਰ ਵਿੱਚ ਲੰਡਨ ਵਿਖੇ ਸਵਰਗਵਾਸ ਹੋ ਗਈ। ਉਸ ਦੀ ਆਖ਼ਰੀ ਇੱਛਾ ਅਨੁਸਾਰ ਉਸ ਦੇ ਮ੍ਰਿਤਕ ਸਰੀਰ ਭਾਰਤ ਲਿਆਂਦਾ ਗਿਆ, ਪਰ ਬ੍ਰਿਟਿਸ਼ ਹਕੂਮਤ ਨੇ ਪੰਜਾਬ ਲਿਜਾਣ ਦੀ ਆਗਿਆ ਨਹੀਂ ਦਿੱਤੀ ਅਤੇ ਉਸ ਦਾ ਅੰਤਿਮ ਸੰਸਕਾਰ ਨਾਸਿਕ ਵਿਖੇ ਗੋਦਾਵਰੀ ਨਦੀ ਦੇ ਕੰਢੇ ਕੀਤਾ ਗਿਆ। ਬਾਅਦ ਵਿੱਚ ਉਸ ਦੀਆਂ ਅਸਥੀਆਂ ਮਹਾਰਾਜਾ ਦਲੀਪ ਸਿੰਘ ਦੀ ਧੀ ਸ਼ਹਿਜ਼ਾਦੀ ਬੰਬਾਂ ਵੱਲੋਂ ਨਾਸਿਕ ਤੋਂ ਲਾਹੌਰ ਲਿਆਂਦੀਆਂ ਗਈਆਂ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਕੋਲ ਸਥਾਪਿਤ ਕੀਤੀਆਂ ਗਈਆਂ। ਸਿੱਧੂ ਨੇ ਦੱਸਿਆ ਕਿ ਪਹਿਲਾਂ ਇਸ ਸਥਾਨ 'ਤੇ ਇਕ ਛੋਟੀ ਸਮਾਧ ਸੀ, ਜਿਸ ਨੂੰ ਗੋਦਾਵਰੀ ਦੇ ਸੁੰਦਰੀਕਰਨ ਪ੍ਰੋਜੈਕਟ ਦੌਰਾਨ ਹਟਾ ਦਿੱਤਾ ਗਿਆ ਸੀ।

ਹੁਣ, ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਅਗਵਾਈ ਵਿੱਚ ਸਰਕਾਰ ਦੇ ਸਹਿਯੋਗ ਨਾਲ ਇਸ ਪਵਿੱਤਰ ਅਸਥਾਨ 'ਤੇ ਸ਼ਾਨਦਾਰ ਯਾਦਗਾਰੀ ਸਮਾਧ ਦੀ ਉਸਾਰੀ ਕੀਤੀ ਗਈ ਹੈ। ਸਿੱਖ ਨੇਤਾਵਾਂ ਨੇ ਇਸ ਕਾਰਜ ਲਈ ਮਹਾਰਾਸ਼ਟਰ ਸਰਕਾਰ ਦਾ ਧੰਨਵਾਦ ਕੀਤਾ ਅਤੇ ਇਸ ਸਮਾਧ ਨੂੰ ਸਿੱਖੀ ਅਤੇ ਰਾਸ਼ਟਰੀ ਭਾਵਨਾ ਲਈ ਪ੍ਰੇਰਨਾ ਸਰੋਤ ਕਿਹਾ। ਸਿੱਧੂ ਨੇ ਐਲਾਨ ਕੀਤਾ ਕਿ ਮਹਾਰਾਣੀ ਜਿੰਦਾਂ ਦੀ ਯਾਦ ਵਿੱਚ ਹਰ ਸਾਲ ਮਾਰਚ ਮਹੀਨੇ ਵਿੱਚ ਗੁਰਮਤਿ ਸਮਾਗਮ ਆਯੋਜਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਗੋਦਾਵਰੀ ਕੰਢੇ ਮਹਾਰਾਣੀ ਜਿੰਦਾਂ ਦੇ ਨਾਮ 'ਤੇ ਨਿਰਧਾਰਤ ਪੰਜ ਏਕੜ ਜ਼ਮੀਨ 'ਤੇ ਸ਼ਾਨਦਾਰ ਯਾਦਗਾਰ ਅਤੇ ਸੰਗਤਾਂ ਦੀ ਲੋੜ ਅਨੁਸਾਰ ਸੁਵਿਧਾਵਾਂ ਨਾਲ ਲੈਸ ਕੰਪਲੈਕਸ ਤਿਆਰ ਕੀਤਾ ਜਾਵੇਗਾ।

## ਗਿਆਨੀ ਰਾਮ ਸਿੰਘ ਨੇ ਜਥੇਦਾਰ ਕੁਲਦੀਪ ਸਿੰਘ ਦੇ ਪਰਿਵਾਰ ਨਾਲ ਹਮਦਰਦੀ ਭੇਟ ਕੀਤੀ



ਅੰਮ੍ਰਿਤਸਰ, 2 ਅਗਸਤ (ਬਬਲੂ ਮਹਾਜਨ) : ਦਮਦਮੀ ਟਕਸਾਲ ਦੇ ਮੁਖੀ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਨੇ ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਜੀਜਾ ਜੀ ਸ. ਗੁਰਵਿੰਦਰ ਸਿੰਘ ਸੜਕ ਹਾਦਸੇ ਦੌਰਾਨ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਗਿਆਨੀ ਰਾਮ ਸਿੰਘ ਨੇ ਕਿਹਾ ਕਿ ਸ. ਗੁਰਵਿੰਦਰ ਸਿੰਘ ਦੇ ਅਚਾਨਕ ਅਕਾਲ ਚਲਾਣੇ ਨਾਲ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ। ਗਿਆਨੀ ਰਾਮ ਸਿੰਘ ਨੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਅਤੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਅਕਾਲ ਪੁਰਖ ਅੱਗੇ ਅਰਦਾਸ ਕਰਦਿਆਂ ਕਿਹਾ ਵਿੱਛੜੀ ਰੂਹ ਨੂੰ ਆਪਣੇ ਚਰਣਾਂ ਵਿਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ। ਸ. ਗੁਰਵਿੰਦਰ ਸਿੰਘ ਦੇ ਪਰਿਵਾਰ ਨੇ ਜਾਣਕਾਰੀ ਦਿੱਤੀ ਕਿ ਭਾਈ ਮੰਝ ਰੋਡ ਸਥਿਤ ਉਨ੍ਹਾਂ ਦੀ ਰਿਹਾਇਸ਼ ਵਿਖੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅੱਜ ਸ੍ਰੀ ਸਹਿਜ ਪਾਠ ਸਾਹਿਬ ਆਰੰਭ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਦੇ ਭੋਗ ਮਿਤੀ 10 ਅਗਸਤ 2025 ਨੂੰ ਸਵੇਰੇ 9 ਵਜੇ ਪੈਣਗੇ ਅਤੇ ਇਸ ਉਪਰੰਤ ਅੰਤਿਮ ਅਰਦਾਸ ਸਮਾਗਮ ਤਰਨ ਤਾਰਨ ਰੋਡ ਸਥਿਤ ਗੁਰਦੁਆਰਾ ਸੰਗਰਾਣਾ ਸਾਹਿਬ ਵਿਖੇ ਹੋਵੇਗੀ।

## ਸਕੂਲ ਦੇ ਬੱਚਿਆਂ ਨੇ ਮਨਾਇਆ ਤੀਆਂ ਦਾ ਤਿਉਹਾਰ

ਜ਼ੀਰਾ, 2 ਅਗਸਤ (ਦੀਪਕ ਭਾਰਗੋ) : ਜ਼ੀਰਾ ਦੀ ਨਾਮਵਰ ਸੰਸਥਾ ਸ੍ਰੀ ਤਾਰਾ ਚੰਦ ਅਗਰਵਾਲ ਸੀਨੀਅਰ ਸੈਕੰਡਰੀ ਸਕੂਲ ਸਮੇਂ ਸਮੇਂ 'ਤੇ ਬੱਚਿਆਂ ਨੂੰ ਸੱਭਿਆਚਾਰ ਨਾਲ ਜੋੜੀ ਰੱਖਦੀ ਹੈ। ਇਸੇ ਤਰ੍ਹਾਂ ਸਾਵਣ ਦੇ ਮਹੀਨੇ ਵਿੱਚ ਤੀਆਂ ਦਾ ਤਿਉਹਾਰ ਜਿੱਥੇ ਜਗ੍ਹਾ-ਜਗ੍ਹਾ ਮਨਾਇਆ ਜਾਂਦਾ ਹੈ ਉਸੇ ਤਰ੍ਹਾਂ ਇਸ ਸਕੂਲ ਦੇ ਅਧਿਆਪਕ ਤੇ ਬੱਚਿਆਂ ਵੱਲੋਂ ਮਿਲ ਕੇ ਤੀਆਂ ਦਾ ਤਿਉਹਾਰ ਮਨਾਇਆ ਗਿਆ। ਜਿਸ ਵਿੱਚ ਅਧਿਆਪਕਾਂ ਤੇ ਬੱਚਿਆਂ ਨੇ ਬੋਲੀਆਂ, ਗਿੱਧਾ,ਭੰਗੜਾ, ਸਕਿੱਟਾਂ ਤੇ ਹੋਰ ਕਲਚਰ ਪ੍ਰੋਗਰਾਮ ਕੀਤੇ। ਜਿੱਥੇ ਬੱਚੇ ਲਹਿੰਗੇ, ਕੈਂਠੇ, ਬਿੰਦੀਆਂ, ਚੂੜੀਆਂ, ਪਾਜੇਬਾਂ ਨਾਲ ਸੱਜ ਧੱਜ ਕੇ ਆਏ ਉੱਥੇ ਅਧਿਆਪਕਾਂ ਵੱਲੋਂ ਵੀ ਸੋਹਣੇ ਸੋਹਣੇ ਲਿਬਾਸ ਪਾਏ ਤੇ ਤਿਉਹਾਰ ਨੂੰ ਬੜੇ ਉਤਸ਼ਾਹ ਨਾਲ ਮਨਾਇਆ। ਇਸ ਸਭ ਦੀ ਜਾਣਕਾਰੀ ਸਕੂਲ ਦੇ ਪ੍ਰਿੰਸੀਪਲ ਅਲਕਾ ਸਚਦੇਵਾ ਵੱਲੋਂ ਦਿੱਤੀ ਗਈ।

## ਭਗਤ ਪੂਰਨ ਸਿੰਘ ਦੀ 33ਵੀਂ ਬਰਸੀ ਮੌਕੇ ਮਾਨਾਂਵਾਲਾ ਬ੍ਰਾਂਚ ਵਿਖੇ ਵਿਸ਼ਾਲ ਖ਼ੂਨਦਾਨ ਕੈਂਪ



ਅੰਮ੍ਰਿਤਸਰ, 2 ਅਗਸਤ (ਚ.ਨ.ਸ.) : ਅੱਜ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ:) ਅੰਮ੍ਰਿਤਸਰ ਦੀ ਮਾਨਾਂਵਾਲਾ ਬ੍ਰਾਂਚ ਵਿਖੇ ਪਿੰਗਲਵਾੜਾ ਸੰਸਥਾ ਦੇ ਸੰਸਥਾਪਕ ਭਗਤ ਪੂਰਨ ਸਿੰਘ ਜੀ ਦੀ 33ਵੀਂ ਬਰਸੀ ਮੌਕੇ ਮਾਨਾਂਵਾਲਾ ਬ੍ਰਾਂਚ ਵਿਖੇ ਇੱਕ ਵਿਸ਼ਾਲ ਖ਼ੂਨ ਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਕੁੰਵਰ ਵਿਜੈ ਪ੍ਰਤਾਪ ਸਿੰਘ, ਐੱਮ.ਐੱਲ.ਏ ਨੇ ਮੁੱਖ ਮਹਿਮਾਨ ਵਜੋਂ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਪਿੰਗਲਵਾੜਾ ਸੰਸਥਾ ਦੇ ਮੁੱਖ ਸੇਵਾਦਾਰ ਡਾ. ਇੰਦਰਜੀਤ ਕੌਰ ਨੇ ਆਏ ਹੋਏ ਮੁੱਖ ਮਹਿਮਾਨ ਨੂੰ ਜੀ ਆਇਆਂ ਆਖਿਆ ਅਤੇ ਬੱਚਿਆਂ ਵੱਲੋਂ ਮੁੱਖ ਮਹਿਮਾਨ ਨੂੰ ਫੁੱਲ ਭੇਂਟ ਕੀਤੇ ਗਏ।

ਇਸ ਮੌਕੇ ਡਾ. ਇੰਦਰਜੀਤ ਕੌਰ ਨੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਹਰ ਸਾਲ ਭਗਤ ਜੀ ਦੀ ਬਰਸੀ ਮੌਕੇ ਇਕ ਵਿਸ਼ਾਲ ਖ਼ੂਨਦਾਨ ਕੈਂਪ ਦਾ ਆਯੋਜਨ ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ ਅਤੇ ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਅੰਮ੍ਰਿਤਸਰ ਦੇ ਸਹਿਯੋਗ ਨਾਲ ਕੀਤਾ ਜਾਂਦਾ ਹੈ। ਇਸ ਮੌਕੇ ਡਾ. ਇੰਦਰਜੀਤ ਕੌਰ ਨੇ ਦੱਸਿਆ ਕਿ ਖ਼ੂਨਦਾਨੀਆਂ ਵੱਲੋਂ ਬੜੇ ਉਤਸ਼ਾਹ ਨਾਲ ਅੱਜ 120 ਯੂਨਿਟ ਖ਼ੂਨਦਾਨ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਖ਼ੂਨਦਾਨ ਕੈਂਪ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣਾ ਚਾਹੀਦਾ ਹੈ। ਖ਼ੂਨਦਾਨ ਕਿਸੇ ਲੋੜਵੰਦ ਲਈ ਇਕ ਮਹਾਂਦਾਨ ਹੈ ਅਤੇ ਅਸੀਂ ਖ਼ੂਨ ਦਾਨ ਦੇ ਕੇ ਕਿਸੇ ਨੂੰ ਜੀਵਨ ਦਾਨ ਦੇ ਸਕਦੇ ਹਾਂ। ਉਹਨਾਂ ਕਿਹਾ ਕਿ ਇਕੱਤਰ ਕੀਤਾ ਗਿਆ ਖ਼ੂਨ ਲਵਾਰਿਸ ਅਤੇ ਲੋੜਵੰਦ ਰੋਗੀਆਂ ਨੂੰ ਲੋੜ ਵੇਲੇ ਦਿੱਤਾ ਜਾਂਦਾ ਹੈ। ਉਹਨਾਂ ਕਿਹਾ ਕਿ ਪਿੰਗਲਵਾੜਾ ਸੰਸਥਾ ਦੇ ਸੇਵਾਦਾਰਾਂ ਅਤੇ ਰਾਣਾ ਪਲਵਿੰਦਰ ਸਿੰਘ ਦਬੁਰਜੀ, ਆਲੇ ਦੁਆਲੇ ਤੋਂ ਆਏ ਲੋਕਾਂ, ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਕਾਲਜ ਚੌਂਤਾ ਸਾਹਿਬ, ਸ੍ਰੀ ਗੁਰੂ ਰਾਮਦਾਸ ਬਲੱਡ ਡੋਨੇਸ਼ਨ ਸੁਸਾਇਟੀ ਵੱਲੋਂ ਹਰ ਸਾਲ ਵੱਡੀ ਗਿਣਤੀ ਵਿਚ ਖ਼ੂਨਦਾਨ ਕੀਤਾ ਜਾਂਦਾ ਹੈ। ਇਸ ਮੌਕੇ ਵਿਸ਼ੇਸ਼ ਗੱਲ ਇਹ ਰਹੀ ਹੈ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਖੁਦ ਕੈਂਪ ਵਿਚ ਖ਼ੂਨ ਦਾਨ ਕੀਤਾ। ਉਹਨ੍ਹਾਂ ਕਿਹਾ ਕਿ ਖ਼ੂਨ ਦਾਨ ਮਨੁੱਖਤਾ ਲਈ ਮਹਾਂ ਦਾਨ ਹੈ ਅਤੇ ਲੋਕਾਂ ਨੂੰ ਖ਼ੂਨ ਦਾਨ ਕਰਨ ਤੋਂ ਝਿਜਕਣਾ ਨਹੀਂ ਚਾਹੀਦਾ। ਰਜਿੰਦਰ ਸਿੰਘ ਮਹਿਤਾ ਜਨਰਲ ਸੈਕਟਰੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖ਼ੂਨਦਾਨ ਕੀਤਾ ਗਿਆ।

# ਮੇਅਰ ਵੱਲੋਂ ਮੁਆਫ਼ੀ ਮੰਗਣ ਤੱਕ ਭਾਜਪਾ ਵੱਲੋਂ ਵਿਰੋਧ ਪ੍ਰਦਰਸ਼ਨ ਜਾਰੀ ਰੱਖਣ ਦਾ ਐਲਾਨ



ਲੁਧਿਆਣਾ, 2 ਅਗਸਤ (ਰਵਿੰਦਰ ਸਿੰਘ ਨਿੱਝਰ) : ਭਾਜਪਾ ਕੌਂਸਲਰਾਂ ਅਤੇ ਸੀਨੀਅਰ ਆਗੂਆਂ ਨੇ ਅੱਜ ਜ਼ੋਨ ਡੀ ਵਿੱਚ ਲੁਧਿਆਣਾ ਦੀ ਮੇਅਰ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਭਾਜਪਾ ਕੌਂਸਲਰਾਂ ਨਾਲ ਕੀਤੇ ਗਏ ਕਥਿਤ ਦੁਰਵਿਵਹਾਰ ਵਿਰੁੱਧ ਧਰਨਾ ਦਿੱਤਾ। ਅਤੇ ਮੇਅਰ ਵਿਰੁੱਧ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਨੇ ਕਿਹਾ ਕਿ ਭਾਜਪਾ ਕੌਂਸਲਰ ਅੱਜ ਜ਼ੋਨ ਡੀ ਵਿੱਚ ਮੇਅਰ ਨੂੰ ਵਾਰਡ ਵਿੱਚ ਵਿਕਾਸ ਕਾਰਜਾਂ ਅਤੇ ਦਰਪੇਸ਼ ਸਮੱਸਿਆਵਾਂ ਸਬੰਧੀ ਮਿਲੇ। ਮੀਟਿੰਗ ਦੌਰਾਨ ਮੇਅਰ ਅਤੇ ਉਨ੍ਹਾਂ ਦੇ ਸਾਥੀਆਂ ਨੇ ਭਾਜਪਾ ਕੌਂਸਲਰਾਂ ਨਾਲ ਕਥਿਤ ਦੁਰਵਿਵਹਾਰ ਕੀਤਾ ਅਤੇ ਉਨ੍ਹਾਂ ਨੂੰ ਉੱਥੋਂ ਜਾਣ ਲਈ ਕਿਹਾ। ਜਦੋਂ ਕੌਂਸਲਰ ਨਹੀਂ ਗਏ ਤਾਂ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਕਥਿਤ ਤੌਰ 'ਤੇ ਧੱਕੇ ਮਾਰੇ। ਧੀਮਾਨ ਨੇ ਕਿਹਾ ਕਿ ਅੱਜ ਮੇਅਰ ਅਤੇ ਉਨ੍ਹਾਂ ਦੇ ਸਾਥੀਆਂ ਨੇ ਭਾਜਪਾ ਕੌਂਸਲਰਾਂ ਨਾਲ ਨਾ ਸਿਰਫ਼ ਦੁਰਵਿਵਹਾਰ ਕੀਤਾ ਹੈ, ਸਗੋਂ ਲੋਕਤੰਤਰ ਦਾ ਕਤਲ ਕੀਤਾ ਹੈ। ਮੇਅਰ ਦਾ ਕੰਮ ਸਾਰੇ ਕੌਂਸਲਰਾਂ ਨਾਲ ਬਰਾਬਰ ਵਿਹਾਰ ਕਰਨਾ ਹੈ। ਪਰ 'ਆਪ' ਸਰਕਾਰ ਦੇ ਰਾਜ ਵਿੱਚ, ਜਨਤਾ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਮੇਅਰ ਦੀਆਂ ਨਜ਼ਰਾਂ ਵਿੱਚ ਕੋਈ ਮਹੱਤਤਾ ਨਹੀਂ ਹੈ। ਧੀਮਾਨ ਨੇ ਕਿਹਾ ਕਿ ਧਰਨਾ ਪ੍ਰਦਰਸ਼ਨ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਮੇਅਰ ਇੰਦਰਜੀਤ ਕੌਰ ਮੁਆਫ਼ੀ ਨਹੀਂ ਮੰਗਦੀ। ਧੀਮਾਨ ਨੇ ਕਿਹਾ ਕਿ ਮਹਾਂਨਗਰ ਵਿੱਚ ਵਿਕਾਸ ਕਾਰਜ ਠੱਪ ਹੋਣ ਕਾਰਨ ਇੱਥੋਂ ਦੇ ਲੋਕ ਤਰਸਯੋਗ ਹਾਲਤ ਵਿੱਚ ਰਹਿਣ ਲਈ ਮਜਬੂਰ ਹਨ।

ਇਸ ਮੌਕੇ ਭਾਜਪਾ ਦੇ ਸੂਬਾ ਜਨਰਲ ਸਕੱਤਰ ਅਨਿਲ ਸਰੀਨ, ਮੀਤ ਪ੍ਰਧਾਨ ਜਤਿੰਦਰ ਮਿੱਤਲ, ਸਕੱਤਰ ਰੇਣੂ ਥਾਪਰ, ਖਜ਼ਾਨਚੀ ਗੁਰਦੇਵ ਸ਼ਰਮਾ ਦੇਵੀ, ਕੋਰ ਗਰੁੱਪ ਮੈਂਬਰ ਜੀਵਨ ਗੁਪਤਾ, ਸਾਬਕਾ ਜ਼ਿਲ੍ਹਾ ਪ੍ਰਧਾਨ ਪਰਵੀਨ ਬਾਂਸਲ, ਪੁਸ਼ਪੇਂਦਰ ਸਿੰਗਲ, ਸੀਨੀਅਰ ਆਗੂ ਵਿਪਨ ਸੂਦ ਕਾਕਾ, ਪਰਮਿੰਦਰ ਮਹਿਤਾ, ਜ਼ਿਲ੍ਹਾ ਮੀਤ ਪ੍ਰਧਾਨ ਕੌਂਸਲਰ ਸੁਮਨ ਸ਼ਰਮਾ ਵਰਮਾ, ਹਰਸ਼ ਸ਼ਰਮਾ,ਨਵਲ ਜੈਨ,ਕੌਂਸਲਰ ਦਲ ਦੀ ਨੇਤਾ ਪੂਨਮ ਰਤੜਾ,ਉਪ ਨੇਤਾ ਰੋਹਿਤ ਸਿੱਕਾ, ਕੌਂਸਲਰ ਸੁਨੀਲ ਮੋਦਗਿਲ, ਅਨਿਲ ਭਾਰਦਵਾਜ, ਰਾਜੇਸ਼ ਮਿਸ਼ਰਾ, ਮੁਕੇਸ਼ ਖੱਤਰੀ, ਪੱਲਵੀ ਵਿਨਾਇਕ, ਹੈਪੀ ਸ਼ੇਰਪੁਰੀਆ, ਗੌਰਵ ਜੀਤ ਸਿੰਘ ਗੋਰਾ, ਜਤਿੰਦਰ ਗੋਰੀਆ, ਪਿੰਕੂ ਸ਼ਰਮਾ, ਯੁਵਾ ਮੋਰਚਾ ਪ੍ਰਧਾਨ ਰਵੀ ਬੱਤਰਾ, ਐਸਸੀ ਫਰੰਟ ਦੇ ਪ੍ਰਧਾਨ ਅਜੈ ਪਾਲ ਦਿਸਾਵਰ, ਸਾਬਕਾ ਕੌਂਸਲਰ ਯਸ਼ਪਾਲ ਚੌਧਰੀ,ਪ੍ਰੈੱਸ ਸਕੱਤਰ ਡਾ.ਸਤੀਸ਼ ਕੁਮਾਰ, ਸੌਰਵ ਕਪੂਰ, ਵਿਪਨ ਵਿਨਾਇਕ, ਵਿਸ਼ਾਲ ਗੁਲਾਟੀ, ਅਮਨ ਕੁਮਰਾ, ਅਰੁਣ ਕੁਮਰਾ, ਸਰਦਾਰ ਗੁਰਦੀਪ ਸਿੰਘ ਨੀਟੂ, ਕਸ਼ਿਸ਼ ਰਤੜਾ, ਵਿੱਕੀ ਸਹੋਤਾ, ਵਰਿੰਦਰ ਸਹਿਗਲ, ਹਰਗੋਵਿੰਦ ਤਿਵਾੜੀ, ਡਾ ਪਰਮਜੀਤ ਸਿੰਘ, ਵਿਨੀਤ ਪਾਲ ਸਿੰਘ ਮੋਂਗਾ, ਮੋਹਿਤ ਸਿੱਕਾ, ਦੀਪੂ ਸ਼ਰਮਾ, ਹਿਮਾਂਸ਼ੂ ਕਾਲੜਾ, ਦੀਪਕ ਜੌਹਰ, ਅਮਰੀਕ ਸਿੰਘ ਭੋਲਾ, ਇਕਬਾਲ ਸਿੰਘ, ਅਮਿਤ ਨਾਗੀ, ਸੰਜੇ ਸ਼ਰਮਾ ਆਦਿ ਹਾਜ਼ਰ ਸਨ।

## ਬੀ.ਕੇ.ਯੂ. ਚੜੂਨੀ ਅਤੇ ਅਕਾਲੀ ਦਲ ਵਾਰਸ ਪੰਜਾਬ ਦੇ ਆਗੂਆਂ ਨੇ ਲਾਡੋਵਾਲ ਟੋਲ ਪਲਾਜ਼ਾ 'ਤੇ ਸਿੱਖ ਡਰਾਈਵਰ ਨਾਲ ਹੋਈ ਕੁੱਟਮਾਰ ਦਾ ਲਿਆ ਨੋਟਿਸ



ਲੁਧਿਆਣਾ, 2 ਅਗਸਤ (ਰਵਿੰਦਰ ਸਿੰਘ ਨਿੱਝਰ) : ਪਿਛਲੇ ਦਿਨੀਂ ਲਾਡੋਵਾਲ ਟੋਲ ਪਲਾਜ਼ਾ ਉੱਪਰ ਇੱਕ ਸਿੱਖ ਵਿਅਕਤੀ ਦੇ ਨਾਲ ਕੀਤੀ ਗਈ ਕੁੱਟਮਾਰ ਦੇ ਰੋਸ ਵਜੋਂ ਅਕਾਲੀ ਦਲ ਵਾਰਿਸ ਪੰਜਾਬ ਦੇ ਸੀਨੀਅਰ ਆਗੂ ਜੱਥੇਦਾਰ ਜਸਵੰਤ ਸਿੰਘ ਚੀਮਾ, ਭਾਰਤੀ ਕਿਸਾਨ ਯੂਨੀਅਨ ਚੜੂਨੀ ਦੇ ਸੀਨੀਅਰ ਮੀਤ ਪ੍ਰਧਾਨ ਰੋਸ਼ਨ ਸਿੰਘ ਸਾਗਰ, ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਜਗਜੀਤ ਸਿੰਘ ਅਰੋੜਾ, ਮੀਤ ਪ੍ਰਧਾਨ ਲੁਧਿਆਣਾ ਕੈਪਟਨ ਮਲਕੀਤ ਸਿੰਘ ਵਾਲੀਆ, ਜਨਰਲ ਸਕੱਤਰ ਲੁਧਿਆਣਾ ਸੁਖਦੇਵ ਸਿੰਘ ਕਨੀਜ਼ਾ, ਹਲਕਾ ਸਾਹਨੇਵਾਲ ਦੇ ਇੰਚਾਰਜ ਕਰਮਜੀਤ ਸਿੰਘ ਸੰਧੂ, ਗੁਰਦੁਆਰਾ ਸੁਭਾਸ਼ ਨਗਰ ਦੇ ਪ੍ਰਧਾਨ ਭੁਪਿੰਦਰ ਸਿੰਘ, ਜਗਦੇਵ ਸਿੰਘ ਭੁੱਲਰ, ਅਜਮੇਰ ਸਿੰਘ ਚੋਹਾਨ ਸਰਕਲ ਪ੍ਰਧਾਨ ਮੇਹਰਬਾਨ, ਰੋਸ਼ਨ ਸਿੰਘ ਸਰਪੰਚ ਮੁੱਖ ਬੁਲਾਰਾ ਲੁਧਿਆਣਾ ਆਦਿ ਨੇ ਲਾਡੋਵਾਲ ਟੋਲ ਪਲਾਜ਼ਾ ਦੇ ਮੈਨੇਜਰ ਅਤੇ ਸਬੰਧਤ ਥਾਣਾ ਲਾਡੋਵਾਲ ਦੇ ਐਸਐਚਓ ਦੇ ਨਾਲ ਮੁਲਾਕਾਤ ਕਰਦਿਆਂ ਘਟਨਾ ਦੀ ਪੂਰੀ ਜਾਣਕਾਰੀ ਹਾਸਲ ਕੀਤੀ। ਜਿਸ ਦੌਰਾਨ ਆਪਣੇ ਸੰਬੋਧਨ ਸਮੇਂ ਜਸਵੰਤ ਸਿੰਘ ਚੀਮਾ ਅਤੇ ਜਗਜੀਤ ਸਿੰਘ ਅਰੋੜਾ ਨੇ ਕਿਹਾ ਕਿ ਇਹ ਬਹੁਤ ਹੀ ਦੁਖਦਾਈ ਅਤੇ ਮੰਦਭਾਗੀ ਘਟਨਾ ਹੈ, ਕਿਉਂਕਿ ਟੋਲ ਪਲਾਜ਼ਾ ਵਾਲਿਆਂ ਦੇ ਪਾਲਤੂ ਗੁੰਡਿਆਂ ਵੱਲੋਂ ਜਿੱਥੇ ਇੱਕ ਸਿੱਖ ਨੌਜਵਾਨ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ, ਉੱਥੇ ਹੀ ਉਸ ਦੇ ਧਾਰਮਿਕ ਚਿੰਨ੍ਹ ਕੇਸਾਂ ਦੀ ਬੇਅਬਦੀ ਕਰਦਿਆਂ ਦਸਤਾਰ ਨੂੰ ਵੀ ਉਤਾਰਦਿਆਂ ਪੈਰਾਂ ਵਿੱਚ ਰੋਂਦਿਆਂ ਗਿਆ। ਇਸ ਉਪਰੰਤ ਉਨ੍ਹਾਂ ਦੱਸਿਆ ਕਿ ਅੱਜ ਪੀੜਤ ਡਰਾਈਵਰ ਦੇ ਨਾਲ ਵੀ ਗੱਲਬਾਤ ਕਰਦਿਆਂ ਸਾਡੇ ਵੱਲੋਂ ਉਸ ਨੂੰ ਪੂਰਨ ਹਮਾਇਤ ਦਾ ਭਰੋਸਾ ਦਵਾਇਆ ਗਿਆ ਹੈ। ਜੋ ਕਿ ਆਪਣੀ ਗੱਡੀ ਦੇ ਗੇੜੇ ਦੌਰਾਨ ਕਿਤੇ ਦੂਰ ਹੋਣ ਕਾਰਨ ਉਸ ਨੇ ਅਗਲੇ ਚਾਰ ਪੰਜ ਦਿਨਾਂ ਅੰਦਰ ਦੁਬਾਰਾ ਪਰਤਣ ਦੀ ਗੱਲ ਆਖੀ ਹੈ। ਇਸ ਮੌਕੇ ਉਪਰੋਕਤ ਆਗੂਆਂ ਨੇ ਦੱਸਿਆ ਕਿ ਪੀੜਤ ਦੇ ਵਾਪਸ ਥਾਣਾ ਲਾਡੋਵਾਲ ਵਿਖੇ ਪਹੁੰਚਣ 'ਤੇ ਅਗਲੀ ਬਣਦੀ ਸਖਤ ਤੋਂ ਸਖਤ ਕਾਰਵਾਈ ਕਰਵਾਈ ਜਾਵੇਗੀ ਤਾਂ ਜੋ ਐਸੇ ਗੁੰਡਾ ਅਨਸਰਾਂ ਨੂੰ ਸਬਕ ਸਿਖਾਉਂਦੇ ਹੋਏ ਨਕੇਲ ਪਾਈ ਜਾ ਸਕੇ। ਇਸ ਮੌਕੇ ਉਹਨਾਂ ਦੇ ਨਾਲ ਵੱਡੀ ਗਿਣਤੀ ਵਿੱਚ ਹੋਰ ਆਗੂ ਸਾਹਿਬਾਨ ਵੀ ਹਾਜ਼ਰ ਸਨ।

## ਪੰਜਾਬੀ ਭਵਨ ਲੁਧਿਆਣਾ ਵਿਖੇ ਵਿਸ਼ਵ ਸ਼ਾਂਤੀ ਕਾਨਫ਼ਰੰਸ ਅੱਜ




ਲੁਧਿਆਣਾ, 2 ਅਗਸਤ (ਰਵਿੰਦਰ ਸਿੰਘ ਨਿੱਝਰ): ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈ.ਡੀ.ਪੀ.ਡੀ.) ਅਤੇ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ 3 ਅਗਸਤ ਐਤਵਾਰ ਨੂੰ ਸਵੇਰੇ 10 ਵਜੇ ਤੋਂ ਪੰਜਾਬੀ ਭਵਨ ਲੁਧਿਆਣਾ ਵਿਖੇ ਸ਼ਾਂਤੀ, ਸਦਭਾਵਨਾ, ਨਿਸ਼ਸਤਰੀਕਰਨ ਅਤੇ ਪ੍ਰਮਾਣੂ ਹਥਿਆਰਾਂ ਦੇ ਖਾਤਮੇ ਦੇ ਵਿਚਾਰ ਨੂੰ ਉਤਸ਼ਾਹਿਤ ਕਰਨ ਲਈ ਵਿਸ਼ਵ ਸ਼ਾਂਤੀ ਕਾਨਫਰੰਸ ਕਰਵਾਈ ਜਾ ਰਹੀ ਹੈ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਡਾ. ਬਲਬੀਰ ਸਿੰਘ, ਸਿਹਤ ਮੰਤਰੀ, ਪੰਜਾਬ ਸ਼ਾਮਲ ਹੋ ਰਹੇ ਹਨ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਡਾ. ਬਲਬੀਰ ਸ਼ਾਹ ਕਨਵੀਨਰ ਕਾਨਫਰੰਸ ਨੇ ਦੱਸਿਆ ਕਿ ਇਸ ਕਾਨਫਰੰਸ ਵਿੱਚ ਸ. ਅਮਰਜੀਤ ਸਿੰਘ ਟਿੱਕਾ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚ ਰਹੇ ਹਨ ਅਤੇ ਇਸ ਦੀ ਪ੍ਰਧਾਨਗੀ ਡਾ. ਸੁਖਦੇਵ ਸਿਰਸਾ ਜਨਰਲ ਸਕੱਤਰ ਪ੍ਰਗਤੀਸ਼ੀਲ ਲੇਖਕ ਸੰਘ, ਭਾਰਤ ਕਰਨਗੇ। ਡਾ. ਹਰੀਸ਼ ਪੁਰੀ ਪ੍ਰੋਫੈਸਰ ਰਾਜਨੀਤੀ ਵਿਗਿਆਨ ਮੁੱਖ ਬੁਲਾਰੇ ਇਸ ਵਿਸ਼ੇ 'ਤੇ ਆਪਣੇ ਵਿਚਾਰ ਰੱਖਣਗੇ। ਇਸ ਮੌਕੇ 'ਤੇ ਡਾ. ਗੁਰਚਰਨ ਕੌਰ ਕੋਚਰ ਅਤੇ ਡਾ. ਹਰੀ ਸਿੰਘ ਜਾਚਕ ਦੀ ਦੇਖ ਰੇਖ ਹੇਠ ਕਵੀ ਦਰਬਾਰ ਵੀ ਕਰਵਾਇਆ ਜਾ ਰਿਹਾ ਹੈ। ਇਸਦੇ ਨਾਲ ਹੀ ਯੁੱਧ ਦੇ ਮਾਨਸਿਕ ਪ੍ਰਭਾਵ ਬਾਰੇ ਡਾ. ਪਰਮ ਸੈਣੀ ਅਤੇ ਪਰਮਾਣੂ ਯੁੱਧ ਦੀ ਪਰਿਆਵਰਣ 'ਤੇ ਪ੍ਰਭਾਵ ਬਾਰੇ ਡਾ. ਅੰਕੁਸ਼ ਕੁਮਾਰ, ਡਾ. ਗੁਰਵੀਰ ਸਿੰਘ ਤੂਰ, ਡਾ. ਸੀਰਤ ਸੇਖੋਂ ਡਾ. ਤੇਜਿੰਦਰ ਸਿੰਘ ਤੂਰ ਅਤੇ ਡਾ. ਰਜਤ ਗਰੋਵਰ ਦੁਆਰਾ ਪ੍ਰੋਜੈਕਟਰ ਰਾਹੀਂ ਸਾਂਝੀ ਪੇਸ਼ਕਾਰੀ ਕੀਤੀ ਜਾਵੇਗੀ।

ਡਾ. ਗੁਲਜ਼ਾਰ ਸਿੰਘ ਪੰਧੇਰ ਜਨਰਲ ਸਕੱਤਰ ਦੀ ਅਗਵਾਈ ਵਿੱਚ ਮੋਹੀ ਅਮਰਜੀਤ ਸਿੰਘ, ਮੀਤ ਅਨਮੋਲ, ਜਨਮੇਜਾ ਸਿੰਘ ਜੌਹਲ ਅਤੇ ਹੋਰਾਂ ਨੇ ਇਸ ਕਾਨਫਰੰਸ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਸੀਨੀ. ਮੀਤ ਪ੍ਰਧਾਨ ਡਾ. ਪਾਲ ਕੌਰ ਅਤੇ ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ ਦੇ ਪ੍ਰਧਾਨ ਡਾ. ਅਰੁਣ ਮਿਤਰਾ ਤੇ ਵਿੱਤ ਸਕੱਤਰ ਡਾ. ਭਾਰਤੀ ਉੱਪਲ ਅਤੇ ਸਮੁੱਚੀ ਟੀਮ ਵੱਲੋਂ ਸਾਰੇ ਵਿਦਵਾਨਾਂ ਅਤੇ ਪਤਵੰਤੇ ਸੱਜਣਾ ਅਤੇ ਸ਼ਾਂਤੀ ਪਸੰਦ ਨਾਗਰਿਕਾਂ ਨੂੰ ਇਸ ਕਾਨਫਰੰਸ ਵਿੱਚ ਭਰਵੀਂ ਸ਼ਮੂਲੀਅਤ ਕਰਨ ਲਈ ਬੇਨਤੀ ਕੀਤੀ ਹੈ।

## ਮੰਚ ਨੇ ਕਾਕਾ ਨੂਰ ਨੂੰ ਸੰਭਾਲੀ ਹਲਕਾ ਧਰਮਕੋਟ ਦੀ ਜ਼ਿੰਮੇਵਾਰੀ



ਲੁਧਿਆਣਾ, 2 ਅਗਸਤ (ਰਵਿੰਦਰ ਸਿੰਘ ਨਿੱਝਰ): ਲੋਕ ਗਾਇਕ ਕਲਾ ਮੰਚ ਇੰਟਰਨੈਸ਼ਨਲ ਦੇ ਬਾਨੀ ਪ੍ਰਧਾਨ ਤੇ ਉੱਘੇ ਗਾਇਕ ਹਾਕਮ ਬਖਤੜੀ ਵਾਲਾ ਨੇ ਦੱਸਿਆ ਕਿ ਮੰਚ ਵੱਲੋਂ ਲੁਧਿਆਣਾ ਵਿਖੇ ਇਕ ਮੀਟਿੰਗ ਕਰਕੇ ਗਾਇਕਾਂ ਤੇ ਹੋਰ ਕਲਾਕਾਰਾਂ ਨੂੰ ਆ ਰਹੀਆਂ ਮੁਸ਼ਕਿਲਾਂ ਬਾਰੇ ਵਿਚਾਰ ਕਰਨ ਉਪਰੰਤ ਫੈਸਲਾ ਕੀਤਾ ਗਿਆ, ਕਿ ਜਲਦੀ ਹੀ ਮੰਚ ਦਾ ਇੱਕ ਵਫਦ ਸੂਬਾ ਸਰਕਾਰ ਦੇ ਨੁਮਾਇੰਦਵੀਆਂ ਨੂੰ ਮਿਲ ਕੇ ਉਕਤ ਮੁਸ਼ਕਿਲਾਂ ਹੱਲ ਕਰਨ ਦੀ ਬੇਨਤੀ ਕਰੇਗਾ। ਇਸ ਮੌਕੇ ਗਾਇਕ ਕਾਕਾ ਨੂਰ ਨੂੰ ਲੋਕ ਗਾਇਕ ਲਾ ਮੰਚ ਦੇ ਹਲਕਾ ਧਰਮਕੋਟ ਦੇ ਪ੍ਰਧਾਨ ਦੀ ਜਿੰਮੇਵਾਰੀ ਸੰਭਾਲੀ ਗਈ। ਕਾਕਾ ਨੂਰ ਨੇ ਆਪਣੇ ਵੱਲੋਂ ਧਰਮਕੋਟ ਵਿੱਚ 21 ਮੈਂਬਰੀ ਕਮੇਟੀ ਬਣਾਉਣ ਦਾ ਐਲਾਨ ਕੀਤਾ, ਜਿਸ ਵਿੱਚ ਕਿ ਰਫੀਕ ਮੁਹੰਮਦ ,ਮਾਸਟਰ ਬੱਬੀ ,ਦਿਲਬਰ ਜਾਨੀ , ਟੋਨੀ ਗਿੱਲ , ਸੁਖਚੈਨ ਸੱਤਾ , ਬਨਾਰਸੀ ਲਾਲ, ਅਸਲਮ ਖਾਨ , ਰਕੇਸ਼ ਅਲੀ , ਮਾਸਟਰ ਦੁੱਨਾ , ਮਾਸਟਰ ਸ਼ਾਲੂ, ਮਾਸਟਰ ਮੋਨੂ ਮਾਸਟਰ ਮਿੱਠਾ , ਸੋਨੂ ਢੋਲੀ , ਜੱਸਾ ਢੋਲੀ, ਰਾਜ ਸੇਖੋਂ , ਰੰਜਨਾ ਨੂੰ ਸ਼ਾਮਿਲ ਕੀਤਾ ਗਿਆ।

## ਨਾਮ ਸਿਮਰਨ ਅਭਿਆਸ ਅੱਜ



ਲੁਧਿਆਣਾ, 2 ਅਗਸਤ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ ਲੁਧਿਆਣਾ ਵਿਖੇ ਹਫਤਾਵਾਰੀ ਨਾਮ ਸਿਮਰਨ ਅਭਿਆਸ ਸਮਾਗਮ 3 ਅਗਸਤ ਦਿਨ ਐਤਵਾਰ ਨੂੰ ਰਾਤ 7-30 ਵਜੇ ਤੋਂ 8-30 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ੍ਰ: ਗੁਰਮੀਤ ਸਿੰਘ ਤੇ ਖ਼ਜ਼ਾਨਚੀ ਸ੍ਰ: ਸੁਰਜੀਤ ਸਿੰਘ ਖੁਰਾਨਾ ਨੇ ਸਰਬੱਤ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਸਮਾਗਮ ਵਿੱਚ ਪਹੁੰਚ ਕੇ ਆਪਣਾ ਜੀਵਨ ਸਫਲ ਕਰਨ ਲਈ ਬੇਨਤੀ ਕੀਤੀ।

# ਲੈਂਡ ਪੂਲਿੰਗ ਨੀਤੀ ਤਿੰਨ ਕਾਲੇ ਖੇਤੀ ਕਾਨੂੰਨਾਂ ਨਾਲੋਂ ਵੀ ਵੱਧ ਖ਼ਤਰਨਾਕ : ਭੱਲਾ



ਲੁਧਿਆਣਾ, 2 ਅਗਸਤ (ਰਵਿੰਦਰ ਸਿੰਘ ਨਿੱਝਰ) : ਸੀਨੀਅਰ ਕਾਂਗਰਸੀ ਨੇਤਾ ਤੇ ਜ਼ਿਲ੍ਹਾ ਕਾਂਗਰਸ ਕਮੇਟੀ ਓਬੀਸੀ ਸੈੱਲ ਦੇ ਕਾਰਜਕਾਰੀ ਚੇਅਰਮੈਨ ਵਰਿੰਦਰ ਭੱਲਾ ਨੇ ਆਖਿਆ ਹੈ ਕਿ ਹਾਲ ਹੀ ਵਿੱਚ ਸੂਬਾ ਸਰਕਾਰ ਵੱਲੋਂ ਲਾਗੂ ਕੀਤੀ ਜਾ ਰਹੀ ਲੈਂਡ ਪੂਲਿੰਗ ਨੀਤੀ ਤਿੰਨ ਕੁ ਸਾਲ ਪਹਿਲਾਂ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਖੇਤੀ ਸਬੰਧੀ ਬਣਾਏ ਤਿੰਨ ਕਾਲੇ ਕਾਨੂੰਨਾਂ ਨਾਲੋਂ ਵੀ ਵੱਧ ਖ਼ਤਰਨਾਕ ਹੈ। ਉਹਨਾਂ ਕਿਹਾ ਕਿ ਇਸ ਨੀਤੀ ਨਾਲ ਕਿਸਾਨਾਂ ਦੇ ਹੱਥੋਂ ਸਾਰੀ ਜ਼ਮੀਨ ਚਲੀ ਜਾਵੇਗੀ ਅਤੇ ਉਸ 'ਤੇ ਕਾਰਪੋਰੇਟ ਅਤੇ ਅਮੀਰ ਘਰਾਣੇ ਕਬਜ਼ਾ ਕਰ ਲੈਣਗੇ, ਜਿਸ ਦੇ ਨਤੀਜੇ ਵੱਜੋਂ ਪੰਜਾਬ ਦੇ ਮਿਹਨਤਕਸ਼ ਕਿਸਾਨਾਂ ਨੂੰ ਬੇਜ਼ਮੀਨੇ ਅਤੇ ਘਸਿਆਰੇ ਬਣ ਕੇ ਜ਼ਿੰਦਗੀ ਗੁਜ਼ਾਰਨੀ ਪਵੇਗੀ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਇਸ ਕਿਸਾਨ ਮਾਰੂ ਨੀਤੀ ਨੂੰ ਪੰਜਾਬ ਵਿੱਚ ਕਿਸੇ ਕੀਮਤ 'ਤੇ ਵੀ ਲਾਗੂ ਨਹੀਂ ਹੋਣ ਦੇਵੇਗੀ। ਉਹਨਾਂ ਕਿਹਾ ਕਿ ਪੰਜਾਬ ਕਾਂਗਰਸ ਇਸ ਮੁੱਦੇ 'ਤੇ ਇੱਕਜੁੱਟ ਹੈ।

ਉਹਨਾਂ ਕਿਹਾ ਕਿ ਪੰਜਾਬ ਤਾਂ ਮੌਕੇ ਦੀਆਂ ਸਰਕਾਰਾਂ ਦੀਆਂ ਨੀਤੀਆਂ ਕਾਰਣ ਪਹਿਲਾਂ ਹੀ ਛੋਟਾ ਜਿਹਾ ਰਹਿ ਗਿਆ ਹੈ ਅਤੇ ਹੁਣ ਪੰਜਾਬ ਸਰਕਾਰ ਇਸ ਨੂੰ ਕਾਰਪੋਰੇਟਾਂ, ਵੱਡੇ ਵੱਡੇ ਬਿਲਡਰਾਂ ਜਾਂ ਅਮੀਰ ਘਰਾਣਿਆਂ ਦੀ ਝੋਲੀ ਵਿੱਚ ਪਾਉਣਾ ਚਾਹੁੰਦੀ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੀ ਇਸ ਨੀਤੀ ਨਾਲ ਪੰਜਾਬ ਕੰਕਰੀਟ ਦਾ ਜੰਗਲ ਬਣ ਜਾਵੇਗਾ ਅਤੇ ਪੰਜਾਬ ਦੇ ਕਿਸਾਨ ਉੱਥੇ ਟੱਕਰਾਂ ਖਾਣ ਲਈ ਮਜਬੂਰ ਹੋ ਜਾਣਗੇ। ਉਹਨਾਂ ਕਿਹਾ ਕਿ ਕਿਸਾਨਾਂ ਦੁਆਰਾ ਆਪਣੀਆਂ ਜ਼ਮੀਨਾਂ ਬਚਾਉਣ ਲਈ ਕੀਤੇ ਜਾ ਰਹੇ ਸੰਘਰਸ਼ ਵਿੱਚ ਪੰਜਾਬ ਕਾਂਗਰਸ ਵੱਧ ਚੜ੍ਹ ਕੇ ਸ਼ਾਮਿਲ ਹੋਵੇਗੀ ਅਤੇ ਕਿਸਾਨਾਂ ਦੀ ਰਾਖੀ ਕਰੇਗੀ।

# ਅਕਾਲੀ ਦਲ ਵੱਲੋਂ ਵਰਕਿੰਗ ਕਮੇਟੀ ਮੈਂਬਰ ਬਣਾਏ ਜਾਣ 'ਤੇ ਧੀਂਗਾਨ ਸਨਮਾਨਤ



ਲੁਧਿਆਣਾ, 2 ਅਗਸਤ (ਰਵਿੰਦਰ ਸਿੰਘ ਨਿੱਝਰ) : ਭਾਰਤੀਯ ਵਾਲਮੀਕਿ ਧਰਮ ਸਮਾਜ ਭਾਵਾਧਸ ਵੱਲੋਂ ਇਕ ਸਨਮਾਨ ਸਮਾਰੋਹ ਦਾ ਆਯੋਜਨ ਜ਼ਿਲ੍ਹਾ ਪ੍ਰਧਾਨ ਪਿੰਕਾ ਚੰਡਾਲਿਆ ਦੀ ਅਗਵਾਈ ਵਿਚ ਭਾਵਾਧਸ ਦੇ ਕੇਂਦਰੀ ਦਫ਼ਤਰ ਸਥਾਨਕ ਨੇੜੇ ਨਗਰ ਨਿਗਮ ਜ਼ੋਨ ਏ ਵਿਖੇ ਕੀਤਾ ਗਿਆ। ਇਸ ਮੌਕੇ ਭਾਵਾਧਸ ਦੇ ਰਾਸ਼ਟਰੀ ਨਿਰਦੇਸ਼ਕ ਵੀਰਸ੍ਰੇਸ਼ਠ ਨਰੇਸ਼ ਧੀਂਗਾਨ ਆਪਣੇ ਆਸਟੇਰਲੀਆ ਦੌਰਾ ਤੋਂ ਬਾਅਦ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਭਾਵਾਧਸ ਦੀ ਸਮੁੱਚੀ ਟੀਮ ਵੱਲੋਂ ਜਿੱਥੇ ਨਰੇਸ਼ ਧੀਂਗਾਨ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੈਂਬਰ ਵਰਕਿੰਗ ਕਮੇਟੀ ਬਣਾਏ ਜਾਣ 'ਤੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਜਾਣਕਾਰੀ ਦਿੰਦੇ ਹੋਏ ਨਰੇਸ਼ ਧੀਂਗਾਨ ਨੇ ਸਭ ਤੋਂ ਪਹਿਲਾਂ ਆਪਣੀ ਇਸ ਨਿਯੁਕਤੀ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਪਾਰਟੀ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਐਲਾਨ ਕੀਤਾ, ਕਿ ਜਲਦੀ ਹੀ ਭਾਵਾਧਸ ਦੇ ਜਨਰਲ ਹਾਊਸ ਦੀ ਮੀਟਿੰਗ ਬੁਲਾ ਕੇ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਮੌਕੇ ਕਰਾਏ ਜਾਣ ਵਾਲੇ ਰਾਜ ਪੱਧਰੀ ਸਤਿਸੰਗ ਦੀ ਰੂਪ ਰੇਖਾ ਦਾ ਐਲਾਨ ਵੀ ਕੀਤਾ ਜਾਵੇਗਾ। ਇਸ ਮੌਕੇ ਸਨੀ ਚੰਡਾਲਿਆ, ਅਕਾਸ਼ ਲੋਹਟ, ਰਾਜਵੀਰ ਚੋਟਾਲਾ, ਸੁਭਾਸ਼ ਸੋਦੇ, ਸੁਧੀਰ ਬਿਡਲਾਨ, ਮੋਨੂੰ ਸਿੱਧੂ, ਵਰੁਣ ਰਾਜ, ਰਾਜੇਸ਼ ਟਾਂਕ, ਸੁਭਾਸ਼ ਦੁੱਗਲ, ਐਡਵੋਕੇਟ ਅਰਜੁਨ ਧੀਂਗਾਨ, ਰਾਮਦਾਸ ਲੂੰਬੀਆ, ਹਿਤੇਸ਼ ਸੂਦ, ਸੁਮਿਤ ਚੋਟਾਲ, ਗੋਤਮ ਪਰੋਚਾ, ਬਲਬੀਰ ਮਠਾੜੂ, ਰਾਜਨ ਪਰੋਚਾ, ਰਾਜਨ ਖੋਸਲਾ, ਗਗਨ ਭੰਡਾਰੀ, ਸੁਮਿਤ ਚੰਦ, ਰਾਜਵੀਰ ਚੋਹਾਨ, ਚਿਕਲੂ ਜਗੀਰਪੁਰ, ਇੰਦਰਜੋਤ ਸਿੰਘ, ਰਜਿੰਦਰ ਬਾਗੜੀ, ਬਨਾਰਸੀ ਲਾਲ, ਈਸ਼ੂ, ਸੈਂਟੀ ਆਦਿ ਹਾਜ਼ਰ ਸਨ।

# ਸਪਾ ਸੈਂਟਰ ਦੀ ਆੜ ਵਿੱਚ ਚੱਲ ਰਹੇ ਦੇਹ ਵਪਾਰ ਰੈਕੇਟ ਦਾ ਪਰਦਾਫਾਸ਼




ਲੁਧਿਆਣਾ, 2 ਅਗਸਤ (ਵਿਸ਼ਾਲ ਸ਼ਰਮਾ) : ਲੁਧਿਆਣਾ ਪੁਲਿਸ ਨੇ ਫਿਰੋਜ਼ਪੁਰ ਰੋਡ ਇਲਾਕੇ ਵਿੱਚ ਇੱਕ ਸਪਾ ਸੈਂਟਰ ਦੀ ਆੜ ਵਿੱਚ ਚਲਾਏ ਜਾ ਰਹੇ ਦੇਹ ਵਪਾਰ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਨੇ ਦੋ ਸਪਾ ਸੈਂਟਰਾਂ 'ਤੇ ਛਾਪੇਮਾਰੀ ਕਰਕੇ 8 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿੱਚ ਨੌਜਵਾਨ ਔਰਤਾਂ, ਮੈਨੇਜਰ ਅਤੇ ਮਾਲਕ ਸ਼ਾਮਲ ਹਨ। ਜਾਣਕਾਰੀ ਦਿੰਦੇ ਹੋਏ ਪੁਲਿਸ ਨੇ ਦੱਸਿਆ ਕਿ ਸਾਨੂੰ ਗੁਪਤ ਸੂਚਨਾ ਮਿਲੀ ਸੀ ਕਿ ਭਾਰਤ ਨਗਰ ਚੌਕ ਨੇੜੇ ਸੈਕਸ ਸੈਂਸ ਸਪਾ ਵਿੱਚ ਦੇਹ ਵਪਾਰ ਕੀਤਾ ਜਾ ਰਿਹਾ ਹੈ। ਜਿਸ ਕਾਰਨ ਪੁਲਿਸ ਨੇ ਉੱਥੇ ਛਾਪਾ ਮਾਰਿਆ ਅਤੇ 8 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਦੋਸ਼ੀ ਕੁੜੀਆਂ ਨੂੰ ਪੈਸਿਆਂ ਦਾ ਲਾਲਚ ਦੇ ਕੇ ਇਸ ਧੰਦੇ ਵਿੱਚ ਧੱਕਦੇ ਸਨ। ਇਸ ਦੇ ਨਾਲ ਹੀ ਪੁਲਿਸ ਨੇ ਕਿਹਾ ਕਿ ਪਹਿਲਾਂ ਮੋਬਾਈਲ 'ਤੇ ਗਾਹਕ ਨੂੰ ਕੁੜੀਆਂ ਦੀਆਂ ਤਸਵੀਰਾਂ ਦਿਖਾਈਆਂ ਜਾਂਦੀਆਂ ਹਨ, ਜੋ ਉਸਨੂੰ ਪਸੰਦ ਆਉਂਦੀ ਹੈ 'ਤੇ ਫਿਰ ਕੁੜੀ ਦੀ ਬੋਲੀ ਲਗਾਈ ਜਾਂਦੀ ਹੈ ਅਤੇ ਉਸਨੂੰ ਦੇਹ ਵਪਾਰ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਪੁਲਿਸ ਨੇ ਉੱਥੋਂ ਇਤਰਾਜ਼ਯੋਗ ਚੀਜ਼ਾਂ ਵੀ ਬਰਾਮਦ ਕੀਤੀਆਂ ਹਨ। ਪੁਲਿਸ ਨੇ ਸਾਰਿਆਂ ਵਿਰੁੱਧ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਲੁਧਿਆਣਾ ਦੇ ਸੇਵਾ ਕੇਂਦਰ ਦੇ ਮੁਲਾਜ਼ਮਾਂ ਵੱਲੋਂ ਤਨਖ਼ਾਹਾਂ ਨੂੰ ਲੈ ਕੇ ਜ਼ੋਰਦਾਰ ਪ੍ਰਦਰਸ਼ਨ



ਲੁਧਿਆਣਾ, 2 ਅਗਸਤ (ਵਿਸ਼ਾਲ ਸ਼ਰਮਾ) : ਲੁਧਿਆਣਾ ਸੇਵਾ ਕੇਂਦਰ ਵਿੱਚ ਕੰਮ ਕਰਨ ਵਾਲੇ ਮੁਲਾਜ਼ਮਾਂ ਨੇ ਅੱਜ ਧਰਨਾ ਪ੍ਰਦਰਸ਼ਨ ਕੀਤਾ। ਉੱਥੇ ਧਰਨਾ ਪ੍ਰਦਰਸ਼ਨ ਕਰ ਰਹੇ ਮੁਲਾਜ਼ਮਾਂ ਨੇ ਦੱਸਿਆ ਕਿ ਉਹਨਾਂ ਦੀਆਂ ਤਨਖਾਹਾਂ ਪਹਿਲਾਂ ਹੀ ਸਮੇਂ ਸਿਰ ਨਹੀਂ ਆ ਰਹੀਆਂ ਅਤੇ ਜੋ ਤਨਖਾਹਾਂ ਆ ਰਹੀਆਂ ਹਨ ਤਕਰੀਬਨ 30% ਘੱਟ ਕੇ ਆ ਰਹੀਆਂ ਹਨ। ਉਹਨਾਂ ਵੱਲੋਂ ਇਹ ਵੀ ਕਿਹਾ ਗਿਆ ਕਿ ਜਦ ਤੱਕ ਉਹਨਾਂ ਦੀਆਂ ਤਨਖਾਹਾਂ ਸਮੇਂ ਸਿਰ ਅਤੇ ਪੂਰੀਆਂ ਨਹੀਂ ਆਉਣਗੀਆਂ, ਤਦ ਤੱਕ ਉਤਰਨਾ ਪ੍ਰਦਰਸ਼ਨ ਜਾਰੀ ਰੱਖਣਗੇ। ਇਸ ਦੌਰਾਨ ਸੇਵਾ ਕੇਂਦਰ ਵਿੱਚ ਕੰਮ ਕਰਾਉਣ ਆਏ ਹੋਏ ਲੋਕ ਖੱਜਲ ਹੁੰਦੇ ਰਹੇ। ਇਸ ਮੌਕਾ ਸੇਵਾ ਕੇਂਦਰ ਦੇ ਡਿਸਟ੍ਰਿਕ ਮੈਨਜਰ ਮਨਦੀਪ ਸਿੰਘ ਵੱਲੋਂ ਪੱਤਰਕਾਰਾਂ ਨਾਲ ਕਰ ਕਿਹਾ ਗਿਆ ਕੇ ਹੈੱਡ ਆਫਿਸ ਵੀ ਵਰਕਰਾਂ ਦੀ ਤਨਖਾਹਾਂ ਬਾਰੇ ਗੱਲਬਾਤ ਕੀਤੀ ਗਈ ਹੈ। ਉਹਨਾਂ ਨੇ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਦੱਸਿਆ ਕਿ ਮੁਲਾਜ਼ਮਾਂ ਦੀਆਂ ਤਨਖਾਹਾਂ ਦੋ ਦੋ ਮਹੀਨੇ ਤੱਕ ਲੇਟ ਆ ਰਹੀਆਂ ਹਨ ਅਤੇ ਉਹਨਾਂ ਵਿੱਚ ਕਟੌਤੀ ਕੀਤੀ ਜਾ ਰਹੀ ਹੈ। ਅੱਗੇ ਉਹਨਾਂ ਨੇ ਦੱਸਿਆ ਕਿ ਤਕਰੀਬਨ ਸਾਰੇ ਸੇਵਾ ਕੇਂਦਰਾਂ ਦੇ ਓਪਰੇਟਰ ਅੱਜ ਇਸ ਧਰਨੇ ਵਿੱਚ ਸ਼ਾਮਿਲ ਹੋਏ ਹਨ ਉਹਨਾਂ ਦਾ ਇਹ ਵੀ ਕਹਿਣਾ ਸੀ ਕਿ ਸੇਵਾ ਕੇਂਦਰਾਂ ਦੇ ਆਪਰੇਟਰਾਂ ਦੀ ਤਨਖਾਹ 10 500 ਹੈ ਜਿਸ ਨਾਲ ਕੀ ਗੁਜ਼ਾਰਾ ਕਰਨਾ ਬਹੁਤ ਮੁਸ਼ਕਿਲ ਹੈ ਅਤੇ ਪ੍ਰਸ਼ਾਸਨ ਵੱਲੋਂ ਉਹਨਾਂ ਤੋਂ ਕੰਮ ਵੀ ਪੂਰਾ ਲਿਆ ਜਾ ਰਿਹਾ ਹੈ ਦੇਖਿਆ ਜਾਵੇ ਤਾਂ ਸਰਕਾਰ ਦੇ ਤਕਰੀਬਨ ਸਾਰੇ ਅਦਾਰੇ ਸੇਵਾ ਕੇਂਦਰਾਂ ਦੇ ਨਾਲ ਜੋੜ ਦਿੱਤੇ ਗਏ ਹਨ, ਜਿਸ ਕਰਕੇ ਸੇਵਾ ਕੇਂਦਰਾਂ ਦੇ ਆਪਰੇਟਰਾਂ ਦਾ ਕੰਮ ਬਹੁਤ ਵੱਧ ਚੁੱਕਾ ਹੈ, ਪਰ ਉਹਨਾਂ ਦੀ ਤਨਖਾਹ ਵੀ ਉਹਨਾਂ ਨੂੰ ਨਾ ਤਾਂ ਪੂਰੀ ਮਿਲ ਰਹੀ ਹੈ ਹੈ ਅਤੇ ਨਾ ਹੀ ਸਮੇਂ ਸਿਰ ਮਿਲ ਰਹੀ ਜਿਸ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਰੋਸ਼ ਹੈ। ਕੁਝ ਮੁਲਾਜ਼ਮਾਂ ਨੇ ਵੀ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਦੱਸਿਆ ਕਿ ਉਨ੍ਹਾਂ ਦੀ ਲੋਕਾਂ ਨੂੰ ਖੱਜਲ ਖੁਆਰ ਕਰਨ ਦੀ ਕੋਈ ਸੋਚ ਨਹੀਂ ਹੈ। ਜਿੱਦਾਂ ਹੀ ਸਾਡੀਆਂ ਮੰਗਾਂ ਮੰਨੀਆਂ ਜਾਣਗੀਆਂ ਅਸੀਂ ਆਪਣੇ ਕੰਮਾਂ ਉੱਪਰ ਦੁਬਾਰਾ ਵਾਪਸ ਆ ਜਾਵਾਂਗੇ ਅਤੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਪਰੇਸ਼ਾਨੀ ਨਹੀਂ ਹੋਣ ਦੇਵਾਂਗੇ ਅਤੇ ਲੋਕਾਂ ਦੇ ਕੰਮ ਨੂੰ ਸੁਚੱਜੇ ਢੰਗ ਨਾਲ ਕਰਨਾ ਜਾਰੀ ਰੱਖਾਂਗੇ।

# ਸ਼੍ਰੋਮਣੀ ਕਮੇਟੀ ਵੱਲੋਂ ਵਾਈਸ ਚਾਂਸਲਰ ਪ੍ਰੋ. ਡਾ. ਕਰਮਜੀਤ ਸਿੰਘ ਨੂੰ ਕਮੇਟੀ 'ਚੋਂ ਵੱਖ ਕਰਨ ਦੇ ਫ਼ੈਸਲੇ ਦੀ ਨਿਖੇਧੀ



ਲੁਧਿਆਣਾ, 2 ਅਗਸਤ (ਰਵਿੰਦਰ ਸਿੰਘ ਨਿੱਝਰ) : ਪੰਜਾਬ ਮੀਡੀਅਮ ਇੰਡਸਟਰੀ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਅਤੇ ਪੰਜਾਬ ਭਾਜਪਾ ਐਗਜ਼ੈਕਟਿਵ ਦੇ ਮੈਂਬਰ ਅਮਰਜੀਤ ਸਿੰਘ ਟਿੱਕਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋ. ਡਾ. ਕਰਮਜੀਤ ਸਿੰਘ ਨੂੰ ਅਕਾਲ ਤਖ਼ਤ ਦੇ ਜਥੇਦਾਰ ਦੀ ਨਿਯੁਕਤੀ ਲਈ ਦਿਸ਼ਾ-ਨਿਰਦੇਸ਼ ਤਿਆਰ ਕਰਨ ਵਾਲੀ ਕਮੇਟੀ 'ਚੋਂ ਵੱਖ ਕਰਨ ਦੇ ਫੈਸਲੇ ਨੂੰ ਸਖ਼ਤ ਸ਼ਬਦਾਂ 'ਚ ਨਿੰਦਿਆ ਕੀਤੀ ਹੈ। ਇਸ ਫੈਸਲੇ ਨੂੰ 'ਨਦਰਸ਼ਾਹੀ ਫਰਮਾਨ' ਕਰਾਰ ਦਿੰਦਿਆਂ ਟਿੱਕਾ ਨੇ ਐਸਜੀਪੀਸੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਇਸ ਫੈਸਲੇ 'ਤੇ ਤੁਰੰਤ ਮੁੜ ਵਿਚਾਰ ਕਰਨ ਅਤੇ ਇਸ ਨੂੰ ਵਾਪਸ ਲੈਣ ਦੀ ਅਪੀਲ ਕੀਤੀ।

ਟਿੱਕਾ ਨੇ ਐਸਜੀਪੀਸੀ ਦੇ ਇਸ ਕਦਮ ਨੂੰ ਗੈਰ-ਜੱਟ ਸਿੱਖਾਂ ਵਿਰੁੱਧ ਵਿਤਕਰੇ ਵਾਲਾ ਦੱਸਦਿਆਂ ਕਿਹਾ ਕਿ ਇਹ ਸਿੱਖ ਪੰਥ ਦੀ ਏਕਤਾ ਅਤੇ ਸਿਧਾਂਤਾਂ ਨੂੰ ਠੇਸ ਪਹੁੰਚਾਉਂਦਾ ਹੈ। ਮਾਸਟਰ ਤਾਰਾ ਸਿੰਘ ਤੋਂ ਲੈ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਵਿਰਾਸਤ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਹਨਾਂ ਨੇਤਾਵਾਂ ਨਾਲ ਵੀ ਸ਼੍ਰੋਮਣੀ ਕਮੇਟੀ ਦਾ ਵਿਵਹਾਰ ਵੀ ਠੀਕ ਨਹੀਂ ਰਿਹਾ। ਉਹਨਾਂ ਕਿਹਾ ਕਿ ਗੈਰ ਜੱਟ ਸਿੱਖਾਂ ਨਾਲ ਅਜਿਹੇ ਫੈਸਲੇ ਐਸਜੀਪੀਸੀ ਦੀ ਸਾਖ ਨੂੰ ਧੁੰਦਲਾ ਕਰਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਸਿਧਾਂ, ਯੋਗੀਆਂ ਅਤੇ ਆਪਣੇ ਸਮੇਂ ਦੇ ਧਾਰਮਿਕ ਆਗੂਆਂ ਨਾਲ ਸੰਵਾਦ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ ਸੀ, ਪਰ ਐਸਜੀਪੀਸੀ ਦੇ ਅੱਜ ਦੇ ਫ਼ੈਸਲੇ ਇਸ ਦੇ ਉਲਟ ਹਨ। ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ ਸਮੇਂ-ਸਮੇਂ ਅਕਾਲੀ ਦਲ ਦੇ ਸੀਨੀਅਰ ਆਗੂ, ਵੱਖ ਵੱਖ ਸੰਪਰਦਾਵਾਂ ਦੇ ਮੁੱਖੀ ਅਤੇ ਜਥੇਦਾਰ ਵੀ ਆਰ ਐੱਸ ਐੱਸ ਦੇ ਮੁੱਖੀ ਨੂੰ ਮਿਲਦੇ ਰਹੇ ਹਨ ਪਰ ਸ਼੍ਰੋਮਣੀ ਕਮੇਟੀ ਵੱਲੋਂ ਉਹਨਾਂ ਵਿਰੁੱਧ ਕਦੇ ਵੀ ਕੋਈ ਕਾਰਵਾਈ ਨਹੀਂ ਕੀਤੀ। ਸ਼੍ਰੋਮਣੀ ਕਮੇਟੀ ਸਿਰਫ ਗੈਰ ਜੱਟ ਸਿੱਖਾਂ ਵਿਰੁੱਧ ਹੀ ਕਾਰਵਾਈ ਕਰਨ ਲਈ ਨਹੀਂ ਬਣੀ। ਉਹਨਾਂ ਇਹ ਵੀ ਚੇਤੇ ਕਰਵਾਇਆ ਕਿ ਸ਼੍ਰੋਮਣੀ ਕਮੇਟੀ ਕਿਸੇ ਇੱਕ ਧਿਰ ਦੀ ਨਹੀਂ ਸਗੋਂ ਸਾਰੀ ਸਿੱਖ ਕੌਮ ਦੀ ਪ੍ਰਤਿਨਿਧਤਾ ਕਰਦੀ ਹੈ। ਇਹ ਵੀ ਜਿੰਮੇਵਾਰ ਅਧਿਕਾਰੀਆਂ ਅਤੇ ਆਗੂਆਂ ਨੂੰ ਸਮਝਣਾ ਚਾਹੀਦਾ ਹੈ। ਉਹਨਾਂ ਕਿਹਾ ਸ਼੍ਰੋਮਣੀ ਕਮੇਟੀ ਦੇ ਬਹੁਤੇ ਫ਼ੈਸਲੇ ਇਕੱਪਾਸੜ ਅਤੇ ਜਲਦਬਾਜ਼ੀ ਵਿਚ ਲੈ ਗਏ ਹੁੰਦੇ ਹਨ। ਜਿਸ ਨਾਲ ਸਿੱਖ ਕੌਮ ਦੀ ਸਾਖ ਨੂੰ ਠੇਸ ਪਹੁੰਚਦੀ ਹੈ।

ਡਾ. ਕਰਮਜੀਤ ਸਿੰਘ ਦੀ ਸਥਿਤੀ 'ਤੇ ਸਪੱਸ਼ਟੀਕਰਨ ਦਿੰਦਿਆਂ ਟਿੱਕਾ ਨੇ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਪਹਿਲਾਂ ਹੀ ਬਿਆਨ ਜਾਰੀ ਕਰਕੇ ਸਪੱਸ਼ਟ ਕੀਤਾ ਸੀ, ਕਿ ਡਾ. ਕਰਮਜੀਤ ਸਿੰਘ ਇਕ ਰੁਟੀਨ ਵਾਈਸ-ਚਾਂਸਲਰਾਂ ਦੀ ਮੀਟਿੰਗ ਦਾ ਹਿੱਸਾ ਸਨ ਅਤੇ ਆਰਐਸਐਸ ਮੁਖੀ ਨਾਲ ਕਿਸੇ ਖਾਸ ਮੁਲਾਕਾਤ 'ਚ ਸ਼ਾਮਲ ਨਹੀਂ ਸਨ, ਜਿਵੇਂ ਕਿ ਦੋਸ਼ ਲਾਇਆ ਗਿਆ।

ਟਿੱਕਾ ਨੇ ਐਸਜੀਪੀਸੀ ਦੇ ਫੈਸਲੇ ਨੂੰ ਜਲਦਬਾਜ਼ੀ 'ਚ ਲਿਆ ਅਤੇ ਬਿਨਾਂ ਜਾਂਚ ਦੇ ਲਿਆ ਗਿਆ ਦੱਸਿਆ, ਜਿਸ ਨਾਲ ਕਮੇਟੀ ਦੀ ਸਾਖ ਨੂੰ ਠੇਸ ਪੁੱਜੀ ਹੈ। ਉਨ੍ਹਾਂ ਸਲਾਹ ਦਿੱਤੀ ਕਿ ਐਸਜੀਪੀਸੀ ਨੂੰ ਅਜਿਹੇ ਫੈਸਲੇ ਲੈਣ ਤੋਂ ਪਹਿਲਾਂ ਵਿਦਵਾਨਾਂ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ ਤਾਂ ਜੋ ਸਿੱਖ ਕੌਮ ਮਜ਼ਾਕ ਦਾ ਪਾਤਰ ਨਾ ਬਣੇ। ਅੰਤ 'ਚ, ਟਿੱਕਾ ਨੇ ਮੰਗ ਕੀਤੀ ਕਿ ਐਸਜੀਪੀਸੀ ਆਪਣੇ ਫੈਸਲੇ ਦੀ ਸਮੀਖਿਆ ਕਰੇ ਅਤੇ ਡਾ. ਕਰਮਜੀਤ ਸਿੰਘ ਨੂੰ ਕਮੇਟੀ 'ਚ ਮੁੜ ਸ਼ਾਮਲ ਕਰੇ ਤਾਂ ਜੋ ਸਿੱਖ ਪੰਥ ਦੀ ਏਕਤਾ ਅਤੇ ਵਿਰਾਸਤ ਨੂੰ ਮਜ਼ਬੂਤ ਕੀਤਾ ਜਾ ਸਕੇ।

# ਖੰਗੂੜਾ ਨੇ ਭਾਜਪਾ ਕੌਂਸਲਰਾਂ ਦੀ ਮੇਅਰ ਨਾਲ ਬਦਸਲੂਕੀ ਦੀ ਕੀਤੀ ਸਖ਼ਤ ਨਿਖੇਧੀ



ਲੁਧਿਆਣਾ, 2 ਅਗਸਤ (ਵਿਸ਼ਾਲ ਸ਼ਰਮਾ) : ਬੀਤੇ ਕੱਲ੍ਹ ਲੁਧਿਆਣਾ ਨਗਰ ਨਿਗਮ ਦਫਤਰ ਵਿੱਚ ਮੀਟਿੰਗ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਕੌਂਸਲਰਾਂ ਵੱਲੋਂ ਮਾਨਯੋਗ ਮੇਅਰ ਇੰਦਰਜੀਤ ਕੌਰ ਨਾਲ ਕੀਤੀ ਗਈ ਕਥਿਤ ਬਦਸਲੂਕੀ, ਨਾਅਰੇਬਾਜ਼ੀ, ਅਤੇ ਅਸੰਸਕਾਰੀ ਵਿਵਹਾਰ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ। ਇਹ ਮੀਟਿੰਗ ਸ਼ਹਿਰ ਦੇ ਵਿਕਾਸ ਸੰਬੰਧੀ ਮੁੱਦਿਆਂ, ਜਿਵੇਂ ਕਿ ਸਫ਼ਾਈ, ਸੜਕਾਂ ਦੀ ਮੁਰੰਮਤ, ਅਤੇ ਜਨਤਕ ਸਹੂਲਤਾਂ ਨੂੰ ਬਿਹਤਰ ਬਣਾਉਣ ਲਈ ਬੁਲਾਈ ਗਈ ਸੀ, ਪਰ ਭਾਜਪਾ ਕੌਂਸਲਰਾਂ ਨੇ ਰਚਨਾਤਮਕ ਚਰਚਾ ਦੀ ਬਜਾਏ ਵਿਵਾਦਪੂਰਨ ਅਤੇ ਅਨੁਸ਼ਾਸਨਹੀਣ ਰਵੱਈਆ ਅਪਣਾਇਆ, ਜਿਸ ਨਾਲ ਮੀਟਿੰਗ ਦਾ ਮਾਹੌਲ ਖਰਾਬ ਹੋਇਆ। ਮੇਅਰ ਇੰਦਰਜੀਤ ਕੌਰ ਨੇ ਸਾਰੇ ਕੌਂਸਲਰਾਂ ਨੂੰ ਸ਼ਹਿਰ ਦੇ ਨਾਗਰਿਕਾਂ ਦੀ ਭਲਾਈ ਅਤੇ ਵਿਕਾਸ ਲਈ ਸਹਿਯੋਗੀ ਰਵੱਈਆ ਅਪਣਾਉਣ ਦੀ ਅਪੀਲ ਕੀਤੀ ਸੀ। ਉਨ੍ਹਾਂ ਨੇ ਵਿਕਾਸ ਪ੍ਰੋਜੈਕਟਾਂ, ਜਿਵੇਂ ਕਿ ਸਫ਼ਾਈ ਮੁਹਿੰਮ ਅਤੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ, ਨੂੰ ਤਰਜੀਹ ਦੇਣ ਦੀ ਗੱਲ ਕਹੀ ਸੀ। ਹਾਲਾਂਕਿ, ਭਾਜਪਾ ਕੌਂਸਲਰਾਂ ਵੱਲੋਂ ਲਗਾਏ ਗਏ ਪੱਖਪਾਤ ਦੇ ਦੋਸ਼ ਅਤੇ ਮੀਟਿੰਗ ਵਿੱਚ ਕੀਤੀ ਗਈ ਨਾਅਰੇਬਾਜ਼ੀ ਨੇ ਨਾ ਸਿਰਫ਼ ਸਿਆਸੀ ਸੰਸਕ੍ਰਿਤੀ ਨੂੰ ਠੇਸ ਪਹੁੰਚਾਈ, ਸਗੋਂ ਲੁਧਿਆਣਾ ਦੇ ਨਾਗਰਿਕਾਂ ਦੀਆਂ ਭਾਵਨਾਵਾਂ ਨੂੰ ਵੀ ਦੁਖੀ ਕੀਤਾ।

ਆਮ ਆਦਮੀ ਪਾਰਟੀ ਦੇ ਲੁਧਿਆਣਾ ਸ਼ਹਿਰੀ ਪ੍ਰਧਾਨ ਜਤਿੰਦਰ ਖੰਗੂੜਾ ਨੇ ਕਿਹਾ, ਭਾਜਪਾ ਦੀ ਔਰਤਾਂ ਪ੍ਰਤੀ ਮਾਨਸਿਕਤਾ ਅਤੇ ਮਨੀਪੁਰ ਵਿੱਚ ਔਰਤਾਂ ਨਾਲ ਹੋਈਆਂ ਭਿਆਨਕ ਘਟਨਾਵਾਂ, ਜਿਨ੍ਹਾਂ ਨੂੰ ਭਾਜਪਾ ਸਰਕਾਰ ਨੇ ਨਜ਼ਰਅੰਦਾਜ਼ ਕੀਤਾ, ਅਤੇ ਹੁਣ ਲੁਧਿਆਣਾ ਵਿੱਚ ਮੇਅਰ ਨਾਲ ਬਦਸਲੂਕੀ, ਇਹ ਸਭ ਭਾਜਪਾ ਦੀ ਔਰਤਾਂ ਪ੍ਰਤੀ ਅਸੰਵੇਦਨਸ਼ੀਲਤਾ ਅਤੇ ਸਿਆਸੀ ਅਕੜ ਨੂੰ ਦਰਸਾਉਂਦਾ ਹੈ। ਅਸੀਂ ਇਸ ਘਟੀਆ ਵਿਵਹਾਰ ਦੀ ਸਖ਼ਤ ਨਿਖੇਧੀ ਕਰਦੇ ਹਾਂ ਅਤੇ ਮੰਗ ਕਰਦੇ ਹਾਂ ਕਿ ਭਾਜਪਾ ਸਥਾਨਕ ਆਗੂ ਲੁਧਿਆਣਾ ਦੀ ਘਟਨਾ 'ਤੇ ਜਨਤਕ ਮੁਆਫੀ ਮੰਗਣ। ਆਮ ਆਦਮੀ ਪਾਰਟੀ ਲੁਧਿਆਣਾ ਸ਼ਹਿਰ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਮੇਅਰ ਸ੍ਰੀਮਤੀ ਇੰਦਰਜੀਤ ਕੌਰ ਦੇ ਨਾਲ ਪੂਰੀ ਤਰ੍ਹਾਂ ਖੜ੍ਹੀ ਹੈ।

ਅਸੀਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਸ਼ਹਿਰ ਦੀ ਬਿਹਤਰੀ ਲਈ ਰਚਨਾਤਮਕ ਸਹਿਯੋਗ ਦੇਣ ਦੀ ਅਪੀਲ ਕਰਦੇ ਹਾਂ। ਨਾਲ ਹੀ, ਅਸੀਂ ਲੁਧਿਆਣਾ ਦੇ ਨਾਗਰਿਕਾਂ ਨੂੰ ਅਜਿਹੀਆਂ ਨਕਾਰਾਤਮਕ ਸਿਆਸੀ ਹਰਕਤਾਂ ਦਾ ਵਿਰੋਧ ਕਰਨ ਅਤੇ ਸਕਾਰਾਤਮਕ ਮਾਹੌਲ ਬਣਾਉਣ ਵਿੱਚ ਸਾਡਾ ਸਾਥ ਦੇਣ ਦੀ ਬੇਨਤੀ ਕਰਦੇ ਹਾਂ।

## ਜੀ.ਜੀ.ਐਨ.ਆਈ.ਵੀ.ਐਸ. ਨੇ ਗੁਰੂ ਸਾਹਿਬ ਦੀਆਂ ਅਸੀਸਾਂ ਨਾਲ ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਕੀਤੀ



ਲੁਧਿਆਣਾ, 2 ਅਗਸਤ (ਕਰਨੈਲ ਸਿੰਘ ਐੱਮ.ਏ.) : ਗੁੱਜ਼ਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੀ ਸਰਪ੍ਰਸਤੀ ਹੇਠ, ਗੁਜ਼ਰਾਂਵਾਲਾ ਗੁਰੂ ਨਾਨਕ ਇੰਸਟੀਚਿਊਟ ਆਫ ਵੋਕੇਸ਼ਨਲ ਸਟੱਡੀਜ਼ ( ਨੇ ਗੁਰਦੁਆਰਾ ਸਾਹਿਬ ਵਿੱਚ ਅਰਦਾਸ ਕਰਕੇ ਨਵੇਂ ਅਕਾਦਮਿਕ ਸੈਸ਼ਨ 2025-26 ਦਾ ਸ਼ੁੱਭ ਆਰੰਭ ਕੀਤਾ। ਇਸ ਸਮਾਗਮ ਵਿੱਚ ਪ੍ਰਧਾਨ ਡਾ.ਐਸ.ਪੀ. ਸਿੰਘ, ਆਨਰੇਰੀ ਜਨਰਲ ਸਕੱਤਰ ਹਰਸ਼ਰਨ ਸਿੰਘ ਨਰੂਲਾ ਅਤੇ ਕੌਂਸਲ ਮੈਂਬਰ ਕੁਲਜੀਤ ਸਿੰਘ ਅਤੇ ਹਰਦੀਪ ਸਿੰਘ ਨੇ ਹਾਜ਼ਰੀ ਭਰੀ। ਸਮਾਗਮ ਦੀ ਸ਼ੁਰੂਆਤ ਜਪੁਜੀ ਸਾਹਿਬ ਦੇ ਪਾਠ ਅਤੇ ਵਿਦਿਆਰਥੀਆਂ ਵੱਲੋਂ ਕੀਰਤਨ ਨਾਲ ਹੋਈ।

ਇੰਸਟੀਚਿਊਟ ਦੇ ਡਾਇਰੈਕਟਰ ਨੇ ਆਪਣੇ ਭਾਸ਼ਣ ਵਿੱਚ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅਪਣਾਉਣ, ਚੰਗੇ ਆਚਰਣ ਅਤੇ ਅਕਾਦਮਿਕ ਉੱਨਤੀ ਲਈ ਪ੍ਰੇਰਿਤ ਕੀਤਾ। ਸਮਾਗਮ ਦਾ ਮੰਚ ਸੰਚਾਲਨ ਹਰਪ੍ਰੀਤ ਸਿੰਘ ਨੇ ਬਾਖੂਬੀ ਨਿਭਾਇਆ। ਸਮਾਗਮ ਵਿੱਚ ਵਿਦਿਆਰਥੀਆਂ, ਫੈਕਲਟੀ ਅਤੇ ਸੰਸਥਾ ਦੀ ਤਰੱਕੀ ਲਈ ਅਰਦਾਸ ਕੀਤੀ ਗਈ।

## ਡੀ.ਸੀ. ਨੇ ਆਜ਼ਾਦੀ ਦਿਵਸ ਸਮਾਗਮ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ



ਲੁਧਿਆਣਾ, 2 ਅਗਸਤ (ਵਿਸ਼ਾਲ ਸ਼ਰਮਾ) : ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਸ਼ੁੱਕਰਵਾਰ ਨੂੰ ਪੀ.ਏ.ਯੂ ਗਰਾਊਂਡ ਵਿਖੇ ਹੋਣ ਵਾਲੇ ਜ਼ਿਲ੍ਹਾ ਪੱਧਰੀ 79ਵੇਂ ਆਜ਼ਾਦੀ ਦਿਵਸ ਸਮਾਰੋਹ ਦੇ ਪ੍ਰਬੰਧਾਂ ਦੀ ਵਿਆਪਕ ਸਮੀਖਿਆ ਕੀਤੀ। ਮੀਟਿੰਗ ਦਾ ਉਦੇਸ਼ ਇਸ ਮਹੱਤਵਪੂਰਨ ਰਾਸ਼ਟਰੀ ਮੌਕੇ ਨੂੰ ਮਨਾਉਣ ਲਈ ਇੱਕ ਨਿਰਵਿਘਨ ਅਤੇ ਸਨਮਾਨਜਨਕ ਸਮਾਗਮ ਨੂੰ ਯਕੀਨੀ ਬਣਾਉਣਾ ਸੀ। ਸਮੀਖਿਆ ਦੌਰਾਨ ਡੀ.ਸੀ ਹਿਮਾਂਸ਼ੂ ਜੈਨ ਨੇ ਰਾਸ਼ਟਰੀ ਝੰਡਾ ਲਹਿਰਾਉਣ, ਸੁਰੱਖਿਆ ਉਪਾਅ, ਟ੍ਰੈਫਿਕ ਪ੍ਰਬੰਧਨ, ਪਾਰਕਿੰਗ ਸਹੂਲਤਾਂ, ਸੱਭਿਆਚਾਰਕ ਪ੍ਰੋਗਰਾਮ, ਨਿਰਵਿਘਨ ਬਿਜਲੀ ਸਪਲਾਈ, ਸੈਨੀਟੇਸ਼ਨ ਅਤੇ ਡਾਕਟਰੀ ਸੇਵਾਵਾਂ ਸਮੇਤ ਮਹੱਤਵਪੂਰਨ ਪਹਿਲੂਆਂ 'ਤੇ ਬਾਰੀਕੀ ਨਾਲ ਚਰਚਾ ਕੀਤੀ। ਉਨ੍ਹਾਂ ਨੇ ਯਤਨਾਂ ਦਾ ਤਾਲਮੇਲ ਕਰਨ ਲਈ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨਾਲ ਗੱਲਬਾਤ ਕੀਤੀ ਅਤੇ ਸੀਨੀਅਰ ਅਧਿਕਾਰੀਆਂ ਨੂੰ ਤਿਆਰੀਆਂ ਦੀ ਨਿਗਰਾਨੀ ਕਰਨ ਲਈ ਨਿਯੁਕਤ ਕੀਤਾ, ਇਹ ਯਕੀਨੀ ਬਣਾਇਆ ਕਿ ਇਹ ਸਮਾਗਮ ਦੇਸ਼ ਭਗਤੀ ਦੇ ਜੋਸ਼ ਨਾਲ ਮਨਾਇਆ ਜਾਵੇ। ਸਥਾਨਕ ਪ੍ਰਤਿਭਾ ਅਤੇ ਵਿਭਿੰਨਤਾ ਨੂੰ ਪ੍ਰਦਰਸ਼ਿਤ ਕਰਨ ਦੇ ਉਦੇਸ਼ ਨਾਲ ਜ਼ਿਲ੍ਹੇ ਭਰ ਦੇ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦੁਆਰਾ ਸੱਭਿਆਚਾਰਕ ਪ੍ਰਦਰਸ਼ਨ ਤਿਆਰ ਕਰਨ ਲਈ ਇੱਕ ਕਮੇਟੀ ਵੀ ਨਿਯੁਕਤ ਕੀਤੀ ਗਈ ਹੈ। ਡੀ.ਸੀ ਜੈਨ ਨੇ ਨਗਰ ਨਿਗਮ ਲੁਧਿਆਣਾ ਨੂੰ ਸਮਾਗਮ ਸਥਾਨ ਦੇ ਆਲੇ-ਦੁਆਲੇ ਸਫਾਈ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ, ਜਿਸ ਵਿੱਚ ਧੂੜ ਨੂੰ ਕੰਟਰੋਲ ਕਰਨ ਲਈ ਪਹੁੰਚ ਸੜਕਾਂ 'ਤੇ ਨਿਯਮਤ ਪਾਣੀ ਦਾ ਛਿੜਕਾਅ ਅਤੇ ਹਾਜ਼ਰੀਨ ਦੀ ਸਹੂਲਤ ਲਈ ਅਸਥਾਈ ਬਾਥਰੂਮ ਘਰ ਅਤੇ ਮੋਬਾਈਲ ਪਖਾਨਿਆਂ ਦਾ ਪ੍ਰਬੰਧ ਸ਼ਾਮਲ ਹੈ।

ਇਸ ਤੋਂ ਇਲਾਵਾ ਉਨ੍ਹਾਂ ਕਮਿਸ਼ਨਰੇਟ ਪੁਲਿਸ ਨੂੰ ਪੂਰੇ ਸਮਾਗਮ ਦੌਰਾਨ ਕਾਨੂੰਨ ਵਿਵਸਥਾ ਨੂੰ ਯਕੀਨੀ ਬਣਾਉਣ ਲਈ ਸਖ਼ਤ ਸੁਰੱਖਿਆ ਉਪਾਅ ਯਕੀਨੀ ਬਣਾਉਣ ਲਈ ਵੀ ਕਿਹਾ।

# ਸੁਨਿਆਰੇ ਦੀ ਦੁਕਾਨ 'ਤੇ ਗੋਲ਼ੀ ਚਲਾਉਣ ਵਾਲੇ ਅਸਲੇ ਸਮੇਤ ਕਾਬੂ



ਜਗਰਾਓਂ, 2 ਅਗਸਤ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਅੱਜ ਪ੍ਰੈੱਸ ਕਾਨਫਰੰਸ ਕੀਤੀ ਗਈ। ਇਸ ਮੌਕੇ ਡੀਐਸਪੀ ਡੀ ਇੰਦਰਜੀਤ ਸਿੰਘ ਬੋਪਾਰਾਏ, ਡੀਐਸਪੀ ਜੱਸਜੋਤ ਸਿੰਘ, ਸੀਆਈਏ ਸਟਾਫ ਦੇ ਮੁੱਖ ਅਫਸਰ ਇੰਸਪੈਕਟਰ ਅੰਮ੍ਰਿਤਪਾਲ ਸਿੰਘ, ਥਾਣਾ ਸਿਟੀ ਦੇ ਮੁੱਖ ਅਫਸਰ ਵਰਿੰਦਰ ਪਾਲ ਸਿੰਘ ਮੌਜੂਦ ਸਨ। ਜਾਣਕਾਰੀ ਦਿੰਦੇ ਹੋਏ ਐਸਐਸਪੀ ਡਾਕਟਰ ਅੰਕੁਰ ਗੁਪਤਾ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਕਮਲ ਚੌਂਕ ਵਿਖੇ ਸਥਿਤ ਇੱਕ ਕੰਡਾ ਜਵੈਲਰ ਦੀ ਦੁਕਾਨ ਤੇ ਗੋਲੀ ਚੱਲਣ ਦਾ ਮਾਮਲਾ ਸਾਹਮਣੇ ਆਇਆ ਸੀ। ਇਸ ਬਾਬਤ ਪਰਮਿੰਦਰ ਸਿੰਘ ਨੇ ਆਪਣੇ ਬਿਆਨ ਦਰਜ ਕਰਵਾਏ। ਪਰਮਿੰਦਰ ਸਿੰਘ ਨੇ ਆਪਣੇ ਬਿਆਨਾਂ ਵਿੱਚ ਲਿਖਾਇਆ ਕਿ ਦੁਪਹਿਰ ਦੇ ਸਮੇਂ ਕਮਲ ਚੌਂਕ ਵਾਲੀ ਸਾਈਡ ਤੋਂ ਮੋਟਰਸਾਈਕਲ ਤੇ ਸਵਾਰ ਦੋ ਮੋਨੇ ਨੌਜਵਾਨ ਆਏ ਜਿਨਾਂ ਨੇ ਆਪਣੇ ਮੂੰਹ 'ਤੇ ਕੱਪੜਾ ਬੰਨ੍ਹਿਆ ਹੋਇਆ ਸੀ , ਉਹ ਦੁਕਾਨ 'ਤੇ ਅੱਗੇ ਆ ਕੇ ਰੁਕ ਗਏ ਅਤੇ ਮੋਟਰਸਾਈਕਲ ਦੇ ਪਿੱਛੇ ਬੈਠੇ ਨੌਜਵਾਨ ਨੇ ਪਿਸਤੌਲ ਕੱਢ ਕੇ ਦੁਕਾਨ ਵੱਲ ਫਾਇਰ ਕੀਤਾ॥ ਇਹ ਫਾਇਰ ਦੁਕਾਨ ਦੇ ਸ਼ੀਸ਼ੇ 'ਤੇ ਲੱਗਾ ਅਤੇ ਬਾਅਦ ਵਿੱਚ ਉਹ ਦੋਨੇ ਨੌਜਵਾਨ ਮੌਕੇ ਤੋਂ ਭੱਜ ਗਏ। ਇਸ ਸਬੰਧੀ ਪੁਲਿਸ ਨੇ ਆਪਣੇ ਸਾਰੇ ਸੋਰਸ ਲਗਾਏ। ਤਕਨੀਕੀ ਸਾਧਨਾ ਅਤੇ ਸੀਸੀਟੀਵੀ ਕੈਮਰਿਆਂ ਦੀ ਚੈਕਿੰਗ ਕੀਤੀ ਗਈ। ਤਫਤੀਸ਼ ਦੇ ਦੌਰਾਨ ਗਗਨਦੀਪ ਸਿੰਘ ਅਤੇ ਲਿਆਕਤ ਅਲੀ ਨੂੰ ਗ੍ਰਿਫਤਾਰ ਕਰ ਲਿਆ। ਗ੍ਰਿਫਤਾਰੀ ਦੇ ਦੌਰਾਨ ਇਨ੍ਹਾਂ ਪਾਸੋਂ ਵਾਰਦਾਤ ਸਮੇਂ ਵਰਤਿਆ 32 ਬੋਰ ਦਾ ਰਿਵਾਲਵਰ ਅਤੇ ਦੋ ਮੈਗਜੀਨ ਅਤੇ ਚਾਰ ਜਿੰਦਾ ਕਾਰਤੂਸ ਬਰਾਮਦ ਹੋਏ।

# ਅਕਾਲੀ ਦਲ ਦੇ ਸਰਕਲ ਗਿੱਦੜਵਿੰਡੀ ਤੋਂ ਕੁਲਦੀਪ ਸਿੰਘ ਗਿੱਦੜਵਿੰਡੀ ਨੂੰ ਸਰਕਲ ਪ੍ਰਧਾਨ ਨਿਯੁਕਤ ਕਰਨ 'ਤੇ ਕਲੇਰ ਤੇ ਡੱਲਾ ਨੇ ਕੀਤਾ ਸਨਮਾਨਤ



ਜਗਰਾਓਂ, 2 ਅਗਸਤ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਸ਼੍ਰੀ ਐੱਸ ਆਰ ਕਲੇਰ ਸਾਬਕਾ ਵਿਧਾਇਕ ਜਗਰਾਓਂ ਨੇ ਕੁਲਦੀਪ ਸਿੰਘ ਗਿੱਦੜਵਿੰਡੀ ਨੂੰ ਸਰਕਲ ਗਿੱਦੜਵਿੰਡੀ ਦਾ ਪ੍ਰਧਾਨ ਨਿਯੁਕਤ ਕਰਦਿਆਂ ਕਿਹਾ ਕਿ ਸਰਕਲ ਗਿੱਦੜਵਿੰਡੀ ਵਿੱਚ ਅਕਾਲੀ ਦਲ ਦਾ ਬੂਟਾ ਭਾਗ ਸਿੰਘ ਮੱਲ੍ਹਾ ਸਾਬਕਾ ਵਿਧਾਇਕ ਨੇ ਲਾਇਆ ਅਤੇ ਓਸ ਨੂੰ ਮਜ਼ਬੂਤ ਜੱਥੇਦਾਰ ਸਵ. ਗੁਰਦੀਪ ਸਿੰਘ ਗਿੱਦੜਵਿੰਡੀ ਨੇ ਰੱਖਿਆ ਤੇ ਆਪਾਂ ਹੁਣ ਓਸੇ ਤਰ੍ਹਾਂ ਹੀ ਆਪੋ ਆਪਣੀਆਂ ਜ਼ੁੰਮੇਵਾਰੀਆਂ ਨੂੰ ਸਮਝਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਇਸ ਬੂਟੇ ਦੀਆ ਜੜ੍ਹਾ ਨੂੰ ਸਰਕਲ ਗਿੱਦੜਵਿੰਡੀ ਵਿੱਚ ਮਜ਼ਬੂਤ ਕਰੀਏ ।

ਇਸ ਮੌਕੇ ਨਵ-ਨਿਯੁਕਤ ਸਰਕਲ ਪ੍ਰਧਾਨ ਸ. ਕੁਲਦੀਪ ਸਿੰਘ ਗਿੱਦੜਵਿੰਡੀ ਨੇ ਵਿਸ਼ਵਾਸ ਦਵਾਇਆ ਕਿ ਉਹ ਆਪਣੇ ਸਰਕਲ ਦੇ ਪਿੰਡਾਂ ਵਿੱਚੋਂ ਕਦੇ ਵੀ ਅਕਾਲੀ ਦਲ ਦੀ ਵੋਟ ਘਟਨ ਨਹੀਂ ਦੇਣਗੇ ਅਤੇ 2027 ਵਿੱਚ ਸ੍ਰੀ ਐੱਸ ਆਰ ਕਲੇਰ ਜੀ ਨੂੰ ਵੱਡੀ ਲੀਡ ਨਾਲ ਜਿਤਾ ਕੇ ਵਿਧਾਨ ਸਭਾ ਵਿੱਚ ਫਿਰ ਤੋਂ ਭੇਜਣਗੇ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਚੰਦ ਸਿੰਘ ਡੱਲਾ ਨੇ ਕਿਹਾ ਕਿ ਜੱਥੇਦਾਰ ਸਵ.ਸ. ਗੁਰਦੀਪ ਸਿੰਘ ਗਿੱਦੜਵਿੰਡੀ ਦੇ ਹੋਣਹਾਰ ਬੇਟੇ ਗੁਰਸ਼ਰਨ ਸਿੰਘ ਨੇ ਵੀ ਯੂਥ ਅਕਾਲੀ ਦਲ ਦੀ ਸਰਕਲ ਪ੍ਰਧਾਨੀ ਵਿੱਚ ਵੀ ਆਪਣੇ ਪਿਤਾ ਵਾਂਗ ਹੀ ਬਾਖੂਬੀ ਨਾਲ ਸੇਵਾ ਨਿਭਾਈ ਹੈ।

ਇਸ ਮੌਕੇ ਸਰਕਲ ਪ੍ਰਧਾਨ ਤੇਜਿੰਦਰਪਾਲ ਸਿੰਘ ਕੰਨੀਆ, ਭਾਵਖੰਡਨ ਸਿੰਘ ਗਿੱਦੜਵਿੰਡੀ, ਪ੍ਰਧਾਨ ਗੁਰਬਚਨ ਸਿੰਘ ਬਾਘੀਆ, ਸਾਬਕਾ ਸਰਪੰਚ ਜਸਦੇਵ ਸਿੰਘ ਲੀਲਾਂ, ਸਾਬਕਾ ਸਰਪੰਚ ਸੁਰਿੰਦਰ ਸਿੰਘ ਪਰਜੀਆਂ ਬਿਹਾਰੀਪੁਰ, ਸਾਬਕਾ ਸਰਪੰਚ ਅਵਤਾਰ ਸਿੰਘ ਤਿਹਾੜਾ, ਗੁਰਵਿੰਦਰ ਸਿੰਘ ਤਰਫ ਕੋਟਲੀ, ਅਮਰਜੀਤ ਸਿੰਘ ਮੰਡ ਤਿਹਾੜਾ, ਸਾਬਕਾ ਸਰਪੰਚ ਕੁਲਵੀਰ ਸਿੰਘ ਬਹਾਦਰਕੇ, ਜਸਵੰਤ ਸਿੰਘ ਪੱਤੀ ਮੁਲਤਾਨੀ, ਸਾਬਕਾ ਸਰਪੰਚ ਗੁਰਦੀਪ ਸਿੰਘ ਸ਼ੇਰੇਵਾਲ, ਸਾਬਕਾ ਸਰਪੰਚ ਕਰਨੈਲ ਸਿੰਘ ਜਨੇਤਪੁਰਾ, ਆਮਨਾ ਗਿੱਦੜਵਿੰਡੀ, ਬਲਰਾਜ ਸਿੰਘ ਗਰੇਵਾਲ ਲੀਲਾ, ਅਜਮੇਰ ਸਿੰਘ ਲੀਲਾ, ਸਰਪੰਚ ਗੁਰਚਰਨ ਸਿੰਘ ਕੰਨੀਆ ਖੁਰਦ, ਗੁਰਦੀਪ ਸਿੰਘ ਗਿੱਦੜਵਿੰਡੀ, ਪੰਚ ਕੁਲਦੀਪ ਸਿੰਘ ਪੱਤੀ ਮੁਲਤਾਨੀ, ਪ੍ਰਧਾਨ ਗੁਰਨਾਮ ਸਿੰਘ ਗਿੱਦੜਵਿੰਡੀ, ਤੇਜਿੰਦਰ ਸਿੰਘ ਲੋਧੀਵਾਲ, ਸਰਪੰਚ ਹਰਮਨਜੋਤ ਸਿੰਘ ਤਿਹਾੜਾ, ਅਵਤਾਰ ਸਿੰਘ ਗਿੱਦੜਵਿੰਡੀ, ਅਮਰਜੀਤ ਸਿੰਘ ਅੱਬੂਪੁਰਾ, ਜਗਜੀਤ ਸਿੰਘ ਮਲਸ਼ੀਹਾ ਬਾਜਣ , ਮੰਗਲ ਸਿੰਘ ਸੋਢੀਵਾਲ, ਆਤਮਾ ਸਿੰਘ ਸੋਢੀਵਾਲ, ਸੁਖਦੀਪ ਸਿੰਘ ਬਹਾਦਰਕੇ, ਸੰਦੀਪ ਸਿੰਘ ਤਰਫ ਕੋਟਲੀ, ਰੂਪ ਸਿੰਘ ਸੋਢੀਵਾਲ, ਪਰਮਜੀਤ ਸਿੰਘ ਅਬੂਬਰਾ, ਬਲਵੀਰ ਸਿੰਘ ਬਾਗੀਆਂ, ਲਖਬੀਰ ਸਿੰਘ ਅੱਬੂਪੁਰਾ ਆਦਿ ਹੋਰ ਹਾਜ਼ਰ ਸਨ।

# ਨਸ਼ਾ ਮੁਕਤੀ ਯਾਤਰਾ ਤਹਿਤ ਪਿੰਡ ਖਾਨਮੱਲਕ ਵਾਸੀਆਂ ਨੇ ਕੀਤੀ ਵੱਡੀ ਪੱਧਰ ਤੇ ਸ਼ਮੂਲੀਅਤ

ਧਾਰੀਵਾਲ, 2 ਅਗਸਤ ( ਅਸ਼ੋਕ ਕੁਮਾਰ ) - ਪੰਜਾਬ ਸਰਕਾਰ ਵੱਲੋਂ ਸੁਰੂ ਕੀਤੀ ਗਈ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਤਹਿਤ ਸੂਬੇ ਵਿੱਚ ਵੱਡੇ ਪੱਧਰ ਤੇ ਅਭਿਆਨ ਚਲਾਇਆ ਜਾ ਰਿਹਾ ਹੈ ਜਿਸ ਤਹਿਤ ਅੱਜ ਵਿਧਾਨ ਸਭਾ ਹਲਕਾ ਕਾਦੀਆ ਦੇ ਪਿੰਡ ਖਾਨਮੱਲਕ ਵਿਖੇ ਬਲਾਕ ਯੂਥ ਪ੍ਰਧਾਨ ਕੁਲਜੀਤ ਸਿੰਘ ਕਾਹਲੋਂ ਦੀ ਅਗਵਾਈ ਹੇਠ ਨਸ਼ਾ ਮੁਕਤੀ ਯਾਤਰਾ ਸਬੰਧੀ ਵੱਡੀ ਇਕੱਤਰਤਾ ਹੋਈ । ਜਿਸ ਦੌਰਾਨ ਨਸ਼ਾ ਮੁਕਤੀ ਯਾਤਰਾ ਦੇ ਹਲਕਾ ਕੋਆਰਡੀਨੇਟਰ ਸਰਪੰਚ ਅਮ੍ਰਿਤਪਾਲ ਸਿੰਘ ਬੱਲ ਅਤੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦੇ ਪੀ.ਏ. ਲਖਵਿੰਦਰ ਸਿੰਘ ਭਿੰਡਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਸਮੂਲੀਅਤ ਕਰਕੇ ਪੰਜਾਬ ਸਰਕਾਰ ਵੱਲੋਂ ਸੂਬਾ ਨੂੰ ਨਸ਼ਾ ਮੁਕਤ ਕਰਨ ਸਬੰਧੀ ਕੀਤੇ ਜਾ ਰਹੇ ਓਪਰਾਲਿਆ ਬਾਰੇ ਵਿਸਥਾਰ ਨਾਲ ਪਿੰਡ ਵਾਸੀਆਂ ਨੂੰ ਚਾਨਣਾ ਪਾਇਆ । ਕੋਆਰਡੀਨੇਟਰ ਸਰਪੰਚ ਅਮ੍ਰਿਤਪਾਲ ਸਿੰਘ ਬੱਲ ਅਤੇ ਪੀ.ਏ. ਲਖਵਿੰਦਰ ਸਿੰਘ ਭਿੰਡਰ ਨੇ ਕਿਹਾ ਕਿ ਪੰਜਾਬ ਸਰਕਾਨ ਨੇ ਜਿਥੇ ਨਸ਼ਾ ਤਸਕਰਾਂ ਖਿਲਾਫ ਸ਼ਖਤ ਰੁਖ ਅਪਣਾਇਆ ਹੈ, ਉਸਦੇ ਨਾਲ ਨਸ਼ਾ ਪੀੜਤਾਂ ਨੂੰ ਨਸ਼ਾ ਛਡਾਓ ਕੇਂਦਰਾਂ ਵਿਖੇ ਮੁਫਤ ਇਲਾਜ ਕਰਵਾ ਕੇ ਮੁੜ ਨਵੀਂ ਜਿੰਦਗੀ ਸੁਰੂ ਕਰਨ ਦੇ ਮੌਕਾ ਦਿੱਤਾ ਜਾ ਰਿਹਾ ਹੈ । ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਨੂੰ ਖਤਮ ਕਰਨ ਲਈ ਸਹਿਯੋਗ ਕਰਨ । ਇਸ ਮੌਕੇ ਤੇ ਪਿੰਡ ਵਾਸੀ ਨੂੰ ਨਸ਼ਿਆ ਦੇ ਖਿਲਾਫ ਲੜਨ ਦੀ ਸੰਹੂ ਵੀ ਚੁਕਾਈ ਗਈ ਜਦਕਿ ਸੀ.ਐਚ.ਓ. ਮੈਡਮ ਰਮਨਪ੍ਰੀਤ ਕੌਰ ਨੇ ਨਸ਼ਾ ਦੇ ਮਾੜੇ ਪ੍ਰਭਾਵ ਬਾਰੇ ਜਾਣੂ ਕਰਵਾਉਂਦੇ ਹੋਏ ਪਿੰਡ ਵਾਸੀਆਂ ਨੂੰ ਨਸ਼ੇ ਦਾ ਸੇਵਨ ਨਾ ਕਰਨ ਲਈ ਪ੍ਰੇਰਿਤ ਕੀਤਾ । ਇਸ ਮੌਕੇ ਤੇ ਸਰਵ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਮੈਡਮ ਕੰਵਲਜੀਤ ਕੌਰ ਚਾਹਲ ਨੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਦੀ ਸੰਲਾਘਾ ਕਰਦਿਆ ਪਹੁੰਚੀਆਂ ਸਖਸ਼ੀਅਤਾਂ ਦਾ ਧੰਨਵਾਦ ਕਰਦਿਆ ਦੱਸਿਆ ਕਿ ਪਿੰਡ ਖਾਨਮੱਲਕ ਵਿੱਚ ਕੋਈ ਵੀ ਨੌਜਵਾਨ ਨਸ਼ਾ ਨਹੀ ਕਰਦੇ ਅਤੇ ਸਾਰੇ ਪਿੰਡ ਵਾਸੀ ਆਪੋ-ਆਪਣੇ ਕੰਮਾਂ-ਕਾਰ ਵਿੱਚ ਰੁਝੇ ਰਹਿੰਦੇ ਹਨ । ਸਮਾਗਮ ਦੌਰਾਨ ਸਟੇਜ ਸੈਕਟਰੀ ਦੀ ਭੂਮਿਕਾ ਸਰਵ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਦੇ ਜਿਲ੍ਹਾ ਮੀਤ ਪ੍ਰਧਾਨ ਮੈਡਮ ਬਲਜਿੰਦਰ ਕੌਰ ਵੱਲੋਂ ਬਾ-ਖੂਬੀ ਨਿਭਾਈ ਗਈ । ਜਦਕਿ ਪਿੰਡ ਵਿੱਚ ਪਹੁੰਚੀਆਂ ਸ਼ਖਸ਼ੀਅਤਾਂ ਦਾ ਬਲਾਕ ਯੂਥ ਪ੍ਰਧਾਨ ਕੁਲਜੀਤ ਸਿੰਘ ਕਾਹਲੋਂ ਵੱਲੋਂ ਸਿਰੋਪਾਓ ਪਾ ਅਤੇ ਯਾਦਗਿਰੀ ਸਨਮਾਣ-ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਤੇ ਸਾਬਕਾ ਸਰਪੰਚ ਅਜੀਤ ਸਿੰਘ, ਮੌਜੂਦਾ ਪੰਚ ਕਸ਼ਮੀਰ ਸਿੰਘ, ਪੰਚ ਰੂਪ ਸਿੰਘ, ਸੈਕਟਰੀ ਮਨਜੀਤ ਸਿੰਘ , ਏ.ਐਸ.ਆਈ.ਨਿਰਮਲ ਸਿੰਘ, ਗੱਜਣ ਸਿੰਘ, ਗੁਰਮੇਲ ਸਿੰਘ,ਨਿਰਮਲ ਸਿੰਘ, ਲਖਵਿੰਦਰ ਸਿੰਘ ,ਗੁਰਪ੍ਰੀਤ ਸਿੰਘ, ਬਲਜੀਤ ਸਿੰਘ, ਕਰਨਦੀਪ ਸਿੰਘ,ਹਰਸਿਮਰਨ ਸਿੰਘ, ਜਸ਼ਨਪ੍ਰੀਤ ਸਿੰਘ, ਸਰਬਜੀਤ ਸਿੰਘ, ਗੁਰਇਕਬਾਲ ਸਿੰਘ, ਦਿਲਬਾਗ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡ ਵਾਸੀ ਮੌਜੂਦ ਸਨ ।

# ਬੰਦੀ ਸਿੰਘਾਂ ਦੀ ਰਿਹਾਈ ਲਈ ਭਲਕੇ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਦੇ ਪੁਤਲੇ ਫੂਕੇ ਜਾਣਗੇ : ਪੰਜੋਲੀ



ਫਤਿਹਗੜ੍ਹ ਸਾਹਿਬ, 2 ਅਗਸਤ (ਹਰਪ੍ਰੀਤ ਕੌਰ ਟਿਵਾਣਾ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਪਿਛਲੇ 35 ਸਾਲਾਂ ਤੋਂ ਭਾਰਤ ਦੀਆਂ ਵੱਖ ਵੱਖ ਜੇਲਾਂ ਵਿੱਚ ਨਜ਼ਰਬੰਦ ਬੰਦੀ ਸਿੰਘ ਅਪਣੀਆਂ ਸਜ਼ਾਵਾਂ ਵੀ ਪੂਰੀਆਂ ਕਰ ਚੁੱਕੇ ਹਨ , ਪਰ ਅਫ਼ਸੋਸ ਨਾ ਤਾਂ ਕੋਈ ਅਦਾਲਤ ਅਤੇ ਨਾ ਹੀ ਕੋਈ ਸਰਕਾਰ ਇਹਨਾ ਸਿੰਘਾ ਨੂੰ ਰਿਹਾ ਕਰ ਰਹੀ ਹੈ । ਕੌਮੀ ਇਨਸਾਫ਼ ਮੋਰਚੇ ਵੱਲੋਂ ਪਿਛਲੇ ਢਾਈ ਸਾਲਾਂ ਤੋਂ ਬੰਦੀ ਸਿੰਘਾ ਦੀ ਰਿਹਾਈ ਲਈ ਚੰਡੀਗੜ੍ਹ ਮੋਹਾਲੀ ਹੱਦ ਉੱਤੇ ਮੋਰਚਾ ਲਾਇਆ ਹੋਇਆ ਹੈ । ਇਸ ਮੋਰਚੇ ਨੇ ਕਈ ਪੜਾਆਂ ਤਹਿ ਕੀਤੇ ਹਨ, ਪਰੰਤੂ ਅਫ਼ਸੋਸ ਹੈ ਕਿ ਅੰਨੀ ਬੋਲੀ ਸਰਕਾਰ ਬੰਦੀ ਸਿੰਘਾ ਨੂੰ ਰਿਹਾਅ ਕਰਨ ਲਈ ਤਿਆਰ ਹੀ ਨਹੀਂ ਹੈ । ਹੋਰ ਤਾਂ ਹੋਰ ਭਾਈ ਜਗਤਾਰ ਸਿੰਘ ਹਵਾਰਾ ਦੀ ਪੰਜਾਬ ਵਿੱਚ ਜੇਲ ਬਦਲੀ ਕਰਨ ਲਈ ਵੀ ਤਿਆਰ ਨਹੀਂ ਹੈ । ਇਸ ਮੋਰਚੇ ਨੂੰ ਹੋਰ ਹੁੰਗਾਰਾ ਦੇਣ ਲਈ ਅਤੇ ਸਰਕਾਰ ਨੂੰ ਜਗਾਉਣ ਲਈ ਪੰਜਾਬ ਦੇ ਸਾਰੇ ਜ਼ਿਲਾ ਹੈੱਡਕੁਆਟਰਾਂ ਉੱਤੇ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਦੇ ਪੁਤਲੇ ਫੂੱਕਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ । ਸਮੂਹ ਪੰਥ ਦਰਦੀਆ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ 4 ਅਗਸਤ ਦਿਨ ਸੋਮਵਾਰ 2025 ਨੂੰ ਸਵੇਰੇ 11 ਵਜੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਮੀਟਿੰਗ ਹਾਲ ਵਿੱਚ ਪਹੁੰਚਣ ਦੀ ਅਪੀਲ ਕੀਤੀ, ਜਿੱਥੋਂ ਇੱਕ ਮਾਰਚ ਕਰਕੇ ਸਮੂੰਹ ਜਥੇਬੰਦੀਆ ਡੀ ਸੀ ਦਫ਼ਤਰ ਜਾਣਗੇ ਅਤੇ ਉੱਤੇ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਦੇ ਪੁਤਲੇ ਫੂੱਕੇ ਜਾਣਗੇ ।

# ਪਨਗਰੇਨ ਪੰਜਾਬ ਦੇ ਚੇਅਰਮੈਨ ਡਾ. ਤੇਜਪਾਲ ਸਿੰਘ ਗਿੱਲ ਵੱਲੋਂ ਪਨਗਰੇਨ ਦੇ ਗੋਦਾਮਾਂ ਦੀ ਅਚਨਚੇਤ ਚੈਕਿੰਗ



ਫਤਹਿਗੜ੍ਹ ਸਾਹਿਬ, 2 ਅਗਸਤ: (ਹਰਪ੍ਰੀਤ ਕੌਰ ਟਿਵਾਣਾ)ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਪਨਗਰੇਨ ਪੰਜਾਬ ਦੇ ਚੇਅਰਮੈਨ ਡਾ. ਤੇਜਪਾਲ ਸਿੰਘ ਗਿੱਲ ਨੇ ਫਤਹਿਗੜ੍ਹ ਸਾਹਿਬ ਅਤੇ ਅਮਲੋਹ ਵਿੱਚ ਸਥਿਤ ਪਨਗਰੇਨ ਦੇ ਗੋਦਾਮਾਂ ਦੀ ਅਚਨਚੇਤ ਚੈਕਿੰਗ ਕੀਤੀ। ਚੈਕਿੰਗ ਦੌਰਾਨ ਉਨ੍ਹਾਂ ਨੇ ਗੋਦਾਮਾਂ ਵਿੱਚ ਲਗਾਈ ਗਈ ਕਣਕ ਦੀ ਜਾਂਚ ਕੀਤੀ ਗਈ ਅਤੇ ਪਿਛਲੇ 10-12 ਸਾਲਾਂ ਤੋਂ ਕਾਫੀ ਵੱਡੀ ਮਾਤਰਾ ਵਿੱਚ ਭੰਡਾਰ ਕਰਕੇ ਰੱਖੇ ਗੈਰ - ਵਰਤੋਯੋਗ ਸਮਾਨ ਦੀ ਨਿਲਾਮੀ ਸਮੇਂ ਸਿਰ ਨਾ ਹੋਣ ਦਾ ਗੰਭੀਰ ਨੋਟਿਸ ਲਿਆ। ਚੇਅਰਮੈਨ ਵੱਲੋਂ ਇਸ ਉਪਰੰਤ ਅਮਲੋਹ ਸਥਿਤ ਪਨਗਰੇਨ ਦੇ ਗੋਦਾਮਾਂ ਦੀ ਵੀ ਚੈਕਿੰਗ ਕੀਤੀ ਗਈ ਅਤੇ ਉੱਥੇ ਵੀ ਵੱਡੀ ਮਾਤਰਾ ਵਿੱਚ ਨਿਲਾਮ ਹੋਣ ਯੋਗ ਸਮਾਨ ਦਾ ਭੰਡਾਰ ਪਾਇਆ ਗਿਆ।ਆਪਣੇ ਦੌਰੇ ਬਾਰੇ ਜਾਣਕਾਰੀ ਦਿੰਦਿਆਂ ਚੇਅਰਮੈਨ ਡਾ. ਤੇਜਪਾਲ ਸਿੰਘ ਗਿੱਲ ਨੇ ਦੱਸਿਆ ਕਿ ਉਨ੍ਹਾਂ ਨੂੰ ਇਹ ਸੂਚਨਾ ਮਿਲੀ ਸੀ ਕਿ ਪਿਛਲੇ ਕਰੀਬ 10-12 ਸਾਲਾਂ ਤੋਂ, ਬਰਦਾਨਾ ਤੇ ਤਰਪਾਲਾਂ ਸਮੇਤ ਹੋਰ ਅਜਿਹੀਆਂ ਵਸਤਾਂ, ਜੋ ਕਿ ਫੂਡ ਤੇ ਸਿਵਲ ਸਪਲਾਈ ਵਿਭਾਗ ਵੱਲੋਂ ਵਰਤੀਆਂ ਜਾਂਦੀਆਂ ਹਨ, ਦੀ ਨਿਲਾਮੀ ਨਾ ਹੋਣ ਕਾਰਣ ਉੱਥੇ ਕਾਫੀ ਜਗ$ਹਾ ਨੂੰ ਘੇਰਿਆ ਹੋਇਆ ਹੈ ਅਤੇ ਇਸ ਦਾ ਕਾਫੀ ਕਿਰਾਇਆ ਪਨਗਰੇਨ ਨੂੰ ਅਦਾ ਕਰਨਾ ਪੈ ਰਿਹਾ ਹੈ। ਚੇਅਰਮੈਨ ਨੇ ਦੱਸਿਆ ਕਿ ਸੂਚਨਾ ਦੇ ਆਧਾਰ ਉਤੇ ਤੱਥਾਂ ਦੀ ਛਾਣਬੀਣ ਕਰਨ ਲਈ ਉਨ੍ਹਾਂ ਨੇ ਫਤਹਿਗੜ੍ਹ ਸਾਹਿਬ ਤੇ ਅਮਲੋਹ ਵਿੱਚ ਸਥਿਤ ਗੋਦਾਮਾਂ ਦਾ ਮੁਆਇਨਾ ਕੀਤਾ ਅਤੇ ਕਾਫੀ ਹੱਦ ਤੱਕ ਸੂਚਨਾ ਨੂੰ ਸਹੀ ਪਾਇਆ ਗਿਆ।ਚੇਅਰਮੈਨ ਡਾ. ਤੇਜਪਾਲ ਸਿੰਘ ਗਿੱਲ ਨੇ ਦੱਸਿਆ ਕਿ ਉਹ ਇਸ ਮਾਮਲੇ ਬਾਰੇ ਛੇਤੀ ਹੀ ਫੂਡ ਤੇ ਸਿਵਲ ਸਪਲਾਈ ਵਿਭਾਗ ਦੇ ਡਾਇਰੈਕਟਰ ਅਤੇ ਕੈਬਨਿਟ ਮੰਤਰੀ ਨੂੰ ਜਾਣੂ ਕਰਵਾਉਣਗੇ ਤਾਂ ਜੋ ਇਸ ਗੈਰ-ਵਰਤੋਯੋਗ ਸਮਾਨ ਦੀ ਨਿਲਾਮੀ ਕਰਵਾ ਕੇ ਜਗ$ਹਾ ਨੂੰ ਖਾਲੀ ਕਰਵਾਇਆ ਜਾ ਸਕੇ ਅਤੇ ਅਨਾਜ ਦਾ ਭੰਡਾਰ ਕੀਤਾ ਜਾ ਸਕੇ੭. ਗਿੱਲ ਨੇ ਦੱਸਿਆ ਕਿ ਗੋਦਾਮਾਂ ਦੀ ਲੋੜੀਂਦੀ ਰਿਪੇਅਰ ਕਰਵਾਉਣ ਸਬੰਧੀ ਵੀ ਜਲਦੀ ਹੀ ਢੁਕਵੇਂ ਕਦਮ ਚੁੱਕੇ ਜਾਣਗੇ।

# ਮਿੱਟੀ ਮਾਫੀਆ 'ਤੇ ਕਿਉਂ ਨਹੀਂ ਹੁੰਦੇ ਪਰਚੇ : ਨਿਮਿਸ਼ਾ ਮਹਿਤਾ



ਗੜ੍ਹਸ਼ੰਕਰ 2 ਅਗੱਸਤ (ਅਜਮੇਰ ਸਿੰਘ ਭਨੋਟ)ਇਲਾਕੇ ਵਿਚ ਜਗ$ਹਾ-ਜਗ$ਹਾ ਤੇਜ਼ ਰਫ਼ਤਾਰ ਚੱਲਣ ਵਾਲੀਆਂ ਓਵਰਲੋਡ ਮਿੱਟੀ ਵਾਲੀਆਂ ਟਰਾਲੀਆਂ ਅਤੇ ਵੱਖ-ਵੱਖ ਜਗ$ਹਾ ਚੁੱਕੀ ਜਾ ਰਹੀ 15 ਤੋਂ 20 ਫੁੱਟ ਮਿੱਟੀ ਨੂੰ ਲੈ ਕੇ ਪ੍ਰਸ਼ਾਸਨ ਨੂੰ ਭਾਜਪਾ ਹਲਕਾ ਗੜ੍ਹਸ਼ੰਕਰ ਇੰਚਾਰਜ ਨਿਮਿਸ਼ਾ ਮਹਿਤਾ ਨੇ ਆੜੇ ਹੱਥੀਂ ਲਿਆ ਹੈ। ਭਾਜਪਾ ਹਲਕਾ ਗੜ੍ਹਸ਼ੰਕਰ ਇੰਚਾਰਜ ਨਿਮਿਸ਼ਾ ਮਹਿਤਾ ਨੇ ਕਿਹਾ ਕਿ ਹਲਕੇ ਵਿਚ ਜੇਕਰ ਆਮ ਕਿਸਾਨ ਆਪਣਾ ਟਰੈਕਟਰ-ਟਰਾਲੀ ਧੁਆਈ ਦੇ ਕੰਮ ਲਈ ਸੜਕ 'ਤੇ ਲੈ ਕੇ ਆਉਂਦਾ ਹੈ ਤਾਂ ਉਸ ਦਾ ਪ੍ਰਸ਼ਾਸਨ ਵੱਲੋਂ ਚਲਾਨ ਕੀਤਾ ਜਾਂਦਾ ਹੈ ਪਰ ਮਿੱਟੀ ਮਾਫੀਆ ਦੇ ਓਵਰਲੋਡ ਟਰੈਕਟਰ-ਟਰਾਲੀਆਂ ਜੋ ਗੜ੍ਹਸ਼ੰਕਰ ਦੇ ਲਿੰਕ ਰੋਡਾਂ ਦੀ ਦਿਨ-ਰਾਤ ਭੰਨਤੋੜ ਕਰ ਰਹੀਆਂ ਹਨ ਅਤੇ ਰੋਜ਼ਾਨਾ ਥਾਣੇ ਅੱਗਿਓਂ ਲੰਘਦੀਆਂ ਹਨ, ਉਨ੍ਹਾਂ ਦੇ ਨਾ ਤਾਂ ਚਲਾਨ ਕੱਟੇ ਜਾਂਦੇ ਹਨ ਅਤੇ ਨਾ ਹੀ ਉਨ੍ਹਾਂ ਦੀ ਕੋਈ ਪੁੱਛਗਿੱਛ ਕੀਤੀ ਜਾਂਦੀ ਹੈ, ਇਸ ਤੋਂ ਇਹ ਗੱਲ ਸਪੱਸ਼ਟ ਹੈ ਕਿ ਗੜ੍ਹਸ਼ੰਕਰ ਵਿਚ ਮਿੱਟੀ ਮਾਈਨਿੰਗ ਮਾਫੀਆ ਪੁਲਸ, ਮਾਈਨਿੰਗ ਅਤੇ ਟਰਾਂਸਪੋਰਟ ਵਿਭਾਗ ਦੇ ਅਫਸਰਾਂ ਦੀ ਪੂਰਨ ਮਿਲੀਭੁਗਤ ਨਾਲ ਚੱਲ ਰਿਹੈ ਹੈ। ਨਿਮਿਸ਼ਾ ਮਹਿਤਾ ਨੇ ਕਿਹਾ ਕਿ ਹਲਕਾ ਗੜ੍ਹਸ਼ੰਕਰ ਵਿਚ ਸ਼ਰੇਆਮ 15 ਤੋਂ 20 ਫੁੱਟ ਮਿੱਟੀ ਦੀ ਪੁਟਾਈ ਥਾਂ-ਥਾਂ ਇਸ ਮਾਫੀਏ ਵੱਲੋਂ ਕਰਵਾਈ ਜਾਂਦੀ ਹੈ ਜਦਕਿ ਢਾਈ ਫੁੱਟ ਤੋਂ ਮਿੱਟੀ ਪੁਟਣਾ ਕਾਨੂੰਨ ਦੀ ਉਲੰਘਣਾ ਮੰਨੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਮਿੱਟੀ ਨਾਲ ਲੱਦੀਆਂ ਓਵਰਲੋਡ ਟਰਾਲੀਆਂ ਨੇ ਪਿੰਡਾਂ ਦੀਆਂ ਲਿੰਕ ਸੜਕਾਂ ਨੂੰ ਬੁਰੀ ਤਰ੍ਹਾਂ ਭੰਨ ਦਿੱਤਾ ਹੈ। ਭਾਜਪਾ ਆਗੂ ਨਿਮਿਸ਼ਾ ਮਹਿਤਾ ਨੇ ਕਿਹਾ ਕਿ ਬਿਨ੍ਹਾਂ ਨੰਬਰ ਪਲੇਟ ਦੇ ਇਹ ਓਵਰਲੋਡ ਟਰਾਲੀਆਂ ਰੋਜ਼ਾਨਾ ਥਾਣਾ ਗੜ੍ਹਸ਼ੰਕਰ, ਮਾਹਿਲਪੁਰ, ਸੈਲਾ ਚੌਂਕੀ ਅੱਗੋਂ ਲੰਘਦੀਆਂ ਹਨ ਪਰ ਪੁਲਸ ਗੜ੍ਹਸ਼ੰਕਰ ਵਿਚ ਮੋਟਰਸਾਈਕਲਾਂ ਵਾਲਿਆਂ ਦੇ ਤਾਂ ਚਲਾਨ ਕੱਟਣ ਦੀ ਵੀਡੀਓ ਜਾਰੀ ਕਰਦੀ ਹੈ ਪਰ ਬਿਨ੍ਹਾਂ ਨੰਬਰ ਪਲੇਟ ਬਿਨ੍ਹਾਂ ਟਰੈਕਟਰ-ਟਰਾਲੀਆਂ ਨੂੰ ਰੋਕਣਾ ਤਾਂ ਕੀ ਇਨ੍ਹਾਂ ਵੱਲ ਵੇਖਣ ਦੀ ਹਿੰਮਤ ਵੀ ਨਹੀਂ ਕਰਦੀ। ਨਿਮਿਸ਼ਾ ਮਹਿਤਾ ਨੇ ਅੱਗੇ ਬੋਲਦਿਆਂ ਕਿਹਾ ਕਿ ਜਿਸ ਦਿਨ ਤੋਂ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਉਸ ਦਿਨ ਤੋਂ ਇਲਾਕਾ ਗੜ੍ਹਸ਼ੰਕਰ ਵਿਚ ਸਿਰਫ ਦੋ ਪ੍ਰਮੁੱਖ ਧੜਿਆਂ ਵੱਲੋਂ ਮਿੱਟੀ ਮਾਈਨਿੰਗ ਮਾਫੀਆ ਬਣਾ ਕੇ ਟਰਾਲੀਆਂ ਦਾ ਸੜਕਾਂ 'ਤੇ ਹੁੜਦੰਗ ਪਾਇਆ ਜਾ ਰਿਹਾ ਹੈ ਜਦਕਿ ਆਮ ਲੋਕ ਜੋ ਟਰੈਕਟਰ-ਟਰਾਲੀ ਚਲਾ ਕੇ ਆਪਣੀ ਰੋਜ਼ੀ ਰੋਟੀ ਕਮਾਉਂਦੇ ਸਨ, ਉਨ੍ਹਾਂ ਨੂੰ ਸੜਕ 'ਤੇ ਟਰੈਕਟਰ-ਟਰਾਲੀ ਲਿਆਉਣ ਵੀ ਨਹੀਂ ਦਿੱਤਾ ਜਾਂਦਾ। ਨਿਮਿਸ਼ਾ ਮਹਿਤਾ ਨੇ ਕਿਹਾ ਕਿ ਉਨ੍ਹਾਂ ਨੂੰ ਦਰਜਨਾਂ ਅਜਿਹੇ ਜ਼ਿੰਮੇਦਾਰ ਮਿਲ ਚੁੱਕੇ ਹਨ, ਜਿਨ੍ਹਾਂ ਦੀਆਂ ਟਰਾਲੀਆਂ ਨੂੰ ਥਾਣੇ ਵਿਚ ਰੱਖੀਆਂ ਗਈਆਂ ਅਤੇ ਵਾਰ-ਵਾਰ ਉਨ੍ਹਾਂ ਦੇ ਸਵਾ-ਸਵਾ ਲੱਖ ਦੇ ਚਲਾਨ ਕੀਤੇ ਗਏ ਅਤੇ ਉਨ੍ਹਾਂ ਦੀ ਰੋਜ਼ੀ-ਰੋਟੀ ਦੇ ਸਾਧਨ ਠੱਪ ਕਰਵਾਏ ਗਏ ਪਰ ਮਾਈਨਿੰਗ ਮਾਫੀਆ ਦੀਆਂ ਲਾਲ ਅਤੇ ਨੀਲੇ ਰੰਗ ਦੀਆਂ ਇਨ੍ਹਾਂ ਟਰੈਕਟਰ-ਟਰਾਲੀਆਂ ਨੂੰ ਪੁਲਸ ਵਾਲੇ ਵੇਖ ਕੇ ਇੰਝ ਅੱਖਾਂ ਬੰਦ ਕਰ ਲੈਂਦੇ ਹਨ, ਜਿਵੇਂ ਬਿੱਲੀ ਨੂੰ ਵੇਖ ਕੇ ਕਬੂਤਰ।

# ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਜਾਗਰੂਕ ਕੀਤਾ



ਕਾਦੀਆਂ,2ਅਗਸਤ ( ਤਾਰੀ ) ਸਿਵਲ ਸਰਜਨ ਗੁਰਦਾਸਪੁਰ ਡਾਕਟਰ ਜਸਵਿੰਦਰ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਅੰਕੁਰ ਕੌਸ਼ਲ ਦੀ ਯੋਗ ਅਗਵਾਈ ਹੇਠ ਸੀ ਐਚ ਸੀ ਭਾਮ ਵਿਖੇ ਅਗਸਤ ਮਹੀਨੇ ਦਾ ਪਹਿਲਾ ਹਫ਼ਤਾ ਮਾਂ ਦੇ ਦੁੱਧ ਦੀ ਮਹੱਤਤਾ ਦੇ ਤੌਰ ਤੇ ਮਨਾਇਆ ਗਿਆ । ਇਸ ਦੌਰਾਨ ਗਰਭਵਤੀ ਔਰਤਾਂ, ਦੁੱਧ ਪਿਲਾਉਣ ਵਾਲੀਆਂ ਮਾਵਾਂ ਅਤੇ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਆਦਿ ਨੂੰ ਮਾਂ ਦੇ ਦੁੱਧ ਦੇ ਫਾਇਦਿਆਂ ਬਾਰੇ ਜਾਗਰੂਕ ਕੀਤਾ ਗਿਆ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਬੀ.ਈ.ਈ ਸੁਰਿੰਦਰ ਕੌਰ ਨੇ ਦੱਸਿਆ ਕਿ ਬੱਚੇ ਨੂੰ ਜਨਮ ਤੋਂ ਇੱਕ ਘੰਟੇ ਦੇ ਅੰਦਰ ਅੰਦਰ ਮਾਂ ਦਾ ਪਹਿਲਾ ਦੁੱਧ ਪਿਲਾਉਣਾ ਸੁਰੂ ਕਰ ਦੇਣਾ ਚਾਹੀਦਾ ਹੈ। ਜਿਸ ਵਿੱਚ ਐਂਟੀਬਾਡੀਜ਼ ਹੁੰਦੇ ਹਨ ਜੋ ਕਿ ਬੱਚੇ ਨੂੰ ਸਾਰੀ ਉਮਰ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਾਉਂਦੇ ਹਨ। ਮਾਂ ਦਾ ਦੁੱਧ ਬੱਚੇ ਲਈ ਅੰਮ੍ਰਿਤ ਸਮਾਨ ਹੈ, ਬੱਚੇ ਦੇ ਸਰੀਰਕ ਅਤੇ ਦਿਮਾਗੀ ਵਿਕਾਸ ਲਈ ਮਾਂ ਦਾ ਦੁੱਧ ਬਹੁਤ ਜਰੂਰੀ ਹੈ। ਇਸ ਹਫ਼ਤੇ ਦੌਰਾਨ ਵੱਖ-ਵੱਖ ਪਿੰਡਾਂ ਵਿਖੇ ਸੈਮੀਨਾਰ, ਕੈਂਪ ਆਦਿ ਜਾਗਰੂਕ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਮਾਂ ਦਾ ਦੁੱਧ ਪਿਲਾਉਣ ਨਾਲ ਬੱਚੇ ਤੰਦਰੁਸਤ ਰਹਿੰਦੇ ਹਨ ਅਤੇ ਨਾਲ ਹੀ ਮਾਵਾਂ ਵਿਚ ਵੀ ਛਾਤੀ ਦੇ ਕੈਂਸਰ, ਅੰਡੇਦਾਨੀ ਦੇ ਕੈਂਸਰ ਆਦਿ ਦਾ ਖਤਰਾ ਘੱਟ ਜਾਂਦਾ ਹੈ ਅਤੇ ਮਾਂ ਅਤੇ ਬੱਚੇ ਦਾ ਆਪਸੀ ਪਿਆਰ ਬਣਿਆ ਰਹਿੰਦਾ ਹੈ। ਨਿਰਮਤ ਸਤਨਪਾਨ ਕਰਵਾਉਣ ਦੇ ਕਾਰਜਕਾਲ ਵਿੱਚ ਗਰਭਧਾਰਨ ਦੀ ਸੰਭਾਵਨਾ ਵੀ ਘੱਟ ਜਾਂਦੀ ਹੈ ਅਤੇ ਇਸ ਨਾਲ ਮਾਂ ਵੀ ਤੰਦਰੁਸਤ ਰਹਿੰਦੀ ਹੈ ਉਹਨਾਂ ਕਿਹਾ ਕਿ ਬੱਚੇ ਨੂੰ ਪਹਿਲੇ 6 ਮਹੀਨੇ ਤੱਕ ਬੱਚੇ ਨੂੰ ਸਿਰਫ ਮਾਂ ਦਾ ਦੁੱਧ ਅਤੇ 6 ਮਹੀਨੇ ਬਾਅਦ ਹੀ ਓਪਰੀ ਖੁਰਾਕ ਸੁਰੂ ਕਰਨੀ ਚਾਹੀਦੀ ਹੈ ਅਤੇ 2 ਸਾਲ ਤੱਕ ਦੁੱਧ ਪਿਲਾਉਦੇ ਰਹਿਣਾ ਚਾਹੀਦਾ ਹੈ। ਇਸ ਮੌਕੇ ਤੇ ਬੀ ਈ ਈ ਸੁਰਿੰਦਰ ਕੌਰ, ਜਸਵਿੰਦਰ ਕੌਰ ਨਰਸਿੰਗ ਸਿਸਟਰ, ਮੈਡਮ ਕੋਮਲ ਸੀ ਐਚ ਓ, ਕੁਲਵਿੰਦਰ ਕੌਰ ਐਲ ਐਚ ਵੀ ਅਤੇ ਰੀਨਾ ਰਾਣੀ ਏ ਐਨ ਐਮ ਆਦਿ ਹਾਜਿਰ ਰਹੇ।

# ਨਸ਼ਾ ਮੁਕਤੀ ਯਾਤਰਾ' ਪਿੰਡ ਵਾਸੀਆਂ ਨੇ ਕੀਤੀ ਵੱਡੀ ਪੱਧਰ 'ਤੇ ਸ਼ਮੂਲੀਅਤ



ਬਟਾਲਾ,2 ਅਗਸਤ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ)- ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸੂਬੇ ਵਿੱਚ ਵੱਡੇ ਪੱਧਰ 'ਤੇ ਅਭਿਆਨ ਚਲਾਇਆ ਜਾ ਰਿਹਾ ਹੈ ਜਿਸ ਤਹਿਤ ਪਿੰਡ ਪੱਤੀ ਬਾਠ,ਸੰਘੇੜਾ, ਮਿਰਜਾਜਾਨ ਅਤੇ ਨਵਾਂ ਬਰਕੀਵਾਲ ਵਿਖੇ 'ਨਸ਼ਾ ਮੁਕਤੀ ਯਾਤਰਾ' ਤਹਿਤ ਹੋਈ ਇਕੱਤਰਤਾ ਦੌਰਾਨ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਕਰਨ ਬਾਠ ਵੱਲੋਂ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਜਿੱਥੇ ਸਲਾਘਾ ਕੀਤੀ ਉਥੇ ਹੀ ਉਹਨਾਂ ਨੂੰ ਜੀ ਆਇਆ ਆਖਿਆ। ਇਸ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਬਲਬੀਰ ਸਿੰਘ ਪੰਨੂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਸੂਬੇ ਵਿੱਚੋਂ ਨਸ਼ਿਆਂ ਨੂੰ ਖਤਮ ਕਰਨ ਲਈ ਵਿਆਪਕ ਮੁਹਿੰਮ ਵਿੱਢੀ ਹੈ, ਜਿਸ ਤਹਿਤ ਪਿੰਡਾਂ, ਕਸਬਿਆਂ ਤੇ ਸ਼ਹਿਰੀ ਖੇਤਰਾਂ ਵਿੱਚ ਜਾ ਕੇ ਲੋਕਾਂ ਨੂੰ ਨਸ਼ਿਆਂ ਖਿਲਾਫ ਲਾਮਬੰਦ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੇ ਜਿਥੇ ਨਸ਼ਾ ਤਸਕਰਾਂ ਖਿਲਾਫ ਸਖਤ ਰੁਖ਼ ਅਪਣਾਇਆ ਹੈ, ਉਸਦੇ ਨਾਲ ਨਸ਼ਾ ਪੀੜਤਾਂ ਦਾ ਨਸ਼ਾ ਛੁਡਾਊ ਕੇਂਦਰਾਂ ਵਿਖੇ ਮੁਫਤ ਇਲਾਜ ਕਰਵਾਇਆ ਜਾ ਰਿਹਾ ਹੈ। ਉਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਨੂੰ ਖਤਮ ਕਰਨ ਲਈ ਸਹਿਯੋਗ ਕਰਨ ਅਤੇ ਜੋ ਲੋਕ ਕਿਸੇ ਕਾਰਨ ਨਸ਼ਿਆਂ ਦੇ ਜਾਲ ਵਿੱਚ ਫਸ ਗਏ ਹਨ, ਉਨਾਂ ਦਾ ਇਲਾਜ ਕਰਵਾਉਣ ਲਈ ਅੱਗੇ ਆਉਣ। ਇਸ ਮੌਕੇ ਪਿੰਡ ਵਾਸੀਆਂ ਨੂੰ ਨਸ਼ਿਆਂ ਖਿਲਾਫ ਲੜਨ ਦੀ ਸਹੁੰ ਵੀ ਚੁਕਾਈ ਗਈ। ਇਸ ਮੌਕੇ ਸਰਪੰਚ ਗੁਰਮੀਤ ਕੌਰ, ਗੁਰਪਿੰਦਰ ਸਿੰਘ,ਜਸਪਿੰਦਰ ਸਿੰਘ, ਹੀਰਾ ਸਿੰਘ, ਤਰਸੇਮ ਸਿੰਘ, ਕੁਲਦੀਪ ਸਿੰਘ, ਹਰਪ੍ਰੀਤ ਸਿੰਘ , ਸੁਖਵਿੰਦਰ ਸਿੰਘ, ਦਵਿੰਦਰ ਸਿੰਘ,ਅਮਰੀਕ ਸਿੰਘ,ਦੇਸਾ ਸਿੰਘ, ਜੋਗਾ ਸਿੰਘ, ਜੋਧਾ ਸਿੰਘ,ਸੁੱਚਾ ਸਿੰਘ, ਮਨਪ੍ਰੀਤ ਸਿੰਘ, ਧਰਮ ਸਿੰਘ, ਬਾਜ ਸਿੰਘ, ਹਰਜਿੰਦਰ ਕੌਰ, ਕੁਲਦੀਪ ਕੌਰ,ਗੁਰਮੀਤ ਕੌਰ ,ਅੰਮ੍ਰਿਤਪਾਲ ਕੌਰ, ਅਮਰਜੀਤ ਕੌਰ,ਸੁਖਦੇਵ ਸਿੰਘ ਸੰਘੇੜਾ, ਸ਼ਰਨਦੀਪ ਸਿੰਘ, ਸਰਪੰਚ ਰਣਜੀਤ ਸਿੰਘ, ਬਲਜਿੰਦਰ ਸਿੰਘ , ਬੂਟਾ ਸਿੰਘ, ਅਜੀਤ ਸਿੰਘ, ਸ਼ਮਸ਼ੇਰ ਸਿੰਘ ਸੈਕਟਰੀ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਮਲਜਿੰਦਰ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਬਲਾਕ ਪ੍ਰਧਾਨ ਜਗਜੀਤ ਸਿੰਘ, ਸਰਪੰਚ ਹਰਦੀਪ ਸਿੰਘ, ਸਰਪੰਚ ਕਰਮਜੀਤ ਸਿੰਘ, ਗਗਨਦੀਪ ਸਿੰਘ ਕੋਟਲਾ ਬਾਮਾ, ਰਘਬੀਰ ਸਿੰਘ ਅਠਵਾਲ, ਸਰਪੰਚ ਗੁਰਬਿੰਦਰ ਸਿੰਘ ਕਾਦੀਆਂ, ਸਰਪੰਚ ਕਰਨ ਬਾਠ ਅਤੇ ਵਾਈਸ ਕੁਆਰਡੀਨੇਟਰ ਗੁਰਪ੍ਰਤਾਪ ਸਿੰਘ ਆਦਿ ਹਾਜ਼ਰ ਸਨ।

# ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਲੋਕਾਂ ਦੇ ਸਹਿਯੋਗ ਦੀ ਲੋੜ : ਆਲੋਵਾਲ



ਗੁਰਦਾਸਪੁਰ, 2 ਅਗਸਤ ( ਜਸਵਿੰਦਰ ਸਿੰਘ ) - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵਿਖੇ ਜਾਗਰੂਕਤਾ ਸਭਾਵਾਂ ਦੌਰਾਨ ਵਿਲੇਜ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਅਤੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਮੀਡੀਆ ਇੰਨਚਾਰਜ ਮੁਖਦੇਵ ਸਿੰਘ ਆਲੋਵਾਲ ਲਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਦਾ ਉਦੇਸ਼ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਪੇਟ ਤੋਂ ਬਾਹਰ ਕੱਢਣਾ ਅਤੇ ਉਨ੍ਹਾਂ ਨੂੰ ਰੌਸ਼ਨ ਭਵਿੱਖ ਵੱਲ ਲਿਜਾਣਾ ਹੈ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਦੇ ਖ਼ ?ਲਾਫ਼ ਜੰਗ ਨੂੰ ਪੂਰੀ ਗੰਭੀਰਤਾ ਨਾਲ ਲੜ ਰਹੀ ਹੈ ਅਤੇ ਇਸਦੇ ਲਈ ਜ਼ਮੀਨੀ ਪੱਧਰ ਤੇ ਜਾਗਰੂਕਤਾ ਫੈਲਾਉਣਾ ਬਹੁਤ ਜ਼ਰੂਰੀ ਹੈ ਇਸ ਮੌਕੇ ਤੇ ਉਨ੍ਹਾਂ ਪਿੰਡ ਵਾਸੀਆਂ, ਖ਼ਾਸਕਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਮੁਕਤ ਕਰਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ ਇਸ ਦੌਰਾਨ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਇਸ ਮੌਕੇ ਇਲਾਕੇ ਦੇ ਵਸਨੀਕਾਂ ਨੇ ਆਪਣੇ ਪਿੰਡਾਂ ਚੇ ਕਿਹਾ ਕਿ ਕਿਸੇ ਵੀ ਨਸ਼ਾ ਤਸਕਰ ਦੀ ਜ਼ਮਾਨਤ ਨਹੀਂ ਦੇਣਗੇ ਅਤੇ ਅਜਿਹੇ ਅਨਸਰਾਂ ਦਾ ਮੁਕੰਮਲ ਬਾਈਕਾਟ ਕਰਨਗੇ

# ਔਰਤਾਂ ਨੂੰ ਸਵੈ-ਰੋਜ਼ਗਾਰ ਦੇ ਸਮਰੱਥ ਬਣਾਉਣ ਲਈ 15 ਰੋਜ਼ਾ ਕਿੱਤਾਮੁਖੀ ਸਿਖਲਾਈ ਕੋਰਸ ਕਰਵਾਇਆ



ਫ਼ਤਹਿਗੜ੍ਹ ਸਾਹਿਬ, 2 ਅਗਸਤ - (ਹਰਪ੍ਰੀਤ ਕੌਰ ਟਿਵਾਣਾ)ਔਰਤਾਂ ਨੂੰ ਸਵੈ-ਰੋਜ਼ਗਾਰ ਦੇ ਸਮਰੱਥ ਬਣਾਉਣ ਲਈ ਪੰਜਾਬ ਹੁਨਰ ਵਿਕਾਸ ਯੋਜਨਾ ਦੇ ਤਹਿਤ ਨੈਸ਼ਨਲ ਐਜੂਕੇਸ਼ਨ ਸੁਸਾਇਟੀ ਤੇ ਸਮਾਜਿਕ ਵੈਲਫੇਅਰ ਸੰਗਠਨ ਵੱਲੋਂ 15 ਰੋਜ਼ਾ ਕਿੱਤਾ ਸਿਖਲਾਈ ਕੋਰਸ ਕਰਵਾਇਆ ਗਿਆ। ਇਸ ਤਹਿਤ ਬਲਾਕ ਸਰਹਿੰਦ ਦੇ ਪਿੰਡ ਬਧੌਛੀ ਕਲਾਂ ਵਿਖੇ ਕਾਰਜਸ਼ੀਲ ਸਵੈ-ਸਹਾਇਤਾ ਗਰੁੱਪ ਨਾਲ ਜੁੜੀਆਂ ਔਰਤਾਂ ਨੂੰ ਐਨ.ਆਰ.ਐੱਲ.ਐਮ. ਟੀਮ ਦੀ ਮਦਦ ਨਾਲ ਸਮਾਲ ਬਿਜ਼ਨਸ ਓਪਰੇਟਰ (ਫਾਸਟ ਫੂਡ) ਵਿਸ਼ੇ ਦੀ ਸਿਖਲਾਈ ਦਿੱਤੀ ਗਈ। ਇਹ ਪ੍ਰੋਗਰਾਮ ਰਿਕਗਨਾਈਜ਼ ਪ੍ਰਾਇਅਰ ਲਰਨਿੰਗ ਪ੍ਰੋਗਰਾਮ ਹੇਠ ਹੋਇਆ।ਇਸ ਪ੍ਰੋਗਰਾਮ ਵਿੱਚੋਂ ਪਾਸ ਹੋਈਆਂ ਔਰਤਾਂ ਨੂੰ ਜ਼ਿਲ੍ਹਾ ਹੁਨਰ ਵਿਕਾਸ ਮੈਨੇਜਰ ਮੁਕੇਸ਼ ਕੁਮਾਰ ਵੱਲੋਂ ਕੋਰਸ ਦੇ ਸਰਟੀਫਿਕੇਟ ਵੰਡੇ ਗਏ। ਇਸ ਮੌਕੇ 'ਤੇ ਜ਼ਿਲ੍ਹਾ ਮੈਨੇਜਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਅਤੇ ਵਧੀਕ ਡਿਪਟੀ ਕਮਿਸ਼ਨਰ (ਜ)-ਕਮ-ਨੋਡਲ ਅਧਿਕਾਰੀ, ਪੰਜਾਬ ਹੁਨਰ ਵਿਕਾਸ ਮਿਸ਼ਨ ਹਰਪ੍ਰੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ, ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਇਸ ਤਰ੍ਹਾਂ ਦੇ ਪ੍ਰੋਗਰਾਮ ਲਗਾਤਾਰ ਚੱਲ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਇਹ ਪ੍ਰੋਗਰਾਮ ਪੇਂਡੂ ਔਰਤਾਂ ਵਿੱਚ ਸਵੈ-ਮਾਣ ਨੂੰ ਵਧਾਉਣ ਲਈ, ਛੋਟੀ ਮਿਆਦ ਦੀ ਸਿਖਲਾਈ ਦੇ ਕੇ, ਸਰਕਾਰੀ ਸਰਟੀਫਿਕੇਟ ਨਾਲ ਉਨ੍ਹਾਂ ਨੂੰ ਸਰਟੀਫਾਈਡ ਬਣਾਉਂਦਾ ਹੈ। ਉਨ੍ਹਾਂ ਦੱਸਿਆ ਕਿ ਚਾਹਵਾਨ ਔਰਤਾਂ ਨੂੰ ਜ਼ਿਲ੍ਹਾ ਰੋਜ਼ਗਾਰ ਦਫ਼ਤਰ, ਫ਼ਤਹਿਗੜ੍ਹ ਸਾਹਿਬ ਰਾਹੀਂ ਉਪਲਬਧ ਵੱਖ-ਵੱਖ ਸਰਕਾਰੀ ਯੋਜਨਾਵਾਂ ਦਾ ਲਾਭ ਲੈ ਕੇ ਸਵੈ-ਰੋਜ਼ਗਾਰ ਸਬੰਧੀ ਉਪਰਾਲਿਆਂ ਨਾਲ ਜੋੜਨ 'ਚ ਵੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।ਇਸ ਮੌਕੇ ਜ਼ਿਲ੍ਹਾ ਥੀਮੈਟਿਕ ਮਾਹਿਰ ਅਮਰਿੰਦਰ ਸਿੰਘ ਅਤੇ ਨੈਸਵੋ ਸੰਸਥਾ ਦੇ ਪ੍ਰਤੀਨਿਧੀ ਰਾਕੇਸ਼ ਕੁਮਾਰ ਵੀ ਹਾਜ਼ਰ ਸਨ।

# ਕਲੱਬ ਰੰਗਲਾ ਪੰਜਾਬ ਬਣਾਉਣ ਸਬੰਧੀ ਕੈਂਪ ਲਗਾਇਆ



ਚੋਗਾਵਾਂ, 02 ਅਗੱਸਤ (ਸੁਬੇਗ ਸਿੰਘ ਸੋਨਾ) ਰੰਗਲਾ ਪੰਜਾਬ ਬਣਾਉਣ ਦੇ ਉਦੇਸ਼ ਤਹਿਤ ਅੱਜ ਯੂਥ ਕਲੱਬ ਪੰਜਾਬ ਵਰਕਸ਼ਾਪ ਕੈਂਪ ਜ਼ਿਲ੍ਹਾ ਅੰਮ੍ਰਿਤਸਰ ਹਲਕਾ ਰਾਜਾਸਾਸੀ ਦੇ ਅਧੀਨ ਆਉਂਦੇ ਸਰਹੱਦੀ ਪਿੰਡ ਝੰਜੋਟੀ ਦੇ ਸਰਕਾਰੀ ਹਾਈ ਸਕੂਲ ਵਿੱਖੇ ਹਲਕਾ ਰਾਜਾਸਾਸੀ ਦੇ ਸੰਗਠਨ ਇੰਚਾਰਜ ਦਲਜੀਤ ਸਿੰਘ ਮਿਆਦੀਆਂ ਜੀ ਦੀ ਰਹਿਨੁਮਾਈ ਹੇਠ ਯੂਥ ਕਲੱਬ ਪੰਜਾਬ ਵਰਕਸ਼ਾਪ ਕੈਂਪ ਲਗਾਇਆ ਗਿਆ। ਜਿਸ ਵਿੱਚ ਪੰਜਾਬ ਨੂੰ ਨਸ਼ਾ ਮੁਕਤ ਤੇ ਭ੍ਰਿਸ਼ਟਾਚਾਰ ਮੁਕਤ ਅਤੇ ਨੌਜਵਾਨਾਂ ਨੂੰ ਖੇਡਾਂ ਵੱਲ ਉਤਸਾਹਿਤ ਕਰਨ ਦਾ ਸੁਨੇਹਾ ਦਿੱਤਾ ਗਿਆ। ਦਲਜੀਤ ਸਿੰਘ ਮਿਆਦੀਆਂ ਜੀ ਨੇ ਦੱਸਿਆ ਕਿ ਯੂਥ ਕਲੱਬ ਪੰਜਾਬ ਵਰਕਸ਼ਾਪ ਬਹੁਤ ਸਮੇਂ ਪਹਿਲਾਂ ਇੱਕ ਪਹਿਲ ਕੀਤੀ ਗਈ ਸੀ , ਜੋ ਪਿਛਲੀਆਂ ਸਰਕਾਰਾਂ ਵੇਲੇ ਨਹੀਂ ਕੀਤੀ ਗਈ ਤੇ ਨਾ ਦੱਸਿਆ ਹੀ ਗਿਆ ਸੀ ਜਿਹਦੇ ਤਹਿਤ ਆਪਾਂ ਪਿੰਡ ਪਿੰਡ ਦੇ ਵਿੱਚ ਜਾਂ ਕੇ ਯੂਥ ਕਲੱਬ ਜਿਹੜੇ ਰਜਿਸਟਰੇਸ਼ਨ ਕਰਕੇ ਤੇ ਉਹਨਾਂ ਦੇ ਕੰਮਾਂ ਬਾਰੇ ਉਹ ਕੀ ਕੀ ਕੰਮ ਕਰਨਗੇ ਅੱਜ ਨੌਜਵਾਨ ਸਾਥੀ ਜਿਹੜੇ ਯੂਥ ਦੇ ਕੋਆਰਡੀਨੇਟਰ ਨੇ ਪਿੰਡਾਂ ਦੇ ਉਹਨਾਂ ਨੂੰ ਜਿਹੜੀ ਜਾਣਕਾਰੀ ਦਿੱਤੀ ਗਈ ਆ , ਇਸ ਮੌਕੇ ਦਲਜੀਤ ਸਿੰਘ ਮਿਆਦੀਆਂ ਨੇ ਕਿਹਾ ਕਿ ਰੰਗਲੇ ਪੰਜਾਬ ਦੀ ਸਿਰਜਣਾ ਦੀ ਡੋਰ ਨੌਜਵਾਨਾਂ ਦੇ ਮੋਢਿਆਂ 'ਤੇ ਹੈ ਅਤੇ ਨੌਜਵਾਨਾਂ ਨੂੰ ਸੂਬੇ ਦੀ ਭਲਾਈ ਪ੍ਰਤੀ ਆਪਣਾ ਰੋਲ ਸਮਝਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਯੂਥ ਕਲਬ ਲੋਕਾਂ ਨੂੰ ਨਵੀ ਸੇਧ ਦੇਣਗੇ, ਨੌਜਵਾਨ ਪੀੜ੍ਹੀ ਸ਼ਹੀਦ ਭਗਤ ਸਿੰਘ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਾਰ ਦੀਆਂ ਸਿਖਿਆਵਾਂ 'ਤੇ ਚੱਲ ਕੇ ਲੋਕਾਂ ਨੂੰ ਸਹੀ ਅਤੇ ਸਕਾਰਾਤਮਕ ਦਿਸ਼ਾ ਵੱਲ ਮੋੜਨ ਲਈ ਆਪਣਾ ਅਹਿਮ ਕਿਰਦਾਰ ਨਿਭਾਉਣਗੇ। ਉਨ੍ਹਾਂ ਆਪਣੇ ਵਡਮੁੱਲੇ ਵਿਚਾਰ ਸਾਂਝੇ ਕਰਦਿਆਂ ਨੌਜਵਾਨਾਂ ਅੰਦਰ ਜੋਸ਼ ਭਰਿਆ ਅਤੇ ਨਸ਼ਿਆਂ ਜਿਹੀਆਂ ਮਾੜੀਆਂ ਅਲਾਮਤਾਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਦਲਜੀਤ ਸਿੰਘ ਮਿਆਦੀਆਂ ਵੱਲੋਂ ਹਲਕਾ ਰਾਜਾਸਾਂਸੀ ਵਿੱਚ ਹਰ ਪਿੰਡ ਹਰ ਵਾਰਡ ਵਿੱਚ ਯੂਥ ਕਲੱਬ ਸਥਾਪਿਤ ਕਰਨ ਲਈ ਯੂਥ ਕੋਆਰਡੀਨੇਟਰ ਨੂੰ ਟ$ਰੇਨਿੰਗ ਦਿੱਤੀ ਗਈ। ਇਸ ਮੌਕੇ ਤੇ ਹਾਜਰ ਮਨੀਸ਼ ਪੀਟਰ ਭੁਪਿੰਦਰ ਸਿੰਘ ਪ੍ਰਦੀਪ ਸਿੰਘ ਝੰਜੋਟੀ, ਇੰਦੂ ਮੈਡਮ, ਜਸਪਾਲ ਸਿੰਘ ਬੌਹਲੀਆਂ, ਬਲਾਕ ਪ੍ਰਧਾਨ ਮਲਕੀਤ ਸਿੰਘ, ਜੋਬਨ ਸਿੰਘ ਝੰਜੋਟੀ, ਆਦਿ ਹਾਜ਼ਰ ਸਨ।

# ਜਲਦ ਹੋਵੇਗਾ ਭੋਗਪੁਰ ਦਾ ਬੱਸ ਅੱਡਾ ਚਾਲੂ : ਪਵਨ ਟੀਨੂ



ਭੋਗਪੁਰ 2 ਅਗਸਤ (ਅਮਰਜੀਤ ਸਿੰਘ ਸੈਣੀ ) ਸਮਾਜ ਸੇਵਕ ਸਰਬਜੀਤ ਸਿੰਘ ਸਾਬੀ ਨੇ ਹਲਕਾ ਇੰਚਾਰਜ ਤੇ ਚੇਅਰਮੈਨ ਪਵਨ ਕੁਮਾਰ ਟੀਨੂ ਨਾਲ ਖਾਸ ਮੁਲਾਕਾਤ ਕੀਤੀ.ਅਤੇ ਸਨਮਾਨਤ ਵੀ ਕੀਤਾ ਉਪਰੰਤ ਸਰਬਜੀਤ ਸਿੰਘ ਸਾਬੀ ਨੇ ਇਲਾਕੇ ਦੇ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ. ਸਰਬਜੀਤ ਸਿੰਘ ਸਾਬੀ . ਸਮਾਜ ਸੇਵਕ ਦੇ ਨਾਲ ਗੁਰੂ ਘਰ ਦੇ ਬਹੁਤ ਹੀ ਹੋਣ ਹਾਰ ਸੇਵਾਦਾਰ ਵੀ ਹਨ ਸ੍ਰੀ ਅਖੰਡ ਪਾਠ ਸਾਹਿਬ ਅਤੇ ਸ੍ਰੀ ਸੁਖਮਨੀ ਸਾਹਿਬ ਜੀ ਦੀਆਂ ਪੂਰੇ ਇਲਾਕੇ ਵਿੱਚ ਸੇਵਾਵਾਂ ਸੰਭਾਲਦੇ ਹਨ ਤੇ ਅੱਜ ਉਹਨਾਂ ਨੇ ਹਲਕਾ ਇੰਚਾਰਜ ਪਵਨ ਕੁਮਾਰ ਟੀਨੂ ਨਾਲ ਗੱਲਬਾਤ ਕਰਕੇ . ਕਿਹਾ ਕਿ ਰੋਜਾਨਾ ਹੀ ਮੀਡੀਆ ਵਿੱਚ ਖਬਰਾਂ ਛਪਦੀਆਂ ਹਨ. ਕਰੋੜਾਂ ਰੁਪਏ ਦੀ ਲਾਗਤ ਨਾਲ ਬਣਿਆ ਭੋਗਪੁਰ ਦਾ ਬੱਸ ਅੱਡਾ ਚਾਲੂ ਕੀਤਾ ਜਾਵੇ. ਗੰਦੇ ਪਾਣੀ ਦਾ ਨਿਕਾਸ, ਅਤੇ ਹੋਰ ਵੀ ਲੋਕਾਂ ਤੇ ਮਸਲੇ ਜਿਵੇਂ ਕਿ, ਟਰੈਫਿਕ, ਸੀਵਰੇਜ ਪਾਉਣ ਦੇ ਸਬੰਧ ਵਿੱਚ ਗੱਲਬਾਤ ਕੀਤੀ ਗਈ ਕਿਹਾ ਕਿ ਭੋਗਪੁਰ ਇਲਾਕੇ ਵਿੱਚ ਸਾਫ ਸਫਾਈ ਦਾ ਬੁਰਾ ਹਾਲ ਹੈ ਕੋਈ ਖਾਸ ਟੀਮ ਤਿਆਰ ਕੀਤੀ ਜਾਵੇ ਤਾਂ ਕਿ ਲੋਕਾਂ ਨੂੰ ਸੁੱਖ ਦਾ ਸਾਹ ਮਿਲ ਸਕੇ. ਹੋਰ ਵੀ ਕਾਫੀ ਮਸਲਿਆਂ ਦੇ ਸੰਬੰਧ ਵਿੱਚ ਗੱਲਬਾਤ ਕੀਤੀ ਗਈ ਪਵਨ ਕੁਮਾਰ ਟੀਨੂ ਨੇ ਵਿਸ਼ਵਾਸ ਦਵਾਇਆ ਕਿ ਜਲਦ ਹੀ ਭੋਗਪੁਰ ਦਾ ਬੱਸ ਅੱਡਾ ਚਾਲੂ ਕਰ ਦਿੱਤਾ ਜਾਵੇਗਾ.

# ਅਸ਼ਵਨੀ ਸ਼ਰਮਾ ਨੇ ਵਰਕਰਾਂ ਦੀ ਜਨਤਕ ਮੀਟਿੰਗ ਨੂੰ ਸੰਬੋਧਨ ਕੀਤਾ




ਫਿਰੋਜ਼ਪੁਰ, 2 ਅਗਸਤ (ਤਿਵਾੜੀ ) : ਫਿਰੋਜ਼ਪੁਰ ਪਹੁੰਚੇ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਵਰਕਰਾਂ ਦੀ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕੀਤਾ, ਹਜ਼ਾਰਾਂ ਵਰਕਰਾਂ ਨੂੰ ਦੇਖ ਕੇ ਬਹੁਤ ਖੁਸ਼ ਹੋਏ - ਰਾਣਾ ਸੋਢੀ ਦੀ ਅਗਵਾਈ ਹੇਠ ਹਜ਼ਾਰਾਂ ਵਰਕਰ ਪਹੁੰਚੇ ਸਨ, ਸੋਢੀ ਨੇ ਕਿਹਾ: ਆਉਣ ਵਾਲਾ ਸਮਾਂ ਭਾਜਪਾ ਦਾ ਹੈ - -ਅਸ਼ਵਨੀ ਸ਼ਰਮਾ ਨੇ ਕਿਹਾ: ਪੰਜਾਬ ਦੀ ਇੱਕ ਇੰਚ ਵੀ ਜ਼ਮੀਨ ਕਿਸੇ ਨੂੰ ਨਹੀਂ ਦਿੱਤੀ ਜਾਵੇਗੀ - ਭਾਰਤੀ ਜਨਤਾ ਪਾਰਟੀ ਵੱਲੋਂ ਅਸ਼ਵਨੀ ਸ਼ਰਮਾ ਨੂੰ ਸੂਬੇ ਦਾ ਕਾਰਜਕਾਰੀ ਪ੍ਰਧਾਨ ਬਣਾਏ ਜਾਣ ਤੋਂ ਬਾਅਦ, ਫਿਰੋਜ਼ਪੁਰ ਪਹੁੰਚਣ 'ਤੇ ਉਨ੍ਹਾਂ ਦੀ ਇੱਕ ਵਿਸ਼ਾਲ ਜਨਤਕ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਹਜ਼ਾਰਾਂ ਵਰਕਰਾਂ ਦੇ ਨਾਲ-ਨਾਲ ਔਰਤਾਂ ਨੇ ਵੀ ਹਿੱਸਾ ਲਿਆ। ਕੇਂਦਰੀ ਕਾਰਜਕਾਰਨੀ ਮੈਂਬਰ ਰਾਣਾ ਗੁਰਮੀਤ ਸਿੰਘ ਸੋਢੀ ਦੀ ਅਗਵਾਈ ਹੇਠ ਬਾਰਡਰ ਰੋਡ 'ਤੇ ਸਥਿਤ ਗ੍ਰੈਂਡ ਵਿਲਾ ਪੈਲੇਸ ਵਿਖੇ ਹੋਈ ਇਸ ਜਨਤਕ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਸ਼ਮਸ਼ੇਰ ਸਿੰਘ ਕੱਕੜ, ਸੂਬਾਈ ਆਗੂ ਰਾਕੇਸ਼ ਰਾਠੌਰ, ਸਾਬਕਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਸੁਰਜੀਤ ਕੁਮਾਰ ਜਿਆਣੀ, ਡੀਪੀ ਚੰਦਨ, ਅਵਤਾਰ ਸਿੰਘ ਮਿੰਨਾ, ਮਨਜੀਤ ਸਿੰਘ ਰਾਏ, ਬਲਵੰਤ ਸਿੰਘ ਭੁੱਲਰ ਅਤੇ ਹੋਰ ਆਗੂਆਂ ਨੇ ਹਿੱਸਾ ਲਿਆ। ਇਸ ਮੌਕੇ ਅਸ਼ਵਨੀ ਸ਼ਰਮਾ ਵੱਲੋਂ ਕਾਂਗਰਸ ਦੇ ਕੁਲਵੰਤ ਰਾਏ ਕਟਾਰੀਆ ਨੂੰ ਭਾਜਪਾ ਵਿੱਚ ਸ਼ਾਮਲ ਕਰਨ ਦੀ ਰਸਮ ਵੀ ਨਿਭਾਈ ਗਈ। ਰਾਣਾ ਸੋਢੀ ਅਤੇ ਹੋਰ ਆਗੂਆਂ ਨੇ ਅਸ਼ਵਨੀ ਸ਼ਰਮਾ ਅਤੇ ਹੋਰ ਆਗੂਆਂ ਦਾ ਸਨਮਾਨ ਕੀਤਾ, ਜਦੋਂ ਕਿ ਸਟੇਜ ਦਾ ਸੰਚਾਲਨ ਅਸ਼ਵਨੀ ਗਰੋਵਰ ਵੱਲੋਂ ਕੀਤਾ ਗਿਆ। ਰਾਣਾ ਸੋਢੀ ਨੇ ਕਿਹਾ ਕਿ ਉਨ੍ਹਾਂ ਨੇ ਅਸ਼ਵਨੀ ਸ਼ਰਮਾ ਦੇ ਆਉਣ ਦੀਆਂ ਤਿਆਰੀਆਂ ਸਿਰਫ਼ 12 ਘੰਟਿਆਂ ਵਿੱਚ ਕਰ ਲਈਆਂ ਸਨ ਅਤੇ ਵਰਕਰਾਂ ਦਾ ਭਾਜਪਾ ਅਤੇ ਉਨ੍ਹਾਂ ਦੇ ਕਾਰਜਕਾਰੀ ਮੁਖੀ ਪ੍ਰਤੀ ਇੰਨਾ ਪਿਆਰ ਸੀ ਕਿ ਹਜ਼ਾਰਾਂ ਵਰਕਰਾਂ ਨੇ ਜਨਤਕ ਮੀਟਿੰਗ ਨੂੰ ਰੈਲੀ ਵਿੱਚ ਬਦਲ ਦਿੱਤਾ। ਸੋਢੀ ਨੇ ਕਿਹਾ ਕਿ ਉਹ ਭਾਜਪਾ ਦੇ ਸੱਚੇ ਸਿਪਾਹੀ ਹਨ। ਉਨ੍ਹਾਂ ਕਿਹਾ ਕਿ ਭਾਜਪਾ ਦੀ ਬਦੌਲਤ ਹੀ ਫਿਰੋਜ਼ਪੁਰ ਵਿੱਚ ਪੀਜੀਆਈ ਸੈਟੇਲਾਈਟ ਸੈਂਟਰ ਦਾ ਨਿਰਮਾਣ ਕਾਰਜ ਜੰਗੀ ਪੱਧਰ 'ਤੇ ਚੱਲ ਰਿਹਾ ਹੈ ਅਤੇ ਕੇਂਦਰ ਸਰਕਾਰ ਨੇ ਫਿਰੋਜ਼ਪੁਰ, ਨੰਦੇੜ ਸਾਹਿਬ ਅਤੇ ਹਰਿਦੁਆਰ ਵਿਚਕਾਰ ਰੇਲ ਗੱਡੀਆਂ ਚਲਾ ਕੇ ਲੋਕਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਥਾਨਕ ਲੋਕਾਂ ਨੇ ਗਲਤੀ ਨਾਲ ਇੱਥੇ 'ਆਪ' ਸਰਕਾਰ ਬਣਾਈ ਸੀ ਅਤੇ ਇਸ ਤੋਂ ਪਹਿਲਾਂ ਵੀ ਉਨ੍ਹਾਂ ਨੇ ਅਜਿਹੇ ਲੋਕਾਂ ਨੂੰ ਵੋਟ ਦਿੱਤੀ ਜਿਨ੍ਹਾਂ ਨੇ ਵਿਕਾਸ ਕਰਨ ਦੀ ਬਜਾਏ ਸਿਰਫ਼ ਪ੍ਰਚਾਰ ਦੀ ਰਾਜਨੀਤੀ ਕੀਤੀ ਅਤੇ ਇਹੀ ਕਾਰਨ ਹੈ ਕਿ ਫਿਰੋਜ਼ਪੁਰ ਦੀਆਂ ਸੜਕਾਂ ਪੂਰੀ ਤਰ੍ਹਾਂ ਟੁੱਟੀਆਂ ਹੋਈਆਂ ਹਨ। 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਦੇਖਦੇ ਹੋਏ ਸੋਢੀ ਨੇ ਕਿਹਾ ਕਿ ਜੇਕਰ ਲੋਕ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਵੋਟ ਦਿੰਦੇ ਹਨ, ਤਾਂ ਇੱਥੇ ਵਿਕਾਸ ਦੀ ਹਨੇਰੀ ਦੁਨੀਆਂ ਚੱਲੇਗੀ।

# ਕਣਕ ਅਤੇ ਝੋਨੇ ਦੇ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਮਿਲਾ ਕੇ ਮਲਚਿੰਗ ਵਿਧੀ ਦੁਆਰਾ ਖੇਤੀ ਕਰ ਰਿਹਾ ਅਗਾਂਹਵਧੂ ਕਿਸਾਨ ਕਰਮਜੀਤ ਸਿੰਘ ਧਾਲੀਵਾਲ



ਗੁਰਦਾਸਪੁਰ, 2 ਅਗਸਤ ( ਜਗੀਰ ਸਿੰਘ ਮੰਡ/ ਸੁਰਿੰਦਰ ਸਿੰਘ ਬਸਰਾ) - ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਬਿਧੀਪੁਰ ਦਾ ਨੌਜਵਾਨ ਕਿਸਾਨ ਕਰਮਜੀਤ ਸਿੰਘ ਧਾਲੀਵਾਲ ਪਿਛਲੇ 10 ਸਾਲਾਂ ਤੋਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਗੁਰਦਾਸਪੁਰ ਤੋਂ ਪ੍ਰੇਰਨਾ ਅਤੇ ਸਹਿਯੋਗ ਨਾਲ ਕਣਕ ਅਤੇ ਝੋਨੇ ਦੇ ਰਹਿੰਦ ਖੂੰਹਦ ਨੂੰ ਖੇਤਾਂ ਵਿੱਚ ਮਿਲਾ ਕੇ ਹੈਪੀ ਸੀਡਰ ਅਤੇ ਮਲਚਿੰਗ ਵਿਧੀ ਦੁਆਰਾ ਖੇਤੀ ਕਰ ਰਿਹਾ ਹੈ ਜਿਸ ਨਾਲ ਉਸ ਦੀ ਜ਼ਮੀਨ ਦੀ ਸਿਹਤ ਵਿੱਚ ਚੋਖਾ ਵਾਧਾ ਹੋਣ ਦੇ ਨਾਲ ਨਾਲ ਕਣਕ ਅਤੇ ਝੋਨੇ ਦੀ ਫ਼ਸਲ ਦੀ ਪੈਦਾਵਾਰ ਵਿੱਚ ਵੀ ਵਾਧਾ ਹੋਇਆ ਹੈ ।ਕਰਮਜੀਤ ਸਿੰਘ ਨੇ ਦੱਸਿਆ ਝੋਨੇ ਦੀ ਪਰਾਲੀ ਕਿਸਾਨਾਂ ਲਈ ਇਕ ਕੁਦਰਤੀ ਵੱਲੋਂ ਬਖ਼ਸ਼ੇ ਅਨਮੋਲ ਤੋਹਫ਼ੇ ਵਜੋਂ ਹੈ ਜਿਸ ਨੂੰ ਖੇਤਾਂ ਵਿਚ ਸੰਭਾਲ ਕਿ ਮਿੱਟੀ ਦੀ ਸਿਹਤ ਸੁਧਾਰੀ ਜਾ ਸਕਦੀ ਹੈ ਕਿਉਂਕਿ ਪਰਾਲੀ ਅਤੇ ਹੋਰ ਫ਼ਸਲੀ ਰਹਿੰਦ ਖੂੰਹਦ ਖੇਤਾਂ ਵਿਚ ਸੰਭਾਲ ਕਿ ਫ਼ਸਲਾਂ ਦੀ ਕਾਸ਼ਤ ਕਰਨ ਨਾਲ ਮਿੱਟੀ ਵਿਚ ਜੈਵਿਕ ਮਾਦਾ ਦੀ ਮਾਤਰਾ ਵਧਦੀ ਹੈ । ਉਨ੍ਹਾਂ ਦੱਸਿਆ ਕਿ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾ ਕੇ ਪਿਛਲੇ 10 ਸਾਲ ਤੋਂ ਹੈਪੀ ਸੀਡਰ ਦੀ ਮਦਦ ਨਾਲ ਕਣਕ ਦੀ ਬਿਜਾਈ ਕਰ ਰਿਹਾ ਹੈ ਜਿਸ ਨਾਲ ਕਾਫ਼ੀ ਫ਼ਾਇਦਾ ਹੋਇਆ ਹੈ।ਕਰਮਜੀਤ ਸਿੰਘ ਦੱਸਦਾ ਹੈ ਕਿ ਮਿੱਟੀ ਵਿਚ ਜੈਵਿਕ ਮਾਦਾ ਵਧਣ ਕਾਰਨ ਰਸਾਇਣਿਕ ਖਾਦਾਂ ਤੇ ਨਿਰਭਰਤਾ ਘਟ ਗਈ ਹੈ ਅਤੇ ਹੋਣ ਕਣਕ ਦੀ ਫ਼ਸਲ ਨੂੰ 40 ਕਿੱਲੋ ਡਾਇਆ ਖਾਦ ਵਰਤ ਕੇ ਬਿਜਾਈ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਕਰਨ ਨਾਲ ਖੇਤ ਵਿਚ ਪਰਾਲੀ ਦੀ ਇਕਸਾਰ ਤਹਿ ਬਣ ਜਾਂਦੀ ਹੈ ਜਿਸ ਨਾਲ ਨਦੀਨਾਂ ਦੀ ਸਮੱਸਿਆ ਵੀ ਬਹੁਤ ਘੱਟ ਜਾਂਦੀ ਹੈ ਅਤੇ ਮਿੱਟੀ ਦੀ ਸਿਹਤ ਵਿੱਚ ਬਹੁਤ ਸੁਧਾਰ ਆਉਂਦਾ ਹੈ ਨਾਲੇ ਵਾਤਾਵਰਨ ਪ੍ਰਦੂਸ਼ਿਤ ਵੀ ਨਹੀਂ ਹੁੰਦਾ। ਇਸ ਵਿਧੀ ਦੁਆਰਾ ਖੇਤਾਂ ਵਿੱਚ ਖਾਦਾਂ ਅਤੇ ਕੀਟ ਨਾਸ਼ਕਾਂ ਦਾ ਇਸਤੇਮਾਲ ਵੀ ਬਹੁਤ ਹੱਦ ਤੱਕ ਘੱਟ ਜਾਂਦਾ ਹੈ ।ਕਰਮਜੀਤ ਸਿੰਘ ਨੇ ਦੱਸਿਆ ਪਿਛਲੇ ਦੋ ਸਾਲਾ ਤੋ ਸਰਫੇਸ ਸੀਡਰ ਦੀ ਵਰਤੋ ਕਰ ਰਿਹਾ ਹੈ ਜੋ ਕੀ ਪਰਾਲੀ ਦੀ ਸੰਭਾਲ ਲਈ ਬਹੁਤ ਸਰਲ ਵਿਧੀ ਹੈ। ਇਸ ਵਿਧੀ ਦੁਆਰਾ ਛੋਟੇ ਕਿਸਾਨਾਂ ਨੂੰ ਬਹੁਤ ਫ਼ਾਇਦਾ ਮਿਲ ਰਿਹਾ ਹੈ ਅਤੇ ਸਰਫੇਸ ਸੀਡਰ ਪਰਾਲੀ ਪ੍ਰਬੰਧਨ ਲਈ ਵਰਦਾਨ ਮਸ਼ੀਨ ਹੈ ਜੋ ਕਿ 35,40 ਹਾਰਸ ਪਾਵਰ ਵਾਲੇ ਟਰੈਕਟਰ ਨਾਲ ਅਸਾਨੀ ਨਾਲ ਵਰਤੀ ਜਾਂਦੀ ਹੈ।ਕਰਮਜੀਤ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ(2024) ਖੇਤੀਬਾੜੀ ਵਿਭਾਗ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਹਿਯੋਗ ਨਾਲ ਕੰਬਾਈਨ ਉੱਪਰ ਲੱਗੀ ਡਰਿੱਲ ਨਾਲ 2 ਏਕੜ ਦਾ ਤਜ਼ਰਬਾ ਕੀਤਾ ਸੀ ਜੋ ਕਿ ਵਧੀਆ ਅਤੇ ਕਾਮਯਾਬ ਰਿਹਾ। ਇਸ ਵਿਧੀ ਦੁਆਰਾ ਕੰਬਾਈਨ ਉੱਪਰ ਡਰਿੱਲ ਅਟੈਚ ਕਰਕੇ ਝੋਨੇ ਦੀ ਕਟਾਈ ਉਪਰੰਤ ਬੀਜ ਅਤੇ ਖਾਦ ਕੇਰ ਦਿੱਤਾ ਗਿਆ ਅਤੇ ਐੱਸ.ਐੱਮ.ਐੱਸ. ਦੁਆਰਾ ਪਰਾਲੀ ਖੇਤ ਵਿੱਚ ਇਕਸਾਰ ਖਿੱਲਰ ਗਈ ਬਾਅਦ ਵਿੱਚ ਹਲਕਾ ਪਾਣੀ ਦਿੱਤਾ ਗਿਆ।ਇਸ ਵਿਧੀ ਨਾਲ ਕਣਕ ਦੇ ਝਾੜ ਵਿੱਚ ਚੋਖਾ ਵਾਧਾ ਹੋਇਆ ਅਤੇ ਕਣਕ ਦੀ ਬਿਜਾਈ ਵੇਲੇ ਖਰਚਾ ਵੀ ਸਿਰਫ਼ ਨਾ ਮਾਤਰ ਹੀ ਆਇਆ। ਕਰਮਜੀਤ ਸਿੰਘ ਮੈ ਪਿਛਲੇ ਯੰਗ ਇੰਨੋਵੇਟਿਵ ਕਿਸਾਨ ਸਮੂਹ ਨਾਲ ਦਾ ਸਰਗਰਮ ਮੈਂਬਰ ਹੈ ਅਤੇ ਕਿਸਾਨਾਂ ਨੂੰ ਪਰਾਲੀ ਨਾਂ ਸਾੜਨ ਲਈ ਪ੍ਰੇਰਿਤ ਕਰਦਾ ਰਹਿੰਦਾ ਹੈ ਜਿਸ ਸਦਕਾ ਸਾਲ 2024-25 ਦੌਰਾਨ ਪਿੰਡ ਬਿਧੀਪੁਰ ਵਿਚ ਝੋਨੇ ਦੀ ਪਰਾਲੀ ਨੂੰ ਅੱਗ ਲੱਗਣ ਦਾ ਇੱਕ ਵੀ ਵਾਕਿਆ ਦਰਜ ਨਹੀਂ ਕੀਤਾ ਗਿਆ। ਉਨ੍ਹਾਂ ਦੱਸਿਆ ਯੰਗ ਇੰਨੋਵੇਟਿਵ ਗਰੁੱਪ ਵਿਚ ਹੁੰਦੀ ਵਿਚਾਰ ਚਰਚਾ ਤੋਂ ਖੇਤੀਬਾੜੀ ਸਬੰਧੀ ਨਵੀਂ ਜਾਣਕਾਰੀ ਮਿਲਦੀ ਰਹਿੰਦੀ ਹੈ, ਸਿੱਟੇ ਵਜੋਂ ਮੈ ਕਣਕ ਝੋਨੇ ਤੋ ਇਲਾਵਾ ਹਰ ਤਰਾਂ ਦੀਆਂ ਦਾਲਾਂ ਅਤੇ ਸਰ੍ਹੋਂ ਦੀ ਖੇਤੀ ਵੀ ਕਰਦਾ ਹਾਂ ਜਿਸ ਨਾਲ ਮੇਰੀਆਂ ਬਹੁਤ ਹੀ ਘਰੇਲੂ ਜ਼ਰੂਰਤਾਂ ਖੇਤਾਂ ਵਿੱਚੋਂ ਪੂਰੀਆਂ ਹੋ ਰਹੀਆਂ ਹਨ। ਕਰਮਜੀਤ ਸਿੰਘ ਕਿਸਾਨਾਂ ਨੂੰ ਅਪੀਲ ਕਰਦਾ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਨੂੰ ਪ੍ਰਦੂਸ਼ਣ ਮੁਕਤ ਜ਼ਿਲ੍ਹਾ ਬਣਾਉਣ ਲਈ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਈ ਜਾਵੇ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਜ਼ੀਰੋ ਪੱਧਰ ਤੇ ਲਿਆਉਣ ਲਈ ਮਿਥੇ ਟੀਚੇ ਦੀ ਪੂਰਤੀ ਲਈ ਸਹਿਯੋਗ ਕਰੀਏ।

# ਪੰਜਾਬ ਦੇ ਪਾਣੀਆਂ ਦਾ ਰਾਖਾ ਬਣਿਆ ਭਗਵੰਤ ਮਾਨ : ਡਾ ਸਿੰਧੀ



ਫਿਰੋਜ਼ਪੁਰ 2 ਅਗਸਤ 2025 ( ਤਵਾੜੀ ) :- ਪੰਜਾਬ ਦੇ ਅਖੌਤੀ ਪਾਣੀਆਂ ਦੇ ਰਾਖੇ ਬਣੇ ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਵਰਗਿਆਂ ਨੂੰ ਪਛਾੜ ਕੇ ਟੇਲਾਂ ਤੱਕ ਨਹਿਰੀ ਪਾਣੀ ਪਹੁੰਚਾ ਕੇ ਅਸਲ ਪਾਣੀਆਂ ਦਾ ਰਾਖਾ ਬਣਿਆ ਭਗਵੰਤ ਮਾਨ । ਇਹਨਾਂ ਸ਼ਬਦਾ ਦਾ ਪਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਜ਼ਿਲ੍ਹਾ ਮੀਡੀਆ ਇਚਾਰਜ ਫਿਰੋਜ਼ਪੁਰ ਡਾ. ਨਿਰਵੈਰ ਸਿੰਘ ਸਿੰਧੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਉਹਨਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਚ ਚੱਲ ਰਹੀ ਪੰਜਾਬ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨੂੰ ਪਹਿਲਾਂ ਨਾਲੋ ਕਿਤੇ ਜਿਆਦਾ ਨਹਿਰੀ ਪਾਣੀ ਮੁਹਈਆ ਕਰਵਾਇਆ ਹੈ, ਜਿਸ ਕਰਕੇ ਪੰਜਾਬ ਦੇ ਕਿਸਾਨ ਪੰਜਾਬ ਸਰਕਾਰ ਦੀਆਂ ਤਾਰੀਫ਼ਾਂ ਕਰਦੇ ਨਹੀਂ ਥੱਕਦੇ ਹਨ। ਪਿਛਲੇ ਲਗਭਗ ਪੰਜ ਛੇ ਦਹਾਕਿਆਂ ਤੋਂ ਨਹਿਰੀ ਖਾਲ ਅਤੇ ਸੂਏ ਲੋਕਾਂ ਦੇ ਕਬਜਿਆਂ ਹੇਠ ਸੰਨ ਜਿਨ੍ਹਾਂ ਨੂੰ ਲੋਕਾਂ ਦੇ ਕਬਜਿਆਂ ਵਿਚੋਂ ਛੁਡਵਾ ਕੇ ਪੱਕੇ ਕਰਵਾਇਆ ਅਤੇ ਕਿਸਾਨਾਂ ਦੀਆਂ ਜ਼ਮੀਨਾਂ ਤੱਕ ਪਾਣੀ ਪਹੁੰਚਾਇਆ ਜਿਸ ਨਾਲ ਟੇਲਾਂ ਤੇ ਪੈਂਦੀਆਂ ਜਮੀਨਾ ਵਾਲੇ ਕਿਸਾਨ ਬੇਹੱਦ ਖੁਸ਼ ਹਨ।

## ਟਰੰਪ ਨੇ ਭਾਰਤੀ ਨਿਰਯਾਤ 'ਤੇ 25% ਟੈਰਿਫ ਲਗਾਇਆ, ਬਜ਼ਾਰਾਂ 'ਚ ਗਿਰਾਵਟ



ਵਾਸ਼ਿੰਗਟਨ, 2 ਅਗਸਤ (ਚ.ਨ.ਸ.): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ ਨਿਰਯਾਤ 'ਤੇ ਰਸਮੀ ਤੌਰ 'ਤੇ 25% ਟੈਰਿਫ ਲਗਾਉਣ ਦੇ ਹੁਕਮ 'ਤੇ ਦਸਤਖਤ ਕਰ ਦਿੱਤੇ ਹਨ। ਇਸ ਫੈਸਲੇ ਨੇ ਭਾਰਤ ਸਮੇਤ 69 ਵਪਾਰਕ ਭਾਈਵਾਲਾਂ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਇਸ ਨਾਲ ਵਿਸ਼ਵ ਵਪਾਰ ਯੁੱਧ ਹੋਰ ਤੇਜ਼ ਹੋ ਗਿਆ ਹੈ। ਇਸ ਐਲਾਨ ਤੋਂ ਬਾਅਦ ਸ਼ੁੱਕਰਵਾਰ ਨੂੰ ਭਾਰਤੀ ਸ਼ੇਅਰ ਬਾਜ਼ਾਰਾਂ ਸਮੇਤ ਦੁਨੀਆ ਭਰ ਦੇ ਬਜ਼ਾਰਾਂ ਵਿੱਚ ਭਾਰੀ ਗਿਰਾਵਟ ਦਰਜ ਕੀਤੀ ਗਈ। ਹਾਲਾਂਕਿ, ਟਰੰਪ ਪ੍ਰਸ਼ਾਸਨ ਨੇ ਰਾਸ਼ਟਰੀ ਹਿੱਤ ਦਾ ਹਵਾਲਾ ਦਿੰਦੇ ਹੋਏ ਇਲੈਕਟ੍ਰਾਨਿਕਸ, ਫਾਰਮਾਸਿਊਟੀਕਲ ਅਤੇ ਊਰਜਾ ਉਤਪਾਦਾਂ ਵਰਗੇ ਕੁਝ ਅਹਿਮ ਖੇਤਰਾਂ ਨੂੰ ਵਾਧੂ ਟੈਰਿਫਾਂ ਤੋਂ ਛੋਟ ਦਿੱਤੀ ਹੈ। ਇਸ ਦੇ ਬਾਵਜੂਦ ਮਾਹਰਾਂ ਦਾ ਅਨੁਮਾਨ ਹੈ ਕਿ ਜੇਕਰ ਇਹ ਟੈਰਿਫ ਲਾਗੂ ਰਹਿੰਦੇ ਹਨ ਤਾਂ ਭਾਰਤ ਦੀ ਜੀਡੀਪੀ ਵਿਕਾਸ ਦਰ 'ਤੇ ਮਾੜਾ ਅਸਰ ਪਵੇਗਾ ਅਤੇ ਵਿੱਤੀ ਸਾਲ 2026 ਤੱਕ ਭਾਰਤ ਦੇ ਸਮਾਨ ਦੀ ਬਰਾਮਦ 30% ਤੱਕ ਘੱਟ ਸਕਦੀ ਹੈ।

## ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੁਕਮਨਾਮਾ ਰੱਦ ਕਰਵਾਉਣ ਲਈ ਆਪੂ ਬਣੇ ਪ੍ਰਧਾਨ ਪੱਬਾਂ ਭਾਰ: ਗਿਆਨੀ ਹਰਪ੍ਰੀਤ ਸਿੰਘ



ਮਸਤੂਆਣਾ ਸਾਹਿਬ (ਸੰਗਰੂਰ), 2 ਅਗਸਤ (ਚ.ਨ.ਸ): ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਹਰ ਇਕ ਪੰਥ ਦਰਦੀ ਚਿੰਤਤ ਹੈ ਕਿ ਕਿਸੇ ਨਾ ਕਿਸੇ ਢੰਗ ਨਾਲ ਪੰਜਾਬ ਵਿੱਚ ਰਾਜਸੀ ਜਮਾਤ ਸ਼੍ਰੋਮਣੀ ਅਕਾਲੀ ਦਲ ਮਜ਼ਬੂਤ ਹੋਵੇ। ਉਹ ਅੱਜ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ ਵਿਖੇ ਅਕਾਲ ਕਾਲਜ ਕੌਂਸਲ ਦੇ ਉੱਦਮ ਸਦਕਾ ਵੱਖ ਵੱਖ ਸਿੱਖ ਜਥੇਬੰਦੀਆਂ ਅਤੇ ਵਿਦਵਾਨਾਂ ਦੇ ਸਹਿਯੋਗ ਨਾਲ ਅਕਾਲੀ ਦਲ ਦੀ ਪੁਨਰ ਸੁਰਜੀਤੀ ਦੇ ਵਿਧੀ ਵਿਧਾਨ ਤੇ ਨੀਤੀ ਸਥਾਪਤੀ ਕਰਵਾਈ ਜਾ ਰਹੀ ਤਿੰਨ ਰੋਜ਼ਾ ਵਿਚਾਰ ਗੋਸ਼ਟੀ ਵਿਚ ਸੰਗਤਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਨ ਆਏ ਸਨ। ਗਿਆਨੀ ਹਰਪ੍ਰੀਤ ਸਿੰਘ ਨੇ ਸਮਾਗਮ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਕਾਲੀ ਦਲ ਦੀ ਪੁਨਰ ਸੁਰਜੀਤੀ ਦੇ ਸੰਦਰਭ ਦੇ ਵਿੱਚ ਹੀ ਦੋ ਦਸੰਬਰ 2024 ਨੂੰ ਹੁਕਮਨਾਮਾ ਜਿਹੜਾ ਕਿ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਕੀਤਾ ਗਿਆ ਸੀ, ਉਸ ਦੀ ਰੋਸ਼ਨੀ ਵਿੱਚ ਜੱਦੋ-ਜਹਿਦ ਜਾਰੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪਤਾ ਲੱਗਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਪੂ ਬਣੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਦਿੱਲੀ ਦੇ ਇੱਕ ਆਗੂ ਪਰਮਜੀਤ ਸਿੰਘ ਸਰਨਾ ਦੇ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉੱਤੇ ਬਹੁਤ ਵੱਡਾ ਦਬਾਅ ਬਣਾਇਆ ਜਾ ਰਿਹਾ ਕਿ ਦੋ ਦਸੰਬਰ ਦਾ ਹੁਕਮਨਾਮਾ ਜਿਹੜਾ ਕਿ ਜਾਰੀ ਕੀਤਾ ਗਿਆ ਸੀ, ਉਹ ਰੱਦ ਕੀਤਾ ਜਾਵੇ, 11 ਤਰੀਕ ਨੂੰ ਹੋਣ ਵਾਲੇ ਇਜਲਾਸ ਉੱਤੇ ਪਾਬੰਦੀ ਲਾਈ ਜਾਵੇ, ਪੰਜ ਮੈਂਬਰੀ ਭਰਤੀ ਕਮੇਟੀ ਦੇ ਉੱਤੇ ਰੋਕ ਲਾਈ ਜਾਵੇ। ਇਸ ਤੋਂ ਇਲਾਵਾ 15 ਲੱਖ ਮੈਂਬਰਸ਼ਿਪ ਪਰਚੀਆਂ ਜਿਹੜੀਆਂ ਭਰੀਆਂ ਨੇ, ਜਿਸਦੇ ਵਿੱਚ ਪੰਜਾਬੀਆਂ ਵੱਲੋਂ ਖਾਸ ਕਰ ਸਿੱਖਾਂ ਨੇ ਅਹਿਮ ਰੋਲ ਅਦਾ ਕੀਤਾ ਹੈ, ਉਸ ਨੂੰ ਰੱਦ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮੈਂ ਸਮਝਦਾ ਹਾਂ ਕਿ ਜੇਕਰ ਅਜਿਹਾ ਹੁੰਦਾ ਹੈ ਤਾਂ ਬਹੁਤ ਮੰਦਭਾਗਾ ਹੋਵੇਗਾ। ਉਨ੍ਹਾਂ ਕਿਹਾ ਕਿ ਮੈਂ ਦੁਨੀਆਂ ਭਰ ਦੇ ਸਿੱਖਾਂ ਨੂੰ ਅਪੀਲ ਕਰਨੀ ਚਾਹੁੰਦਾ ਹਾਂ ਕਿ ਜੋ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਜੱਦੋਜਹਿਦ ਹੋ ਰਹੀ ਹੈ, ਉਸ ਨੂੰ ਤਾਰਪੀਡੋ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਦੇ ਵਿੱਚ ਇੱਕ ਫ਼ੈਸਲਾ ਕਰਕੇ ਇਸ ਨੂੰ ਰੱਦ ਕਰਨ ਦਾ ਜਿਹੜਾ ਯਤਨ ਕੀਤਾ ਜਾ ਰਿਹਾ ਹੈ, ਉਸ ਖ਼ਿਲਾਫ਼ ਸੰਗਤ ਨੂੰ ਵੱਡੇ ਪੱਧਰ 'ਤੇ ਲਾਮਬੰਦ ਹੋਣ ਦੀ ਲੋੜ ਹੈ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਭਾਈ ਗੋਬਿੰਦ ਸਿੰਘ ਲੌਂਗੋਵਾਲ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸ਼ਖ਼ਸੀਅਤਾਂ ਮੌਜੂਦ ਸਨ।

**ਗਿਆਨੀ ਹਰਪ੍ਰੀਤ ਸਿੰਘ ਕੋਲ ਝੂਠ ਬੋਲਣ ਤੋਂ ਸਿਵਾਏ ਕੁੱਝ ਨਹੀਂ: ਸਰਨਾ**

ਪਰਮਜੀਤ ਸਿੰਘ ਸਰਨਾ ਕਿਹਾ ਕਿ ਅਕਾਲ ਤਖ਼ਤ ਤੋਂ ਜਾਰੀ ਹੁਕਮਨਾਮੇ ਸਬੰਧੀ ਗਿਆਨੀ ਹਰਪ੍ਰੀਤ ਸਿੰਘ ਜੋ ਬਿਆਨਬਾਜ਼ੀ ਕਰ ਰਹੇ ਹਨ ਉਸ ਨਾਲ ਉਨ੍ਹਾਂ (ਸਰਨਾ) ਦਾ ਕੋਈ ਲੈਣਾ ਦੇਣਾ ਨਹੀਂ ਹੈ। ਉਨ੍ਹਾਂ ਆਖਿਆ, "ਦੋ ਦਸੰਬਰ 2014 ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੋਏ ਹੁਕਮਨਾਮੇ ਨੂੰ ਮੁੱਢੋਂ ਹੀ ਅਕਾਲੀ ਲੀਡਰਸ਼ਿਪ ਵੱਲੋਂ ਪ੍ਰਵਾਨ ਕੀਤਾ ਗਿਆ ਹੈ। ਗਿਆਨੀ ਹਰਪ੍ਰੀਤ ਸਿੰਘ ਨੂੰ ਝੂਠ ਬੋਲਣ ਦੀ ਆਦਤ ਹੈ। ਝੂਠ ਬੋਲਣ ਤੋਂ ਸਵਾਏ ਇਹਦੇ ਕੋਲ ਹੋਰ ਕੁਝ ਨਹੀਂ ਹੈ। ਜੇਕਰ ਉਹ ਸੱਚੇ ਹਨ ਤਾਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆ ਜਾਣ, ਮੈਂ ਵੀ ਆਵਾਂਗਾ। ਸੱਚ 'ਤੇ ਝੂਠ ਸਾਹਮਣੇ ਆ ਜਾਵੇਗਾ।" ਸਰਨਾ ਨੇ ਕਿਹਾ ਕਿ ਇੱਕ ਜ਼ਿੰਮੇਵਾਰ ਅਹੁਦੇ 'ਤੇ ਰਹੇ ਗੁਰਸਿੱਖ ਵਿਅਕਤੀ ਨੂੰ ਝੂਠ ਨਹੀਂ ਬੋਲਣਾ ਚਾਹੀਦਾ।

## ਟਰੰਪ ਦੇ ਟੈਰਿਫ ਭਾਰਤ ਨਾਲੋਂ ਅਮਰੀਕਾ ਨੂੰ ਵੱਧ ਨੁਕਸਾਨ ਪਹੁੰਚਾਉਣਗੇ: ਐੱਸ.ਬੀ.ਆਈ. ਰਿਸਰਚ




ਨਵੀਂ ਦਿੱਲੀ, 2 ਅਗਸਤ (ਚ.ਨ.ਸ.): ਐਸਬੀਆਈ ਰਿਸਰਚ ਦੀ ਇੱਕ ਰਿਪੋਰਟ ਅਨੁਸਾਰ, ਜੇਕਰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਭਾਰਤੀ ਸਮਾਨ 'ਤੇ 25% ਟੈਰਿਫ ਲਗਾਉਂਦੇ ਹਨ, ਤਾਂ ਇਸ ਦਾ ਭਾਰਤ ਨਾਲੋਂ ਵੱਧ ਨੁਕਸਾਨ ਅਮਰੀਕੀ ਅਰਥਵਿਵਸਥਾ ਨੂੰ ਹੋਵੇਗਾ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਨਾਲ ਅਮਰੀਕਾ ਦੀ ਜੀਡੀਪੀ ਘੱਟ ਸਕਦੀ ਹੈ, ਮਹਿੰਗਾਈ ਵੱਧ ਸਕਦੀ ਹੈ ਅਤੇ ਡਾਲਰ ਕਮਜ਼ੋਰ ਹੋ ਸਕਦਾ ਹੈ। ਭਾਰਤ ਅਮਰੀਕਾ ਨੂੰ ਵੱਡੀ ਮਾਤਰਾ ਵਿੱਚ ਦਵਾਈਆਂ, ਇਲੈਕਟ੍ਰਾਨਿਕਸ ਅਤੇ ਗਹਿਣੇ ਨਿਰਯਾਤ ਕਰਦਾ ਹੈ। ਉਦਾਹਰਣ ਵਜੋਂ ਭਾਰਤ ਅਮਰੀਕਾ ਦੀਆਂ ਲਗਭਗ 47% ਦਵਾਈਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ ਹੈ। ਜੇਕਰ ਅਮਰੀਕਾ ਕਿਤੇ ਹੋਰ ਤੋਂ ਇਹਨਾਂ ਚੀਜ਼ਾਂ ਦਾ ਪ੍ਰਬੰਧ ਕਰਦਾ ਹੈ, ਤਾਂ ਉਸਨੂੰ ਸਮਰੱਥਾ ਬਣਾਉਣ ਵਿੱਚ 3 ਤੋਂ 5 ਸਾਲ ਲੱਗ ਸਕਦੇ ਹਨ, ਜਿਸ ਨਾਲ ਉੱਥੇ ਦਵਾਈਆਂ ਦੀ ਘਾਟ ਅਤੇ ਕੀਮਤਾਂ ਵਿੱਚ ਵਾਧਾ ਹੋ ਸਕਦਾ ਹੈ। ਹਾਲਾਂਕਿ ਭਾਰਤ ਦਾ ਸਭ ਤੋਂ ਵੱਡਾ ਨਿਰਯਾਤ ਬਜ਼ਾਰ ਅਮਰੀਕਾ ਹੈ, ਪਰ ਭਾਰਤ ਨੇ ਆਪਣੇ ਨਿਰਯਾਤ ਬਜ਼ਾਰਾਂ ਨੂੰ ਕਈ ਹੋਰ ਦੇਸ਼ਾਂ ਵਿੱਚ ਵੀ ਫੈਲਾਇਆ ਹੈ, ਜਿਸ ਨਾਲ ਅਮਰੀਕੀ ਟੈਰਿਫ ਦੇ ਪ੍ਰਭਾਵ ਨੂੰ ਘੱਟ ਕਰਨ ਵਿੱਚ ਮਦਦ ਮਿਲ ਸਕਦੀ ਹੈ।

## ਅਮਰੀਕਾ ਸਰਕਾਰ ਨੇ 1703 ਭਾਰਤੀਆਂ ਨੂੰ ਮੁਲਕ 'ਚੋਂ ਕੱਢਿਆ, ਸਭ ਤੋਂ ਵੱਧ ਪੰਜਾਬੀ



ਨਵੀਂ ਦਿੱਲੀ, 2 ਅਗਸਤ (ਚ.ਨ.ਸ.): ਅਮਰੀਕਾ ਸਰਕਾਰ ਨੇ 20 ਜਨਵਰੀ ਤੋਂ ਲੈ ਕੇ 22 ਜੁਲਾਈ ਤੱਕ 1,703 ਭਾਰਤੀਆਂ ਨੂੰ ਮੁਲਕ 'ਚੋਂ ਕੱਢਿਆ ਹੈ। ਇਨ੍ਹਾਂ 'ਚ ਸਭ ਤੋਂ ਵੱਧ ਪੰਜਾਬ (620), ਹਰਿਆਣਾ (604) ਅਤੇ ਗੁਜਰਾਤ (245) ਦੇ ਵਿਅਕਤੀ ਸ਼ਾਮਲ ਹਨ। ਕੇਂਦਰ ਸਰਕਾਰ ਨੇ ਇਹ ਵੀ ਕਿਹਾ ਹੈ ਕਿ ਅਮਰੀਕਾ ਦੇ ਸਟੂਡੈਂਟ ਵੀਜ਼ਿਆਂ ਲਈ ਅਪਾਇੰਟਮੈਂਟ ਹੁਣ ਖੁੱਲ੍ਹੀਆਂ ਹਨ। ਇਹ ਜਾਣਕਾਰੀ ਅੱਜ ਲੋਕ ਸਭਾ 'ਚ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਇਕ ਲਿਖਤੀ ਜਵਾਬ ਦੌਰਾਨ ਦਿੱਤੀ। ਉਨ੍ਹਾਂ ਦੱਸਿਆ ਕਿ ਯੂਪੀ ਦੇ 38, ਗੋਆ ਦੇ 26, ਮਹਾਰਾਸ਼ਟਰ ਤੇ ਦਿੱਲੀ ਦੇ 20-20, ਤਿਲੰਗਾਨਾ ਦੇ 19, ਤਾਮਿਲਨਾਡੂ ਦੇ 17, ਆਂਧਰਾ ਪ੍ਰਦੇਸ਼ ਤੇ ਉੱਤਰਾਖੰਡ ਦੇ 12-12, ਹਿਮਾਚਲ ਪ੍ਰਦੇਸ਼ ਤੇ ਜੰਮੂ ਕਸ਼ਮੀਰ ਦੇ 10-10, ਕੇਰਲ ਤੇ ਚੰਡੀਗੜ੍ਹ ਦੇ 8-8, ਮੱਧ ਪ੍ਰਦੇਸ਼ ਤੇ ਰਾਜਸਥਾਨ ਦੇ 7-7, ਪੱਛਮੀ ਬੰਗਾਲ ਦੇ 6, ਕਰਨਾਟਕ ਦੇ 5, ਉੜੀਸਾ, ਬਿਹਾਰ ਤੇ ਝਾਰਖੰਡ ਦੇ 1-1 ਵਿਅਕਤੀ ਵਤਨ ਪਰਤੇ ਹਨ। ਉਨ੍ਹਾਂ ਕਿਹਾ ਕਿ ਛੇ ਕੇਸਾਂ ਬਾਰੇ ਪਤਾ ਨਹੀਂ ਲੱਗ ਸਕਿਆ ਹੈ। ਸਰਕਾਰ ਨੇ ਕਿਹਾ ਕਿ ਵਿਦੇਸ਼ ਮੰਤਰਾਲੇ ਨੇ ਡਿਪੋਰਟ ਕੀਤੇ ਜਾਣ ਵਾਲੇ ਵਿਅਕਤੀਆਂ ਨਾਲ ਮਾਨਵੀ ਵਿਹਾਰ ਯਕੀਨੀ ਬਣਾਉਣ ਲਈ ਅਮਰੀਕਾ ਨਾਲ ਰਾਬਤਾ ਕਾਇਮ ਕੀਤਾ ਸੀ। ਵਿਦੇਸ਼ ਮੰਤਰਾਲੇ ਨੇ ਡਿਪੋਰਟੀਆਂ ਖਾਸ ਕਰਕੇ ਔਰਤਾਂ ਅਤੇ ਬੱਚਿਆਂ ਨੂੰ ਬੇੜੀਆਂ 'ਚ ਜਕੜ ਕੇ ਭੇਜਣ 'ਤੇ ਅਮਰੀਕੀ ਅਧਿਕਾਰੀਆਂ ਕੋਲ ਸਖ਼ਤ ਇਤਰਾਜ਼ ਜਤਾਇਆ ਸੀ। ਇਸ ਤੋਂ ਇਲਾਵਾ ਦਸਤਾਰਾਂ ਦੀ ਵਰਤੋਂ ਸਮੇਤ ਧਾਰਮਿਕ/ਸੱਭਿਆਚਾਰਕ ਸੰਵੇਦਨਸ਼ੀਲਤਾਵਾਂ ਬਾਰੇ ਚਿੰਤਾਵਾਂ ਵੀ ਅਮਰੀਕੀ ਅਧਿਕਾਰੀਆਂ ਕੋਲ ਰੱਖੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ 5 ਫਰਵਰੀ ਤੋਂ ਬਾਅਦ ਕਿਸੇ ਵੀ ਉਡਾਣ 'ਚ ਡਿਪੋਰਟੀਆਂ ਨਾਲ ਮਾੜੇ ਵਿਹਾਰ ਬਾਰੇ ਕੋਈ ਸ਼ਿਕਾਇਤ ਨਹੀਂ ਮਿਲੀ। ਉਨ੍ਹਾਂ ਕਿਹਾ ਕਿ ਵਿਦਿਆਰਥੀ ਵੀਜ਼ਾ ਅਪਾਇੰਟਮੈਂਟਾਂ ਹੁਣ ਖੁੱਲ੍ਹ ਗਈਆਂ ਹਨ ਅਤੇ ਹੁਣ ਅਮਰੀਕਾ ਨੇ ਜੇ-1 ਡਾਕਟਰ ਸ਼੍ਰੇਣੀ ਲਈ ਅਪਾਇੰਟਮੈਂਟਾਂ ਨੂੰ ਤਰਜੀਹ ਦੇਣ ਲਈ ਇੱਕ ਸਾਫਟਵੇਅਰ-ਆਧਾਰਿਤ ਤਕਨੀਕ ਸ਼ੁਰੂ ਕੀਤੀ ਹੈ।

## ਜੀ.ਐੱਨ.ਡੀ.ਯੂ. ਦੇ ਵੀ.ਸੀ. ਨੂੰ ਸੇਵਾ ਨਿਯਮਾਂ ਸਬੰਧੀ ਕਮੇਟੀ 'ਚੋਂ ਹਟਾਇਆ

ਅੰਮ੍ਰਿਤਸਰ, 2 ਅਗਸਤ (ਚ.ਨ.ਸ.): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀਆਂ ਸੇਵਾ ਨਿਯਮਾਂ ਸਬੰਧੀ ਬਣਾਈ ਕਮੇਟੀ 'ਚੋਂ ਹਟਾ ਦਿੱਤਾ ਹੈ। ਸ਼੍ਰੋਮਣੀ ਕਮੇਟੀ ਨੇ ਇਹ ਫ਼ੈਸਲਾ ਵੀਸੀ ਵੱਲੋਂ ਆਰਐੱਸਐੱਸ ਮੁਖੀ ਨਾਲ ਵਿਚਾਰ-ਚਰਚਾ ਦੌਰਾਨ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਕਾਰਨ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਇੰਟਰਨੈੱਟ ਮੀਡੀਆ 'ਤੇ ਵਾਇਰਲ ਹੋ ਰਹੀ ਇਕ ਵੀਡੀਓ 'ਚ ਡਾ. ਕਰਮਜੀਤ ਸਿੰਘ, ਆਰਐੱਸਐੱਸ ਮੁਖੀ ਨਾਲ ਚਰਚਾ ਦੌਰਾਨ ਸਿੱਖ ਵਿਰੋਧੀ ਵਿਚਾਰਧਾਰਾ ਦਾ ਪ੍ਰਗਟਾਵਾ ਕਰਦੇ ਨਜ਼ਰ ਆ ਰਹੇ ਹਨ।

## ਵਾਲੀਬਾਲ ਤੇ ਕਬੱਡੀ ਖਿਡਾਰੀ ਦੀ ਨਸ਼ੇ ਨੇ ਲਈ ਜਾਨ, 21 ਸਾਲਾ ਨੌਜਵਾਨ ਦੇ ਹੱਥ 'ਚੋਂ ਮਿਲੀ ਨਸ਼ੀਲੀ ਸਰਿੰਜ

ਬਠਿੰਡਾ, 2 ਅਗਸਤ (ਚ.ਨ.ਸ.): ਸੂਬਾ ਸਰਕਾਰ ਨਸ਼ਿਆਂ ਵਿਰੁੱਧ ਮੁਹਿੰਮ ਚਲਾ ਕੇ ਨਸ਼ਾ ਖ਼ਤਮ ਕਰਨ ਦਾ ਦਾਅਵਾ ਕਰ ਰਹੀ ਹੈ ਪਰ ਦੂਜੇ ਪਾਸੇ, ਜ਼ਮੀਨੀ ਹਕੀਕਤ ਇਹ ਹੈ ਕਿ ਨਸ਼ੇ ਅਜੇ ਵੀ ਆਸਾਨੀ ਨਾਲ ਉਪਲਬਧ ਹਨ। ਜਿਸਦੀ ਤਾਜ਼ਾ ਉਦਾਹਰਣ ਸ਼ੁੱਕਰਵਾਰ ਨੂੰ ਬਠਿੰਡਾ ਜ਼ਿਲ੍ਹੇ ਦੇ ਪਿੰਡ ਹਰਰਾਏਪੁਰ ਵਿੱਚ ਦੇਖਣ ਨੂੰ ਮਿਲੀ। ਪਿੰਡ ਦੇ 21 ਸਾਲਾ ਨੌਜਵਾਨ ਆਕਾਸ਼ਦੀਪ ਸਿੰਘ ਆਸ਼ੂ ਦੀ ਲਾਸ਼ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਖੇਡ ਮੈਦਾਨ ਵਿੱਚੋਂ ਬਰਾਮਦ ਹੋਈ। ਜਿਸਦੀ ਮੌਤ ਚਿੱਟਾ ਟੀਕਾ ਲੈਣ ਤੋਂ ਬਾਅਦ ਹੋਈ। ਉਸਦੀ ਮੌਤ ਦੇ ਸਮੇਂ, ਚਿੱਟਾ ਨਿਸ਼ਾਨ ਉਸਦੇ ਹੱਥ ਵਿੱਚ ਸੀ। ਸ਼ੁੱਕਰਵਾਰ ਸਵੇਰੇ ਖੇਡ ਦੇ ਮੈਦਾਨ ਵਿੱਚੋਂ ਉਸਦੀ ਲਾਸ਼ ਬਰਾਮਦ ਹੋਣ ਤੋਂ ਬਾਅਦ, ਪਿੰਡ ਵਿੱਚ ਸੋਗ ਦੀ ਲਹਿਰ ਫੈਲ ਗਈ ਅਤੇ ਪਿੰਡ ਵਾਸੀਆਂ ਨੇ ਬਠਿੰਡਾ ਪੁਲਿਸ ਤੋਂ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਆਕਾਸ਼ਦੀਪ ਸਿੰਘ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ, ਜਦੋਂ ਕਿ ਉਹ ਵਾਲੀਬਾਲ ਅਤੇ ਕਬੱਡੀ ਖਿਡਾਰੀ ਸੀ। ਪਿੰਡ ਵਾਸੀਆਂ ਅਨੁਸਾਰ ਮ੍ਰਿਤਕ ਆਕਾਸ਼ਦੀਪ ਸਿੰਘ ਨੇ 12ਵੀਂ ਪਾਸ ਕੀਤੀ ਸੀ। ਲਗਭਗ ਡੇਢ ਸਾਲ ਪਹਿਲਾਂ, ਨਸ਼ੇ ਦੀ ਬੁਰੀ ਆਦਤ ਵਿੱਚ ਫਸ ਗਿਆ ਸੀ। ਜਿਸ ਕਾਰਨ ਉਸਦੇ ਪਰਿਵਾਰ ਨੇ ਉਸਨੂੰ ਨਸ਼ੇ ਦੀ ਆਦਤ ਤੋਂ ਛੁਡਾਉਣ ਲਈ ਇੱਕ ਨਸ਼ਾ ਛੁਡਾਊ ਕੇਂਦਰ ਵਿੱਚ ਦਾਖਲ ਕਰਵਾਇਆ। ਉਹ ਲਗਭਗ ਇੱਕ ਮਹੀਨਾ ਪਹਿਲਾਂ ਇੱਕ ਨਸ਼ਾ ਛੁਡਾਊ ਕੇਂਦਰ ਤੋਂ ਵਾਪਸ ਆਇਆ ਸੀ ਪਰ ਉਹ ਫਿਰ ਤੋਂ ਨਸ਼ਿਆਂ ਦਾ ਆਦੀ ਹੋ ਗਿਆ। ਮੰਨਿਆ ਜਾ ਰਿਹਾ ਹੈ ਕਿ ਵਾਰਵਾਰ ਰਾਤ ਨੂੰ ਉਹ ਸਰਕਾਰੀ ਸਕੂਲ ਦੇ ਪਿੱਛੇ ਖੇਤ ਵਿੱਚ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨ ਆਇਆ ਸੀ ਅਤੇ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨ ਤੋਂ ਬਾਅਦ ਉਸਦੀ ਮੌਤ ਹੋ ਗਈ। ਇਹ ਗੱਲ ਸ਼ੁੱਕਰਵਾਰ ਸਵੇਰੇ ਉਦੋਂ ਸਾਹਮਣੇ ਆਈ ਜਦੋਂ ਲੋਕ ਖੇਡ ਦੇ ਮੈਦਾਨ ਵਿੱਚ ਪਹੁੰਚੇ ਅਤੇ ਉੱਥੇ ਆਕਾਸ਼ਦੀਪ ਸਿੰਘ ਦੀ ਲਾਸ਼ ਪਈ ਦੇਖੀ। ਹਰਰਾਏਪੁਰ ਪਿੰਡ ਦੇ ਵਸਨੀਕਾਂ ਦਾ ਕਹਿਣਾ ਹੈ ਕਿ ਲਗਭਗ ਤਿੰਨ ਸਾਲਾਂ ਵਿੱਚ ਦੋ ਦਰਜਨ ਤੋਂ ਵੱਧ ਨੌਜਵਾਨਾਂ ਦੀ ਨਸ਼ੇ ਕਾਰਨ ਮੌਤ ਹੋ ਗਈ ਹੈ, ਜਦੋਂ ਕਿ ਉਨ੍ਹਾਂ ਵਿੱਚੋਂ ਇੱਕ ਦਰਜਨ ਸਿਰਫ਼ ਬੱਚੇ ਸਨ। ਪਿੰਡ ਵਿੱਚ ਵੱਧ ਰਹੇ ਨਸ਼ੇ ਦੇ ਰੁਝਾਨ ਨੂੰ ਰੋਕਣ ਲਈ ਪਿੰਡ ਵਾਸੀਆਂ ਨੇ ਮਿਲ ਕੇ ਇੱਕ ਨਸ਼ਾ ਛੁਡਾਊ ਕਮੇਟੀ ਬਣਾਈ ਅਤੇ ਪਿੰਡ ਵਿੱਚ ਇੱਕ ਮੁਹਿੰਮ ਵੀ ਚਲਾਈ, ਜਿਸਦਾ ਅਸਰ ਦੇਖਣ ਨੂੰ ਮਿਲਿਆ ਕਿ ਪਿੰਡ ਵਿੱਚ ਨਸ਼ਾ ਬੰਦ ਹੋਣਾ ਸ਼ੁਰੂ ਹੋ ਗਿਆ, ਪਰ ਹੁਣ ਇੱਕ ਵਾਰ ਫਿਰ ਪਿੰਡ ਵਿੱਚ ਖੁੱਲ੍ਹੇਆਮ ਨਸ਼ੇ ਵਿਕ ਰਹੇ ਹਨ।

## ਡੀ.ਆਈ.ਜੀ. ਭੁੱਲਰ ਵੱਲੋਂ ਸਮਾਜ ਦੇ ਸਮੂਹ ਵਰਗਾਂ ਨੂੰ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਲਈ ਇਕਜੁੱਟ ਹੋਣ ਦਾ ਸੱਦਾ

☛ ਲੋਕਾਂ ਨਾਲ ਨਿਰੰਤਰ ਰਾਬਤਾ ਰੱਖਣ ਲਈ ਸੰਪਰਕ ਅਭਿਆਨ ਜਾਰੀ: ਐੱਸ.ਐੱਸ.ਪੀ. ਅਗਰਵਾਲ



ਫ਼ਤਹਿਗੜ੍ਹ ਸਾਹਿਬ, 2 ਅਗਸਤ (ਹਰਪ੍ਰੀਤ ਕੌਰ ਟਿਵਾਣਾ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਡੀ.ਜੀ.ਪੀ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੂਬੇ ਵਿੱਚ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਜ਼ਿਲ੍ਹਾ ਪੁਲਿਸ ਵੱਲੋਂ ਐਸ.ਐਸ.ਪੀ ਸ਼ੁਭਮ ਅਗਰਵਾਲ ਦੀ ਅਗਵਾਈ ਹੇਠ ਲੋਕਾਂ ਨਾਲ ਨਿਰੰਤਰ ਰਾਬਤਾ ਰੱਖਣ ਲਈ ਸੰਪਰਕ ਅਭਿਆਨ ਚਲਾਇਆ ਜਾ ਰਿਹਾ ਹੈ ਤੇ ਇਸ ਅਭਿਆਨ ਤਹਿਤ ਖਮਾਣੋਂ ਬਲਾਕ ਦੇ ਸੰਘੋਲ ਸਥਿਤ ਇੱਕ ਕਾਲਜ ਵਿਖੇ ਮੀਟਿੰਗ ਕੀਤੀ ਗਈ, ਜਿਸ ਵਿੱਚ ਰੋਪੜ ਰੇਂਜ ਦੇ ਡੀ.ਆਈ.ਜੀ ਹਰਚਰਨ ਸਿੰਘ ਭੁੱਲਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਡੀ.ਆਈ.ਜੀ ਹਰਚਰਨ ਸਿੰਘ ਭੁੱਲਰ ਨੇ ਸਮਾਜ ਦੇ ਸਮੂਹ ਵਰਗਾਂ ਨੂੰ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਲਈ ਇਕਜੁੱਟ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਹਰ ਗਤੀਵਿਧੀ 'ਤੇ ਤਿੱਖੀ ਨਜ਼ਰ ਰੱਖਣੀ ਚਾਹੀਦੀ ਹੈ ਤੇ ਜੇਕਰ ਉਨ੍ਹਾਂ ਨੂੰ ਬੱਚੇ ਦੇ ਗਲਤ ਸੰਗਤ ਵਿੱਚ ਪੈਣ ਸਬੰਧੀ ਕੋਈ ਖਦਸ਼ਾ ਹੁੰਦਾ ਹੈ ਤਾਂ ਤੁਰੰਤ ਢੁੱਕਵੇਂ ਕਦਮ ਪੁੱਟਣੇ ਚਾਹੀਦੇ ਹਨ। ਇਸ ਮੌਕੇ ਸੰਬੋਧਨ ਕਰਦਿਆਂ ਐਸ.ਐਸ.ਪੀ ਸ਼ੁਭਮ ਅਗਰਵਾਲ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਵੱਲੋਂ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਸ਼ਾਸਨਿਕ ਸਹਿਯੋਗ ਨਾਲ ਨਸ਼ਾ ਤਸਕਰਾਂ ਖਿਲਾਫ਼ ਸਖਤ ਕਾਰਵਾਈ ਕੀਤੀ ਗਈ ਹੈ ਜੋ ਕਿ ਨਿਰੰਤਰ ਜਾਰੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮਾੜੀ ਸੰਗਤ ਦਾ ਸ਼ਿਕਾਰ ਹੋ ਕੇ ਨਸ਼ਿਆਂ ਦੀ ਆਦਤ ਦਾ ਸ਼ਿਕਾਰ ਹੋਏ ਲੋਕਾਂ ਨੂੰ ਤੰਦਰੁਸਤ ਕਰਨ ਲਈ ਵੀ ਵਿਆਪਕ ਪੱਧਰ 'ਤੇ ਉਪਰਾਲੇ ਜਾਰੀ ਹਨ ਜਿਸ ਦੇ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ। ਇਸ ਮੌਕੇ ਐਸ.ਡੀ. ਐਮ ਮਨਰੀਤ ਰਾਣਾ, ਐਸ.ਪੀ. ਹੈਡਕੁਆਰਟਰ ਹਰਵੰਤ ਕੌਰ ਅਤੇ ਡੀ.ਐਸ.ਪੀ ਖਮਾਣੋਂ ਰਮਿੰਦਰ ਸਿੰਘ ਕਾਹਲੋਂ ਨੇ ਵੀ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਦੇ ਪਿੰਡ ਜਾਂ ਵਾਰਡ ਵਿੱਚ ਕੋਈ ਵਿਅਕਤੀ ਨਸ਼ਾ ਤਸਕਰੀ ਜਿਹੇ ਮਾੜੇ ਕੰਮਾਂ ਨੂੰ ਅੰਜਾਮ ਦੇ ਰਿਹਾ ਹੈ ਤਾਂ ਉਸ ਬਾਰੇ ਪੁਲਿਸ ਹੈਲਪਲਾਈਨ ਨੰਬਰ 112 'ਤੇ ਸੂਚਿਤ ਕੀਤਾ ਜਾਵੇ ਤਾਂ ਜੋ ਫੌਰੀ ਕਾਰਵਾਈ ਕਰਦੇ ਹੋਏ ਕਾਨੂੰਨ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ।

## ਯੁਵਕ ਸੇਵਾਵਾਂ ਵਿਭਾਗ ਨੇ ਨਸ਼ਿਆਂ ਵਿਰੁੱਧ ਅਭਿਆਨ ਤਹਿਤ ਪਿੰਡ ਪੀਰ ਮੁਹੰਮਦ ਤੇ ਸਾਧੂ ਵਾਲਾ ਵਿਖੇ ਜਾਗਰੂਕਤਾ ਪ੍ਰੋਗਰਾਮ ਕਰਵਾਏ



ਫ਼ਿਰੋਜ਼ਪੁਰ, 2 ਅਗਸਤ (ਤਿਵਾੜੀ): ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਦਵਿੰਦਰ ਸਿੰਘ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਫ਼ਿਰੋਜ਼ਪੁਰ ਦੀ ਅਗਵਾਈ ਵਿੱਚ ਵਿਭਾਗ ਨਾਲ ਐਫੀਲੀਏਟਡ ਯੂਥ ਕਲੱਬਾਂ ਰਾਹੀਂ ਕਰਵਾਏ ਜਾ ਰਹੇ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ ਦੌਰਾਨ ਯੁਵਕ ਸੇਵਾਵਾਂ ਕਲੱਬ ਦੇ ਨਾਲ ਮਿਲ ਕੇ ਪਿੰਡ ਪੀਰ ਮੁਹੰਮਦ ਬਲਾਕ ਮੱਖੂ ਅਤੇ ਪਿੰਡ ਸਾਧੂ ਵਾਲਾ ਬਲਾਕ ਜ਼ੀਰਾ ਵਿੱਚ ਸੈਮੀਨਾਰ ਤੇ ਨੁੱਕੜ ਨਾਟਕ ਰਾਹੀਂ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਮੌਕੇ ਦਵਿੰਦਰ ਸਿੰਘ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵੱਲੋਂ ਨਸ਼ਿਆਂ ਰਾਹੀਂ ਵੱਧ ਰਹੇ ਜੁਰਮਾਂ ਨੂੰ ਰੋਕਣ ਬਾਰੇ ਵਿਚਾਰ ਸਾਂਝੇ ਕੀਤੇ ਗਏ ਅਤੇ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਯੁਵਕ ਸੇਵਾਵਾਂ ਵਿਭਾਗ, ਪੰਜਾਬ ਰਾਹੀਂ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਨਸ਼ਿਆਂ ਵਿਰੁੱਧ ਚਲਾਏ ਜਾ ਰਹੇ ਜਾਗਰੂਕਤਾ ਅਭਿਆਨ ਬਾਰੇ ਵੀ ਦੱਸਿਆ। ਉਨ੍ਹਾਂ ਯੁਵਕ ਸੇਵਾਵਾਂ ਵਿਭਾਗ ਨਾਲ ਜੁੜ ਕੇ ਸਰਕਾਰ ਦੀਆਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਰਗੀਆਂ ਲਹਿਰਾਂ ਨੂੰ ਸਫਲ ਬਣਾਉਣ ਲਈ ਨੌਜਵਾਨਾਂ ਨੂੰ ਪ੍ਰੇਰਿਆ। ਉਨ੍ਹਾਂ ਯੁਵਕ ਸੇਵਾਵਾਂ ਵਿਭਾਗ ਨਾਲ ਨੌਜਵਾਨਾਂ ਨੂੰ ਜੁੜ ਕੇ ਨਸ਼ਿਆਂ ਤੋਂ ਦੂਰ ਰਹਿ ਕੇ ਆਪਣੀ ਜ਼ਿੰਦਗੀ ਵਿੱਚ ਸਫਲਤਾ ਪ੍ਰਾਪਤ ਕਰਨ ਤੰਦਰੁਸਤ ਸਮਾਜ ਦੀ ਸਿਰਜਣਾ ਵਿੱਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤਰਨਜੀਤ ਕੌਰ, ਸੁਖਬੀਰ ਸਿੰਘ ਸਰਪੰਚ, ਬਲਕਾਰ ਸਿੰਘ, ਰਜਿੰਦਰ ਸਿੰਘ ਸਰਪੰਚ, ਗੁਰਜੰਟ ਸਿੰਘ, ਹਰਪ੍ਰੀਤ ਸਿੰਘ, ਕੁਲਬੀਰ ਸਿੰਘ, ਹਰਭਿੰਦਰ ਸਿੰਘ, ਗੈਵੀ, ਅਰਮਾਨ, ਗੁਰਪ੍ਰੀਤ ਸਿੱਧੂ, ਸੁਖਚੈਨ ਸਿੰਘ, ਮਨਦੀਪ ਸਿੰਘ, ਮਲਕੀਤ ਸਿੰਘ, ਗੁਰਪ੍ਰੀਤ ਭੁੱਲਰ, ਸਰਬਜੀਤ ਸਿੰਘ, ਰਮਨੀਕ ਸਿੰਘ, ਗੁਰਚਰਨ ਸਿੰਘ, ਸੈਕਟਰੀ ਅਜੇ ਵੀਰ ਸਿੰਘ, ਖ਼ਜ਼ਾਨਚੀ ਜਗਰੂਪ ਸਿੰਘ, ਜਸਵਿੰਦਰ ਸਿੰਘ ਗਿੱਲ, ਸੁਖਪ੍ਰੀਤ ਸਿੰਘ ਮੰਟੂ, ਮਾਨਕ ਸਿੰਘ, ਤਲਵਿੰਦਰ ਸਿੰਘ ਸੰਧੂ, ਕੁਲਵਿੰਦਰ ਸਿੰਘ ਕਿੰਦੂ, ਠਾਕੁਰ ਸਿੰਘ ਸਹੋਤਾ, ਦਰਸ਼ਨ ਸਿੰਘ, ਕਸ਼ਮੀਰ ਸਿੰਘ, ਕੁਲਵਿੰਦਰ ਸਿੰਘ ਗਿੱਲ, ਗੁਰਬਰਿੰਦਰ ਸਿੰਘ ਸੰਧੂ, ਬਲਦੇਵ ਸਿੰਘ ਖਾਲਸਾ, ਦਰਸ਼ਨ ਸਿੰਘ ਖਾਲਸਾ, ਹਰਜਿੰਦਰ ਸਿੰਘ ਰਿੰਪੀ, ਜਗਰੂਪ ਸਿੰਘ ਸੰਧੂ, ਤਰਸੇਮ ਸਿੰਘ ਆਦਿ ਹਾਜ਼ਰ ਸਨ।

## ਨੈਸ਼ਨਲ ਲੋਕ ਅਦਾਲਤ 13 ਸਤੰਬਰ ਨੂੰ ਲਗਾਈ ਜਾਵੇਗੀ: ਜ਼ਿਲ੍ਹਾ ਤੇ ਸੈਸ਼ਨ ਜੱਜ ਅਵਤਾਰ ਸਿੰਘ



ਫ਼ਾਜ਼ਿਲਕਾ, 2 ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਨੈਸ਼ਨਲ ਲੀਗਲ ਸਰਵਿਸ ਅਥਾਰਟੀ, ਨਵੀਂ ਦਿੱਲੀ, ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ, ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਸ. ਅਵਤਾਰ ਸਿੰਘ ਜ਼ਿਲ੍ਹਾ ਅਤੇ ਸੈਸ਼ਨ ਜੱਜ—ਕਮ—ਮਾਣਯੋਗ ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਦੀ ਅਗਵਾਈ ਅਤੇ ਮਾਰਗ ਦਰਸ਼ਨ ਹੇਠ ਮਿਤੀ 13 ਸਤੰਬਰ, 2025 ਨੂੰ ਫਾਜ਼ਿਲਕਾ, ਅਬੋਹਰ ਅਤੇ ਜਲਾਲਾਬਾਦ ਵਿਖੇ ਨੈਸ਼ਨਲ ਲੋਕ ਅਦਾਲਤ ਲਗਾਈ ਜਾ ਰਹੀ ਹੈ। ਇਸ ਲੋਕ ਅਦਾਲਤ ਵਿਚ ਹਰ ਤਰ੍ਹਾਂ ਦੇ ਮਸਲੇ ਲਗਾਏ ਜਾ ਸਕਦੇ ਹਨ। ਮੈਡਮ ਰੂਚੀ ਸਵੱਪਨ ਸ਼ਰਮਾ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ, ਫਾਜ਼ਿਲਕਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਹਨਾਂ ਲੋਕ ਅਦਾਲਤਾਂ ਦੇ ਨਾਲ ਜਿੱਥੇ ਆਮ ਲੋਕਾਂ ਨੂੰ ਰਾਹਤ ਮਿਲਦੀ ਹੈ, ਉੱਥੇ ਉਹਨਾਂ ਲੋਕਾ ਦੇ ਸਮਾਂ ਅਤੇ ਪੈਸੇ ਦੀ ਵੀ ਬੱਚਤ ਹੁੰਦੀ ਹੈ। ਲੋਕ ਅਦਾਲਤ ਦੁਆਰਾ ਦੋਨੋਂ ਪਾਰਟੀਆਂ ਵਿੱਚ ਆਪਸੀ ਦੁਸ਼ਮਣੀ ਖਤਮ ਹੋ ਜਾਂਦੀ ਹੈ ਅਤੇ ਭਾਈਚਾਰਾ ਵੱਧਦਾ ਹੈ। ਲੋਕ ਅਦਾਲਤ ਵਿੱਚ ਫੈਸਲਾ ਹੋਣ ਤੋਂ ਬਾਅਦ ਕੇਸ ਵਿੱਚ ਲੱਗੀ ਸਾਰੀ ਕੋਰਟ ਫੀਸ ਵਾਪਸ ਮਿਲ ਜਾਂਦੀ ਹੈ। ਇਸਦੇ ਫੈਸਲੇ ਨੂੰ ਦੀਵਾਨੀ ਅਦਾਲਤ ਦੀ ਡਿਗਰੀ ਦੀ ਮਾਨਤਾ ਪ੍ਰਾਪਤ ਹੈ। ਇਸ ਦੇ ਫੈਸਲੇ ਦੇ ਖਿਲਾਫ਼ ਕੋਈ ਅਪੀਲ ਨਹੀਂ ਹੋ ਸਕਦੀ। ਉਹਨਾਂ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਕੇਸਾਂ ਦਾ ਲੋਕ ਅਦਾਲਤ ਵਿੱਚ ਫੈਸਲਾ ਕਰਾ ਕੇ ਵੱਧ ਤੋਂ ਵੱਧ ਲਾਭ ਉਠਾਉ। ਇਥੇ ਇਹ ਵੀ ਦੱਸਣਯੋਗ ਹੈ ਕਿ ਇਸ ਸਬੰਧ ਵਿੱਚ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਫਾਜ਼ਿਲਕਾ ਅਬੋਹਰ ਜਾਂ ਜਲਾਲਾਬਾਦ ਕਚਹਿਰੀ ਵਿਖੇ ਸਥਿਤ ਫਰੰਟ ਆਫਿਸ ਪਹੁੰਚ ਕਰੋ ਜਾਂ ਟੋਲ ਫਰੀ ਨੰ. 15100 ਜਾਂ ਲੈਂਡਲਾਈਨ ਨੰ. 01638—261500 ਡਾਇਲ ਕਰੋ।

## ਗੀਤ-ਸੰਗੀਤ ਤੇ ਰੰਗਾਂ ਨਾਲ ਰੌਣਕਮਈ ਤੀਜ ਦਾ ਤਿਉਹਾਰ ਮਨਾਇਆ



ਮੰਡੀ ਗੋਬਿੰਦਗੜ੍ਹ, 2 ਅਗਸਤ (ਸੂਦ): ਪੰਜਾਬੀ ਸਭਿਆਚਾਰ ਦੀ ਰੂਹਾਨੀ ਮਹਿਕ ਨੂੰ ਜੀਵੰਤ ਰੱਖਦਿਆਂ ਗੋਬਿੰਦਗੜ੍ਹ ਪਬਲਿਕ ਸਕੂਲ ਵਿੱਚ ਤੀਜ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ ਗਿਆ। ਤਿਉਹਾਰ ਦੀ ਰੌਣਕ ਪ੍ਰੀ-ਪ੍ਰਾਇਮਰੀ ਵਿੰਗ ਦੇ ਨਰਸਰੀ ਤੋਂ ਦੂਜੀ ਜਮਾਤ ਤੱਕ ਦੇ ਵਿਦਿਆਰਥੀਆਂ ਵੱਲੋਂ ਖੂਬਸੂਰਤ ਪੰਜਾਬੀ ਪਹਿਰਾਵਿਆਂ, ਗਿੱਧੇ-ਭੰਗੜੇ ਅਤੇ ਲੋਕ ਗੀਤਾਂ ਰਾਹੀਂ ਵਧਾਈ ਗਈ। ਸਕੂਲ ਦਾ ਵਿਹੜਾ ਰੰਗੀਨ ਰੇਸ਼ਮੀ ਪੋਸ਼ਾਕਾਂ, ਸੰਗੀਤ ਅਤੇ ਸੱਭਿਆਚਾਰਕ ਝਲਕਾਂ ਨਾਲ ਗੂੰਜ ਉਠਿਆ। ਨੰਨ੍ਹੇ-ਮੁੰਨੇ ਵਿਦਿਆਰਥੀਆਂ ਨੇ ਸ਼ਾਨਦਾਰ ਗੀਤ-ਨਾਚ ਪੇਸ਼ ਕੀਤਾ। ਸਕੂਲ ਪ੍ਰਿੰਸੀਪਲ ਡਾ. ਨੀਰੂ ਅਰੋੜਾ ਨੇ ਇਸ ਮੌਕੇ 'ਤੀਜ' ਦੀ ਮਹੱਤਤਾ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਧੀਆਂ ਹਰ ਘਰ ਦੀ ਰੌਣਕ ਹੁੰਦੀਆਂ ਹਨ। ਉਹ ਮਾਪੇ ਖੁਸ਼ਨਸੀਬ ਹਨ, ਜਿਨ੍ਹਾਂ ਨੂੰ ਆਪਣੀ ਧੀ ਦੀ ਹਰ ਖੁਸ਼ੀ ਪੂਰੀ ਕਰਨ ਦਾ ਮੌਕਾ ਮਿਲਦਾ ਹੈ। ਉਨ੍ਹਾਂ ਨੇ ਅੱਜ ਦੀ ਨਾਰੀ ਦੀ ਭੂਮਿਕਾ ਬਾਰੇ ਕਿਹਾ ਕਿ ਅੱਜ ਹਰ ਮੈਦਾਨ ਵਿੱਚ ਉਹ ਮਰਦ ਦੇ ਨਾਲ ਮੋਢਾ ਜੋੜ ਕੇ ਚੱਲ ਰਹੀ ਹੈ। ਉਨ੍ਹਾਂ ਨੇ ਦੇਸ਼ ਦੀ ਪਹਿਲੀ ਆਦਿਵਾਸੀ ਮਹਿਲਾ ਰਾਸ਼ਟਰਪਤੀ ਦਰੋਪਦੀ ਮੁਰਮੂ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਸਲਾਹ ਵੀ ਦਿੱਤੀ।

## ਐੱਸ.ਬੀ.ਐੱਸ. ਸਟੇਟ ਯੂਨੀਵਰਸਿਟੀ 'ਚ ਦਾਖ਼ਲਾ ਲੈਣ ਵਾਲੇ ਨਵੇਂ ਵਿਦਿਆਰਥੀਆਂ ਲਈ ਇੰਡਕਸ਼ਨ ਪ੍ਰੋਗਰਾਮ ਦੀ ਸ਼ੁਰੂਆਤ




ਫਿਰੋਜ਼ਪੁਰ, 2 ਅਗਸਤ (ਤਿਵਾੜੀ): ਸਰਹੱਦੀ ਜ਼ਿਲ੍ਹੇ ਫ਼ਿਰੋਜ਼ਪੁਰ ਦੀ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫ਼ਿਰੋਜ਼ਪੁਰ ਵਿੱਚ ਦਾਖਲਾ ਲੈਣ ਵਾਲੇ ਨਵੇਂ ਸੈਸ਼ਨ ਦੇ ਵਿਦਿਆਰਥੀਆਂ ਲਈ ਸੰਸਥਾ ਦੇ ਮਾਣਯੋਗ ਉਪ ਕੁਲਪਤੀ ਡਾ. ਸੁਸ਼ੀਲ ਮਿੱਤਲ ਦੇ ਦਿਸ਼ਾ ਨਿਰਦੇਸ਼ਾਂ, ਕੈਂਪਸ ਰਜਿਸਟਰਾਰ ਪ੍ਰੋ. ਡਾ. ਗਜ਼ਲਪ੍ਰੀਤ ਸਿੰਘ ਦੀ ਅਗਵਾਈ ਹੇਠ ਤੇ ਪ੍ਰੋ. ਡਾ. ਕਿਰਨਜੀਤ ਕੌਰ ਪ੍ਰੋਗਰਾਮ ਕੋਆਰਡੀਨੇਟਰ ਵਲੋਂ ਦੋ ਹਫ਼ਤੇ ਦੇ ਇੰਡਕਸ਼ਨ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਜਿਸ ਵਿੱਚ ਕੈਂਪਸ ਰਜਿਸਟਰਾਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਨ ਤੋਂ ਬਾਅਦ ਮੁੱਖ ਮਹਿਮਾਨ ਵੱਲੋਂ ਸ਼ਮਾ ਰੌਸ਼ਨ ਕਰਕੇ ਕੀਤੀ ਗਈ। ਇਸ ਮੌਕੇ ਮੁੱਖ ਮਹਿਮਾਨ ਨੇ ਵਿਦਿਆਰਥੀਆਂ ਦੇ ਰੂਬਰੂ ਹੁੰਦਿਆਂ ਮਾਣਯੋਗ ਉਪ ਕੁਲਪਤੀ ਵੱਲੋਂ ਨਵੇਂ ਵਿਦਿਆਰਥੀਆਂ ਲਈ ਭੇਜੀਆਂ ਸ਼ੁਭ ਇੱਛਾਵਾਂ ਦਿੱਤੀਆਂ ਅਤੇ ਕਿਹਾ ਕਿ ਤੁਸੀਂ ਆਪਣੇ ਜੀਵਨ ਦੇ ਇਕ ਅਹਿਮ ਪੜਾਅ 'ਚ ਦਾਖਿਲ ਹੋਏ ਹੋ, ਜਿੱਥੋਂ ਤੁਸੀਂ ਜ਼ਿੰਦਗੀ ਦੇ ਵਿਲੱਖਣ ਤਜਰਬੇ, ਨਵੇਂ ਸਪਨੇ ਸੰਜੋਂਦਿਆਂ ਤੇ ਜ਼ਿੰਦਗੀ ਨੂੰ ਸਹੀ ਦਿਸ਼ਾ ਦਿੰਦੇ ਹੋਏ ਤਰੱਕੀ ਦੀਆਂ ਉਚਾਈਆਂ ਨੂੰ ਛੂਹੋਗੇ। ਉਹਨਾਂ ਦੁਨੀਆਂ ਦੇ ਮਹਾਨ ਵਿਅਕਤੀਆਂ ਦੇ ਸੰਘਰਸ਼ਾਂ ਅਤੇ ਉਹਨਾਂ ਦੀਆਂ ਮਹਾਨ ਪ੍ਰਾਪਤੀਆਂ ਬਾਰੇ ਜ਼ਿਕਰ ਕਰਦਿਆਂ ਕਿਹਾ ਅਗਰ ਤੁਸੀਂ ਮਨ ਵਿੱਚ ਠਾਣ ਲਵੋ ਤਾਂ ਦੁਨੀਆਂ 'ਚ ਕੁਝ ਵੀ ਅਸੰਭਵ ਨਹੀਂ। ਉਹਨਾਂ ਕਿਹਾ ਇਸ ਸੰਸਥਾ ਤੋਂ ਪੜ੍ਹਾਈ ਕਰ ਚੁੱਕੇ ਬਹੁਤ ਸਾਰੇ ਵਿਦਿਆਰਥੀ ਦੇਸ਼ ਦੇ ਵੱਕਾਰੀ ਅਹੁਦਿਆਂ 'ਤੇ ਸੇਵਾਵਾਂ ਨਿਭਾਅ ਰਹੇ ਹਨ। ਉਹਨਾਂ ਵਿਦਿਆਰਥੀਆਂ ਤੋਂ ਆਸ ਪ੍ਰਗਟਾਈ ਕਿ ਉਹ ਇਸ ਯੂਨੀਵਰਸਿਟੀ ਦੇ ਅਨੁਸ਼ਾਸਨ ਦੀ ਪਾਲਣਾ ਕਰਨਗੇ ਤੇ ਆਪਣੀ ਪੜ੍ਹਾਈ ਰਾਹੀਂ ਬੁਲੰਦੀਆਂ 'ਤੇ ਪਹੁੰਚ ਕੇ ਆਪਣੀ ਸੰਸਥਾ ਤੇ ਆਪਣੇ ਮਾਂ ਬਾਪ ਦਾ ਨਾਮ ਰੌਸ਼ਨ ਕਰਨਗੇ।

## ਲਾਲਾ ਫੁੱਲ ਚੰਦ ਬਾਂਸਲ ਸਰਵਹਿੱਤਕਾਰੀ ਵਿਦਿਆ ਮੰਦਰ ਨੇ ਸ਼ਾਨਦਾਰ ਅੰਦਾਜ਼ ਨਾਲ 'ਤੀਜ' ਦਾ ਤਿਉਹਾਰ ਮਨਾਇਆ



ਅਮਲੋਹ, 2 ਅਗਸਤ (ਜਸਵੰਤ ਸਿੰਘ): ਲਾਲਾ ਫੁੱਲ ਚੰਦ ਬਾਂਸਲ ਸਰਵਹਿੱਤਕਾਰੀ ਵਿਦਿਆ ਮੰਦਰ ਅਮਲੋਹ ਵਿਖੇ ਤੀਜ ਦਾ ਤਿਉਹਾਰ ਸਕੂਲ ਦੇ ਚੀਫ ਪੈਟਰਨ ਪ੍ਰਦੀਪ ਬਾਂਸਲ ਦੀ ਸਰਪ੍ਰਸਤੀ ਹੇਠ ਧੂਮ-ਧਾਮ ਨਾਲ ਮਨਾਇਆ ਗਿਆ। ਸਮਾਗਮ ਵਿਚ ਸਕੂਲ ਕਮੇਟੀ ਦੇ ਚੇਅਰਮੈਨ ਰਾਜਪਾਲ ਗਰਗ ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਕੂਲ ਦੇ ਮੈਨੇਜਰ ਰਾਕੇਸ਼ ਕੁਮਾਰ ਗਰਗ ਨੇ ਕਿਹਾ ਕਿ ਲਾਲਾ ਫੁੱਲ ਚੰਦ ਬਾਂਸਲ ਸਰਵਹਿੱਤਕਾਰੀ ਵਿਦਿਆ ਮੰਦਰ ਨਾ ਸਿਰਫ ਉੱਚ ਮਿਆਰੀ ਪੜ੍ਹਾਈ ਵਿੱਚ ਮੋਹਰੀ ਹੈ ਸਗੋਂ ਇਸ ਤਰ੍ਹਾਂ ਦੇ ਤਿਉਹਾਰਾਂ ਰਾਹੀਂ ਪੁਰਾਤਨ ਭਾਰਤੀ ਵਿਸ਼ੇਸ਼ ਤੌਰ 'ਤੇ ਪੰਜਾਬੀ ਸੰਸਕ੍ਰਿਤੀ, ਚੰਗੇ ਸੰਸਕਾਰ ਅਤੇ ਧਾਰਮਿਕ ਮੁੱਲਾਂ ਨੂੰ ਜ਼ਿੰਦਾ ਰੱਖਣ ਲਈ ਵੀ ਵੱਡਾ ਯੋਗਦਾਨ ਪਾ ਰਿਹਾ ਹੈ। ਉਨ੍ਹਾਂ ਸਮਾਜ ਨੂੰ ਇਹੋ ਜਿਹੇ ਤਿਉਹਾਰਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਦੀ ਅਪੀਲ ਕੀਤੀ। ਉਨ੍ਹਾਂ ਨਾਨਾ ਬਣਨ ਦੀ ਖੁਸ਼ੀ ਵਿੱਚ ਸਕੂਲ ਨੂੰ 51 ਹਜ਼ਾਰ ਰੁਪਏ ਦੀ ਰਾਸ਼ੀ ਅਧਿਆਪਕਾ ਦੀ ਮਹੀਨਾਵਾਰ ਸਨਮਾਨ ਭੱਤੇ ਲਈ ਦਾਨ ਦੇਣ ਦਾ ਐਲਾਨ ਕੀਤਾ ਤੇ ਸਕੂਲ ਦੇ ਚੀਫ ਪੈਟਰਨ ਪ੍ਰਦੀਪ ਬਾਂਸਲ ਅਤੇ ਵਾਈਸ ਚੇਅਰਮੈਨ ਸੁਸ਼ੀਲ ਬਾਂਸਲ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਵੀ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ। ਸਮਾਗਮ ਵਿਚ ਵਿਦਿਆਰਥੀਆਂ ਨੇ ਸ਼ਾਨਦਾਰ ਗਿੱਧੇ ਤੇ ਭੰਗੜੇ ਦਾ ਪ੍ਰਦਰਸ਼ਨ ਕੀਤਾ। ਇਹ ਪ੍ਰਦਰਸ਼ਨ ਵਿਦਿਆਰਥੀਆਂ ਦੇ ਅੰਦਰ ਲੁਕੇ ਹੁਨਰ ਨੂੰ ਉਭਾਰਨ ਵਾਲੇ ਸਨ। ਗਰਗ ਨੇ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦਾ ਸਨਮਾਨ ਵੀ ਕੀਤਾ। ਉਨ੍ਹਾਂ ਤੀਜ ਸਮਾਰੋਹ ਦੀ ਸਫਲਤਾ ਤੇ ਸਕੂਲ 'ਚ ਮਿਆਰੀ ਵਿਦਿਆ ਦੇਣ ਲਈ ਸਕੂਲ ਪ੍ਰਿੰਸੀਪਲ ਆਚਲ ਰਾਣੀ, ਅਧਿਆਪਕਾ ਮੇਘਾ ਸ਼ਰਮਾ, ਨੇਹਾ ਰਾਣੀ, ਭਾਵਨਾ ਰਾਣੀ, ਦਵਿੰਦਰ ਕੌਰ ਤੇ ਮੀਨਾ ਰਾਣੀ ਆਦਿ ਦੀ ਸ਼ਲਾਘਾ ਕੀਤੀ। ਇਸ ਮੌਕੇ ਵੱਡੀ ਗਿਣਤੀ ਵਿੱਚ ਬੱਚਿਆਂ ਦੇ ਮਾਪਿਆਂ ਨੇ ਵੀ ਭਾਗ ਲਿਆ।

## ਥਾਣੇਦਾਰ ਜੁਝਾਰ ਸਿੰਘ ਨੂੰ ਸਦਮਾ, ਮਾਤਾ ਸਵਰਗਵਾਸ



ਸ੍ਰੀ ਅਨੰਦਪੁਰ ਸਾਹਿਬ, 2 ਅਗਸਤ (ਤਰਲੋਚਨ ਸਿੰਘ): ਇਥੋਂ ਦੇ ਨੇੜਲੇ ਪਿੰਡ ਬੱਢਲ ਦੇ ਵਾਸੀ ਅਤੇ ਨੰਗਲ ਵਿਖੇ ਤਾਇਨਾਤ ਥਾਣੇਦਾਰ ਜੁਝਾਰ ਸਿੰਘ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ, ਜਦੋਂ ਉਹਨਾਂ ਦੀ ਮਾਤਾ ਦੇਵ ਕੌਰ 75 ਪਤਨੀ ਚੂਹੜ ਸਿੰਘ ਵਾਸੀ ਬੱਢਲ ਲੋਅਰ ਅਕਾਲ ਚਲਾਣਾ ਕਰ ਗਈ। ਉਹਨਾਂ ਦਾ ਅੰਤਿਮ ਦਾ ਸਸਕਾਰ ਕੀਰਤਪੁਰ ਸਾਹਿਬ ਦੇ ਸ਼ਮਸ਼ਾਨ ਘਾਟ 'ਚ ਕਰ ਦਿੱਤਾ ਗਿਆ। ਉਨ੍ਹਾਂ ਦੀ ਸਿਹਤ ਪਿਛਲੇ ਦਿਨਾਂ ਤੋਂ ਕਾਫ਼ੀ ਨਾਜ਼ੁਕ ਸੀ। ਇਸ ਮੌਕੇ 'ਤੇ ਗੁਰਮੀਤ ਸਿੰਘ ਜਸਵੀਰ ਸਿੰਘ ਅਮਰ ਸਿੰਘ ਗੁਰਸੇਵਕ ਸਿੰਘ ਸਰਪੰਚ ਬਲਵੀਰ ਸਿੰਘ ਬੱਡਲ ਗੁਰਦਿਆਲ ਸਿੰਘ ਹਾਜ਼ਰ ਸਨ। ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਨਾਲ ਵੱਖ ਵੱਖ ਆਗੂਆਂ ਅਤੇ ਪੁਲਿਸ ਮੁਲਾਜ਼ਮਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ 'ਤੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ, ਸਾਬਕਾ ਸੰਸਦੀ ਸਕੱਤਰ ਰਾਣਾ ਕੰਵਰਪਾਲ ਸਿੰਘ, ਸੀਪੀ ਆਈ ਐਮ ਤੇ ਜ਼ਿਲ੍ਹਾ ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ, ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਆਗੂ ਮਨਜਿੰਦਰ ਸਿੰਘ ਬਰਾੜ, ਜਥੇਦਾਰ ਸੰਦੀਪ ਸਿੰਘ ਕਲੋਤਾ, ਜਥੇਦਾਰ ਮੋਹਣ ਸਿੰਘ ਢਾਹੇ, ਰਾਜਪਾਲ ਆਂਗਰਾ, ਸੀ ਪੀ ਆਈ ਦੇ ਜ਼ਿਲ੍ਹਾ ਆਗੂ ਗੁਰਨਾਮ ਸਿੰਘ ਔਲਖ, ਬਰਜਿੰਦਰ ਸਿੰਘ ਡੋਡ, ਕਾਂਗਰਸੀ ਆਗੂ ਹਰਬੰਸ ਲਾਲ ਮਹਿੰਦਲੀ, ਕਮਲਜੀਤ ਕੌਰ ਸੈਣੀ, ਪ੍ਰੇਮ ਸਿੰਘ ਬਾਸੋਵਾਲ, ਹਕੀਮ ਹਰਮਿੰਦਰਪਾਲ ਸਿੰਘ ਮਿਨਹਾਸ, ਡੀ ਐਸ ਪੀ ਅਜੇ ਰਾਣਾ ਸ੍ਰੀ ਆਨੰਦਪੁਰ ਸਾਹਿਬ, ਡੀ ਐਸ ਪੀ ਕੁਲਵੀਰ ਸਿੰਘ ਸੰਧੂ ਨੰਗਲ, ਐਸ ਐਚ ਓ ਦਾਨਿਸ਼ ਵੀਰ ਸਿੰਘ, ਐਸ ਐਚ ਓ ਸਿਮਰਨਜੀਤ ਸਿੰਘ, ਐਸ ਆਈ ਸਿਰਤਾਜ ਸਿੰਘ, ਥਾਣੇਦਾਰ ਮਹਿੰਦਰ ਸਿੰਘ, ਥਾਣੇਦਾਰ ਹਰਜਾਪ ਸਿੰਘ, ਨਿਰਮਲ ਸਿੰਘ ਸੁਮਨ ਸਮੇਤ ਹੋਰ ਮੁਲਾਜ਼ਮਾਂ ਨੇ ਥਾਣੇਦਾਰ ਜੁਝਾਰ ਸਿੰਘ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਮਾਤਾ ਜੀ ਦੀ ਮੌਤ ਨਾਲ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਮਾਤਾ ਜੀ ਦੀ ਅੰਤਿਮ ਅਰਦਾਸ 6 ਅਗਸਤ ਦਿਨ ਬੁੱਧਵਾਰ ਨੂੰ ਹੋਵੇਗੀ।

## ਪ੍ਰਾਚੀਨ ਸ੍ਰੀ ਰਾਮ ਮੰਦਰ ਵਿਖੇ ਪਵਿੱਤਰ ਸ੍ਰੀ ਸੁੰਦਰਕਾਂਡ ਦਾ ਪਾਠ ਕਰਵਾਇਆ



ਮੰਡੀ ਗੋਬਿੰਦਗੜ੍ਹ, 2 ਅਗਸਤ (ਸੂਦ): ਸਨਾਤਨ ਧਰਮ ਮਹਾਂਵੀਰ ਮੰਦਰ ਚੈਰੀਟੇਬਲ ਟਰੱਸਟ ਸ੍ਰੀ ਰਾਮ ਮੰਦਰ ਜੀਟੀ ਰੋਡ, ਮੰਡੀ ਗੋਬਿੰਦਗੜ੍ਹ ਵਿਖੇ ਧਾਰਮਿਕ ਸੰਸਥਾ ਸ੍ਰੀ ਸੁੰਦਰ ਕਾਂਡ ਸੇਵਾ ਮੰਡਲ ਵੱਲੋਂ ਪ੍ਰਧਾਨ ਸੁਰੇਸ਼ ਸਿੰਗਲਾ ਬਬਲੀ ਦੀ ਪ੍ਰਧਾਨਗੀ ਹੇਠ ਸ੍ਰੀ ਸੁੰਦਰਕਾਂਡ ਦੇ ਪਵਿੱਤਰ ਪਾਠ ਦਾ ਭੋਗ ਪਾਇਆ ਗਿਆ। ਮੰਦਰ ਦੇ ਪੁਜਾਰੀ ਅਚਾਰੀਆ ਪੰਡਿਤ ਸੱਤਿਆ ਪ੍ਰਕਾਸ਼ ਨੇ ਮੁੱਖ-ਮਹਿਮਾਨ ਨਿਤਾਸ਼ਾ ਗੁਪਤਾ, ਰੇਣੂ ਚੰਨੀ, ਰਿਤੂ ਜੈਨ, ਮੇਘਾ ਸੇਤੀਆ ਪਾਸੋਂ ਸ੍ਰੀ ਹਨੂੰਮਾਨ ਤੇ ਸ੍ਰੀ ਰਮਾਇਣ ਜੀ ਦੀ ਪੂਜਾ ਕਰਵਾਈ। ਇਸ ਮੌਕੇ ਸੰਕੀਰਤਨ ਕਰਦੇ ਹੋਏ ਮੰਡਲ ਸਰਪ੍ਰਸਤ ਅਰੁਣ ਸ਼ਰਮਾ ਤੇ ਪ੍ਰਧਾਨ ਨਰਿੰਦਰ ਭਾਟੀਆ ਨੇ ਸ੍ਰੀ ਹਨੂੰਮਾਨ ਚਾਲੀਸਾ ਉਪਰੰਤ ਪਵਿੱਤਰ ਸ੍ਰੀ ਸੁੰਦਰ ਕਾਂਡ ਪਾਠ ਦੀ ਆਰੰਭਤਾ ਕੀਤੀ। ਬਾਅਦ ਵਿਚ ਵਿਸ਼ੇਸ਼ ਭਜਨ 'ਕਿਸਮਤ ਕਾ ਖੋਲ੍ਹਦੇ ਤਾਲਾ ਜੀ', 'ਸੀਆ ਰਾਮ ਜਾਨਕੀ ਬੈਠੇਂ ਹੈਂ ਮੇਰੇ ਵੇਖੇ ਮੈਂ' ਤੇ 'ਵੀਰ ਹਨੁਮਾਣਾ ਅਤਿ ਬਲਵਾਨਾ' ਸੁਣਾਏ। ਆਰਤੀ ਅਰਦਾਸ ਉਪਰੰਤ ਸੰਗਤਾਂ ਨੂੰ ਫ਼ਲ ਤੇ ਲੱਡੂ ਪ੍ਰਸ਼ਾਦ ਵੰਡਿਆ ਗਿਆ। ਇਸ ਮੌਕੇ ਉਮਾ ਸਿੰਗਲਾ, ਗੀਟਾ ਮੋਦੀ, ਨੀਰਜ ਮਹਿਤਾ, ਰਿੰਕੂ, ਸੀਮਾ ਸਤੀਜਾ, ਕੋਮਲ ਚੋਪੜਾ, ਮੇਘਾ ਸੇਤੀਆ, ਗੀਤੂ ਜੈਨ, ਨਿਤਾਸ਼ਾ ਗੁਪਤਾ, ਮੰਡਲ ਸਰਪ੍ਰਸਤ ਅਰੁਣ ਸ਼ਰਮਾ, ਪ੍ਰਧਾਨ ਨਰਿੰਦਰ ਭਾਟੀਆ, ਵਿੱਕੀ, ਰਜਿੰਦਰ ਕਪਲਿਸ਼, ਸੰਜੇ ਗਰਗ, ਡਾ. ਕ੍ਰਿਸ਼ਨ ਭਾਰਦਵਾਜ, ਮਾ: ਹਰਜੀਤ ਸਿੰਘ ਵਿੱਕੀ ਤੇ ਸਿਮਰਨਜੀਤ ਸਿੰਘ ਹਾਜ਼ਰ ਸਨ।

## ਸਿਲਵਰ ਓਕਸ ਸਕੂਲ ਦੀ ਵਿਦਿਆਰਥਣ ਖੁਸ਼ਪ੍ਰੀਤ ਕੌਰ ਨੇ ਤਾਇਕਵਾਂਡੋ ਚੈਂਪੀਅਨਜ਼ ਕੱਪ 'ਚ ਝੰਡਾ ਲਹਿਰਾਇਆ




ਜੈਤੋ, 2 ਅਗਸਤ (ਸੰਜੀਵ ਗੋਇਲ/ਵਿਪਨ ਗੋਇਲ): ਸਿਲਵਰ ਓਕਸ ਸਕੂਲ ਸੇਵੇਵਾਲਾ ਦੀ ਵਿਦਿਆਰਥਣ ਖੁਸ਼ਪ੍ਰੀਤ ਕੌਰ ਨੇ 20 ਜੁਲਾਈ 2025 ਨੂੰ ਜੈਪੁਰ (ਰਾਜਸਥਾਨ) ਵਿੱਚ ਹੋਈ 8ਵੀਂ ਜੈਪੁਰ ਕੱਪ ਤਾਈਕਵਾਂਡੋ ਚੈਂਪੀਅਨਸ਼ਿਪ-2025 ਵਿੱਚ ਰਾਸ਼ਟਰੀ ਪੱਧਰ 'ਤੇ ਸੋਨ ਤਗਮਾ ਜਿੱਤ ਕੇ ਆਪਣੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਖੁਸ਼ਪ੍ਰੀਤ ਕੌਰ ਨੇ ਜੈਪੁਰ ਦੇ ਸਪੋਰਟਸ ਅਕੈਡਮੀ ਦੇ ਇਨਡੋਰ ਹਾਲ ਵਿੱਚ ਹੋਈ ਚੈਂਪੀਅਨਸ਼ਿਪ ਵਿੱਚ ਕੈਡੇਟ ਗਰਲਜ਼ ਅੰਡਰ-17-49 ਕਿਲੋਗ੍ਰਾਮ, ਪੂਮਸੇ ਇਨ ਕਿਓਰਗੀ ਵਿੱਚ ਸੋਨ ਤਗਮਾ ਜਿੱਤਿਆ। ਸਕੂਲ ਨੇ ਆਪਣੀ ਸਫਲਤਾ ਦਾ ਸਿਹਰਾ ਸਕੂਲ ਦੇ ਤਾਈਕਵਾਂਡੋ ਕੋਚ ਅੰਸ਼ੂ ਨੂੰ ਦਿੱਤਾ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਪ੍ਰਿਅੰਕਾ ਮਹਿਤਾ ਨੇ ਜੇਤੂ ਵਿਦਿਆਰਥਣ, ਉਸਦੇ ਮਾਪਿਆਂ ਅਤੇ ਉਸਦੇ ਕੋਚ ਅੰਸ਼ੂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਕੂਲ ਸਿੱਖਣ ਦਾ ਘਰ ਹੈ ਜੋ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਪ੍ਰਭਾਵਤ ਕਰਦਾ ਹੈ। ਸਾਡਾ ਸਕੂਲ ਹਰੇਕ ਬੱਚੇ ਲਈ ਇੱਕ ਸ਼ਾਂਤੀਪੂਰਨ ਅਤੇ ਸਦਭਾਵਨਾਪੂਰਨ ਸੰਸਾਰ ਨੂੰ ਯਕੀਨੀ ਬਣਾਉਣਾ ਚਾਹੁੰਦਾ ਹੈ। ਅਸੀਂ ਆਪਣੇ ਵਿਦਿਆਰਥੀਆਂ ਨੂੰ ਸਿਹਤਮੰਦ ਸ਼ਖਸੀਅਤ ਬਣਨ ਲਈ ਤਿਆਰ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਸਾਡੇ ਅਧਿਆਪਕਾਂ ਨੂੰ ਇਸ ਤਰੀਕੇ ਨਾਲ ਸਿਖਲਾਈ ਦਿੱਤੀ ਜਾਂਦੀ ਹੈ ਕਿ ਉਹ ਵਿਦਿਆਰਥੀਆਂ ਨੂੰ ਆਪਣੇ ਆਲੇ-ਦੁਆਲੇ ਦੀ ਦੁਨੀਆ ਨੂੰ ਸਮਝਣ ਲਈ ਮਾਰਗਦਰਸ਼ਨ ਤੇ ਉਤਸ਼ਾਹਿਤ ਕਰ ਸਕਣ।

## ਤੀਸਰਾ ਆਯੂਸ਼ ਮੈਡੀਕਲ ਕੈਂਪ ਲਗਾਇਆ

ਫ਼ਿਰੋਜ਼ਪੁਰ, 2 ਅਗਸਤ (ਤਿਵਾੜੀ): ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਡਾਇਰੈਕਟਰ ਆਫ ਆਯੁਰਵੇਦ, ਡਾ. ਰਵੀ ਕੁਮਾਰ ਡੂਮਰਾ, ਜ਼ਿਲ੍ਹਾ ਆਯੁਰਵੇਦਿਕ ਯੂਨਾਨੀ ਅਫ਼ਸਰ ਡਾ. ਰੁਪਿੰਦਰਦੀਪ ਕੌਰ ਗਿੱਲ ਤੇ ਜ਼ਿਲ੍ਹਾ ਹੋਮਿਓਪੈਥਿਕ ਅਫਸਰ ਡਾ. ਰਹਿਮਾਨ ਦੀ ਯੋਗ ਅਗਵਾਈ ਹੇਠ ਤੀਸਰਾ ਆਯੂਸ਼ ਕੈਂਪ, ਗੁਰਦੁਆਰਾ ਦੁੱਖ ਨਿਵਾਰਨ ਪਿੰਡ ਚੁਗੱਤੇਵਾਲਾ ਫ਼ਿਰੋਜ਼ਪੁਰ ਵਿਖੇ ਲਗਾਇਆ ਗਿਆ। ਇਸ ਕੈਂਪ ਦੌਰਾਨ ਡਾ. ਪ੍ਰਵੀਨ ਰਾਣਾ, ਡਾ. ਰੁਪਿੰਦਰਜੀਤ ਕੌਰ, ਡਾ. ਸ਼ੀਨਮ ਕਾਠਪਾਲ ਆਯੁਰਵੈਦਿਕ ਮੈਡੀਕਲ ਅਫ਼ਸਰ ਤੇ ਡਾ. ਸਤਨਾਮ ਸਿੰਘ ਹੋਮਿਓਪੈਥਿਕ ਮੈਡੀਕਲ ਅਫ਼ਸਰ ਵੱਲੋਂ ਇਲਾਕੇ ਭਰ ਤੋਂ ਆਏ 341 ਮਰੀਜ਼ਾਂ ਦੀ ਜਾਂਚ ਕੀਤੀ ਤੇ ਮੁਫ਼ਤ ਦਵਾਈਆਂ ਵੰਡੀਆਂ ਗਈਆਂ। ਕੈਂਪ ਦਾ ਉਦਘਾਟਨ ਪਿੰਡ ਦੇ ਸਰਪੰਚ ਬੂਟਾ ਸਿੰਘ ਤੇ ਪੰਚਾਇਤੀ ਮੈਂਬਰ ਮਨਿੰਦਰ ਕੌਰ, ਮਲੂਕ ਸਿੰਘ, ਗੀਤਾ, ਨਵਪ੍ਰੀਤ ਕੌਰ, ਹਰਜਿੰਦਰ ਸਿੰਘ ਤੇ ਬਲਦੇਵ ਸਿੰਘ ਵੱਲੋਂ ਕੀਤਾ ਗਿਆ।

# ਹੋਟਲਾਂ ਵਿੱਚ ਚੱਲ ਰਹੇ ਜਿਸਮ ਫਰੋਸ਼ੀ ਦੇ ਦੋ ਅੱਡਿਆਂ ਦਾ ਪਰਦਾਫਾਸ਼, ਤਿੰਨ ਜਣੇ ਗ੍ਰਿਫ਼ਤਾਰ

ਬਠਿੰਡਾ, 2 ਅਗਸਤ (ਦੀਪਕ ਸ਼ਰਮਾ):ਪੁਲਿਸ ਨੇ ਦੋ ਦਿਨਾਂ ਵਿੱਚ ਵੱਖ ਵੱਖ ਦੋ ਹੋਟਲਾਂ 'ਤੇ ਛਾਪੇ ਮਾਰ ਕੇ ਜਿਸਮ ਫਰੋਸ਼ੀ ਦੇ ਅੱਡਿਆਂ ਦਾ ਪਰਦਾਫਾਸ਼ ਕੀਤਾ ਹੈ। ਇਸ ਦੌਰਾਨ ਤਿੰਨ ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਕਾਰਵਾਈ ਨੂੰ ਥਾਣਾ ਕੈਂਟ ਅਤੇ ਥਾਣਾ ਕੋਤਵਾਲੀ ਦੀ ਪੁਲਿਸ ਵੱਲੋਂ ਅੰਜਾਮ ਦਿੱਤਾ ਗਿਆ ਹੈ। ਦੱਸਣਾ ਬਣਦਾ ਹੈ ਕਿ ਸ਼ਹਿਰ ਦੇ ਕੁਝ ਹੋਟਲਾਂ ਅਤੇ ਗੈਸਟ ਹਾਊਸ ਵਿੱਚ ਜਿਸਮ ਫਰੋਸ਼ੀ ਦਾ ਧੰਦਾ ਬਿਨਾਂ ਕਿਸੇ ਡਰ ਖੌਫ ਤੋਂ ਜਾਰੀ ਹੈ। ਭਾਵੇਂ ਪੁਲਿਸ ਵੱਲੋਂ ਪਿਛਲੇ ਦਿਨੀ ਕੁਝ ਹੋਟਲਾਂ 'ਤੇ ਛਾਪੇਮਾਰੀ ਕਰਕੇ ਹੋਟਲ ਚਲਾਉਣ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਵੀ ਕੀਤੀ ਗਈ ਹੈ ਪਰ ਇਸ ਦੇ ਬਾਵਜੂਦ ਇਹ ਧੰਦਾ ਰੁਕਣ ਦਾ ਨਾਮ ਨਹੀਂ ਲੈ ਰਿਹਾ ਹੈ। ਪੁਲਿਸ ਵਿਭਾਗ ਤੋਂ ਮਿਲੇ ਵੇਰਵਿਆਂ ਅਨੁਸਾਰ ਵੀਰਵਾਰ ਨੂੰ ਥਾਣਾ ਕੈਂਟ ਪੁਲਿਸ ਨੇ ਭੁੱਚੋ ਮੰਡੀ ਦੇ ਆਦੇਸ਼ ਹਸਪਤਾਲ ਨੇੜੇ ਸਥਿਤ ਇੱਕ ਹੋਟਲ ਵਿੱਚ ਛਾਪਾ ਮਾਰ ਕੇ ਦੇਹ ਵਪਾਰ ਦੇ ਧੰਦੇ ਦਾ ਪਰਦਾਫਾਸ਼ ਕੀਤਾ ਹੈ। ਇਸ ਕਾਰਵਾਈ ਦੌਰਾਨ ਪੁਲਿਸ ਨੇ ਹੋਟਲ ਮਾਲਕ ਨੂੰ ਗ੍ਰਿਫਤਾਰ ਕਰ ਲਿਆ ਹੈ, ਜੋ ਹੋਟਲ ਦੀ ਆੜ ਵਿੱਚ ਦੇਹ ਵਪਾਰ ਦੇ ਧੰਦੇ ਨੂੰ ਅੰਜਾਮ ਦੇ ਰਿਹਾਇਸ ਸਬੰਧੀ ਥਾਣਾ ਕੈਂਟ ਦੇ ਐਸਐਚਓ ਇੰਸਪੈਕਟਰ ਦਲਜੀਤ ਸਿੰਘ ਨੇ ਦੱਸਿਆ ਕਿ ਗੁਪਤ ਸੂਚਨਾ ਮਿਲੀ ਸੀ ਕਿ ਪਿੰਡ ਲਹਿਰਾ ਬੇਗਾ ਦਾ ਵਸਨੀਕ ਗੁਰਦੀਪ ਸਿੰਘ, ਜੋ ਕਿ ਸਟਾਰ ਲਾਈਟ ਹੋਟਲ ਦਾ ਮਾਲਕ ਹੈ, ਆਪਣੇ ਹੋਟਲ ਵਿੱਚ ਗਰੀਬ ਲੜਕੀਆਂ ਨੂੰ ਮਜਬੂਰ ਕਰਕੇ ਉਨ੍ਹਾਂ ਤੋਂ ਦੇਹ ਵਪਾਰ ਦਾ ਧੰਦਾ ਕਰਵਾਉਂਦਾ ਹੈ। ਸੂਚਨਾ ਮਿਲਣ 'ਤੇ ਪੁਲਿਸ ਟੀਮ ਨੇ ਤੁਰੰਤ ਕਾਰਵਾਈ ਕਰਦੇ ਹੋਏ ਹੋਟਲ 'ਤੇ ਛਾਪਾ ਮਾਰਿਆ ਅਤੇ ਮੁਲਜ਼ਮ ਗੁਰਦੀਪ ਸਿੰਘ ਨੂੰ ਰੰਗੇ ਹੱਥੀਂ ਕਾਬੂ ਕਰ ਲਿਆ। ਪੁਲਿਸ ਅਧਿਕਾਰੀ ਨੇ ਇਹ ਵੀ ਦੱਸਿਆ ਕਿ ਇਸ ਮਾਮਲੇ ਨਾਲ ਜੁੜੇ ਹੋਰ ਲੋਕਾਂ ਦੀ ਭਾਲ ਕੀਤੀ ਜਾ ਰਹੀ ਹੈ।ਇਸੇ ਤਰ੍ਹਾਂ ਸ਼ੁਕਰਵਾਰ ਨੂੰ ਥਾਣਾ ਕੋਤਵਾਲੀ ਪੁਲਿਸ ਨੇ ਬੱਸ ਸਟੈਂਡ ਦੇ ਪਿਛਲੇ ਪਾਸੇ ਸਥਿਤ ਇੱਕ ਹੋਟਲ ਵਿੱਚ ਕੁੜੀਆਂ ਤੋਂ ਦੇਹ ਵਪਾਰ ਕਰਵਾਉਣ ਦੇ ਦੋਸ਼ ਵਿੱਚ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਮਾਮਲਾ ਦਰਜ ਕੀਤਾ ਹੈ।ਥਾਣਾ ਕੋਤਵਾਲੀ ਦੇ ਇੰਸਪੈਕਟਰ ਪਰਵਿੰਦਰ ਸਿੰਘ ਨੇ ਦੱਸਿਆ ਕਿ ਗੁਪਤ ਸੂਚਨਾ ਮਿਲੀ ਸੀ ਕਿ ਸਥਾਨਕ ਬੱਸ ਸਟੈਂਡ ਦੇ ਪਿਛਲੇ ਪਾਸੇ ਸਥਿਤ ਆਦੇਸ਼ ਹੋਟਲ ਦਾ ਸੰਚਾਲਕ ਜਸਵਿੰਦਰ ਸਿੰਘ ਵਾਸੀ ਪਿੰਡ ਫੁੱਲੋ ਮਿੱਠੀ ਅਤੇ ਪਰਵਿੰਦਰ ਕੁਮਾਰ ਵਾਸੀ ਪਿੰਡ ਖਿਆਲੀਵਾਲਾ ਆਪਣੇ ਹੋਟਲ ਵਿੱਚ ਗਰੀਬ ਅਤੇ ਲੋੜਵੰਦ ਕੁੜੀਆਂ ਨੂੰ ਬੁਲਾ ਕੇ ਉਨ੍ਹਾਂ ਤੋਂ ਦੇਹ ਵਪਾਰ ਦਾ ਕੰਮ ਕਰਵਾਉਂਦੇ ਸਨ। ਪੁਲਿਸ ਨੇ ਮੌਕੇ 'ਤੇ ਛਾਪਾ ਮਾਰ ਕੇ ਕਥਿਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਪਰਚਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਵੱਲੋਂ ਲੈਂਡ ਪੂਲਿੰਗ ਨੀਤੀ ਖ਼ਿਲਾਫ਼ ਅਸਤੀਫ਼ਾ



ਲਹਿਰਾਗਾਗਾ, 2 ਅਗਸਤ (ਗੁਰਦੀਪ ਸਿੰਘ): ਪੰਜਾਬ ਸਰਕਾਰ ਵੱਲੋਂ ਬਣਾਈ ਜਾ ਰਹੀ ਲੈਂਡ ਪੂਲਿੰਗ ਨੀਤੀ ਦਾ ਸੂਬੇ ਭਰ ਵਿੱਚ ਭਾਰੀ ਵਿਰੋਧ ਹੋ ਰਿਹਾ ਹੈ, ਜਿੱਥੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ, ਸਮਾਜਿਕ ਤੇ ਹੋਰ ਧਾਰਮਿਕ ਜਥੇਬੰਦੀਆਂ ਇਸ ਨੀਤੀ ਦਾ ਸਖ਼ਤ ਵਿਰੋਧ ਕਰ ਰਹੀਆਂ ਹਨ, ਉੱਥੇ ਆਮ ਆਦਮੀ ਪਾਰਟੀ ਦੇ ਵਿੱਚੋਂ ਵੀ ਜਵਾਲਾ ਫੁੱਟਦਾ ਨਜ਼ਰ ਆ ਰਿਹਾ ਹੈ, ਅੱਜ ਸਵੇਰੇ ਸਵੇਰੇ ਲੈਂਡ ਪੂਲਿੰਗ ਨੀਤੀ ਦੇ ਖਿਲਾਫ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਤੇ ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਗੁਰਸੇਵਕ ਸਿੰਘ ਗੁਰੀ ਚਹਿਲ ਨੇ ਆਪਣੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ, ਉਹਨਾਂ ਕਿਹਾ ਕਿ ਮੈਂ ਕਿਸਾਨ ਮਾਰੂ ਕਿਸੇ ਵੀ ਕਾਨੂੰਨ ਦਾ ਸਖ਼ਤ ਵਿਰੋਧ ਕਰਦਾ ਹਾਂ,ਲੈਂਡ ਪੂਲਿੰਗ ਨੀਤੀ ਕਾਰਨ ਮੈਨੂੰ ਕਿਸਾਨਾਂ ਸਾਹਮਣੇ ਔਖਾ ਹੋਣਾ ਪਿਆ ਹੈ,ਜਿਸ ਕਰਕੇ ਮੈਨੂੰ ਇਹ ਅਸਤੀਫੇ ਵਾਲਾ ਫੈਸਲਾ ਭਰੇ ਮਨ ਨਾਲ ਲੈਣਾ ਪਿਆ, ਜੇਕਰ ਸਰਕਾਰ ਇਹ ਕਿਸਾਨ ਵਿਰੋਧੀ ਇਹੋ ਜਿਹੇ ਕਨੂੰਨ ਬਣਾ ਕੇ ਕਿਸਾਨਾਂ ਨੂੰ ਕੁਚਲਣ ਦਾ ਰਾਹ ਪੱਧਰਾ ਕਰਨਾ ਚਾਹੇਗੀ, ਤਾਂ ਮੈਂ ਜਾਤੀ ਤੌਰ 'ਤੇ ਕਿਸਾਨਾਂ ਨਾਲ ਖੜਨ ਨੂੰ ਪਹਿਲ ਦੇਵਾਂਗਾ, ਉਹਨਾਂ ਸਾਰੇ ਹੀ ਕਿਸਾਨ ਹਤੈਸ਼ੀ ਲੋਕਾਂ ਤੇ ਜਥੇਬੰਦੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਇਸ ਕਿਸਾਨ ਮਾਰੂ ਨੀਤੀ ਦਾ ਪੁਰਜ਼ੋਰ ਵਿਰੋਧ ਕੀਤਾ ਜਾਵੇ, ਨਾਲ ਨਾਲ ਉਹਨਾਂ ਪੰਜਾਬ ਸਰਕਾਰ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਇਸ ਕਾਨੂੰਨ ਨੂੰ ਜਿਨਾ ਜਲਦੀ ਹੋ ਸਕੇ ਵਾਪਸ ਲਿਆ ਜਾਵੇ ਕਿਉਂਕਿ ਸਾਡੇ ਪੰਜਾਬ ਦੇ ਕਿਸਾਨ ਜੋ ਪਹਿਲਾਂ ਹੀ ਆਰਥਿਕ ਪੱਖੋਂ ਬਹੁਤ ਮਾੜੀ ਹਾਲਾਤ ਹੋਣ ਕਾਰਨ ਖੁਦਕਸ਼ੀਆਂ ਕਰ ਰਹੇ ਹਨ, ਉਨ੍ਹਾਂ ਨੂੰ ਬਚਾਇਆ ਜਾ ਸਕੇ।

# ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਆਊਟਸੋਰਸ ਵਰਕਰਜ਼ ਯੂਨੀਅਨ ਵੱਲੋਂ ਝੰਡਾ ਮਾਰਚ



ਦਿੜ੍ਹਬਾ ਮੰਡੀ, 2 ਅਗਸਤ (ਸੁਖਵਿੰਦਰ ਸਿੰਘ ਵਿਰਕ): ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਆਊਟਸੋਰਸ ਵਰਕਰਜ਼ ਯੂਨੀਅਨ ਵੱਲੋਂ ਦਿੜ੍ਹਬਾ ਵਿਖੇ ਝੰਡਾ ਮਾਰਚ ਅਤੇ ਖਜ਼ਾਨਾ ਮੰਤਰੀ ਦੇ ਦਫਤਰ ਸਾਹਮਣੇ ਅਰਥੀ ਫੂਕ ਮੁਜਾਹਰਾ ਕੀਤਾ ਗਿਆ। ਜਥੇਬੰਦੀ ਦੇ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਦਿਨੀਂ ਪੰਜਾਬ ਸਰਕਾਰ ਵੱਲੋਂ ਜਥੇਬੰਦੀ ਨੂੰ ਵਿੱਤ ਮੰਤਰੀ ਸਬ ਕਮੇਟੀ ਦੇ ਨਾਲ ਮੀਟਿੰਗ ਦਿੱਤੀ ਗਈ ਸੀ। ਜਦੋਂ ਜਥੇਬੰਦੀ ਦੇ ਆਗੂ ਸਹਿਬਾਨ ਚੰਡੀਗੜ੍ਹ ਪੰਜਾਬ ਭਵਨ ਵਿਖੇ ਮੀਟਿੰਗ ਕਰਨ ਗਏ ਤਾਂ ਜਥੇਬੰਦੀ ਦੇ ਆਗੂਆਂ ਨੂੰ ਕਿਹਾ ਗਿਆ ਕਿ ਤੁਹਾਨੂੰ ਮੀਟਿੰਗ ਕਿਸਨੇ ਦਿੱਤੀ ਹੈ, ਜਦੋਂ ਕਿ ਜਥੇਬੰਦੀ ਨੂੰ ਲਿਖਤੀ ਤੌਰ 'ਤੇ ਮੀਟਿੰਗ 35 ਸੈਕਟਰ ਸਥਾਨਕ ਸਰਕਾਰਾਂ ਵਿਭਾਗ ਵਿਚੋਂ ਕੱਢੀ ਗਈ ਸੀ। ਇਸ ਮੌਕੇ ਸੂਬਾ ਪ੍ਰਧਾਨ ਗੁਰਦੇਵ ਸਿੰਘ ਨਿਹੰਗ ਵੱਲੋਂ ਕਿਹਾ ਕਿ ਪੰਜਾਬ ਦੀ ਸਰਕਾਰ ਚਾਹੁੰਦੀ ਹੈ ਕਿ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਆਊਟਸੋਰਸ ਕਾਮੇ ਆਪਣੇ ਹੱਕ ਸਰਕਾਰ ਤੋਂ ਨਾ ਮੰਗਣ ਸੀਵਰੇਜ਼ ਬੋਰਡ ਦੇ ਆਊਟਸੋਰਸ ਕਾਮਿਆਂ ਸੰਘਰਸ਼ੀ ਲੋਕਾਂ ਵਿੱਚ ਅਣਖ ਨਾਮ ਦੀ ਚੀਜ਼ ਹੈ, ਤਾਂ ਇਹ ਲੋਕ ਆਪਣੇ ਹੱਕਾਂ ਦੀ ਗੱਲ ਇਸ ਤਰਾਂ ਹੀ ਕਰਨਗੇ ਇਸ ਮੌਕੇ ਜਥੇਬੰਦੀ ਆਗੂਆਂ ਵੱਲੋਂ ਇਹ ਵੀ ਕਿਹਾ ਗਿਆ ਕਿ ਜਥੇਬੰਦੀ ਵੱਲੋਂ ਇਕੱਲੇ ਵਿਤ ਮੰਤਰੀ ਨਾਲ ਮੀਟਿੰਗ ਨਹੀਂ ਕੀਤੀ ਜਾਵੇਗੀ।ਜਥੇਬੰਦੀ ਦੀ ਪੂਰੀ ਸਬ ਕਮੇਟੀ ਨਾਲ ਹੀ ਮੀਟਿੰਗ ਕਰਵਾਈ ਜਾਵੇ ਜੇਕਰ ਪੰਜਾਬ ਸਰਕਾਰ ਦੀ 06/08/2025 ਵਾਲੀ ਮੀਟਿੰਗ ਵਿੱਚ ਸੀਵਰੇਜ ਕਾਮਿਆਂ ਦੀਆਂ ਹੱਕੀ ਮੰਗਾਂ ਦਾ ਹੱਲ ਨਹੀਂ ਕੀਤਾ ਜਾਂਦਾ ਤਾਂ ਆਉਣ ਵਾਲੇ ਦਿਨਾਂ ਦੇ ਵਿੱਚ ਸੀਵਰੇਜ਼ ਦੀਆਂ ਮੋਟਰਾਂ ਵੀ ਬੰਦ ਕੀਤੀਆਂ ਜਾਣਗੀਆਂ ਅਤੇ ਜਥੇਬੰਦੀ ਵੱਲੋਂ ਇਸ ਤੋਂ ਵੀ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ ਇਸ ਮੌਕੇ ਸੂਬਾ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਮੰਡੇਰ, ਜਨਰਲ ਸਕੱਤਰ ਜਗਵੀਰ ਸਿੰਘ, ਸਹਾਇਕ ਸਕੱਤਰ ਮਿਲਖਾ ਸਿੰਘ ਬਰਨਾਲਾ,ਜ਼ਿਲ੍ਹਾ ਪ੍ਰਧਾਨ ਸੰਗਰੂਰ ਸ੍ਰੀ ਨਿਵਾਸ ਸ਼ਰਮਾ, ਸ੍ਰੀ ਹਰਦੀਪ ਕੁਮਾਰ ਸ਼ਰਮਾ, ਸੂਬਾ ਕਮੇਟੀ ਮੈਂਬਰ ਬੀਰਾ ਸਿੰਘ ਬਰੇਟਾ, ਸੰਜੂ ਕੁਮਾਰ, ਵਿਨੋਦ ਕੁਮਾਰ ਬਰਨਾਲਾ, ਅਸ਼ੋਕ ਕੁਮਾਰ, ਗੁਰਪ੍ਰੀਤ ਸਿੰਘ ਹੰਡਿਆਇਆ, ਜਗਤਾਰ ਸਿੰਘ ਬਠਿੰਡਾ, ਨਰਿੰਦਰ ਨੰਗਲ, ਗੁਰਜੰਟ ਸਿੰਘ ਉਗਰਾਹਾਂ, ਜਗਸੀਰ ਟਾਹਲੀਆਂ, ਕੁਲਦੀਪ ਸਿੰਘ ਸੰਗਰੂਰ, ਰੂਪ ਸਿੰਘ ਸਮਾਣਾ, ਜਨਰਲ ਸਕੱਤਰ ਹਰਦੇਵ ਸਿੰਘ ਰਾਜਪੁਰਾ, ਜ਼ਿਲ੍ਹਾ ਮਾਨਸਾ ਮੀਤ ਪ੍ਰਧਾਨ ਸੰਜੀਵ ਕੁਮਾਰ, ਵਿਜੇ ਕੁਮਾਰ ਬੁਢਲਾਡਾ, ਰਾਜੇਸ਼ ਕੁਮਾਰ ਮਾਨਸਾ, ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ ਫਿਰੋਜ਼ਪੁਰ, ਸਕੱਤਰ ਗੁਰਦੇਵ ਸਿੰਘ ਸੱਤਪਾਲ ਸਿੰਘ ਮਾਨਸਾ, ਯੋਗੇਸ਼ ਸੈਣੀ ਆਦਿ ਹਾਜ਼ਰ ਸਨ।

# ਮਿਸ਼ਨ ਜੀਵਨਜੋਤ-2 ਮਾਸੂਮਾਂ ਨੂੰ ਭੀਖ ਦੇ ਚੁੰਗਲ 'ਚੋਂ ਕੱਢਕੇ ਲਿਜਾ ਰਿਹਾ ਹੈ ਉੱਜਵਲ ਭਵਿੱਖ ਵੱਲ : ਡਾ. ਜਵੰਧਾ



ਸੰਗਰੂਰ, 2 ਅਗਸਤ (ਹਰਕੰਵਲ ਸਿੰਘ ਹੈਪੀ): ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਰਹਿਨੁਮਾਈ ਹੇਠ ਸ਼ੁਰੂ ਕੀਤੇ ਮਿਸ਼ਨ ਜੀਵਨਜੋਤ 2 ਦੇ ਬਹੁਤ ਹੀ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ ਅਤੇ ਮਾਸੂਮ ਬੱਚੇ ਭੀਖ ਦੇ ਚੁੰਗਲ ਵਿੱਚੋਂ ਬਾਹਰ ਨਿਕਲ ਕੇ ਆਪਣੇ ਉਜਵਲ ਭਵਿੱਖ ਵੱਲ ਵੱਧ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਇਨਫੋਟੈਕ ਦੇ ਚੇਅਰਮੈਨ ਅਤੇ ਜਪਹਰ ਦੇ ਬਾਨੀ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਵੱਲੋਂ ਆਪਣੇ ਦਫਤਰ ਵਿਖੇ ਲੋਕ ਮਿਲਣੀ ਦੌਰਾਨ ਸਾਂਝੇ ਕੀਤੇ ਗਏ। ਜਵੰਧਾ ਨੇ ਲੋਕ ਮਿਲਣੀ ਦੌਰਾਨ ਆਪਣੇ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਅਤੇ ਉਹਨਾਂ ਦੇ ਹੱਲ ਲਈ ਸਬੰਧਤ ਅਧਿਕਾਰੀਆਂ ਨਾਲ ਰਾਬਤਾ ਕਾਇਮ ਕੀਤਾ। ਇਸ ਉਪਰੰਤ ਉਹਨਾਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਆਪਣੇ ਹੁਣ ਤੱਕ ਦੇ ਕਾਰਜਕਾਲ ਦੌਰਾਨ ਬਹੁਤ ਹੀ ਕ੍ਰਾਂਤੀਕਾਰੀ ਫੈਸਲੇ ਅਤੇ ਬਦਲਾਅ ਕਰ ਰਹੀ ਹੈ ਜਿਸ ਦੇ ਪੰਜਾਬ ਲਈ ਬਹੁਤ ਹੀ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਜਵੰਧਾ ਨੇ ਮਿਸ਼ਨ ਜੀਵਨਜੋਤ 2 ਦੀ ਤਾਰੀਫ ਕਰਦਿਆਂ ਦੱਸਿਆ ਕਿ ਇਸ ਨਾਲ ਵੱਡੇ ਪੱਧਰ ਤੇ ਬੱਚੇ ਭੀਖ ਮੰਗਣ ਦੇ ਚੁੰਗਲ ਵਿੱਚੋਂ ਬਾਹਰ ਨਿਕਲ ਰਹੇ ਹਨ ਅਤੇ ਹੁਣ ਤੱਕ 208 ਬੱਚਿਆਂ ਨੂੰ ਇਸ ਮਿਸ਼ਨ ਤਹਿਤ ਚੰਗੀ ਜ਼ਿੰਦਗੀ ਅਤੇ ਉਜਵਲ ਭਵਿੱਖ ਵੱਲ ਤੋਰਿਆ ਜਾ ਚੁੱਕਿਆ ਹੈ ਅਤੇ ਇਹ ਮਿਸ਼ਨ ਅੱਗੇ ਵੀ ਇਸੇ ਤਰ੍ਹਾਂ ਜਾਰੀ ਰਹੇਗਾ। ਉਹਨਾਂ ਆਮ ਜਨਤਾ ਨੂੰ ਵੀ ਇਸ ਮਿਸ਼ਨ ਵਿੱਚ ਪੰਜਾਬ ਸਰਕਾਰ ਅਤੇ ਵਿਭਾਗ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ ਤਾਂ ਜੋ ਪੰਜਾਬ ਨੂੰ ਭੀਖ ਮੁਕਤ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਕਈ ਵਾਰ ਬੱਚਿਆਂ ਤੋਂ ਭੀਖ ਮੰਗਵਾਉਣ ਦੀ ਆੜ ਵਿੱਚ ਬਹੁਤ ਵੱਡਾ ਰੈਕਟ ਹੁੰਦਾ ਹੈ ਇਸ ਲਈ ਅਧਿਕਾਰੀ ਇਹਨਾਂ ਬੱਚਿਆਂ ਦੀ ਪੂਰੀ ਚੰਗੀ ਤਰ੍ਹਾਂ ਨਾਲ ਕੌਂਸਲਿੰਗ ਕਰ ਰਹੇ ਹਨ ਅਤੇ ਇਹਨਾਂ ਦੇ ਮਾਪਿਆਂ ਨੂੰ ਵੀ ਸਖਤ ਤਾੜਨਾ ਕੀਤੀ ਜਾ ਰਹੀ ਹੈ। ਮਿਸ਼ਨ ਤਹਿਤ ਬੱਚਿਆਂ ਦੇ ਡੀ.ਐਨ.ਏ.ਟੈਸਟ ਵੀ ਪੰਜਾਬ ਸਰਕਾਰ ਕਰਵਾ ਰਹੀ ਹੈ ਤਾਂ ਜੋ ਬੱਚਿਆਂ ਦੇ ਅਸਲ ਮਾਪਿਆਂ ਦਾ ਵੀ ਪਤਾ ਲੱਗ ਸਕੇ ਉਹਨਾਂ ਕਿਹਾ ਕਿ ਮਾਨ ਸਰਕਾਰ ਆਮ ਜਨਤਾ ਦੀ ਭਲਾਈ ਲਈ ਪੂਰੀ ਤਰਹਾਂ ਸਮਰਪਿਤ ਹੈ ਅਤੇ ਰੰਗਲੇ ਪੰਜਾਬ ਲਈ ਲਈ ਸਿਸਟਮ ਅੰਦਰ ਬਦਲਾਅ ਅਤੇ ਅਤੇ ਲਗਾਤਾਰ ਨਵੀਆਂ ਨੀਤੀਆਂ ਲਿਆਂਦੀਆਂ ਜਾ ਰਹੀਆਂ ਹਨ।

# ਡੈਮੋਕਰੇਟਿਕ ਮਨਰੇਗਾ ਫਰੰਟ ਬਲਾਕ ਦਿੜ੍ਹਬਾ ਦੀ ਮੀਟਿੰਗ



ਦਿੜ੍ਹਬਾ ਮੰਡੀ, 2 ਅਗਸਤ (ਸੁਖਵਿੰਦਰ ਸਿੰਘ ਵਿਰਕ ):ਡੈਮੋਕ੍ਰੇਟਿਕ ਮਨਰੇਗਾ ਫਰੰਟ (ਪੰਜਾਬ) ਬਲਾਕ ਦਿੜ੍ਹਬਾ ਦੀ ਮੀਟਿੰਗ ਬਲਾਕ ਪ੍ਰਧਾਨ ਰਿੰਪੀ ਰਾਣੀ ਖੇੜੀ ਨਾਗਾਂ, ਜਗਤਾਰ ਸਿੰਘ ਨਿਹਾਲ ਗੜ ਤੇ ਸੂਬਾ ਆਗੂ ਨਿਰਮਲ ਸਿੰਘ ਉਭਿਆ ਦੀ ਪ੍ਰਧਾਨਗੀ ਵਿੱਚ ਗੁਰਦੁਆਰਾ ਬਾਬਾ ਬੈਰਸੀਆਣਾ ਸਾਹਿਬ ਵਿਖੇ ਹੋਈ ਜਿਸ ਨੂੰ ਸੰਬੋਧਨ ਕਰਦੇ ਹੋਏ ਸੂਬਾ ਆਗੂ ਖੁਸ਼ਵਿੰਦਰ ਕੌਰ ਸੁਲਰ ਘਰਾਟ ਨੇ ਕਿਹਾ ਕਿ ਬਲਾਕ ਦਾ ਬੀ ਡੀ ਪੀ ਓ ਅਰਜ਼ੀਆਂ 'ਤੇ ਕੰਮ ਮੰਗਣ ਵਾਲਿਆਂ ਨੂੰ ਕੰਮ ਨਹੀਂ ਦੇ ਰਿਹਾ ਉਨ੍ਹਾਂ ਲਾਭਪਾਤਰੀਆਂ ਨੂੰ ਜਾਣ ਬੁੱਝ ਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ । ਕੰਮ 'ਤੇ ਜਾਣ ਤੋਂ ਪਹਿਲਾਂ ਨਿਯੁਕਤੀ ਪੱਤਰ ਦੇਣਾ ਹੁੰਦਾ ਹੈ ਉਹ ਵੀ ਨਹੀਂ ਦਿੱਤਾ ਜਾ ਰਿਹਾ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਰਿੰਪੀ ਕੌਰ ਖੇੜੀ ਨਾਗਾਂ, ਨਿਰਮਲ ਸਿੰਘ ਉਭਿਆ, ਲੱਖਾਂ ਸਿੰਘ ਢੰਡੋਲੀ ਕਲਾ ਤੇ ਜਗਤਾਰ ਸਿੰਘ ਨੇ ਸਾਰੇ ਪਿੰਡਾ ਦੇ ਵਰਕਰਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਜਥੇਬੰਦੀ ਨਾਲ ਜੁੜੋ ਤਾਂ ਕਿ ਕਨੂੰਨ ਲਾਗੂ ਕਰਾਉਣ ਲਈ ਅਧਿਕਾਰੀਆਂ ਦੇ ਨੱਕ ਵਿਚ ਦਮ ਕੀਤਾ ਜਾਵੇ । ਮਨਰੇਗਾ ਫਰੰਟ ਦੇ ਸਲਾਹਕਾਰ ਕਰਨੈਲ ਸਿੰਘ ਜਖੇਪਲ ਨੇ ਵਰਕਰਾਂ ਨੂੰ ਵੱਡੀ ਲੜਾਈ ਲੜਨ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ।ਉਨਾਂ ਕਿਹਾ ਸਰਕਾਰਾ ਦੇ ਫੈਸਲੇ ਆਮ ਲੋਕਾਂ ਦੇ ਖਿਲਾਫ ਹਨ ਤਕਰੀਰਾਂ ਸੁਣਾਕੇ ਲੈਂਡ ਪੂਲਿੰਗ ਪਾਲਸੀ ਸ਼ਹਿਰੀ ਕਰਨ ਦਾ ਮਾਡਲ ਹੈ ਜਿੱਥੇ ਲਾਗੂ ਹੋ ਗਈ ਉੱਥੇ ਮਨਰੇਗਾ ਖ਼ਤਮ ਹੋ ਜਾਵੇਗੀ ਮੀਟਿੰਗ ਵਿੱਚ ਗੁਰਜੀਤ ਕੌਰ ਲਾਡਬਨਜਾਰਾ,ਅਮਨ ਕੌਰ ,ਪਾਲ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਰਕਰਾਂ ਨੇ ਸ਼ਮੂਲੀਅਤ ਕੀਤੀ। ਇਸ ਸਬੰਧੀ ਬੀਡੀਪੀਓ ਦਿੜ੍ਹਬਾ ਨੇ ਦੱਸਿਆ ਹੈ ਕਿ ਸਾਡੇ ਵੱਲੋਂ ਹਰ ਇੱਕ ਨੂੰ ਪਹਿਲ ਦੇ ਆਧਾਰ ਤੇ ਕੰਮ ਦਿੱਤਾ ਜਾ ਰਿਹਾ ਹੈ ਅਤੇ ਕਿਸੇ ਨਾਲ ਸਾਡੇ ਵੱਲੋਂ ਕੋਈ ਵਿਕਤਰਾ ਨਹੀਂ ਕੀਤਾ ਜਾਂਦਾ।

# ਭਗਤਾ ਭਾਈ ਬਲਾਕ ਨੂੰ ਤੋੜਨਾ ਬਲਾਕ ਦੇ ਲੋਕਾਂ ਲਈ ਵੱਡਾ ਝਟਕਾ : ਕਾਂਗੜ



ਭਗਤਾ ਭਾਈ ਕਾ, 2 ਅਗਸਤ (ਸਵਰਨ ਸਿੰਘ ਭਗਤਾ):ਪੰਜਾਬ ਸਰਕਾਰ ਵੱਲੋਂ ਭਗਤਾ ਭਾਈਕਾ ਬਲਾਕ ਦਫ਼ਤਰ ਨੂੰ ਖਤਮ ਕਰਕੇ ਫੂਲ ਨਾਲ ਜੋੜਨ ਦਾ ਫੈਸਲਾ ਬਲਾਕ ਭਗਤਾ ਭਾਈ ਦੇ ਸਮੂਹ ਲੋਕਾਂ ਲਈ ਸਭ ਤੋਂ ਵੱਡਾ ਝਟਕਾ ਹੈ। ਇਹ ਕਦਮ ਲੋਕਾਂ ਨੂੰ ਸੁਵਿਧਾਵਾਂ ਦੇਣ ਦੀ ਥਾਂ ਉਹਨਾਂ ਤੋਂ ਪਹਿਲਾਂ ਮਿਲਦੀਆਂ ਸਹੂਲਤਾਂ ਖੋਹਣ ਵਾਲਾ ਹੈ। ਆਮ ਆਦਮੀ ਪਾਰਟੀ ਸਰਕਾਰ ਦੀ ਇਹ ਕਾਰਵਾਈ ਬਦਲਾਅ ਨਹੀਂ, ਸਿੱਧਾ ਤਾਨਾਸ਼ਾਹੀ ਰਵੱਈਆ ਹੈ। ਇੰਨ੍ਹਾਂ ਵਿਚਾਰਾਂ ਦਾ ਪ੍ਰਗਟਾਵਾਂ ਗੁਰਪ੍ਰੀਤ ਸਿੰਘ ਕਾਂਗੜ ਸਾਬਕਾ ਮੰਤਰੀ ਅਤੇ ਸੀਨੀਅਰ ਆਗੂ ਪ੍ਰਦੇਸ਼ ਕਾਂਗਰਸ ਨੇ ਪ੍ਰੈਸ ਬਿਆਨ ਜਾਰੀ ਕਰਦਿਆ ਕੀਤਾ। ਇਸ ਮੌਕੇ ਕਾਂਗੜ ਨੇ ਕਿਹਾ ਕਿ ਭਗਤਾ ਭਾਈਕਾ ਬਲਾਕ ਦਫ਼ਤਰ ਨੇੜਲੇ ਪਿੰਡਾਂ ਲਈ ਸਰਕਾਰੀ ਯੋਜਨਾਵਾਂ ਦੀ ਜੀਵਨ-ਰੇਖਾ ਸੀ। ਮਨਰੇਗਾ, ਸ਼ਗਨ ਸਕੀਮ, ਬੁਢਾਪਾ ਪੈਨਸ਼ਨ, ਬੀ.ਪੀ.ਐਲ. ਕਾਰਡ ਵਰਗੀਆਂ ਸੇਵਾਵਾਂ ਲੋਕਾਂ ਦੇ ਦਰਵਾਜ਼ੇ 'ਤੇ ਮਿਲਦੀਆਂ ਸਨ। ਹੁਣ ਜੇ ਇਹ ਦਫ਼ਤਰ ਫੂਲ ਨਾਲ ਜੋੜਿਆ ਗਿਆ, ਤਾਂ ਆਮ ਲੋਕਾਂ ਨੂੰ 25-30 ਕਿਲੋਮੀਟਰ ਵਾਧੂ ਸਫ਼ਰ ਕਰਨਾ ਪਵੇਗਾ। ਇਸ ਨਾਲ ਸਮੇਂ ਦੀ ਬੇਹਿਸਾਬ ਬਰਬਾਦੀ ਅਤੇ ਵਾਧੂ ਖਰਚਾ ਹੋਵੇਗਾ ਅਤੇ ਪਹਿਲਾਂ ਹੀ ਮਹਿੰਗਾਈ ਦੀ ਮਾਰ ਝੱਲ ਰਹੇ ਲੋਕਾਂ ਲਈ ਇਹ ਨਵਾਂ ਫੈਸਲਾ ਇਕ ਵੱਡਾ ਜ਼ਖ਼ਮ ਸਿੱਧ ਹੋਵੇਗਾ। ਸਾਬਕਾ ਮੰਤਰੀ ਕਾਂਗੜ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ ਆਪਣੇ ਆਪ ਨੂੰ ਬਦਲਾਅ ਲਿਆਉਣ ਦਾ ਦਾਅਵਾ ਕਰਨ ਵਾਲੀ 'ਆਪ' ਸਰਕਾਰ ਨੇ ਲੋਕਾਂ ਤੋਂ ਸਹੂਲਤਾਂ ਖੋਹ ਕੇ ਸਾਬਤ ਕਰ ਦਿੱਤਾ ਹੈ ਕਿ ਇਹ ਸਰਕਾਰ ਲੋਕ ਹਿੱਤਾਂ ਦੀ ਨਹੀਂ, ਸਿਰਫ਼ ਬੇਤੁਕੇ ਤਜਰਬੇ ਕਰਨ ਦੀ ਸਰਕਾਰ ਹੈ। ਉਨ੍ਹਾਂ ਦਾਅਵਾ ਕੀਤਾ ਕਿ ਭਗਤਾ ਭਾਈਕਾ ਬਲਾਕ ਨੂੰ ਬੰਦ ਕਰਨਾ ਗਰੀਬ, ਕਿਸਾਨ ਤੇ ਮਜ਼ਦੂਰ ਵਿਰੋਧੀ ਫੈਸਲਾ ਹੈ, ਜਿਸਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਨੇ ਦੋਸ਼ ਲਗਾਇਆ ਕਿ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਸੁਪਨੇ ਵੇਚਣ ਵਾਲੀ ਆਮ ਆਦਮੀ ਪਾਰਟੀ ਹੁਣ ਉਹਨਾਂ ਦੇ ਜੀਵਨ ਨੂੰ ਹੋਰ ਮੁਸ਼ਕਲ ਬਣਾ ਰਹੀ ਹੈ। ਪੰਜਾਬ ਦੀਆਂ ਸਰਕਾਰਾਂ ਦਾ ਕੰਮ ਲੋਕਾਂ ਦੇ ਘਰ ਤੱਕ ਸੁਵਿਧਾਵਾਂ ਪਹੁੰਚਾਉਣਾ ਹੁੰਦਾ ਹੈ, ਨਾ ਕਿ ਉਹਨਾਂ ਨੂੰ ਦਫ਼ਤਰਾਂ ਦੇ ਚੱਕਰ ਕਟਵਾਉਣਾ।ਕਾਂਗੜ ਨੇ ਚੇਤਾਵਨੀ ਦਿੱਤੀ ਜੇਕਰ ਸਰਕਾਰ ਇਹ ਲੋਕ ਵਿਰੋਧੀ ਫੈਸਲਾ ਤੁਰੰਤ ਵਾਪਸ ਨਹੀਂ ਲੈਂਦੀ ਤਾਂ ਪੰਜਾਬ ਕਾਂਗਰਸ ਲੋਕਾਂ ਦੇ ਹੱਕਾਂ ਲਈ ਵੱਡਾ ਸੰਘਰਸ਼ ਕਰੇਗੀ।

# ਅਕਾਲੀ ਦਲ ਆਗੂਆਂ ਦੀ ਛਾਜਲੀ ਵਿਖੇ ਹੋਈ ਭਰਵੀਂ ਮੀਟਿੰਗ



ਛਾਜਲੀ, 2 ਅਗਸਤ (ਹਰਿੰਦਰ ਧੋਥੜ): ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਸੰਤ ਹਰਚੰਦ ਲੌਂਗੋਵਾਲ ਦੀ ਬਰਸੀ ਦੇ ਮੱਦੇਨਜ਼ਰ ਦਿੜ੍ਹਬਾ ਹਲਕੇ ਦੇ ਦਿਲ ਆਖੇ ਜਾਂਦੇ ਛਾਜਲੀ ਵਿਖੇ ਦੀ ਹਲਕਾ ਇੰਚਾਰਜ ਗੁਲਜਾਰ ਸਿੰਘ ਮੂਨਕ ਦੀ ਅਗਵਾਈ ਹੇਠ ਹੋਈ ਵਿਸ਼ੇਸ਼ ਇਕੱਤਰਤਾ ਨੇ ਰੈਲੀ ਦਾ ਰੂਪ ਧਾਰਨ ਕਰ ਲਿਆ, ਜਿਸ ਵਿਚ ਵਿਸ਼ੇਸ਼ ਤੌਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਸਿੰਘ ਸੰਘਰੇੜੀ ਅਤੇ ਸੀਨੀਅਰ ਆਗੂ ਅਤੇ ਹਲਕਾ ਇੰਚਾਰਜ ਸੁਨਾਮ ਵਿਨਰਜੀਤ ਸਿੰਘ ਗੋਲਡੀ ਖੜਿਆਲ ਨੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ 'ਤੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਨੀਅਰ ਅਕਾਲੀ ਆਗੂ ਵਿਨਰਜੀਤ ਸਿੰਘ ਗੋਲਡੀ ਅਤੇ ਤੇਜਿੰਦਰ ਸਿੰਘ ਸੰਘਰੇੜੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ 20 ਅਗਸਤ ਨੂੰ ਲੌਂਗੋਵਾਲ ਦੀ ਅਨਾਜ ਮੰਡੀ ਵਿਖੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਸ਼ਰਧਾ ਸਤਿਕਾਰ ਨਾਲ ਮਨਾਈ ਜਾਵੇਗੀ, ਪੰਜਾਬ ਭਰ ਤੋਂ ਬੱਸਾਂ ਤੇ ਗੱਡੀਆਂ ਦੇ ਵੱਡੇ ਕਾਫ਼ਲਿਆਂ ਰਾਹੀਂ ਵੱਡੀ ਗਿਣਤੀ ਵਿਚ ਅਹੁਦੇਦਾਰ ਸ਼ਾਮਿਲ ਹੋਣਗੇ। ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ 'ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋ$ਰਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਹੋਰ ਵੱਡੇ ਆਗੂ ਪਹੁੰਚਣਗੇ। ਉਨ੍ਹਾਂ ਸੰਗਤਾਂ ਨੂੰ ਵੱਡੀ ਗਿਣਤੀ ਵਿਚ ਇਸ ਸਮਾਗਮ ਵਿਚ ਪਹੁੰਚਣ ਦਾ ਸੱਦਾ ਦਿੱਤਾ।ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਅਕਾਲੀ ਦਲ ਦੇ ਜ਼ਿਲ੍ਹਾ ਯੂਥ ਪ੍ਰਧਾਨ ਹਰਪਾਲ ਸਿੰਘ ਖਡਿਆਲ, ਜਥੇਦਾਰ ਗੁਰਲਾਲ ਸਿੰਘ ਫ਼ਤਿਹਗੜ੍ਹ, ਸੀਨੀਅਰ ਆਗੂ ਬਿਕਰ ਸਿੰਘ ਪਾਟਿਆਵਾਲੀ, ਬਲਜਿੰਦਰ ਸਿੰਘ ਖਨਾਲ ਕਲਾਂ, ਸ਼ਹਿਰੀ ਪ੍ਰਧਾਨ ਦਿੜ੍ਹਬਾ ਸਤਗੁਰ ਸਿੰਘ ਘੁਮਾਣ, ਉਪਿੰਦਰਜੀਤ ਸਿੰਘ ਹਨੀ ਸਰਪੰਚ, ਸ੍ਰੀ ਰਾਮ ਛਾਜਲੀ, ਮੋਤੀ ਸਿੰਘ ਸੂਲਰ ਘਰਾਟ, ਭਗੀਰਥ ਸਿੰਘ ਛਾਜਲੀ, ਸਰਪੰਚ ਜਾਗਰ ਸਿੰਘ ਖਨਾਲ ਖੁਰਦ, ਜਥੇਦਾਰ ਗੁਰਜੰਟ ਸਿੰਘ ਜਖੇਪਲ, ਜੱਗਾ ਸਿੰਘ ਸਰਪੰਚ ਛਾਜਲਾ, ਨਵਜੋਤ ਸਿੰਘ ਜੋਤੀ ਸਰਪੰਚ ਰੱਤਾਖੇੜਾ, ਰਸ਼ਪਾਲ ਸਿੰਘ ਪਾਲੀ ਨੀਲੋਵਾਲ ਅਤੇ ਸਤਿਗੁਰ ਸਿੰਘ ਛਾਜਲੀ ਤੋਂ ਇਲਾਵਾ ਵੱਡੀ ਗਿਣਤੀ 'ਚ ਅਕਾਲੀ ਵਰਕਰ ਹਾਜ਼ਰ ਸਨ।

# ਛੱਪੜ ਦੀ ਲੰਮੇ ਸਮੇਂ ਤੋਂ ਸਫਾਈ ਨਾ ਹੋਣ ਕਾਰਨ ਪੈਦਾ ਹੋਈ ਗੰਭੀਰ ਸੱਮਸਿਆ



ਭੁੱਚੋ ਮੰਡੀ ਨਥਾਣਾ, 2ਅਗਸਤ (ਹਰਬੰਸ ਸਿੰਘ ਭੋਲਾ): ਭੁੱਚੋ ਮੰਡੀ ਦੇ ਨਜ਼ਦੀਕ ਪੈਂਦੇ ਛੋਟੇ ਜਿਹੇ ਪਿੰਡ ਬੁਰਜ ਕਾਹਨ ਸਿੰਘ ਵਾਲਾ ਵਿੱਚ ਬਦਬੂ ਕਾਰਨ ਗੰਭੀਰ ਸੱਮਸਿਆ ਖੜੀ ਹੋ ਗਈ ਜਦੋਂ ਕਿ ਛੱਪੜ ਵਿੱਚ ਜੰਮੇ ਗੰਦੇ ਪਾਣੀ ਕਰਕੇ ਛੱਪੜ ਵਿੱਚ ਮੱਛੀਆਂ ਮਰਨ ਕਰਕੇ ਬਦਬੂ ਆਉਣ ਲੱਗ ਪਈ ਤੇ ਪਿੰਡ ਵਾਸੀਆਂ ਲਈ ਇਹ ਮੁਸੀਬਤ ਖੜ੍ਹੀ ਹੋ ਗਈ। ਇਸ ਦੀ ਪਿੰਡ ਵਾਸੀਆਂ ਤੇ ਪੰਚਾਇਤ ਨੇ ਮਿਲਕੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਦੇ ਪਤਵੰਤਿਆਂ ਨੇ ਦੱਸਿਆ ਕਿ ਛੱਪੜ ਵਿੱਚ ਜੰਮੇ ਗੰਦੇ ਪਾਣੀ ਕਰਕੇ ਬਦਬੂ ਇੰਨੀ ਜ਼ਿਆਦਾ ਸੀ। ਸਾਹ ਲੈਣ ਤੇ ਖਾਣਾ ਖਾਣ ਦੀ ਬਹੁਤ ਦਿੱਕਤ ਆ ਰਹੀ ਸੀ, ਜਿਸ ਕਰਕੇ ਸਾਰਾ ਖਿੜਕੀਆਂ ਦਰਵਾਜ਼ੇ ਬੰਦ ਕਰ ਰੱਖਣੇ ਪਏ ਪਿੰਡ ਵਾਸੀਆਂ ਨੇ ਪ੍ਰਸ਼ਾਸਨ ਤੋਂ ਇਸ ਸੱਮਸਿਆ ਦਾ ਜਲਦੀ ਹੱਲ ਕਰਨ ਦੀ ਮੰਗ ਕਰਦੇ ਹੋਏ ਕਿਹਾ ਕਿ ਇਸ ਸੱਮਸਿਆ ਦਾ ਲੇਟ ਹੱਲ ਨਾਲ ਗੰਭੀਰ ਸਿੱਟੇ ਨਿਕਲ ਸਕਦੇ ਤੇ ਭਿਆਨਕ ਬੀਮਾਰੀਆਂ ਫੈਲਣ ਦਾ ਡਰ ਹੈ। ਪਿੰਡ ਦੇ ਸਰਪੰਚ ਬਲਵਿੰਦਰ ਸਿੰਘ ਨਾਲ ਸੰਪਰਕ ਕਰ ਤੇ ਉਨ੍ਹਾਂ ਦੱਸਿਆ ਕਿ ਪਿਛਲੀ ਪੰਚਾਇਤ ਵੱਲੋਂ ਛੱਪੜ ਠੇਕੇ ਤੇ ਦਿੱਤਾ ਹੋਇਆ ਸੀ ਪਰ ਇਸ ਵਾਰ ਹੁਣ ਦੀ ਪੰਚਾਇਤ ਵੱਲੋਂ ਛੱਪੜ ਠੇਕੇ ਤੇ ਨਹੀ ਦਿੱਤਾ ਤੇ ਜਲਦ ਹੀ ਇਸ ਹੱਲ ਕੀਤਾ ਜਾਵੇਗਾ।

# ਨੇਪਾਲੀ ਢਾਬਾ ਮਾਲਕ ਦਾ ਬੇਰਹਿਮੀ ਨਾਲ ਕਤਲ, ਸੜਕ ਹਾਦਸਾ ਬਣਾਉਣ ਦੀ ਕੀਤੀ ਕੋਸ਼ਿਸ਼

ਬਠਿੰਡਾ, 2 ਅਗਸਤ (ਦੀਪਕ ਸ਼ਰਮਾ):ਸਥਾਨਕ ਕਸਬੇ ਦੇ ਪਿੰਡ ਲਹਿਰੀ ਨੇੜੇ ਇੱਕ ਢਾਬਾ ਚਲਾਉਣ ਵਾਲੇ ਨੇਪਾਲੀ ਨੌਜਵਾਨ ਸੰਤੋਸ਼ ਥਾਪਾ ਦਾ ਅਣਪਛਾਤੇ ਵਿਅਕਤੀਆਂ ਵੱਲੋਂ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਵਾਰਦਾਤ ਤੋਂ ਬਾਅਦ ਲਾਸ਼ ਨੂੰ ਸੜਕ ਕਿਨਾਰੇ ਸੁੱਟ ਕੇ ਇਸ ਨੂੰ ਹਾਦਸੇ ਦਾ ਰੂਪ ਦੇਣ ਦੀ ਕੋਸ਼ਿਸ਼ ਕੀਤੀ ਗਈ, ਪਰ ਲਾਸ਼ ਦੇਖ ਕੇ ਸਾਰਾ ਭੇਦ ਖੁੱਲ੍ਹ ਗਿਆ,ਕਿਉਂਕਿ ਮ੍ਰਿਤਕ ਦੇਹ 'ਤੇ ਸੱਟਾਂ ਦੇ ਨਿਸ਼ਾਨ ਸਨ।ਉਹ ਕਿਸੇ ਪਾਸਿਓਂ ਵੀ ਦੇਖਣ ਵਿੱਚ ਹਾਦਸਾ ਪ੍ਰਤੀਤ ਨਹੀਂ ਹੋ ਰਿਹਾ ਸੀ।ਥਾਣਾ ਤਲਵੰਡੀ ਸਾਬੋ ਦੀ ਪੁਲਿਸ ਨੇ ਅਣਪਛਾਤਿਆਂ 'ਤੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।ਇਹ ਕਾਰਵਾਈ ਮ੍ਰਿਤਕ ਦੇ ਛੋਟੇ ਭਰਾ ਸੇਮ ਲਾਲ ਥਾਪਾ ਦੀ ਸ਼ਿਕਾਇਤ 'ਤੇ ਅਮਲ ਵਿੱਚ ਲਿਆਂਦੀ ਗਈ ਹੈ। ਜਾਣਕਾਰੀ ਅਨੁਸਾਰ 25 ਸਾਲਾ ਮ੍ਰਿਤਕ ਸੰਤੋਸ਼ ਥਾਪਾ ਨੇਪਾਲ ਦਾ ਰਹਿਣ ਵਾਲਾ ਸੀ ਅਤੇ ਪਿਛਲੇ ਕਈ ਸਾਲਾਂ ਤੋਂ ਪਿੰਡ ਲਹਿਰੀ ਦੇ ਬੱਸ ਸਟੈਂਡ ਨੇੜੇ 'ਸੂਰਜ ਚਿਕਨ ਕਾਰਨਰ' ਨਾਂ ਦਾ ਢਾਬਾ ਚਲਾ ਰਿਹਾ ਸੀ। ਪਿਛਲੀ ਵੀਰਵਾਰ ਰਾਤ ਨੂੰ ਅਣਪਛਾਤੇ ਹਮਲਾਵਰਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਉਸ ਦੇ ਸਿਰ 'ਤੇ ਵਾਰ ਕਰਕੇ ਉਸ ਦਾ ਕਤਲ ਕਰ ਦਿੱਤਾ।ਬਾਅਦ ਵਿੱਚ ਉਸ ਦੀ ਲਾਸ਼ ਨੂੰ ਪਿੰਡ ਤੋਂ ਥੋੜੀ ਦੂਰ ਸੜਕ ਦੇ ਕੰਢੇ ਸੁੱਟ ਦਿੱਤਾ ਅਤੇ ਉੱਥੇ ਹੀ ਉਸ ਦਾ ਮੋਟਰਸਾਈਕਲ ਵੀ ਛੱਡ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਮੋਟਰਸਾਈਕਲ ਨੂੰ ਇਸ ਤਰੀਕੇ ਨਾਲ ਰੱਖਿਆ ਗਿਆ ਸੀ ਤਾਂ ਕਿ ਲੋਕਾਂ ਨੂੰ ਲੱਗੇ ਕਿ ਇਹ ਇੱਕ ਸੜਕ ਹਾਦਸਾ ਹੋ ਸਕਦਾ ਹੈ। ਘਟਨਾ ਦੀ ਸੂਚਨਾ ਮਿਲਣ 'ਤੇ ਨੇਪਾਲੀ ਭਾਈਚਾਰੇ ਦੇ ਲੋਕਾਂ ਨੇ ਇਕੱਠੇ ਹੋ ਕੇ ਇਨਸਾਫ਼ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸੰਤੋਸ਼ ਥਾਪਾ ਦੇ ਕਤਲ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ।ਇਸ ਸਬੰਧੀ ਡੀਐਸਪੀ ਤਲਵੰਡੀ ਸਾਬੋ ਰਾਜੇਸ਼ ਸਨੇਹੀ ਨੇ ਦੱਸਿਆ ਕਿ ਪਹਿਲਾਂ ਪੁਲਿਸ ਕੰਟਰੋਲ ਰੂਮ 'ਤੇ ਸੂਚਨਾ ਮਿਲੀ ਸੀ ਕਿ ਇੱਕ ਹਾਦਸਾ ਹੋਇਆ ਹੈ, ਜਿਸ ਤੋਂ ਬਾਅਦ ਸੜਕ ਸੁਰੱਖਿਆ ਪੁਲਿਸ ਟੀਮ ਮੌਕੇ 'ਤੇ ਪਹੁੰਚੀ ਤਾਂ ਦੇਖਿਆ ਕਿ ਇਹ ਕੋਈ ਹਾਦਸਾ ਨਹੀਂ, ਬਲਕਿ ਇੱਕ ਕਤਲ ਸੀ। ਜਿਸ ਤੋਂ ਬਾਅਦ ਥਾਣਾ ਤਲਵੰਡੀ ਸਾਬੋ ਪੁਲਿਸ ਨੇ ਮ੍ਰਿਤਕ ਦੇ ਭਰਾ ਸੇਮ ਲਾਲ ਉਰਫ਼ ਆਕਾਸ਼ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਲੋਕਾਂ ਖਿਲਾਫ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ।

# ਜ਼ਿਲ੍ਹਾ ਸੰਗਰੂਰ ਅਤੇ ਮਾਲੇਰਕੋਟਲਾ ਦੀਆਂ ਅਦਾਲਤਾਂ 'ਚ 13 ਸਤੰਬਰ ਨੂੰ ਲਗੇਗੀ ਕੌਮੀ ਲੋਕ ਅਦਾਲਤ

ਸੰਗਰੂਰ, 2 ਅਗਸਤ (ਹਰਕੰਵਲ ਸਿੰਘ ਹੈਪੀ):ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ (ਨਾਲਸਾ), ਨਵੀਂ ਦਿੱਲੀ ਦੀਆਂ ਹਦਾਇਤਾ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਰਪ੍ਰਸਤੀ ਹੇਠ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਦੇ ਮਾਨਯੋਗ ਚੇਅਰਮੈਨ ਸ੍ਰੀ ਮੁਨੀਸ਼ ਸਿੰਗਲ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਦੀ ਅਗਵਾਈ ਹੇਠ ਜ਼ਿਲ੍ਹਾ ਕੋਰਟ ਕੰਪਲੈਕਸ ਸੰਗਰੂਰ ਅਤੇ ਮਲੇਰਕੋਟਲਾ ਅਤੇ ਸਬ. ਤਹਿਸੀਲ ਕੋਰਟ ਕੰਪਲੈਕਸ ਧੂਰੀ, ਸੁਨਾਮ ਅਤੇ ਮੂਨਕ ਵਿਖੇ ਮਿਤੀ 13 ਸਤੰਬਰ, 2025 ਨੂੰ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਦੇ ਸਕੱਤਰ ਮੈਡਮ ਦਲਜੀਤ ਕੌਰ, ਸਿਵਲ ਜੱਜ (ਸੀਨੀਅਰ ਡਵੀਜ਼ਨ)/ਸੀ.ਜੇ.ਐਮ. ਨੇ ਦੱਸਿਆ ਕਿ ਇਸ ਲੋਕ ਅਦਾਲਤ ਵਿੱਚ ਮਾਨਯੋਗ ਅਦਾਲਤਾਂ ਵਿੱਚ ਪੈਂਡਿੰਗ ਕਰੀਮੀਨਲ ਕੰਪਾਊਂਡੇਬਲ ਕੇਸ, ਬੈਂਕ ਰਿਕਵਰੀ ਕੇਸ, ਐਮ.ਏ.ਸੀ.ਟੀ. ਕੇਸ, ਮੈਟਰੀਮੋਨੀਅਲ, ਲੇਬਰ ਦੇ ਝਗੜੇ, ਲੈਂਡ, ਬਿਜਲੀ ਅਤੇ ਪਾਣੀ ਦੇ ਬਿਲਾਂ, ਪੇਅ ਅਲਾਊਂਸ, ਰੈਵਨਿਊ ਕੇਸ (ਜ਼ਿਲ੍ਹਾ ਅਤੇ ਹਾਈਕੋਰਟ ਕਚਹਿਰੀਆਂ ਵਿੱਚ ਪੈਂਡਿੰਗ) ਆਦਿ ਕੇਸ ਲਗਾਏ ਜਾ ਰਹੇ ਹਨ। ਇਸ ਤੋਂ ਇਲਾਵਾ ਪ੍ਰੀ ਲਿਟੀਗੇਸ਼ਨ ਕੇਸ ਜਿਵੇਂ ਕਿ ਬੈਂਕ ਰਿਕਵਰੀ ਕੇਸ, ਲੇਬਰ ਝਗੜੇ, ਬਿਜਲੀ ਅਤੇ ਪਾਣੀ ਦੇ ਬਿੱਲ ਅਤੇ ਹੋਰ ਆਦਿ ਕੇਸ ਲਗਾਏ ਜਾ ਰਹੇ ਹਨ।

# ਸਕੂਲ ਵਿੱਚ ਗਿਆਨ ਗੰਗਾ ਪ੍ਰਦਰਸ਼ਨੀ ਕਰਵਾਈ



ਭੁੱਚੋ ਮੰਡੀ ਨਥਾਣਾ, 2ਅਗਸਤ (ਹਰਬੰਸ ਸਿੰਘ ਭੋਲਾ): ਸਿਲਵਰ ਓਕਸ ਸਕੂਲ ਰਾਮਪੁਰਾ ਰੋਡ, ਬਠਿੰਡਾ ਵਿਖੇ ਗਿਆਨ ਗੰਗਾ ਪ੍ਰਦਰਸ਼ਨੀ ਦਾ ਆਯੋਜਨ ਕੀਤਾ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੀ ਰਚਨਾਤਮਕਤਾ ਦਾ ਪ੍ਰਦਰਸ਼ਨ ਕੀਤਾ। ਇਸ ਪ੍ਰਦਰਸ਼ਨੀ ਵਿੱਚ, ਵਿਦਿਆਰਥੀਆਂ ਨੇ ਆਪਣੇ ਹੱਥਾਂ ਨਾਲ ਬਣਾਏ ਵੱਖ-ਵੱਖ ਮਾਡਲ ਪ੍ਰਦਰਸ਼ਿਤ ਕੀਤੇ, ਜਿਸ ਨੇ ਮਾਪਿਆਂ ਅਤੇ ਮਹਿਮਾਨਾਂ ਨੂੰ ਮੰਤਰਮੁਗਧ ਕਰ ਦਿੱਤਾ। ਪ੍ਰਦਰਸ਼ਨੀ ਦਾ ਉਦਘਾਟਨ ਗਿਆਂਮੰਥਨ ਦੇ ਡਾਇਰੈਕਟਰ, ਸ਼੍ਰੀਮਤੀ ਬਰਨਿੰਦਰ ਪਾਲ ਸੇਖੋਂ ਅਤੇ ਪ੍ਰਿੰਸੀਪਲ ਸ਼੍ਰੀਮਤੀ ਛਾਇਆ ਵਿਨੋਚਾ ਨੇ ਕੀਤਾ।ਪ੍ਰਦਰਸ਼ਨੀ ਵਿੱਚ ਵੱਖ-ਵੱਖ ਵਿਸ਼ਿਆਂ 'ਤੇ ਆਧਾਰਿਤ ਮਾਡਲ ਪ੍ਰਦਰਸ਼ਿਤ ਕੀਤੇ ਗਏ, ਜਿਨ੍ਹਾਂ ਵਿੱਚ ਵਿਗਿਆਨ, ਕਲਾ ਅਤੇ ਤਕਨਾਲੋਜੀ ਨਾਲ ਸਬੰਧਤ ਮਾਡਲ ਪ੍ਰਮੁੱਖ ਸਨ। ਵਿਦਿਆਰਥੀਆਂ ਨੇ ਆਪਣੇ ਮਾਡਲਾਂ ਰਾਹੀਂ ਵੱਖ-ਵੱਖ ਵਿਗਿਆਨਕ ਸਿਧਾਂਤਾਂ ਅਤੇ ਸਮਾਜਿਕ ਮੁੱਦਿਆਂ ਨੂੰ ਉਜਾਗਰ ਕੀਤਾ। ਪੰਜਾਬੀ ਮਾਡਲ ਆਪਣੀ ਸੱਭਿਆਚਾਰਕ ਅਮੀਰੀ ਲਈ ਵੱਖਰੇ ਸਨ, ਕਿਉਂਕਿ ਵਿਦਿਆਰਥੀਆਂ ਨੇ ਫੁਲਕਾਰੀ, ਚਰਖਾ ਅਤੇ ਹੋਰ ਰਵਾਇਤੀ ਪ੍ਰਤੀਕਾਂ ਵਰਗੇ ਪੰਜਾਬੀ ਵਿਰਾਸਤ ਦੇ ਤੱਤ ਪੇਸ਼ ਕੀਤੇ, ਜੋ ਕਿ ਲਘੂ ਚਿੱਤਰਾਂ ਰਾਹੀਂ ਪੰਜਾਬ ਦੇ ਜੀਵੰਤ ਸੱਭਿਆਚਾਰ ਦੇ ਸਾਰ ਨੂੰ ਸੁੰਦਰਤਾ ਨਾਲ ਪੇਸ਼ ਕਰਦੇ ਹਨ । ਇਹਨਾਂ ਮਾਡਲਾਂ ਨੂੰ ਡੂੰਘੀ ਸੋਚ-ਵਿਚਾਰ ਅਤੇ ਸੱਭਿਆਚਾਰਕ ਵੇਰਵਿਆਂ ਵੱਲ ਧਿਆਨ ਦੇ ਕੇ ਤਿਆਰ ਕੀਤਾ ਗਿਆ ਸੀ, ਜਿਸ ਨਾਲ ਇਹ ਵਿਦਿਅਕ ਅਤੇ ਦ੍ਰਿਸ਼ਟੀਗਤ ਤੌਰ 'ਤੇ ਮਨਮੋਹਕ ਬਣ ਗਏ। ਪ੍ਰਦਰਸ਼ਨੀ ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਵਿਸ਼ਵਾਸ ਅਤੇ ਸਪੱਸ਼ਟ ਢੰਗ ਨਾਲ ਵਿਦਿਆਰਥੀਆਂ ਨੇ ਆਪਣੇ ਮਾਡਲਾਂ ਨੂੰ ਅਧਿਆਪਕਾਂ, ਸਾਥੀਆਂ ਅਤੇ ਵੱਡੀ ਗਿਣਤੀ ਵਿੱਚ ਉਤਸ਼ਾਹੀ ਮਾਪਿਆਂ ਸਮੇਤ ਵਿਭਿੰਨ ਦਰਸ਼ਕਾਂ ਨੂੰ ਸਮਝਾਇਆ । ਮਾਡਲਾਂ ਦੀ ਮੌਲਿਕਤਾ, ਸਪਸ਼ਟਤਾ ਅਤੇ ਸਾਰਥਕਤਾ ਨੇ ਬਹੁਤ ਪ੍ਰਸ਼ੰਸਾ ਪ੍ਰਾਪਤ ਕੀਤੀ, ਜਦੋਂ ਕਿ ਮਾਪੇ ਆਪਣੇ ਬੱਚਿਆਂ ਦੇ ਵਿਕਾਸ, ਰਚਨਾਤਮਕਤਾ ਅਤੇ ਸੰਭਾਵਨਾ ਨੂੰ ਵੇਖਦੇ ਹੋਏ ਮਾਣ ਅਤੇ ਖੁਸ਼ੀ ਨਾਲ ਪ੍ਰਦਰਸ਼ਨੀਆਂ ਵਿੱਚੋਂ ਲੰਘੇ ।

# ਮੋਬਾਈਲ ਟਾਵਰ ਲਗਾਉਣ ਦੇ ਬਹਾਨੇ ਔਰਤ ਨੂੰ ਲਗਾਇਆ ਚੂਨਾ

ਬਠਿੰਡਾ, 2 ਅਗਸਤ (ਦੀਪਕ ਸ਼ਰਮਾ):ਸਾਈਬਰ ਠੱਗਾਂ ਨੇ ਇੱਕ ਔਰਤ ਨੂੰ ਮੋਬਾਈਲ ਟਾਵਰ ਲਗਾਉਣ ਦੇ ਨਾਂ 'ਤੇ 60 ਲੱਖ ਰੁਪਏ ਦਾ ਚੂਨਾ ਲਗਾ ਦਿੱਤਾ। ਠੱਗਾਂ ਨੇ ਆਪਣੇ ਆਪ ਨੂੰ ਮੋਬਾਈਲ ਟਾਵਰ ਕੰਪਨੀ ਦਾ ਚੇਅਰਮੈਨ ਦੱਸ ਕੇ ਔਰਤ ਨੂੰ 20 ਸਾਲ ਦਾ ਕਿਰਾਇਆ ਐਡਵਾਂਸ ਵਿੱਚ ਦੇਣ ਦਾ ਲਾਲਚ ਦਿੱਤਾ ਅਤੇ ਕੰਪਨੀ ਦੀਆਂ ਸ਼ਰਤਾਂ ਦੇ ਨਾਂ 'ਤੇ ਵੱਖ-ਵੱਖ ਕਿਸ਼ਤਾਂ ਵਿੱਚ ਪੈਸੇ ਆਪਣੇ ਖਾਤੇ ਵਿੱਚ ਟਰਾਂਸਫਰ ਕਰਵਾ ਲਏ। ਸ਼ਿਕਾਇਤ ਮਿਲਣ ਤੋਂ ਬਾਅਦ, ਸਾਈਬਰ ਸੈੱਲ ਪੁਲਿਸ ਨੇ ਅਣਪਛਾਤੇ ਲੋਕਾਂ ਖਿਲਾਫ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੂੰ ਸ਼ਿਕਾਇਤ ਦਿੰਦਿਆਂ ਥਾਣਾ ਫੂਲ ਦੇ ਖੇਤਰ ਵਿੱਚ ਰਹਿਣ ਵਾਲੇ ਵਿਅਕਤੀ ਨੇ ਦੱਸਿਆ ਕਿ ਪਿਛਲੇ ਸਾਲ 2024 ਵਿੱਚ ਮਾਰਚ ਅਤੇ ਅਪ੍ਰੈਲ ਮਹੀਨੇ ਦੌਰਾਨ ਉਸਦੀ ਪਤਨੀ ਨੂੰ ਕੁਝ ਫੋਨ ਆਉਣੇ ਸ਼ੁਰੂ ਹੋਏ। ਫੋਨ ਕਰਨ ਵਾਲੇ ਵਿਅਕਤੀ ਨੇ ਆਪਣਾ ਨਾਂ ਵਿਕਾਸ ਜੈਨ ਦੱਸਿਆ ਅਤੇ ਖੁਦ ਨੂੰ ਇੱਕ ਮੋਬਾਈਲ ਟਾਵਰ ਕੰਪਨੀ ਦਾ ਚੇਅਰਮੈਨ ਦੱਸਿਆ। ਕਥਿਤ ਠੱਗ ਨੇ ਉਸਦੀ ਪਤਨੀ ਨੂੰ ਕਿਹਾ ਕਿ ਉਨ੍ਹਾਂ ਦੀ ਕੰਪਨੀ ਨੂੰ ਫੂਲ ਖੇਤਰ ਵਿੱਚ ਮੋਬਾਈਲ ਟਾਵਰ ਲਗਾਉਣ ਲਈ ਜ਼ਮੀਨ ਕਿਰਾਏ 'ਤੇ ਚਾਹੀਦੀ ਹੈ। ਟਾਵਰ ਲਗਾਉਣ ਦਾ ਸਾਰਾ ਖਰਚਾ ਕੰਪਨੀ ਚੁੱਕੇਗੀ ਅਤੇ ਜ਼ਮੀਨ ਦੇ ਮਾਲਕ ਨੂੰ 50,000 ਰੁਪਏ ਪ੍ਰਤੀ ਮਹੀਨਾ ਕਿਰਾਇਆ ਦਿੱਤਾ ਜਾਵੇਗਾ। ਇੰਨਾ ਹੀ ਨਹੀਂ, ਕੰਪਨੀ ਉਸ ਔਰਤ ਨੂੰ 20 ਸਾਲ ਦਾ ਐਡਵਾਂਸ ਕਿਰਾਇਆ ਵੀ ਦੇਵੇਗੀ ਅਤੇ ਉਸਦੇ ਪਰਿਵਾਰ ਦੇ ਇੱਕ ਮੈਂਬਰ ਨੂੰ ਆਪਣੀ ਕੰਪਨੀ ਵਿੱਚ ਨੌਕਰੀ ਵੀ ਦੇਵੇਗੀ। ਪੀੜਤ ਨੇ ਦੱਸਿਆ ਕਿ ਠੱਗ ਨੇ ਉਸਦੀ ਪਤਨੀ ਨੂੰ ਆਪਣੇ ਭਰੋਸੇ ਵਿੱਚ ਲੈ ਕੇ 60 ਲੱਖ ਰੁਪਏ ਆਪਣੇ ਬੈਂਕ ਖਾਤਿਆਂ ਵਿੱਚ ਟਰਾਂਸਫਰ ਕਰਵਾ ਕੇ ਉਨ੍ਹਾਂ ਨਾਲ ਠੱਗੀ ਕੀਤੀ। ਪੁਲਿਸ ਨੇ ਸ਼ਿਕਾਇਤ ਦੇ ਆਧਾਰ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਆਊਟਸੋਰਸ ਵਰਕਰਜ਼ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ

## ਵਿੱਤ ਮੰਤਰੀ ਵੱਲੋਂ ਵਰਤੀ ਸ਼ਬਦਾਵਲੀ ਦੇ ਰੋਸ ਵਜੋਂ ਝੰਡਾ ਮਾਰਚ



ਦਿੜ੍ਹਬਾ ਮੰਡੀ, 2 ਅਗਸਤ ( ਹੈਪੀ): ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਆਊਟਸੋਰਸ ਵਰਕਰਜ਼ ਯੂਨੀਅਨ ਵੱਲੋਂ ਵਿਤ ਮੰਤਰੀ ਮੀਟਿੰਗ ਦੌਰਾਨ ਕਥਿਤ ਤੌਰ ਤੇ ਵਰਤੀ ਗਈ ਭੱਦੀ ਸ਼ਬਦਾਵਲੀ ਨੂੰ ਲੈਕੇ ਰੋਸ ਵਜੋਂ ਝੰਡਾ ਮਾਰਚ ਅਤੇ ਅਰਥੀ ਫੂਕ ਮੁਜਾਹਰਾ ਕੀਤਾ ਗਿਆ। ਇਸ ਦੌਰਾਨ ਵੱਡੀ ਗਿਣਤੀ ਵਿਚ ਮੁਲਾਜ਼ਮਾਂ ਵੱਲੋਂ ਸਰਕਾਰ ਖ਼ਲਾਫ਼ ਨਾਅਰੇਬਾਜ਼ੀ ਕਰਦੇ ਹੋਏ ਸ਼ਹਿਰ ਅੰਦਰ ਰੋਸ ਪ੍ਰਦਰਸ਼ਨ ਝੰਡਾ ਮਾਰਚ ਕੀਤਾ ਗਿਆ, ਜੋ ਸ਼ਹਿਰ ਦੇ ਵੱਖ ਵੱਖ ਬਜ਼ਾਰਾਂ ਵਿੱਚੋਂ ਗੁਜਰਦਾ ਹੋਇਆ ਵਿਤ ਮੰਤਰੀ ਦੇ ਦਫ਼ਤਰ ਦੇ ਬਿਲਕੁਲ ਨਜ਼ਦੀਕ ਰੋਸ ਧਰਨਾ ਦਿੱਤਾ ਗਿਆ। ਇਸ ਮੌਕੇ ਵੱਖ ਵੱਖ ਆਗੂਆਂ ਬੁਲਾਰਿਆਂ ਨੇ ਵਿਤ ਮੰਤਰੀ 'ਤੇ ਦੋਸ਼ ਲਾਉਂਦਿਆਂ ਅਤੇ ਦਾਅਵਾ ਕਰਦੇ ਹੋਏ ਕਿਹਾ ਕਿ ਪਿਛਲੇ ਦਿਨੀਂ ਪੰਜਾਬ ਸਰਕਾਰ ਵੱਲੋਂ ਜਥੇਬੰਦੀ ਨੂੰ ਵਿੱਤ ਮੰਤਰੀ ਸਬ ਕਮੇਟੀ ਦੇ ਨਾਲ ਮੀਟਿੰਗ ਦਿੱਤੀ ਗਈ ਸੀ। ਜਦੋਂ ਜਥੇਬੰਦੀ ਦੇ ਆਗੂ ਸਹਿਬਾਨ ਚੰਡੀਗੜ੍ਹ ਪੰਜਾਬ ਭਵਨ ਵਿਖੇ ਮੀਟਿੰਗ ਕਰਨ ਗਏ ਤਾਂ ਵਿੱਤ ਮੰਤਰੀ ਵੱਲੋਂ ਕਥਿਤ ਤੌਰ 'ਤੇ ਭੱਦੀ ਭਾਸ਼ਾ ਵਰਤੇ ਜਾਣ ਦੇ ਦਾਅਵਾ ਕਰਦੇ ਹੋਏ ਦੋਸ਼ ਲਗਾਏ ਗਏ। ਇਸ ਮੌਕੇ ਸੂਬਾ ਪ੍ਰਧਾਨ ਗੁਰਦੇਵ ਸਿੰਘ ਨਿਹੰਗ ਅਤੇ ਹੋਰ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਲੋਕਾਂ ਸਵੇਰੇ ਉਠਕੇ ਗੁਰੂ ਘਰ ਆਦਿ ਸਥਾਨਾਂ 'ਤੇ ਨਤਮਸਤਕ ਹੋਣ ਲਈ ਜਾਂਦੇ ਹਨ, ਪ੍ਰੰਤੂ ਅਸੀਂ ਲੋਕ ਲੋਕਾਂ ਲਈ ਪਾਣੀ ਦੀ ਸਪਲਾਈ ਅਤੇ ਸੀਵਰੇਜ਼ ਦੀ ਸਫਾਈ ਲਈ ਜਾਂਦੇ ਹਾਂ। ਸਰਕਾਰ ਸਾਡੇ ਨਾਲ ਕੀਤੇ ਪੂਰੇ ਕੀਤੇ ਜਾਣ ਦੀ ਬਜਾਏ ਸਾਡੇ ਲੋਕਾਂ ਨਾਲ ਕਥਿਤ ਤੌਰ 'ਤੇ ਭੱਦੀ ਭਾਸ਼ਾ ਦੀ ਵਰਤੋ ਕਰਦੇ ਹੋਏ ਸਾਡੇ ਨਾਲ ਦੁਰਵਿਹਾਰ ਕਰਨ ਰਹੀ ਹੈ ਅਸੀਂ ਕਿਹਾ ਕਿ ਜੇਕਰ ਪੰਜਾਬ ਦੀ ਸਰਕਾਰ ਚਾਹੁੰਦੀ ਹੈ ਕਿ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਆਊਟਸੋਰਸ ਕਾਮੇ ਆਪਣੇ ਹੱਕ ਸਰਕਾਰ ਤੋਂ ਨਾ ਮੰਗਣ ਤਾਂ, ਇਹ ਲੋਕ ਆਪਣੇ ਹੱਕਾਂ ਦੀ ਗੱਲ ਇਸ ਤਰ੍ਹਾਂ ਹੀ ਕਰਨਗੇ । ਇਸ ਮੌਕੇ ਸੂਬਾ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਮੰਡੇਰ, ਜਨਰਲ ਸਕੱਤਰ ਜਗਵੀਰ ਸਿੰਘ, ਸਹਾਇਕ ਸਕੱਤਰ ਮਿਲਖਾ ਸਿੰਘ ਬਰਨਾਲਾ,ਜ਼ਿਲ੍ਹਾ ਪ੍ਰਧਾਨ ਸੰਗਰੂਰ ਤੋਂ ਸ੍ਰੀ ਨਿਵਾਸ ਸ਼ਰਮਾ, ਸ੍ਰੀ ਹਰਦੀਪ ਕੁਮਾਰ ਸ਼ਰਮਾ, ਸੂਬਾ ਕਮੇਟੀ ਮੈਂਬਰ ਬੀਰਾ ਸਿੰਘ ਬਰੇਟਾ, ਸੰਜੂ ਕੁਮਾਰ, ਵਿਨੋਦ ਕੁਮਾਰ ਬਰਨਾਲਾ, ਅਸ਼ੋਕ ਕੁਮਾਰ, ਗੁਰਪ੍ਰੀਤ ਸਿੰਘ ਹੰਡਿਆਇਆ, ਜਗਤਾਰ ਸਿੰਘ ਬਠਿੰਡਾ, ਨਰਿੰਦਰ ਨੰਗਲ, ਗੁਰਜੰਟ ਸਿੰਘ ਉਗਰਾਹਾਂ, ਜਗਸੀਰ ਟਾਹਲੀਆਂ, ਕੁਲਦੀਪ ਸਿੰਘ ਸੰਗਰੂਰ, ਰੂਪ ਸਿੰਘ ਸਮਾਣਾ, ਜਨਰਲ ਸਕੱਤਰ ਹਰਦੇਵ ਸਿੰਘ ਰਾਜਪੁਰਾ, ਜ਼ਿਲ੍ਹਾ ਮਾਨਸਾ ਮੀਤ ਪ੍ਰਧਾਨ ਸੰਜੀਵ ਕੁਮਾਰ, ਵਿਜੇ ਕੁਮਾਰ ਬੁਢਲਾਡਾ, ਰਾਜੇਸ਼ ਕੁਮਾਰ ਮਾਨਸਾ, ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ ਫਿਰੋਜ਼ਪੁਰ, ਸਕੱਤਰ ਗੁਰਦੇਵ ਸਿੰਘ ਸੱਤਪਾਲ ਸਿੰਘ ਮਾਨਸਾ, ਯੋਗੇਸ਼ ਸੈਣੀ ਆਦਿ ਹਾਜ਼ਰ ਸਨ।

# ਬੀਕੇ ਮੀਰਾ ਦੀਦੀ ਨੇ ਕੇਜਰੀਵਾਲ ਤੇ ਭਗਵੰਤ ਮਾਨ ਦੇ ਰੱਖੜੀ ਬੰਨ੍ਹੀ



ਸੁਨਾਮ, ਊਧਮ ਸਿੰਘ ਵਾਲਾ, 2 ਅਗਸਤ( ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ): ਸ਼ਹੀਦ ਊਧਮ ਸਿੰਘ ਜੀ ਦੇ 86ਵੇਂ ਬਲੀਦਾਨ ਦਿਵਸ ਮੌਕੇ ਸੂਬਾ ਪੱਧਰੀ ਸਮਾਗਮ ਵਿੱਚ ਹਿੱਸਾ ਲੈਣ ਸੁਨਾਮ ਪਹੁੰਚੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਬ੍ਰਹਮਾਕੁਮਾਰੀਜ਼ ਕੇਂਦਰ ਸੁਨਾਮ ਦੀ ਇੰਚਾਰਜ ਬੀਕੇ ਮੀਰਾ ਦੀਦੀ ਨੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ , ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਮਨੀਸ਼ ਸਿਸੋਦੀਆ ਦੀ ਮੌਜੂਦਗੀ ਵਿੱਚ ਰੱਖੜੀ ਬੰਨ੍ਹ ਕੇ ਵਿਸ਼ੇਸ਼ ਆਤਮਿਕ ਮੁਲਾਕਾਤ ਕੀਤੀ। ਰੂਹਾਨੀ ਗੱਲਾਂ ਕਰਦਿਆਂ ਰੱਖੜੀ ਬੰਨ੍ਹ ਕੇ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਜਦੋਂ ਮੁੱਖ ਮੰਤਰੀ ਭਗਵੰਤ ਮਾਨ ਜੀ ਨੇ ਮੀਰਾ ਦੀਦੀ ਨੂੰ ਸ਼ਗਨ ਦੇਣਾ ਚਾਹਿਆ ਤਾਂ ਉਨ੍ਹਾਂ ਨੇ ਸ਼ਗਨ ਦੇ ਬਦਲੇ ਆਤਮਿਕ ਵਰਦਾਨ ਮੰਗਿਆ ਅਤੇ ਉਨ੍ਹਾਂ ਨੂੰ ਆਤਮਿਕ ਜੀਵਨ ਵਿੱਚ ਲਾਗੂ ਕਰਨ ਦਾ ਬਚਨ ਹੀ ਸ਼ਗਨ ਵਜੋਂ ਲਿਆ। ਮੀਰਾ ਦੀਦੀ ਨੇ ਆਪਣੇ ਆਸ਼ਰਮ ਦੀਆਂ ਦੀਦੀਆਂ ਵੱਲੋਂ ਬਣਾਈ ਮਿਠਾਈ ਅਤੇ ਆਤਮਿਕ ਤੋਹਫੇ ਵੀ ਭੇਟ ਕੀਤੇ। ਇਸ ਮੌਕੇ ਉਨ੍ਹਾਂ ਨੇ ਮਹਿਮਾਨਾਂ ਨੂੰ ਮਾਊਂਟ ਆਬੂ ਵਿਖੇ ਹੋਣ ਵਾਲੇ ਗਲੋਬਲ ਸਮਿਟ ਵਿੱਚ ਸ਼ਾਮਲ ਹੋਣ ਲਈ ਨਿਮੰਤਰਣ ਵੀ ਦਿੱਤਾ। ਇਸ ਸਮੇਂ ਉਨ੍ਹਾਂ ਦੇ ਨਾਲ ਬੀਕੇ ਮਾਧੁਰੀ ਬਹਿਨ, ਬੀਕੇ ਕੰਚਨ ਬਹਿਨ ਅਤੇ ਵਿਵੇਕ ਗੋਇਲ ਹਾਜ਼ਰ ਸਨ।

# ਮਦਰ ਟੀਚਰ ਇੰਟਰਨੈਸ਼ਨਲ ਸਕੂਲ, ਹੰਡਿਆਇਆ ਵਿੱਚ ਪੂਲ ਪਾਰਟੀ ਅਤੇ ਰੇਨ ਡਾਂਸ ਪਾਰਟੀ ਕਰਵਾਈ

ਬਰਨਾਲਾ, 2 ਅਗਸਤ (ਅਮਨਦੀਪ ਸਿੰਘ): ਮਦਰ ਟੀਚਰ ਇੰਟਰਨੈਸ਼ਨਲ ਸਕੂਲ, ਹੰਡਿਆਇਆ ਵਿੱਚ ਵਿਦਿਆਰਥੀਆਂ ਲਈ ਇੱਕ ਮਨੋਰੰਜਕ ਅਤੇ ਤਾਜ਼ਗੀ ਭਰੀ ਪੂਲ ਪਾਰਟੀ ਅਤੇ ਰੇਨ ਡਾਂਸ ਪਾਰਟੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 'ਤੇ ਵਿਦਿਆਰਥੀਆਂ ਨੇ ਪਾਣੀ ਦੇ ਝਰਨਿਆਂ ਅਤੇ ਰੇਨ ਡਾਂਸ ਦੀਆਂ ਧੁਨਾਂ 'ਤੇ ਨੱਚ ਕੇ ਖੂਬ ਮੌਜ ਮਸਤੀ ਕੀਤੀ। ਸਕੂਲ ਦਾ ਮਕਸਦ ਵਿਦਿਆਰਥੀਆਂ ਨੂੰ ਸਿਰਫ ਪਾਠਕ੍ਰਮਿਕ ਗਿਆਨ ਹੀ ਨਹੀਂ, ਸਗੋਂ ਮਨੋਰੰਜਕ ਅਤੇ ਮਨੋਰੰਜਕ ਗਤੀਵਿਧੀਆਂ ਰਾਹੀਂ ਉਨ੍ਹਾਂ ਦੇ ਸਮੁੱਚੇ ਵਿਕਾਸ ਨੂੰ ਯਕੀਨੀ ਬਣਾਉਣਾ ਹੈ। ਇਸ ਪਾਰਟੀ ਰਾਹੀਂ ਬੱਚਿਆਂ ਨੂੰ ਗਰਮੀ ਤੋਂ ਰਾਹਤ ਮਿਲੀ ਅਤੇ ਉਨ੍ਹਾਂ ਦੇ ਚਿਹਰਿਆਂ ਤੋਂ ਖੁਸ਼ੀ ਝਲਕ ਰਹੀ ਸੀ ਸੀ ਕੋਆਰਡੀਨੇਟਰ ਮੈਡਮ ਭਾਵਨਾ ਨੇ ਕਿਹਾ, "ਬੱਚਿਆਂ ਦੀ ਖੁਸ਼ੀ ਹੀ ਸਾਡੀ ਸਫਲਤਾ ਹੈ। ਅਸੀਂ ਹਮੇਸ਼ਾ ਉਨ੍ਹਾਂ ਲਈ ਅਨੰਦਮਈ ਅਤੇ ਸਿੱਖਣਯੋਗ ਮਾਹੌਲ ਬਣਾਉਂਦੇ ਰਹਾਂਗੇ। ਸਕੂਲ ਪ੍ਰਿੰਸੀਪਲ ਸਰਬਜੀਤ ਕੌਰ ਸਰਾਂ ਨੇ ਕਿਹਾ, "ਮੈਂ ਬਹੁਤ ਖੁਸ਼ ਹਾਂ ਕਿ ਅਸੀਂ ਆਪਣੇ ਵਿਦਿਆਰਥੀਆਂ ਲਈ ਇਸ ਤਰ੍ਹਾਂ ਦੀ ਮਨੋਰੰਜਕ ਅਤੇ ਤਾਜ਼ਗੀਦਾਇਕ ਗਤੀਵਿਧੀ ਦਾ ਆਯੋਜਨ ਕਰ ਸਕੇ। ਅਜਿਹੀਆਂ ਗਤੀਵਿਧੀਆਂ ਨਾ ਸਿਰਫ਼ ਬੱਚਿਆਂ ਦੇ ਮਨ ਨੂੰ ਤਰੋਤਾਜ਼ਾ ਕਰਦੀਆਂ ਹਨ, ਸਗੋਂ ਉਨ੍ਹਾਂ ਵਿੱਚ ਸਹਿਯੋਗ, ਮੇਲ-ਜੋਲ ਅਤੇ ਖੁਸ਼ ਰਹਿਣ ਦੀਆਂ ਆਦਤਾਂ ਵੀ ਪੈਦਾ ਕਰਦੀਆਂ ਹਨ।" ਮੈਂ ਆਪਣੇ ਸਾਰੇ ਸਟਾਫ ਅਤੇ ਕੋਆਰਡੀਨੇਟਰ ਦਾ ਧੰਨਵਾਦ ਕਰਦੀ ਹਾਂ ਜੋ ਇਸ ਸਮਾਗਮ ਦੀ ਸਫਲਤਾ ਵਿੱਚ ਪੂਰੀ ਤਨ ਮਨ ਨਾਲ ਜੁਟੇ। ਅਸੀਂ ਭਵਿੱਖ ਵਿੱਚ ਵੀ ਇਨ੍ਹਾਂ ਗਤੀਵਿਧੀਆਂ ਰਾਹੀਂ ਬੱਚਿਆਂ ਦਾ ਉਤਸ਼ਾਹ ਵਧਾਉਂਦੇ ਰਹਾਂਗੇ।



# ਡੀਜੀਟਲ ਵੈੱਲਨੈੱਸ ਵੱਲ ਵਾਈਐਸ ਪਬਲਿਕ ਸਕੂਲ 'ਚ ਵਰਕਸ਼ਾਪ



ਬਰਨਾਲਾ, 2 ਅਗਸਤ (ਕਪਿਲ): ਵਾਈਐਸ ਪਬਲਿਕ ਸਕੂਲ, ਹੰਡਿਆਇਆ ਵੱਲੋਂ ਜਮਾਤ 3 ਤੋਂ 5 ਦੇ ਵਿਦਿਆਰਥੀਆਂ ਲਈ "ਸਕਰੀਨ ਦੀ ਆਦਤ ਛੱਡੋ"ਨਾਂਅ ਦੀ ਇੱਕ ਪ੍ਰਭਾਵਸ਼ਾਲੀ ਵਰਕਸ਼ਾਪ ਕਰਵਾਈ ਗਈ, ਜਿਸ ਰਾਹੀਂ ਵਿਦਿਆਰਥੀਆਂ ਨੂੰ ਸਿਹਤਮੰਦ ਜੀਵਨ ਸ਼ੈਲੀ ਵੱਲ ਉਤਸ਼ਾਹਿਤ ਕੀਤਾ ਗਿਆ। ਇਸ ਵਰਕਸ਼ਾਪ ਦੌਰਾਨ ਵਿਦਿਆਰਥੀਆਂ ਨੂੰ ਵੱਧ ਸਕਰੀਨ ਦੇ ਸਮੇਂ ਦੇ ਅੱਖਾਂ, ਪੋਸਚਰ, ਨੀਂਦ ਅਤੇ ਸਮਾਜਿਕ ਹੁਨਰਾਂ ਉੱਤੇ ਪੈਣ ਵਾਲੇ ਨਕਾਰਾਤਮਕ ਅਸਰਾਂ ਬਾਰੇ ਜਾਣੂ ਕਰਵਾਇਆ ਗਿਆ। ਉਨ੍ਹਾਂ ਨੂੰ ਪੜ੍ਹਾਈ, ਲਿਖਾਈ, ਸਾਈਕਲਿੰਗ, ਬਾਹਰਲੀਆਂ ਖੇਡਾਂ ਅਤੇ ਬੋਰਡ ਗੇਮਾਂ ਵਰਗੀਆਂ ਸਕਰੀਨ-ਮੁਕਤ ਗਤੀਵਿਧੀਆਂ ਅਪਣਾਉਣ ਲਈ ਉਤਸ਼ਾਹਿਤ ਕੀਤਾ ਗਿਆ। ਪ੍ਰਿੰਸੀਪਲ ਮੋਹਿਤ ਜਿੰਦਲ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ "ਵਾਈਐਸ ਪਬਲਿਕ ਸਕੂਲ ਵਿੱਚ ਅਸੀਂ ਸਿਰਫ ਕਿਤਾਬੀ ਗਿਆਨ ਤੱਕ ਸੀਮਿਤ ਨਹੀਂ ਰਹਿੰਦੇ। ਅਸੀਂ ਵਿਦਿਆਰਥੀਆਂ ਨੂੰ ਜੀਵਨ ਨਾਲ ਜੁੜੇ ਅਸਲ ਪਾਠ ਵੀ ਪੜ੍ਹਾਉਂਦੇ ਹਾਂ। ਗੁਣਵੱਤਾ ਪੂਰਨ ਅਕਾਦਮਿਕ ਦੇ ਨਾਲ-ਨਾਲ ਉਨ੍ਹਾਂ ਵਿੱਚ ਸਿਹਤਮੰਦ ਆਦਤਾਂ ਵਿਕਸਿਤ ਕਰਨਾ ਸਾਡੀ ਜ਼ਿੰਮੇਵਾਰੀ ਹੈ, ਜਿਸ ਨੂੰ ਅਸੀਂ ਪੂਰੀ ਲਗਨ ਨਾਲ ਨਿਭਾਉਂਦੇ ਹਾਂ।"ਇਹ ਪਹਿਲ ਵਾਈਐਸ ਪਬਲਿਕ ਸਕੂਲ ਦੀ ਹੋਲਿਸਟਿਕ ਵਿਕਾਸ ਵੱਲ ਦਿੱਲੀ ਸੰਕਲਪ ਨੂੰ ਦਰਸਾਉਂਦੀ ਹੈ, ਜਿੱਥੇ ਵਿਦਿਅਕ ਉਤਕ੍ਰਿਸ਼ਟਤਾ ਅਤੇ ਚੇਤਨ ਜੀਵਨਸ਼ੈਲੀ ਨਾਲ-ਨਾਲ ਚਲਦੇ ਹਨ।

# ਹੈਲਪਿੰਗ ਹੈਪਲੈੱਸ ਨੇ ਪੌਦੇ ਲਗਾ ਕੇ ਵਾਤਾਵਰਨ ਨੂੰ ਬਚਾਉਣ ਦਾ ਸੁਨੇਹਾ ਦਿੱਤਾ



ਤਪਾ ਮੰਡੀ 2 ਅਗਸਤ (ਭੂਸ਼ਨ ਘੜੈਲਾ):ਪਿੰਡ ਰੁੜੇਕੇ ਕਲਾਂ ਦੇ ਗੁਰਦੁਆਰਾ ਗੁਰੂਸਰ ਸਾਹਿਬ ਵਿਖੇ ਸਮਾਜ ਸੇਵੀ ਸੰਸਥਾ ਹੈਲਪਿੰਗ ਹੈਪਲੈੱਸ ਦੀ ਸੰਚਾਲਕ ਬੀਬੀ ਅਮਨਜੋਤ ਕੌਰ ਰਾਮੂੰਵਾਲੀਆ ਅਤੇ ਉਨ੍ਹਾਂ ਦੀ ਸਮੂਹ ਟੀਮ ਵੱਲੋਂ ਵੱਖ-ਵੱਖ ਥਾਵਾਂ 'ਤੇ ਰੁੱਖ ਲਗਾਏ ਗਏ ਅਤੇ ਲੋਕਾਂ ਨੂੰ ਵਾਤਾਵਰਨ ਨੂੰ ਬਚਾਉਣ ਪ੍ਰਤੀ ਜਾਗਰੂਕ ਕੀਤਾ ਗਿਆ। ਬੀਬੀ ਨੇ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਦੇ ਸੁਨਹਿਰੀ ਭਵਿੱਖ ਲਈ ਵਾਤਾਵਰਨ ਨੂੰ ਬਚਾਉਣਾ ਬਹੁਤ ਹੀ ਜ਼ਰੂਰੀ ਹੈ। ਕਿਉਂਕਿ ਦਿਨ ਬ ਦਿਨ ਗਰਮੀ ਵਧਦੀ ਹੀ ਜਾ ਰਹੀ ਹੈ,ਇਸ ਵਾਰ ਗਰਮੀ ਦਾ ਪਾਰਾ 50 ਡਿਗਰੀ ਦੇ ਕਰੀਬ ਪਹੁੰਚ ਗਿਆ ਹੈ ਤੇ ਮੌਸਮ ਵਿਭਾਗ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਇਸੇ ਤਰ੍ਹਾਂ ਹੀ ਚੱਲਦਾ ਰਿਹਾ ਅਸੀਂ ਰੁੱਖ ਵੱਢਦੇ ਰਹੇ, ਅੱਗੇ ਰੁੱਖ ਨਾ ਲਗਾਏ ਤਾਂ ਉਹ ਦਿਨ ਦੂਰ ਨਹੀਂ ਜਦੋਂ ਪਾਰਾ 60 ਡਿਗਰੀ ਪਾਰ ਕਰ ਜਾਵੇਗਾ, ਜਿੱਥੇ ਜੀਵਨ ਬਤੀਤ ਕਰਨਾ ਵੀ ਮੁਸ਼ਕਿਲ ਹੋ ਜਾਵੇਗਾ,ਬਾਰਿਸ਼ ਵੀ ਨਾ ਮਾਤਰ ਹੋਵੇਗੀ ਤੇ ਸਾਡੀ ਹਰੀ ਭਰੀ ਦਿਸਣ ਵਾਲੀ ਜਮੀਨ ਵੀ ਬੰਜਰ ਰੂਪ ਧਾਰਨ ਕਰ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਰੁੱਖ ਲਗਾਉਣ ਵੱਲ ਨੂੰ ਫਿਕਰਮੰਦ ਨਾ ਹੋਏ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਡੀ ਹਰੀ ਭਰੀ ਦਿਖਣ ਵਾਲੀ ਖੁਸ਼ਹਾਲ ਜਮੀਨ ਰੇਗਿਸਤਾਨ ਵਿੱਚ ਤਬਦੀਲ ਹੋ ਜਾਵੇਗੀ। ਉਨ੍ਹਾਂ ਨੇ ਆਪਣੀ ਸਮੂਹ ਟੀਮ ਨਾਲ ਮਿਲ ਕੇ ਰੁੱਖ ਲਗਾਏ ਅਤੇ ਸਾਰਿਆਂ ਤੋਂ ਇੱਕ ਪ੍ਰਣ ਲਿਆ ਕਿ ਇਸ ਸਾਲ ਹਰ ਇੱਕ ਬੰਦਾ ਆਪਣੇ ਘਰ ਵਿੱਚ,ਆਪਣੇ ਖੇਤ ਵਿੱਚ ਜਾਂ ਆਪਣੇ ਆਲੇ ਦੁਆਲੇ ਦੇ ਰੁੱਖ ਜ਼ਰੂਰ ਲਗਾਵੇਗਾ , ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਦਾ ਜੀਵਨ ਸੁਖਾਲਾ ਹੋ ਸਕੇ ਅਤੇ ਧਰਤੀ ਉੱਤੇ ਵਰਖਾ ਚੱਕਰ ਬਣਿਆ ਰਹੇ ,ਜਿਸ ਨਾਲ ਜ਼ਮੀਨ ਵੀ ਖੁਸ਼ਹਾਲ ਅਤੇ ਉਪਜਾਊ ਬਣੀ ਰਹੇਗੀ। ਇਸ ਮੌਕੇ ਬਾਬਾ ਜਗਤਾਰ ਸਿੰਘ , ਰਵਿੰਦਰ ਸਿੰਘ ਪੰਜਾਬ ਪੁਲਿਸ, ਹਰਚਰਨ ਸਿੰਘ, ਐਡਵੋਕੇਟ ਹਰਪਿੰਦਰ ਸਿੰਘ ਆਦਿ ਮੌਜੂਦ ਸਨ।

# ਹਾਦਸਿਆਂ ਨੂੰ ਸੱਦਾ ਦੇ ਰਹੇ ਨੇ ਧਨੌਲਾ ਦੀਆਂ ਸੜਕਾਂ 'ਤੇ ਫਿਰਦੇ ਆਵਾਰਾ ਪਸ਼ੂ ਪ੍ਰਸ਼ਾਸਨ ਬੇਖ਼ਬਰ

ਧਨੌਲਾ, 2 ਅਗਸਤ (ਚਮਕੌਰ ਸਿੰਘ ਗੱਗੀ): ਸਥਾਨਕ ਨਗਰ ਧਨੌਲਾ ਦੀਆਂ ਸੜਕਾਂ 'ਤੇ ਗਲੀ ਗਲੀ ਜਗ੍ਹਾ-ਜਗ੍ਹਾ ਫਿਰ ਰਹੇ ਆਵਾਰਾ ਪਸ਼ੂਆਂ ਕਾਰਨ ਹਮੇਸ਼ਾ ਕਾਰਨ ਹਾਦਸਿਆਂ ਦਾ ਡਰ ਰਹਿੰਦਾ, ਜਿੱਥੇ ਆਵਾਰਾ ਪਸ਼ੂਆਂ ਕਾਰਨ ਸੜਕੀ ਹਾਦਸੇ ਹੋ ਰਹੇ ਹਨ, ਉਥੇ ਧਨੌਲਾ ਦੇ ਦੁਕਾਨਦਾਰ ਵੀ ਇਹਨਾਂ ਦੇ ਨਾਲ ਹੋ ਰਹੇ ਨੁਕਸਾਨ ਝੱਲ ਰਹੇ ਹਨ, ਇਹਨਾ ਅਵਾਰਾ ਪਸ਼ੂਆਂ ਦੇ ਹੱਲ ਲਈ ਪ੍ਰਸ਼ਾਸਨ ਦਾ ਕੋਈ ਧਿਆਨ ਨਹੀਂ, ਸੜਕਾਂ 'ਤੇ ਗੋਵੰਸ਼ਾਂ ਦੇ ਘੁੰਮਣ ਨਾਲ ਲੋਕ ਪਰੇਸ਼ਾਨ ਹੋ ਰਹੇ ਹਨ। ਸ਼ਹਿਰ ਦਾ ਮੁੱਖ ਮਾਰਗ ਹੋਵੇ ਜਾਂ ਮੋਹੱਲੇ ਦੀਆਂ ਗਲੀਆਂ, ਹਰ ਜਗ੍ਹਾ ਆਵਾਰਾ ਪਸ਼ੂ ਘੁੰਮਦੇ ਨਜ਼ਰ ਆਉਂਦੇ ਹਨ। ਇਨ੍ਹਾਂ ਦੀ ਲੜਾਈ ਵਿੱਚ ਕਈ ਵਾਰੀ ਰਾਹਗਿਰ ਵੀ ਲਪੇਟ ਵਿੱਚ ਆ ਜਾਂਦੇ ਹਨ, ਭਾਵੇਂ ਸਰਕਾਰ ਬਿਜਲੀ ਦੇ ਬਿੱਲ, ਸ਼ਰਾਬ ਦੀ ਵਿਕਰੀ, ਸਮੇਤ ਹੋਰ ਵੱਖ ਵੱਖ ਵਿਭਾਗਾਂ ਵਿੱਚ ਗਊ ਟੈਕਸ ਰਾਹੀਂ ਲੱਖਾਂ ਰੁਪਏ ਹਾਸਲ ਕੀਤੇ ਜਾ ਰਹੇ ਹਨ, ਪਰ ਉਹ ਪੈਸਾ ਇਹਨਾ ਦੀ ਸਾਂਭ ਸੰਭਾਲ 'ਤੇ ਨਹੀਂ ਲੱਗ ਰਿਹਾ,ਸ਼ਹਿਰ ਵਿੱਚ ਦੋ ਨਿੱਜੀ ਅਤੇ ਤੀਜੀ ਪੁਰਾਣੀ ਗੋਸ਼ਾਲਾ ਵੀ ਬਣੀਆਂ ਹੋਈਆਂ ਹਨ। ਗੋਸ਼ਾਲਾ ਦੇ ਪ੍ਰਧਾਨ ਜੀਵਨ ਬਾਂਸਲ ਨੇ ਕਿਹਾ ਕਿ ਇੱਥੇ ਸਮਰੱਥਾ 800 ਗੋਵੰਸ਼ ਰੱਖਣ ਦੀ ਹੈ ਅਤੇ ਇਹ ਗੋਸ਼ਾਲਾ ਲੋਕਾਂ ਦੇ ਸਹਿਯੋਗ ਨਾਲ ਚਲਾਈ ਜਾਂਦੀ ਹੈ, ਪੰਜਾਬ ਸਰਕਾਰ ਦੁਆਰਾ ਸਾਨੂੰ ਕੋਈ ਸਹਾਇਤਾ ਉਪਲੱਬਧ ਨਹੀਂ ਕਰਾਈ ਜਾਂਦੀ ਜਦੋਂ ਕਿ ਦੂਜੇ ਸੂਬੇ ਦੀਆਂ ਸਰਕਾਰਾਂ ਗਊਸ਼ਾਲਾਵਾਂ ਦੀ ਮਾਲੀ ਮਦਦ ਕਰਦੀਆਂ ਹਨ। ਸਮਾਜ ਸੇਵੀ ਸਨੀ ਸਦਿਔੜਾ ਅਤੇ ਸੰਜੀਵ ਕੁਮਾਰ ਕਾਲੀ ਨੇ ਦੱਸਿਆ ਕਿ ਧਨੌਲਾ ਵਿੱਚ ਦਹਾਕਿਆਂ ਤੋਂ ਮਹੀਨੇ ਵਿੱਚ ਦੋ ਵਾਰ ਚੱਲ ਰਹੇ ਪਸ਼ੂ ਮੇਲੇ ਵਿੱਚ ਪਹੁੰਚੇ ਵਪਾਰੀਆਂ ਦੁਆਰਾ ਧਨੌਲਾ ਵਿੱਚ ਅਵਾਰਾ ਪਸ਼ੂਆਂ ਨੂੰ ਵੱਡੀ ਗਿਣਤੀ ਵਿੱਚ ਛੱਡਿਆ ਜਾਂਦਾ ਹੈ, ਜਿਸਨੂੰ ਪ੍ਰਸ਼ਾਸਨ ਸਖਤੀ ਕਰ ਰੋਕ ਸਕਦਾ ਹੈ ਪਰ ਉਹ ਇਸ ਮੁੱਦੇ ਲਈ ਗੰਭੀਰ ਨਹੀਂ ਹੈ। ਇਸ ਕਾਰਨ ਹੀ ਅੱਜ ਸੈਂਕੜੇ ਦੀ ਸੰਖਿਆ ਵਿੱਚ ਗੋਵੰਸ਼ ਸੜਕਾਂ 'ਤੇ ਘੁੰਮ ਰਹੇ ਹਨ। ਗੌਰਤਲਬ ਹੈ ਕਿ ਜ਼ਿਲ੍ਹਾ ਬਰਨਾਲਾ ਦੇ ਪਿੰਡ ਮਨਾਲ ਵਿੱਚ ਬਹੁਤ ਵੱਡੀ ਕਈ ਏਕੜ ਜ਼ਮੀਨ ਵਿੱਚ ਸਰਕਾਰੀ ਗਊਸ਼ਾਲਾ ਬਣੀ ਹੋਈ ਹੈ ਅਤੇ ਇਸ ਲਈ ਗੋ ਸੈਸ ਟੈਕਤਸ ਵੀ ਲੋਕਾਂ ਤੋਂ ਵਸੂਲਿਆ ਜਾਂਦਾ ਹੈ ਪਰ ਸਰਕਾਰ ਦਾ ਕੋਈ ਧਿਆਨ ਨਹੀਂ ਹੈ, ਜਦੋਂ ਇਸ ਸਬੰਧੀ ਜਾਣਕਾਰੀ ਲਈ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਨੂੰ ਫੋਨ ਕੀਤਾ ਤਾਂ ਉਹਨਾਂ ਫੋਨ ਨਹੀਂ ਚੁੱਕਿਆ।



# ਐਸ.ਬੀ.ਐਸ. ਪਬਲਿਕ ਸਕੂਲ ਵਿਖੇ ਬੱਚਿਆਂ ਦੀ ਤ੍ਰਿਕੋਣਮਿਤੀ ਸੰਬੰਧੀ ਗਤੀਵਿਧੀ ਕਰਵਾਈ



ਬਰਨਾਲਾ, 2 ਅਗਸਤ (ਹਿਮਾਂਸ਼ੂ ਗਰਗ): ਤ੍ਰਿਕੋਣਮਿਤੀ ਦੇ ਅਜਿਹੇ ਹੈਰਾਨੀਜਨਕ ਨਤੀਜੇ ਦਿਖਾਉਣ ਲਈ ਐਸ ਬੀ ਐਸ ਪਬਲਿਕ ਸਕੂਲ ਸੁਰਜੀਤਪੁਰਾ ਵਿਖੇ ਅਧਿਆਪਕ ਸੁਖਦੀਪ ਸਿੰਘ ਵੱਲੋਂ ਦਸਵੀਂ ਕਲਾਸ ਦੇ ਬੱਚਿਆਂ ਦੀ ਗਤੀਵਿਧੀ ਕਰਵਾਈ ਗਈ। ਅਧਿਆਪਕ ਵੱਲੋਂ ਸਿੱਖਿਆਂ ਨੂੰ ਥਿਊਰੀ ਤੋ ਹਕੀਕਤ ਨਾਲ ਜੋੜਨ ਲਈ ਸਕੂਲ ਦੇ ਮੈਦਾਨ ਵਿੱਚ ਤ੍ਰਿਕੋਣਮਿਤੀ ਰਾਹੀ ਕਿਸੇ ਵੀ ਦਰੱਖਤ, ਮਕਾਨ, ਟਾਵਰ ਆਦਿ ਦੀ ਉਚਾਈ ਮਾਪਣ ਦੀ ਸਿਖਲਾਈ ਦਿੱਤੀ।,ਜਿਸ ਵਿੱਚ ਬੱਚਿਆਂ ਨੇ ਤ੍ਰਿਕੋਣਮਿਤੀ ਦੇ ਸਿਧਾਂਤਾਂ ਦੀ ਵਰਤੋ ਕਰਕੇ ਮੈਦਾਨ ਦੇ ਵੱਖ-ਵੱਖ ਦਰੱਖਤਾਂ ਅਤੇ ਸਕੂਲ ਬਿਲਡਿੰਗ ਦੀ ਉਚਾਈ ਦਾ ਅੰਦਾਜ਼ਾ ਲਗਾਇਆ। ਬੱਚਿਆਂ ਨੇ ਪਹਿਲਾਂ ਜਮੀਨੀ ਪੱਧਰ ਤੋਂ ਦਰੱਖਤ ਦੀ ਸਿਖਰਤਾਂ ਦਾ ਝੁਕਾਅ ਕੋਣ (ਐਂਗਲ ਆਫ ਐਲੀਵੇਸ਼ਨ) ਮਾਪਿਆ, ਫਿਰ ਦਰੱਖਤ ਦੀ ਦੂਰੀ ਮਾਪ ਕੇ ਤ੍ਰਿਕੋਣਮਿਤੀ ਦਾ ਸਿਧਾਤ ਅਨੁਸਾਰ ਦੂਰੀ ਨੂੰ ਟੈਨ (ਝੁਕਾਅ ਕੋਣ) ਨਾਲ ਗੁਣਾ ਕਰਕੇ ਦਰੱਖਤ ਦੀ ਲਗਭਗ ਉਚਾਈ ਦੀ ਗਣਨਾ ਕੀਤੀ। ਸਕੂਲ ਪ੍ਰਿੰਸੀਪਲ ਕਮਲਜੀਤ ਕੌਰ ਅਤੇ ਵਾਈਸ ਪ੍ਰਿੰਸੀਪਲ ਡਾ. ਸੰਜੇ ਕੁਮਾਰ ਨੇ ਦੱਸਿਆ ਕਿ ਕਿਤਾਬੀ ਪੜ੍ਹਾਈ ਦੇ ਨਾਲ ਗਤੀਵਿਧੀਆਂ ਦਾ ਬਹੁਤ ਮਹੱਤਵ ਹੈ।

# ਲਾਲਾ ਅਮਰਨਾਥ ਬਾਂਸਲ ਦੀ ਪੰਜਵੀਂ ਬਰਸੀ ਮੌਕੇ ਲਗਾਇਆ ਭੰਡਾਰਾ ਅਤੇ ਵੰਡੇ ਗਏ ਬੂਟੇ



ਬਰਨਾਲਾ, 2 ਅਗਸਤ (ਸੁਖਵਿੰਦਰ ਸਿੰਘ ਭੰਡਾਰੀ); ਸਮਾਜ ਸੇਵੀ ਘਨਸ਼ਿਆਮ ਦਾਸ ਬਾਂਸਲ ਅਤੇ ਆਸਥਾ ਇਨਕਲੇਵ ਦੇ ਐਮ ਡੀ ਦੀਪਕ ਸੋਨੀ ਬਾਂਸਲ ਦੇ ਸਵ: ਪਿਤਾ ਲਾਲਾ ਅਮਰਨਾਥ ਦੀ ਪੰਜਵੀਂ ਬਰਸੀ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਇਸ ਮੌਕੇ ਸਵਰਗੀ ਲਾਲਾ ਅਮਰਨਾਥ ਬਾਂਸਲ ਦੀ ਨਿੱਘੀ ਅਤੇ ਮਿੱਠੀ ਯਾਦ ਚ ਲਗਭਗ 5 ਹਜ਼ਾਰ ਬੂਟੇ ਵੰਡੇ ਗਏ ਅਤੇ ਸਵੇਰ ਤੋਂ ਸ਼ਾਮ ਤੱਕ ਅਤੁੱਟ ਭੰਡਾਰਾ ਵੀ ਵਰਤਾਇਆ ਗਿਆ। ਇਸ ਦੌਰਾਨ ਪੰਡਿਤ ਸ਼ਿਵ ਕੁਮਾਰ ਗੌੜ ਅਤੇ ਸੁਆਮੀ ਅੰਮ੍ਰਿਤਾ ਨੰਦ ਝਲੂਰ ਵਾਲੀ ਕੁਟੀਆ ਧਾਮ ਵਾਲਿਆਂ ਨੇ ਬੋਲਦਿਆਂ ਕਿਹਾ ਕਿ ਸਵਰਗੀ ਲਾਲਾ ਅਮਰਨਾਥ ਪਰਮਾਤਮਾ ਨੂੰ ਮੰਨਣ ਅਤੇ ਲੋੜਵੰਦਾਂ ਦੀ ਸਹਾਇਤਾ ਕਰਨ ਵਾਲੇ ਸਨ। ਉਨ੍ਹਾਂ ਆਪਣੇ ਬੱਚਿਆਂ ਨੂੰ ਚੰਗੇ ਸੰਸਕਾਰ ਦਿੱਤੇ। ਉਨ੍ਹਾਂ ਹਮੇਸ਼ਾ ਗਊਆਂ ਦੀ ਸਾਂਭ ਸੰਭਾਲ ਅਤੇ ਵਾਤਾਵਰਨ ਦੀ ਸ਼ੁੱਧਤਾ ਲਈ ਅਣਥੱਕ ਯਤਨ ਕੀਤੇ । ਇਸ ਦੌਰਾਨ ਸੁਆਮੀ ਰਾਮ ਜੀ ਝਲੂਰ ਵਾਲੇ ਅਤੇ ਪੰਡਿਤ ਰਾਕੇਸ਼ ਕੁਮਾਰ ਗੌੜ ਨੇ ਸਵਰਗੀ ਲਾਲਾ ਅਮਰਨਾਥ ਬਾਂਸਲ ਨੂੰ ਪੁਸਪਾਂਜਲੀ ਭੇਂਟ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਬੇਟੇ ਘਨਸ਼ਿਆਮ ਦਾਸ ਬਾਂਸਲ ਅਤੇ ਸੋਨੀ ਆਸਥਾ ਵਾਲੇ ਨੇ ਆਪਣੇ ਸਵਰਗੀ ਪਿਤਾ ਜੀ ਵੱਲੋਂ ਦਿੱਤੇ ਸੰਸਕਾਰਾਂ ਨੂੰ ਆਪਣੀ ਜੀਵਨ ਸ਼ੈਲੀ ਦਾ ਆਧਾਰ ਬਣਾਉਂਦਿਆਂ ਸਮਾਜ ਨੂੰ ਨਸ਼ਿਆਂ ਤੋਂ ਦੂਰ ਕਰਨ, ਲੋੜਵੰਦਾਂ ਦੀ ਸਹਾਇਤਾ ਕਰਨ, ਔਰਤਾਂ ਦੇ ਸਸ਼ਕਤੀਕਰਨ ਲਈ ਅਤੇ ਧਾਰਮਿਕ ਕੰਮਾਂ ਲਈ ਪੂਰਾ ਸਹਿਯੋਗ ਦੇ ਰਹੇ ਹਨ। ਇਸ ਮੌਕੇ ਸ਼ਹਿਰ ਦੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਤੋਂ ਬਿਨਾਂ ਭਾਰੀ ਗਿਣਤੀ ਵਿੱਚ ਪੱਤਵੰਤੇ ਸੱਜਣਾਂ ਨੇ ਪਹੁੰਚ ਕੇ ਸਵਰਗੀ ਲਾਲਾ ਅਮਰਨਾਥ ਬਾਂਸਲ ਨੂੰ ਪੁਸ਼ਪਾਂਜਲੀ ਅਰਪਿਤ ਕਰਕੇ ਯਾਦ ਕੀਤਾ। ਇਸ ਦੌਰਾਨ ਬਸੰਤ ਕੁਮਾਰ ਗੀਤਾ ਭਵਨ ਵਾਲੇ, ਮਾਸਟਰ ਕਾਂਤੀ ਸਰੂਪ, ਰਾਜੇਸ਼ ਭੁਟਾਨੀ, ਸੁਖਵਿੰਦਰ ਸਿੰਘ ਭੰਡਾਰੀ, ਰਵੀ ਬਾਂਸਲ, ਰਾਜੇਸ਼ ਕਾਂਸਲ, ਰਾਕੇਸ਼ ਜਿੰਦਲ, ਹਰਵਿੰਦਰ ਸਿੰਘ ਰਾਜੀ ਕੋਲਡ ਸਟੋਰ ਵਾਲੇ, ਐਡਵੋਕੇਟ ਜੀਵਨ ਮੋਦੀ, ਤੇਜ ਕੁਮਾਰ ਤੇਜੀ ਪਟਵਾਰੀ, ਭਾਰਤ ਮੋਦੀ, ਸੁਪਰਡੈਂਟ ਯਸ਼ਪਾਲ ਸ਼ਰਮਾ, ਸੋਮਨਾਥ ਸਹੌਰੀਆ, ਸੋਨੂੰ ਪੇਂਟ ਵਾਲੇ ਆਦਿ ਤੋਂ ਇਲਾਵਾ ਬੂਟੇ ਲੈਣ ਲਈ ਭਾਰੀ ਗਿਣਤੀ ਵਿੱਚ ਵਾਤਾਵਰਨ ਪ੍ਰੇਮੀ ਪਹੁੰਚੇ ਹੋਏ ਸਨ।

# ਯੁੱਧ ਨਸ਼ਿਆਂ ਵਿਰੁੱਧ ਤਹਿਤ, 8 ਦੋਸ਼ੀ ਗ੍ਰਿਫਤਾਰ, 7 ਕੇਸ ਦਰਜ

ਬਰਨਾਲਾ, 2 ਅਗਸਤ (ਬਘੇਲ ਸਿੰਘ ਧਾਲੀਵਾਲ/ਹਿਮਾਂਸ਼ੂ ਗਰਗ): ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਬਰਨਾਲਾ ਪੁਲਿਸ ਵੱਲੋਂ ਚੈਕਿੰਗ ਮੁਹਿੰਮ ਚਲਾਈ ਗਈ। ਸੀਨੀਅਰ ਕਪਤਾਨ ਪੁਲਿਸ ਬਰਨਾਲਾ ਸ੍ਰੀ ਮੁਹੰਮਦ ਸਰਫਰਾਜ ਆਲਮ ਅਤੇ ਅਸ਼ੋਕ ਕੁਮਾਰ ਕਪਤਾਨ ਪੁਲਿਸ (ਇੰਨ) ਬਰਨਾਲਾ ਦੇ ਦਿਸਾ-ਨਿਰਦੇਸ਼ਾਂ ਹੇਠ ਇਹ ਕਾਸੋ ਆਪਰੇਸ਼ਨ ਕੀਤਾ ਗਿਆ। ਇਸ ਚੈਕਿੰਗ ਦੌਰਾਨ ਉਪ ਕਪਤਾਨ ਪੁਲਿਸ ਸਬ ਡਵੀਜਨ ਬਰਨਾਲਾ ਸਤਵੀਰ ਸਿੰਘ ਬੈਂਸ, ਉਪ ਕਪਤਾਨ ਪੁਲਿਸ ਸਬ ਡਵੀਜਨ ਤਪਾ ਗੁਰਬਿੰਦਰ ਸਿੰਘ ਅਤੇ ਉਪ ਕਪਤਾਨ ਪੁਲਿਸ ਸਬ ਡਵੀਜਨ ਮਹਿਲ ਕਲਾਂ ਜਤਿੰਦਰਪਾਲ ਸਿੰਘ ਦੀ ਅਗਵਾਈ ਹੇਠ ਹੋਰ ਅਧਿਕਾਰੀਆਂ ਤੇ ਥਾਣਾ ਪ੍ਰਧਾਨਾਂ ਨੇ ਹਾਟ ਸਪਾਟ ਖੇਤਰਾਂ 'ਚ ਨਸ਼ਾ ਵਿਰੋਧੀ ਟੀਮਾਂ ਨਾਲ ਮਿਲ ਕੇ ਚੈਕਿੰਗ ਕੀਤੀ।ਇਸ ਚੈਕਿੰਗ ਦੌਰਾਨ ਐਨ.ਡੀ.ਪੀ.ਐਸ. ਐਕਟ ਤਹਿਤ 07 ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਵਿਰੁੱਧ 6 ਮਾਮਲੇ ਦਰਜ ਕੀਤੇ ਗਏ ਹਨ। ਇਨ੍ਹਾਂ ਦੋਸ਼ੀਆਂ ਕੋਲੋਂ ਨਸ਼ੀਲੀਆਂ ਪਦਾਰਥਾਂ ਦੀ ਬਰਾਮਦਗੀ ਵੀ ਹੋਈ ਹੈ। ਉਨ੍ਹਾਂ 'ਚ ਚਿੱਟਾ, ਨਸ਼ੀਲੀ ਗੋਲੀਆਂ, ਨਸ਼ੀਲਾ ਪਾਊਡਰ ਅਤੇ ਹੋਰ ਨਸ਼ੀਲੇ ਸਮਾਨ ਸ਼ਾਮਲ ਹਨ। ਇਸ ਦੇ ਇਲਾਵਾ ਐਕਸਾਈਜ਼ ਐਕਟ ਤਹਿਤ 1 ਦੋਸ਼ੀ ਨੂੰ ਗ੍ਰਿਫਤਾਰ ਕਰਕੇ 1 ਹੋਰ ਕੇਸ ਵੀ ਦਰਜ ਕੀਤਾ ਗਿਆ ਹੈ। ਇਨ੍ਹਾਂ ਵਿਅਕਤੀਆਂ ਕੋਲੋਂ ਨਾਜਾਇਜ਼ ਸ਼ਰਾਬ ਦੀ ਵੀ ਬਰਾਮਦਗੀ ਹੋਈ, ਜਿਸਦਾ ਸਟਾਕ ਤਸਦੀਕ ਕਰਕੇ ਕਬਜ਼ੇ ਵਿੱਚ ਲਿਆ ਗਿਆ। ਮਹਿਕਮੇ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਥਾਵਾਂ 'ਤੇ ਨਾਕੇ ਲਗਾ ਕੇ ਗੱਡੀਆਂ, ਦੁਕਾਨਾਂ, ਹੋਟਲਾਂ ਅਤੇ ਸ਼ੱਕੀ ਥਾਵਾਂ ਦੀ ਜਾਂਚ ਕੀਤੀ ਗਈ। ਇਸ ਕਾਰਵਾਈ 'ਚ ਪੁਲਿਸ ਦੇ ਦਰਜਨਾਂ ਜਵਾਨ ਤੇ ਅਧਿਕਾਰੀ ਸ਼ਾਮਲ ਸਨ। ਇਸ ਸਬੰਧੀ ਸੀਨੀਅਰ ਕਪਤਾਨ ਪੁਲਿਸ ਮੁਹੰਮਦ ਸਰਫਰਾਜ ਆਲਮ ਨੇ ਕਿਹਾ ਕਿ ਨਸ਼ਿਆਂ ਦੇ ਮੂਲਨਾਸ਼ ਲਈ ਪੁਲਿਸ ਵੱਲੋਂ ਹਰ ਸੰਭਵ ਕਦਮ ਚੁੱਕੇ ਜਾ ਰਹੇ ਹਨ। ਜ਼ਿਲ੍ਹੇ ਦੇ ਹਰੇਕ ਕੋਨੇ-ਕੋਨੇ ਵਿੱਚ ਚੈਕਿੰਗ ਜਾਰੀ ਰਹੇਗੀ ਅਤੇ ਨਸ਼ਾ ਤਸਕਰਾਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ।



# ਜੈ ਵਾਟਿਕਾ ਪਬਲਿਕ ਸਕੂਲ, ਬਰਨਾਲਾ ਵਿਖੇ ਮਾਪੇ-ਅਧਿਆਪਕ ਮੀਟਿੰਗ



ਬਰਨਾਲਾ, 2 ਅਗਸਤ (ਹਿਮਾਂਸ਼ੂ ਗਰਗ): ਜੈ ਵਾਟਿਕਾ ਪਬਲਿਕ ਸਕੂਲ, ਬਰਨਾਲਾ ਨੇ ਸ਼ਨੀਵਾਰ, 2 ਅਗਸਤ ਨੂੰ ਸਫਲਤਾਪੂਰਵਕ ਇੱਕ ਮਾਪੇ-ਅਧਿਆਪਕ ਮੀਟਿੰਗ ਦਾ ਆਯੋਜਨ ਕੀਤਾ। ਇਸ ਮੀਟਿੰਗ ਦਾ ਉਦੇਸ਼ ਪੀਰੀਅਡਿਕ ਟੈਸਟ-2 ਅਤੇ ਪ੍ਰਿੰਸੀਪਲ ਅਸੈਸਮੈਂਟ ਟੈਸਟ ਦੇ ਨਤੀਜਿਆਂ ਦੀ ਸਮੀਖਿਆ ਕਰਨਾ ਸੀ, ਜਿਸ ਵਿੱਚ ਵਿਦਿਆਰਥੀਆਂ ਦੇ ਅਕਾਦਮਿਕ ਪ੍ਰਦਰਸ਼ਨ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ। ਮਾਪੇ ਆਪਣੇ ਬੱਚਿਆਂ ਦੇ ਨਤੀਜੇ ਦੇਖ ਕੇ ਬਹੁਤ ਖੁਸ਼ ਹੋਏ।ਮਾਪਿਆਂ ਅਤੇ ਵਿਦਿਆਰਥੀਆਂ ਨੂੰ ਨਤੀਜਿਆਂ 'ਤੇ ਵਧਾਈ ਦਿੰਦੇ ਹੋਏ, ਸਕੂਲ ਦੀ ਪ੍ਰਿੰਸੀਪਲ ਡਾ. ਪਰਵਿੰਦਰ ਕੌਰ ਨੇ ਕਿਹਾ, ਇੱਕ ਬੱਚੇ ਦੀ ਸਫਲਤਾ ਸਿਰਫ਼ ਅੰਕਾਂ ਦੁਆਰਾ ਹੀ ਨਹੀਂ ਬਲਕਿ ਉਸਦੇ ਸਰਵਪੱਖੀ ਵਿਕਾਸ ਦੁਆਰਾ ਵੀ ਮਾਪੀ ਜਾਂਦੀ ਹੈ। ਸਿੱਖਿਆ ਤੋਂ ਇਲਾਵਾ, ਕਲਾ, ਸ਼ਿਲਪਕਾਰੀ ਅਤੇ ਹੋਰ ਰਚਨਾਤਮਕ ਗਤੀਵਿਧੀਆਂ ਬੱਚਿਆਂ ਵਿੱਚ ਵਿਸ਼ਵਾਸ ਅਤੇ ਸਿਰਜਣਾਤਮਕਤਾ ਪੈਦਾ ਕਰਨ ਵਿੱਚ ਮਦਦ ਕਰਦੀਆਂ ਹਨ। ਸਾਨੂੰ ਇਕੱਠੇ ਮਿਲ ਕੇ ਇੱਕ ਅਜਿਹਾ ਮਾਹੌਲ ਬਣਾਉਣਾ ਹੋਵੇਗਾ ਜਿੱਥੇ ਬੱਚੇ ਆਪਣੇ ਵਿਚਾਰ ਖੁੱਲ੍ਹ ਕੇ ਪ੍ਰਗਟ ਕਰ ਸਕਣ ਅਤੇ ਹਰ ਖੇਤਰ ਵਿੱਚ ਤਰੱਕੀ ਕਰ ਸਕਣ। ਪ੍ਰਿੰਸੀਪਲ ਮੈਡਮ ਦੇ ਇਨ੍ਹਾਂ ਸ਼ਬਦਾਂ ਨੇ ਨਾ ਸਿਰਫ਼ ਬੱਚਿਆਂ ਨੂੰ ਪ੍ਰੇਰਿਤ ਕੀਤਾ ਸਗੋਂ ਮਾਪਿਆਂ ਲਈ ਵੀ ਇੱਕ ਮਹੱਤਵਪੂਰਨ ਕਦਮ ਸਾਬਤ ਹੋਇਆ।

# ਸ਼ਹੀਦ ਊਧਮ ਸਿੰਘ ਕੰਬੋਜ ਯਾਦਗਾਰ ਕਮੇਟੀ ਵੱਲੋਂ ਸੋਨੇ ਅਤੇ ਕਾਂਸੀ ਦਾ ਤਮਗਾ ਜਿੱਤਣ ਵਾਲਾ ਸਹਾਇਕ ਥਾਣੇਦਾਰ ਸਰਬਜੀਤ ਸਿੰਘ ਸਨਮਾਨਿਤ



ਸੁਨਾਮ ਊਧਮ ਸਿੰਘ ਵਾਲਾ, 2 ਅਗਸਤ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ): ਸ਼ਹੀਦ ਊਧਮ ਸਿੰਘ ਕੰਬੋਜ ਯਾਦਗਾਰ ਕਮੇਟੀ ਵੱਲੋਂ ਸ਼ਹੀਦੇ ਆਜ਼ਮ ਸਰਦਾਰ ਊਧਮ ਸਿੰਘ ਜੀ ਦੇ 85ਵੇਂ ਸ਼ਹੀਦੀ ਦਿਹਾੜੇ ਮੌਕੇ ਸ਼ਹੀਦ ਦੇ ਜੱਦੀ ਘਰ ਵਿਖੇ ਕੀਤੇ ਗਏ ਵਿਸ਼ੇਸ਼ ਸ਼ਰਧਾਂਜਲੀ ਸਮਾਗਮ ਵਿੱਚ ਸ਼੍ਰੀ ਅਮਨ ਅਰੋੜਾ ਕੈਬਨਿਟ ਮੰਤਰੀ ਪੰਜਾਬ, ਜਗਦੀਪ ਗੋਲਡੀ ਕੰਬੋਜ ਐਮ.ਐਲ.ਏ. ਜਲਾਲਾਬਾਦ, ਡਾਕਟਰ ਮਲਕੀਤ ਸਿੰਘ ਥਿੰਦ ਚੇਅਰਮੈਨ ਬੀ. ਸੀ. ਵਿੰਗ ਪੰਜਾਬ, ਸਰਦਾਰ ਨਿਸ਼ਾਨ ਸਿੰਘ ਟੋਨੀ ਪ੍ਰਧਾਨ ਨਗਰ ਕੌਂਸਲ ਸੁਨਾਮ ਦੀ ਹਾਜ਼ਰੀ ਵਿੱਚ, ਅਮਰੀਕਾ ਦੇ ਸ਼ਹਿਰ ਅਲਬਾਮਾ ਵਿਖੇ ਹੋਈਆਂ ਵਰਲਡ ਪੁਲਿਸ ਐਂਡ ਫਾਇਰ ਗੇਮਜ 2025 ਵਿੱਚ ਸੁਨਾਮ ਨਿਵਾਸੀ ਸਹਾਇਕ ਥਾਣੇਦਾਰ ਸਰਬਜੀਤ ਸਿੰਘ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 5 ਹਜ਼ਾਰ ਮੀਟਰ ਰੇਸ ਵਾਕ ਵਿੱਚ ਸੋਨੇ ਦਾ ਤਗਮਾ ਅਤੇ 110 ਮੀਟਰ ਹਰਡਲ ਰੇਸ ਵਿੱਚ ਕਾਂਸੀ ਦਾ ਤਗਮਾ ਜਿੱਤ ਕੇ ਆਪਣੇ ਦੇਸ਼ ਭਾਰਤ ਅਤੇ ਸੂਬੇ ਪੰਜਾਬ ਦੇ ਨਾਲ ਨਾਲ ਸ਼ਹਿਰ ਸੁਨਾਮ ਦਾ ਨਾਂ ਰੌਸ਼ਨ ਕਰਨ ਲਈ ਸ਼ਹੀਦ ਊਧਮ ਸਿੰਘ ਕੰਬੋਜ ਯਾਦਗਾਰ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ ਮੈਡਲ ਜਿੱਤਣ ਦੀ ਵਧਾਈ ਦੇ ਕੇ ਹੌਸਲਾ ਅਫ਼ਜ਼ਾਈ ਕੀਤੀ ਗਈ। ਇਹ ਖਿਡਾਰੀ ਸਾਲ 2023 ਵਿੱਚ ਕੈਨੇਡਾ ਦੇ ਸ਼ਹਿਰ ਬਿੰਨੀਪੈਗ ਵਿਖੇ ਹੋਈਆਂ ਵਰਲਡ ਪੁਲਿਸ ਗੇਮਜ ਵਿੱਚ ਵੀ ਸਿਲਵਰ ਅਤੇ ਕਾਂਸੀ ਦੇ ਦੋ ਤਗਮੇ ਜਿੱਤੇ

# ਸ਼ਹਿਣਾ ਦਾ ਪੰਚਾਇਤ ਮੈਂਬਰ ਹੈਪੀ ਤੇ ਰਾਜੂ ਕਾਂਗਰਸ ਵਿੱਚ ਸ਼ਾਮਲ



ਸਹਿਣਾ/ਭਦੌੜ, 2 ਅਗਸਤ (ਸੁਖਵਿੰਦਰ ਪਲਾਹਾ): ਵਿਧਾਨ ਸਭਾ ਹਲਕਾ ਬਰਨਾਲਾ ਤੋਂ ਅਜ਼ਾਦ ਤੌਰ 'ਤੇ ਚੋਣ ਲੜ ਚੁੱਕੇ ਰਾਜੂ ਸ਼ਹਿਣਾ ਅਤੇ ਮੌਜੂਦਾ ਪੰਚਾਇਤ ਮੈਂਬਰ ਹੈਪੀ ਸਿੰਘ ਸ਼ਹਿਣਾ ਤੋਂ ਇਲਾਵਾ ਵਾਰਡ ਨੰਬਰ ਇੱਕ ਵਿੱਚੋਂ ਸਰਬਸੰਮਤੀ ਨਾਲ ਚੁਣੀ ਗਈ ਪੰਚਾਇਤ ਮੈਂਬਰ ਪਰਮਜੀਤ ਕੌਰ ਨੂੰ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਕੁਲਦੀਪ ਸਿੰਘ ਕਾਲਾ ਢਿੱਲੋਂ ਹਲਕਾ ਵਿਧਾਇਕ ਬਰਨਾਲਾ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਵਿੱਚ ਸ਼ਾਮਲ ਕੀਤਾ। ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਕੁਲਦੀਪ ਸਿੰਘ ਕਾਲਾ ਢਿੱਲੋਂ ਹਲਕਾ ਵਿਧਾਇਕ ਬਰਨਾਲਾ ਨੇ ਕਿਹਾ ਕਿ ਵੱਖ ਵੱਖ ਪਾਰਟੀਆਂ ਤੋਂ ਆਉਣ ਵਾਲੇ ਸਾਰੇ ਹੀ ਵਰਕਰਾਂ ਦਾ ਕਾਂਗਰਸ ਪਾਰਟੀ ਵਿੱਚ ਪੂਰਾ ਸਨਮਾਨ ਦਿੱਤਾ ਜਾਵੇਗਾ, ਕਿਉਂਕਿ ਕਾਂਗਰਸ ਪਾਰਟੀ ਹੀ ਪੰਜਾਬ ਦੇ ਲੋਕਾਂ ਦੀ ਹਿਤੈਸ਼ੀ ਪਾਰਟੀ ਹੈ। ਉਹਨਾਂ ਇਸ ਮੌਕੇ ਬੋਲਦਿਆਂ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਪੰਜਾਬ ਅੰਦਰ ਆਪਣੀ ਨਿਰੋਲ ਸਰਕਾਰ ਬਣਾਏਗੀ ਅਤੇ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਅਧੂਰੇ ਪਏ ਕੰਮਾਂ ਨੂੰ ਪੂਰਾ ਕਰੇਗੀ। ਮੌਕੇ ਪ੍ਰਧਾਨ ਮਹੇਸ਼ ਕੁਮਾਰ ਲੋਟਾ, ਰੋਸ਼ਨ ਲਾਲ ਸ਼ਰਮਾ ਸਾਬਕਾ ਪੰਚਾਇਤ ਮੈਂਬਰ, ਪ੍ਰਧਾਨ ਸਤਨਾਮ ਸਿੰਘ ਪੱਤੀ,ਗਿਰਧਰ ਮਿੱਤਲ ਸੋਸ਼ਲ ਮੀਡੀਆ ਇੰਚਾਰਜ, ਸੁਖਵਿੰਦਰ ਸਿੰਘ ਧਾਲੀਵਾਲ ਸੂਬਾ ਸੈਕਟਰੀ ਕਿਸਾਨ ਸੈੱਲ ਕਾਂਗਰਸ ਹਲਕਾ ਭਦੌੜ, ਬਲਰਾਜ ਸਿੰਘ ਗਿੱਲ, ਬਾਵਾ ਆਦਿ ਹਾਜ਼ਰ ਸਨ।

# ਸਰਕਾਰੀ ਸਕੂਲਾਂ ਵਿੱਚ ਖਾਲੀ ਪਈਆਂ ਅਸਾਮੀਆਂ 'ਤੇ ਤਰਨਜੋਤ ਵੈਲਫੇਅਰ ਸੁਸਾਇਟੀ ਬੱਲ੍ਹੋ ਨੇ ਰੱਖੇ ਅਧਿਆਪਕ



ਬਠਿੰਡਾ, 2 ਅਗਸਤ ( ਜਗਸੀਰ ਭੁੱਲਰ): ਪੰਜਾਬ ਸਰਕਾਰ ਵੱਲੋਂ ਜਿੱਥੇ ਸਿੱਖਿਆ ਕ੍ਰਾਂਤੀ ਤਹਿਤ ਸਕੂਲਾਂ ਦੀ ਕਾਇਆ ਕਲਪ ਕੀਤੀ ਜਾ ਰਹੀ ਹੈ, ਉੱਥੇ ਹੀ ਪਿੰਡ ਬੱਲ੍ਹੋ ਦੀ ਮਿੰਨੀ ਸਰਕਾਰ ਵੱਜੋ ਜਾਣੀ ਜਾਂਦੀ ਤਰਨਜੋਤ ਵੈਲਫੇਅਰ ਸੁਸਾਇਟੀ ਨੇ ਆਪਣੇ ਪਿੰਡ ਦੇ ਸਕੂਲਾਂ ਦੇ ਸਿੱਖਿਆਂ ਦੇ ਸੁਧਾਰ ਕਰਨ ਵਿੱਚ ਮਾਰਕੇ ਮਾਰੇ ਹਨ । ਗ੍ਰਾਮ ਪੰਚਾਇਤ ਤੇ ਸੁਸਾਇਟੀ ਨੇ ਮਿਲ ਕੇ ਸਕੂਲਾਂ ਵਿੱਚ ਖਾਲੀ ਪਾਈਆਂ ਅਸਾਮੀਆਂ ਨੂੰ ਆਪਣੇ ਪੱਧਰ 'ਤੇ ਅਧਿਆਪਕ ਰੱਖ ਕੇ ਭਰਿਆ ਹੈ । ਸੁਸਾਇਟੀ ਦੇ ਸਾਲਾਨਾ ਬਜਟ 1 ਕਰੋੜ ਰੁਪਏ 'ਚੋਂ 50 ਪ੍ਰਤੀਸ਼ਤ ਖਰਚ ਸਿੱਖਿਆ 'ਤੇ ਕੀਤਾ ਜਾਦਾ ਹੈ । ਸਰਪੰਚ ਅਮਰਜੀਤ ਕੌਰ ਤੇ ਪ੍ਰਧਾਨ ਕਰਮਜੀਤ ਸਿੰਘ ਨੇ ਦੱਸਿਆ ਕਿ ਸਰਕਾਰੀ ਹਾਈ ਸਮਾਰਟ ਸਕੂਲ ਨੂੰ ਪ੍ਰਾਇਮਰੀ ਸਕੂਲ ਅਤੇ ਮਿਡਲ ਸਕੂਲ ਵਿੱਚ ਜੋ ਅਧਿਆਪਕਾਂ ਦੀ ਅਸਾਮੀਆਂ ਖਾਲੀ ਸਨ ਉਨ੍ਹਾਂ ਨੂੰ ਆਪਣੇ ਪੱਧਰ 'ਤੇ 10 ਅਧਿਆਪਕ ਰੱਖ ਕੇ ਪੁਰ ਕੀਤਾ ਗਿਆ । ਇਨ੍ਹਾਂ ਅਧਿਆਪਕਾਂ ਨੂੰ ਸੁਸਾਇਟੀ ਤਰਫੋ ਸਾਲਾਨਾ 20 ਲੱਖ ਰੁਪਏ ਤੋ ਜ਼ਿਆਦਾ ਦੀਆ ਤਨਖਾਹਾਂ ਦਿੱਤੀਆਂ ਜਾਂਦੀਆਂ ਹਨ ।ਅਜਿਹਾ ਕਰਨ ਨਾਲ ਪਿੰਡ ਦੇ ਪੜ੍ਹੇ ਲਿਖੇ ਨੌਜਵਾਨ ਲੜਕੇ ਲੜਕੀਆਂ ਨੂੰ ਰੁਜ਼ਗਾਰ ਵੀ ਮਿਲਿਆ ਹੈ । ਸਕੂਲਾਂ ਵਿੱਚ ਅਧਿਆਪਕਾਂ ਤੋ ਇਲਾਵਾ ਯੂਥ ਲਾਇਬਰੇਰੀ ਵਿੱਚ ਕੰਪਿਊਟਰ ਟੀਚਰ, ਕੋਚਿੰਗ ਅਧਿਆਪਕ ,ਗੁਰਮਿਤ ਦਾ ਅਧਿਆਪਕ ਲਾਇਬਰੇਰੀਅਨ ਅਤੇ ਸਕੂਲਾਂ ਵਿੱਚ ਸਫਾਈ ਸੇਵਕ ਵੈਨ ਲਈ ਡਰਾਈਵਰ ਤੇ ਮਾਲੀ ਰੱਖੇ ਹੋਏ ਹਨ । ਗ੍ਰਾਮ ਪੰਚਾਇਤ ਵੱਲੋਂ ਕੀਤੇ ਜਾ ਰਹੇ ਨਿੱਗਰ ਉਪਰਾਲਿਆਂ ਨੂੰ ਸੁਚਾਰੂ ਰੂਪ ਦੇਣ ਲਈ ਤਰਨਜੋਤ ਵੈਲਫੇਅਰ ਸੁਸਾਇਟੀ ਪੇਂਡੂ ਵਿਕਾਸ ਅਤੇ ਸਿੱਖਿਆ ਦੇ ਮਿਆਰ ਨੂੰ ਸੁਧਾਰਨ ਲਈ ਹਰ ਸੰਭਵ ਸਹਾਇਤਾ ਕਰ ਰਹੀ ਹੈ । ਇਸ 'ਤੇ ਚੱਲਦਿਆਂ ਹੋਇਆਂ ਬੱਲ੍ਹੋ ਵੱਲੋਂ ਸਿੱਖਿਆਂ ਕ੍ਰਾਂਤੀ ਦਾ ਮੁੱਢ ਕਈ ਸਾਲਾਂ ਤੋਂ ਬੰਨਿਆ ਹੋਇਆ ਹੈ । ਸਰਕਾਰੀ ਹਾਈ ਸਮਾਰਟ ਸਕੂਲ ਦੇ ਬੁਨਿਆਦੀ ਢਾਚੇ ਲਈ 4 ਕਲਾਸ ਰੂਮ ਲੂ ਹਾਲ ਲੂ ਕਿਚਨ ਸੈਡ ਦੀ ਉਸਾਰੀ ਕਰਵਾਈ ਗਈ ਅਤੇ 20 ਕੰਪਿਊਟਰਾਂ ਦੇ ਪ੍ਰਬੰਧ ਕਰਕੇ ਦਿੱਤੇ ਗਏ ਹਨ । ਬੱਚਿਆਂ ਦੇ ਆਉਣ ਜਾਣ ਲਈ 2 ਸਕੂਲ ਵੈਨਾਂ ਮੁਹੱਈਆਂ ਕਰਵਾਈਆ ਗਈਆ ਹਨ ।

## ਸਰਕਾਰੀ ਪ੍ਰਾਇਮਰੀ ਸਕੂਲ ਕਲਿਆਣ ਸੁੱਖਾ ਵਿਖੇ ਪੌਦੇ ਲਗਾਏ

ਭਗਤਾ ਭਾਈ ਕਾ, 2ਅਗਸਤ (ਸਵਰਨ ਸਿੰਘ ਭਗਤਾ):ਮੈਡਮ ਪਰਮਿਲਾ ਰਾਣੀ ਅਤੇ ਉਹਨਾਂ ਦੇ ਪਤੀ ਡਾਕਟਰ ਸਤਪਾਲ ਨੇ ਵਾਤਾਵਰਨ ਦੀ ਸ਼ੁੱਧਤਾ ਵਿੱਚ ਹਿੱਸਾ ਪਾਉਂਦਿਆਂ ਸਰਕਾਰੀ ਪ੍ਰਾਇਮਰੀ ਸਕੂਲ ਕਲਿਆਣ ਸੁੱਖਾ ਵਿਖੇ ਵੱਖੋ-ਵੱਖ ਕਿਸਮਾਂ ਦੇ ਲੱਗਭਗ 60 ਬੂਟੇ ਲਗਾਏ ਗਏ। ਇਸ ਮੌਕੇ ਮੈਡਮ ਪਰਮਿਲਾ ਰਾਣੀ ਦੁਆਰਾ ਬੱਚਿਆਂ ਨੂੰ ਸਾਡੀ ਜ਼ਿੰਦਗੀ ਵਿੱਚ ਪੌਦਿਆਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ। ਉਹਨਾਂ ਕਿਹਾ ਕਿ ਧਰਤੀ ਉੱਪਰ ਘੱਟ ਰਹੀ ਰੁੱਖਾਂ ਦੀ ਗਿਣਤੀ ਗੰਭੀਰ ਚਿੰਤਾ ਦਾ ਵਿਸ਼ਾ ਹੈ।ਇਸ ਮੌਕੇ ਮੁੱਖ ਅਧਿਆਪਕ ਸਿਕੰਦਰ ਸਿੰਘ ਦੁਆਰਾ ਬੱਚਿਆਂ ਨੂੰ ਉਨ੍ਹਾਂ ਵੱਲੋਂ ਕੀਤੇ ਗਏ ਇਸ ਨੇਕ ਕਾਰਜ ਤੋਂ ਪ੍ਰੇਰਨਾ ਲੈਣ ਲਈ ਕਿਹਾ ਗਿਆ ਕਿ ਸਾਨੂੰ ਵੀ ਇਹਨਾਂ ਤੋਂ ਸਿੱਖਿਆ ਲੈਂਦੇ ਹੋਏ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਅਤੇ ਉਹਨਾਂ ਦੀ ਸੰਭਾਲ ਕਰਨੀ ਚਾਹੀਦੀ ਹੈ। ਇਸ ਸਮੇਂ ਹੋਰਨਾਂ ਤੋਂ ਇਲਾਵਾ ਮਾਸਟਰ ਗੁਰਪ੍ਰੀਤ ਸਿੰਘ, ਮਾਸਟਰ ਗੁਰਦੀਪ ਸਿੰਘ,ਮੈਡਮ ਬਲਵਿੰਦਰ ਕੌਰ,ਮੈਡਮ ਸੁਰਿੰਦਰ ਕੌਰ,ਮੰਦਰ ਸਿੰਘ ਅਤੇ ਕਮੇਟੀ ਚੇਅਰਮੈਨ ਸੱਤਪਾਲ ਸਿੰਘ ਜੀ ਹਾਜ਼ਰ ਸਨ।

# ਸ਼ਿਵਾਲਿਕ ਪਬਲਿਕ ਸਕੂਲ, ਤਪਾ ਵਿਖੇ ਜੂਨ ਅਤੇ ਜੁਲਾਈ ਮਹੀਨੇ ਜਨਮੇ ਬੱਚਿਆਂ ਦੇ ਜਨਮ ਦਿਨ ਮਨਾਏ



ਤਪਾ ਮੰਡੀ, 2 ਅਗਸਤ (ਭੂਸ਼ਨ ਘੜੈਲਾ):ਸਥਾਨਕ ਸ਼ਿਵਾਲਿਕ ਪਬਲਿਕ ਸਕੂਲ ਤਪਾ ਵਿੱਚ ਪ੍ਰੀ-ਪ੍ਰਾਇਮਰੀ ਵਿੰਗ ਦੇ ਜੂਨ ਅਤੇ ਜੁਲਾਈ ਮਹੀਨੇ ਵਿੱਚ ਜਨਮੇ ਵਿਦਿਆਰਥੀਆਂ ਦਾ ਜਨਮ ਦਿਨ ਕੇਕ ਕੱਟ ਕੇ ਅਤੇ ਗਊਸ਼ਾਲਾ ਦੇ ਦੌਰੇ ਨਾਲ ਮਨਾਇਆ, ਜਿਸ ਨਾਲ ਵਿਦਿਆਰਥੀਆਂ ਲਈ ਇਹ ਇੱਕ ਯਾਦਗਾਰੀ ਦਿਨ ਬਣ ਗਿਆ। ਵਿਦਿਆਰਥੀਆਂ ਨੇ ਇੱਕ ਨਵੇਂ ਵਾਤਾਵਰਣ ਵਿੱਚ ਸਿੱਖਣ ਅਤੇ ਸਾਂਝੇ ਤਜ਼ਰਬਿਆਂ 'ਤੇ ਸਾਂਝ ਦਾ ਆਨੰਦ ਮਾਣਿਆ। ਜਨਮਦਿਨ ਵਾਲੇ ਵਿਦਿਆਰਥੀਆਂ ਨੇ ਗਾਵਾਂ ਨੂੰ ਚਾਰਾ ਖੁਆਇਆ ਅਤੇ ਸਾਡੇ ਜੀਵਨ ਵਿੱਚ ਉਨ੍ਹਾਂ ਦੀ ਮਹੱਤਤਾ ਬਾਰੇ ਸਿੱਖਿਆ।ਜਦੋਂ ਬੱਚੇ ਸਕੂਲ ਵਾਪਸ ਆਏ ਤਾਂ ਇਸ ਮੌਕੇ ਸਾਰੇ ਕਲਾਸਰੂਮ ਗੁਬਾਰਿਆਂ ਅਤੇ ਰੰਗ-ਬਿਰੰਗੀਆਂ ਲੜੀਆਂ ਨਾਲ ਸੁੰਦਰ ਢੰਗ ਨਾਲ ਸਜੇ ਹੋਏ ਸਨ। ਪ੍ਰਿੰਸੀਪਲ ਮੈਡਮ ਮੋਨਿਕਾ ਗਰਗ ਅਤੇ ਅਧਿਆਪਕਾਂ ਦੀ ਹਾਜ਼ਰੀ ਵਿੱਚ ਬੱਚਿਆਂ ਨੇ ਕੇਕ ਕੱਟ ਕੇ ਆਪਣਾ ਜਨਮਦਿਨ ਮਨਾਇਆ। ਸਕੂਲ ਵੱਲੋਂ ਜਨਮਦਿਨ ਵਾਲੇ ਬੱਚਿਆਂ ਨੂੰ ਤੋਹਫ਼ੇ ਵਜੋਂ ਪ੍ਰਸੰਸਾ ਪੱਤਰ, ਚਾਕਲੇਟ ਅਤੇ ਸਿੱਖਿਆਤਮਕ ਕਹਾਣੀਆਂ ਦੀਆਂ ਕਿਤਾਬਾਂ ਭੇਟ ਕੀਤੀਆਂ ਗਈਆਂ। ਇਸ ਵਿਸ਼ੇਸ਼ ਦਿਨ ਲਈ ਬੱਚਿਆਂ ਲਈ ਪਾਰਟੀ ਦਾ ਵੀ ਆਯੋਜਨ ਕੀਤਾ ਗਿਆ, ਜਿੱਥੇ ਉਹਨਾਂ ਨੇ ਸੰਗੀਤ ਦੀਆਂ ਮਿੱਠੀਆਂ ਧੁਨਾਂ 'ਤੇ ਖੂਬ ਨੱਚ ਟੱਪਕੇ ਖੁਸ਼ੀ ਮਨਾਈ। । ਇਸ ਮੌਕੇ ਪ੍ਰਿੰਸੀਪਲ ਮੋਨਿਕਾ ਗਰਗ ਅਤੇ ਸਾਰੇ ਅਧਿਆਪਕ ਮੌਜੂਦ ਰਹੇ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਜਨਮਦਿਨ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਅਕੇਡੀਆ ਵਰਲ਼ਡ ਸਕੂਲ ਵਿੱਚ ਮਨਾਇਆ ਤੀਆਂ ਦਾ ਤਿਉਹਾਰ

ਸੁਨਾਮ ਊਧਮ ਸਿੰਘ ਵਾਲਾ, 2 ਅਗਸਤ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ ):ਸੁਨਾਮ ਇਲਾਕੇ ਦੀ ਉੱਚ ਵਿੱਦਿਅਕ ਸੰਸਥਾ ਅਕੇਡੀਆ ਵਰਲ਼ਡ ਸਕੂਲ ਵਿਖੇ ਤੀਆਂ ਦਾ ਤਿਉਹਾਰ ਬੜੀ ਹੀ ਧੂਮਧਾਮ ਨਾਲ਼ ਮਨਾਇਆ ਗਿਆ। ਤੀਆਂ ਦਾ ਤਿਉਹਾਰ ਸਾਵਣ ਮਹੀਨੇ ਦੀ ਸਮਾਪਤੀ ਨੂੰ ਦਰਸਾਉਂਦਾ ਹੈ ਅਤੇ ਪੰਜਾਬੀ ਪਰੰਪਰਾ ਅਤੇ ਸੱਭਿਆਚਾਰ ਨੂੰ ਉਤਸਾਹਿਤ ਕਰਨ ਲਈ ਮਨਾਇਆ ਜਾਂਦਾ ਹੈ। ਸਾਵਣ ਮਹੀਨੇ ਦੀ ਖੁਸ਼ਬੂ ਤੇ ਪੰਜਾਬੀ ਲੋਕ-ਪਰੰਪਰਾ ਨੂੰ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਗਿੱਧੇ ਅਤੇ ਭੰਗੜੇ ਰਾਹੀਂ ਪੇਸ਼ ਕੀਤਾ। ਇਸ ਦਿਨ ਦੀ ਤਿਆਰੀ ਕੁਝ ਦਿਨ ਪਹਿਲਾਂ ਹੀ ਸ਼ੁਰੂ ਕੀਤੀ ਗਈ। ਇਹ ਪ੍ਰੋਗਰਾਮ ਸਕੂਲ ਦੇ ਓਡੀਟੋਰੀਅਮ ਹਾਲ ਵਿੱਚ ਕਰਵਾਇਆ ਗਿਆ। ਪੰਜਵੀਂ ਜਮਾਤ ਦੇ ਵਿਦਿਆਰਥੀ ਅਸ਼ਰਾਜ ਪ੍ਰਤਾਪ ਸਿੰਘ ਅਤੇ ਅਵਨੀਤ ਕੌਰ ਵੱਲੋਂ ਮੰਚ ਸੰਚਾਲਨ ਕੀਤਾ ਗਿਆ। ਸਾਰੇ ਵਿਦਿਆਰਥੀ ਗਿੱਧੇ ਅਤੇ ਭੰਗੜੇ ਦੇ ਪਹਿਰਾਵੇ ਵਿੱਚ ਬਹੁਤ ਹੀ ਸੋਹਣੇ ਲੱਗ ਰਹੇ ਸਨ। ਵਿਦਿਆਰਥਣਾਂ ਨੇ ਤੀਆਂ ਨਾਲ ਸੰਬੰਧਿਤ ਪਲੇਅ ਕੀਤਾ ਅਤੇ ਬੋਲੀਆਂ ਪਾਈਆਂ। ਉਨਾਂ ਨੇ ਮੰਚ ਉੱਤੇ ਚਰਖਾ, ਪੱਖੀਆਂ, ਚੱਕੀ, ਫੁਲਕਾਰੀਆਂ, ਅਤੇ ਕਿੱਕਲੀ ਪਾਉਂਦੇ ਹੋਏ ਪੂਰੇ ਪੰਜਾਬੀ ਸੱਭਿਆਚਾਰ ਨੂੰ ਦਰਸਾਇਆ।ਸਾਵਣ ਦੀ ਰੁੱਤ, ਚੁੰਨੀਆਂ ਦੀ ਛਾਂ, ਤੇ ਗਿੱਧੇ ਦੀਆਂ ਤਾਲਾਂ ਰਾਹੀਂ ਮੁਟਿਆਰਾਂ ਨੇ ਧਮਾਲ ਹੀ ਪਾ ਦਿੱਤੀ। ਸਾਰੇ ਹੀ ਵਿਦਿਆਰਥੀਆਂ ਵਿੱਚ ਇਸ ਦਿਨ ਨੂੰ ਲੈ ਕੇ ਬਹੁਤ ਹੀ ਉਤਸ਼ਾਹ ਅਤੇ ਜੋਸ਼ ਭਰਿਆ ਹੋਇਆ ਸੀ। ਪੰਜਾਬੀ ਲੋਕ ਰਸਮਾਂ ਨੂੰ ਦਰਸਾਉਂਦੇ ਹੋਏ ਵਿਦਿਆਰਥੀਆਂ ਨੇ ਐਨਾ ਭਰਪੂਰ ਭੰਗੜਾ ਪਾਇਆ ਕਿ ਦੇਖਣ ਵਾਲੇ ਵਿਦਿਆਰਥੀਆਂ ਨੇ ਇਸਦੀ ਖ਼ੂਬ ਸਲਾਹਣਾ ਕੀਤੀ । ਸਾਰਾ ਹਾਲ ਤਾੜੀਆਂ ਦੇ ਨਾਲ਼ ਗੂੰਜ ਉੱਠਿਆ ।ਗਿੱਧੇ ਅਤੇ ਭੰਗੜੇ ਦੀ ਤਿਆਰੀ ਮਿਊਜ਼ਿਕ ਟੀਚਰ ਮਿ. ਕੌਸ਼ਲ, ਡਾਂਸ ਟੀਚਰ ਮਿ.ਅਮਨਦੀਪ ,ਮਿਸ ਹਰਿੰਦਰ ਕੌਰ , ਮਿਸ ਕਨਿਕਾ ਅਤੇ ਮਿਸ ਰੁਪਿੰਦਰ ਕੌਰ ਵੱਲੋਂ ਕਰਵਾਈ ਗਈ। ਸਕੂਲ ਦੇ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਨੇ ਵਿਦਿਆਰਥੀਆਂ ਦੇ ਉਤਸ਼ਾਹ ਅਤੇ ਮਿਹਨਤ ਦੀ ਤਾਰੀਫ਼ ਕਰਦਿਆਂ ਕਿਹਾ, ਅਜਿਹੇ ਪ੍ਰੋਗਰਾਮ ਬੱਚਿਆਂ ਵਿੱਚ ਸਾਂਝੀ ਸੰਸਕ੍ਰਿਤੀ ਲਈ ਪਿਆਰ ਤੇ ਆਦਰ ਪੈਦਾ ਕਰਦੇ ਹਨ। ਇਸ ਮੌਕੇ ਤੇ ਸਕੂਲ ਦਾ ਸਮੂਹ ਸਟਾਫ ਵੀ ਹਾਜ਼ਰ ਸੀ। ਇਸ ਮੌਕੇ 'ਤੇ ਸਕੂਲ ਦੇ ਚੇਅਰਮੈਨ ਐਡਵੋਕੇਟ ਗਗਨਦੀਪ ਸਿੰਘ ਨੇ ਕਿਹਾ ਕਿ ਅਸੀਂ ਸਕੂਲ ਵਿੱਚ ਹਰ ਤਿਉਹਾਰ ਨੂੰ ਸਿਰਫ ਮਨਾਉਂਦੇ ਨਹੀਂ, ਸਗੋਂ ਉਸ ਦੀ ਸੰਸਕ੍ਰਿਤਿਕ ਮਹੱਤਤਾ ਨੂੰ ਵੀ ਵਿਦਿਆਰਥੀਆਂ ਤੱਕ ਪਹੁੰਚਾਉਂਦੇ ਹਾਂ।



# ਪਟਿਆਲਾ-ਆਸ/ਪਾਸ



# ਸੇਖੂਪੁਰ ਵਿਖੇ ਅਕਾਲੀ ਦਲ ਦੇ ਪੁਨਰ ਗਠਿਤ ਲਈ ਪੰਜ ਮੈਂਬਰੀ ਕਮੇਟੀ ਵੱਲੋਂ ਡੈਲੀਗੇਟ ਇਜਲਾਸ

☛ਪੰਥ ਵੀ ਉਦਾਸ, ਪਾਰਟੀ ਵਰਕਰ ਵੀ ਉਦਾਸ, ਕਾਰਨ ਲੀਡਰਸ਼ਿਪ ਦਾ ਨਜ਼ਰ ਅੰਦਾਜ਼ ਕਰਨਾ: ਝੂੰਦਾ, ਚੰਦੂਮਾਜਰਾ

☛ਨਵੇਂ ਪ੍ਰਧਾਨ ਦੀ ਚੋਣ ਲਈ ਜ਼ਿਲ੍ਹੇ ਦੇ 7 ਡੈਲੀਗੇਟ ਤੇ ਪੰਜਾਬ ਦੇ 4 ਡੈਲੀਗੇਟ ਸਰਬਸੰਮਤੀ ਨਾਲ ਚੁਣੇ : ਸੇਖੂਪੁਰ



ਘਨੌਰ, 2 ਅਗਸਤ (ਰਾਜਿੰਦਰ ਸਿੰਘ ਕੰਬੋਜ/ਮਦਨ ਲਾਲ) : ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਆਦੇਸ਼ਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਪੁਨਰ ਗਠਿਤ ਦੇ ਲਈ ਬਣਾਈ ਗਈ ਪੰਜ ਮੈਂਬਰੀ ਕਮੇਟੀ ਵੱਲੋਂ ਘਨੌਰ ਦੇ ਹਲਕਾ ਇੰਚਾਰਜ ਭੁਪਿੰਦਰ ਸਿੰਘ ਸੇਖੂਪੁਰ ਦੀ ਅਗਵਾਈ ਹੇਠ ਗੁਰਦੁਆਰਾ ਸ੍ਰੀ ਕੁਸ਼ਟਨਿਵਾਰਨਸਰ ਸਾਹਿਬ ਪਾਤਸ਼ਾਹੀ ਨੌਵੀਂ ਸੇਖੂਪੁਰ ਵਿਖੇ ਡੈਲੀਗੇਟ ਇਜਲਾਸ ਬੁਲਾਇਆ ਗਿਆ। ਜਿਸ ਵਿੱਚ ਹਲਕਾ ਘਨੌਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਅਕਾਲੀ ਵਰਕਰਾਂ ਦੇ ਵੱਲੋਂ ਹਿੱਸਾ ਲਿਆ ਗਿਆ ਅਤੇ ਇਸ ਡੈਲੀਗੇਟ ਵਿੱਚ ਵਿਸ਼ੇਸ਼ ਤੌਰ 'ਤੇ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਇਕਬਾਲ ਸਿੰਘ ਝੂੰਦਾ, ਪ੍ਰੋ.ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਵਿਧਾਇਕ ਸਨੌਰ ਹਰਿੰਦਰ ਪਾਲ ਸਿੰਘ ਚੰਦੂਮਾਜਰਾ,ਸਾਬਕਾ ਚੇਅਰਮੈਨ ਰਣਧੀਰ ਸਿੰਘ ਰੱਖੜਾ, ਸਾਬਕਾ ਚੇਅਰਮੈਨ ਤੇਜਿੰਦਰਪਾਲ ਸਿੰਘ ਸੰਧੂ, ਸਮੇਤ ਲੀਡਰਸ਼ਿਪ ਦੇ ਵੱਲੋਂ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਇਕਬਾਲ ਸਿੰਘ ਝੂੰਦਾ ਨੇ ਕਿਹਾ ਕਿ ਅੱਜ ਦੇ ਇਸ ਡੈਲੀਗੇਟ ਦੇ ਵਿੱਚ ਪਟਿਆਲਾ ਜ਼ਿਲ੍ਹਾ ਲਈ ਸੱਤ ਡੈਲੀਗੇਟ ਅਤੇ ਚਾਰ ਪੰਜਾਬ ਦੇ ਡੈਲੀਗੇਟ ਸਰਬ ਸੰਮਤੀ ਦੇ ਨਾਲ ਸੰਗਤ ਵੱਲੋਂ ਚੁਣੇ ਗਏ ਹਨ। ਉਹਨਾਂ ਕਿਹਾ ਕਿ ਸ਼੍ਰੀ ਅਕਾਲ ਤਖਤ ਸਾਹਿਬ ਤੋਂ ਹੋਏ ਆਦੇਸ਼ਾਂ ਦੀ ਇਨ ਬਿਨ ਪਾਲਣਾ ਕਰਦੇ ਹੋਏ ਕਮੇਟੀ ਵੱਲੋਂ ਚੋਣ ਕੀਤੀ ਗਈ। ਉਹਨਾਂ ਕਿਹਾ ਕਿ ਇਹਨਾਂ ਡੈਲੀਗੇਟਾਂ ਦੀ ਚੋਣ ਇਸ ਲਈ ਕੀਤੀ ਗਈ ਹੈ ਕਿ 11 ਅਗਸਤ ਨੂੰ ਸ਼੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਨਵੇਂ ਪ੍ਰਧਾਨ ਦੀ ਚੋਣ ਕੀਤੀ ਜਾਵੇਗੀ ਅਤੇ ਨਵੀਂ ਲੀਡਰਸ਼ਿਪ ਚੁਣੀ ਜਾਵੇਗੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਜ਼ਿਲ੍ਹਾ ਅਤੇ ਸਟੇਟ ਦੇ ਚੁਣੇ ਗਏ ਡੈਲੀਗੇਟ ਨੂੰ ਵਧਾਈਆਂ ਦਿੱਤੀਆਂ ਅਤੇ ਕਿਹਾ ਕਿ ਸ਼੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ ਅਨੁਸਾਰ ਨਵੇਂ ਪ੍ਰਧਾਨ ਦੀ ਚੋਣ ਹੋਵੇਗੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਭੁਪਿੰਦਰ ਸਿੰਘ ਸੇਖੂਪੁਰ ਨੇ ਸਮੂਹ ਲੀਡਰਸ਼ਿਪ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਆਉਣ ਵਾਲੀ 11 ਅਗਸਤ ਨੂੰ ਜਿਸ ਤਰ੍ਹਾਂ ਅੱਜ ਦੇ ਡੈਲੀਗੇਟ ਸਰਬ ਸੰਮਤੀ ਦੇ ਨਾਲ ਚੁਣੇ ਗਏ ਹਨ ਉਸੇ ਤਰ੍ਹਾਂ ਨਵੇਂ ਪ੍ਰਧਾਨ ਦੀ ਚੋਣ ਵੀ ਸ਼੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ਾਂ ਅਤੇ ਹੁਕਮਾਂ ਨੂੰ ਇਨ ਬਿਨ ਪਾਲਣਾ ਕਰਦੇ ਹੋਏ ਚੁਣਿਆ ਜਾਵੇਗਾ। ਉਹਨਾਂ ਕਿਹਾ ਕਿ ਅੱਜ ਸੱਤ ਮੈਂਬਰ ਦੀ ਡੈਲੀਗੇਟ ਚੁਣੀ ਗਈ ਹੈ ਜਿਨ੍ਹਾਂ ਵਿੱਚ ਪੰਜਾਬ ਲਈ ਚਾਰ ਡੈਲੀਗੇਟ ਭੁਪਿੰਦਰ ਸਿੰਘ ਸੇਖੂਪੁਰ,ਜਥੇਦਾਰ ਲਾਲ ਸਿੰਘ ਮਰਦਾਂਪੁਰ,ਤੇਜਿੰਦਰ ਪਾਲ ਸਿੰਘ ਸੰਧੂ, ਅਤੇ ਜ਼ਿਲ੍ਹੇ ਲਈ ਜੰਗ ਸਿੰਘ ਰੁੜਕਾ,ਧਰਮ ਸਿੰਘ ਰਾਮ ਨਗਰ ਭਜਨ ਸਿੰਘ ਖੋਖਰ, ਚਰਨਜੀਤ ਸਿੰਘ ਪਹਿਰ, ਕਰਨੈਲ ਸਿੰਘ ਅਜਰੌਰ,ਜਸਵੀਰ ਸਿੰਘ ਬਘੌਰਾ,ਹਰਬੰਸ ਸਿੰਘ ਸੰਧਾਰਸੀ,ਸੁਰਜਨ ਸਿੰਘ ਸੀਲ, ਗੁਰਮੀਤ ਸਿੰਘ ਚਮਾਰੂ,ਜਸਬੀਰ ਸਿੰਘ ਦੜੂਆ, ਹਰਜਨ ਸਿੰਘ ਨਰੜੂ ਅਤੇ ਸਰਕਲ ਪ੍ਰਧਾਨ ਪ੍ਰਕਾਸ਼ ਸਿੰਘ ਆਲਮਪੁਰ, ਸੁੱਚਾ ਸਿੰਘ ਅਲੀ ਮਾਜਰਾ, ਸਵਰਨ ਸਿੰਘ ਚੱਪੜ, ਹਰਵਿੰਦਰ ਸਿੰਘ ਮਹਿਮੂਦਪੁਰ, ਗੁਰਵਿੰਦਰ ਸਿੰਘ ਰਾਮਪੁਰ,ਅਮਰੀਕ ਸਿੰਘ ਲੋਚਮਾ, ਗੁਰਵਿੰਦਰ ਸਿੰਘ ਸੇਹਰਾ ਡੈਲੀਗੇਟ ਚੁਣੇ ਗਏ ਹਨ। ਇਸ ਮੌਕੇ ਉਹਨਾਂ ਨਾਲ ਜਗਜੀਤ ਸਿੰਘ ਕੋਹਲੀ, ਕੈਪਟਨ ਖੁਸ਼ਵੰਤ ਸਿੰਘ,ਅਵਤਾਰ ਸਿੰਘ ਚੱਪੜ,ਤਰਸੇਮ ਸਿੰਘ ਚੱਪੜ, ਮਨਮੋਹਨ ਸਿੰਘ ਲੰਬੜਦਾਰ, ਜਸਵੀਰ ਸਿੰਘ, ਸੰਪੂਰਨ ਸਿੰਘ ਅਲਾਦੀਪੁਰ, ਜੋਗਿੰਦਰ ਸਿੰਘ ਨਸੀਰਪੁਰ, ਤਰਨਵੀਰ ਸਿੰਘ ਆਕੜ, ਗੁਰਪ੍ਰੀਤ ਸਿੰਘ ਸੰਧਾਰਸੀ,ਅਵਤਾਰ ਸਿੰਘ ਰੁੜਕੀ, ਪਰਮਿੰਦਰ ਸਿੰਘ ਚੱਪੜ,ਪਰਗਟ ਸਿੰਘ ਸੇਖੂਪੁਰ, ਹਰਵਿੰਦਰ ਸਿੰਘ ਸੇਖੂਪੁਰ ਪਰਮਜੀਤ ਸਿੰਘ ਸੰਧਾਰਸੀ ਸਮੇਤ ਵੱਡੀ ਗਿਣਤੀ ਵਿੱਚ ਸੀਨੀਅਰ ਅਕਾਲੀ ਆਗੂ ਹਾਜ਼ਰ ਸਨ।

# ਪ੍ਰੇਮ ਵਿਆਹ ਕਰਾਉਣ ਨੂੰ ਲੈ ਕੇ ਪਿੰਡ ਦੀ ਪੰਚਾਇਤ ਵੱਲੋਂ ਤੁਗਲਕੀ ਫਰਮਾਨ

## ਇੱਕੋ ਪਿੰਡ ਦੇ ਮੁੰਡਾ-ਕੁੜੀ ਨਹੀਂ ਕਰਵਾ ਸਕਦੇ ਵਿਆਹ, ਮਤਾ ਪਾਇਆ



ਨਾਭਾ, 2 ਅਗਸਤ (ਬਲਜਿੰਦਰ ਮਾਨ): ਨਾਭਾ ਬਲਾਕ ਦੇ ਪਿੰਡ ਗਲਵੱਟੀ ਦੇ ਲੜਕਾ ਲੜਕੀ ਵੱਲੋਂ ਲਵ ਮੈਰਿਜ ਕਰਾਉਣ ਨੂੰ ਲੈ ਕੇ ਪਿੰਡ ਦੀ ਪੰਚਾਇਤ ਵੱਲੋਂ ਤੁਗਲਕੀ ਫਰਮਾਨ ਕੀਤਾ ਜਾਰੀ। ਪਿੰਡ ਦਾ ਕੋਈ ਵੀ ਵਿਅਕਤੀ ਲੜਕੇ ਦੇ ਪਰਿਵਾਰ ਅਤੇ ਲੜਕਾ ਲੜਕੀ ਨਾਲ ਕੀਤਾ ਸਮਾਜਿਕ ਬਾਈਕਾਟ ਅਤੇ ਲੜਕਾ ਲੜਕੀ ਨੂੰ ਪਿੰਡ ਵਿੱਚੋਂ ਕੱਢਿਆ ਜਾਵੇ ਬਾਹਰ। ਪੀੜਤ ਲੜਕੇ ਨੇ ਨਾਭਾ ਦੀ ਅਦਾਲਤ ਦਾ ਖੜਕਾਇਆ ਦਰਵਾਜਾ ਇਨਸਾਫ ਦੀ ਕੀਤੀ ਮੰਗ। ਪੀੜਤ ਲੜਕੇ ਦੇ ਵਕੀਲ ਨੇ ਕਿਹਾ ਕਿ ਕਾਨੂੰਨ ਮੁਤਾਬਕ ਪਿੰਡ ਦੀ ਪੰਚਾਇਤ ਕੋਲ ਕੀ ਅਧਿਕਾਰ ਹੈ ਕਿ ਉਹ ਲੜਕੇ ਲੜਕੀ ਨੂੰ ਪਿੰਡ ਵਿੱਚੋਂ ਕਿਵੇਂ ਬਾਹਰ ਕੱਢ ਸਕਦੇ ਹਨ, ਜਦੋਂਕਿ ਲੜਕੇ ਦਾ ਹੈ ਪਿੰਡ ਵਿੱਚ ਜੱਦੀ ਘਰ ਹੈ, ਇਸ ਮਤੇ 'ਤੇ ਗਲਵੱਟੀ ਪੁਲਿਸ ਚੌਂਕੀ ਇੰਚਾਰਜ ਨਵਦੀਪ ਕੌਰ ਨੇ ਕਿਹਾ ਕਿ ਇਹ ਮੈਟਰ ਕੋਰਟ ਵਿੱਚ ਚੱਲ ਰਿਹਾ ਹੈ ਪੁਲਿਸ ਇਸ ਵਿੱਚ ਕੁਝ ਨਹੀਂ ਕਰ ਸਕਦੀ। ਪਿੰਡ ਗਲਵੱਟੀ ਦੀ ਪੰਚਾਇਤ ਤੇ ਪਿੰਡ ਵਾਸੀਆਂ ਨੇ ਲਵ ਮੈਰਿਜ ਕਰਾਉਣ ਵਾਲਿਆਂ ਖਿਲਾਫ ਤੁਗਲਕੀ ਫਰਮਾਨ ਜਾਰੀ ਕੀਤਾ, ਪਿੰਡ ਦੇ ਰਹਿਣ ਵਾਲੇ ਤਰਨਜੀਤ ਸਿੰਘ ਤੇ ਦਿਲਪ੍ਰੀਤ ਕੌਰ ਜੋ ਕਿ ਇੱਕੋ ਪਿੰਡ ਦੇ ਰਹਿਣ ਵਾਲੇ ਹਨ ਜਿਨ੍ਹਾਂ ਨੇ 2016 ਵਿੱਚ ਲਵ ਮੈਰਿਜ ਕਰਵਾਈ ਸੀ। ਜਿਨ੍ਹਾਂ ਦੇ ਹੁਣ ਦੋ ਬੱਚੇ ਵੀ ਹਨ। ਇਹ ਦੋਵੇਂ ਕਈ ਸਾਲ ਪਿੰਡ ਤੋਂ ਬਾਹਰ ਕਿਰਾਏ 'ਤੇ ਰਹੇ। ਹੁਣ ਆਪਣੇ ਦੋ ਬੱਚਿਆਂ ਸਮੇਤ ਕਰੀਬ ਦੋ ਸਾਲਾਂ ਤੋਂ ਪਿੰਡ ਵਿੱਚ ਹੀ ਰਹਿ ਰਹੇ ਹਨ। ਪਿੰਡ ਦੀ ਪੰਚਾਇਤ ਅਤੇ ਪਿੰਡ ਵਾਸੀਆਂ ਵੱਲੋਂ ਇਹਨਾਂ ਦਾ ਸਮਾਜਿਕ ਬਾਈਕਾਟ ਕਰਨ ਦਾ ਐਲਾਨ ਕੀਤਾ ਗਿਆ ਹੈ ਤੇ ਇਨ੍ਹਾਂ ਨੂੰ ਪਿੰਡ ਤੋਂ ਬਾਹਰ ਰਹਿਣ ਦਾ ਫਰਮਾਨ ਜਾਰੀ ਕੀਤਾ ਗਿਆ ਹੈ , ਕਿ ਤੁਸੀਂ ਪਿੰਡ ਵਿੱਚ ਨਹੀਂ ਰਹਿ ਸਕਦੇ। ਇਸ ਮੌਕੇ ਪਿੰਡ ਦੇ ਸਰਪੰਚ ਗੁਰਚਰਨ ਸਿੰਘ ਅਤੇ ਪਿੰਡ ਵਾਸੀਆਂ ਨੇ ਕਿਹਾ ਕਿ ਦੋਨਾਂ ਵੱਲੋਂ ਪਿੰਡ ਵਿੱਚ ਹੀ ਲਵ ਮੈਰਿਜ ਕਰਵਾਉਣ ਦੇ ਕਾਰਨ ਪਿੰਡ ਵਾਸੀਆਂ ਵੱਲੋਂ ਇਹਨਾਂ ਦਾ ਸਮਾਜਿਕ ਬਾਈਕਾਟ ਕੀਤਾ ਜਾਂਦਾ ਹੈ, ਕਿਉਂਕਿ ਇਸ ਦਾ ਅਸਰ ਹੋਰਾਂ 'ਤੇ ਵੀ ਪਵੇਗਾ। ਉਨ੍ਹਾਂ ਕਿਹਾ ਕਿ ਇਹਨਾਂ ਵੱਲੋਂ ਐਫੀਡੈਵਿਟ ਦਿੱਤਾ ਗਿਆ ਸੀ ਕਿ ਉਹ ਪਿੰਡ ਵਿੱਚ ਨਹੀਂ ਰਹਿਣਗੇ ਪਰ ਇਹ ਦੁਬਾਰਾ ਆ ਕੇ ਪਿੰਡ ਵਿੱਚ ਰਹਿਣ ਲੱਗ ਗਏ ਹਨ ਅਤੇ ਅਸੀਂ ਸਰਪੰਚ ਹੋਣ ਦੇ ਨਾਤੇ ਪੂਰੀ ਪੰਚਾਇਤ ਵੱਲੋਂ ਮਤਾ ਪਾਇਆ ਗਿਆ ਹੈ ਕਿ ਇਹਨਾਂ ਦਾ ਸਮਾਜਿਕ ਬਾਈਕਾਟ ਕੀਤਾ ਜਾਵੇ ਅਤੇ ਇਹ ਪਿੰਡ ਵਿੱਚ ਨਾ ਰਹਿਣ। ਇਸ ਸਬੰਧੀ ਪੀੜਿਤ ਤਰਨਜੀਤ ਸਿੰਘ ਨੇ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਸਾਨੂੰ ਪਿੰਡ ਤੋਂ ਬਾਹਰ ਜਾਣ ਲਈ ਕਿਹਾ ਗਿਆ ਹੈ ਕਿ ਤੁਸੀਂ ਪਿੰਡ ਵਿੱਚ ਨਹੀਂ ਰਹਿ ਸਕਦੇ ,ਕਿਉਂਕਿ ਤੁਸੀਂ ਪਿੰਡ ਦੀ ਲੜਕੀ ਨਾਲ ਲਵ ਮੈਰਿਜ ਕਰਵਾਈ ਹੈ। ਜੇਕਰ ਸਾਨੂੰ ਇਨਸਾਫ ਨਾ ਮਿਲਿਆ ਤਾਂ ਅਸੀਂ ਮਾਨਯੋਗ ਹਾਈਕੋਰਟ ਦਾ ਰੁਖ ਕਰਾਂਗੇ। ਇਸ ਮੌਕੇ 'ਤੇ ਪੀੜਿਤ ਤਰਨਜੀਤ ਸਿੰਘ ਦੇ ਵਕੀਲ ਅਮਰਦੀਪ ਸਿੰਘ ਨੇ ਕਿਹਾ ਕਿ ਮੇਰੇ ਕਲਾਇੰਟ ਦੇ ਖਿਲਾਫ ਪਿੰਡ ਦੀ ਪੰਚਾਇਤ ਵੱਲੋਂ ਤੁਗਲਕੀ ਫਰਮਾਨ ਜਾਰੀ ਕੀਤਾ ਗਿਆ ਹੈ ਜੋ ਕਿ ਗੈਰ ਕਾਨੂੰਨੀ ਮਤਾ ਪਾਇਆ ਗਿਆ ਹੈ ਸਾਨੂੰ ਕਾਨੂੰਨ 'ਤੇ ਪੂਰਾ ਵਿਸ਼ਵਾਸ ਹੈ ਅਤੇ ਸਾਨੂੰ ਅਦਾਲਤ ਇਨਸਾਫ ਦੇਵੇਗਾ ਕਿਉਂਕਿ ਜੋ ਡਾਇਰੈਕਸ਼ਨਾਂ ਹਨ ਹਾਈ ਕੋਰਟ ਅਤੇ ਸੁਪਰੀਮ ਕੋਰਟ ਵੱਲੋਂ ਲਵ ਮੈਰਿਜ ਕਪਲ ਨੂੰ ਪੁਲਿਸ ਪ੍ਰੋਟੈਕਸ਼ਨ ਦਿੱਤੀ ਜਾਂਦੀ ਹੈ ਪਰ ਜੋ ਪੰਚਾਇਤ ਵੱਲੋਂ ਫਰਮਾਨ ਸੁਣਾਇਆ ਗਿਆ ਹੈ ਇਹ ਬਿਲਕੁਲ ਗਲਤ ਹੈ। ਪੰਚਾਇਤ ਨੇ ਕਾਨੂੰਨ ਦੇ ਦਾਇਰੇ ਤੋਂ ਬਾਹਰ ਹੋ ਕੇ ਤੁਗਲਕੀ ਫਰਮਾਨ ਜਾਰੀ ਕੀਤਾ ਹੈ ਪਰ ਹੁਣ ਅਦਾਲਤ ਵੱਲੋਂ ਪੰਚਾਇਤ ਦੇ ਖਿਲਾਫ ਕੀ ਫੈਸਲਾ ਸੁਣਾਇਆ ਜਾਵੇਗਾ ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

# ਸਕੂਲ ਸਿਲੇਬਸ 'ਚ ਨਸ਼ਿਆਂ ਵਿਰੁੱਧ ਵਿਸ਼ਾ ਸ਼ਾਮਲ ਕਰਨਾ ਪੰਜਾਬ ਸਰਕਾਰ ਦੀ ਵੱਡਮੁੱਲੀ ਪਹਿਲ : ਗੁਰਲਾਲ ਘਨੌਰ



ਘਨੌਰ, 2 ਅਗਸਤ (ਮਦਨ ਲਾਲ/ਰਾਜਿੰਦਰ ਸਿੰਘ ਕੰਬੋਜ) :ਪੰਜਾਬ ਸਰਕਾਰ ਵੱਲੋਂ ਸਕੂਲਾਂ ਦੇ ਸਿਲੇਬਸ 'ਚ ਨਸ਼ਿਆਂ ਵਿਰੁੱਧ ਵਿਸ਼ਾ ਸ਼ਾਮਿਲ ਕਰਨਾ ਇੱਕ ਇਤਿਹਾਸਕ ਅਤੇ ਦੂਰਅੰਦੇਸ਼ੀ ਭਰਿਆ ਕਦਮ ਹੈ, ਜਿਸ ਰਾਹੀਂ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਤੋਂ ਬਚਾਇਆ ਜਾ ਸਕੇਗਾ। ਇਹ ਗੱਲ ਹਲਕਾ ਘਨੌਰ ਤੋਂ ਵਿਧਾਇਕ ਅਤੇ ਪੰਜਾਬ ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ ਗੁਰਲਾਲ ਘਨੌਰ ਨੇ ਆਪਣੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਹੀ। ਵਿਧਾਇਕ ਗੁਰਲਾਲ ਘਨੌਰ ਵੱਲੋਂ ਹਲਕਾ ਵਾਸੀਆਂ ਦੀਆ ਵੱਖ-ਵੱਖ ਸਮੱਸਿਆਵਾਂ ਨੂੰ ਧਿਆਨ ਨਾਲ ਸੁਣ ਕੇ, ਉਨ੍ਹਾਂ ਦੇ ਤੁਰੰਤ ਹੱਲ ਲਈ ਸਬੰਧਤ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਕਿਹਾ ਕਿ 'ਨਸ਼ਿਆਂ ਵਿਰੁੱਧ ਯੁੱਧ' ਪੰਜਾਬ ਸਰਕਾਰ ਦੀ ਇੱਕ ਸਾਂਝੀ ਮੁਹਿੰਮ ਬਣ ਚੁੱਕੀ ਹੈ, ਜਿਸ ਵਿੱਚ ਲੋਕਾਂ ਨੇ ਆਪਣੇ ਪੱਧਰ 'ਤੇ ਭਰਪੂਰ ਸਹਿਯੋਗ ਦਿੱਤਾ ਹੈ। ਵਿਧਾਇਕ ਗੁਰਲਾਲ ਘਨੌਰ ਨੇ ਵਿਸ਼ਵਾਸ ਜ਼ਾਹਿਰ ਕੀਤਾ ਕਿ ਸਿਲੇਬਸ 'ਚ ਨਸ਼ਿਆਂ ਖ਼ਿਲਾਫ਼ ਪਾਠ ਸ਼ਾਮਿਲ ਹੋਣ ਨਾਲ ਨੌਜਵਾਨ ਪੀੜ੍ਹੀ ਨੂੰ ਛੋਟੀ ਉਮਰ ਤੋਂ ਹੀ ਨਸ਼ਿਆਂ ਦੇ ਖ਼ਤਰਨਾਕ ਪ੍ਰਭਾਵਾਂ ਬਾਰੇ ਸਮਝ ਮਿਲੇਗੀ ਅਤੇ ਉਹ ਆਪਣੇ ਜੀਵਨ ਨੂੰ ਸੰਵਾਰਨ ਦੀ ਦਿਸ਼ਾ ਵੱਲ ਅੱਗੇ ਵਧਣਗੇ। ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਉਨ੍ਹਾਂ ਕਿਹਾ ਕਿ ਵਿਦਿਆਰਥੀ ਜੀਵਨ ਦੌਰਾਨ ਜਦੋਂ ਬੱਚਿਆਂ ਨੂੰ ਨੈਤਿਕਤਾ ਅਤੇ ਜ਼ਿੰਦਗੀ ਸੰਵਾਰਨ ਦੇ ਅਸਲੀ ਅਰਥ ਸਿਖਾਏ ਜਾਂਦੇ ਹਨ, ਤਾਂ ਉਹ ਆਉਣ ਵਾਲੀ ਉਮਰ ਵਿਚ ਸੋਚ-ਸਮਝ ਕੇ ਫੈਸਲੇ ਲੈਣ ਯੋਗ ਬਣਦੇ ਹਨ। ਇਸ ਮੌਕੇ ਗੁਰਤਾਜ ਸਿੰਘ ਸੰਧੂ, ਸਰਪੰਚ ਇੰਦਰਜੀਤ ਸਿੰਘ ਸਿਆਲ, ਸਰਪੰਚ ਜਸਵਿੰਦਰ ਸਿੰਘ, ਬਲਾਕ ਪ੍ਰਧਾਨ ਲਖਬੀਰ ਗੁਜ਼ਰ, ਸਰਪੰਚ ਜੋਧਵੀਰ ਸਿੰਘ ਵੜੈਚ ਘੜਾਮਾ,ਕੋਚ ਕੁਲਵੰਤ ਸਿੰਘ ਸਮੇਤ ਵੱਖ-ਵੱਖ ਪਿੰਡਾਂ ਤੋਂ ਸਰਪੰਚ ਪੰਚ ਅਤੇ ਹੋਰ ਮੁੱਖ ਸਖਸ਼ੀਅਤਾਂ ਮੌਜੂਦ ਸਨ।

# ਡਾ. ਮੱਘਰ ਸਿੰਘ ਵੱਲੋਂ ਕੁਲਾਰਾਂ ਸਕੂਲ ਦੀਆਂ ਮੈਰਿਟ 'ਚ ਆਈਆਂ ਵਿਦਿਆਰਥਣਾਂ ਦਾ ਸਨਮਾਨ



ਸਮਾਣਾ, 2 ਅਗਸਤ (ਸੁਖਜਿੰਦਰ ਸਿੰਘ ਕੁਲਾਰਾਂ): ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਕੁਲਾਰਾਂ ਵਿਖੇ ਐਸ.ਐਨ.ਐਸ ਵਿੱਦਿਅਕ ਟਰੱਸਟ ਦਿੜਬਾ ਮੰਡੀ, ਸੰਗਰੂਰ ਦੇ ਚੇਅਰਮੈਨ ਡਾਕਟਰ ਮੱਘਰ ਸਿੰਘ ਐਸ.ਐਮ.ਓ. (ਸੇਵਾ ਮੁਕਤ) ਵੱਲੋਂ ਸਕੂਲ ਦੀ ਬੋਰਡ ਦੀ ਪ੍ਰੀਖਿਆ ਵਿੱਚੋਂ ਮੈਰਿਟ ਸੂਚੀ ਵਿੱਚ ਆਈਆਂ ਵਿਦਿਆਰਥਣਾਂ ਨਰਿੰਦਰ ਪਾਲ ਕੌਰ (ਜਮਾਤ ਬਾਰਵੀਂ) ਅਤੇ ਜਸਪ੍ਰੀਤ ਕੌਰ (ਜਮਾਤ ਅੱਠਵੀਂ) ਨੂੰ ਸੰਸਥਾ ਦੇ ਉੱਘੇ ਮੈਂਬਰ ਅਤੇ ਜ਼ਿਲ੍ਹਾ ਭਾਸ਼ਾ ਅਫਸਰ ਸੰਗਰੂਰ ਡਾ. ਰਣਜੋਧ ਸਿੰਘ ਸਿੱਧੂ ਵੱਲੋਂ ਸਰਟੀਫਿਕੇਟ ਅਤੇ ਨਰਿੰਦਰਪਾਲ ਕੌਰ ਨੂੰ ਸਿਲਵਰ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਆਪਣੇ ਭਾਸ਼ਣ ਵਿੱਚ ਬੋਲਦਿਆਂ ਡਾ. ਸਾਹਿਬ ਨੇ ਸੰਸਥਾ ਦੇ ਉਦੇਸ਼ ਅਤੇ ਪ੍ਰਾਪਤੀਆਂ 'ਤੇ ਚਾਨਣਾ ਪਾਇਆ ਅਤੇ ਵਿਦਿਆਰਥੀਆਂ ਨੂੰ ਚੰਗੇ ਭਵਿੱਖ ਲਈ ਪ੍ਰੇਰਨਾ ਦਿੱਤੀ। ਇਸ ਮੌਕੇ ਸੰਸਥਾ ਦੇ ਮੁਖੀ ਪ੍ਰਦੀਪ ਕੁਮਾਰ ਅਤੇ ਸਮੂਹ ਸਟਾਫ ਹਾਜ਼ਰ ਸੀ।

## *ਵਿਦੇਸ਼ ਭੇਜਣ ਦੀ ਥਾਂ ਕੀਤਾ ਭਾਰਤ ਡਿਪੋਰਟ*

ਪਟਿਆਲਾ, 2 ਅਗਸਤ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਕੋਲ ਹਰਮਨ ਸਿੰਘ ਪੁੱਤਰ ਸੁਖਵੰਤ ਸਿੰਘ ਵਾਸੀ ਪਿੰਡ ਡੰਡੋਆ ਨੇ ਕਥਿਤ ਦੋਸ਼ੀ ਏਜੰਟ ਗੁਰਪਾਲ ਸਿੰਘ, ਹਾਕਮ ਸਿੰਘ, ਗੀਨਾ ਵਾਸੀ ਪਿੰਡ ਦੀਵਾਨਾ ਜ਼ਿਲ੍ਹਾ ਕਰੂਕਸ਼ੇਤਰਾ ਹਰਿਆਣਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਕਥਿਤ ਦੋਸ਼ੀਆਂ ਨੇ ਉਸ ਦੇ ਭਰਾ ਅੰਮ੍ਰਿਤ ਸਿੰਘ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 40 ਲੱਖ ਰੁਪਏ ਲੈ ਲਏ, ਪਰ ਬਾਅਦ ਵਿੱਚ ਕਥਿਤ ਦੋਸ਼ੀ ਉਸ ਦੇ ਭਰਾ ਨੂੰ ਵਿਦੇਸ਼ ਭੇਜਣ ਦੀ ਜਗ੍ਹਾ ਹੋਰ ਵੱਖ-ਵੱਖ ਦੇਸ਼ਾ ਵਿੱਚ ਘੁੰਮਾਉਂਦੇ ਰਹੇ ਅਤੇ ਡਰਾ ਧਮਕਾ ਕੇ ਬਲੈਕਮੈਲ ਕਰਕੇ ਉਸ ਕੋਲੋਂ ਹੋਰ ਪੈਸੇ ਮੰਗਵਾਉਂਦੇ ਰਹੇ, ਜੋ ਜਾਅਲੀ ਮੋਰਸ਼ੀਅਸ ਪਾਸਪੋਰਟ ਅਤੇ ਜਾਅਲੀ ਦਸਤਾਵੇਜ਼ਾਂ ਕਾਰਨ ਉਸ ਦਾ ਭਰਾ ਯੂਰਪ ਵਿੱਚ 1 ਮਹੀਨੇ ਜੇਲ ਕੱਟ ਕੇ ਵਾਪਿਸ ਭਾਰਤ ਡਿਪੋਰਟ ਕਰ ਦਿੱਤਾ ਗਿਆ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## *ਨਿਆਲ ਖੁਦਕੁਸ਼ੀ ਕਾਂਡ*

# ਹਜ਼ਾਰਾਂ ਲੋਕਾਂ ਵੱਲੋਂ ਖੁਦਕੁਸ਼ੀ ਕਰਨ ਵਾਲੇ ਨੌਜਵਾਨਾਂ ਦੀਆਂ ਮ੍ਰਿਤਕ ਦੇਹਾਂ ਨਾਲ ਪਾਤੜਾਂ ਵਿੱਚ ਰੋਸ ਪ੍ਰਦਰਸ਼ਨ



ਪਾਤੜਾਂ, 2 ਅਗਸਤ (ਹਰਮਿੰਦਰ ਕਰਤਾਰਪੁਰ) : ਪੈਸੇ ਚੋਰੀ ਦਾ ਇਲਜ਼ਾਮ ਲਗਾ ਕੇ ਟਰੱਕ ਮਾਲਕ ਪੁਲਿਸ ਮੁਲਾਜ਼ਮ ਵੱਲੋਂ ਡਰਾਈਵਰ ਅਤੇ ਕੰਡਕਟਰ ਦੀ ਕੀਤੀ ਗਈ ਕੁੱਟਮਾਰ ਮਗਰੋਂ ਨਮੋਸ਼ੀ ਨਾ ਸਹਾਰਦਿਆਂ ਖੁਦਕੁਸ਼ੀ ਕਰਨ ਵਾਲੇ ਪਿੰਡ ਨਿਆਲ ਦੇ ਦੋਵੇਂ ਨੌਜਵਾਨਾਂ ਦੇ ਪੀੜ੍ਹਤ ਪਰਿਵਾਰਾਂ ਨੂੰ ਇਨਸਾਫ ਦਿਵਾਉਣ ਅਤੇ ਮਾਮਲੇ ਦੇ ਮੁੱਖ ਦੋਸ਼ੀ ਦੀ ਗ੍ਰਿਫਤਾਰੀ ਦੀ ਮੰਗ ਪੂਰੀ ਨਾ ਹੋਣ ਤੱਕ ਅੰਤਿਮ ਸਸਕਾਰ ਨਾ ਕੀਤੇ ਜਾਣ ਨੂੰ ਲੈ ਕੇ ਚੱਲ ਰਿਹਾ ਸੰਘਰਸ਼ ਲਗਾਤਾਰ ਜਾਰੀ ਹੈ। ਪਾਤੜਾਂ ਪਟਿਆਲਾ ਸੜਕ 'ਤੇ ਬਾਈਪਾਸ ਚੌਂਕ ਨਿਆਲ ਵਿਖੇ ਸੜਕ ਕਿਨਾਰੇ ਮ੍ਰਿਤਕ ਦੇਹਾਂ ਰੱਖ ਕੇ ਦਿੱਤਾ ਜਾ ਰਿਹਾ ਧਰਨਾ ਛੇਵੇਂ ਦਿਨ ਵੀ ਜਾਰੀ ਰਿਹਾ। ਇਸ ਦੌਰਾਨ ਪੀੜ੍ਹਤ ਪਰਿਵਾਰਾਂ ਤੇ ਪਿੰਡ ਵਾਸੀਆਂ ਵੱਲੋਂ ਬਣਾਈ ਐਕਸ਼ਨ ਕਮੇਟੀ ਦੇ ਸੱਦੇ ਉੱਤੇ ਚਾਰ ਘੰਟਿਆਂ ਦੇ ਦਿੱਤੇ ਬੰਦ ਦੇ ਸੱਦੇ ਨੂੰ ਸ਼ਹਿਰ ਵਾਸੀਆਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ। ਸਵੇਰੇ ਦਸ ਵਜੇ ਦੇ ਕਰੀਬ ਹਲਕੀ ਬਰਸਾਤ ਦੌਰਾਨ ਜਦੋਂ ਮ੍ਰਿਤਕਾਂ ਦੀਆਂ ਲਾਸ਼ਾਂ ਲੈ ਕੇ ਸ਼ਹਿਰ ਵਿੱਚ ਰੋਸ ਮਾਰਚ ਕੱਢਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ ਤਾਂ ਵੱਡੀ ਗਿਣਤੀ ਵਿੱਚ ਪੁਲਿਸ ਫੋਰਸ ਤਾਇਨਾਤ ਕਰ ਦਿੱਤੀ ਗਈ। ਪੁਲਿਸ ਵੱਲੋਂ ਮਿੱਟੀ ਦੇ ਭਰੇ ਟਰੱਕ ਲਗਾ ਕੇ ਸੜਕ ਨੂੰ ਰੋਕਣ ਦਾ ਯਤਨ ਕੀਤਾ ਗਿਆ। ਇਸ ਦੌਰਾਨ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਹੋਈ ਜਿਸ ਵਿੱਚ ਕੀਤੇ ਗਏ ਫੈਸਲੇ ਤਹਿਤ ਜਦੋਂ ਵੱਡੀ ਗਿਣਤੀ ਵਿੱਚ ਕਿਸਾਨ ਜਥੇਬੰਦੀਆਂ ਨਾਲ ਸੰਬੰਧਿਤ ਵਰਕਰ ਧਰਨੇ ਵਾਲੀ ਥਾਂ ਉੱਤੇ ਪੁੱਜੇ ਗਏ। ਪਤਾ ਲੱਗਦਿਆਂ ਹੀ ਪੁਲਿਸ ਵੱਲੋਂ ਸੜਕ 'ਤੇ ਲਗਾਈਆਂ ਗਈਆਂ ਰੋਕਾਂ ਹਟਾ ਦਿੱਤੀਆਂ ਗਈਆਂ, ਜਿਸ ਮਗਰੋਂ ਰੋਹ ਵਿੱਚ ਆਏ ਪ੍ਰਦਰਸ਼ਨਕਾਰੀਆਂ ਅਤੇ ਕਿਸਾਨ ਜਥੇਬੰਦੀਆਂ ਦੇ ਵਰਕਰਾਂ ਵੱਲੋਂ ਦੋਵੇਂ ਮ੍ਰਿਤਕ ਨੌਜਵਾਨਾਂ ਦੀਆਂ ਲਾਸ਼ਾਂ ਟਰਾਲੀ ਵਿੱਚ ਰੱਖ ਕੇ ਸ਼ਹਿਰ ਵਿੱਚ ਰੋਸ ਮਾਰਚ ਕੱਢਿਆ ਗਿਆ। ਰੋਸ ਮਾਰਚ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕਰਕੇ ਪਰਿਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ। ਰੋਸ ਮਾਰਚ ਮੋਰਚੇ ਵਾਲੀ ਥਾਂ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਪਟਿਆਲਾ ਰੋਡ ਨਰਵਾਣਾ ਰੋਡ ਅਨਾਜ ਮੰਡੀ ਹੁੰਦਾ ਹੋਇਆ ਜਾਖਲ ਰੋਡ ਰਾਹੀਂ ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਸ਼ਹਿਰ ਦੇ ਸ਼ਹੀਦ ਭਗਤ ਸਿੰਘ ਚੌਂਕ ਵਿਖੇ ਰੋਸ ਰੈਲੀ ਕੀਤੀ। ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਡਿਪਟੀ ਜਨਰਲ ਸਕੱਤਰ ਕੁਲਵੰਤ ਸਿੰਘ ਮੌਲਵੀਵਾਲਾ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਗੁਰਵਿੰਦਰ ਸਿੰਘ ਦੇਧਨਾ, ਕਿਸਾਨ ਆਗੂ ਮਨਜੀਤ ਸਿੰਘ ਨਿਆਲ,ਬੀਬਾ ਚਰਨਜੀਤ ਕੌਰ ਕੰਗ ਨੇ ਮ੍ਰਿਤਕ ਨੌਜਵਾਨਾਂ ਨੂੰ ਕਤਲ ਕਰਾਰ ਦਿੰਦਿਆਂ ਕਿਹਾ ਕਿ ਭਾਰਤੀ ਸੰਵਿਧਾਨ ਮੁਤਾਬਕ ਕਿਸੇ ਨੂੰ ਮਰਨ ਲਈ ਮਜਬੂਰ ਕਰਨਾ ਬਹੁਤ ਵੱਡਾ ਗੁਨਾਹ ਹੈ। ਇਸ ਲਈ ਕਤਲ ਲਈ ਸਿੱਧੇ ਤੌਰ ਉੱਤੇ ਜਿੰਮੇਵਾਰ ਵਿਅਕਤੀਆਂ ਉੱਤੇ ਕਤਲ ਦੀਆਂ ਧਾਰਾਵਾਂ ਤਹਿਤ ਪਰਚਾ ਦਰਜ ਕਰਨਾ ਬਣਦਾ ਹੈ। ਸ਼ੁੱਕਰਵਾਰ ਨੂੰ ਕੀਤੇ ਗਏ ਇਸ ਪ੍ਰਦਰਸ਼ਨ ਦੌਰਾਨ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਟਰੱਕ ਯੂਨੀਅਨ ਦੇ ਆਗੂਆਂ ਸਮੇਤ ਹਰਿਆਣਾ ਦਿੱਲੀ ਗੁਜਰਾਤ ਅਤੇ ਉੜੀਸਾ ਤੋਂ ਟਰੱਕ ਡਰਾਈਵਰ ਭਾਈਚਾਰੇ ਨਾਲ ਸੰਬੰਧਿਤ ਲੋਕਾਂ ਨੇ ਸ਼ਮੂਲੀਅਤ ਕੀਤੀ। ਰੋਸ ਮਾਰਚ ਦੀ ਸਮਾਪਤੀ ਉਪਰੰਤ ਜਦੋਂ ਵੱਡੀ ਗਿਣਤੀ ਵਿੱਚ ਲੋਕ ਵਾਪਸ ਮੋਰਚੇ ਵਾਲੀ ਥਾਂ ਉੱਤੇ ਪੁੱਜੇ ਤਾਂ ਪ੍ਰਸ਼ਾਸਨ ਦੀ ਤਰਫੋਂ ਐਸਐਸਪੀ ਪਟਿਆਲਾ ਵਰੁਣ ਸ਼ਰਮਾ, ਏਡੀਸੀ ਵਿਕਾਸ ਅਮਰਿੰਦਰ ਸਿੰਘ ਟਿਵਾਣਾ, ਐਸਪੀ ਹੈੱਡ ਕੁਆਰਟਰ ਵੈਭਵ ਚੌਧਰੀ, ਸੇਵਾ ਮੁਕਤ ਐਸਪੀ ਜਸਵਿੰਦਰ ਸਿੰਘ ਟਿਵਾਣਾ, ਡੀਐਸਪੀ ਪਾਤੜਾਂ ਇੰਦਰਪਾਲ ਸਿੰਘ ਚੌਹਾਨ ਵੱਲੋਂ ਐਕਸ਼ਨ ਕਮੇਟੀ ਦੇ ਆਗੂਆਂ ਕਿਸਾਨ ਆਗੂ ਮਨਜੀਤ ਸਿੰਘ ਨਿਆਲ, ਪ੍ਰਿਸਤ ਸਿੰਘ, ਬੱਲਮ ਸਿੰਘ, ਸਰਪੰਚ ਪ੍ਰਲਾਦ ਸਿੰਘ, ਅਮਰੀਕ ਸਿੰਘ, ਪੂਰਨ ਸਿੰਘ ਅਤੇ ਸੁਖਦੇਵ ਸਿੰਘ ਨਾਲ ਮੀਟਿੰਗ ਕੀਤੀ ਗਈ ।ਦੋਵਾਂ ਧਿਰਾਂ ਵਿਚਕਾਰ ਸੁਖਾਵੇਂ ਮਾਹੌਲ ਵਿੱਚ ਹੋਈ ਮੀਟਿੰਗ ਦੌਰਾਨ ਐਕਸ਼ਨ ਕਮੇਟੀ ਦੇ ਆਗੂਆਂ ਵੱਲੋਂ ਪ੍ਰਮੁੱਖ ਦੋਸ਼ੀ ਨੂੰ ਗ੍ਰਿਫਤਾਰ ਕਰਨ ਦੇ ਨਾਲ ਨਾਲ ਪਰਿਵਾਰ ਲਈ ਵਿੱਤੀ ਸਹਾਇਤਾ ਤੇ ਇੱਕ ਇੱਕ ਮੈਂਬਰ ਨੂੰ ਯੋਗਤਾ ਅਨੁਸਾਰ ਨੌਕਰੀ ਦੇਣ ਦੀ ਮੰਗ ਰੱਖੀ ਗਈ। ਇਸ ਦੌਰਾਨ ਐਸ.ਪੀ. ਵੈਭਵ ਚੌਧਰੀ ਨੇ ਦੱਸਿਆ ਕਿ ਪੁਲਿਸ ਮੁੱਖ ਦੋਸ਼ੀ ਲਖਵਿੰਦਰ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ ਅਤੇ ਜਲਦੀ ਉਸ ਨੂੰ ਕਾਬੂ ਕਰ ਲਿਆ ਜਾਵੇਗਾ ਇਸ ਦੇ ਨਾਲ ਨਾਲ ਉਹਨਾਂ ਪਰਿਵਾਰ ਵੱਲੋਂ ਰੱਖੀਆਂ ਗਈਆਂ ਮੰਗਾਂ ਨੂੰ ਹੱਲ ਕਰਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨ ਦਾ ਭਰੋਸਾ ਦਿੱਤਾ।

# 90 ਫੀਸਦੀ ਤੋਂ ਵੱਧ ਨੰਬਰ ਹਾਸਲ ਕਰਨ ਵਾਲੇ ਵਿਦਿਆਰਥੀ ਸਨਮਾਨਿਤ



ਪਟਿਆਲਾ, 2 ਅਗਸਤ (ਚ.ਨ.ਸ.) : ਅਕੈਡਮੀ ਆਫ ਸਿੱਖ ਰਿਲੀਜ਼ਨ ਮਾਡਲ ਟਾਊਨ ਪਟਿਆਲਾ ਵਿਖੇ ਸਿੱਖ ਵਿਦਿਆਰਥੀ ਜਿਨ੍ਹਾਂ ਨੇ ਮਾਰਚ 2025 ਦੌਰਾਨ ਦਸਵੀਂ ਤੇ ਬਾਰਵੀਂ ਦੇ ਬੋਰਡ ਇਮਤਿਹਾਨ ਵਿੱਚ ਪਟਿਆਲਾ ਜ਼ਿਲੇ ਵਿੱਚ 90 ਫੀਸਦੀ ਤੋਂ ਵੱਧ ਨੰਬਰ ਹਾਸਲ ਕੀਤੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਹ ਸਮਾਗਮ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਪਟਿਆਲਾ ਦੀ ਇਕਾਈ ਦੇ ਉਚੇਰੇ ਉਦਮ ਵੱਲੋਂ ਕੀਤਾ ਗਿਆ। ਇਸ ਸਮਾਗਮ ਨੂੰ ਸੰਚਾਲਿਤ ਕਰਨ ਹਿੱਤ ਗੁਰੂ ਅਰਜਨ ਦੇਵ ਸੇਵਾ ਮਿਸ਼ਨ ਪਟਿਆਲਾ, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਅਤੇ ਗੁਰੂਦੁਆਰਾ ਮੋਤੀ ਬਾਗ ਸਾਹਿਬ, ਪਟਿਆਲਾ ਨੇ ਸਹਿਯੋਗ ਕੀਤਾ।ਇਹ ਸਨਮਾਨ ਸਮਾਗਮ ਦਾ ਮੁੱਖ ਮੰਤਵ ਸਿੱਖ ਬੱਚਿਆਂ ਵਿੱਚ ਪੜ੍ਹਣ ਤੇ ਉੱਨਤੀ ਕਰਨ ਦੀ ਤਾਂਘ ਪੈਦਾ ਕਰਨਾ ਤੇ ਹੁਣ ਤੱਕ ਹਾਸਲ ਕੀਤੇ ਨਤੀਜਿਆਂ ਲਈ ਸਨਮਾਨਤ ਕਰਨਾ ਤਾਂ ਜੋ ਹੋਰ ਵੀ ਸਿੱਖ ਵਿਦਿਆਰਥੀ ਇਹਨਾਂ ਤੋਂ ਸੇਧ ਪ੍ਰਾਪਤ ਕਰਨ।ਇਸ ਸਮਾਗਮ ਦੀ ਪ੍ਰਧਾਨਗੀ ਡਾ. ਬ੍ਰਿਜਪਾਲ ਸਿੰਘ ਨੇ ਕੀਤੀ। ਮੁੱਖ ਮਹਿਮਾਨ ਵਜੋਂ ਡਾ. ਹਰਸ਼ਿੰਦਰ ਕੌਰ (ਐਮ.ਡੀ.) ਤੇ ਡਾ. ਗੁਰਬਖਸ਼ ਸਿੰਘ ਆਨੰਦ ਨੇ ਹਾਜ਼ਰੀ ਲਵਾਈ ਤੇ ਬੱਚਿਆਂ ਨੂੰ ਜੀਵਨ ਨੂੰ ਉੱਚਾ ਸੁੱਚਾ ਰੱਖ ਕੇ ਤਰੱਕੀਆਂ ਕਰਨ ਹਿੱਤ ਆਸ਼ੀਰਵਾਦ ਦਿੱਤਾ। ਡਾ. ਪਰਵਿੰਦਰ ਸਿੰਘ ਨੇ ਸਟੇਜ਼ ਦਾ ਸੰਚਾਲਨ ਕੀਤਾ। ਸ. ਜਸਵਿੰਦਰ ਸਿੰਘ ਨੇ ਪ੍ਰਬੰਧ ਸੰਚਾਲਤ ਕੀਤਾ ਅਤੇ ਹੋਰ ਹਾਜ਼ਰ ਮਹਿਮਾਨਾਂ ਵਿੱਚ ਸ. ਕਰਨੈਲ ਸਿੰਘ , ਸ. ਸੁਰਿੰਦਰ ਸਿੰਘ ਚੱਢਾ, ਸ. ਅਮਰਜੀਤ ਗੁਜਰਾਲ, ਡਾ. ਤਰਲੋਚਨ ਕੌਰ ਅਤੇ ਸ. ਸੁਰਿੰਦਰ ਸਿੰਘ ਪ੍ਰਮੁੱਖ ਸਨ।

# ਪੰਜਾਬ ਨੰਬਰਦਾਰਾ ਐਸੋਸੀਏਸ਼ਨ (ਗਾਲਿਬ) ਦੀ ਮਹੀਨਾਵਾਰ ਮੀਟਿੰਗ



ਨਾਭਾ, 2 ਅਗਸਤ (ਬਲਜਿੰਦਰ ਮਾਨ ) : ਪੰਜਾਬ ਨੰਬਰਦਦਾਰਾ ਐਸੋਸੀਏਸ਼ਨ (ਗਾਲਿਬ) ਦੀ ਨਾਭਾ ਤਹਿਸੀਲ ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਸਾਹਿਬ ਘੋੜਿਆਂਵਾਲਾ ਵਿਖੇ ਤਹਿਸੀਲ ਪ੍ਰਧਾਨ ਉਗਰ ਸਿੰਘ ਅਗੇਤਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਪੇਸ਼ ਆ ਰਹੀਆਂ ਮੁਸ਼ਕਲਾਂ ਸਬੰਧੀ ਵਿਚਾਰ ਕੀਤਾ। ਇਸ ਮੌਕੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਸੂਰਾਜਪੁਰ, ਪੰਜਾਬ ਬਾਡੀ ਮੈਂਬਰ ਜਸਦੇਵ ਸਿੰਘ ਅਗੇਤੀ, ਨੰਬਰਦਾਰ ਕਰਨੈਲ ਸਿੰਘ ਧਾਰੋਂਕੀ, ਜਸਵਿੰਦਰ ਸਿੰਘ ਜੋਧ ਸਿੰਘ ਅਜਨੌਦਾਕਲਾਂ, ਦੀਪ ਸਿੰਘ ਅਜਨੌਦਾ ਖੁਰਦ, ਸੁਖਬੀਰ ਸਿੰਘ ਲੋਪੇ, ਗੁਰਮੇਲ ਸਿੰਘ ਕਲਹੇਮਾਜਰਾ, ਨਾਇਬ ਸਿੰਘ ਸੰਗਤਪੁਰਾ, ਤੇਜਵਿੰਦਰ ਸਿੰਘ ਰੋਹਟੀ ਮੌੜਾਂ, ਜਗਤਾਰ ਸਿੰਘ ਘਮਰੌਦਾ ਨੰਬਰਦਾਰ ਹਾਜ਼ਰ ਮੌਜੂਦ ਸਨ। ਮੀਟਿੰਗ ਵਿਚ ਪੱਤਰਕਾਰ ਬਲਵੰਤ ਹਿਆਣਾ ਦੇ ਮਾਤਾ ਜੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਅਫਸੋਸ ਪ੍ਰਗਟ ਕੀਤਾ ਗਿਆ।

# ਅਗਰਵਾਲ ਧਰਮਸ਼ਾਲਾ ਵਿਖੇ ਸ਼੍ਰੀ ਸ਼ਿਵ ਮਹਾਂਪੁਰਾਣ ਕਥਾ ਦਾ ਸ਼ੁਭ ਆਰੰਭ



ਸਮਾਣਾ, 2 ਅਗਸਤ (ਜਵੰਦਾ) : ਅਗਰਵਾਲ ਧਰਮਸ਼ਾਲਾ ਸਮਾਣਾ ਵਿਖੇ ਸ੍ਰੀ ਰੁਦ੍ਰਾਅਭਿਸ਼ੇਕ ਅਤੇ ਸ੍ਰੀ ਸ਼ਿਵ ਮਹਾਪੁਰਾਣ ਕਥਾ ਦਾ ਸ਼ੁਭ ਆਰੰਭ ਹੋਇਆ। ਇਸ ਮੌਕੇ ਸ਼੍ਰੀ ਸ਼ਿਵ ਮਹਾਪੁਰਾਣ ਦੀ ਕਥਾ ਦੇ ਆਰੰਭ ਤੋਂ ਪਹਿਲਾਂ ਸ਼ੋਭਾ ਯਾਤਰਾ ਅਤੇ ਕਲਸ਼ ਯਾਤਰਾ ਕੱਢੀ ਗਈ, ਜਿਸ 'ਚ ਸੈਂਕੜੇ ਭਗਤਾਂ ਨੇ ਭਾਗ ਲਿਆ। ਕਲਸ਼ ਯਾਤਰਾ ਮੌਕੇ ਮਹਿਲਾਵਾਂ ਨੇ ਸਿਰ ਉੱਤੇ ਕਲਸ਼ ਰੱਖ ਕੇ ਸ਼ਰਧਾ ਤੇ ਭਗਤੀ ਨਾਲ ਨਗਰ ਪਰਿਕਰਮਾ ਕੀਤੀ। ਅਗਰਵਾਲ ਧਰਮਸ਼ਾਲਾ ਵਿੱਚ ਕਰਵਾਈ ਜਾ ਰਹੀ ਸ਼੍ਰੀ ਸ਼ਿਵ ਮਹਾਪੁਰਾਣ ਕਥਾ ਰੋਜ਼ਾਨਾ 1 ਅਗਸਤ ਤੋਂ 7 ਅਗਸਤ ਤਕ ਹੋਵੇਗੀ ਰੋਜ਼ਾਨਾ ਸਵੇਰੇ 7 ਵਜੇ ਤੋਂ 9 ਵਜੇ ਤੱਕ ਰੁਦ੍ਰ ਅਭਿਸ਼ੇਕ ਅਤੇ ਸ਼ਾਮ ਨੂੰ 3 ਵਜੇ ਤੋਂ 6 ਤਕ ਕਥਾ ਹੋਵੇਗੀ । ਕਥਾ ਵਾਚਕ ਅਚਾਰਿਆ ਸ਼੍ਰੀ ਸਤਿਆਨੰਦ ਜੀ ਮਹਾਰਾਜ ਨੇ ਆਪਣੇ ਪ੍ਰਵਚਨਾਂ ਰਾਹੀਂ ਭਗਤਾਂ ਨੂੰ ਜੀਵਨ ਦੇ ਆਧਿਆਤਮਿਕ ਮਾਰਗ ਵੱਲ ਮੋੜਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਨੇ ਕਥਾ ਰਾਹੀਂ ਭਗਵਾਨ ਭੋਲੇ ਨਾਥ ਦਾ ਗੁਣਗਾਨ ਕਰਦਿਆਂ ਕਿਹਾ ਕਿ ਸ਼੍ਰੀ ਸ਼ਿਵ ਮਹਾਪੁਰਾਣ ਸਾਨੂੰ ਧਰਮ, ਕਰਮ ਅਤੇ ਆਤਮਿਕ ਉੱਤਥਾਨ ਦੀ ਸਿੱਖਿਆ ਦਿੰਦਾ ਹੈ। ਇਹ ਕਥਾ ਸਮਾਗਮ ਇਕ ਹਫਤੇ ਤੱਕ ਰੋਜ਼ਾਨਾ ਚੱਲੇਗਾ, ਜਿਸ ਦੌਰਾਨ ਰੋਜ਼ਾਨਾ ਰੁਦ੍ਰਾਭਿਸ਼ੇਕ ਅਤੇ ਕਥਾ ਦੇ ਰੂਪ ਵਿੱਚ ਸ਼ਿਵ ਮਹਾਤਮ ਦੀ ਗੂੰਜ ਰਹੇਗੀ। ਇਸ ਕਥਾ ਦਾ ਅਯੋਜਨ ਵਿਨੋਦ ਸਿੰਗਲਾ, ਸਚਿਨ ਜ਼ੈਨ, ਜੀਵਨ ਗਰਗ ,ਸੱਤਪਾਲ ਢਕੜੱਬਾ, ਹੈਪੀ ਸਮ੍ਰਾਟ ਪੈਲੇਸ , ਮਨੀਸ਼ ਮਿੱਤਲ, ਨੀਰਜ ਬਾਂਸਲ, ਰਾਹੁਲ ਤੁਲਾਨੀ, ਕੇਵਲ ਗਰਗ ਆਦਿ ਵੱਲੋਂ ਕੀਤਾ ਗਿਆ ਹੈ। ਇਸ ਤੋਂ ਇਲਾਵਾ ਗਊ ਸੇਵਾ ਸਮਿਤੀ ਵੱਲੋਂ ਜਤਿੰਦਰ ਸ਼ਰਮਾ, ਪ੍ਰੀਕਸ਼ਤ ਪਾਠਕ, ਵਿਕਾਸ ਸ਼ਰਮਾ, ਸੰਜੇ ਅਰੋੜਾ, ਇਸ਼ੂ ਵਧਵਾ, ਨੀਰਜ ਗੁਪਤਾ, ਅਨੁ ਮਿੱਤਲ, ਬਿੱਟੂ ਧੀਮਾਨ, ਲੱਡੂ ਭੱਲਾ,ਦਮਨ ਭੱਲਾ ਵੱਲੋਂ ਵੀ ਸਹਿਯੋਗ ਕੀਤਾ ਜਾ ਰਿਹਾ ਹੈ।

# 15 ਨੂੰ ਹੋਣ ਵਾਲੇ ਧਰਨੇ ਪ੍ਰਦਰਸ਼ਨ ਨੂੰ ਕਾਮਯਾਬ ਬਣਾਉਣ ਲਈ ਮੀਟਿੰਗ



ਘਨੌਰ, 2 ਅਗਸਤ (ਮਦਨ ਲਾਲ) : ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਘਨੌਰ ਦੀ ਮੀਟਿੰਗ ਜਸਪਾਲ ਸਿੰਘ ਐਡਵੋਕੇਟ ਕੋਆਰਡੀਨੇਟਰ ਜ਼ਿਲ੍ਹਾ ਪਟਿਆਲਾ ਰਹਿਨੁਮਾਈ ਹੇਠ ਘਨੌਰ ਵਿਖੇ ਸੱਦੀ ਗਈ ਹੈ। ਪੰਜਾਬ ਸੰਭਾਲੋ ਮੁਹਿੰਮ ਦੇ ਤਹਿਤ ਇਹ ਮੀਟਿੰਗ ਜ਼ਿਲ੍ਹਾ ਪਟਿਆਲਾ ਵਿੱਚ 15 ਅਗਸਤ ਨੂੰ ਹੋਣ ਵਾਲੇ ਧਰਨਾ ਪ੍ਰਦਰਸ਼ਨ ਨੂੰ ਕਾਮਯਾਬ ਬਣਾਉਣ ਲਈ ਸੱਦੀ ਗਈ। ਇਸ ਮੀਟਿੰਗ ਵਿੱਚ ਪਾਰਟੀ ਦੇ ਅਹੁਦੇਦਾਰ ਅਤੇ ਇਲਾਕੇ ਦੇ ਸਮਾਜਸੇਵੀਆਂ ਨੇ ਸ਼ਮੂਲੀਅਤ ਕੀਤੀ। ਉਪਰੋਕਤ ਦਿੱਤੇ ਗਏ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਸਾਰੇ ਬਸਪਾ ਅਹੁਦੇਦਾਰਾਂ ਵਰਕਰਾਂ ਵੋਟਰ ਸਪੋਰਟ ਸਮਰਥਕਾਂ ਨੇ ਵੱਡੀ ਗਿਣਤੀ ਵਿਚ ਪੁੱਜ ਕੇ ਮੀਟਿੰਗ ਨੂੰ ਰੈਲੀ ਦਾ ਰੂਪ ਦੇ ਦਿੱਤਾ। ਇਸ ਮੌਕੇ ਗੁਰਦਾਸ ਸਿੰਘ ਘੜਾਮਾ ਜਰਨਲ ਸੈਕਟਰੀ ਜ਼ਿਲ੍ਹਾ ਪਟਿਆਲਾ ਨੇ ਵਿਧਾਨ ਸਭਾਵਾਂ ਕੇਮਟੀ ਦੇ ਆਗੂ ਸਹਿਬਾਨ ਅਹੁਦੇਦਾਰ ਸਾਹਿਬਾਨ ਨੂੰ ਬੇਨਤੀ ਕੀਤੀ ਕਿ ਦਿੱਤੇ ਸਮੇਂ ਅਨੁਸਾਰ ਪਟਿਆਲਾ ਅਨਾਜ ਮੰਡੀ ਵਿੱਚ ਪਹੁੰਚਣ। ਇਸ ਮੀਟਿੰਗ ਨੂੰ ਸੰਬੋਧਨ ਕਰਨ ਲਈ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ, ਅਜੀਤ ਸਿੰਘ ਭੈਣੀ ਇੰਚਾਰਜ ਪੰਜਾਬ, ਬਲਦੇਵ ਸਿੰਘ ਮਹਿਰਾ ਉੱਪ ਪ੍ਰਧਾਨ ਪੰਜਾਬ, ਜੋਗਾ ਸਿੰਘ ਮਾਨ ਖਜ਼ਾਨਚੀ ਪੰਜਾਬ, ਜਸਪਾਲ ਸਿੰਘ ਐਡਵੋਕੇਟ ਕੋਆਰਡੀਨੇਟਰ ਜ਼ਿਲ੍ਹਾ ਪਟਿਆਲਾ, ਗੁਰਦਾਸ ਸਿੰਘ ਘੜਾਮਾ ਜਰਨਲ ਸੈਕਟਰੀ ਜ਼ਿਲ੍ਹਾ ਪਟਿਆਲਾ, ਸੁਖਵਿੰਦਰ ਸਿੰਘ ਤੇਪਲਾ ਪ੍ਰਧਾਨ ਘਨੌਰ, ਬਲਕਾਰ ਸਿੰਘ ਹਰਪਾਲਪੁਰ, ਭਾਗ ਸਿੰਘ ਮੰਡੋਲੀ,ਅੰਗਰੇਜ ਸਿੰਘ ਬਹਾਦੁਰਗੜ, ਗੁਰਮੀਤ ਸਿੰਘ ਊਂਟਸਰ, ਰਾਮ ਲਾਲ ਰਾਠੀਆਂ ਮੀਤ ਪ੍ਰਧਾਨ ਜ਼ਿਲ੍ਹਾ ਪਟਿਆਲਾ, ਜਸਵੰਤ ਪੇਂਟਰ ਘਨੌਰ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ।

# ਪੀ.ਪੀ.ਸੀ.ਬੀ. ਨੇ ਗ਼ੈਰ-ਪਾਲਣਾ ਸੰਸਥਾਵਾਂ ਵਿਰੁੱਧ ਸਖ਼ਤ ਕਾਰਵਾਈ ਸ਼ੁਰੂ ਕੀਤੀ

ਦੇਵੀਗੜ੍ਹ, 2 ਅਗਸਤ, (ਗੁਰਜੀਤ ਸਿੰਘ ਢੋਟ) : ਪ੍ਰਦੂਸ਼ਕਾਂ ਵਿਰੁੱਧ ਇੱਕ ਵੱਡੀ ਮੁਹਿੰਮ ਵਿੱਚ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀਪੀਸੀਬੀ) ਨੇ ਵੱਖ-ਵੱਖ ਉਦਯੋਗਾਂ, ਨਗਰ ਨਿਗਮਾਂ, ਕੌਂਸਲਾਂ ਅਤੇ ਹੋਰ ਅਥਾਰਟੀਆਂ ਨੂੰ 136 ਕਾਰਨ ਦੱਸੋ ਨੋਟਿਸ ਜਾਰੀ ਕੀਤੇ ਹਨ, ਜਿਨ੍ਹਾਂ ਨੇ ਆਪਣੇ ਐਫਲੂਐਂਟ ਟ੍ਰੀਟਮੈਂਟ ਪਲਾਂਟ/ਸੀਵਰੇਜ਼ ਟ੍ਰੀਟਮੈਂਟ ਪਲਾਂਟ/ਹਵਾ ਪ੍ਰਦੂਸ਼ਨ ਕੰਟਰੋਲ ਡਿਵਾਈਸ 'ਤੇ ਆਨਲਾਈਨ ਨਿਰੰਤਰ ਨਿਕਾਸ/ਐਫਲੂਐਂਟ ਨਿਗਰਾਨੀ ਪ੍ਰਣਾਲੀਆਂ (OCEMS) ਸਥਾਪਤ ਕੀਤੀਆਂ ਹਨ, ਪਰ ਇਹ ਔਫਲਾਈਨ ਮੋਡ ਵਿੱਚ ਹਨ।ਬਹੁਤ ਜ਼ਿਆਦਾ ਪ੍ਰਦੂਸ਼ਣ ਫੈਲਾਉਣ ਵਾਲੇ ਉਦਯੋਗਾਂ, ਮਹੱਤਵਪੂਰਨ ਪ੍ਰਦੂਸ਼ਣ ਸੰਭਾਵਨਾ ਵਾਲੇ ਉਦਯੋਗਾਂ, ਕਾਮਨ ਐਫਲੂਐਂਟ ਟ੍ਰੀਟਮੈਂਟ ਪਲਾਂਟ (CETPs), ਅਤੇ ਸੀਵਰੇਜ ਟ੍ਰੀਟਮੈਂਟ ਪਲਾਂਟ (STPs) ਦੁਆਰਾ ਲਗਾਏ ਗਏ ਪ੍ਰਦੂਸ਼ਨ ਕੰਟਰੋਲ ਯੰਤਰਾਂ ਦੇ ਨਿਰੰਤਰ ਸੰਚਾਲਨ ਨੂੰ ਯਕੀਨੀ ਬਣਾਉਣ ਲਈ, ਔਨਲਾਈਨ ਨਿਰੰਤਰ ਨਿਕਾਸ/ਐਫਲੂਐਂਟ ਨਿਗਰਾਨੀ ਪ੍ਰਣਾਲੀਆਂ (OCEMS) ਸਥਾਪਤ ਕਰਨਾ ਅਤੇ ਉਹਨਾਂ ਨੂੰ 24 ਘੰਟੇ ਆਨਲਾਈਨ ਮੋਡ ਵਿੱਚ ਚਾਲੂ ਰੱਖਣਾ ਲਾਜ਼ਮੀ ਹੈ। ਇਹ ਪ੍ਰਣਾਲੀਆਂ ਬੋਰਡ ਨੂੰ ਇਹਨਾਂ ਉਦਯੋਗਾਂ ਦੁਆਰਾ ਛੱਡੇ ਜਾ ਰਹੇ ਗੰਦੇ ਪਾਣੀ ਅਤੇ ਹਵਾ ਦੇ ਨਿਕਾਸ ਦੀ ਗੁਣਵੱਤਾ 'ਤੇ ਨੇੜਿਓਂ ਨਜ਼ਰ ਰੱਖਣ ਵਿੱਚ ਮਦਦ ਕਰਦੀਆਂ ਹਨ। ਬੋਰਡ ਨੇ ਇਨ੍ਹਾਂ ਉਦਯੋਗਾਂ ਅਤੇ ਸਬੰਧਤ ਅਧਿਕਾਰੀਆਂ ਨੂੰ ਔਨਲਾਈਨ ਮੋਡ ਵਿੱਚ ਨਿਗਰਾਨੀ ਪ੍ਰਣਾਲੀਆਂ ਨੂੰ ਬਣਾਈ ਰੱਖਣ ਵਿੱਚ ਆਪਣੀ ਅਸਫਲਤਾ ਬਾਰੇ ਤਿੰਨ ਦਿਨਾਂ ਦੇ ਅੰਦਰ ਸਪੱਸ਼ਟੀਕਰਨ ਦੇਣ ਲਈ ਕਿਹਾ ਹੈ। ਕਾਰਨ ਦੱਸੋ ਨੋਟਿਸ ਵਿੱਚ ਅੱਗੇ ਦੱਸਿਆ ਗਿਆ ਹੈ ਕਿ ਪਾਲਣਾ ਨਾ ਕਰਨ ਦੀ ਸੂਰਤ ਵਿੱਚ, ਵਾਤਾਵਰਨ ਕਾਨੂੰਨਾਂ ਦੇ ਤਹਿਤ ਉਲੰਘਣਾ ਕਰਨ ਵਾਲਿਆਂ ਵਿਰੁੱਧ ਢੁਕਵੀਂ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਬੋਰਡ ਨੇ ਆਪਣੇ ਫੀਲਡ ਦਫਤਰਾਂ ਨੂੰ ਇਨ੍ਹਾਂ ਪ੍ਰਣਾਲੀਆਂ ਦੀ ਨਿਯਮਤ ਜਾਂਚ ਕਰਨ ਅਤੇ ਕਿਸੇ ਵੀ ਉਲੰਘਣਾ ਦੇ ਮਾਮਲੇ ਵਿੱਚ ਤੁਰੰਤ ਕਾਰਵਾਈ ਸ਼ੁਰੂ ਕਰਨ ਦੇ ਨਿਰਦੇਸ਼ ਵੀ ਦਿੱਤੇ ਹਨ।

# 'ਪਲਾਸਟਿਕ ਨੂੰ ਕੋਰੀ ਨਾਂਹ, ਕੱਪੜੇ ਦੇ ਥੈਲੇ ਨੂੰ ਕਹੋ ਹਾਂ' : ਮੇਅਰ ਕੁੰਦਨ ਗੋਗੀਆ



ਪਟਿਆਲਾ, 2 ਅਗਸਤ (ਰੁਪਾਣਾ) : ਨਗਰ ਨਿਗਮ ਵੱਲੋਂ ਸ਼ੁਰੂ ਕੀਤੀ ਸਵੱਛ ਪਟਿਆਲਾ ਮੁਹਿੰਮ ਤਹਿਤ ਅੱਜ ਪਟਿਆਲਾ ਦੀ ਨਾਮੀ ਸੰਸਥਾ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਵੱਲੋਂ ਨਹਿਰੂ ਪਾਰਕ ਵਿੱਚ ਪਲਾਸਟਿਕ ਵਿਰੁੱਧ ਬੋਲਦਿਆਂ ਮੇਅਰ ਕੁੰਦਨ ਗੋਗੀਆ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਪਲਾਸਟਿਕ ਮੁਕਤ ਪਟਿਆਲਾ ਬਣਾਉਣਾ ਹੈ, ਜਿਸ ਲਈ ਤਹਾਡੇ ਸਾਥ ਦੀ ਖਾਸ ਜ਼ਰੂਰਤ ਹੈ। ਉਨ੍ਹਾਂ 'ਪਲਾਸਟਿਕ ਨੂੰ ਕਰੋ ਨਾਂਹ, ਕੱਪੜੇ ਦੇ ਥੈਲੇ ਨੂੰ ਕਰੋ ਹਾਂ' ਸਲੋਗਨ ਨੂੰ ਹਮੇਸ਼ਾ ਯਾਦ ਰੱਖਣ ਦੀ ਵੀ ਗੱਲ ਆਖੀ। ਇਸ ਮੌਕੇ ਉੱਘੇ ਸਮਾਜ ਸੇਵੀ ਉਪਕਾਰ ਸਿੰਘ ਨੇ ਦੱਸਿਆ ਸਾਨੂੰ ਪਲਾਸਟਿਕ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਕੋਈ ਵਸਤੂ ਪਲਾਸਟਿਕ ਦੇ ਲਿਫਾਫੇ ਵਿੱਚ ਲਿਆਉਣੀ ਚਾਹੀਦੀ ਹੈ। ਇਸ ਮੌਕੇ ਸੁਸਾਇਟੀ ਦੇ ਨੁਮਾਇੰਦਿਆਂ ਨੇ ਨਹਿਰੂ ਪਾਰਕ ਵਿੱਚੋਂ ਸਫਾਈ ਦੇ ਮੰਤਵ ਨਾਲ ਦੋ ਰੇਹੜੀਆ ਪਲਾਸਟਿਕ ਦੇ ਲਿਫ਼ਾਫੇ ਆਦਿ ਇਕੱਠੇ ਕੀਤੇ। ਨੁਮਾਇੰਦਿਆਂ ਵੱਲੋਂ ਆਮ ਪਬਲਿਕ ਨੂੰ ਰੀਸਾਈਕਲ, ਰਹਿੰਦ -ਖੂਹੰਦ ਕੂੜੇ ਨੂੰ ਵੱਖ ਕਰਨ , ਪਲਾਸਟਿਕ ਦੀ ਵਰਤੋਂ ਨੂੰ ਘਟਾਉਣ ਅਤੇ ਆਪਣੇ ਆਲੇ ਦੁਆਲੇ ਹਰਿਆਲੀ ਨੂੰ ਸ਼ਾਮਲ ਕਰਨ ਵਰਗੀਆਂ ਟਿਕਾਊ ਆਦਤਾਂ ਅਪਨਾਉਣ ਲਈ ਉਤਸ਼ਾਹਿਤ ਕੀਤਾ ਗਿਆ। ਇਸ ਵਿੱਚ ਬ੍ਰਿਟਿਸ਼ ਪਬਲਿਕ ਅਕੈਡਮੀ ਮਰਦਾਹੇੜੀ ਦਾ ਸਮੂੰਹ ਸਟਾਫ ਐਮ ਡੀ ਸ੍ਰ ਹਰਵਿੰਦਰ ਸਿੰਘ ਔਲਖ, ਪ੍ਰਿੰਸੀਪਲ ਮਿਸ.ਗੀਤਾ ਦੇਵੀ ਦੀ ਅਗਵਾਈ ਵਿੱਚ ਵਿਦਿਆਰਥੀਆ ਨੂੰ ਨੋ ਪਲਾਸਟਿਕ ਵਿਰੁੱਧ ਜਾਗਰੂਕ ਵੀ ਕੀਤਾ ਗਿਆ। ਇਸ ਮੌਕੇ ਤਮਾਸ਼ਾ ਆਰਟ ਥਿਏਟਰ ਗਰੁੱਪ ਵੱਲੋਂ ਪਲਾਸਟਿਕ ਵਿਰੁੱਧ ਤੇ ਸਾਫ ਸਫਾਈ ਰੱਖਣ ਸਬੰਧੀ ਖੇਡਿਆ ਨੁੱਕੜ ਨਾਟਕ ਦਰਸ਼ਕਾਂ ਵੱਲੋਂ ਖੂਬ ਪਸੰਦ ਕੀਤਾ। ਇਹ ਨਾਟਕ ਡਾਇਰੈਕਟਰ ਸਨੀ ਸਿੱਧੂ ਦੀ ਅਗਵਾਈ ਵਿੱਚ ਭਗਤ ਜੀ, ਰਵਿੰਦਰ ,ਲਵਦੀਪ, ਪ੍ਰਭਾਸ਼ ਪੰਡਿਤ ਨੇ ਖੇਡਿਆ। ਸਕੂਲ ਅਧਿਆਪਕ ਪ੍ਰਭਜੋਤ ਕੌਰ, ਅਮਨਦੀਪ, ਸੀਮਾ ਸਰਮਾ, ਨਿੱਧੀ, ਰਮਨਦੀਪ, ਸੋਨੀਆ, ਲਖਵਿੰਦਰ ਸਿੰਘ, ਮੋਹਨ ਖੰਨਾ, ਜਤਿੰਦਰ ਸਿੰਘ, ਐਡਵੋਕੇਟ ਹਰਜਿੰਦਰ ਸਿੰਘ, ਜਰਮਨੀ ਤੋਂ ਕਮਲ ਬਾਂਸਲ ਤੋਂ ਇਲਾਵਾ ਲੱਗਭਗ 100 ਦੇ ਕਰੀਬ ਦਰਸ਼ਕਾਂ ਨੇ ਇਸ ਨਾਟਕ ਦਾ ਭਰਪੂਰ ਮਨੋਰੰਜਨ ਕੀਤਾ।



# ਪਟਿਆਲਾ-ਆਸ/ਪਾਸ



## ਡਾ. ਬਲਬੀਰ ਸਿੰਘ ਵੱਲੋਂ ਅਰਬਨ ਅਸਟੇਟ ਫ਼ੇਜ਼ 1, 2 ਤੇ 3 ਦਾ ਪੈਦਲ ਦੌਰਾ, ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ

☛ਅਰਬਨ ਅਸਟੇਟ ਵਾਸੀਆਂ ਦੀ ਹਰੇਕ ਸਮੱਸਿਆ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ : ਸਿਹਤ ਮੰਤਰੀ



ਪਟਿਆਲਾ, 2 ਅਗਸਤ (ਰੁਪਾਣਾ) : ਪਟਿਆਲਾ ਦੇ ਅਰਬਨ ਅਸਟੇਟ ਵਾਸੀਆਂ ਦੀਆਂ ਮੁਸ਼ਕਲਾਂ ਨੂੰ ਜਾਨਣ ਤੇ ਉਨ੍ਹਾਂ ਦਾ ਹੱਲ ਕਰਵਾਉਣ ਲਈ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਅਰਬਨ ਅਸਟੇਟ ਫ਼ੇਜ਼ 1, 2 ਅਤੇ 3 ਦਾ ਪੈਦਲ ਦੌਰਾ ਕਰਕੇ ਸਥਾਨਕ ਵਸਨੀਕਾਂ ਦੀਆਂ ਮੁਸ਼ਕਲਾਂ ਨੂੰ ਸੁਣਿਆਂ ਅਤੇ ਮੌਕੇ 'ਤੇ ਹੀ ਅਧਿਕਾਰੀਆਂ ਨੂੰ ਮੁਸ਼ਕਲਾਂ ਦਾ ਸਮਾਂਬੱਧ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਅਰਬਨ ਅਸਟੇਟ ਵਾਸੀਆਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ, ਇਸ ਲਈ ਉਹ ਨਿਰੰਤਰ ਪੀ.ਡੀ.ਏ. ਦੇ ਅਧਿਕਾਰੀਆਂ ਨਾਲ ਮੀਟਿੰਗਾਂ ਵੀ ਕਰ ਰਹੇ ਹਨ। ਸਵੇਰੇ 9 ਵਜੇ ਅਰਬਨ ਅਸਟੇਟ ਫ਼ੇਜ਼ 2 ਵਿਖੇ ਪੁੱਜੇ ਡਾ. ਬਲਬੀਰ ਸਿੰਘ ਨੇ ਵਰਧਮਾਨ ਹਸਪਤਾਲ ਵਾਲੀ ਮਾਰਕੀਟ ਦਾ ਦੌਰਾ ਕਰਦਿਆਂ ਅਟਵਾਲ ਫਿਲਿੰਗ ਸਟੇਸ਼ਨ ਦੇ ਪਿੱਛੇ ਟੁੱਟੀ ਸੜਕਾਂ ਦੀ ਮੁਰੰਮਤ ਅਤੇ ਨਾਲ ਲਗਦੇ ਪਾਰਕ ਦੀ ਸਫ਼ਾਈ ਲਈ ਸਬੰਧਤ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ। ਉਨ੍ਹਾਂ ਅਰਬਨ ਅਸਟੇਟ ਫ਼ੇਜ਼ 2 ਵਿੱਚ ਥਾਂ-ਥਾਂ ਤੋਂ ਦੱਬੀਆਂ ਅਤੇ ਟੁੱਟੀਆਂ ਸੜਕਾਂ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਬਰਸਾਤਾਂ ਤੋਂ ਤੁਰੰਤ ਬਾਅਦ ਇਨ੍ਹਾਂ ਸੜਕਾਂ ਦੀ ਰਿਪੇਅਰ ਯਕੀਨੀ ਬਣਾਈ ਜਾਵੇ ਤੇ ਜਿਸ ਠੇਕੇਦਾਰ ਵੱਲੋਂ ਪਹਿਲਾਂ ਇਹ ਸੜਕਾਂ ਬਣਾਈਆਂ ਗਈਆਂ ਸਨ, ਉਸ ਖ਼ਿਲਾਫ਼ ਵੀ ਬਨਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਉਨ੍ਹਾਂ ਫ਼ੇਜ਼ 2 ਵਿਖੇ ਸਕੂਲ ਲਈ ਰਾਖਵੀਂ ਥਾਂ 'ਤੇ ਪਈ ਗੰਦਗੀ ਦੀ ਤੁਰੰਤ ਸਫ਼ਾਈ ਤੇ ਬਾਈਪਾਸ ਰੋਡ ਨਾਲ ਜੰਗਲਾਤ ਦੀ ਪਈ ਜਗ੍ਹਾ ਦੀ ਸਫ਼ਾਈ ਕਰਨ ਦੇ ਨਿਰਦੇਸ਼ ਦਿੱਤੇ। ਅਰਬਨ ਅਸਟੇਟ ਫ਼ੇਜ਼ 3 ਦੇ ਵਸਨੀਕਾਂ ਵੱਲੋਂ ਪੁੱਡਾ ਵੱਲੋਂ ਵਿਕਸਤ ਕੀਤੀ ਜਾ ਰਹੀ ਪਟਿਆਲਾ-ਰਾਜਪੁਰਾ ਰੋਡ 'ਤੇ ਕਮਰਸ਼ੀਅਲ ਸਾਈਟ ਤੋਂ ਪਹਿਲਾਂ ਰਿਹਾਇਸ਼ੀ ਖੇਤਰ ਦੀ ਸੁਰੱਖਿਆ ਲਈ ਫ਼ੇਜ਼ 3 ਦੇ ਸਾਹਮਣੇ ਕੰਧ ਬਣਾਉਣ ਦੀ ਮੰਗ ਰੱਖੀ, ਜਿਸ 'ਤੇ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਥਾਨਕ ਵਸਨੀਕਾਂ ਦੀ ਸੁਰੱਖਿਆ ਲਈ ਜੋ ਵੀ ਢੁਕਵੇਂ ਕਦਮ ਉਠਾਉਣ ਦੀ ਜ਼ਰੂਰਤ ਹੈ, ਉਹ ਤੁਰੰਤ ਉਠਾਏ ਜਾਣ ਤਾਂ ਜੋ ਇਥੇ ਰਹਿਣ ਵਾਲੇ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਅਰਬਨ ਅਸਟੇਟ ਦੇ ਸਾਰੇ ਰਿਹਾਇਸ਼ੀ ਖੇਤਰਾਂ, ਪਾਰਕਾਂ, ਮਾਰਕਿਟ ਤੇ ਈ.ਡਬਲਿਊ.ਐਸ. ਖੇਤਰ ਦਾ ਦੌਰਾ ਕਰਦਿਆਂ ਸਥਾਨਕ ਵਸਨੀਕਾਂ ਦੀਆਂ ਸਮੱਸਿਆਵਾਂ ਨੂੰ ਗਰਾਊਂਡ ਜ਼ੀਰੋ 'ਤੇ ਜਾ ਕੇ ਸੁਣਦਿਆਂ ਕਿਹਾ ਕਿ ਪੀ.ਡੀ.ਏ. ਅਧੀਨ ਪੈਂਦੇ ਇਸ ਇਲਾਕੇ ਦੀਆਂ ਸੜਕਾਂ ਦੀ ਮੁਰੰਮਤ, ਬਰਸਾਤੀ ਪਾਣੀ ਦੀ ਨਿਕਾਸੀ, ਪਾਰਕਾਂ ਦੀ ਸਾਂਭ ਸੰਭਾਲ, ਸੀਵਰੇਜ, ਸੁਰੱਖਿਆ ਸਮੇਤ ਸਫ਼ਾਈ ਵਰਗੀ ਹਰੇਕ ਬੁਨਿਆਂਦੀ ਸਹੂਲਤ ਸਬੰਧੀ ਸਥਾਨਕ ਵਸਨੀਕਾਂ ਨਾਲ ਗੱਲਬਾਤ ਕੀਤੀ ਗਈ ਹੈ ਤੇ ਸਾਰੀਆਂ ਮੁਸ਼ਕਲਾਂ ਦੇ ਹੱਲ ਲਈ ਅਧਿਕਾਰੀਆਂ ਨੂੰ ਇਕ ਹਫ਼ਤੇ ਵਿੱਚ ਪੂਰੀ ਰਿਪੋਰਟ ਤਿਆਰ ਕਰਨ ਅਤੇ ਸਾਰੇ ਕੀਤੇ ਜਾਣ ਵਾਲੇ ਕੰਮਾਂ ਨੂੰ ਸਮਾਂਬੱਧ ਕਰਨ ਦੇ ਨਿਰਦੇਸ਼ ਦੇ ਦਿੱਤੇ ਗਏ ਹਨ। ਇਸ ਮੌਕੇ ਜ਼ਿਲ੍ਹਾ ਮੀਡੀਆ ਸਕੱਤਰ ਪਟਿਆਲਾ ਗੱਜਣ ਸਿੰਘ, ਸੁਰੇਸ਼ ਰਾਏ, ਮੌਂਟੀ ਘੁੰਮਣ, ਸੁਰੇਸ਼ ਮੋਦਗਿਲ, ਡੀ.ਐਸ. ਗਿੱਲ, ਰਣਜੀਤ ਸਿੰਘ, ਐਮ.ਸੀ ਕੁਲਵੰਤ ਸਿੰਘ ਲਾਲਕਾ, ਕੁਮਕੁਮ ਬਜਾਜ, ਐਡਵੋਕੇਟ ਯੁਵਰਾਜ ਸਿੰਘ, ਪੀ.ਕੇ. ਸਿੰਗਲਾ, ਸਾਗਰ ਤਿਆਗੀ, ਜੇ.ਪੀ. ਸਿੰਘ, ਐਡਵੋਕੇਟ ਜੀਤ ਸਿੰਘ, ਧਨਵੰਤ ਸਿੰਘ, ਜਨਕ ਰਾਜ, ਕੁਲਵੰਤ ਸਿੰਘ, ਗੁਰਸੇਵਕ ਸਿੰਘ, ਡਿੰਪਲ ਸ਼ਰਮਾ, ਨਵਦੀਪ ਸਿੰਘ, ਅਰਸ਼ਦੀਪ ਸਿੰਘ, ਵੀ ਮੌਜੂਦ ਸਨ।

## ਕੱਪੜੇ ਦੀ ਦੁਕਾਨ 'ਚੋਂ ਸਮਾਨ ਚੋਰੀ, ਮਾਮਲਾ ਦਰਜ

ਪਟਿਆਲਾ, 2 ਅਗਸਤ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਕੋਲ ਗਗਨਦੀਪ ਸਿੰਘ ਪੁੱਤਰ ਸਰਬਜੀਤ ਸਿੰਘ ਵਾਸੀ ਇੰਦਰਾਪੁਰੀ ਕਲੋਨੀ ਸਰਹੰਦ ਰੋਡ ਪਟਿਆਲਾ ਨੇ ਕਥਿਤ ਦੋਸ਼ੀ ਸੂਰਜ ਵਾਸੀ ਦਰਸ਼ਨ ਕਲੋਨੀ, ਸ਼ਿਵਜੋਤ ਬਖਸ਼ੀ ਵਾਸੀ ਰਿਵਾਰੀ ਜ਼ਿਲ੍ਹਾ ਜੀਂਦ ਹਰਿਆਣਾ ਹਾਲ ਕਿਰਾਏਦਾਰ ਸਰਾਭਾ ਨਗਰ ਪਟਿਆਲਾ, ਹਰੀਸ਼ ਕੁਮਾਰ ਵਾਸੀ ਦਰਸ਼ਨ ਕਲੋਨੀ ਪਟਿਆਲਾ, ਇਸ਼ੂ ਵਾਸੀ ਦਰਸ਼ਨ ਕਲੋਨੀ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੀ ਭਾਦਸੋਂ ਰੋਡ ਪਟਿਆਲਾ ਵਿਖੇ ਪੰਜਾਬ ਕੁਲੈਕਸ਼ਨ ਦੇ ਨਾਮ 'ਤੇ ਕੱਪੜੇ ਦੀ ਦੁਕਾਨ ਹੈ। ਰਾਤ ਨੂੰ ਕਥਿਤ ਦੋਸ਼ੀਆਂ ਨੇ ਉਸ ਦੀ ਦੁਕਾਨ ਦਾ ਸ਼ਟਰ ਤੋੜ ਕੇ 30/40 ਹਜ਼ਾਰ ਰੁਪਏ ਦੇ ਕੱਪੜੇ, ਡੀ.ਵੀ.ਆਰ, ਐਲ.ਈ.ਡੀ ਅਤੇ 1 ਸਾਊਂਡ ਸਪੀਕਰ ਚੋਰੀ ਕਰ ਲਿਆ। ਪੁਲਿਸ ਨੇ ਧਾਰਾ 305, 331(6), 3(5) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਗੁਰਦੁਆਰਾ ਸ੍ਰੀ ਲੰਗਰ ਸਾਹਿਬ ਵਿਖੇ ਪੰਥ ਰਤਨ ਬਾਬਾ ਨਿਧਾਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਗੁਰਮਤਿ ਸਮਾਗਮ ਆਰੰਭ



ਘਨੌਰ, 2 ਅਗਸਤ (ਮਦਨ ਲਾਲ) : ਸੰਪਰਦਾਇ ਕਾਰ ਸੇਵਾ ਗੁਰਦੁਆਰਾ ਸ੍ਰੀ ਲੰਗਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਮਹਾਂਪੁਰਸ਼ ਬਾਬਾ ਨਰਿੰਦਰ ਸਿੰਘ ਜੀ ਸੰਤ ਮਹਾਂਪੁਰਸ਼ ਬਾਬਾ ਬਲਵਿੰਦਰ ਸਿੰਘ ਜੀ ਸੰਪਰਦਾਇ ਕਾਰ ਸੇਵਾ ਗੁਰਦੁਆਰਾ ਬਾਬਾ ਨਿਧਾਨ ਸਿੰਘ ਨਗੀਨਾ ਘਾਟ ਰੋਡ ਵਿਖੇ ਪੰਥ ਰਤਨ ਬਾਬਾ ਨਿਧਾਨ ਸਿੰਘ ਜੀ ਬਾਬਾ ਹਰਨਾਮ ਸਿੰਘ ਬਾਬਾ ਆਤਮਾ ਸਿੰਘ ਮੋਨੀ ਬਾਬਾ ਸ਼ੀਸ਼ਾ ਸਿੰਘ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਮਿਤੀ ਚਾਰ ਅਗਸਤ ਨੂੰ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ ਅਤੇ ਗੁਰਮਿਤ ਸਮਾਗਮ ਦੀਆਂ ਤਿਆਰੀਆਂ ਸਬੰਧੀ ਅੱਜ ਗੁਰਦੁਆਰਾ ਸ੍ਰੀ ਲੰਗਰ ਸਾਹਿਬ ਵਿਖੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਇਸ ਦੀ ਜਾਣਕਾਰੀ ਸਾਂਝੀ ਕਰਦਿਆਂ ਜਥੇਦਾਰ ਸੁਖਜੀਤ ਸਿੰਘ ਬਘੌਰਾ ਪ੍ਰਚਾਰ ਸਕੱਤਰ ਭਾਰਤੀ ਕਿਸਾਨ ਉਥਾਨ ਮਜ਼ਦੂਰ ਯੂਨੀਅਨ ਪੰਜਾਬ ਨੇ ਕਿਹਾ ਕਿ 2 ਤਰੀਕ ਨੂੰ ਗੁਰਦੁਆਰਾ ਲੰਗਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 4 ਤਰੀਕ ਨੂੰ ਭੋਗ ਪੈਣ ਉਪਰੰਤ ਖੁੱਲ੍ਹੇ ਪੰਡਾਲ ਵਿੱਚ ਗੁਰਮਤਿ ਸਮਾਗਮ ਆਰੰਭ ਹੋਵੇਗਾ ਤੇ ਜਿਸ ਵਿੱਚ ਪੰਜਾਬ ਤੋਂ ਅਤੇ ਹੋਰ ਵੱਖ-ਵੱਖ ਸੂਬਿਆਂ ਤੋਂ ਰਾਗੀ ਢਾਡੀ ਅਤੇ ਕਥਾ ਵਾਚਕ ਸੰਗਤਾਂ ਨੂੰ ਗੁਰਮਤਿ ਸਮਾਗਮ ਵਿੱਚ ਕਥਾ ਵਿਚਾਰਾ ਨਾਲ ਜੋੜਨਗੇ। ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਕਿ ਗੁਰਮਤਿ ਸਮਾਗਮ ਦੇ ਵਿੱਚ ਪੰਜਾਬ ਦੇ ਵਿੱਚੋਂ ਹੀ ਨਹੀਂ ਪੂਰੇ ਦੇਸ਼ ਦੇ ਵਿੱਚੋਂ ਹੀ ਸੰਗਤਾਂ ਹਾਜ਼ਰੀ ਭਰ ਕੇ ਆਪਣਾ ਜੀਵਨ ਸਫਲਾ ਕਰਦੀਆਂ ਹਨ ਉੱਥੇ ਸੰਤ ਬਾਬਾ ਨਰਿੰਦਰ ਸਿੰਘ ਜੀ ਸੰਤ ਬਾਬਾ ਬਲਵਿੰਦਰ ਸਿੰਘ ਜੀ ਕਾਰ ਸੇਵਾ ਸੰਪਰਦਾਏ ਬਾਬਾ ਨਿਧਾਨ ਸਿੰਘ ਵੱਲੋਂ ਸੰਗਤਾਂ ਲਈ ਰਿਹਾਇਸ਼ੀ ਪ੍ਰਬੰਧ ਅਤੇ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਇਸ ਤੋਂ ਇਲਾਵਾ ਵੱਖ-ਵੱਖ ਸੰਸਥਾਵਾਂ ਵੱਲੋਂ ਮੈਡੀਕਲ ਕੈਂਪ ਲਗਾ ਕੇ ਇਸ ਸਮਾਗਮ ਦੇ ਵਿੱਚ ਆਈਆਂ ਹੋਈਆਂ ਸੰਗਤਾਂ ਦੇ ਲਈ ਹਰ ਤਰ੍ਹਾਂ ਦੀ ਸੇਵਾ ਲਈ ਹਾਜ਼ਰ ਹਨ। ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਕਿ ਸੰਗਤਾਂ ਹੁੰਮ-ਹੁਮਾ ਕੇ ਪਹੁੰਚਣ ਅਤੇ ਗੁਰਮਿਤ ਸਮਾਗਮ ਹਾਜ਼ਰੀ ਭਰਨ।

## ਸ਼ਨੀਵਾਰ ਛੁੱਟੀ ਦੀ ਮੰਗ ਨੂੰ ਲੈ ਕੇ ਵਕੀਲਾਂ ਨੇ ਰੱਖਿਆ ਕੰਮ ਕਾਜ ਬੰਦ

ਪਟਿਆਲਾ, 2 ਅਗਸਤ (ਵਿਨੋਦ ਸ਼ਰਮਾ) : ਕੋਰਟ 'ਚ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਸੈਕਟਰੀ ਸਚਿਨ ਸ਼ਰਮਾ ਨੇ ਦੱਸਿਆ ਕਿ ਸ਼ਨੀਵਾਰ ਦੀ ਛੁੱਟੀ ਦੀ ਮੰਗ ਨੂੰ ਲੈ ਕੇ ਅੱਜ ਫਿਰ ਵਕੀਲ ਭਾਈਚਾਰੇ ਵੱਲੋਂ ਅੱਜ ਆਪਣਾ ਕੰਮ ਕਾਜ ਬੰਦ ਰੱਖਿਆ। ਪਿਛਲੇ ਕਈ ਸਾਲਾਂ ਤੋਂ ਇਹ ਮੰਗ ਉਨ੍ਹਾਂ ਦੀ ਲਟਕਦੀ ਆ ਰਹੀ ਹੈ। ਇਹ ਮੰਗ ਪੂਰੀ ਨਾ ਹੋਣ ਕਾਰਨ ਅੱਜ ਫਿਰ ਜ਼ਿਲ੍ਹਾ ਬਾਰ ਐਸੋਸੀਏਸ਼ਨ ਅਤੇ ਹੋਰ ਵਕੀਲ ਭਾਈਚਾਰੇ ਵੱਲੋਂ ਅੱਜ ਇੱਕ ਰੋਜ਼ਾ ਹੜਤਾਲ ਕੀਤੀ ਗਈ, ਜਿਸ ਕਾਰਨ ਕੰਮ ਕਾਜ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਅਤੇ ਕੋਰਟ 'ਚ ਚੱਲਣ ਵਾਲੇ ਕੇਸਾਂ 'ਤੇ ਸੁਣਵਾਈ ਨਹੀਂ ਹੋ ਸਕੀ।

## ਵੈਲ.ਫੇਅਰ ਐਸੋਸੀਏਸ਼ਨ ਦੀ ਮਾਸਿਕ ਬੈਠਕ




ਪਟਿਆਲਾ, 2 ਅਗਸਤ (ਚ.ਨ.ਸ.): ਸਥਾਨਕ ਗੁਰਬਖਸ਼ ਕਲੋਨੀ ਟੈਂਕੀ ਵਾਲਾ ਪਾਰਕ ਵਿਖੇ ਏਰੀਆ ਡਿਵੈਲਪਮੈਂਟ ਵੈਲਫੇਅਰ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਲਗਭਗ 40 ਮੈਂਬਰਾਂ ਨੇ ਇਸ ਮੀਟਿੰਗ 'ਚ ਹਿੱਸਾ ਲਿਆ। ਇਸ ਜਨਰਲ ਹਾਊਸ ਮੀਟਿੰਗ ਵਿੱਚ ਐਸੋਸੀਏਸ਼ਨ ਦੇ ਜਨਰਲ ਸਕੱਤਰ ਜੀ.ਐਲ. ਵਡੇਰਾ ਨੇ ਜੁਲਾਈ ਮਹੀਨੇ ਵਿਚ ਪ੍ਰਾਪਤ ਕੀਤੇ ਗਏ ਭੁਗਤਾਨ ਅਤੇ ਰਸੀਦਾਂ ਦਾ ਵੇਰਵਾ ਜਾਰੀ ਕੀਤਾ। ਐਸੋਸੀਏਸ਼ਨ ਦੇ ਪ੍ਰਧਾਨ ਸ਼ਾਮ ਲਾਲ ਮਿੱਤਲ ਨੇ ਪਾਰਕ ਵਿਚ 15 ਅਗਸਤ ਆਜ਼ਾਦੀ ਦਿਵਸ 'ਤੇ ਹੋਣ ਵਾਲੇ ਸਮਾਗਮ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ 'ਤੇ ਸੇਵਾ ਭਾਰਤੀ ਦੇ ਬੱਚਿਆਂ ਵੱਲੋਂ ਪੇਸ਼ ਕੀਤੇ ਜਾਣ ਵਾਲੇ ਸਭਿਆਚਾਰ ਪ੍ਰੋਗਰਾਮ ਬਾਰੇ ਵੀ ਦੱਸਿਆ। ਮੌਕੇ 'ਤੇ ਮੌਜੂਦ ਸਾਰੇ ਮੈਂਬਰਾਂ ਨੇ ਅਜਿਹੇ ਪ੍ਰਸਤਾਵ ਦੀ ਪ੍ਰਸ਼ੰਸਾ ਕੀਤੀ। ਮੀਟਿੰਗ ਦੇ ਅੰਤ ਵਿਚ ਪ੍ਰਧਾਨ ਸ਼ਾਮ ਲਾਲ ਮਿੱਤਲ ਨੇ ਮੌਜੂਦ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੀਟਿੰਗ ਦੀ ਜਾਣਕਾਰੀ ਨਰੇਸ਼ ਕੁਮਾਰ ਨੇ ਦਿੱਤੀ।

## ਪ੍ਰਧਾਨ ਮਹਿਤਾ ਅਤੇ ਚੇਅਰਮੈਨ ਬਰਾੜ ਵੱਲੋਂ 'ਆਪ' ਵਲੰਟੀਅਰਾਂ ਨਾਲ ਮੀਟਿੰਗ



ਪਾਤੜਾਂ, 2 ਅਗਸਤ (ਹਰਮਿੰਦਰ ਕਰਤਾਰਪੁਰ): ਆਮ ਆਦਮੀ ਪਾਰਟੀ ਵੱਲੋਂ ਭਗਵੰਤ ਮਾਨ ਸਰਕਾਰ ਦੁਆਰਾ ਕੀਤੇ ਗਏ ਕੰਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਅੱਜ ਪਾਤੜਾਂ ਸ਼ਹਿਰ ਦੇ ਪਵਿੱਤਰ ਪ੍ਰਾਚੀਨ ਸ਼ਿਵ ਮੰਦਿਰ ਵਿਖੇ ਆਮ ਆਦਮੀ ਪਾਰਟੀ ਜ਼ਿਲ੍ਹਾ ਪਟਿਆਲਾ (ਦਿਹਾਤੀ) ਦੇ ਪ੍ਰਧਾਨ ਤੇਜਿੰਦਰ ਮਹਿਤਾ ਅਤੇ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਦੀ ਅਗਵਾਈ ਹੇਠ ਵਾਰਡ ਨੰਬਰ 1,2,15 ਅਤੇ 17 ਦੇ ਵਲੰਟੀਅਰਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਕੌਂਸਲਰ ਭਗਵਤ ਦਿਵਾਲ ਨਿੱਕਾ, ਪ੍ਰਧਾਨ ਪ੍ਰੀਤ ਗਿੱਲ ਬਲਾਕ ਪ੍ਰਧਾਨ ਪਾਤੜਾਂ, ਕੁਲਦੀਪ ਸਿੰਘ ਥਿੰਦ, ਕੌਂਸਲਰ ਕੁਲਦੀਪ ਸਿੰਘ ਬਿੱਟੂ ਬਦੇਸ਼ਾਂ, ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਯੂਥ ਪ੍ਰਧਾਨ ਮਨਵੀਰ ਸਿੰਘ ਮੰਨਾ ਸੰਧੂ ਮੌਲਵੀਵਾਲਾ ਅਤੇ ਕੁਨਾਲ ਗੋਇਲ ਈਸ਼ੂ ਬਲਾਕ ਪ੍ਰਧਾਨ ਪ੍ਰਮੁੱਖ ਤੌਰ ਤੇ ਹਜ਼ਾਰ ਰਹੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਤੇਜਿੰਦਰ ਮਹਿਤਾ ਨੇ ਕਿਹਾ ਕਿ ਸੂਬੇ ਦੀ ਭਗਵੰਤ ਮਾਨ ਸਰਕਾਰ ਵੱਲੋਂ ਸ਼ਹਿਰੀ ਖੇਤਰ ਨੂੰ ਹੋਰ ਸੁੰਦਰ ਬਣਾਉਣ ਲਈ ਕਈ ਤਰ੍ਹਾਂ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ 2027 ਵਿੱਚ ਪੰਜਾਬ ਦੇ ਲੋਕ ਦੁਬਾਰਾ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਦਾ ਮਨ ਬਣਾ ਚੁੱਕੇ ਹਨ। ਇਸ ਮੌਕੇ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਅਤੇ ਹਲਕਾ ਸ਼ੁਤਰਾਣਾ ਆਮ ਆਦਮੀ ਪਾਰਟੀ ਦੇ ਸੰਗਠਨ ਇੰਚਾਰਜ ਮਹਿੰਗਾ ਸਿੰਘ ਬਰਾੜ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਸ਼ੁਤਰਾਣਾ 'ਚ ਪਾਰਟੀ ਵੱਲੋਂ ਬੂਥ ਲੇਵਲ ਦੀਆਂ ਕਮੇਟੀਆਂ ਬਣਾਉਣ ਦਾ ਜੋ ਕੰਮ ਉਨ੍ਹਾਂ ਨੂੰ ਸੌਂਪਿਆ ਗਿਆ ਸੀ ਉਹ ਲਗਭਗ ਮੁਕੰਮਲ ਹੋਣ ਦੇ ਕਿਨਾਰੇ ਹੈ, ਕਿਉਂਕਿ ਨੌਜਵਾਨ ਵੱਡੇ ਪੱਧਰ 'ਤੇ ਆਮ ਆਦਮੀ ਪਾਰਟੀ ਦੀਆਂ ਬੂਥ ਕਮੇਟੀਆਂ ਬਣਾਉਣ ਵਿੱਚ ਅਹਿਮ ਯੋਗਦਾਨ ਨਿਭਾਅ ਰਹੇ ਹਨ। ਇਸ ਮੌਕੇ ਦਵਿੰਦਰ ਸਿੰਘ ਸੇਲਵਾਲਾ, ਬਲਜੀਤ ਸਿੰਘ ਮੌਲਵੀਵਾਲਾ, ਬੂਟਾ ਸਿੰਘ ਵਿਰਕ ਬਲਾਕ ਪ੍ਰਧਾਨ ਸ਼ੁਤਰਾਣਾ, ਸਰਪੰਚ ਗੁਰਮੀਤ ਸਿੰਘ ਬੂਰੜ ਆਦਿ ਪ੍ਰਮੁੱਖ ਤੌਰ 'ਤੇ ਹਜ਼ਾਰ ਸਨ।

## ਨਸ਼ਿਆਂ ਦੀ ਬੁਰਾਈ ਦਾ ਖ਼ਾਤਮਾ ਜਾਗਰੂਕਤਾ ਨਾਲ ਸੰਭਵ : ਚੇਤਨ ਸਿੰਘ ਜੌੜਾਮਾਜਰਾ



ਸਮਾਣਾ, 2 ਅਗਸਤ (ਹਰਜਿੰਦਰ ਸਿੰਘ): ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਥਾਨਕ ਵਾਰਡ 12 'ਚ ਕੌਂਸਲਰ ਧਰਮਪਾਲ ਨਾਹਰ ਦੀ ਅਗਵਾਈ ਹੇਠ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ ਅਤੇ ਨਸ਼ਿਆਂ ਵਿਰੁੱਧ ਹੋਕਾ ਦਿੱਤਾ ਗਿਆ। ਇਸ ਮੌਕੇ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਤੇ ਨਸ਼ਿਆਂ ਦੀ ਅਲਾਮਤ ਨੂੰ ਜੜ ਤੋਂ ਖ਼ਤਮ ਕਰਨ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਖ਼ਿਲਾਫ਼ ਛੇੜੀ ਫ਼ੈਸਲਾਕੁੰਨ ਜੰਗ ਤਹਿਤ ਅਸੀਂ ਹਰ ਪਿੰਡ ਪਿੰਡ ਅਤੇ ਹਰ ਵਾਰਡ-ਵਾਰਡ ਜਾ ਰਹੇ ਹਾਂ। ਉਹਨਾਂ ਕਿਹਾ ਕਿ ਨਸ਼ਿਆਂ ਵਿਰੁੱਧ ਲਾਮਬੰਦ ਕਰਦਿਆਂ ਸਹੁੰ ਵੀ ਚੁਕਾਈ। ਇਸ ਮੌਕੇ ਕੌਂਸਲਰ ਧਰਮਪਾਲ ਨਾਹਰ, ਪਾਰਸ ਸ਼ਰਮਾ, ਗੋਪਾਲ ਕ੍ਰਿਸ਼ਨ ਗਰਗ ਅਤੇ ਸੰਜੇ ਮੰਤਰੀ ਨੇ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਮਕਸਦ ਸੂਬੇ ਦੇ ਹਰੇਕ ਘਰ ਤੱਕ ਪਹੁੰਚਾ ਕੇ ਸੂਬੇ 'ਚੋਂ ਨਸ਼ਿਆਂ ਦੀ ਬੁਰਾਈ ਨੂੰ ਜੜ ਤੋਂ ਖ਼ਤਮ ਕਰਨਾ ਹੈ। ਇਸ ਮੌਕੇ ਗੁਰਦੇਵ ਸਿੰਘ ਟਿਵਾਣਾ, ਸੁਨੈਨਾ ਮਿੱਤਲ, ਕੁਲਦੀਪ ਸਿੰਘ ਵਿਰਕ, ਰਵਿੰਦਰ ਸੋਹਲ, ਸੰਦੀਪ ਲੂੰਬਾ, ਰਜਿੰਦਰ ਸਚਦੇਵਾ, ਨਿਸ਼ਾਨ ਸਿੰਘ ਚੀਮਾ, ਰਾਹੁਲ ਭਾਰਦਵਾਜ ਅਤੇ ਰਮਨ ਮਹਿੰਦਰਾ ਆਦਿ ਵੀ ਮੌਜੂਦ ਰਹੇ।

## ਹਰਚੰਦ ਸਿੰਘ ਬਰਸਟ ਨੇ ਲੋਕ ਮਿਲਣੀ ਪ੍ਰੋਗਰਾਮ ਰਾਹੀਂ ਲੋਕਾਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਕੀਤਾ ਨਿਪਟਾਰਾ



ਪਟਿਆਲਾ, 2 ਅਗਸਤ (ਚ.ਨ.ਸ.) : ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ, ਜਿਸਦੇ ਤਹਿਤ ਨਸ਼ਿਆਂ ਦਾ ਕਾਰੋਬਾਰ ਕਰਨ ਵਾਲੀਆ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ, ਜਦਕਿ ਅੱਜ ਤੱਕ ਨਸ਼ਿਆਂ ਦੇ ਖਿਲਾਫ਼ ਪਿਛਲੀਆਂ ਸਰਕਾਰਾਂ ਨੇ ਕੋਈ ਕੰਮ ਨਹੀਂ ਕੀਤਾ, ਜੋ ਕਿ ਇਹਨਾਂ ਦੀ ਮਾੜੀ ਸੋਚ ਦੀ ਨਿਸ਼ਾਨੀ ਹੈ। ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਸੂਬੇ ਵਿੱਚੋਂ ਨਸ਼ਿਆਂ ਦੇ ਖਤਮ ਹੋਣ ਤੱਕ ਜਾਰੀ ਰਹੇਗੀ। ਇਨ੍ਹਾਂ ਵਿਚਾਰਾ ਦਾ ਪ੍ਰਗਟਾਵਾ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਕੂਲਾਂ ਵਿੱਚ ਬੱਚਿਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਦੇ ਮੰਤਵ ਨਾਲ ਯੁੱਧ ਨਸ਼ਿਆਂ ਵਿਰੁੱਧ ਤਹਿਤ ਪਾਠਕ੍ਰਮ ਵੀ ਪੜ੍ਹਾਇਆ ਜਾਵੇਗਾ। ਅੱਜ ਪਟਿਆਲਾ ਦਫ਼ਤਰ ਵਿਖੇ ਸ. ਹਰਚੰਦ ਸਿੰਘ ਬਰਸਟ ਵੱਲੋਂ ਲੋਕ ਮਿਲਣੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਵੱਖ-ਵੱਖ ਪੰਚਾਇਤਾਂ ਸਮੇਤ ਆਮ ਲੋਕ ਪਹੁੰਚੇ, ਜਿਨ੍ਹਾਂ ਵੱਲੋਂ ਸ. ਬਰਸਟ ਨੂੰ ਆਪਣੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ ਗਿਆ। ਸ. ਬਰਸਟ ਨੇ ਹਰ ਇੱਕ ਵਿਅਕਤੀ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀ ਗੱਲ ਧਿਆਨ ਨਾਲ ਸੁਣੀ ਅਤੇ ਮੌਕੇ ਤੇ ਹੀ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕੀਤਾ। ਭਵਿੱਖ ਵਿੱਚ ਵੀ ਅਜਿਹੇ ਲੋਕ ਮਿਲਣੀ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਇਸ ਮੌਕੇ ਹਰਿੰਦਰ ਸਿੰਘ ਧਬਲਾਨ, ਸ਼ਾਮ ਲਾਲ ਦੱਤ, ਬਲਕਾਰ ਡਕਾਲਾ, ਸੋਨੀ ਸਰਪੰਚ ਤਰਖਾਣ ਮਾਜਰਾ, ਵਿੱਕੀ ਸਰਪੰਚ ਸੁਨਿਆਰ ਹੇੜੀ, ਸ਼ੰਕਰ ਖੁਰਾਣਾ ਐਮ.ਸੀ., ਧਰਮ ਸਿੰਘ ਪੰਚ ਸਮੇਤ ਹੋਰ ਲੋਕ ਵੀ ਮੌਜੂਦ ਰਹੇ।

## ਪੰਜਾਬੀ ਯੂਨੀਵਰਸਿਟੀ ਦੇ ਸਿਲਵਰ ਜੁਬਲੀ ਹੋਸਟਲ ਵਿਖੇ ਤੀਜ ਦਾ ਤਿਉਹਾਰ ਮਨਾਇਆ




ਪਟਿਆਲਾ, 2 ਅਗਸਤ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੇ ਸਿਲਵਰ ਜੁਬਲੀ ਹੋਸਟਲ ਵਿੱਚ ਸਮੂਹ ਵਿਦਿਆਰਥੀਆਂ ਨੇ 'ਤੀਆਂ ਤੀਜ ਦੀਆਂ' ਸਿਰਲੇਖ ਤਹਿਤ ਤੀਆਂ ਦਾ ਤਿਉਹਾਰ ਮਨਾਇਆ। ਡੀਨ ਵਿਦਿਆਰਥੀ ਭਲਾਈ ਡਾ. ਮਮਤਾ ਸ਼ਰਮਾ ਅਤੇ ਸੀਨੀਅਰ ਵਾਰਡਨ ਲਾਭ ਕੌਰ ਧਾਲੀਵਾਲ ਦੀ ਅਗਵਾਈ ਹੇਠ ਕਰਵਾਏ ਇਸ ਸਮਾਗਮ ਵਿੱਚ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਮੁੱਖ ਮਹਿਮਾਨ ਵਜੋ ਸ਼ਿਰਕਤ ਕੀਤੀ। ਵਿਦਿਆਰਥੀਆਂ ਨੇ ਸਾਉਣ ਮਹੀਨੇ ਦੀ ਮਹੱਤਤਾ ਨੂੰ ਦਰਸਾਉਂਦੀਆਂ ਬੋਲੀਆਂ, ਗੀਤ ਅਤੇ ਗਿੱਧੇ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਨਾਲ਼ ਸਮਾਗਮ ਵਿੱਚ ਰੰਗ ਬੰਨ੍ਹਿਆ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਵਿਦਿਆਰਥੀਆਂ ਨੂੰ ਉੱਚੀਆਂ ਬੁਲੰਦੀਆਂ ਛੂਹਣ ਲਈ ਪ੍ਰੇਰਿਤ ਕੀਤਾ ਅਤੇ ਪੰਜਾਬੀ ਭਾਸ਼ਾ ਤੇ ਵਿਰਸੇ ਨਾਲ ਜੁੜੇ ਰਹਿਣ ਲਈ ਵਧਾਈ ਦਿੱਤੀ। ਉਨ੍ਹਾਂ ਇਸ ਮੌਕੇ ਹੋਸਟਲ ਦੀਆਂ ਵੱਖ-ਵੱਖ ਕਮੇਟੀਆਂ ਵਿੱਚ ਕੰਮ ਕਰਦੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ। ਡੀਨ ਵਿਦਿਆਰਥੀ ਭਲਾਈ ਡਾ. ਮਮਤਾ ਸ਼ਰਮਾ ਨੇ ਵਿਦਿਆਰਥੀਆਂ ਨੂੰ ਸਫਲ ਪ੍ਰੋਗਰਾਮ ਲਈ ਵਧਾਈ ਦਿੱਤੀ। ਇਸ ਮੌਕੇ ਲੜਕੀਆਂ ਦੇ ਹੋਸਟਲਾਂ ਦੇ ਵਾਰਡਨ ਵੀ ਹਾਜ਼ਰ ਰਹੇ।

## ਸੀ.ਬੀ.ਐੱਸ.ਸੀ. ਕਲਸਟਰ ਐਥਲੀਟ ਮੀਟ ਮਹਾਂਕੁੰਭ ਦਾ ਸ਼ਾਨਦਾਰ ਆ.ਗਾਜ਼

☛ਕੋਚ ਸਤਵਿੰਦਰ ਸਿੰਘ ਦੀ ਮਿਹਨਤ ਸਦਕਾ ਸੀ.ਬੀ.ਐਸ.ਈ. ਖੇਡਾਂ ਦਾ ਪਟਿਆਲੇ 'ਚ ਮੁੜ ਤੋਂ ਪੁਨਰ ਜਨਮ



ਪਟਿਆਲਾ, 2 ਅਗਸਤ (ਚ.ਨ.ਸ.): ਸੁਸ਼ੀਲਾ ਦੇਵੀ ਪਬਲਿਕ ਸਕੂਲ ਦੇ ਪ੍ਰਿੰਸੀਪਲ ਰੇਖਾ ਗੁਪਤਾ ਅਤੇ ਕੋਚ ਸਤਵਿੰਦਰ ਸਿੰਘ ਦੀ ਅਗਵਾਈ ਹੇਠ ਪਟਿਆਲਾ ਦੇ ਪੰਜਾਬੀ ਯੂਨੀਵਰਸਿਟੀ ਵਿੱਚ ਅੱਜ ਸੀ.ਬੀ.ਐੱਸ.ਸੀ. ਕਲੱਸਟਰ 17 ਐਥਲੀਟ ਖੇਡਾਂ ਦਾ ਸ਼ਾਨਦਾਰ ਸ਼ੁਭਾਰੰਭ ਹੋਇਆ। ਇਨ੍ਹਾਂ ਖੇਡਾਂ ਵਿੱਚ ਪੰਜਾਬ ਹਰਿਆਣਾ ਅਤੇ ਚੰਡੀਗੜ੍ਹ ਦੇ ਵੱਖ ਵੱਖ ਸੀ ਬੀ ਐੱਸ ਸੀ ਸਕੂਲਾਂ ਆਈਆਂ ਟੀਮਾਂ ਭਾਗ ਲੈ ਰਹੀਆਂ ਹਨ। ਇਹ ਅਥਲੈਟਿਕ ਮੀਟ ਮਹਾਂਕੁੰਭ ਤਿੰਨ ਦਿਨਾਂ ਤੱਕ ਚੱਲੇਗਾ ,ਜਿਸ ਵਿੱਚ ਅੰਡਰ 14 17 ਅਤੇ 19 ਲੜਕੇ ਲੜਕੀਆਂ ਦੇ ਮੁਕਾਬਲੇ ਹੋਣਗੇ। ਉਦਘਾਟਨ ਸਮਾਰੋਹ ਦੌਰਾਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦੇ ਹੋਏ ਏ.ਆਈ.ਜੀ ਸੁਨੀਤਾ ਰਾਣੀ ਪਦਮਸ਼੍ਰੀ ਐਵਾਰਡ, ਤੇਜਿੰਦਰ ਪਾਲ ਸਿੰਘ ਤੂਰ ਅਰਜੁਨ ਐਵਾਰਡੀ ਉਲੰਪੀਅਨ ਤੇ ਅੰਤਰਰਾਸ਼ਟਰੀ ਥ੍ਰੋਅਰ ਅਤੇ ਏਸ਼ੀਅਨ ਮੈਡਲ ਜੇਤੂ, ਡਾ. ਗੁਰਦੀਪ ਕੌਰ ਰੰਧਾਵਾ ਡਾਇਰੈਕਟਰ ਸਪੋਰਟਸ ਪੰਜਾਬੀ ਯੂਨੀਵਰਸਿਟੀ ਪਟਿਆਲਾ, ਗਗਨਦੀਪ ਸਿੰਘ ਅੰਤਰਰਾਸ਼ਟਰੀ ਡਿਸਕਸ ਥ੍ਰੋਅਰ ਐਸ ਆਰ.ਪੈਟੀ ਅਫਸਰ (ਨੇਵੀ), ਡਾਕਟਰ ਰਾਜਦੀਪ ਸਿੰਘ ਡਾਇਰੇਕਟਰ ਪਲੇਵੇ ਸੀਨੀਅਰ ਸੈਕਡਰੀ ਸਕੂਲ, ਵਿਜੇ ਕੁਮਾਰ ਸ਼ਰਮਾ ਅਕਾਊਂਟੈਂਟ ਪਹਿਲੀ ਕਮਾਂਡੋ ਬਟਾਲੀਅਨ ਬਹਾਦਰਗੜ੍ਹ, ਸ਼੍ਰੀ ਸੰਜੀਵ ਭਾਰਦਵਾਜ ਸੀਬੀਐਸਈ ਅਬਜਰਵਰ ਅਤੇ ਦਾਨਿਸ਼ਾਂਸ਼ ਟੈਕਨੀਕਲ ਡੈਲੀਗੇਟ, ਪਰਮਿੰਦਰ ਸਿੰਘ (ਸਾਈਂ) ਸੇਵਾਮੁਕਤ ਸੀਨੀਅਰ ਕੋਚ, ਅਰਵਿੰਦਰ ਸਿੰਘ ਪ੍ਰਧਾਨ ਉਮੰਗ ਵੈਲਫੇਅਰ ਫਾਊਂਡੇਸ਼ਨ, ਹਰਭਜਨ ਸਿੰਘ ਸੇਵਾਮੁਕਤ (ਸਾਈਂ) ਕੋਚ ਐਥਲੈਟਿਕ, ਫੁਲੇਲ ਸਿੰਘ ਕੋਚ ਐਥਲੈਟਿਕ ,ਕੋਚ ਪਰਮਿੰਦਰ ਸਿੰਘ, ਕੋਚ, ਰੁਪਿੰਦਰ ਸਿੰਘ, ਸੁਰਿੰਦਰ ਪਾਲ ਸਿੰਘ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਡੀ.ਐੱਸ.ਪੀ. ਤੂਰ ਨੇ ਵਿਸ਼ੇਸ਼ ਤੌਰ 'ਤੇ ਕਿਹਾ ਕਿ ਕੋਚ ਸਤਵਿੰਦਰ ਸਿੰਘ ਦੀ ਸਖਤ ਮਿਹਨਤ ਸਦਕਾ ਸੀਬੀਐਸਈ ਖੇਡਾਂ ਦਾ ਪਟਿਆਲੇ ਵਿੱਚ ਮੁੜ ਤੋਂ ਪੁਨਰ ਜਨਮ ਹੋਇਆ ਹੈ।

## ਵਾਲੀਬਾਲ ਅਤੇ ਟੇਬਲ ਟੈਨਿਸ ਮੁਕਾਬਲੇ 'ਚ ਐੱਸ.ਆਰ.ਐੱਸ. ਵਿੱਦਿਆਪੀਠ ਦੀਆਂ ਵਿਦਿਆਰਥਣਾਂ ਦਾ ਸ਼ਾਨਦਾਰ ਪ੍ਰਦਰਸ਼ਨ



ਸਮਾਣਾ, 2 ਅਗਸਤ (ਵਿਜੇ ਕੁਮਾਰ/ਜਵੰਦਾ) : 69ਵੀਆਂ ਜੋਨਲ ਟੂਰਨਾਮੈਂਟ ਵਿੱਚ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿਖੇ ਅੰਡਰ -19 ਕੁੜੀਆਂ ਦਾ ਵਾਲੀਬਾਲ ਖੇਡ ਅਤੇ ਟੇਬਲ ਟੈਨਿਸ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਕਈ ਸਕੂਲਾਂ ਨੇ ਭਾਗ ਲਿਆ। ਇਸ ਵਾਲੀਬਾਲ ਮੁਕਾਬਲੇ ਵਿੱਚ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਦੀਆਂ ਵਿਦਿਆਰਥਣਾਂ ਕੋਮਲਪ੍ਰੀਤ ਕੌਰ, ਸ਼ੁਭਨੀਤ ਕੌਰ, ਅਭੀਨੂਰ ਕੌਰ, ਅਮਾਨਤ ਕੌਰ, ਸਵਰੀਨ ਕੌਰ, ਹਰਮਨਜੋਤ ਕੌਰ, ਗੁਰਨੂਰ ਕੌਰ, ਜਸ਼ਨ ਵਰਮਾ ਅਤੇ ਅਵਨੀਤ ਕੌਰ ਨੇ ਵੀ ਬੜੇ ਉਤਸ਼ਾਹ ਅਤੇ ਜੋਸ਼ ਨਾਲ ਭਾਗ ਲਿਆ। ਟੇਬਲ ਟੈਨਿਸ ਮੁਕਾਬਲੇ ਵਿੱਚ ਅਵਨੀਤ ਕੌਰ, ਤਰਮਨਦੀਪ ਕੌਰ ਅਤੇ ਖੁਸ਼ਦੀਪ ਕੌਰ ਨੇ ਵੀ ਬੜੇ ਉਤਸ਼ਾਹ ਅਤੇ ਜੋਸ਼ ਨਾਲ ਭਾਗ ਲਿਆ। ਇਸ ਖੇਡ ਮੁਕਾਬਲੇ ਦਾ ਉਦੇਸ਼ ਵਿਦਿਆਰਥੀਆਂ ਵਿੱਚ ਖੇਡਾਂ ਪ੍ਰਤੀ ਰੁਚੀ ਨੂੰ ਵਧਾਉਣਾ ਅਤੇ ਉਨ੍ਹਾਂ ਦੀਆਂ ਖੇਡ ਕੁਸ਼ਲਤਾਵਾਂ ਨੂੰ ਨਿਖਾਰਨਾ ਸੀ। ਮੁਕਾਬਲੇ ਦੌਰਾਨ ਵਿਦਿਆਰਥਣਾਂ ਨੇ ਆਪਣੇ ਕੌਸ਼ਲ ਅਤੇ ਖੇਡ ਜਜ਼ਬੇ ਨਾਲ ਸਭ ਨੂੰ ਪ੍ਰਭਾਵਿਤ ਕੀਤਾ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਆਪਣੇ ਸਕੂਲ ਅਤੇ ਮਾਤਾ- ਪਿਤਾ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ 'ਤੇ ਸਕੂਲ ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ, ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਸਾਰੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕੀਤੀ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਅਜਿਹੇ ਖੇਡ ਮੁਕਾਬਲਿਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਦੀ ਪ੍ਰੇਰਨਾ ਦਿੱਤੀ।

## ਪਰਮਿੰਦਰ ਭਲਵਾਨ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ 'ਚ ਪੰਜਾਬ ਪੁਲਿਸ ਨੂੰ ਵਲੰਟੀਅਰ ਸਹਿਯੋਗ ਦੇਣ ਲਈ ਅੱਗੇ ਆਉਣਾ ਸ਼ਲਾਘਾਯੋਗ : ਡੀ.ਆਈ.ਜੀ. ਚਾਹਲ




ਪਟਿਆਲਾ, 2 ਅਗਸਤ (ਚ.ਨ.ਸ.) : ਪੰਜਾਬ ਅਤੇ ਪਟਿਆਲਾ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ,ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਪਾਵਰ ਹਾਊਸ ਯੁਵਕ ਸੇਵਾਵਾਂ ਕਲੱਬ ਰਣਜੀਤ ਨਗਰ ਵੱਲੋਂ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ,ਨਸ਼ਾ ਮੁਕਤ ਭਾਰਤ ਅਭਿਆਨ , ਸਾਂਝ ਸੰਪਰਕ ਪ੍ਰੋਜੈਕਟ ਤਹਿਤ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਜਾਗਰੂਕਤਾ ਪ੍ਰੋਗਰਾਮਾ ਸਬੰਧੀ ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਨਾਲ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਮੁਲਾਕਾਤ ਕੀਤੀ ਅਤੇ ਉਹਨਾਂ ਦੀ ਟੀਮ ਵੱਲੋਂ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਦੌਰਾਨ ਵੰਡੀਆਂ ਜਾ ਰਹੀਆਂ ਕਿਤਾਬਾਂ ਦਿੱਤੀਆਂ ਗਈਆਂ। ਇਸ ਮੌਕੇ ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਨੇ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਨਸ਼ਿਆਂ ਵਿਰੁੱਧ ਨੌਜਵਾਨਾਂ ਨੂੰ ਜਾਗਰੂਕ ਕਰਨਾ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਨੌਜਵਾਨਾਂ ਅਤੇ ਪਬਲਿਕ ਨੂੰ ਅਪੀਲ ਕੀਤੀ ਕਿ ਉਹ ਬਗੈਰ ਕਿਸੇ ਡਰ ਭੈਅ ਤੋਂ ਨਸ਼ਾ ਤਸਕਰਾਂ ਦੀ ਸੂਚਨਾ ਪੁਲਿਸ ਨੂੰ ਦੇਣ ਲਈ ਅੱਗੇ ਆਉਣ ਤਾ ਜੋ ਉਹਨਾਂ 'ਤੇ ਸਮਾਂ ਰਹਿੰਦਿਆਂ ਕਾਰਵਾਈ ਕੀਤੀ ਜਾ ਸਕੇ। ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਨੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਨਸ਼ਿਆਂ ਤੋਂ ਬਚਾਉਣਾ ਸਿਰਫ਼ ਪੁਲਿਸ ਦੀ ਜ਼ਿੰਮੇਵਾਰੀ ਨਹੀਂ ਹੈ, ਸਗੋਂ ਮਾਪਿਆਂ ਨੂੰ ਵੀ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਬੱਚਿਆਂ ਦੀਆਂ ਗਤੀਵਿਧੀ 'ਤੇ ਨਜ਼ਰ ਰੱਖ ਕੇ ਅਤੇ ਉਹਨਾਂ ਨਾਲ ਖੁੱਲ੍ਹ ਕੇ ਗੱਲਬਾਤ ਕਰ ਕੇ ਹੀ ਇਸ ਸਮੱਸਿਆ ਦਾ ਹੱਲ ਕੀਤਾ ਜਾ ਸਕਦਾ ਹੈ। ਉਨ੍ਹਾਂ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਉਹ ਨਸ਼ਿਆਂ ਵਿਰੁੱਧ ਪੁਲਿਸ ਪ੍ਰਸ਼ਾਸਨ ਨੂੰ ਸਹਿਯੋਗ ਕਰਨ ਲਈ ਅੱਗੇ ਆਉਣ ਤਾ ਜੋ ਅਸੀਂ ਨਸ਼ਿਆਂ ਨੂੰ ਜੜ੍ਹੋਂ ਖਤਮ ਕਰ ਸਕੀਏ। ਉਹਨਾਂ ਪਰਮਿੰਦਰ ਭਲਵਾਨ ਅਤੇ ਉਹਨਾਂ ਦੀ ਟੀਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹਨਾਂ ਵੱਲੋਂ ਨਸ਼ਿਆਂ ਵਿਰੁੱਧ ਛੇੜੀ ਜਾਗਰੂਕਤਾ ਮੁਹਿੰਮ ਵਿੱਚ ਪੰਜਾਬ ਪੁਲਿਸ ਨੂੰ ਵਲੰਟੀਅਰ ਸਹਿਯੋਗ ਦੇਣ ਲਈ ਅੱਗੇ ਆਉਣਾ ਸ਼ਲਾਘਾਯੋਗ ਹੈ ਅਤੇ ਹੋਰ ਨੌਜਵਾਨਾਂ ਨੂੰ ਵੱਧ ਚੜ੍ਹ ਕੇ ਅੱਗੇ ਆਉਣਾ ਚਾਹੀਦਾ ਹੈ।

## ਅਮਰੀਕ ਸਿੰਘ ਬੰਗੜ ਵੱਲੋਂ ਪਾਰਟੀ ਸੰਗਠਨ ਦੀ ਮਜ਼ਬੂਤੀ ਲਈ ਮੀਟਿੰਗ



ਪਟਿਆਲਾ, 2 ਅਗਸਤ (ਰੁਪਾਣਾ) : ਅੱਜ ਆਮ ਆਦਮੀ ਪਾਰਟੀ ਦੇ ਸੂਬਾ ਸੰਯੁਕਤ ਸਕੱਤਰ ਤੇ ਸੂਬਾ ਮੀਤ ਪ੍ਰਧਾਨ ਐਸ.ਸੀ.ਵਿੰਗ ਅਮਰੀਕ ਸਿੰਘ ਬੰਗੜ ਦੀ ਅਗਵਾਈ ਵਿੱਚ ਪੀ.ਆਰ.ਟੀ.ਸੀ. ਦੇ ਚੇਅਰਮੈਨ ਤੇ ਸਕੱਤਰ ਪੰਜਾਬ ਰਣਜੋਧ ਸਿੰਘ ਹਡਾਣਾ ਨਾਲ ਸੰਗਠਨ ਨੂੰ ਮਜ਼ਬੂਤ ਕਰਨ ਲਈ ਵਿਸਥਾਰ ਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ, ਜਿਸ ਬਾਰੇ ਉਨ੍ਹਾਂ ਜਲਦ ਹੀ ਹਰ ਤਰ੍ਹਾਂ ਦੇ ਮਸਲਿਆਂ ਦੇ ਹੱਲ ਕਰਨ ਲਈ ਉਪਰਾਲੇ ਕੀਤੇ ਜਾਣਗੇ। ਇਸ ਮੌਕੇ ਉਹਨਾਂ ਕਿਹਾ ਕਿ ਕੌਮੀ ਸੁਪਰੀਮੋ ਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਦੀ ਰਹਿਨੁਮਾਈ ਹੇਠ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਲੋਕਾਂ ਲਈ 10 ਲੱਖ ਰੁਪਏ ਤੱਕ ਦੇ ਮੁਫ਼ਤ ਦੀ ਮੁੱਖ ਮੰਤਰੀ ਸਿਹਤ ਯੋਜਨਾ ਦੇ ਐਲਾਨ ਨੂੰ ਪੰਜਾਬ ਵਾਸੀਆਂ ਲਈ ਵਰਦਾਨ ਸਾਬਿਤ ਹੋਵੇਗੀ ਤੇ ਲੋਕਾਂ ਨੂੰ ਇਸ ਯੋਜਨਾ ਨਾਲ ਸਰਕਾਰੀ ਤੇ ਨਿੱਜੀ ਹਸਪਤਾਲਾਂ ਵਿਚ ਮੁਫ਼ਤ ਵਿੱਚ ਵਧੀਆ ਸਹੂਲਤਾਂ ਮਿਲ ਸਕਣਗੀਆਂ। ਇਸ ਨਵੀਂ ਮੁੱਖ ਮੰਤਰੀ ਸਿਹਤ ਯੋਜਨਾ ਨਾਲ ਗਰੀਬ ਤੇ ਅਤਿ ਗਰੀਬੀ ਰੇਖਾ ਥੱਲੇ ਰਹਿ ਰਹੇ ਲੋਕਾਂ ਨੂੰ ਤਾਂ ਬਹੁਤ ਲਾਭ ਮਿਲਣ ਦੇ ਪੰਜਾਬ ਦੇ ਸਮੂਹ ਲੋਕ ਵੀ ਲਾਭ ਲੈਣ ਸਕਣਗੇ। ਅਮਰੀਕ ਸਿੰਘ ਬੰਗੜ ਨੇ ਅੱਗੇ ਦੱਸਿਆ ਕਿ ਪੰਜਾਬ ਹਰ ਵਾਸੀ ਨੂੰ ਆਉਣ ਵਾਲੇ ਤਿੰਨ ਮਹੀਨੇ ਵਿੱਚ ਇਸ ਨੂੰ 552 ਨਿੱਜੀ ਹਸਪਤਾਲਾਂ ਤੋਂ ਵਧਾਕੇ 1000 ਹਸਪਤਾਲਾਂ ਤੱਕ ਦੀ ਕਰਨ ਦੀ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੀ ਯੋਜਨਾ ਹੈ। ਇਸ ਮੌਕੇ ਚੇਅਰਮੈਨ ਰਣਜੋਧ ਹਡਾਣਾ ਵੱਲੋਂ ਪੀ.ਆਰ.ਟੀ.ਸੀ ਵੱਲੋਂ ਜਾਰੀ ਕੀਤੀ ਡਾਇਰੀ ਵੀ ਦਿੱਤੀ। ਇਸ ਮੌਕੇ ਰਾਜਬੰਸ ਸਿੰਘ ਸੀਨੀਅਰ ਆਗੂ, ਗੁਰਿੰਦਰਪਾਲ ਸਿੰਘ ਅਦਾਲਤੀਵਾਲਾ, ਡਾ. ਹਰਨੇਕ ਸਿੰਘ, ਅਰਵਿੰਦਰ ਸਿੰਘ ਤੇ ਤੁਰਪ ਚੰਦ ਆਦਿ ਵੀ ਹਾਜ਼ਰ ਸਨ।

## ਚੇਅਰਮੈਨ ਮਹਿੰਗਾ ਸਿੰਘ ਬਰਾੜ ਵੱਲੋਂ ਘੱਗਾ 'ਚ 'ਆਪ' ਆਗੂਆਂ ਤੇ ਕੌਂਸਲਰਾਂ ਨਾਲ ਮੀਟਿੰਗ



ਪਾਤੜਾਂ, 2 ਅਗਸਤ (ਹਰਮਿੰਦਰ ਕਰਤਾਰਪੁਰ): ਆਮ ਆਦਮੀ ਪਾਰਟੀ ਵੱਲੋਂ ਭਗਵੰਤ ਮਾਨ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਨੀਤੀਆਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਅੱਜ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਹਲਕਾ ਸ਼ੁਤਰਾਣਾ ਦੇ ਸੰਗਠਨ ਇੰਚਾਰਜ ਮਹਿੰਗਾ ਸਿੰਘ ਬਰਾੜ ਵੱਲੋਂ ਨਗਰ ਪੰਚਾਇਤ ਘੱਗਾ ਵਿੱਚ ਪਾਰਟੀ ਆਗੂਆਂ ਅਤੇ ਵਰਕਰਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਨਗਰ ਪੰਚਾਇਤ ਘੱਗਾ ਦੇ ਪ੍ਰਧਾਨ ਮਿੱਠੂ ਸਿੰਘ ਕਾਲੀਰੌਣੇ ਅਤੇ ਕਸਬਾ ਘੱਗਾ ਦੇ ਪ੍ਰਧਾਨ ਨੰਦ ਲਾਲ ਵਿਸ਼ੇਸ਼ ਤੌਰ 'ਤੇ ਹਜ਼ਾਰ ਰਹੇ। ਚੇਅਰਮੈਨ ਬਰਾੜ ਵੱਲੋਂ ਆਗੂਆਂ ਅਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਦੀ ਭਗਵੰਤ ਮਾਨ ਦੀਆਂ ਲੋਕ ਪੱਖੀ ਨੀਤੀਆਂ ਅਤੇ ਵਿਕਾਸ ਦੇ ਕੀਤੇ ਗਏ ਕਾਰਜਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਦਿਨ ਰਾਤ ਇੱਕ ਕਰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਨਹਿਰੀ ਪਾਣੀ, ਸਰਕਾਰੀ ਹਸਪਤਾਲਾਂ, ਸਰਕਾਰੀ ਸਕੂਲਾਂ ਨੂੰ ਦੁਰਸਤ ਕਰਕੇ ਇਤਿਹਾਸਕ ਕੰਮ ਕੀਤਾ ਹੈ ਜਦਕਿ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵ ਤੋਂ ਬਚਾਉਣ ਯੁੱਧ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਲਗਾਤਾਰ ਜਾਰੀ ਹੈ। ਨਗਰ ਪੰਚਾਇਤ ਘੱਗਾ ਦੇ ਪ੍ਰਧਾਨ ਮਿੱਠੂ ਸਿੰਘ ਕਾਲੀਰੌਣੇ ਨੇ ਕਿਹਾ ਪਾਰਟੀ ਦੀ ਲੋਕ ਪੱਖੀ ਨੀਤੀਆਂ ਅਤੇ ਵਿਕਾਸ ਕੰਮਾਂ ਤੋਂ ਕਸਬਾ ਘੱਗਾ ਦੇ ਲੋਕ ਬਾਗੋਬਾਗ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵਲੋਂ ਕੀਤੇ ਗਏ ਵਿਕਾਸ ਕੰਮ ਪੰਜਾਬ ਦੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿੱਚ ਦਰਜ ਹੋ ਚੁੱਕੇ ਹਨ। ਇਸ ਮੌਕੇ ਕੌਂਸਲਰ ਧਰਮਿੰਦਰ ਸਿੰਘ ਲੱਕੀ ਸਿੱਧੂ, ਕੌਂਸਲਰ ਗੁਰਵਿੰਦਰ ਸਿੰਘ, ਕੌਂਸਲਰ ਬੂਟਾ ਸਿੰਘ, ਕੌਂਸਲਰ ਹਰਦੇਵ ਸਿੰਘ, ਕੌਂਸਲਰ ਹਰਪਾਲ ਕੌਰ,ਕੌਂਸਲਰ ਅਮਨਦੀਪ ਸਿੰਘ, ਕੌਂਸਲਰ ਜਸਵੰਤ ਸਿੰਘ ਜੱਸਾ, ਅਮਨ ਘੱਗਾ, ਦਰਸ਼ਨ ਸਿੰਘ, ਕੌਂਸਲਰ ਵਿੱਕੀ ਘੱਗਾ, ਸ਼ਮਸ਼ੇਰ ਸਿੰਘ ਘੱਗਾ, ਕੌਂਸਲਰ ਤਰਵਿੰਦਰ ਸਿੰਘ ਘੱਗਾ ਆਦਿ ਪ੍ਰਮੁੱਖ ਤੌਰ 'ਤੇ ਹਾਜ਼ਰ ਸਨ।